# ਆਲਮੀ ਤਪਸ਼, ਮਹਿੰਗਾਈ ਤੇ .ਗਰੀਬੀ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

**ਆਲਮੀ ਤਪਸ਼, ਮਹਿੰਗਾਈ ਤੇ ਗ਼ਰੀਬੀ**
(ਲੇਖ ਸੰਗ੍ਰਹਿ)
***ਡਾ. ਅਜੀਤਪਾਲ ਸਿੰਘ ਐਮ. ਡੀ.***
ਡਿਪਟੀ ਮੈਡੀਕਲ ਕਮਿਸ਼ਨਰ
ਬੀਬੀ ਵਾਲਾ ਰੋਡ, ਗਲੀ ਨੰ : 6 (ਬਠਿੰਡਾ)
ਫ਼ੋਨ : 0164-2213535, ਮੋਬਾ : 94172-00340

ਪਹਿਲੀ ਵਾਰ : 2010

© ਲੇਖਕ

**ਪ੍ਰਕਾਸ਼ਕ :** **ਤਰਕਭਾਰਤੀ ਪ੍ਰਕਾਸ਼ਨ**
ਕੱਚਾ ਕਾਲਜ ਰੋਡ, ਗਲੀ ਨੰ. 8, ਬਰਨਾਲਾ।
ਫੋਨ : 01679-233244 ਫੈਕਸ : 241744
E-mail : anu_bnl@yahoo.com
www.thepunjabi.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2010 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
    ਭਾਗ–1
    ਭਾਗ–2
    ਭਾਗ–3
    ਭਾਗ–4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੇ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਕਟਹਿਰੇ 'ਚ ਰਾਜਨੀਤੀ
15. ਪੂੰਜੀਵਾਦ ਦਾ ਵਿਨਾਸ਼ ਜਰੂਰੀ
16. ਆਲਮੀ ਤਪਸ਼, ਮਹਿੰਗਾਈ ਤੇ ਗ਼ਰੀਬੀ
17. ਦਾਗੀ ਰਾਜਨੀਤੀ ਦੇ ਨਾਇਕ

# ਤਤਕਰਾ


ਕਿਉਂ ਲੁਟੇਰੇ ਤੇ ਜਾਬਰ ਹਾਕਮ ਹੋਰ ਮੁਨਾਫਾ ਲੋਚਦੇ ਹਨ? 5
ਵਾਤਾਵਰਣ ਬਚਾਉਣ ਲਈ ਪੂੰਜੀਵਾਦ ਦਾ ਵਿਨਾਸ਼ ਜ਼ਰੂਰੀ 7
ਅਮਰੀਕੀ ਸਾਏ ਹੇਠ ਅਫਗਾਨਿਸਤਾਨ ਚੋਣਾਂ 10
ਨੇਪਾਲੀ ਇਨਕਲਾਬ ਹੁਣ ਕਿਧਰ ਨੂੰ? 12
ਹੋਂਡੂਰਾਸ 'ਚ ਫੌਜੀ ਤਖਤਾਪਲਟ ਦਾ ਅਸਰ ਕੀ? 17
ਕੀ ਮੱਧ ਪ੍ਰਦੇਸ਼ ਹੈ ਨਕਲੀ ਕਰੰਸੀ ਦਾ ਗੜ੍ਹ 19
ਕੀ ਦੱਖਣੀ ਏਸ਼ੀਆ 'ਚ ਪ੍ਰਭਾਵ ਵਧਾਉਣ ਦੀ ਦੌੜ 'ਚ ਚੀਨ ਤੇ ਭਾਰਤ ਸ਼ਾਮਲ ਹਨ? 21
ਕੀ ਹੈ ਮੈਗਸਾਸੇ ਪੁਰਸਕਾਰ ਦੀ ਕਾਲੀ ਪਿੱਠ ਭੂਮੀ? 26
ਓਬਾਮਾ ਨੂੰ ਨੋਬੇਲ ਪੁਰਸਕਾਰ ਕਿਉਂ? 29
ਅਣਗੌਲਿਆ ਵਿਦਰਭ-ਮਜ਼ਬੂਰ ਔਰਤਾਂ 34
ਹਾਕਮ ਜਮਾਤਾਂ ਦੀ ਘਟੀਆ ਚਾਲਬਾਜੀ 37
ਕਿਵੇਂ ਹੈ ਉਤਰ ਪ੍ਰਦੇਸ਼ 'ਚ ਮੁੱਢਲੀ ਸਿੱਖਿਆ ਦੀ ਹਾਲਤ ਤਰਸਯੋਗ? 39
ਕੀ ਬਣੂ ਮੰਦੀ 'ਚ ਫਸੇ ਵਿਸ਼ਵ ਅਰਥਚਾਰੇ ਦਾ? 42
ਬਲੂ ਫ਼ਿਲਮਾਂ ਅਤੇ ਨਸ਼ਿਆਂ ਦਾ ਕਰੋੜਾਂ ਦਾ ਕਾਰੋਬਾਰ 45
ਕ੍ਰਿਕਟ ਹੁਣ ਸਿਰਫ ਪੈਸਿਆਂ ਦੀ ਖੇਡ 50
ਲੁੱਟ ਤੇ ਅਨਿਆਂ ਤੋਂ ਕੀ ਮੁਕਤੀ ਮਿਲੀ ਝਾਰਖੰਡ ਨੂੰ? 53
ਭੁੱਖਮਰੀ ਖਿਲਾਫ ਸੰਘਰਸ਼ 'ਚ ਭਾਰਤ ਬਹੁਤ ਪਿੱਛੇ ਕਿਉਂ? 56
ਹਿਲੇਰੀ ਕਲਿੰਟਨ ਦੇ ਹੰਝੂ ਬਨਾਮ ਭੁੱਖਮਰੀ 58
ਕੀ ਮਧੂਕੋੜਾ ਨੇ ਚਾਰ ਹਜ਼ਾਰ ਕਰੋੜ ਦੀ ਲੁੱਟ ਕੀਤੀ? 61
ਪਾਕਿਸਤਾਨ 'ਚ ਲਗਾਤਾਰ ਵਿਗੜਦੇ ਹਾਲਾਤ ਦੋਸ਼ੀ ਕੌਣ? 68
ਕੀ ਸਨਅਤੀ ਦੁਰਘਟਨਾਵਾਂ-ਸਰਮਾਏਦਾਰਾਂ ਵੱਲੋਂ ਮਜ਼ਦੂਰ ਦੇ ਕਤਲ ਹਨ? 71
ਕੀ ਹੈ ਸਿੱਟਾ ਮਸ਼ੀਨੀਕਰਨ ਤੇ ਉਦਾਰੀਕ੍ਰਿਤ ਪੂੰਜੀਵਾਦ ਦਾ? 74
ਕੋਪੇਨਹੇਗਨ ਸਿਖ਼ਰ ਸੰਮੇਲਨ-ਆਪਸੀ ਹਿੱਤਾਂ ਦਾ ਟਕਰਾਅ 78
ਸੁੰਦਰਤਾ ਦੇ ਨਾਂ ਹੇਠ ਵਿਕਦੀ ਮੌਤ? 85
ਕੀ ਅਮਰੀਕਾ ਆਪਣੇ ਹਿੱਤ ਪੂਰ ਰਿਹਾ ਹੈ? 89
ਸ਼ਿਕੰਜੇ 'ਚ ਫਸੇ ਕਿਵੇਂ ਆਸਾਰਾਮ ਬਾਪੂ? 92
ਰੌਸ਼ਨੀ ਦੀ ਇਹ ਹਨੇਰੀ ਦੁਨੀਆਂ 96
ਦੁਨੀਆ ਬਦਲ ਦੇਵੇਗੀ ਆਲਮੀ ਤਪਸ਼ 99
ਲਿਬਰਹਾਨ ਪਿੱਛੋਂ ਦੋਸ਼ੀਆਂ ਵਿਰੁੱਧ ਹੋਊ ਕਾਰਵਾਈ? 103
ਜਲਵਾਯੂ ਪ੍ਰੀਵਰਤਨ ਤੇ ਗਲੋਬਲ ਵਾਰਮਿੰਗ ਬਨਾਮ ਕੋਪਨਹੇਗਨ ਕਾਨਫਰੰਸ 107
ਅਕਤੂਬਰ ਇਨਕਲਾਬ ਦੀ ਵਰ੍ਹੇਗੰਢ ਮੌਕੇ 111
ਲਾਲ ਮਿੱਟੀ ਬਨਾਮ-ਕਾਲਾ ਧੰਦਾ ਕੱਚੇ ਲੋਹੇ ਦਾ 117
ਜਿਹੋ ਜਿਹਾ ਰਾਜ ਪ੍ਰਬੰਧ ਉਹੋ ਜਿਹੀ ਫੌਜ 124
ਸਿਲੀਗੁੜੀ 'ਚ ਸੁਕਨਾ ਜ਼ਮੀਨ ਘੁਟਾਲਾ ਬਨਾਮ ਫੌਜ 127
'ਸੋਨੇ ਦਾ ਬੁਖਾਰ' ਡਾਲਰ ਦੀ ਕਦਰ ਘਟਾਈ 130
ਗੈਰ ਸਰਕਾਰੀ ਸੰਸਥਾਵਾਂ ਦੀ ਭੂਮਿਕਾ ਤੇ ਅੰਦੋਲਨ 138
ਕੀ ਨੇਪਾਲ ਦੀ ਸਰਹੱਦ 'ਤੇ ਧੜੱਲੇ ਨਾਲ ਚਲਦਾ ਹੈ ਧੰਦਾ? 141
ਜਦ ਤਹਿਸ ਨਹਿਸ ਹੋਈਆਂ ਸਨਅਤਾਂ 145
ਰਾਜਪਾਲਾਂ ਨਾਲ ਜੁੜੇ ਝਮੇਲਿਆਂ ਦਾ ਇਤਿਹਾਸ ਕੀ ਹੈ? 149
ਕਿਸੇ ਨੂੰ ਹੈ ਫ਼ਿਕਰ ਮਹਿੰਗਾਈ ਦੀ? 152
ਵਧਦੀ ਅਮੀਰੀ ਬਨਾਮ ਵਧਦੀ ਗਰੀਬੀ 155
ਕੀ ਹੈ ਬਸਤੀਵਾਦ ਦਾ ਨਵਾਂ ਦੌਰ? 157
ਇਤਿਹਾਸ ਵੇਖਣ ਦਾ ਵਿਗਿਆਨਕ ਨਜ਼ਰੀਆ 164
ਕੀ ਵੀ. ਆਈ. ਪੀ. ਸੁਰੱਖਿਆ ਕਰਦੀ ਹੈ ਰੁਤਬੇ 'ਚ ਵਾਧਾ? 170
ਸਰਕਾਰੀ ਧਨ ਦੀ ਲੁੱਟ ਕਿਵੇਂ? 173

# ਕਿਉਂ ਲੁਟੇਰੇ ਤੇ ਜਾਬਰ ਹਾਕਮ ਹੋਰ ਮੁਨਾਫ਼ਾ ਲੋਚਦੇ ਹਨ?

ਜਦ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ 2009-10 ਦਾ ਕੇਂਦਰੀ ਬਜਟ ਪੇਸ਼ ਕੀਤਾ ਤਾਂ ਸ਼ੇਅਰ ਬਾਜ਼ਾਰ ਲੁਟਕ ਗਿਆ। ਉਸ ਦਿਨ ਸੈਂਸੇਕਸ 'ਚ 869 ਅੰਕਾਂ ਦੀ ਗਿਰਾਵਟ ਆਈ ਜੋ 2009 'ਚ ਇਕ ਦਿਨ ਵਿਚ ਸਭ ਤੋਂ ਵੱਧ ਗਿਰਾਵਟ ਸੀ। ਵਿੱਤ ਮੰਤਰੀ ਨੇ ਅਜਿਹਾ ਕੀ ਕਰ ਦਿੱਤਾ ਜਿਸ ਨਾਲ ਸ਼ੇਅਰ ਬਾਜ਼ਾਰ ਲੁਟਕ ਗਿਆ? ਕੀ ਉਨ੍ਹਾਂ ਨੇ ਪੂੰਜੀਪਤੀ ਵਰਗ ਖਿਲਾਫ ਕੋਈ ਕੰਮ ਕਰ ਦਿੱਤਾ? ਅਸਲ 'ਚ ਹਮੇਸ਼ਾ ਵਾਂਗੂ ਇਹ ਬਜਟ ਵੀ ਪੂੰਜੀਪਤੀਆਂ ਦੇ ਵਿੱਤ ਮੰਤਰੀ ਵਲੋਂ ਪੂੰਜੀਪਤੀਆਂ ਲਈ ਸੀ। ਬਜਟ 'ਚ ਪਹਿਲਾਂ ਪੂੰਜੀਪਤੀਆਂ ਨੇ ਵਿੱਤ ਮੰਤਰੀ ਤੇ ਹੋਰ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ। ਪੂੰਜੀਪਤੀ ਜਮਾਤ ਦੀਆਂ ਸੰਸਥਾਵਾਂ ਨੇ ਆਪਣੇ ਮੰਗ ਪੱਤਰ ਵਿੱਤ ਮੰਤਰਾਲੇ ਨੂੰ ਸੌਂਪੇ ਸਨ। ਵਿੱਤ ਮੰਤਰੀ ਨੇ ਇਨ੍ਹਾਂ ਸਾਰਿਆਂ ਦਾ ਧਿਆਨ ਵੀ ਰੱਖਿਆ। ਫਿਰ ਵੀ ਸ਼ੇਅਰ ਬਾਜ਼ਾਰ ਲੁਟਕ ਗਿਆ। ਇਸ ਦੀ ਵਜ੍ਹਾ ਇਹੀ ਹੈ ਕਿ ਪੂੰਜੀਪਤੀ ਜਮਾਤ ਲਈ ਬਜਟ ਹੋਣ ਦੇ ਬਾਵਜੂਦ ਇਹ ਬਜਟ ਪੂੰਜੀਪਤੀ ਜਮਾਤ ਖਾਸ ਕਰਕੇ ਵਿੱਤ ਬਾਜ਼ਾਰ ਦੇ ਖਿਡਾਰੀਆਂ ਦੀ ਆਸਾਂ ਅਨਕੂਲ ਨਹੀਂ ਸੀ। ਉਹ ਸੋਚ ਰਹੇ ਸਨ ਕਿ ਚੋਣਾਂ ਰਾਹੀਂ ਦੁਬਾਰਾ ਜਿੱਤਣ ਤੇ ਸਰਕਾਰੀ ਕਮਿਊਨਿਸਟਾਂ ਤੋਂ ਪਿੜ ਖੁੱਸ ਜਾਣ ਪਿੱਛੋਂ ਸਰਕਾਰ ਵਿੱਤ ਬਾਜ਼ਾਰ ਦੀਆਂ ਜ਼ਰੂਰਤਾਂ ਦੇ ਅਨਕੂਲ ਦੌੜ ਪਵੇਗੀ, ਪਰ ਅਜਿਹਾ ਨਹੀਂ ਹੋਇਆ ਅਤੇ ਅਜਿਹਾ ਨਾ ਹੋਣ 'ਤੇ ਸ਼ੇਅਰ ਬਾਜ਼ਾਰ ਦੇ ਖਿਡਾਰੀਆਂ ਨੇ ਫੌਰੀ ਆਪਣੀ ਮੋੜਵੀਂ ਰਾਇ ਜ਼ਾਹਰ ਕਰ ਦਿੱਤੀ। ਯੂ. ਪੀ. ਏ. ਸਰਕਾਰ ਦਾ ਇਹ ਐਲਾਨਿਆ ਹੋਇਆ ਮਕਸਦ ਹੈ ਕਿ ਜਨਤਕ ਖੇਤਰ ਦੀਆਂ ਸੰਸਥਾਵਾਂ ਵਿਚ ਵੱਡੇ ਪੈਮਾਨੇ 'ਤੇ ਅਪਨਿਵੇਸ਼ ਕਰੇਗੀ।

ਇਸ ਬਜਟ ਵਿਚ ਵੀ ਸਰਕਾਰ ਨੇ ਇਸ ਗੱਲ ਨੂੰ ਦੋਹਰਾਇਆ ਹੈ ਪਰ ਬਜਟ ਭਾਸ਼ਣ 'ਚ ਵਿੱਤ ਮੰਤਰੀ ਪ੍ਰਣਬ ਮੁਕਰਜੀ ਵਲੋਂ ਆਪਣੀ ਰੱਖਿਅਕ ਇੰਦਰਾ ਗਾਂਧੀ ਦੇ ਬੈਂਕਾਂ ਦੇ ਕੌਮੀਕਰਨ ਦਾ ਜ਼ਿਕਰ ਕਰਨਾ, ਸ਼ੇਅਰ ਬਾਜ਼ਾਰ ਦੇ ਖਿਡਾਰੀਆਂ ਨੂੰ ਨਿਰਾਸ਼ ਕਰ ਦਿੰਦਾ ਹੈ ਬੈਂਕ 'ਚ ਅਪਨਿਵੇਸ਼ ਸ਼ਾਇਦ ਉਨਾ ਨਾ ਹੋਵੇ। ਇਹ ਖਿਡਾਰੀ ਵੱਧ ਤੋਂ ਵੱਧ ਪਾਉਣ ਲਈ ਏਨੇ ਵੱਧ ਲਾਲਚ 'ਚ ਹਨ, ਥੋੜੀ ਜਿੰਨੀ ਕਟੌਤੀ ਦਾ ਸ਼ੱਕ ਵੀ ਇਨ੍ਹਾਂ ਤੋਂ ਜਰਿਆ ਨਹੀਂ ਜਾਂਦਾ ਵਿੱਤ ਮੰਤਰੀ ਨੇ ਆਪਣੇ ਬਜਟ 'ਚ ਐਲਾਨ ਕੀਤਾ 'ਕਿ ਚਾਲੂ ਵਿੱਤੀ ਸਾਲ 'ਚ ਵਿੱਤੀ ਘਾਟਾ 6.8 ਫੀਸਦੀ (ਕੁਲ ਘਰੇਲੂ ਉਤਪਾਦ) ਦਾ ਰਹੇਗਾ ਪਿਛਲੇ ਸਾਲ ਇਹ 6.7 ਫੀਸਦੀ ਸੀ। ਇਸ ਐਲਾਨ ਨਾਲ ਵਿੱਤ ਮੰਤਰੀ ਨੂੰ ਖੁਸ਼ ਹੋਣਾ ਚਾਹੀਦਾ ਸੀ। ਸਰਕਾਰ ਅਨੁਸਾਰ ਬਜਟ 'ਚ ਇਹ ਬਜਟ ਘਾਟਾ ਮਜ਼ਬੂਰੀ ਕਰਕੇ ਇਸ ਲਈ ਸਵੀਕਾਰ ਕਰ ਰਹੀ ਹੈ ਕਿ ਸਿਰਫ ਇਸ ਤਰ੍ਹਾਂ ਮੌਜੂਦਾ ਵਿਸ਼ਵੀ ਆਰਥਿਕ ਸੰਕਟ ਦੇ ਦੌਰ 'ਚ ਭਾਰਤੀ ਅਰਥਚਾਰਾ ਨੂੰ ਪਟੜੀ 'ਤੇ ਲਿਆਂਦਾ ਜਾ ਸਕਦਾ ਹੈ। ਉਸ ਨੇ ਕੁਝ ਸਮੇਂ ਲਈ 'ਵਿੱਤੀ ਅਨੁਸ਼ਾਸਨ' ਨੂੰ ਤਾਕ 'ਤੇ ਰੱਖ ਦਿੱਤਾ ਹੈ। ਪਰ ਸਰਕਾਰ ਦੀ ਇਹ ਸਵੈ ਇੱਛਾ ਜਾਂ ਮਜ਼ਬੂਰੀ ਵਿੱਤ ਬਾਜ਼ਾਰ ਨੂੰ ਮੁਆਫ ਨਹੀਂ ਆਈ। ਉਸ ਨੇ ਇਸ ਦੇ ਦੋ ਅਰਥ ਕੱਢੇ। ਇਕ ਤਾਂ ਇਹ ਕਿ ਏਨਾ ਵੱਡਾ ਬਜਟ

ਘਾਟਾ ਦਰਸਾਉਂਦਾ ਹੈ ਕਿ ਸਰਕਾਰ ਦੀ ਵਿੱਤੀ ਹਾਲਤ ਅੱਛੀ ਨਹੀਂ ਹੈ। ਘੱਟੋ ਘੱਟ ਬਜਟ ਘਾਟਾ ਉਦਾਰੀਕਰਨ ਦੇ ਮੂਲ ਮੰਤਰਾਂ 'ਚੋਂ ਇਕ ਹੈ। ਦੂਜਾ ਇਹ ਕਿ ਇਸ ਘਾਟੇ ਦੀ ਪੂਰਤੀ ਲਈ ਸਰਕਾਰ ਜਾਂ ਤਾਂ ਬਜ਼ਾਰ ਤੋਂ ਕਰਜਾ ਲਵੇਗੀ ਜਾਂ ਫਿਰ ਰਿਜ਼ਰਵ ਬੈਂਕ ਦੇ ਜ਼ਰੀਏ ਬਜ਼ਾਰ 'ਚ ਵੱਧ ਮੁਦਰਾ ਦਾ ਪਸਾਰ ਕਰੇਗੀ ਵਿੱਤ ਬਜ਼ਾਰ ਨੂੰ ਦੋਨੋਂ ਹੀ ਮੰਜੂਰ ਨਹੀਂ ਹਨ।

ਇਹ ਕਦਮ ਬਜ਼ਾਰ ਦਰਾਂ ਨੂੰ ਵਧਾਏਗਾ ਅਤੇ ਬਜ਼ਾਰ 'ਚ ਤਰਲਤਾ ਨੂੰ ਘਟਾਏਗਾ। ਸ਼ੇਅਰ ਬਾਜ਼ਾਰ ਦੇ ਖਿਡਾਰੀਆਂ ਨੂੰ ਤਾਂ ਇਹ ਬਿਲਕੁਲ ਹੀ ਮੰਜੂਰ ਨਹੀਂ। ਰਹੀ ਗੱਲ ਬਜਟ ਦੇ ਅਸਲੀ ਕਿਰਦਾਰ ਦੀ ਤਾਂ ਪਹਿਲਾਂ ਹੀ ਕਿਹਾ ਜਾ ਚੁੱਕਿਆ ਹੈ ਕਿ ਪੂੰਜੀਪਤੀ ਜਮਾਤ ਵਲੋਂ ਪੂੰਜੀਪਤੀ ਜਮਾਤ ਲਈ ਬਜਟ ਹੈ ਪੂੰਜੀਪਤੀਆਂ ਦੀ ਸਰਕਾਰ ਗਰੀਬ ਲੋਕਾਂ ਲਈ ਨਾ ਤਾਂ ਆਪਣਾ ਬਜਟ ਬਣਾਉਂਦੀ ਹੈ ਅਤੇ ਨਾ ਹੀ ਇਹ ਸਰਕਾਰ ਚਲਾਉਂਦੀ ਹੈ। ਆਪਣੀ ਹਕੂਮਤ ਦੀ ਉਮਰ ਲੰਬੀ ਕਰਨ ਲਈ ਜੇ ਇਹ ਦੋ ਟੁਕੜੇ ਲੋਕਾਂ ਵੱਲ ਸੁੱਟਦੀ ਹੈ ਤਾਂ ਇਹ ਉਸ ਦੇ ਕਿਰਦਾਰ ਨੂੰ ਨਹੀਂ ਬਦਲਦਾ ਬਲਕਿ ਹੋਰ ਉਜਾਗਰ ਹੀ ਕਰਦਾ ਹੈ। ਇਸ ਬਜਟ ਨੂੰ ਆਮ ਲੋਕਾਂ ਲਈ ਕਹਿਣਾ ਚਾਪਲੂਸੀ ਹੈ। ਉਹ ਵੱਧ ਫੀਸਾਂ ਜਾਂ ਰਿਸ਼ਵਤਾਂ ਲੈ ਕੇ ਸਰਕਾਰ ਦੀ ਤਾਰੀਫ ਕਰਦੇ ਹਨ।

# ਵਾਤਾਵਰਨ ਬਚਾਉਣ ਲਈ ਪੂੰਜੀਵਾਦ ਦਾ ਵਿਨਾਸ਼ ਜ਼ਰੂਰੀ

ਮੌਜੂਦਾ ਆਰਥਿਕ ਸੰਕਟ ਸਮੇਂ ਵਾਤਾਵਰਣ ਦੇ ਮੁੱਦੇ ਦਾ ਮੁੱਖ ਤੌਰ 'ਤੇ ਉਠਣਾ ਥੋੜਾ ਅਜੀਬੋ ਗਰੀਬ ਲੱਗਦਾ ਹੈ। ਇਹ ਸੰਕਟ ਵਿੱਤੀ ਖੇਤਰ 'ਚ ਸੱਟੇਬਾਜ਼ੀ ਤੋਂ ਪੈਦਾ ਹੋਇਆ ਸੀ ਜੋ ਪਿੱਛੋਂ ਪੈਦਾਵਾਰ ਤੇ ਵੰਡ ਦੇ ਖੇਤਰ ਤੱਕ ਫੈਲ ਗਿਆ। ਸਰਮਾਏਦਾਰੀ ਜਮਾਤ ਇਸ ਸੰਕਟ ਨਾਲ ਨਿਪਟਣ ਦੀ ਕੋਸ਼ਿਸ਼ ਕਰ ਰਹੀ ਹੈ। ਫਿਰ ਇਸ ਵਿਚ ਵਾਤਾਵਰਣ ਦਾ ਮੁੱਦਾ ਕਿਥੋਂ ਆ ਗਿਆ? ਅਸਲ 'ਚ ਇਹ ਸੰਕਟ ਏਨਾ ਵਿਆਪਕ ਸੀ ਕਿ ਇਸ ਨੇ ਨਾ ਸਿਰਫ ਸਮੁੱਚੀ ਵਿਸ਼ਵੀ ਅਰਥ ਵਿਵਸਥਾ ਨੂੰ ਆਪਣੀ ਲਪੇਟ 'ਚ ਲੈ ਲਿਆ ਬਲਕਿ ਜਦ ਇਸ ਦੇ ਹੱਲ ਦੀ ਗੱਲ ਉਠੀ ਤਾਂ ਵਿਸ਼ਵੀ ਅਰਥਚਾਰੇ ਦੀ ਪੂਰੀ ਬਣਤਰ ਤੇ ਇਸ ਦੇ ਭਵਿੱਖ ਸਬੰਧੀ ਗੱਲ ਕੀਤੇ ਬਿਨ੍ਹਾਂ ਇਸ ਦਾ ਕੋਈ ਮਤਲਬ ਨਹੀਂ ਸੀ ਅਤੇ ਜਦ ਮਸਲਾ ਸਮੁੱਚੇ ਅਰਥਚਾਰੇ ਦੇ ਭਵਿੱਖ ਦਾ ਹੋਵੇ ਤਦ ਵਾਤਾਵਰਣ ਦੇ ਮੁੱਦੇ ਨੇ ਸਾਹਮਣੇ ਆਉਣਾ ਹੀ ਸੀ। ਪਿਛਲੇ ਕੁਝ ਦਹਾਕਿਆਂ ਤੋਂ ਧਰਤੀ ਦੇ ਵਾਤਾਵਰਣ ਵਿਨਾਸ਼ ਦਾ ਮਸਲਾ ਮੁੱਖ ਤੌਰ 'ਤੇ ਉੱਠਦਾ ਰਿਹਾ ਹੈ। ਖਾਸ ਕਰਕੇ ਵਿਸ਼ਵੀ ਗਰਮਾਹਟ (ਗਲੋਬਲ ਵਾਰਮਿੰਗ) ਦਾ। ਇਹ ਸਪੱਸ਼ਟ ਹੁੰਦਾ ਗਿਆ ਹੈ ਕਿ ਵਿਸ਼ਵੀ ਪੂੰਜੀਵਾਦ ਨੇ ਪਹਿਲਾਂ ਹੀ ਧਰਤੀ ਦੇ ਵਾਤਾਵਰਣ ਨੂੰ ਬਹੁਤ ਨੁਕਸਾਨ ਪਹੁੰਚਾ ਦਿੱਤਾ ਹੈ ਅਤੇ ਦੁਨੀਆਂ ਇਸ ਰੂਪ 'ਚ ਬਹੁਤ ਜ਼ਿਆਦਾ ਸਮੇਂ ਤੱਕ ਚੱਲ ਹੀ ਨਹੀਂ ਸਕਦੀ। ਧਰਤੀ ਦੇ ਵਾਤਾਵਰਣ ਤੇ ਇਸ ਦੇ ਨਾਲ ਮਾਨਵ ਜੀਵਨ ਨੂੰ ਬਚਾਉਣ ਲਈ ਕੁਝ ਨਾ ਕੁਝ ਕਰਨਾ ਲਾਜ਼ਮੀ ਹੋ ਗਿਆ ਹੈ। ਪਰ ਕੀਤਾ ਕੀ ਜਾਵੇ? ਸਮੱਸਿਆ ਦਾ ਹੱਲ ਇਸ 'ਤੇ ਨਿਰਭਰ ਕਰਦਾ ਹੈ ਕਿ ਇਸ ਦਾ ਕਾਰਨ ਕੀ ਹੈ? ਧਰਤੀ ਦੇ ਵਾਤਾਵਰਨ ਵਿਨਾਸ਼ ਦੇ ਕਾਰਣਾ ਦਾ ਨਿਰਧਾਰਨ ਇਸ ਲਈ ਮਹੱਤਵਪੂਰਨ ਹੋ ਗਿਆ।

ਪੂੰਜੀਵਾਦੀ ਪ੍ਰਬੰਧ ਦੇ ਸਮਰਥਕਾਂ ਲਈ ਇਹ ਮੰਨਣਾ ਸੰਭਵ ਨਹੀਂ ਹੈ ਕਿ ਧਰਤੀ ਦੇ ਵਾਤਾਵਰਣ ਵਿਨਾਸ਼ ਦਾ ਕਾਰਨ ਉਸ 'ਚ ਮੁਨਾਫੇ ਦਾ ਕੇਂਦਰ ਵਿਚ ਹੋਣਾ ਹੈ। ਇਸ ਲਈ ਮੁਨਾਫੇ ਦੀ ਅਰਧ ਜਾਗੀਰ ਅਰਧ ਬਸਤੀਵਾਦੀ ਵਿਵਸਥਾ ਦੇ ਬਦਲੇ ਉਨ੍ਹਾਂ ਨੇ ਉਦਯੋਗੀਕਰਨ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਸਨਅਤੀ ਪ੍ਰਬੰਧ ਦੀ ਉਤਪਤੀ ਸਮੇਂ ਤੋਂ ਹੀ ਕੁਦਰਤੀ ਸਾਧਨਾਂ ਦਾ ਜੋ ਘਾਣ ਹੋਇਆ ਹੈ ਅਤੇ ਜਿਸ ਤਰ੍ਹਾਂ ਬੇਰੋਕਟੋਕ ਪ੍ਰਦੂਸ਼ਣ ਫੈਲਾਇਆ ਗਿਆ ਹੈ ਖਾਸ ਕਰਕੇ ਕੋਲੇ ਤੇ ਤੇਲ ਦੀ ਵਰਤੋਂ ਰਾਹੀਂ ਉਸ ਨੇ ਹੀ ਧਰਤੀ ਦੇ ਵਾਤਾਵਰਣ ਨੂੰ ਨਸ਼ਟ ਕੀਤਾ ਹੈ। ਇਸ ਲਈ ਧਰਤੀ 'ਤੇ ਜੀਵਨ ਨੂੰ ਬਚਾਉਣ ਦਾ ਇਹ ਤਰੀਕਾ ਹੈ ਕਿ ਕੁਦਰਤੀ ਸਾਧਨਾ ਦਾ ਘਾਣ ਘੱਟ ਕੀਤਾ ਜਾਵੇ ਅਤੇ ਪ੍ਰਦੂਸ਼ਣ 'ਤੇ ਰੋਕ ਲਾਈ ਜਾਵੇ ਖਾਸ ਕਰਕੇ ਊਰਜਾ ਦੀ ਵਰਤੋਂ ਘੱਟ ਕੀਤੀ ਜਾਵੇ। ਪਰ ਪੂੰਜੀਵਾਦੀ ਵਿਵਸਥਾ ਦੇ ਦਾਅਰੇ 'ਚ ਇਹ ਕੀਤਾ ਕਿਵੇਂ ਜਾਵੇ? ਇਹ ਤਾਂ ਖੁੱਲੇ ਮੁਕਾਬਲੇ ਦਾ ਪ੍ਰਬੰਧ ਹੈ ਤਾਂ ਫਿਰ ਰੋਕ ਕਿਵੇਂ ਲੱਗੇ? ਵਿਕਸਤ ਦੇਸ਼ ਜਿਸ ਜੀਵਨ ਪੱਧਰ ਨੂੰ ਹਾਸਲ ਕਰ ਚੁੱਕੇ ਹਨ। ਉਸ ਨੂੰ ਬਣਾਈ ਰੱਖਦਿਆਂ ਇਹ ਕਿਵੇਂ ਕੀਤਾ ਜਾਏ? ਦੂਜੇ ਪਾਸੇ ਪਿਛੜੇ ਦੇਸ਼ ਉਸ ਪੱਧਰ ਨੂੰ ਹਾਸਲ ਕਰਨ ਲਈ

ਕੋਸ਼ਿਸ਼ ਕਰ ਰਹੇ ਹਨ। ਅਜਿਹੇ 'ਚ ਵਾਤਾਵਰਣ 'ਤੇ ਇਸਦੇ ਪ੍ਰਭਾਵ ਨੂੰ ਕਿਵੇਂ ਘੱਟ ਕੀਤਾ ਜਾਵੇ? ਇਨ੍ਹਾਂ ਸਾਰੇ ਸੁਆਲਾਂ ਦਾ ਜੁਆਬ ਉਸ ਤਰ੍ਹਾਂ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਵੇਂ ਪੂੰਜੀਵਾਦ 'ਚ ਹਮੇਸ਼ਾ ਹੁੰਦਾ ਹੈ-ਇਕ ਤਾਂ ਮੁਕਾਬਲਤਨ ਤਾਕਤ ਦੇ ਜ਼ੋਰ 'ਤੇ ਦੂਜਾ ਬਾਜ਼ਾਰ ਰਾਹੀਂ। ਸਾਮਰਾਜੀ ਦੇਸ਼ ਭਲੀ ਭਾਂਤੀ ਜਾਣਦੇ ਹਨ ਕਿ ਧਰਤੀ ਦੇ ਵਾਤਾਵਰਣ ਦੇ ਵਿਕਾਸ ਲਈ ਮੁੱਖ ਤੌਰ 'ਤੇ ਉਹ ਹੀ ਜ਼ਿੰਮੇਵਾਰ ਹਨ। ਉਨ੍ਹਾਂ ਨੇ ਪਿਛਲੇ ਦੋ ਢਾਈ ਸੌ ਸਾਲ 'ਚ ਧਰਤੀ ਨੂੰ ਇਥੋਂ ਤੱਕ ਪਹੁੰਚਾਇਆ ਹੈ। ਪਰ ਉਹ ਇਸ ਨੂੰ ਨਹੀਂ ਮੰਨਣਾ ਚਾਹੁੰਦੇ। ਸੰਯੁਕਤ ਰਾਜ ਅਮਰੀਕਾ ਦੀ ਆਬਾਦੀ ਸੰਸਾਰ ਦੀ ਸਿਰਫ 5 ਫੀਸਦੀ ਹੈ ਜਦ ਕਿ ਉਹ ਕੁਲ 25 ਫੀਸਦੀ ਊਰਜਾ ਦੀ ਵਰਤੋਂ ਕਰਦਾ ਹੈ।

ਇਸ ਦੇ ਨਾਲ ਹੀ ਵਿਕਸਤ ਸਾਮਰਾਜੀ ਦੇਸ਼ ਨਹੀਂ ਚਾਹੁੰਦੇ ਕਿ ਪਿਛਲੇ ਸਰਮਾਏਦਾਰ ਦੇਸ਼ ਉਨ੍ਹਾਂ ਦੀ ਬਰਾਬਰੀ ਕਰਨ। ਇਸ ਲਈ ਇਹ ਵਾਤਾਵਰਣ ਰਾਖੀ ਦੇ ਨਾਂ 'ਤੇ ਐਸੀਆਂ ਨੀਤੀਆਂ ਪ੍ਰਸਤਾਵਿਤ ਕਰ ਰਹੇ ਹਨ ਜਿਸ ਨਾਲ ਨਾ ਸਿਰਫ ਉਨ੍ਹਾਂ ਦਾ ਜੀਵਨ ਪੱਧਰ ਬਰਕਰਾਰ ਰਹੇ ਬਲਕਿ ਪਿਛੜੇ ਦੇਸ਼ ਅੱਗੇ ਨਾ ਵੱਧ ਸਕਣ। ਭਾਰਤ-ਚੀਨ ਵਰਗੇ ਪਿਛੜੇ ਦੇਸ਼ਾਂ ਦੇ ਦਲਾਲ ਸਰਮਾਏਦਾਰ ਇਸ ਗੱਲ ਨੂੰ ਸਮਝਦੇ ਹਨ। ਇਸ ਲਈ ਉਹ ਇਸ ਤਰ੍ਹਾਂ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹਨ ਉਹ ਕਹਿੰਦੇ ਹਨ ਕਿ ਤਰੱਕੀ ਕਰਨਾ ਉਨ੍ਹਾਂ ਦਾ ਵੀ ਅਧਿਕਾਰ ਹੈ। ਬਾਜ਼ਾਰ ਵਿਵਸਥਾ ਰਾਹੀਂ ਹਰ ਚੀਜ਼ ਸੰਚਾਲਿਤ ਕਰਨ ਦੇ ਕਾਰਨ ਪੂੰਜੀਪਤੀ ਦਲਾਲ ਜਮਾਤ ਵਾਤਾਵਰਣ ਦੀ ਰਾਖੀ 'ਚ ਵੀ ਬਾਜ਼ਾਰ ਨੂੰ ਹੀ ਲਿਆਉਣਾ ਚਾਹੁੰਦੀ ਹੈ। ਇਕ ਲੰਮੇ ਸਮੇਂ ਤੋਂ ਸਰਮਾਏਦਾਰੀ ਜਮਾਤ ਇਹੀ ਕਹਿੰਦੀ ਰਹੀ ਹੈ ਕਿ ਬਾਜ਼ਾਰ ਖੁਦ ਵਾਤਾਵਰਣ ਦੀ ਚਿੰਤਾ ਕਰ ਲਵੇਗਾ ਯਾਨੀ ਬਾਜ਼ਾਰ ਰਾਹੀਂ ਹੀ ਵਾਤਾਵਰਣ ਵਿਨਾਸ਼ ਦਾ ਕੋਈ ਨਾ ਕੋਈ ਹੱਲ ਨਿਕਲ ਆਵੇਗਾ। ਪਰ ਹੁਣ ਜਦ ਕਿ ਇਹ ਗੱਲ ਭਿਅੰਕਰ ਰੂਪ 'ਚ ਗਲਤ ਸਾਬਿਤ ਹੋ ਚੁੱਕੀ ਹੈ ਤਦ ਸਰਮਾਏਦਾਰ ਜਮਾਤ ਮਜ਼ਬੂਰ ਹੈ ਕਿ ਕੁਝ ਹੋਰ ਕਰੇ। ਪਰ ਉਦਾਰੀਕ੍ਰਿਤ ਪੂੰਜੀਵਾਦ ਦੇ ਇਸ ਦੌਰ 'ਚ ਕੀ ਇਹ ਸੰਭਵ ਹੈ ਕਿ ਇਸ ਸਭ ਕੁਝ ਵਿਚ ਬਾਜ਼ਾਰ ਕੋਈ ਭੂਮਿਕਾ ਅਦਾ ਨਾ ਕਰੇ? ਇਹ ਸੰਭਵ ਨਹੀਂ ਹੈ। ਜਦ ਇਸ ਤਰ੍ਹਾਂ ਦੀ ਗੱਲ ਉੱਠਣ ਲੱਗੀ ਕਿ ਦੇਸ਼ ਆਪਣੇ ਇਥੇ ਕਾਰਬਨ ਉਤਸਰਜਨ ਦੀ ਮਾਤਰਾ ਕੰਟਰੋਲ ਕਰੇ ਤਾਂ ਕਾਰਬਨ ਦਾ ਵਪਾਰ ਹੀ ਸ਼ੁਰੂ ਹੋ ਗਿਆ।

ਇਸ ਦਾ ਕੁਲ ਮਤਲਬ ਇਹ ਸੀ ਕਿ ਬਹੁਕੌਮੀ ਕੰਪਨੀਆਂ ਜਿਥੇ ਚਾਹੁਣ ਉਥੇ ਪ੍ਰਦੂਸ਼ਣ ਤਬਦੀਲ ਕਰ ਸਕਣ। ਕਹਿਣ ਦੀ ਗੱਲ ਨਹੀਂ ਕਿ ਇਸ ਦਾ ਸ਼ਿਕਾਰ ਪਿਛਲੇ ਦੇਸ਼ਾਂ ਨੇ ਹੀ ਬਣਨਾ ਹੈ। ਵਿਕਸਤ ਸਾਮਰਾਜੀ ਦੇਸ਼ ਜਿੰਨਾ ਪ੍ਰਦੂਸ਼ਣ ਮੁਕਤ ਹੋਣਗੇ, ਪਿਛੜੇ ਦੇਸ਼ ਉਨਾ ਹੀ ਪ੍ਰਦੂਸ਼ਿਤ ਹੁੰਦੇ ਜਾਣਗੇ। ਸਰਮਾਏਦਾਰੀ ਜਮਾਤ ਤੇ ਸਾਮਰਾਜੀ ਵਿਵਸਥਾ ਅਜਿਹੇ ਹੀ ਹੱਲ ਪੇਸ਼ ਕਰਦੇ ਹਨ। ਰਹੀ ਅਸਲ ਹੱਲ ਦੀ ਗੱਲ ਤਾਂ ਮੁਨਾਫੇ ਦੀ ਹਵਸ਼ ਨਾਲ ਅੰਨਿਆਂ ਤੋਂ ਇਲਾਵਾ ਹਰ ਕੋਈ ਅਸਾਨੀ ਨਾਲ ਵੇਖ ਸਕਦਾ ਹੈ ਕਿ ਵਾਤਾਵਰਣ ਵਿਨਾਸ਼ ਦਾ ਅਸਲੀ ਕਾਰਨ ਖੁਦ ਮੁਨਾਫਾ ਪ੍ਰਧਾਨ ਪ੍ਰਬੰਧ ਹੀ ਹੈ। ਇਸ ਦਾ ਕਾਰਨ ਸਨਅਤੀਕਰਨ ਨਹੀਂ ਬਲਕਿ ਮੁਨਾਫੇ ਲਈ ਬੇਲਗਾਮ ਅਰਾਜਕ ਉਤਪਾਦਨ ਹੈ। ਜੇ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਮਕਸਦ ਨਾ ਹੋਵੇ ਤਾਂ ਐਸੀ ਤਕਨੀਕ ਦੀ ਕਾਢ ਤੇ ਵਰਤੋਂ ਕੀਤੀ ਜਾ ਸਕਦੀ ਹੈ ਜੋ ਪ੍ਰਦੂਸ਼ਣ ਨੂੰ ਬਹੁਤ

ਸੀਮਤ ਕਰ ਦੇਵੇ। ਇਸ ਤਰ੍ਹਾਂ ਸਮਾਜ ਦੇ ਨਿਯੋਜਿਤ ਉਤਪਾਦਨ ਨਾਲ ਕੁਦਰਤੀ ਸਾਧਨਾਂ ਦੀ ਬੇਲਗਾਮ ਲੁੱਟ ਨੂੰ ਰੋਕਿਆ ਜਾ ਸਕਦਾ ਹੈ। ਇਸ ਚੇਤਨਾ ਦੇ ਨਾਲ ਕਿ ਮਨੁੱਖ ਕੁਦਰਤ ਦਾ ਅਨਿੱਖੜਵਾਂ ਅੰਗ ਹੈ, ਇਨ੍ਹਾਂ ਸਾਧਨਾਂ ਦੀ ਇਸ ਤਰ੍ਹਾਂ ਵਰਤੋਂ ਕੀਤੀ ਜਾ ਸਕਦੀ ਹੈ ਜੋ ਇਸ ਦੀ ਦੂਰਗਾਮੀ ਉਪਲੱਭਤਾ ਯਕੀਨੀ ਬਣਾਵੇ। ਇਸ ਤਰ੍ਹਾਂ ਵਿਗਿਆਨਕ ਤਕਨੀਕ ਦੀ ਵਰਤੋਂ ਨਾਲ ਨਵੇਂ ਤੇ ਸਿਹਤਮੰਦ ਊਰਜਾ ਸਰੋਤਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕੀਤਾ ਜਾ ਸਕਦਾ ਹੈ ਪਰ ਇਹ ਸਿਰਫ ਪੂੰਜੀਵਾਦ ਦੇ ਖਾਤਮੇ ਦੇ ਨਾਲ ਹੀ ਕੀਤਾ ਜਾ ਸਕਦਾ ਹੈ। ਧਰਤੀ ਦੇ ਵਾਤਾਵਰਣ ਤੇ ਇਸ 'ਤੇ ਜੀਵਨ ਨੂੰ ਬਚਾਉਣ ਦਾ ਇਹੀ ਇਕੋ ਇਕ ਰਾਹ ਹੈ।

# ਅਮਰੀਕੀ ਸਾਏ ਹੇਠ ਅਫ਼ਗਾਨਿਸਤਾਨ ਚੋਣਾਂ

ਅਫਗਾਨਿਸਤਾਨ 'ਚ ਅਮਰੀਕੀ ਦਾਬੇ ਹੇਠ ਨਾਟੋ ਸੈਨਾ ਦੀ ਛਤਰ ਛਾਇਆ ਹੇਠ ਚੋਣਾਂ ਸਿਰੇ ਚੜ੍ਹ ਗਈਆਂ। ਚੋਣਾਂ 'ਚ ਰਾਸ਼ਟਰਪਤੀ ਅਹੁਦੇ ਦੇ ਇਕ ਮੁੱਖ ਉਮੀਦਵਾਰ ਅਬਦੁੱਲਾ-ਅਬਦੁੱਲਾ ਨੇ ਵੱਡੀ ਪੈਮਾਨੇ 'ਤੇ ਧਾਂਦਲੀ ਕਰਨ ਦਾ ਦੋਸ਼ ਮੌਜੂਦਾ ਰਾਸ਼ਟਰਪਤੀ ਹਾਮਿਦ ਕਰਜਾਈ 'ਤੇ ਲਾਇਆ ਲੋਕਾਂ ਨੇ ਵੱਡੇ ਪੈਮਾਨੇ 'ਤੇ ਚੋਣਾਂ ਦਾ ਬਾਈਕਾਟ ਕੀਤਾ। ਤਾਲਿਬਾਨ ਦੇ ਗੋਲਾਂ ਅਤੇ ਗੋਲਾਬਾਰੀ ਦੌਰਾਨ ਇਹ ਚੋਣਾਂ ਮੁਕੰਮਲ ਹੋਈਆਂ ਹਨ। ਹਾਮਿਦ ਕਰਜਾਈ ਦੀ ਕਠਪੁਤਲੀ ਸਰਕਾਰ ਬੁਰੀ ਤਰ੍ਹਾਂ ਨਾਲ ਬਦਨਾਮ ਹੋ ਚੁੱਕੀ ਹੈ। ਇਹ ਨਿਕੰਮੀ ਹੈ ਸਿਰ ਤੋਂ ਲੈ ਕੇ ਪੈਰਾਂ ਤੱਕ ਭ੍ਰਿਸ਼ਟ ਹੈ ਤੇ ਲੁਟ ਘਸੁੱਟ 'ਚ ਸ਼ਾਮਲ ਹੈ। ਕੁਝ ਇਲਾਕਿਆਂ 'ਚ ਜਿਥੇ ਤਾਲਿਬਾਨ ਬਾਗੀਆਂ ਨੂੰ ਵਿਦੇਸ਼ੀ ਫੌਜਾਂ ਵੱਲੋਂ ਖਦੇੜ ਦਿੱਤਾ ਗਿਆ ਉਥੇ ਵੀ ਲੋਕ ਹਾਮਿਦ ਕਰਜਾਈ ਸਰਕਾਰ ਦੀ ਤੁਲਨਾ 'ਚ ਯੁੱਧ ਸਰਦਾਰਾਂ ਨੂੰ ਘੱਟ ਖਤਰਨਾਕ ਸਮਝਦੇ ਹਨ। ਅਜਿਹੀ ਹਾਲਤ 'ਚ ਹਾਮਿਦ ਕਰਜਾਈ ਦਾ ਸੱਤਾ 'ਚ ਬਣੇ ਰਹਿਣਾ ਸਿਰਫ ਭਰਿਸ਼ਟ ਤਰੀਕਿਆਂ ਨਾਲ ਹੀ ਸੰਭਵ ਹੈ। ਅਬਦੁੱਲਾ-ਅਬਦੁੱਲਾ ਅਫਗਾਨਿਸਤਾਨ ਦੇ ਉਤਰੀ ਖੇਤਰ ਦੇ ਹਨ ਅਤੇ ਉਨ੍ਹਾਂ ਦੀ ਜਿੱਤ ਨਾਲ ਪਖਤੂਨ ਕਬੀਲੇ 'ਤੇ ਤਾਲਿਬਾਨ ਦੀ ਪਕੜ ਹੋਰ ਮਜ਼ਬੂਤ ਹੋ ਜਾਵੇਗੀ।

ਅਜਿਹੀ ਸਥਿਤੀ 'ਚ ਅਮਰੀਕੀ ਦਾਬੇ ਵਾਲੀ ਨਾਟੋ ਫੌਜ ਦੀ ਸਥਿਤੀ ਹੋਰ ਵੀ ਖਤਰਨਾਕ ਹੋਣ ਦਾ ਖਤਰਾ ਹੈ। ਇਸ ਲਈ ਅਮਰੀਕੀ ਰਾਸ਼ਟਰਪਤੀ ਨੇ ਅਫਗਾਨ-ਪਾਕਿਸਤਾਨ ਮਾਮਲੇ ਦੇ ਵਿਸ਼ੇਸ਼ ਦੂਤ ਹਾਲਬੁਰਕ ਦਾ ਇਹ ਕਹਿਣਾ ਕਿ ਚੋਣਾਂ 'ਚ ਧਾਂਦਲੀ ਦੇ ਦੋਸ਼ ਸਭ ਥਾਂ, ਇਥੋਂ ਤੱਕ ਕਿ ਸੰਯੁਕਤ ਰਾਜ ਅਮਰੀਕਾ 'ਚ ਵੀ ਲੱਗਦੇ ਰਹਿੰਦੇ ਹਨ। ਇਹ ਦਰਸਾਉਂਦਾ ਹੈ ਕਿ ਅਮਰੀਕਾ ਇਨ੍ਹਾਂ ਦੋਸ਼ਾਂ ਨੂੰ ਗੰਭੀਰਤਾ ਨਾਲ ਨਹੀਂ ਲੈਂਦਾ ਅਤੇ ਕਿਵੇਂ ਨਾ ਕਿਵੇਂ ਇਹ ਪਖਤੂਨ ਹਾਮਿਦ ਕਰਜਈ ਨੂੰ ਹੀ ਸੱਤਾ 'ਚ ਰੱਖਣਾ ਚਾਹੁੰਦਾ ਹੈ। ਇਨ੍ਹਾਂ ਚੋਣਾਂ ਦੇ ਸਿੱਟੇ ਚਾਹੇ ਜੋ ਨਿਕਲਣ, ਅਮਰੀਕੀ ਦਾਬੇ ਲਈ ਨਾਟੋ ਫੌਜ ਅਫਗਾਨਿਸਤਾਨ 'ਚ ਬੁਰੀ ਤਰ੍ਹਾਂ ਫਸਦੀ ਜਾ ਰਹੀ ਹੈ। ਦੱਖਣੀ ਅਫਗਾਨਿਸਤਾਨ ਦਾ ਬਹੁਤਾ ਹਿੱਸਾ ਹਾਮਿਦ ਕਰਜ਼ਈ ਸਰਕਾਰ ਦੇ ਕੰਟਰੋਲ 'ਚ ਨਹੀਂ ਹੈ। ਹੁਣ ਤਾਲਿਬਾਨ ਬਾਗੀਆਂ ਵਲੋਂ ਪਹਿਲਾਂ ਤੋਂ ਜ਼ਿਆਦਾ ਵੱਡੇ ਅਤੇ ਜਥੇਬੰਦ ਹਮਲੇ ਹੋ ਰਹੇ ਹਨ। ਬ੍ਰਿਟੇਨ 'ਚ ਨਾਗਰਿਕ ਇਹ ਸੁਆਲ ਪੁੱਛਣ ਲੱਗੇ ਹਨ ਕਿ ਉਨ੍ਹਾਂ ਦੇ ਦੇਸ਼ ਦੇ ਫੌਜੀ ਅਫਗਾਨਿਸਤਾਨ 'ਚ ਕਿਸ ਕਾਰਨ ਆਪਣੀ ਜਾਨ ਦੇ ਰਹੇ ਹਨ। ਜੇ ਇਸੇ ਤਰ੍ਹਾਂ ਸੈਨਿਕਾਂ ਦਾ ਮਾਰੇ ਜਾਣਾ ਜਾਰੀ ਰਿਹਾ ਤਾਂ ਅਮਰੀਕੀ ਲੋਕ ਵੀ ਇਹ ਸੁਆਲ ਜ਼ੋਰ ਸ਼ੋਰ ਨਾਲ ਉਠਾਉਣਗੇ। ਅਜਿਹੀ ਸਥਿਤੀ ਵਿਚ ਅਮਰੀਕੀ ਦਾਬੇ ਵਾਲੀ ਨਾਟੋ ਫੌਜ ਦੀ ਹਾਲਤ ਸੱਪ ਦੇ ਮੂੰਹ 'ਚ ਕੋੜ ਕਿਰਲੀ ਵਾਲੀ ਹੋ ਰਹੀ ਹੈ। ਜੇ ਅਮਰੀਕੀ ਸਾਮਰਾਜੀ ਆਪਣੇ ਸਾਬਕਾ ਕਬਜ਼ਾਕਾਰੀਆਂ ਦੇ ਹਸ਼ਰ ਤੋਂ ਕੁਝ ਸਬਕ ਸਿਖਦੇ ਹਨ ਤਾਂ ਸ਼ਾਇਦ ਉਹ ਹੋਰ ਵੱਧ ਫੌਜ ਭੇਜਣ ਦੀ ਕਸਰਤ ਕਰਨ ਤੋਂ ਕਤਰਾਉਂਦੇ। 19ਵੀਂ ਸਦੀ 'ਚ ਬ੍ਰਿਟੇਨ ਵਲੋਂ ਅਫਗਾਨਿਸਤਾਨ 'ਤੇ ਕਬਜਾ ਕਰਨ ਪਿੱਛੋਂ ਉਸਨੂੰ ਬੇਇੱਜ਼ਤੀ ਝੱਲਣੀ ਪਈ ਸੀ ਜਾਂ ਵੀਹਵੀਂ ਸਦੀ 'ਚ ਸੋਵੀਅਤ ਸੰਘ ਦੀਆਂ ਸੈਨਾਵਾਂ ਨੂੰ ਬੇਆਬਰੂ

ਹੋ ਕੇ ਉਥੋਂ ਭੱਜਣਾ ਪਿਆ ਸੀ ਪਰ ਸਾਮਰਾਜੀਆਂ ਨੇ ਸੁਆਰਥ ਦੀ ਪੱਟੀ ਅੱਖਾਂ ’ਤੇ ਬੰਨੀ ਹੋਈ ਹੈ। ਇਸ ਲਈ ਉਹ ਤਦ ਤੱਕ ਉਥੋਂ ਨਹੀਂ ਜਾਣਗੇ ਜਦ ਤੱਕ ਅਫਗਾਨੀ ਜਨਤਾ ਉਨ੍ਹਾਂ ਨੂੰ ਖਦੇੜ ਨਹੀਂ ਦਿੰਦੀ। ਉਹ ਇਸ ਲਈ ਨਹੀਂ ਜਾਣਗੇ ਕਿਉਂਕਿ ਅਫਗਾਨਿਸਤਾਨ ਛੱਡਣ ਦਾ ਮਤਲਬ ਅਮਰੀਕੀ ਸਾਮਰਾਜੀਆਂ ਦੀ ਤਾਕਤ ਦੇ ਦਾਬੇ ਦਾ ਇਹ ਸੂਚਕ ਹੋਵੇਗਾ ਅਤੇ ਵਿਸ਼ਵੀ ਪੈਮਾਨੇ ’ਤੇ ਸੰਦੇਸ਼ ਜਾਏਗਾ। ਦੂਜੀ ਗੱਲ ਇਹ ਕਿ ਜੇ ਅਮਰੀਕੀ ਸਾਮਰਾਜੀ ਖੁਦ ਇਥੋਂ ਜਾਂਦੇ ਹਨ ਤਾਂ ਹੋਰ ਖੇਤਰੀ ਸ਼ਕਤੀਆਂ ਦੀ ਦਖਲਅੰਦਾਜ਼ੀ ਵੱਧ ਜਾਵੇਗੀ।

ਇਹ ਅਮਰੀਕੀ ਸਾਮਰਾਜੀ ਕਦੀ ਨਹੀਂ ਚਾਹੁਣਗੇ। ਅਜਿਹੀ ਸਥਿਤੀ ’ਚ ਅਮਰੀਕੀ ਦਾਬੇ ਵਾਲੀ ਨਾਟੋ ਸੈਨਾ ਉਥੇ ਕਹਿਰ ਵਰਤਾਉਂਦੀ ਰਹੇਗੀ। ਇਸ ਦਾ ਇਹ ਸੁਪਨਾ ਤਾਂ ਪਹਿਲਾਂ ਹੀ ਚਕਨਾਚੂਰ ਹੋ ਚੁੱਕਿਆ ਹੈ ਕਿ ਉਹ ਅਫਗਾਨਿਸਤਾਨ ’ਚ ਸ਼ਾਂਤੀ ‘ਸ਼ਾਂਤੀ ਖੁਸ਼ਹਾਲੀ ਤੇ ਲੋਕਰਾਜੀ ਸਰਕਾਰ’ ਦੇਣ ਲਈ ਕੰਮ ਕਰ ਰਹੀ ਹੈ। ਜੋ ਕਾਰਜ ਕਰਦਾ ਹੋਵੇ ਤੇ ਸੁਰੱਖਿਆ ਸਥਿਤੀ ’ਚ ਸੁਧਾਰ ਲਿਆਉਣ ਦੇ ਕਾਰਜ ਦੀ ਗੱਲ ਕਰਦੀ ਹੋਵੇ। ਅਫਗਾਨਿਸਤਾਨ ’ਚ ਤਾਲਿਬਾਨ ਵਰਗੀਆਂ ਦਕਿਆਨੂਸੀ ਤਾਕਤਾਂ ਨੂੰ ਇਸ ਲਈ ਹਮਾਇਤ ਮਿਲ ਰਹੀ ਹੈ ਕਿਉਂਕਿ ਉਹ ਵਿਦੇਸ਼ੀ ਕਾਬਜ਼ਕਾਰੀ ਸੈਨਾਵਾਂ ਦਾ ਮੁਕਾਬਲਾ ਕਰ ਰਹੀ ਹੈ। ਅਮਰੀਕੀ ਸਾਮਰਾਜੀਆਂ ਨੇ ਵੱਡੇ ਪੈਮਾਨੇ ’ਤੇ ਸਹਾਇਤਾ ਮੁਹਿੰਮ ਦੇ ਨਾਂ ’ਤੇ ਅਫਗਾਨੀ ਲੋਕਾਂ ਨੂੰ ਖਰੀਦਣ ਦਾ ਕੰਮ ਕੀਤਾ ਹੈ। ਪਰ ਉਹ ਕੁਝ ਮੀਰਜਾਫਰ ਹੀ ਪੈਦਾ ਕਰ ਸਕਦੇ ਹਨ ਸਮੁੱਚੀ ਅਫਗਾਨੀ ਜਨਤਾ ਮੀਰਜਾਫਰ ਨਹੀਂ ਹੋ ਸਕਦੀ ਇਸ ਲਈ ਦੇਰ ਸਵੇਰ ਅਮਰੀਕੀ ਸਾਮਰਾਜੀਆਂ ਨੂੰ ਅਫਗਾਨਿਸਤਾਨ ਛੱਡਣ ਲਈ ਮਜ਼ਬੂਰ ਹੋਣਾ ਪਵੇਗਾ ਨਾਂ ਅਮਰੀਕੀ ਡਾਲਰ ਤੇ ਸਾਮਰਾਜੀ ਤਾਕਤ ਅਫਗਾਨੀ ਅਵਾਰਾ ਦੋ ਮਨੋਬਲ ਨੂੰ ਤੋੜ ਸਕੇਗੀ। ਚੋਣਾਂ ਨੇ ਕੋਈ ਮਦਦ ਨਹੀਂ ਕਰਨੀ।

--------✪✪--------

# ਨੇਪਾਲੀ ਇਨਕਲਾਬ ਹੁਣ ਕਿੱਧਰ ਨੂੰ?

ਨੇਪਾਲ ਬੀਤੇ ਇਕ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਅਨਿਸ਼ਚਤਤਾ ਤੇ ਉਤਲ-ਪੁਥਲ ਦੇ ਭੰਵਰ 'ਚੋਂ ਗੁਜਰ ਰਿਹਾ ਹੈ। ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਨੇਕਪਾ (ਮਾਓਵਾਦੀ) ਦੇ ਮੁਖੀ ਪੁਸ਼ਪ ਕਮਲ ਦਹਾਲ ਉਰਫ 'ਪਰਚੰਡ' ਦੇ ਅਸਤੀਫੇ (3 ਮਈ 09) ਦੇ ਬਾਅਦ ਤੋਂ ਹੀ ਦੇਸ਼ ਵਿਆਪੀ ਬੰਦ, ਹੜਤਾਲਾਂ ਤੇ ਮੁਜਹਾਰਿਆਂ ਦੇ ਚੱਲਦਿਆਂ ਸਾਸ਼ਨ ਤੇ ਪ੍ਰਸਾਸ਼ਨ ਦੀ ਮਸ਼ੀਨਰੀ ਲਗਭਗ ਠੱਪ ਹੈ। ਸੰਕਟ ਦੀ ਸ਼ੁਰੂਆਤ ਤਦ ਹੋਈ ਜਦ ਜਨਤਾ ਵਲੋਂ ਚੁਣੀ ਗਈ ਨਾਗਰਿਕ ਸਰਕਾਰ ਦੀ ਨਿਰੰਤਰ ਤੇ ਜਾਣ ਬੁੱਝ ਕੇ ਅਣਦੇਖੀ ਤੇ ਉਲੰਘਣਾ ਦੇ ਦੋਸ਼ ਲਾ ਕੇ ਪ੍ਰਧਾਨ ਮੰਤਰੀ ਪ੍ਰਚੰਡ ਨੇ ਸੈਨਾ ਮੁਖੀ ਕਟਵਾਲ ਨੂੰ ਬਰਖਾਸਤ ਕਰ ਦਿੱਤਾ। ਕਟਵਾਲ ਨੇ ਪ੍ਰਧਾਨ ਮੰਤਰੀ ਦੇ ਇਸ ਨਿਰਦੇਸ਼ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਰਾਸ਼ਟਰਪਤੀ ਰਾਮਬਰਨ ਯਾਦਵ ਨੇ ਸ੍ਰੀ ਪ੍ਰਚੰਡ ਦੇ ਨਿਰਦੇਸ਼ ਨੂੰ ਠੁਕਰਾਉਂਦਿਆਂ ਹੋਇਆਂ ਅਤੇ ਅੰਤਰਿਮ ਸੰਵਿਧਾਨ ਦੀ ਉਲੰਘਣਾ ਕਰਦੇ ਹੋਇਆ ਕਟਵਾਲ ਨੂੰ ਆਪਣੇ ਅਹੁਦੇ 'ਤੇ ਬਣੇ ਰਹਿਣ ਨੂੰ ਕਿਹਾ। ਫਿਰ ਇਸ ਸੁਆਲ 'ਤੇ ਸਰਕਾਰ ਦੇ ਦੋ ਸਹਿਯੋਗੀ ਦਲਾਂ ਨੇਕਪਾ (ਏ. ਮਾ. ਲੇ.) ਅਯੇਸ਼ੀ ਜਨਾਧਿਕਾਰ ਮੰਚ ਨੇ ਵੀ ਮਾਓਵਾਦੀਆਂ ਦਾ ਸਾਥ ਛੱਡ ਦਿੱਤਾ। ਸਿੱਟੇ ਵਜੋਂ ਸਰਕਾਰ ਘੱਟ ਗਿਣਤੀ 'ਚ ਆ ਗਈ ਅਤੇ ਪ੍ਰਚੰਡ ਨੂੰ ਅਸਤੀਫਾ ਦੇਣਾ ਪਿਆ।

ਬੀਤੀ 27 ਮਈ ਨੂੰ 24 'ਚੋਂ 21 ਪਾਰਟੀਆਂ ਦੀ ਹਮਾਇਤ ਨਾਲ ਮਾਧਵ ਕੁਮਾਰ ਨੇਪਾਲ ਦੀ ਅਗਵਾਈ 'ਚ ਨਵੀਂ ਸਰਕਾਰ ਬਣੀ। ਜਿਸ 'ਚ ਨੇਕਪਾ (ਏ. ਮਾ. ਲੇ.) ਤੇ ਨੇਪਾਲੀ ਕਾਂਗਰਸ ਮੁੱਖ ਭਾਗੀਦਾਰ ਹਨ। ਨਵੀਂ ਸਰਕਾਰ ਨੇ ਹਮਾਇਤ ਦੇ ਮਸਲੇ 'ਤੇ ਮਘੇਸੀ ਜਨਾਧਿਕਾਰ ਮੰਚ ਦੋਫਾੜ ਹੋ ਚੁੱਕਿਆ ਹੈ। ਵਿਜੈ ਕੁਮਾਰ ਗੱਛੇਦਾਰ ਗੁੱਟ ਸਰਕਾਰ 'ਚ ਸ਼ਾਮਲ ਹੈ ਅਤੇ ਗੱਛੇਦਾਰ ਇਕ ਉਪ ਪ੍ਰਧਾਨ ਮੰਤਰੀ ਹਨ। ਜਦਕਿ ਉਪੇਂਦਰ ਯਾਦਵ ਦੀ ਅਗਵਾਈ ਵਾਲਾ ਗੁੱਟ ਵਿਰੋਧੀ ਧਿਰ 'ਚ ਹੈ। ਨੇਕਪਾ (ਮਾਓਵਾਦੀ) ਦਾ ਕਹਿਣਾ ਹੈ ਕਿ ਫੌਜ 'ਤੇ ਨਾਗਰਿਕ ਸਰਕਾਰ ਦਾ ਕੰਟਰੋਲ ਹਰ ਹਾਲ 'ਚ ਫੈਸਲਾਕੁੰਨ ਤੌਰ 'ਤੇ ਕਾਇਮ ਹੋਣਾ ਚਾਹੀਦਾ ਹੈ ਅਤੇ ਰਾਸ਼ਟਰਪਤੀ ਨੂੰ ਫੌਜੀ ਮੁਖੀ ਕਟਿਆਲ ਦੀ ਬਹਾਲੀ ਸਬੰਧੀ ਆਪਣਾ ਗੈਰ ਸੰਵਿਧਾਨ ਨਿਰਦੇਸ਼ ਵਾਪਸ ਲੈਣਾ ਚਾਹੀਦਾ ਹੈ। ਉਸ ਦਾ ਇਹ ਵੀ ਸਪੱਸ਼ਟ ਦੋਸ਼ ਹੈ ਕਿ ਇਕ ਵੱਡਾ ਗੁਆਂਢੀ ਦੇਸ਼ (ਭਾਰਤ) ਆਪਣੇ ਸੁਆਰਥਾਂ ਤੇ ਵਿਸਥਾਰਵਾਦੀ ਲਾਲਸਾਂ ਦੇ ਚਲਦਿਆਂ ਨੇਪਾਲ ਦੇ ਅੰਦਰੂਨੀ ਮਾਮਲਿਆਂ 'ਚ ਦਖਲਅੰਦਾਜ਼ੀ ਕਰ ਰਿਹਾ ਹੈ ਅਤੇ ਕੁਟਵਾਲ-ਘਟਨਾ ਕ੍ਰਮ ਪਿੱਛੇ ਵੀ ਉਸ ਦੀ ਅਹਿਮ ਭੂਮਿਕਾ ਹੈ। ਇਸ ਦਾ ਮੁੱਖ ਕਾਰਨ ਹੈ ਕਿ ਪ੍ਰਚੰਡ ਦੀ ਅਗਵਾਈ ਵਾਲੀ ਸਰਕਾਰ ਭਾਰਤ ਦੇ ਨਾਲ ਸਾਰੇ ਗੈਰਬਰਾਬਰੀ ਪੂਰਨ ਸੰਧੀਆਂ ਦੀ ਸਮੀਖਿਆ ਤੇ ਬਰਾਬਰੀ ਦੇ ਅਧਾਰ 'ਤੇ ਨਵੇਂ ਸਬੰਧ ਦੀ ਮੰਗ ਕਰਦੀ ਰਹੀ ਹੈ ਅਤੇ ਭਾਰਤ ਉਪਰ ਰਵਾਇਤੀ ਨਿਰਭਰਤਾ ਨੂੰ ਛੱਡ ਕੇ ਚੀਨ ਨਾਲ ਵੀ ਸਹਿਕਾਰ-ਸਬੰਧ ਦੀ ਇੱਛਾ ਜ਼ਾਹਰ ਕਰਦੀ ਰਹੀ ਹੈ। ਨਾਲ ਹੀ ਭਾਰਤ ਸਰਕਾਰ ਨੂੰ ਇਹ ਭੈਅ ਵੀ ਸਤਾਉਂਦਾ ਰਿਹਾ ਹੈ ਕਿ ਨੇਪਾਲ 'ਚ ਮਾਓਵਾਦੀਆਂ ਦੀ ਸਰਕਾਰ ਰਹਿੰਦੇ ਸਮੇਂ ਭਾਰਤ 'ਚ ਵੀ ਮਾਓਵਾਦੀਆਂ ਦੇ ਹਥਿਆਰਬੰਦ ਸੰਘਰਸ਼ ਨੂੰ ਹੱਲਾਸ਼ੇਰੀ ਮਿਲੇਗੀ। ਪਰ ਮੁੱਖ

ਗੱਲ ਇਹ ਹੈ ਕਿ ਨੇਪਾਲ ਦੇ ਨਾਲ ਬੀਤੀ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਜਾਰੀ ਗੈਰਬਰਾਬਰੀ ਸਬੰਧਾਂ ਨੂੰ ਭਾਰਤੀ ਹਾਕਮ ਜਮਾਤ ਹਰ ਕੀਮਤ 'ਤੇ ਬਣਾਈ ਰੱਖਣਾ ਚਾਹੁੰਦੀ ਹੈ। ਸਭ ਛੋਟੇ ਗੁਆਂਢੀ ਦੇਸ਼ਾਂ ਪ੍ਰਤੀ ਭਾਰਤੀ ਹਾਕਮ ਜਮਾਤ ਦਾ ਵਿਸਥਾਰਵਾਦੀ ਅਤੇ "ਵੱਡੇ ਭਾਈ" ਵਰਗਾ ਵਿਹਾਰ ਹਮੇਸ਼ਾ ਤੋਂ ਜਗਜਾਹਰ ਰਿਹਾ ਹੈ ਅਤੇ ਚੀਨ ਨਾਲ ਉਸ ਦਾ ਮੁਕਾਬਲਾ ਕੋਈ ਛੁਪੀ ਗੱਲ ਨਹੀਂ ਹੈ। ਅਜਿਹੀ ਸਥਿਤੀ 'ਚ ਨੇਪਾਲ ਦੀ ਨਵੀਂ ਸਰਕਾਰ ਵਲੋਂ ਬਰਾਬਰੀ ਵਾਲੇ ਸਬੰਧਾਂ ਅਤੇ ਸਭ ਗੁਆਂਢੀਆਂ ਨਾਲ (ਯਾਨੀ ਚੀਨ ਨਾਲ ਵੀ) ਆਮ ਤੌਰ 'ਤੇ ਬੇਹਤਰ ਸਬੰਧਾਂ ਦੀ ਗੱਲ ਕਰਨਾ ਭਾਰਤੀ ਹਾਕਮ ਜਮਾਤ ਭਲਾ ਕਿਵੇਂ ਪਸੰਦ ਕਰ ਸਕਦੀ ਹੈ। ਕਾਠਮੰਡੂ ਸਥਿਤ ਭਾਰਤੀ ਦੂਤਾਵਾਸ ਲਗਾਤਾਰ ਉਥੋਂ ਦੇ ਅੰਦਰੂਨੀ ਮਾਮਲਿਆਂ 'ਚ ਦਖਲ ਦੇ ਰਿਹਾ ਹੈ। ਆਪਣੀ ਇਸ ਸਥਿਤੀ ਨੂੰ ਬਣਾਈ ਰੱਖਣ ਲਈ ਭਾਰਤ ਸਰਕਾਰ ਨੇ ਲੋਕ ਯੁੱਧ ਤੇ ਅੰਦੋਲਨ ਦੌਰਾਨ ਲਗਾਤਾਰ ਰਾਜਾਸ਼ਾਹੀ ਦੀ ਭਰਪੂਰ ਮਦਦ ਕੀਤੀ।

ਨੇਪਾਲ ਦੇ ਇਨਕਲਾਬੀ ਸੰਘਰਸ਼ ਨੂੰ ਕੁਚਲਣ ਵਿਚ ਉਸ ਨੇ ਅਮਰੀਕੀ ਸਾਮਰਾਜ ਦੇ ਦਲਾਲ ਦੀ ਭੂਮਿਕਾ ਨਿਭਾਈ। ਪਰ ਰਾਜਾਸ਼ਾਹੀ ਦਾ ਪਤਨ ਯਕੀਨੀ ਹੋਣ ਤੇ ਸੰਵਿਧਾਨ ਸਭਾ ਦੀ ਚੋਣ 'ਚ ਨੇਕਪਾ (ਮਾਓਵਾਦੀ) ਦੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਪਿੱਛੋਂ ਭਾਰਤੀ ਹਾਕਮ ਜਮਾਤ ਨੇ ਨੇਪਾਲੀ ਕਾਂਗਰਸ ਤੇ ਨੇਕਪਾ (ਏ. ਮਾ. ਲੇ.) 'ਤੇ ਦਾਅ ਲਾਇਆ ਅਤੇ ਹਰ ਚੰਦ ਕੋਸ਼ਿਸ਼ਾਂ ਕੀਤੀਆਂ ਕਿ ਨੇਕਪਾ (ਮਾਓਵਾਦੀ) ਦੀ ਅਗਵਾਈ 'ਚ ਸਰਕਾਰ ਦਾ ਗਠਨ ਨਾ ਹੋ ਸਕੇ। ਉਸ ਦੀ ਇਸ ਭੂਮਿਕਾ ਦੇ ਚਲਦਿਆਂ ਨੇਪਾਲ ਜਨਤਾ ਅੰਦਰ ਇਹ ਧਾਰਨਾ ਹੋਰ ਵੱਧ ਮਜ਼ਬੂਤ ਹੋਈ ਹੈ ਕਿ ਭਾਰਤ ਇਕ ਵਿਸਥਾਰਾਦੀ ਦੇਸ਼ ਹੈ ਜੋਹਰ ਹਾਲ 'ਚ ਆਜ਼ਾਦ, ਜਮਹੂਰੀ ਤੇ ਖੁਦਮੁਖਤਿਆਰ ਨੇਪਾਲੀ ਗਣਰਾਜ ਦਾ ਵਿਰੋਧ ਕਰਦਾ ਰਹੇਗਾ। ਜਿਥੋਂ ਤੱਕ ਨੇਪਾਲ ਦੇ ਅੰਦਰ ਜਮਾਤੀ ਸ਼ਕਤੀ ਸੰਤੁਲਨ ਦਾ ਸੁਆਲ ਹੈ, ਸਾਰੇ ਆਪਸੀ ਅੰਤਰ ਵਿਰੋਧਾਂ ਦੇ ਬਾਵਜੂਦ, ਉਥੋਂ ਦੀ ਕ੍ਰਾਂਤੀ-ਵਿਰੋਧੀ ਬੁਰਜੂਆ ਤੇ ਜਾਗੀਰੂ ਤਾਕਤਾਂ ਨਿਰਣਾਇਕ ਮਸਲਿਆਂ 'ਤੇ ਮਾਓਵਾਦੀਆਂ ਖਿਲਾਫ ਇਕਜੁੱਟ ਹਨ। ਸਤਾਲੋਲੁ ਪਤਾ ਕਾਰਨ ਬੁਰਜੂਆ ਤੇ ਸੋਧਵਾਦੀਆਂ ਪਾਰਟੀਆਂ ਵਿਚਕਾਰ ਜੋ ਅੰਤਰਵਿਰੋਧ ਉਡ ਰਹੇ ਹਨ ਉਨ੍ਹਾਂ ਦਾ ਫਾਇਦਾ ਇਕ ਹੱਦ ਤੱਕ ਨੇਕਪਾ (ਮਾਓਵਾਦੀ) ਨੂੰ ਹੀ ਮਿਲਦਾ ਰਿਹਾ ਹੈ। ਪਰ ਜਦ ਵੀ ਕੋਈ ਬੁਨਿਆਦੀ ਨੀਤੀਗਤ ਮਸਲਾ ਸਾਹਮਣੇ ਆਉਂਦਾ ਹੈ ਤਾਂ ਮਾਓਵਾਦੀ ਆਪਣੇ ਆਪ ਨੂੰ ਅਲੱਗ ਥਲੱਗ ਪਾਉਂਦੇ ਹਨ। ਸੰਵਿਧਾਨ ਸਭਾ ਦੀਆਂ ਚੋਣਾਂ ਵਿਚ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਦੇ ਬਾਵਜੂਦ ਨੇਕਪਾ (ਮਾਓਵਾਦੀ) ਨੂੰ ਸੱਤਾ ਸੰਭਾਲਣ ਦੀ ਜਾਇਜ਼ ਹੱਕਦਾਰ ਤਾਕਤ ਵਜੋਂ ਨੇਪਾਲ ਅੰਦਰ ਤੇ ਬਾਹਰ ਦੀਆਂ ਪਿਛਾਖੜੀਆਂ ਪਾਰਟੀਆਂ ਨੇ ਕਦੀ ਵੀ ਮੰਜ਼ੂਰ ਨਹੀਂ ਕੀਤਾ। ਸਰਕਾਰ 'ਚ ਸ਼ਾਮਲ ਹੋਣ ਪਿੱਛੋਂ ਵੀ ਨੇਕਪਾ (ਏ. ਮਾ. ਲੇ.) ਅਤੇ ਮਧੇਸੀ ਪਾਰਟੀਆਂ ਨੇ ਆਰਥਿਕ ਬੁਨਿਆਦੀ ਬਦਲਾਅ ਦੇ ਹਰ ਸੁਆਲ 'ਤੇ ਨੇਕਪਾ (ਮਾਓਵਾਦੀ) ਦਾ ਵਿਰੋਧ ਕੀਤਾ (ਸ਼ਾਂਤੀ ਸਮਝੌਤੇ ਅਤੇ ਅੰਤਰਿਮ ਸੰਵਿਧਾਨ ਦੀਆਂ ਸਾਰੀਆਂ ਸ਼ਰਤਾਂ ਨੂੰ ਛਿਕੇ ਟੰਗਿਆ ਗਿਆ। ਸੈਨਾ ਦੇ ਏਕੀਕਰਨ ਦੀਆਂ ਤਹਿ ਸ਼ਰਤਾਂ ਨੂੰ ਠੁਕਰਾ ਕੇ ਨਵੀਆਂ ਨਵੀਆਂ ਸ਼ਰਤਾਂ ਲਾਈਆਂ ਜਾਂਦੀਆਂ ਰਹੀਆਂ। ਤਣਾਅ ਵਧਦਾ ਰਿਹਾ ਤੇ ਫਿਰ ਇਸ ਦੀ ਤਾਰਕਿਕ ਪ੍ਰਣੀਤੀ ਪ੍ਰਚੰਡ ਸਰਕਾਰ ਨੇ ਅਸਤੀਫੇ ਵਜੋਂ ਸਾਹਮਣੇ ਆਈ। ਨੇਪਾਲ ਦੀਆਂ

ਘਟਨਾਵਾਂ ਨੇ ਇਕ ਵਾਰੀ ਫਿਰ ਇਸ ਇਤਿਹਾਸ ਸਿੱਧ ਧਾਰਨਾ ਨੂੰ ਪੁਖਤਾ ਕੀਤਾ ਹੈ ਕਿ ਸੰਸਦੀ ਚੋਣਾਂ 'ਚ ਬਹੁਮਤ ਹਾਸਲ ਕਰਨ ਦੇ ਬਾਵਜੂਦ ਮਿਹਨਤਕਸ਼ ਜਨ ਸਮੂਹ ਰਾਜ ਮਸ਼ੀਨਰੀ ਦਾ ਆਪਣੇ ਹਿੱਤਾਂ ਦੇ ਅਨੁਕੂਲ ਪੁਨਰਗਠਨ ਨਹੀਂ ਕਰ ਸਕਦਾ। ਇਹ ਹਾਕਮ ਜਮਾਤ ਦੀ ਰਾਜ ਮਸ਼ੀਨਰੀ ਨੂੰ ਢਹਿ ਢੇਰੀ ਕਰਕੇ ਹੀ ਨਵੀਂ ਰਾਜ ਮਸ਼ੀਨਰੀ ਦੀ ਸਥਾਪਨਾ ਕਰ ਸਕਦਾ ਹੈ। ਬੇਸ਼ੱਕ ਬੁਰਜੂਆ ਸੰਸਦੀ ਚੋਣਾਂ ਤੇ ਸੰਸਦ ਦੀ (ਤੇ ਇਥੋਂ ਤੱਕ ਕਿ ਅੰਤਰਿਮ ਜਾਂ ਆਰਜ਼ੀ ਸਰਕਾਰਾਂ ਦੀ ਵੀ) ਦਾਅਪੇਚਕ ਵਰਤੋਂ ਕੀਤੀ ਜਾ ਸਕਦੀ ਹੈ। ਪਰ ਇਨ੍ਹਾਂ ਰਾਹੀਂ ਵਿਵਸਥਾ ਤਬਦੀਲੀ ਜਾਂ ਇਕ ਜਮਾਤ ਤੋਂ ਦੂਜੀ ਜਮਾਤ ਦੇ ਹੱਥਾਂ 'ਚ ਸੱਤਾ ਸੌਂਪਣੀ ਅਸੰਭਵ ਹੈ। ਬੁਰਜੂਆ ਸੱਤਾ ਨੂੰ ਢਹਿ ਢੇਰੀ ਕਰਨਾ ਹੀ ਇਕੋ ਇਕ ਇਤਿਹਾਸਕ ਬਦਲ ਹੈ।

ਨੇਕਪਾ (ਮਾਓਵਾਦੀ) ਦੀ ਸਮੱਸਿਆ ਇਹੀ ਰਹੀ ਹੈ ਕਿ ਉਹ ਆਪਣੀਆਂ ਸਾਰੀਆਂ "ਨਵੀਆਂ ਸਥਾਪਨਾਵਾਂ" ਅਤੇ ਗੋਲਮੋਲ ਅਸਪੱਸ਼ਟ ਦੋਗਲੇ ਬਿਆਨਾਂ ਨਾਲ ਰਾਜ ਤੇ ਇਨਕਲਾਬ ਦੇ ਸੁਆਲ 'ਤੇ ਖੁਦ ਹੀ ਭਰਮ ਪੈਦਾ ਕਰਦੀ ਰਹੀ ਹੈ ਤੇ ਢਿੱਲੇਪਣ ਜਾਹਰ ਕਰਦੀ ਰਹੀ ਹੈ। ਹੁਣ ਨੀਤੀ (ਸਟ੍ਰੈਟਜੀ) ਤੇ ਬੁਨਿਆਦੀ ਵਿਚਾਰਧਾਰਕ ਸੁਆਲਾਂ ਨੂੰ ਵੀ ਅਕਸਰ ਇਹ ਰਣਕੌਂਸਲ ਵਜੋਂ ਜਾਂ ਦਾਅਪੇਚਕ ਵਜੋਂ ਪੇਸ਼ ਕਰਦੀ ਰਹੀ ਹੈ। ਪ੍ਰੋਲੇਤਾਰੀ ਸਰਦਾਰੀ ਦੇ ਤਹਿਤ ਪੈਰਿਸ ਕਮਿਊਨ ਤੇ ਸੋਪੀਅਤਾਂ ਵਰਗੀ ਕਿਸੇ ਬੁਨਿਆਦੀ ਪੱਧਰ ਦੀ ਪ੍ਰੋਲੇਤਰੀ ਜਮਹੂਰੀ ਪ੍ਰਣਾਲੀ ਦੀ ਬਜਾਏ ਇਹ ਬਹੁਪਾਰਟੀ ਸੰਸਦੀ ਪ੍ਰਣਾਲੀ ਦੀ ਗੱਲ ਕਰਦੀ ਰਹੀ ਹੈ ਅਤੇ ਲੋਕਾਂ ਵਿਚ ਇਸ ਭਰਮ ਪਾਊ ਧਾਰਨਾ ਨੂੰ ਪੁਖਤਾ ਬਣਾਉਂਦੀ ਰਹੀ ਹੈ ਕਿ ਮੌਜੂਦਾ ਸੰਵਿਧਾਨ ਸਭਾ ਦੇ ਜ਼ਰੀਏ ਅਤੇ ਇਸ ਰਾਹੀਂ ਉਸਾਰੇ ਸੰਵਿਧਾਨ ਦੇ ਤਹਿਤ ਹੋਣ ਵਾਲੀ ਚੋਣ ਵਿਚ ਜਿੱਤ ਕੇ ਉਹ ਨੇਪਾਲ 'ਚ ਲੋਕ ਜਮਹੂਰੀ ਗਣਰਾਜ ਤੇ ਫਿਰ ਸਮਾਜਵਾਦੀ ਗਣਰਾਜ ਦੀ ਸਥਾਪਨਾ ਕਰ ਸਕਦੀ ਹੈ। ਨੇਕਪਾ (ਮਾਓਵਾਦੀ) ਹਾਲਾਂਕਿ ਵਿਚ-ਵਿਚ 'ਕਰੋ ਜਾ ਮਰੋ' ਦੀ ਭਾਸ਼ਾ 'ਚ ਲੋਕ ਸੰਘਰਸ਼ ਦੀ ਗੱਲ ਕਰਦੀ ਰਹੀ ਹੈ। ਪਰ ਉਸ ਦੀਆਂ ਕੁਲ ਗੱਲਾਂ ਦਾ ਮੁੱਖ ਜ਼ੋਰ ਸੰਸਦੀ ਰਾਹ 'ਤੇ ਹੀ ਪੈਂਦਾ ਹੈ। ਚੋਣਾਂ ਜਿੱਤ ਕੇ ਹਾਕਮ ਬਨਣ ਤੇ ਕ੍ਰਾਂਤੀਕਾਰੀ ਅਰਥਾਂ 'ਚ ਸੱਤਾ ਕਬਜ਼ੇ 'ਚ ਕਰਨ ਵਿਚਕਾਰ ਦੇ ਫਰਕ ਨੂੰ ਨੇਕਪਾ (ਮਾਓਵਾਦੀ) ਦੀ ਅਗਵਾਈ ਨੇ ਖੁਦ ਹੀ ਆਪਣੀ ਕਥਨੀ ਤੇ ਕਰਨੀ ਨਾਲ ਲੋਕਾਂ ਦੀ ਨਜ਼ਰਾਂ 'ਚ ਕਾਫੀ ਧੁੰਦਲਾ ਕਰ ਦਿੱਤਾ ਹੈ। ਇਸ ਤਰ੍ਹਾਂ ਉਸ ਨੇ ਜਨਤਾ ਤੇ ਪਾਰਟੀ ਕਤਾਰਾਂ ਦੀ ਜਮਾਤੀ ਸੰਘਰਸ਼ ਦੀ ਤਿਆਰੀ ਦੇ ਅਮਲ ਨੂੰ ਖੁਦ ਹੀ ਕਮਜ਼ੋਰ ਕਰ ਦਿੱਤਾ ਹੈ। ਪਰਚੰਡ ਸਰਕਾਰ ਦੇ ਅਸਤੀਫੇ ਪਿੱਛੋਂ ਨੇਪਾਲੀ ਇਨਕਲਾਬ ਦੀ ਲੀਡਰਸ਼ਿਪ ਦੇ ਸਾਹਮਣੇ ਇਕ ਕਠਿਨ ਚੁਣੌਤੀਪੂਰਨ ਪਰ ਨਾਲ ਹੀ ਸੁਨਹਿਰਾ ਮੌਕਾ ਆਇਆ ਸੀ ਕਿ ਉਹ ਬੁਰਜੂਆ ਸੰਸਦੀ ਭਰਮਾਂ ਨੂੰ ਭੰਨ ਤੋੜ ਕੇ ਜਨਤਾ 'ਚ ਇਹ ਸੁਨੇਹਾ ਲੈ ਕੇ ਜਾਵੇ ਕਿ ਸਿਰਫ ਇਨਕਲਾਬੀ ਲੋਕ ਸੰਘਰਸ਼ ਹੀ ਇਕੋ ਇਕ ਰਾਹ ਹੈ। ਇਕ ਵਾਰੀ ਫਿਰ ਸੁਦੂਰਵਰਤੀ ਪੇਂਡੂ ਅੰਚਲਾਂ 'ਚ ਅਧਾਰ ਇਲਾਕਿਆਂ ਨੂੰ ਮਜ਼ਬੂਤ ਬਣਾਉਣ ਅਤੇ ਸ਼ਹਿਰੀ ਖੇਤਰਾਂ 'ਚ ਹੜਤਾਲਾਂ-ਮੁਜ਼ਾਹਰਿਆਂ ਲੋਕ ਅੰਦੋਲਨਾਂ ਦੇ ਸਿਲਸਿਲੇ ਨੂੰ ਮਜ਼ਬੂਤ ਬਣਾਉਣ ਦਾ ਮੌਕਾ ਸੀ। ਸ਼ਾਂਤੀ ਸਮਝੌਤੇ ਤੇ ਅੰਤਰਿਮ ਸੰਵਿਧਾਨ ਦੇ ਵਿਰੋਧੀ ਪਾਰਟੀਆਂ ਵਲੋਂ ਕਈ ਮਾਮਲਿਆਂ 'ਚ ਉਲੰਘਣ ਪਿਛੋਂ ਸੰਘਰਸ਼ ਦੇ ਰਾਹ ਨੂੰ ਵਾਜਬ ਠਹਿਰਾਉਣ ਦਾ ਤਰਕ ਸੀ। ਹੋਣਾ ਇਹ ਚਾਹੀਦਾ ਸੀ ਕਿ ਪ੍ਰਚੰਡ ਸਰਕਾਰ ਦੇ ਅਸਤੀਫੇ ਪਿੱਛੋਂ ਸਭ ਮਾਓਵਾਦੀ ਸਾਂਸਦਾ

ਨੂੰ ਵੀ ਅਸਤੀਫੇ ਦੇ ਕੇ ਸੜਕਾਂ ’ਤੇ ਸੰਘਰਸ਼ ’ਚ ਉਤਰ ਆਉਣਾ ਚਾਹੀਦਾ ਸੀ। ਪਰ ਅਜਿਹਾ ਹੋਇਆ ਨਹੀਂ। ਇਸ ਦਾ ਮੂਲ ਕਾਰਨ ਇਹ ਹੈ ਕਿ ਪਾਰਟੀ ਵੀ ਹੁਣ ਸ਼ਾਇਦ ਇਸ ਦੇ ਲਈ ਪੂਰੀ ਤਰ੍ਹਾਂ ਤਿਆਰ ਨਹੀਂ ਹੈ ਅਤੇ ਲੋਕਾਂ ਨੂੰ ਵੀ ਉਨ੍ਹਾਂ ਨੇ ਇਸ ਦੇ ਲਈ ਤਿਆਰ ਨਹੀਂ ਕੀਤਾ ਹੈ। ਸੈਨਾ ਏਕੀਕਰਣ ਦੀ ਸੂਰਤ ਨੂੰ ਮੰਨਣ ਪਿੱਛੋਂ ਲੋਕ ਫੌਜ ਦਾ ਵੱਡਾ ਹਿੱਸਾ ਛਾਉਣੀ ’ਚ ਬੇਹਥਿਆਰ ਬੈਠਾ ਹੈ। ਬਾਹਰ ਨੌਜਵਾਨ ਕਮਿਊਨਿਸਟ ਲੋਕ ਤੇ ਸਵੈ ਸੇਵਿਕ ਦਸਤਿਆਂ ਦੀ ਤਾਕਤ ਹੈ। ਪਰ ਇਹ ਹਥਿਆਰਬੰਦ ਸੰਘਰਸ਼ ਨੂੰ ਅੱਗੇ ਵਧਾਉਣ ਦੀ ਸਥਿਤੀ ’ਚ ਨਹੀਂ ਹੈ। ਪੁਰਾਣੇ ਅਧਾਰ ਇਲਾਕਿਆਂ ਨੂੰ ਸਮਾਨੰਤਰ ਲੋਕ ਸੱਤਾ ਨੂੰ ਮਜ਼ਬੂਤ ਬਣਾਉਣ ਦੀ ਬਜਾਏ ਬੀਤੇ ਦੋ ਸਾਲਾਂ ਦੌਰਾਨ ਕਮਜ਼ੋਰ ਹੋਈ ਹੈ। ਪਾਰਟੀ ਅਗਵਾਈ ਆਪਣਾ ਧਿਆਨ ਸਮਾਨੰਤਰ ਲੋਕ ਸੱਤਾ ਨੂੰ ਮਜ਼ਬੂਤ ਬਣਾਊਣ ਤੇ ਬੁਰਜੂਆ ਸੰਸਦੀ ਪ੍ਰਦਾਲੀ ਦੇ ‘ਐਕਸਪੋਜ਼ਰ’ ਦੀ ਬਜਾਏ ਸਰਕਾਰ ਚਲਾਉਣ ’ਤੇ ਅਤੇ ਵੱਖ ਵੱਖ “ਲੋਕ ਭਲਾਈ” ਕੰਮਾਂ ’ਤੇ ਕੇਂਦਰਿਤ ਕਰੀ ਰੱਖਿਆ ਹੈ। ਪਾਰਟੀ ਲੀਡਰਸ਼ਿਪ ਦਾ ਇਕ ਵੱਡਾ ਹਿੱਸਾ ਇਹ ਕਹਿੰਦਾ ਰਿਹਾ ਹੈ ਕਿ ਮੌਜੂਦਾ ਸੰਵਿਧਾਨ ਸਭਾ ਇਕ ਲੋਕ ਜਮਹੂਰੀ ਸੰਵਿਧਾਨ ਦੀ ਉਸਾਰੀ ਨਹੀਂ ਕਰ ਸਕਦੀ ਇਸ ਲਈ ਸਾਡੀ ਕੋਸ਼ਿਸ਼ ਇਕ ਵੱਧ ਤੋਂ ਵੱਧ ਲੋਕ ਪੱਖੀ ਸੰਵਿਧਾਨ ਬਣਾਉਣ ਦੀ ਹੀ ਹੋ ਸਕਦੀ ਹੈ। ਪਰ ਸੁਆਲ ਇਹ ਹੈ ਕਿ ਜਦ ਬਹੁਤੇ ਬੁਨਿਆਦੀ ਮਸਲਿਆਂ ’ਤੇ ਸਭ ਬੁਰਜੂਆ ਤੇ ਸੋਧਵਾਦੀ ਇਕਜੁੱਟ ਹੋ ਜਾਂਦੇ ਹਨ ਤਾਂ ਸਭ ਤੋਂ ਵੱਡੀ ਪਾਰਟੀ ਹੋਣ ਦੇ ਬਾਵਜੂਦ ਨੇ 241 (ਮਾਓਵਾਦੀ) ਭਲਾ ਲੋਕ ਮੁਖੀ ਸੰਵਿਧਾਨ ਮੰਜੂਰ ਕਰਾਉਣ ’ਚ ਵੀ ਸਫਲ ਕਿਵੇਂ ਹੋ ਸਕਦੀ ਹੈ। ਇਹ ਤਰਕ ਦਿੱਤਾ ਜਾ ਸਕਦਾ ਹੈ ਕਿ ਸੰਵਿਧਾਨ ’ਚ ਬੁਰਜੂਆ ਜਨਵਾਦੀ ਵਿਵਸਥਾਵਾਂ ਦਾ ਦਾਇਰਾ ਵਿਸਥਾਰਿਤ ਹੋਣ ਦੀ ਸਥਿਤੀ ਜਨ ਸੰਘਰਸ਼ ਦੇ ਲਈ ਅਨਕੂਲ ਹੋਵੇਗੀ। ਪਰ ਇਹ ਤਰਕ ਵੀ ਇਕ ਭਰਮ ਹੈ। ਨੇਪਾਲ ਦੀ ਹਾਕਮ ਜਮਾਤ ਅੱਜ ਜਿਸ ਸੰਕਟ ’ਚੋਂ ਗੁਜ਼ਰ ਰਹੀ ਹੈ ਉਸ ’ਚ ਇਹ ਬੁਰਜੂਆ ਜਮਹੂਰੀਅਤ ਦੇ ਦਾਅਰੇ ਨੂੰ ਅਸਲ ’ਚ ਵਿਸਤਾਰਿਤ ਨਹੀਂ ਹੋਣ ਦੇਵੇਗਾ ਅਤੇ ਜੇ ਸੰਵਿਧਾਨ ’ਚ ਅਜਿਹੀਆਂ ਵਿਵਸਥਾਵਾਂ ਹੋਣ ਵੀ ਤਾਂ ਵਿਹਾਰ ’ਚ ਇਸ ਦਾ ਕੋਈ ਮਤਲਬ ਨਹੀਂ ਰਹਿ ਜਾਵੇਗਾ।

ਦੂਜੀ ਗੱਲ ਇਹ ਕਿ ਨੇਪਾਲ ’ਚ ਜਮਾਤੀ ਸੰਘਰਸ਼ ਜਿਸ ਮੰਜਿਲ ’ਤੇ ਪਹੁੰਚ ਚੁੱਕਿਆ ਹੈ ਉਸ ਮੁਕਾਮ ਤੇ ਇਹ ਸੁਆਲ ਕਾਫ਼ੀ ਗੈਰ ਪ੍ਰਸੰਗਿਕ ਹੈ ਕਿ ਉਥੇ ਬੁਰਜੂਆ ਜਨਵਾਦ ਦਾ ਦਾਇਰਾ ਕਿਨਾ ਵਿਸਥਾਰਿਤ ਜਾਂ ਤੰਗ ਹੋਵੇਗਾ। ਅੱਜ ਜੇ ਨੇਪਾਲ ’ਚ ਬੁਰਜੂਆ ਜਮਹੂਰੀਅਤ ਦੇ ਦਾਇਰੇ ਨੂੰ ਫੈਲਾਉਣ ਦੇ ਸੰਘਰਸ਼ ’ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ ਤਾਂ ਇਹ ਵੀ ਇਕ ਸਮਾਜਕ ਜਨਵਾਦੀ ਭਟਕਾਅ ਹੋਵੇਗਾ। ਤਾਜਾ ਸਮਾਚਾਰਾਂ ਅਨੁਸਾਰ ਨੇਕਪਾ (ਮਾਓਵਾਦੀ) ਤੇ ਸੋਧਵਾਦੀ ਨੇਕਪਾ (ਏ. ਮਾ. ਲੇ.) ਵਿਚ ਸਮਝੌਤਾ ਵਾਰਤਾ ਸਫਲ ਹੋਣ ਦੇ ਨੇੜੇ ਹੈ। ਮਾਓਵਾਦੀਆਂ ਨੇ ਵਿਸ਼ਵਾਸ ਦੁਆਇਆ ਹੈ ਕਿ ਫੌਜ ’ਤੇ ਨਾਗਰਿਕ ਸਰਕਾਰ ਦੇ ਕੰਟਰੋਲ ਦੀ ਗਰੰਟੀ ਤੇ ਕਟਵਾਲ ਘਟਨਾਕ੍ਰਮ ’ਚ ਰਾਸ਼ਟਰਪਤੀ ਦੇ ਗੈਰ ਸੰਵਿਧਾਨਕ ਨਿਰਦੇਸ਼ ਸਥਿਗਤ ਹੋਣ ਦੀ ਹਾਲਤ ’ਚ ਉਹ ਲੋਕ ਸੰਘਰਸ਼ ਮੁਲਤਵੀ ਕਰਨ ਤੇ ਸੰਸਦ ’ਚ ਵਿਰੋਧ ਧਿਰ ’ਚ ਬੈਠਕੇ ਮਾਧਵੇ ਸਰਕਾਰ ਨਾਲ ਸਹਿਯੋਗ ਕਰਨ ਤੇ ਸੰਵਿਧਾਨ ਉਸਾਰੀ ਦੇ ਅਮਲ ਨੂੰ ਅੱਗੇ ਵਧਾਉਣ ਲਈ ਤਿਆਰ ਹਨ। ਜ਼ਿਆਦਾ ਉਮੀਦ ਇਹੀ ਹੈ ਕਿ ਜਲਦੀ ਕੋਈ ਫਾਰਮੂਲਾ ਨਿਕਲ

ਆਵੇਗਾ। ਯਾਨੀ ਨੇਕਪਾ (ਮਾਓਵਾਦੀ) ਦੀ ਅਗਵਾਈ 'ਚ ਚੱਲਣ ਵਾਲੇ ਲੋਕ ਸੰਘਰਸ਼ ਦਾ ਮਕਸਦ ਇਨਕਲਾਬੀ ਸੰਘਰਸ਼ ਨੂੰ ਅੱਗੇ ਵਧਾਉਣਾ ਨਹੀਂ ਬਲਕਿ ਵੱਧ ਅਨੁਕੂਲ ਸਮਝੌਤੇ ਲਈ ਦਬਾਅ ਬਣਾਉਣਾ ਹੀ ਸੀ। ਅਜਿਹੇ 'ਚ ਇਹ ਸ਼ੱਕ ਉਠਣਾ ਸੁਭਾਵਿਕ ਹੈ ਕਿ ਕੀ ਨੇਕਪਾ (ਮਾਓਵਾਦੀ) ਵਿਚਾਰਧਾਰਕ ਭਰਮਾਂ, ਢਿੱਲੇਪਣ ਤੇ ਸੰਸਦੀ ਭਟਕਾਅ ਦੇ ਭੰਵਰ 'ਚ ਉਲਝ ਕੇ ਜਮਾਤੀ ਸੰਘਰਸ਼ ਦੇ ਰਾਹ ਨੂੰ ਅੱਗੇ ਵਧਾਉਣ ਦੀ ਸ਼ਕਤੀ ਗੁਆ ਚੁੱਕੀ ਹੈ? ਕੀ ਇਹ ਫੈਸਲਾਕੁੰਨ ਤੌਰ 'ਤੇ ਸੰਸਦੀ ਪੱਖ-ਵਿਰੋਧ ਦੀ ਖੇਡ 'ਚ ਸ਼ਾਮਲ ਹੋ ਚੁੱਕੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਭਵਿੱਖ ਦੇ ਗਰਭ ਵਿਚ ਹਨ। ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਨੇਕਪਾ (ਮਾਓਵਾਦੀ) ਦੀ ਅਗਵਾਈ 'ਚ ਫਿਲਹਾਲ ਸੱਜੇਪੱਖੀ ਮੌਕਾਪ੍ਰਸਤੀ ਦਾ ਕਾਫ਼ੀ ਪ੍ਰਭਾਵ ਹੈ ਜੋ ਪਾਰਟੀ ਨੂੰ ਲਗਾਤਾਰ ਉਜਾੜੇ ਵੱਲ ਧੱਕ ਰਿਹਾ ਹੈ।

ਇਸ ਦਾ ਵਿਰੋਧ ਕਰਨ ਵਾਲੀ ਜੋ ਧਾਰਾ ਹੈ ਉਸ 'ਚ ਵਿਚਾਰਧਾਰਕ ਸਪੱਸ਼ਟਤਾ ਨਹੀਂ ਹੈ ਜਿਸ ਕਾਰਨ ਧਾਰਾ ਨਾਲ ਜੁੜੇ ਲੋਕ ਵੀ ਫੈਸਲਾਕੁੰਨ ਸਟੈਂਡ ਲੈਣ ਤੇ ਉਲਟ ਲਹਿਰ ਵਿਰੁੱਧ ਡਟ ਕੇ ਖੜੇ ਹੋਣ ਦੀ ਹਿੰਮਤ ਨਹੀਂ ਕਰ ਰਹੀ ਹੈ। ਨੇਪਾਲ ਦੀ ਮਿਹਨਤਕਸ਼ ਜਨਤਾ ਅੱਜ ਵੀ ਨੇਕਪਾ (ਮਾਓਵਾਦੀ) ਨੂੰ ਹੀ ਆਪਣਾ ਨੇਤਾ ਤੇ ਦਸਤਾ ਮੰਨਦੀ ਹੈ। ਬੁਨਿਆਦੀ ਮੁੱਦਿਆਂ 'ਤੇ ਸਪੱਸ਼ਟਤਾ ਦੀ ਕਮੀ ਦੇ ਬਾਵਜੂਦ ਪਾਰਟੀ 'ਚ ਦੋ ਲੀਹਾਂ ਵਿਚਾਲੇ ਸੰਘਰਸ਼ ਅਜੇ ਵੀ ਕਈ ਪੱਧਰਾਂ 'ਤੇ ਜਾਰੀ ਹੈ। ਇਸ ਸਥਿਤੀ 'ਚ ਸੰਸਾਰ ਪ੍ਰੋਲੇਤਾਰੀ ਕ੍ਰਾਂਤੀ ਤੇ ਨੇਪਾਲ ਕ੍ਰਾਂਤੀ ਦੇ ਹਰ ਸਮਰਥਕ-ਸੁਭਚਿੰਤਕ ਦੀ ਸੁਭਾਵਿਕ ਤੌਰ 'ਤੇ ਇਹੀ ਕਾਮਨਾ ਹੈ ਕਿ ਨੇਕਪਾ (ਮਾਓਵਾਦੀ) ਸਾਰੇ ਸੰਸਦੀ ਭਰਮਾਂ 'ਤੇ ਸੱਜੀਆਂ ਭਟਕਣਾਂ ਤੋਂ ਮੁਕਤ ਹੋ ਕੇ ਨੇਪਾਲ ਦੀ ਮਿਹਨਤਕਸ਼ ਜਨਤਾ ਦੇ ਸੱਚੇ ਇਨਕਲਾਬੀ ਨੇਤਾ ਤੇ ਹਿਰਾਵਲ ਸੱਤਾ ਦੀ ਭੂਮਿਕਾ ਨਿਭਾਵੇ।

--------✪✪--------

# ਹੋਂਡੂਰਾਸ 'ਚ ਫ਼ੌਜੀ ਤਖ਼ਤਾਪਲਟ ਦਾ ਅਸਰ ਕੀ?

ਮੱਧ ਅਮਰੀਕੀ ਦੇਸ਼ ਹੋਂਡੂਰਾਸ 'ਚ ਜੂਨ ਦੇ ਅੰਤ ਵਿਚ ਤਖਤਾਪਲਟ ਕਰਕੇ ਉਥੋਂ ਦੇ ਨਿਰਵਾਚਿਤ ਰਾਸ਼ਟਰਪਤੀ ਮੇਲ ਜੇਲਾਇਆ ਨੂੰ ਸੱਤਾ ਤੋਂ ਹਟਾ ਦਿੱਤਾ ਗਿਆ। ਸੈਨਾ ਨੇ ਇਕ 'ਅੰਤਰਿਮ ਸਰਕਾਰ' ਦਾ ਐਲਾਨ ਕਰ ਦਿੱਤਾ। ਪਰ ਸੈਨਿਕ ਸੱਤਾ ਦੇ ਵਿਰੋਧ 'ਚ ਲੋਕ ਸੜਕਾਂ 'ਤੇ ਉਤਰ ਪਏ। ਜੇਲਾਇਆ ਨੇ 5 ਜੁਲਾਈ ਨੂੰ ਦੇਸ਼ 'ਚ ਆਉਣ ਦਾ ਐਲਾਨ ਕਰ ਦਿੱਤਾ। ਪਰ ਉਨ੍ਹਾਂ ਦੇ ਹਵਾਈ ਜਹਾਜ਼ ਨੂੰ ਦੇਸ਼ ਦੀ ਰਾਜਧਾਨੀ 'ਚ ਉਤਰਨ ਨਹੀਂ ਦਿੱਤਾ ਗਿਆ। ਉਨ੍ਹਾਂ ਐਲਾਨ ਕੀਤਾ ਕਿ ਉਹ ਜਲਦੀ ਹੀ ਆਪਣੇ ਦੇਸ਼ ਪਰਤਣਗੇ। ਉਨ੍ਹਾਂ ਨੇ ਆਪਣੇ ਦੇਸ਼ ਦੀ ਜਨਤਾ ਨੂੰ ਸੰਦੇਸ਼ ਦਿੱਤਾ ਕਿ ਉਹ ਆਤਮ ਸਮਰਪਣ ਨਹੀਂ ਕਰਨਗੇ। ਉਨ੍ਹਾਂ ਨੇ ਸੈਨਿਕ ਸੱਤਾ ਵਿਰੁੱਧ ਜਨਤਾ ਨੂੰ ਬਗਾਵਤ ਕਰਨ ਦਾ ਸੱਦਾ ਦਿੱਤਾ ਹੈ। ਜਨਤਾ ਨੂੰ ਬਗਾਵਤ ਕਰਨ ਅਤੇ ਦੇਸ਼ ਅੰਦਰ ਫੌਜੀ ਸੱਤਾ ਵਿਰੁੱਧ ਵਿਆਪਕ ਲੋਕ ਰੋਹ ਵਧਣ ਨਾਲ ਫੌਜੀ ਹਾਕਮ ਘਬਰਾ ਗਏ ਹਨ। ਇਕ ਪਾਸੇ ਤਾਂ ਉਨ੍ਹਾਂ ਦੇਸ਼ ਦੀ ਰਾਜਧਾਨੀ 'ਚ ਰਾਤ ਦਾ ਕਰਫਿਊ ਲਾ ਰੱਖਿਆ ਹੈ ਤਾਂ ਦੂਜੇ ਪਾਸੇ ਤਖਤਾਪਲਟ ਪਿੱਛੋਂ ਸੱਤਾ 'ਤੇ ਕਾਬਜ ਨੇਤਾ ਨੇ ਐਲਾਨ ਕੀਤਾ ਹੈ ਕਿ ਉਹ ਦੇਸ਼ ਦੇ ਰਾਜਸੀ ਸੰਕਟ ਨੂੰ ਖਤਮ ਕਰਨ 'ਚ ਮਦਦ ਕਰਨ ਦੀ ਖਾਤਰ ਸੱਤਾ ਛੱਡਣ ਲਈ ਤਿਆਰ ਹਨ। ਪਰ ਉਹ ਗੱਦੀਓਂ ਲਾਹੇ ਰਾਸ਼ਟਰਪਤੀ ਮੇਲ ਜਲਾਇਆ ਨੂੰ ਫਿਰ ਤੋਂ ਸੱਤਾ ਸੌਂਪਣ ਲਈ ਤਿਆਰ ਨਹੀਂ ਹਨ। ਦਰਅਸਲ ਤਖਤਾਪਲਟ ਕਰਨ ਵਾਲੀ ਸੈਨਿਕ ਸੱਤਾ ਦੇ ਹਾਕਮ ਉਂਜ ਹੀ ਸੱਤਾ ਛੱਡਣ ਦੀ ਗੱਲ ਨਹੀਂ ਕਰ ਰਹੇ ਹਨ।

ਉਨ੍ਹਾਂ ਦੇ ਤਖਤਾਪਲਟ ਦੀ ਕਾਰਵਾਈ ਦਾ ਅਮਰੀਕੀ ਰਾਜਾਂ ਦੇ ਸੰਗਠਨ (OAS) ਨੇ ਵਿਰੋਧ ਕੀਤਾ ਹੈ ਅਤੇ ਮੰਗ ਕੀਤੀ ਹੈ ਕਿ ਉਹ ਚੁਣੇ ਹੋਏ ਰਾਸ਼ਟਰਪਤੀ ਨੂੰ ਫਿਰ ਤੋਂ ਸੱਤਾ ਸੰਭਾਲੇ। ਉਨ੍ਹਾਂ ਦੀ ਜਦ ਇਹ ਮੰਗ ਨਹੀਂ ਪੂਰੀ ਹੋਈ ਤਾਂ ਹੋਂਡੂਰਾਸ ਨੂੰ ਅਮਰੀਕੀ ਰਾਜਾਂ ਦੇ ਸੰਗਠਨ ਤੋਂ ਵੱਖ ਕਰ ਦਿੱਤਾ ਗਿਆ। ਇਥੋਂ ਤੱਕ ਕਿ ਅਮਰੀਕੀ ਸਾਮਰਾਜੀ ਵੀ ਇਸ ਸੈਨਿਕ ਸੱਤਾ ਦੀ ਖੁੱਲੇਆਮ ਨਿਖੇਧੀ ਕਰਨ ਨੂੰ ਮਜ਼ਬੂਰ ਹਨ। ਫੌਜੀ ਸੱਤਾ ਵਿਰੁੱਧ ਲੋਕ ਵੱਡੇ ਪੈਮਾਨੇ 'ਤੇ ਸੜਕਾਂ 'ਤੇ ਉਤਰ ਪਏ ਹਨ। ਦੇਸ਼ ਅੰਦਰ ਫੌਜੀ ਸੱਤਾ ਗੁੱਟ ਵਿਰੁੱਧ ਰੋਸ ਵੱਧਦਾ ਜਾ ਰਿਹਾ ਹੈ। ਕੁਝ ਐਸੀਆਂ ਵੀ ਖਬਰਾਂ ਆ ਰਹੀਆਂ ਹਨ ਕਿ ਹੋਂਡੂਰਾਸ ਦੀ ਸੈਨਾ 'ਚ ਵੀ ਬਗਾਵਤ ਦੇ ਲੱਛਣ ਹਨ। ਹੋਂਡੂਰਾਸ ਦੀ ਅਬਾਦੀ ਲਗਭਗ 70 ਲੱਖ ਹੈ। ਇਹ ਇਸ ਖੇਤਰ ਦੇ ਸਭ ਤੋਂ ਗਰੀਬ ਦੇਸ਼ਾਂ ਵਿਚੋਂ ਇਕ ਹਨ। ਉਸ ਦਾ ਅਰਥਚਾਰਾ ਅਮਰੀਕੀ ਸਾਮਰਾਜੀਆਂ ਦੀ ਮਦਦ ਅਤੇ ਅਮਰੀਕਾ 'ਚ ਕੰਮ ਕਰਨ ਵਾਲੇ ਇਥੋਂ ਦੇ ਪ੍ਰਵਾਸੀ ਮਜ਼ਦੂਰਾਂ ਵਲੋਂ ਘਰ ਪੈਸਾ ਭੇਜਣ 'ਤੇ ਨਿਰਭਰ ਕਰਦੀ ਹੈ। ਹੋਂਡਰਾਸ ਅਮਰੀਕੀ ਸਾਮਰਾਜੀਆਂ ਦੇ ਪੱਛਮ ਭੂਮੀ 'ਚ ਸਥਿਤ ਹੈ। ਇੱਥੋਂ ਦੇ ਹਾਕਮ ਅਮਰੀਕੀ ਸਾਮਰਾਜੀਆਂ ਦੀ ਕ੍ਰਿਪਾ ਦ੍ਰਿਸ਼ਟੀ ਦੇ ਸਿਰ 'ਤੇ ਹੀ ਸੱਤਾ 'ਚ ਰਹਿ ਸਕਦੇ ਹਨ। ਸਮੁੱਚੇ ਲਾਤੀਨੀ ਅਮਰੀਕੀ ਫੌਜਾਂ 'ਚ ਆਪਣੀ ਪੈਠ ਬਣਾਉਣ ਲਈ ਅਮਰੀਕੀ ਸਾਮਰਾਜੀਆਂ ਨੇ 'ਸਕੂਲ ਆਫ ਅਮਰੀਕਾਜ਼' (SOA) ਕਾਇਮ ਕਰ ਰੱਖਿਆ ਹੈ। ਇਸ ਰਾਹੀਂ ਉਹ ਦਹਾਕਿਆਂ ਤੋਂ ਸਮੁੱਚੇ ਲਾਤੀਨੀ ਅਮਰੀਕੀ ਦੇਸ਼ਾਂ ਦੇ ਫੌਜੀ

ਅਧਿਕਾਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਹਿੱਤ 'ਚ ਵਰਤਣ ਦਾ ਔਜ਼ਾਰ ਬਣਾਉਂਦਾ ਰਿਹਾ ਹੈ। ਹੋਂਡੂਰਸ ਦੇ ਤਖਤਾ ਪਲਟ ਕਰਨ ਵਾਲੇ ਫੌਜੀ ਅਧਿਕਾਰੀ ਜਨਰਲ ਵੇਲਾਕੁਏਜ ਅਤੇ ਹਵਾਈ ਸੈਨਾ ਜਨਰਲ ਲੂਡਸ ਜੇਵਿਅਰ ਪ੍ਰਿੰਸ ਸੁਆਜੋ ਇਸ ਖੂੰਖਾਰ ਸਕੂਲ ਤੋਂ ਨਿਕਲੇ ਅਧਿਕਾਰੀ ਹਨ। ਜੇਲਾਇਆ ਨੂੰ ਤਖ਼ਤਾ ਪਲਟ ਦੇ ਜ਼ਰੀਏ ਸੱਤਾਂ ਤੋਂ ਲਾਹੁਣ ਦਾ ਇਕ ਮਹੱਤਵਪੂਰਨ ਕਾਰਨ ਇਹ ਹੈ ਕਿ ਉਹ ਹੈਂਡੂਰਾਸ ਦੀਆਂ ਖੱਬੇਪੱਖੀ ਕਹੀਆਂ ਜਾਣ ਵਾਲੀਆਂ ਹਕੂਮਤਾਂ ਦੇ ਨੇੜੇ ਲੈ ਜਾ ਰਹੇ ਸਨ। ਜੇਲਾਇਆ ਨੇ ਹੋਂਡੂਰਾਸ ਨੂੰ ਏ. ਐਲ. ਬੀ. ਏ. (ਕਿਊਬਾ ਤੇ ਵੈਨ ਜੂਵੇਲਾ ਦੀ ਅਕਵਾਈ 'ਨੂੰਚ ਬਣਿਆ ਖੇਤਰੀ ਆਰਥਕ ਸਹਿਕਾਰ ਸੰਗਠਨ) ਦਾ ਪੂਰਾ ਮੈਂਬਰ ਬਣਾ ਦਿੱਤਾ ਸੀ। ਇਹ ਅਮਰੀਕੀ ਸਾਮਰਾਜੀਆਂ ਵਲੋਂ ਸਥਾਪਤ ਮੱਧ ਅਮਰੀਕੀ ਅਜ਼ਾਦ ਵਪਾਰ ਸਮਝੌਤੇ ਦੇ ਵਿਰੋਧ ਵਿਚ ਸੀ। ਏ. ਐਲ. ਬੀ. ਏ. ਦਾ ਮੈਂਬਰ ਬਣਦੇ ਸਮੇਂ ਜੇਲਾਇਆ ਨੇ ਐਲਾਨ ਕੀਤਾ ਸੀ ਕਿ ਇਸ ਦੀ ਲੋੜ ਨਹੀਂ ਹੈ।

ਇਹ ਵੀ ਕਿਹਾ ਕਿ ਅੱਜ ਉਨ੍ਹਾਂ ਦੀ ਸਰਕਾਰ ਕੇਂਦਰ-ਖੱਬਿਆਂ ਵੱਲ ਰੁਝਾਣ ਰੱਖਦੀ ਹੈ ਅਤੇ ਜੇ ਕੋਈ ਇਸ ਨੂੰ ਨਾਪਸੰਦ ਕਰਦਾ ਹੈ ਤਾਂ ਉਸ ਨਾਲ 'ਕੇਂਦਰ' ਹਟਾ ਕੇ ਉਨ੍ਹਾਂ ਦੀ ਸੱਤਾ 'ਖੱਬਿਆਂ' ਵੱਲ ਜਾਵੇਗੀ। ਇਨ੍ਹਾਂ ਵਿਅਕਤੀਆਂ ਨੂੰ ਜਲਾਇਆ ਇਸ ਤਰ੍ਹਾਂ ਨਾਲ ਅਮਰੀਕਾ ਸਮੇਤ ਦੁਨੀਆ ਨੂੰ ਇਹ ਸੰਦੇਸ਼ ਦੇ ਰਹੇ ਸਨ ਕਿ ਉਹ ਇਕ ਅਜਾਦ ਤੇ ਅਜਾਦ ਦੇਸ਼ ਦੇ ਰਾਸ਼ਟਰਪਤੀ ਹਨ। ਦਰਅਸਲ ਅਮਰੀਕੀ ਸਾਮਰਾਜੀਆਂ ਦੀ ਮਿਲੀ ਭੁਗਤ ਤੇ ਉਕਸਾਉਣ ਬਿਨ੍ਹਾਂ ਇਹ ਤਖਤਾਪਲਟ ਨਹੀਂ ਹੋ ਸਕਦਾ ਸੀ। ਹੋਂਡੂਰਾਸ ਲੰਬੇ ਸਮੇਂ ਤੋਂ ਅਮਰੀਕੀ ਸਾਮਰਾਜੀਆਂ ਦੇ ਸਿਕੰਜੇ ਵਿਚ ਰਿਹਾ ਹੈ। ਉਥੋਂ ਦੀ ਹਾਕਮ ਜਮਾਤ ਉਸ ਨਾਲ ਨੇੜਿਉਂ ਜੁੜੀ ਰਹੀ ਹੈ। ਜੇਲਾਇਆ ਉਸ ਪੂੰਜੀਵਾਦੀ ਪ੍ਰਬੰਦ ਅੰਦਰ ਅਮਰੀਕੀ ਸਾਮਰਾਜੀਆਂ ਨਾਲ ਇਕ ਹੱਦ ਤੱਕ ਅਜ਼ਾਦ ਸਥਿਤੀ ਵੱਲ ਹੋਂਡੂਰਾਸ ਨੂੰ ਲੈ ਜਾਣਾ ਚਾਹੁੰਦਾ ਸੀ। ਇਹ ਸਥਿਤੀ ਨਾ ਤਾਂ ਅਮਰੀਕੀ ਸਾਮਰਾਜੀਆਂ ਨਾਲ ਜੁੜੇ ਪੂੰਜੀਪਤੀਆਂ ਨੂੰ ਮੰਜੂਰ ਸੀ ਅਤੇ ਨਾ ਹੀ 'ਸਕੂਲ ਆਫ ਅਮਰੀਕਾਜ਼' 'ਚ ਸਿੱਖਿਅਤ ਸੈਨਿਕ ਅਧਿਕਾਰੀਆਂ ਨੂੰ। ਇਸ ਤੋਂ ਇਲਾਵਾ ਇਹ ਨਵੇਂ ਸੰਵਿਧਾਨ ਨੂੰ ਨਿਰਮਾਣ ਕਰਕੇ ਉਸ ਦੇ ਲਈ ਲੋਕ ਰਾਇ ਇਕੱਠੀ ਕਰਨਾ ਚਾਹੁੰਦੇ ਸਨ। ਇਹ ਸੰਵਿਧਾਨ ਮੌਜੂਦਾ ਸੰਵਿਧਾਨ ਦੀ ਥਾਂ ਲੈ ਲੈਂਦਾ ਜਿਸ ਨੂੰ ਫੌਜ ਦੇ ਕੰਟਰੋਲ ਵਾਲੀ ਸਰਕਾਰ ਨੇ 1982 'ਚ ਪਾਸ ਕੀਤਾ ਸੀ।

ਹੋਂਡੂਰਾਸ ਵਿਚ ਜੇਲਾਇਆ ਨੂੰ ਗੱਦੀਓਂ ਲਾਹੁਣ 'ਚ ਮਦਦ ਕਰਕੇ ਅਮਰੀਕੀ ਸਾਮਰਾਜੀਆਂ ਨੇ ਇਕ ਵਾਰੀ ਫਿਰ ਇਹ ਵਿਖਾ ਦਿੱਤਾ ਹੈ ਕਿ ਉਹ ਕੁੱਤੇ ਦੀ ਪੂਛ ਵਾਂਗੂੰ ਵਿੰਗੇ ਹੀ ਰਹਿੰਦੇ ਹਨ। ਉਹ ਕਦੀ ਵੀ ਆਪਣੀ ਵਿਨਾਸ਼ਕਾਰੀ ਭੂਮਿਕਾ ਨੂੰ ਨਹੀਂ ਬਦਲ ਸਕਦੇ। ਉਹ ਦੇਸ਼ਾਂ ਨੂੰ ਆਪਣੀ ਅਜ਼ਾਦ ਨੀਤੀ 'ਤੇ ਚੱਲਣ ਨੂੰ ਬਰਦਾਸ਼ਤ ਨਹੀਂ ਕਰ ਸਕਦੇ। ਚਾਹੇ ਓਬਾਮਾ ਹੋਵੇ ਜਾਂ ਬੁਸ਼ ਉਨ੍ਹਾਂ ਨੂੰ ਅਜ਼ਾਰੇਦਾਰੀ ਦੀ ਲੋੜ ਹੈ। ਪਰ ਜਨਤਾ ਦੀ ਤਾਕਤ ਮੂਹਰੇ ਇਨ੍ਹਾਂ ਨੂੰ ਝੁਕਣਾ ਹੀ ਪੈਣਾ ਹੈ। ਨਹੀਂ ਤਾਂ ਲੋਕ ਇਕ ਦਿਨ ਇਸ ਪੂਛ ਨੂੰ ਕੱਟ ਦੇਣਗੇ। ਫਿਲਹਾਲ ਹੋਂਡੂਰਾਸ ਦੇ ਲੋਕ ਅਮਰੀਕਾ ਦੇ ਪਿੱਠੂਆਂ ਦੀ ਪੂਛ ਕੱਟਣ 'ਚ ਲੱਗੇ ਹੋਏ ਹਨ।

# ਕੀ ਮੱਧ ਪ੍ਰਦੇਸ਼ ਹੈ ਨਕਲੀ ਕਰੰਸੀ ਦਾ ਗੜ੍ਹ

ਮੱਧ ਪ੍ਰਦੇਸ਼ ਨਕਲੀ ਕਰੰਸੀ ਦਾ ਗੜ੍ਹ ਬਣਦਾ ਜਾ ਰਿਹਾ ਹੈ। ਰਾਜ ਦੇ ਡੀ. ਜੀ. ਪੀ. ਐਸ. ਕੇ ਰਾਵਤ ਇਹ ਮੰਨ ਰਹੇ ਹਨ ਕਿ ਮੱਧ ਪ੍ਰਦੇਸ਼ 'ਚ ਨਕਲੀ ਨੋਟਾਂ ਦਾ ਧੰਦਾ ਕਰਨ ਵਾਲਿਆਂ ਨੇ ਪੈਰ ਜਮਾ ਲਏ ਹਨ । ਨਕਲੀ ਨੋਟ ਨੇਪਾਲ ਤੋਂ ਪਹੁੰਚਦੇ ਹਨ।

ਆਮ ਤੌਰ 'ਤੇ ਅੱਜ ਤੱਕ ਸ਼ਾਂਤ ਸਮਝੇ ਜਾਂਦੇ ਮੱਧ ਪ੍ਰਦੇਸ਼ ਸੂਬੇ 'ਚ ਅੱਤਵਾਦ ਦੀ ਦਸਤਕ ਸਾਫ ਸੁਣਾਈ ਦੇਣ ਲੱਗੀ ਹੈ। ਜੇ ਸਮੇਂ ਸਿਰ ਇਥੇ ਤੇਜ਼ੀ ਨਾਲ ਪਣਪ ਰਹੇ ਦਹਿਸ਼ਤਗਰਦਾਂ ਦੇ ਨੈਟਵਰਕ ਨੂੰ ਨਸ਼ਟ ਨਾ ਕੀਤਾ ਗਿਆ ਤਾਂ ਆਉਣ ਵਾਲੇ ਦਿਨ ਦੁਸ਼ਵਾਰੀਆਂ ਭਰੇ ਹੋ ਸਕਦੇ ਹਨ। ਜਿਥੇ ਪਾਬੰਦੀ ਸ਼ੁਦਾ ਸੰਗਠਨਸਿਮੀ ਦੇ ਵਰਕਰ ਇਥੇ ਆਪਣੀਆਂ ਜੜ੍ਹਾਂ ਪੁਖਤਾ ਕਰਨ 'ਚ ਲੱਗੇ ਹੋਏ ਹਨ। ਉਥੇ ਪਾਕਿਸਤਾਨੀ ਖੁਫੀਆ ਏਜੰਸੀ ਇੰਟਰ ਸਰਵਿਸੇਜ ਇੰਟੈਲੀਜੈਂਸ ਬਹੁਤ ਹੀ ਜਥੇਬੰਦ ਤਰੀਕੇ ਨਾਲ ਇਥੇ ਆਪਣਾ ਜਾਲ ਵਿਛਾ ਕੇ ਆਪਣੀ ਇਥੇ ਪਕੜ ਨੂੰ ਮਜ਼ਬੂਤ ਬਣਾ ਰਹੀ ਹੈ। ਦੇਸ਼ ਦੇ ਅਰਥਤੰਤਰ ਨੂੰ ਕਮਜ਼ੋਰ ਬਣਾਉਣ ਦੀਆਂ ਸਾਜ਼ਿਸ਼ਾਂ ਦੇ ਤਹਿਤ ਮੱਧ ਪ੍ਰਦੇਸ਼ ਸੂਬੇ ਨੂੰ ਗੜ੍ਹ ਬਣਾਇਆ ਜਾ ਰਿਹਾ ਹੈ। ਸੂਬੇ ਦੀ ਡੀ. ਜੀ. ਪੀ. ਐਸ. ਕੇ. ਰਾਉਤ ਵੀ ਇਹ ਮੰਨਣ ਲੱਗੇ ਹਨ ਕਿ ਇਥੇ ਕੁਝ ਖੇਤਰ ਦਹਿਸ਼ਤ ਗਰਦਾਂ ਦੀ ਪਨਾਹ ਬਣ ਚੁੱਕੇ ਹਨ। ਇਹ ਵੱਖਰੀ ਗੱਲ ਹੈ ਕਿ ਅਜੇ ਤੱਕ ਕੋਈ ਵੱਡੀ ਵਾਰਦਾਤ ਨਹੀਂ ਹੋਈ ਹੈ। 29 ਅਗਸਤ 2009 ਨੂੰ ਭੁਪਾਲ ਰੇਲਵੇ ਸਟੇਸ਼ਨ 'ਤੇ ਕੁਝ ਹੋਇਆ, ਉਸ ਦੇ ਬਾਅਦ ਤੋਂ ਰਿਸਰਚ ਐਂਡ ਐਨਾ ਲਿਸਿਸਵਿੰਗ ਆਈ. ਬੀ. ਤੇ ਨੇਸ਼ਨਲ ਇੰਨਵੈਸਗੇਟਿੰਗ ਏਜੰਸੀ ਦੀ ਸੰਜੀਦਗੀ ਵਧ ਗਈ ਹੈ ਅਤੇ ਇਨ੍ਹਾਂ ਏਜੰਸੀਆਂ ਨਾਲ ਜੁੜੇ ਤੇਜ਼ ਤਰਾਰ ਏਜੰਟਾਂ ਨੇ ਇਥੇ ਡੇਰਾ ਪਾ ਲਿਆ ਹੈ। 26/11 ਦੇ ਵਿਸਫੋਟਾਂ ਪਿਛੋਂ ਸੂਬੇ ਪੱਧਰ ਦੀ ਗਠਿਤ ਕੀਤੀ ਗਈ ਮੱਧ ਪ੍ਰਦੇਸ਼ ਐਂਟੀ ਟੈਰੋਰਿਸਟ ਸੇਲ ਵੀ ਚੌਕੰਨੀ ਹੋ ਗਈ ਹੈ।

ਪਿਛਲੇ 29 ਅਗਸਤ ਨੂੰ ਭੁਪਾਲ ਰੇਲਵੇ ਸਟੇਸ਼ਨ 'ਤੇ ਮੱਧ ਪ੍ਰਦੇਸ਼ ਸਪੈਸ਼ਲ ਟਾਸਕ ਫੋਰਸ ਨੇ ਆਈ. ਐਸ. ਆਈ. ਦੇ ਦੋ ਏਜੰਟਾਂ ਨੂੰ ਨਕਲੀ ਨੋਟਾਂ ਨਾਲ ਗ੍ਰਿਫਤਾਰ ਕੀਤਾ ਗਿਆ। ਅਤੀਕ ਰਹਿਮਾਨ ਉਰਫ ਰਾਨਾ ਅਤੇ ਰਜੇਸ਼ ਗੁਪਤਾ ਨਾਮੀ ਇਹ ਦੋਨੋਂ ਏਜੰਟ ਇਥੇ ਨਕਲੀ ਨੋਟ ਛਪਾਉਣ 'ਚ ਸ਼ਾਮਲ ਸਨ। ਇਨ੍ਹਾਂ ਦੀ ਗ੍ਰਿਫਤਾਰੀ ਪਿੱਛੋਂ ਤੇਜ਼ੀ ਨਾਲ ਨੈਸ਼ਨਲ ਇਨਵੈਸਟੀਸੇਟਿੰਗ ਏਜ਼ਸੀ ਦੀ ਟੀਮ ਭੁਪਾਲ ਪਹੁੰਚੀ ਅਤੇ ਬੜੇ ਹੀ ਵਿਗਿਆਨਕ ਢੰਗ ਨਾਲ ਪੁਛਗਿਛ ਸ਼ੁਰੂ ਕੀਤੀ। ਗ੍ਰਿਫਤਾਰ ਅਤੀਕ ਅਤੇ ਰਜੇਸ਼ ਨੇ ਜੋ ਖੁਲਾਸੇ ਕੀਤੇ ਹਨ ਉਹ ਹੈਰਾਨਕੁੰਨ ਹਨ। ਪੁਛਗਿਛ ਤੋਂ ਪਤਾ ਲੱਗਦਾ ਹੈ ਕਿ ਪਾਕਿਸਤਾਨ 'ਚ ਵਿਆਪਕ ਪੈਮਾਨੇ 'ਤੇ ਭਾਰਤੀ ਮੁਦਰਾ ਦਾ ਮੁਦਰਨ ਹੋ ਰਿਹਾ ਹੈ। ਭਾਰਤੀ ਮੁਦਰਾ ਦੇ ਸੁਰੱਖਿਆ ਦੀ ਏਨੀ ਸਟੀਕ ਨਕਲ ਕੀਤੀ ਗਈ ਹੈ ਕਿ ਅਕਸਪਰਟ ਦੀ ਮਦਦ ਬਿਨ੍ਹਾਂ ਅਸਲੀ ਨਕਲੀ ਦਾ ਭੇਦ ਨਹੀਂ ਕੀਤਾ ਜਾ ਸਕਦਾ। ਭਾਰਤ ਦੇ ਅਰਥਚਾਰੇ ਨੂੰ ਖੋਖਲਾ ਕਰਨ ਦੀ ਇਹ ਸਾਰੀ ਖੇਡ ਆਈ. ਐਸ. ਆਈ. ਦੀ ਸਰਸਪਤੀ ਹੇਠ ਚਲ ਰਿਹਾ ਹੈ। ਨਕਲੀ ਨੋਟ ਨੇਪਾਲ ਨਰੇਸ਼ ਦੇ ਬੇਟੇ ਪਾਰਸ ਤੇ ਉਨ੍ਹਾਂ ਦੀ ਕੈਬਨਿਟ 'ਚ ਮੰਤਰੀ ਰਹੇ ਸਲੀਮ ਮੀਆਂ ਅੰਸਾਰਹ ਦਾ ਬੇਟਾ ਯੂਨਸ਼ ਅਨਸਾਰੀ ਸਰਗਨਾ ਦੀ

ਭੂਮਿਕਾ ਨਿਭਾ ਰਹੇ ਹਨ। ਚੌਂਕਾ ਦੇਣ ਵਾਲੀ ਗੱਲ ਇਹ ਵੀ ਸਾਹਮਣੇ ਆਈ ਕਿ ਭਾਰਤ ਦੀ ਮੁਦ੍ਰਿਕਾ ਅਖੰਡਤਾ ਨੂੰ ਚੁਣੌਤੀ ਦੇਣ ਦੀ ਇਸ ਗਲੀਜ਼ ਖੇਡ ਵਿਚ ਨੇਪਾਲ ਦਾ ਕਸਟਮ ਤੇ ਪੁਲੀਸ ਵਿਭਾਗ ਵੀ ਮਦਦ ਕਰ ਰਿਹਾ ਹੈ।

ਇਸ ਖੁਲਾਸੇ ਪਿੱਛੋਂ ਏਜੰਸੀਆਂ ਨਿਵੇਂ ਸਿਰੇ ਤੋਂ ਸਮੀਖਿਆ 'ਚ ਜੁਟ ਗਈਆਂ ਹਨ। ਇਹ ਦੋਨੋਂ ਆਈ. ਐਸ. ਆਈ. ਲਈ ਕੰਮ ਕਰ ਰਹੇ ਹਨ ਅਤੇ ਨੇਪਾਲ ਦੇ ਅਤੇ ਨਕਲੀ ਨੋਟਾਂ ਦੀ ਖੇਪ ਭਾਰਤ 'ਚ ਖਪਾ ਰਹੇ ਹਨ। ਖੂਫੀਆਂ ਸੂਤਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ 'ਚ ਬਣ ਰਹੇ ਨਕਲੀ ਨੋਟ ਇਨੀ ਸਫਾਈ ਨਾਲ ਛਾਪੇ ਜਾ ਰਹੇ ਹਨ ਕਿ ਇਨ੍ਹਾਂ ਨੂੰ ਅੱਛੇ ਜਾਣਕਾਰ ਵੀ ਨਹੀਂ ਪਹਿਚਾਣ ਸਕਦੇ। ਇਹ ਨਕਲੀ ਨੋਟਾਂ 'ਚ ਬਸ ਆਰ. ਬੀ. ਆਈ. ਛੋਟਾ ਤੇ ਅਸਪੱਸ਼ਟ ਦਿਸਦਾ ਹੈ। ਬਸ ਕੁਝ ਕੁਝ ਅਸਲੀ ਕਰੰਸੀ ਵਰਗਾ ਹੀ ਹੈ। ਮਾਲੂਮ ਹੋਵੇ ਕਿ ਮੱਧ ਪ੍ਰਦੇਸ਼ 'ਚ ਬਰਾਬਰ ਨਕਲੀ ਨੋਟਾਂ ਦਾ ਚਲਣ ਵਧ ਰਿਹਾ ਹੈ। ਇਕ ਸਾਲ 'ਚ ਸੂਰਤ ਕਾਫੀ ਬਦਲ ਗਈ ਹੈ। ਇਥੇ ਸਾਲ 2008-09 'ਚ 3 ਲੱਖ 98 ਹਜ਼ਾਰ 111 ਨਕਲੀ ਨੋਟ ਬਰਾਮਦ ਕੀਤੇ ਗਏ ਜਿਨ੍ਹਾਂ ਦੀ ਕੀਮਤ ਤਕਰੀਬਨ 15 ਕਰੋੜ 57 ਲੱਖ ਰੁਪਏ ਹੈ। ਜ਼ਿਕਰਯੋਗ ਹੈ ਕਿ ਇਹ ਬਰਾਮਦਗੀ ਸਾਲ 2007-08 ਦੀ ਤੁਲਨਾ 'ਚ 103.3 ਫੀਸਦੀ ਵੱਧ ਹੈ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਹਾਲਾਤ ਕਿੰਨੇ ਗੰਭੀਰ ਹਨ। ਦੂਜੇ ਪਾਸੇ ਇੰਦੌਰ, ਉਜੈਨ ਤੇ ਖੰਡਵਾ ਵਰਕੇ ਖੇਤਰਾਂ 'ਚ ਪਾਬੰਦੀ ਸ਼ੁਦਾ ਸੰਗਠਨ ਦੇ ਵਰਕਰ ਆਪਣੀ ਸਰਗਰਮੀ ਵਧਾ ਰਹੇ ਹਨ। ਇਨ੍ਹਾਂ ਦੇ ਮਨਸੂਬੇ ਖਤਰਨਾਕ ਹਨ। ਜੇ ਸ਼ਿਕੰਜਾ ਨਾ ਕਸਿਆ ਤਾਂ ਆਉਣ ਵਾਲੇ ਦਿਨਾਂ 'ਚ ਬੇਕਾਬੂ ਵੀ ਹੋ ਸਕਦੇ ਹਨ।

--------✪✪--------

# ਕੀ ਦੱਖਣੀ ਏਸ਼ੀਆ 'ਚ ਪ੍ਰਭਾਵ ਵਧਾਉਣ ਦੀ ਦੌੜ 'ਚ ਚੀਨ ਤੇ ਭਾਰਤ ਸ਼ਾਮਲ ਹਨ?

ਭਾਰਤ ਤੇ ਚੀਨ ਦੋਨੋਂ ਦੱਖਣੀ ਤੇ ਦੱਖਣੀ ਪੂਰਬ ਏਸ਼ੀਆ 'ਚ ਆਪਣਾ ਪ੍ਰਭਾਵ ਖੇਤਰ ਵਧਾਉਣ ਲਈ ਦੌੜ 'ਚ ਸ਼ਾਮਲ ਹਨ। ਦੋਨੋਂ ਦੇਸ਼ਾਂ ਦੀਆਂ ਹਾਕਮ ਜਮਾਤਾਂ ਇਕ ਪਾਸੇ ਇਕ ਦੂਜੇ ਨਾਲ ਗੱਠਜੋੜ ਬਣਾ ਰਹੀਆਂ ਹਨ ਤਾਂ ਦੂਜੇ ਪਾਸੇ ਇਕ ਦੂਜੇ ਨੂੰ ਪ੍ਰੇਸ਼ਾਨੀ 'ਚ ਪਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਸ 'ਚ ਉਹ ਸੀਮਾ-ਵਿਵਾਦ ਤਿੱਬਤ ਤੇ ਦਲਾਈਲਾਮਾ, ਹਿੰਦ ਮਹਾਂਸਾਗਰ 'ਚ ਫੌਜੀ ਮਸ਼ਕਾਂ, ਦੱਖਣ ਪੂਰਬੀ ਏਸ਼ੀਆ ਦੇ ਦੇਸ਼ਾਂ ਦੀ ਆਰਥਿਕ ਸਹਾਇਤਾ, ਫੌਜੀ ਸਮਰੱਥਾ 'ਚ ਵਿਸਥਾਰ, ਪੱਛਮੀ ਏਸ਼ੀਆ ਦੇ ਦੇਸ਼ਾਂ 'ਚ ਪ੍ਰਭਾਵ ਆਦਿ ਵਰਗੇ ਮੁੱਦਿਆਂ ਸਬੰਧੀ ਆਪਣੇ-ਆਪਣੇ ਦੇਸ਼ ਅੰਦਰ ਅੰਨੀ ਕੌਮਪ੍ਰਸਤੀ ਦੀ ਹਨੇਰੀ ਚਲਾ ਰਹੇ ਹਨ। ਇਸ ਦੇ ਨਾਲ ਹੀ ਗੱਠਜੋੜ ਬਣਾਉਣ 'ਚ ਇਹ ਦੋਨੋਂ ਹਾਕਮ ਜਮਾਤਾਂ ਲੱਗੀਆਂ ਹੋਈਆਂ ਹਨ। ਅਜੇ ਪਿੱਛੇ ਜਿਹੇ ਹੀ ਰੂਸ, ਚੀਨ ਤੇ ਭਾਰਤ ਦੇ ਵਿਦੇਸ਼ ਮੰਤਰੀਆਂ ਨੇ ਇਕ ਐਲਾਨਨਾਮਾ ਜਾਰੀ ਕਰਦਿਆਂ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਨੂੰ ਹੋਰ ਵੱਧ ਜਮਹੂਰੀ ਬਣਾਉਣ 'ਚ ਅਤੇ ਬਹੁਧਰੁਵੀ ਦੁਨੀਆਂ ਦੀ ਧਾਰਨਾ ਨੂੰ ਸਾਕਾਰ ਕਰਨ 'ਚ ਉਹ ਇਕ ਦੂਜੇ ਨਾਲ ਸਹਿਯੋਗ ਕਰਨਗੇ।

ਪਿਛਲੇ ਕੁਝ ਮਹੀਨਿਆਂ ਤੋਂ ਭਾਰਤ ਦੇ ਸਰਮਾਏਦਾਰਾਂ ਦੇ ਅਖ਼ਬਾਰ ਅਤੇ ਟੀ. ਵੀ. ਚੈਨਲ ਬਹੁਤ ਹਮਲਾਵਰ ਲਹਿਜ਼ੇ 'ਚ ਚੀਨ-ਵਿਰੋਧੀ ਖਬਰਾਂ ਪ੍ਰਚਾਰਿਤ ਪ੍ਰਸਾਰਿਤ ਕਰ ਰਹੇ ਹਨ। ਅਰੁਣਾਚਲ ਪ੍ਰਦੇਸ਼ ਬਾਰੇ ਇਹ ਖਬਰ ਹਮਲਾਵਰ ਤਰੀਕੇ ਨਾਲ ਪ੍ਰਸਾਰਿਤ ਕੀਤੀ ਜਾ ਰਹੀ ਹੈ ਕਿ ਚੀਨ ਉਸ ਖੇਤਰ 'ਤੇ ਕਬਜਾ ਕਰਨਾ ਚਾਹੁੰਦਾ ਹੈ ਕਿ ਚੀਨ ਉਸ ਖੇਤਰ ਨੇੜੇ ਭਾਰੀ ਪੈਮਾਨੇ 'ਚ ਫੌਜੀ ਜਮਾ ਕਰ ਰੱਖੀਆਂ ਹਨ ਅਤੇ ਚੀਨ ਦੇ ਨਾਲ ਸੈਨਿਕ ਝੜਪਾਂ 'ਚ ਅਸਲੀ ਕੰਟਰੋਲ ਰੇਖਾ 'ਤੇ ਭਾਰਤ-ਤਿੱਬਤ ਸੀਮਾ ਪੁਲਸ ਦੇ ਦੋ ਜਵਾਨ ਮਾਰੇ ਗਏ ਹਨ। ਬਾਅਦ 'ਚ ਦੋ ਜਵਾਨਾਂ ਦੇ ਮਾਰੇ ਜਾਣ ਦੀ ਖ਼ਬਰ ਪੂਰੀ ਤਰ੍ਹਾਂ ਗਲਤ ਸਿੱਧ ਹੋਈ। ਇਸ ਦੇ ਬਾਵਜੂਦ ਭਾਰਤੀ ਮੀਡੀਆ 'ਚ ਚੀਨ ਵਿਰੋਧੀ ਮੁਹਿੰਮ ਜਾਰੀ ਰਹੀ ਹੈ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਭਾਰਤੀ ਸਰਮਾਏਦਾਰਾਂ ਦਾ ਮੀਡੀਆ 'ਚ ਇਸ ਮੁਹਿੰਮ ਨੂੰ ਇਥੋਂ ਦੀ ਸਰਕਾਰ ਦਾ ਆਸ਼ੀਰਵਾਦ ਹਾਸਲ ਹੈ। ਜਦ ਚੀਨ ਵਿਰੋਧੀ ਮੁਹਿੰਮ ਜਾਰੀ ਰਹੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਭਾਰਤੀ ਪੂੰਜੀਵਾਦੀ ਮੀਡੀਆ 'ਚ ਇਸ ਮੁਹਿੰਮ ਨੂੰ ਇਥੋਂ ਦੀ ਸਰਕਾਰ ਦੀ ਸ਼ਹਿ ਪ੍ਰਾਪਤ ਰਹੀ ਹੈ। ਜਦ ਚੀਨ ਵਿਰੋਧੀ ਮੁਹਿੰਮ ਬਹੁਤ ਵਧ ਗਈ ਤਦ ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਨੂੰ ਇਹ ਐਲਾਨ ਕਰਨਾ ਪਿਆ ਕਿ ਅਸਲੀ ਕੰਟਰੋਲ ਰੇਖਾ 'ਤੇ ਕੋਈ ਘਟਨਾ ਨਹੀਂ ਵਾਪਰੀ ਹੈ ਅਤੇ ਚੀਨ ਨਾਲ ਸਬੰਧ ਅੱਛੇ ਹਨ।

**ਸਰਹੱਦੀ ਝਮੇਲੇ ਦੀ ਅਸਲੀਅਤ** : ਭਾਰਤ ਤੇ ਚੀਨ ਵਿਚਕਾਰ ਸੀਮਾ ਝਮੇਲਾ ਭਾਰਤੀ ਦੀ 'ਆਜ਼ਾਦੀ' ਅਤੇ ਚੀਨ ਦੇ ਇਨਕਲਾਬ ਤੋਂ ਪਹਿਲਾਂ ਦਾ ਹੈ। ਮੈਕਮੋਹਨ ਰੇਖਾ ਨੂੰ ਮੁਕਤੀ ਤੋਂ ਪਹਿਲਾਂ ਚੀਨ ਦੇ ਕਿਸੇ ਵੀ ਹਾਕਮ ਨੇ ਮਾਨਤਾ ਨਹੀਂ ਦਿੱਤੀ ਸੀ। 1959 'ਚ ਜਦ ਚੀਨ ਦੇ ਪ੍ਰਧਾਨ ਮੰਤਰੀ ਦੀ ਅਗਵਾਈ 'ਚ ਚੀਨੀ ਵਫਦ

ਭਾਰਤ ਆਇਆ ਸੀ, ਉਸ ਸਮੇਂ ਭਾਰਤ ਤੇ ਚੀਨ ਵਿਚਕਾਰ ਵਿਵਾਦ ਦੀ ਜ਼ਮੀਨ ਲਗਭਗ 50000 ਵਰਗਮੀਲ ਤਹਿ ਹੋਈ ਸੀ। ਇਸ ਵਿਚੋਂ 18000 ਵਰਗ ਮੀਲ ਜਮੀਨ ਭਾਰਤ ਦੇ ਕਬਜੇ ਵਿਚ ਸੀ ਅਤੇ 12000 ਵਰਗ ਮੀਲ ਚੀਨ ਦੇ ਕਬਜੇ ਵਿਚ ਸੀ। 20000 ਵਰਗ ਮੀਲ ਜ਼ਮੀਨ 'ਤੇ ਕਿਸੇ ਦਾ ਕਬਜਾ ਨਹੀਂ ਸੀ। ਭਾਰਤ ਚੀਨ ਦੇ ਕਬਜੇ ਵਾਲੀ ਜ਼ਮੀਨ 'ਤੇ ਅਤੇ ਬਾਕੀ ਜਮੀਨ 'ਤੇ ਆਪਣਾ ਦਾਅਵਾ ਕਰ ਰਿਹਾ ਸੀ ਅਤੇ ਇਹੀ ਦਾਅਵਾ ਸਮੁੱਚੀ ਜਮੀਨ 'ਤੇ ਚੀਨ ਕਰ ਰਿਹਾ ਸੀ। ਉਸ ਸਮੇਂ ਇਕ ਸਮਝੌਤਾ ਹੋਇਆ ਸੀ ਅਤੇ ਉਸ ਸਮਝੌਤੇ ਦੀ ਭਾਰਤ ਸਰਕਾਰ ਨੇ ਉਲੰਘਣਾ ਕੀਤੀ ਸੀ। ਤਦ 1962 'ਚ ਸਰਹੱਦੀ ਜੰਗ ਸ਼ੁਰੂ ਹੋਈ ਅਤੇ ਚੀਨ ਨੇ ਇਕ ਤਰਫਾ ਤੌਰ 'ਤੇ ਜੰਗਬੰਦੀ ਐਲਾਨ ਦਿੱਤੀ। ਇਸ ਜੰਗ ਨੂੰ ਭੜਕਾਉਣ 'ਚ ਅਮਰੀਕੀ ਸਾਮਰਾਜ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਉਸ ਸਮੇਂ ਅਮਰੀਕੀ ਸਾਮਰਾਜ ਦੀ ਚੀਨ ਨੇ ਘੇਰਨ ਦੀ ਨੀਤੀ ਚੱਲ ਰਹੀ ਸੀ।

ਇਹ ਚੀਨ ਦੀ ਸਰਕਾਰ ਨੂੰ ਗੈਰ ਕਾਨੂੰਨੀ ਸਰਕਾਰ ਅਤੇ ਭਗੌੜੇ ਚਿਆਂਗ ਕਾਈ ਦੀ ਸਰਕਾਰ ਨੂੰ ਮਾਨਤਾ ਦਿੰਦਾ ਸੀ। ਅਮਰੀਕੀ ਸਾਮਰਾਜ ਨੂੰ ਭਾਰਤ ਤੇ ਚੀਨ ਦੀ ਏਕਤਾ ਅਤੇ 'ਹਿੰਦੀ-ਚੀਨੀ, ਭਾਈ-ਭਾਈ' ਦਾ ਨਾਹਰਾ ਆਪਣੇ ਹਿੱਤਾਂ ਵਿਰੁੱਧ ਲੱਗ ਰਿਹਾ ਸੀ ਅਤੇ ਉਸ ਨੂੰ 1962 'ਚ ਇਸ 'ਚ ਸਫਲਤਾ ਮਿਲ ਗਈ। ਭਾਰਤ ਤੇ ਚੀਨ ਵਿਚਾਲੇ ਯੁੱਧ ਹੋ ਜਾਣ ਨਾਲ ਅਮਰੀਕੀ ਸਾਮਰਾਜੀਆਂ ਦੀ ਚੀਨ ਨੂੰ ਘੇਰਨ ਦੀ ਨੀਤੀ 'ਚ ਭਾਰਤ ਇਕ ਤਰ੍ਹਾਂ ਨਾਲ ਸਾਂਝੀਦਾਰ ਹੋ ਗਿਆ। ਤਦ ਤੋਂ ਹੁਣ ਤੱਕ ਦੁਨੀਆ ਕਾਫੀ ਬਦਲ ਚੁੱਕੀ ਹੈ। ਸਮਾਜਵਾਦੀ ਚੀਨ ਹੁਣ ਸਰਮਾਏਦਾਰਾਂ ਚੀਨ 'ਚ ਤਬਦੀਲ ਹੋ ਗਿਆ ਹੈ ਭਾਰਤੀ ਹਾਕਮ ਜਮਾਤ ਅਤੇ ਚੀਨੀ ਹਾਕਮ ਜਮਾਤ ਦੇ ਮਨਸੂਬੇ ਇਕ ਹਨ ਦੋਨੋਂ ਹੁਣ ਸੀਮਾ ਯੁੱਧ ਕਰਨ 'ਚ ਆਪਣਾ ਕੋਈ ਹਿੱਤ ਨਹੀਂ ਵੇਖ ਰਹੇ ਹਨ। ਦੋਨੋਂ ਵਪਾਰ ਕਰਨ 'ਚ ਅਤੇ ਬਾਜ਼ਾਰ 'ਤੇ ਕਬਜਾ ਕਰਨ 'ਚ ਲੱਗੇ ਹੋਏ ਹਨ। ਇਹ ਬਿਨਾਂ ਵਜਾਹ ਨਹੀਂ ਹੈ ਕਿ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਹਿੱਸੇਦਾਰ ਇਸ ਸਮੇਂ ਚੀਨ ਹੈ। ਚੀਨ ਦੇ ਹਾਕਮ ਅਤੇ ਭਾਰਤੀ ਹਾਕਮ ਸਰਹੱਦੀ ਝਮੇਲੇ ਨੂੰ ਹੱਲ ਕਰਨ ਲਈ ਵਿਸ਼ੇਸ਼ ਕਮੇਟੀ ਬਣਾ ਚੁੱਕੇ ਹਨ ਅਤੇ ਉਸ ਦੀ ਵਾਰਤਾਵਾਂ ਦੇ 13 ਗੇੜ ਵੀ ਹੋ ਚੁੱਕੇ ਹਨ। ਅਗਲੇ ਗੇੜ ਦੀ ਵਾਰਤਾ ਹੋਣੀ ਹੈ। ਝਮੇਲੇ ਵਾਲੇ ਖੇਤਰ ਬਾਰੇ ਅੰਨੀ ਕੌਮਪ੍ਰਸਤੀ ਦੀ ਮੁਹਿੰਮ ਛੇੜਨ ਪਿੱਛੇ ਮਕਸਦ ਇਹ ਹੋ ਗਿਆ ਹੈ ਕਿ ਚੀਨੀ ਹਾਕਮ ਜਮਾਤ 'ਤੇ ਦਬਾਅ ਬਣਾਇਆ ਜਾਵੇ। ਪਰ ਅਜਿਹਾ ਹੀ ਮਾਹੌਲ ਚੀਨੀ ਹਾਕਮ ਆਪਣੇ ਉਥੇ ਵੀ ਬਣਾ ਸਕਦੇ ਹਨ। ਸੀਮਾ ਝਮੇਲੇ ਦਾ ਸ਼ਾਂਤੀਪੂਰਨ ਤਰੀਕੇ ਨਾਲ ਹੱਲ ਕੱਢਿਆ ਜਾਵੇ। ਇਹ ਦੋਨੋਂ ਦੇਸ਼ਾਂ ਦੇ ਹਾਕਮ ਵਰਗ ਦੇ ਦੂਰਗਾਮੀ ਹਿੱਤ ਵਿੱਚ ਹੈ। ਪਰ ਇਸ 'ਚ ਅੰਨੀ ਕੌਮਪ੍ਰਸਤੀ ਅੜਿੱਕਾ ਹੈ। ਦੋਨੋਂ ਦੇਸ਼ਾਂ ਦੇ ਹਾਕਮ ਸਮੁੱਚੀ ਜਮੀਨ 'ਤੇ ਆਪਣਾ ਦਾਅਵਾ ਕਰਦੇ ਹਨ ਅਤੇ ਜੇ ਕੁਝ ਜਮੀਨ ਦੂਜੇ ਨੂੰ ਮਿਲ ਜਾਂਦੀ ਹੈ ਤਾਂ ਅੰਨੀਆਂ ਕੌਮਪ੍ਰਸਤ ਤਾਕਤਾਂ ਇਸ ਨੂੰ ਦੇਸ਼-ਧ੍ਰੋਹ ਨਾਲ ਨਿਵਾਜ ਕੇ ਆਪਣੇ ਆਪਣੇ ਦੇਸ਼ ਦੇ ਸੱਤਾਧਾਰੀ ਗੁੱਟ ਨੂੰ ਪ੍ਰੇਸ਼ਾਨੀ 'ਚ ਪਾ ਸਕਦੀ ਹੈ। ਇਹ ਬਿਨਾਂ ਵਜਾਹ ਨਹੀਂ ਹੈ ਕਿ ਆਰ. ਐਸ. ਐਸ. ਅਤੇ ਫੌਜ ਦੇ ਜਨਰਲ ਤੇ ਸਾਬਕਾ ਜਨਰਲ ਇਕ ਹੀ ਚੀਨ ਵਿਰੋਧੀ ਭਾਸ਼ਾ 'ਚ ਬੋਲਦੇ ਹਨ।

**ਤਿੱਬਤ ਤੇ ਦਲਾਈਲਾਮਾ ਦਾ ਸੁਆਲ** : ਤਿੱਬਤ ਇਸ ਸਮੇਂ ਚੀਨ ਦਾ ਸੂਬਾ

ਹੈ। ਵੈਸੇ ਸਦੀਆਂ ਤੋਂ ਇਹ ਚੀਨ ਦਾ ਇਕ ਸਵੈ-ਸਾਸ਼ਿਤ ਖੇਤਰ ਰਿਹਾ ਹੈ। ਇਹਦੇ ਤਹਿਤ ਇਹ ਕਿਸੇ ਵਿਦੇਸ਼ੀ ਮਾਮਲੇ 'ਚ ਚੀਨ ਦੀ ਕੇਂਦਰੀ ਸਰਕਾਰ ਦੀ ਸਹਿਮਤੀ ਦੇ ਬਿਨਾਂ ਕੋਈ ਸਮਝੌਤਾ ਨਹੀਂ ਕਰ ਸਕਦਾ ਸੀ। ਤਿੱਬਤ 'ਚ ਦਲਾਈਲਾਮਾ ਤੇ ਪਾਂਛੇਨ ਲਾਂਬਾ ਧਾਰਮਿਕ ਨੇਤਾ ਸੱਤਾ ਦੇ ਸਿਖਰ 'ਤੇ ਹੁੰਦੇ ਸਨ। ਇਤਿਹਾਸ 'ਚ ਜ਼ਿਆਦਾਤਰ ਸਮੇਂ 'ਚ ਦਲਾਈਲਾਮਾ ਸਰਵਉੱਚ ਨੇਤਾ ਹੁੰਦੇ ਸਨ ਅਤੇ ਕਦੀ-ਕਦੀ ਪਾਂਛੇਨ ਲਾਮਾ ਵੀ ਸਿਖਰ 'ਤੇ ਹੁੰਦੇ ਸਨ। 1951 'ਚ ਤਿੱਬਤ ਦਾ ਚੀਨ ਨਾਲ ਏਕੀਕਰਨ ਹੋਇਆ। ਇਸ ਤੋਂ ਪਹਿਲਾਂ ਬ੍ਰਿਟਿਸ਼ ਸਾਮਰਾਜੀਆਂ ਨੇ ਤਿੱਬਤ ਨੂੰ ਬਫਰਰਾਜ ਬਣਾਉਣ ਦੇ ਨਜ਼ਰੀਏ ਨਾਲ ਉਸ ਨੇ ਵੱਖਰੇ ਤੌਰ 'ਤੇ ਸਮਝੌਤਾ ਕਰ ਲਿਆ ਸੀ। ਮੋਹਨ ਮੇਕਨ ਰੇਖਾ ਵੀ ਉਸ ਸਮੇਂ ਖਿੱਚੀ ਗਈ ਤੇ ਤਿੱਬਤ ਕੁਝ ਸਮੇਂ ਦੇ ਲਈ ਬਫਰ ਰਾਜ ਵੀ ਬਣ ਗਿਆ। ਹੁਣ 1951 'ਚ ਤਿੱਬਤ ਦਾ ਚੀਨ ਦੇ ਨਾਲ ਏਕੀਕਰਨ ਹੋਇਆ ਤਾਂ ਦਲਾਈਲਾਮਾ ਉਸ ਸਮੇਂ ਤਿੱਬਤ ਵੱਲੋਂ ਦਸਖਤ ਕਰਨਾ ਸਨ। 1951 'ਚ ਤਿੱਬਤ ਦੀ ਸਮਾਜਕ ਸਥਿਤੀ ਇਹ ਸੀ ਕਿ ਉਥੇ ਭੂਦਾਸ ਪ੍ਰਥਾ ਸੀ। ਭੂਦਾਸ ਲੋਕ ਦਲਾਈਲਾਮਾ ਦਾ ਮੂੰਹ ਤੱਕ ਨ ਹੀਂ ਵੇਖ ਸਕਦੇ ਸਨ। ਦਲਾਈਲਾਮਾ ਦਾ ਪਖਾਨਾ ਵੀ ਪਵਿੱਤਰ ਸਮਝਿਆ ਜਾਂਦਾ ਸੀ। ਭੂਦਾਸ ਲੋਗ ਬੇੜੀਆਂ 'ਚ ਜਕੜੇ ਹੋਏ ਸਨ।

ਇਕ ਪਾਸੇ ਚੀਨ ਸਮਾਜਵਾਦ ਵੱਲ ਤਬਦੀਲ ਹੋ ਰਿਹਾ ਸੀ ਅਤੇ ਦੂਜੇ ਪਾਸੇ ਤਿੱਬਤ 'ਚ ਭੂ-ਦਾਸ ਪ੍ਰਥਾ ਸੀ। ਏਕੀਕਰਨ ਦੇ ਸਮਝੌਤੇ 'ਚ ਇਹ ਵੀ ਦਰਜ ਸੀ ਕਿ ਚੀਨ ਦੀ ਕੇਂਦਰੀ ਸਰਕਾਰ ਤਿੱਬਤ ਦੇ ਅੰਦਰ ਕੋਈ ਸੁਧਾਰ ਉਪਰੋਂ ਨਹੀਂ ਠੋਸੇਗੀ ਪਰ ਤਿੱਬਤ ਦੀ ਦਲਾਈਲਾਮਾ ਦੀ ਸਰਕਾਰ ਜੇ ਲੋਕਾਂ ਦੀ ਲੁੱਟ-ਘਸੁੱਟ ਕਰੇਗੀ ਤਾਂ ਚੀਨ ਦੀ ਲੋਕ ਮੁਕਤੀ ਫੌਜ ਇਸ 'ਚ ਦਖਲਅੰਦਾਜੀ ਕਰੇਗੀ। 1957-58 ਤਕ ਭੂਦਾਸਾ ਦੇ ਵਿਦਰੋਹ ਹੋਣ ਲੱਗੇ। ਦਲਾਈਲਾਮਾ ਨੂੰ ਆਪਣੀ ਸਥਿਤੀ ਡਾਵਾਂਡੋਲ ਲੱਗਣ ਲੱਗੀ। ਅਮਰੀਕੀ ਸਾਮਰਾਜੀ ਤੇ ਉਸ ਦੀ ਖੁਫੀਆ ਏਜੰਸੀ ਸੀ. ਆਈ. ਏ. ਦਾ ਜਾਲ ਫੈਲਦਾ ਜਾ ਰਿਹਾ ਸੀ। ਸੀ. ਆਈ. ਏ. ਦਲਾਈਲਾਮਾ ਨੂੰ ਭੜਕਾਉਣ 'ਚ ਪਹਿਲਾਂ ਤੋਂ ਲੱਗੀ ਹੋਈ ਸੀ। ਚੀਨ ਨੂੰ ਘੇਰਨ ਦੀ ਨੀਤੀ ਤਹਿਤ ਅਮਰੀਕੀ ਸਾਮਰਾਜੀ ਦਲਾਈਲਾਮਾ ਦੀ ਵਰਤੋਂ ਕਰ ਰਹੇ ਸਨ। ਭਾਰਤ 'ਚ ਵੀ ਸੀ. ਆਈ. ਏ. ਦਾ ਜਾਲ ਫੈਲਦਾ ਜਾ ਰਿਹਾ ਸੀ। ਉਸ ਸਮੇਂ ਦਲਾਈਲਾਮਾ ਕਾਲਿਗਪਾਂਗ ਦੇ ਜ਼ਰੀਏ ਭਾਰਤ ਭੱਜ ਆਇਆ। ਉਸ ਸਮੇਂ ਨਹਿਰੂ ਦੀ ਸਰਕਾਰ ਨੇ ਉਸਨੂੰ ਅਤੇ ਉਸ ਦੇ ਸਮਰਥਕਾਂ ਨੂੰ ਮਾਨਵਤਾ ਦੇ ਨਾਂ 'ਤੇ ਅਸਲ 'ਚ ਰਾਜਸੀ ਸ਼ਰਨ ਦਿੱਤੀ ਅਤੇ ਭਾਰਤ ਦੀ ਜ਼ਮੀਨ 'ਚ ਦਲਾਈਲਾਮਾ ਨੂੰ ਆਪਣੀ "ਸਰਕਾਰ" ਚਲਾਉਣ ਦੀ ਇਜਾਜ਼ਤ ਦੇ ਦਿੱਤੀ। ਇਹ ਭਾਰਤ ਸਰਕਾਰ ਦੀ ਆਪਾ ਵਿਰੋਧੀ ਨੀਤੀ ਸੀ। ਇਕ ਪਾਸੇ ਇਹ ਤਿੱਬਤ ਨੂੰ ਚੀਨ ਦਾ ਹਿੱਸਾ ਮੰਨਦੀ ਸੀ ਅਤੇ ਦੂਜੇ ਪਾਸੇ ਦਲਾਈਲਾਮਾ ਨੂੰ ਇਹ ਇੱਥੇ ਖੁੱਲ੍ਹੇ ਤੇ ਛਿਪੇ ਦੋਹਾਂ ਤਰੀਕਿਆਂ ਨਾਲ ਚੀਨ ਵਿਰੁੱਧ ਪ੍ਰਚਾਰ ਕਰਨ ਦੀ ਇਜ਼ਾਜਤ ਦਿੱਤੀ ਸੀ। ਇਹ ਸਥਿਤੀ ਅਜੇ ਤਕ ਚਲੀ ਆ ਰਹੀ ਹੈ। ਦਲਾਈਲਾਮਾ ਧਰਮਸ਼ਾਲਾਂ 'ਚ ਆਪਣੀ ਸਰਕਾਰ ਦਾ ਗਠਨ ਕਰੀ ਬੈਠਾ ਹੈ। ਅਜੇ ਪਿਛਲੇ ਸਾਲਾਂ 'ਚ ਤਿੱਬਤ 'ਚ ਹੋਏ ਦੰਗਿਆਂ 'ਚ ਦਲਾਈਲਾਮਾ ਦੀ ਭੂਮਿਕਾ 'ਤੇ ਸੁਆਲ ਉਠੇ ਹਨ। ਅਜੇ ਅਰੁਣਾਚਲ ਪ੍ਰਦੇਸ਼ ਦੇ ਤਵਾਂਗ 'ਚ ਦਲਾਈਲਾਮਾ ਦਾ ਸੁਆਗਤ ਕਰਨ ਦੀ ਉਥੋਂ ਦੇ ਮੁੱਖ ਮੰਤਰੀ ਐਲਾਨ ਕਰ ਚੁੱਕੇ ਹਨ ਅਤੇ ਉਸ ਨੂੰ ਰਾਜਸੀ ਰਹਿਮਾਨ ਦਾ ਦਰਜਾ ਦੇਣ ਦੀ ਗੱਲ ਕੀਤੀ

ਹੈ। ਦੂਜੇ ਪਾਸੇ ਏਸ਼ੀਅਨ ਦੇਸ਼ ਦੀ ਬੈਠਕ ਸਮੇਂ ਚੀਨ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਪਿੱਛੋਂ ਭਾਰਤੀ ਪ੍ਰਧਾਨ ਮੰਤਰੀ ਨੇ ਆਪਣੇ ਬਿਆਨ 'ਚ ਕਿਹਾ ਹੈ ਕਿ ਦਲਾਈਲਾਮਾ ਸਾਡੇ ਮਹਿਮਾਨ ਹਨ, ਉਹ ਧਾਰਮਿਕ ਨੇਤਾ ਹਨ ਅਤੇ ਸ਼ਰਨ ਹਾਸਲ ਕੀਤੇ ਕਿਸੇ ਵੀ ਵਿਅਕਤੀ ਨੂੰ ਸਾਡੇ ਦੇਸ਼ 'ਚ ਰਾਜਸੀ ਸਰਗਰਮੀਆਂ 'ਚ ਹਿੱਸਾ ਲੈਣ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਇਜਾਜ਼ਤ ਨਹੀਂ ਦਿੱਤੀ ਗਈ ਹੈ। ਹਕੀਕਤ ਇਹ ਹੈ ਕਿ ਦਲਾਈਲਾਮਾ ਧਾਰਮਿਕ ਦੀ ਆੜ 'ਚ ਆਪਣੇ ਰਾਜਸੀ ਪ੍ਰਚਾਰ 'ਚ ਲੱਗੇ ਹੋਏ ਹਨ ਅਤੇ ਭਾਰਤ ਸਰਕਾਰ ਉਹਨਾਂ ਨੂੰ ਧਾਰਮਿਕ ਨੇਤਾ ਕਹਿ ਕੇ ਉਹਨਾਂ ਦੇ ਪ੍ਰਚਾਰ ਨੂੰ ਸ਼ਹਿ ਦੇ ਰਹੀ ਹੈ। ਇਹ ਵੀ ਭਾਰਤ ਚੀਨ ਸਬੰਧਾਂ ਵਿਵਾਦ ਦਾ ਇਕ ਕਾਰਨ ਹੈ। ਭਾਰਤੀ ਹਾਕਮ ਜਮਾਤ ਇਹ ਅਣਜਾਣੇ 'ਚ ਨਹੀਂ ਕਰ ਰਹੀ ਹੈ। ਉਹ ਚੀਨ ਦੀ ਹਾਕਮ ਜਮਾਤ ਦੇ ਨਾਲ ਸੌਦੇਬਾਜੀ ਕਰਨ 'ਚ ਅਤੇ ਆਪਣੇ ਪ੍ਰਭਾਵ ਖੇਤਰ ਨੂੰ ਵਧਾਉਣ 'ਚ ਵੀ ਇਸ ਹਥਿਆਰ ਦੀ ਵਰਤੋਂ ਕਰ ਰਿਹਾ ਹੈ। ਚੀਨ ਦੀ ਹਾਕਮ ਜਮਾਤ ਵੀ ਦਲਾਈਲਾਮਾ ਦੇ ਕਾਰਡ ਦੀ ਵਰਤੋਂ ਤਿੱਬਤ ਅੰਦਰ ਆਪਣੀ ਲੁੱਟ ਤੇ ਦਮਨਕਾਰੀ ਕਿਰਦਾਰ ਨੂੰ ਛਿਪਾਉਣ ਲਈ ਕਰ ਰਹੀ ਹੈ।

**ਹੋਰ ਸੁਆਲ ਤੇ ਅਮਰੀਕੀ ਸਾਮਰਾਜ ਦੀ ਭੂਮਿਕਾ** : ਪਿਛਲੇ ਲਗਭਗ ਡੇਢ ਦਹਾਕੇ ਤੋਂ ਚੀਨ ਦੇ ਅਰਥਚਾਰੇ ਨੇ ਭਾਰੀ ਵਾਧਾ ਦਰਜ ਕੀਤਾ ਹੈ। ਚੀਨ ਦੀ ਹਾਕਮ ਜਮਾਤ ਨੇ ਵਿਸ਼ਵ ਵਿਆਪੀ ਪੈਮਾਨੇ 'ਤੇ ਖਾਸ ਤੌਰ 'ਤੇ ਦੱਖਣ ਤੇ ਦੱਖਣ-ਪੂਰਵ ਏਸ਼ੀਆ 'ਚ ਆਪਣੇ ਪ੍ਰਭਾਵ ਖੇਤਰ ਦੇ ਵਿਸਥਾਰ ਲਈ ਜਮੀਨ ਬਣਾਉਣ ਦੀਆਂ ਕੋਸ਼ਿਸ਼ਾਂ ਤੇਜ ਕਰ ਦਿੱਤੀਆਂ ਹਨ। ਉਸ ਦੀ ਇਸ ਕੋਸ਼ਿਸ਼ ਨਾਲ ਅਮਰੀਕੀ ਸਾਮਰਾਜ ਚੌਕੰਨਾ ਵੀ ਹੋ ਗਿਆ ਹੈ। ਇਸ ਦੇ ਨਾਲ ਹੀ ਭਾਰਤੀ ਹਾਕਮ ਜਮਾਤ ਅਮਰੀਕੀ ਸਾਮਰਾਜ ਨਾਲ ਮਿਲ ਕੇ ਇਸ ਕੋਸ਼ਿਸ਼ ਦਾ ਜੁਆਬ ਦੇ ਰਹੇ ਹਨ। ਚੀਨ ਆਪਣੀ ਫੌਜ ਦਾ ਆਧੁਨੀਕੀਕਰਨ ਕਰ ਰਿਹਾ ਹੈ। ਉਹ ਵਾਧੂ ਸੈਨਾ ਅਤੇ ਸਮੁੰਦਰੀ ਫ਼ੌਜ ਦਾ ਵਿਸਥਾਰ ਤੇ ਆਧੁਨਿਕੀਕਰਨ 'ਚ ਲੱਗਿਆ ਹੋਇਆ ਹੈ। ਭਾਰਤ ਇਸ ਦੇ ਜੁਆਬ 'ਚ ਅਮਰੀਕੀ ਸਾਮਰਾਜੀਆਂ ਦੀ ਅਗਵਾਈ 'ਚ ਬੰਗਾਲ ਦੀ ਖਾੜੀ 'ਚ ਜਪਾਨ ਤੇ ਆਸਟ੍ਰੇਲੀਆ ਦੇ ਨਾਲ ਮਿਲ ਕੇ ਚਾਰ-ਪੱਖੀ ਸਮੁੰਦਰੀ ਫੌਜੀ ਮਸ਼ਕਾ 'ਚ ਹਿੱਸੇਦਾਰ ਬਣ ਗਿਆ ਹੈ। ਇਸ ਤਰ੍ਹਾਂ ਮਿਆਂਮਾਰ, ਪਾਕਿਸਤਾਨ ਬੰਗਲਾਦੇਸ਼ ਤੇ ਸ੍ਰੀਲੰਕਾ 'ਚ ਬੰਦਰਗਾਹਾਂ ਦੇ ਉਚਸਤਰੀਕਰਨ 'ਚ ਚੀਨ ਦੀ ਸਮੁੰਦਰੀ ਫੌਜ ਮਦਦ ਕਰ ਰਹੀ ਹੈ। ਅਮਰੀਕੀ ਸਾਮਰਾਜੀ ਇਸ ਨੂੰ "ਮੋਤੀਆਂ ਦੀ ਲੜ" ਕਹਿ ਕੇ ਭਾਰਤ ਨੂੰ ਘੇਰਨ ਦੀ ਚੀਨੀ ਨੀਤੀ ਕਹਿ ਰਹੇ ਹਨ। ਭਾਰਤੀ ਹਾਕਮ ਜਮਾਤ ਦਾ ਇਕ ਹਿੱਸਾ ਇਸ ਨੂੰ ਇਉਂ ਹੀ ਮੰਨ ਰਿਹਾ ਹੈ। ਹਾਲਾਂਕਿ ਭਾਰਤ ਨੇ ਸ੍ਰੀਲੰਕਾ ਅਤੇ ਮਿਆਂਮਾਰ 'ਚ ਮਹੱਤਵਪੂਰਨ ਬੰਦਰਗਾਹਾਂ ਦੇ ਵਿਕਾਸ 'ਚ ਮਦਦ ਕਰ ਰਿਹਾ ਹੈ।

ਅਜੇ ਪਿਛਲੇ ਅਗਸਤ ਮਹੀਨੇ ਉੱਤਰੀ ਕੋਰੀਆ ਦੇ ਜਹਾਜ ਨੂੰ ਭਾਰਤ ਵੱਲੋਂ ਰੋਕਣ ਦੀ ਕਾਰਵਾਈ ਨੂੰ ਬਿਨਾ ਅਮਰੀਕੀ ਸਾਮਰਾਜੀ ਸਹਿਯੋਗ ਦੇ ਅੰਜਾਮ ਨਹੀਂ ਦਿੱਤਾ ਜਾ ਸਕਦਾ ਸੀ। ਅਮਰੀਕੀ ਸਾਮਰਾਜੀਆਂ ਵੱਲੋਂ ਸੰਚਾਲਿਤ ਪ੍ਰਸਾਰ ਸੁਰੱਖਿਆ ਪਹਿਲ ਦਾ ਭਾਰਤ ਹਿੱਸੇਦਾਰ ਬਣ ਗਿਆ ਹੈ। ਜਦ ਕਿ ਚੀਨ ਤੇ ਰੂਸ ਇਸ ਦਾ ਦ੍ਰਿੜਤਾਪੂਰਵਕ ਵਿਰੋਧ ਕਰ ਰਹੇ ਹਨ। ਅਜੇ ਹਾਲ 'ਚ 33 ਮੈਂਬਰ ਦੇਸ਼ਾਂ ਵੱਲੋਂ ਆਯੋਜਿਤ ਹਿੰਦ ਮਹਾਸਾਗਰ ਸਮੁੰਦਰੀ ਫੌਜ ਸਿਰਪੋਜ਼ੀਅਮ 'ਚ ਚੀਨ ਸ਼ਾਮਲ ਹੋਣਾ

ਚਾਹੁੰਦਾ ਸੀ ਪਰ ਭਾਰਤ ਸਰਕਾਰ ਨੇ ਉਸ ਨੂੰ ਸ਼ਾਮਲ ਕਰਨ ਤੋਂ ਦ੍ਰਿੜਤਾਪੂਰਵਕ ਇਨਕਾਰ ਕਰ ਦਿੱਤਾ। ਅਮਰੀਕੀ ਸਾਮਰਾਜੀ ਹਿੰਦ ਮਹਾਸਾਗਰ 'ਚ ਚੀਨ ਦੇ ਵਧਦੇ ਪ੍ਰਭਾਵ ਤੋਂ ਚਿੰਤਤ ਹੈ ਅਤੇ ਭਾਰਤੀ ਹਾਕਮ ਜਮਾਤ ਇਸ ਮਾਮਲੇ 'ਚ ਅਮਰੀਕੀ ਸਾਮਰਾਜੀਆਂ ਦੇ ਨਾਲ ਖੜ੍ਹਾ ਹੈ। ਹਾਲ ਦੇ ਸਾਲਾਂ 'ਚ ਚੀਨ ਆਪਣਾ ਪ੍ਰਭਾਵ ਲਾਤੀਨੀ ਅਮਰੀਕਾ, ਅਫਰੀਕਾ 'ਚ ਕਾਫੀ ਵਾਧਾ ਹੋ ਚੁੱਕਿਆ ਹੈ। ਅਦਨ ਦੀ ਖਾੜੀ 'ਚ ਚੀਨ ਦੇ ਵਧਦੇ ਪ੍ਰਭਾਵ ਨੂੰ ਭਾਰਤੀ ਹਾਕਮ ਜਮਾਤ ਉਸ ਨੂੰ ਆਪਣੇ ਪ੍ਰਭਾਵ ਖੇਤਰ 'ਚ ਘੁਸਪੈਂਠ ਮੰਨ ਰਿਹਾ ਹੈ।

ਹਾਲਾਂਕਿ ਸੂਡਾਨ 'ਚ ਚੀਨ ਭਾਰਤ ਤੇ ਮਲੇਸ਼ੀਆ ਸਭ ਤੋਂ ਵੱਡੇ ਤੇਲ ਖੇਤਰ ਵਿੱਚ ਸੰਯੁਕਤ ਤੌਰ 'ਤੇ ਲੱਗੇ ਹੋਏ ਹਨ। ਅਜੇ ਹਾਲ ਵਿੱਚ ਹੀ ਚੀਨ ਨੇ ਏਸ਼ੀਆ ਵਿਕਾਸ ਵੱਲੋਂ ਭਾਰਤ ਨੂੰ 2.9 ਅਰਬ ਡਾਲਰ ਦੀ ਸਹਾਇਤਾ ਦੇਣ ਦੇ ਪ੍ਰਸਤਾਵ ਦਾ ਵਿਰੋਧ ਇਸ ਅਧਾਰ 'ਤੇ ਕੀਤਾ ਗਿਆ ਸੀ ਕਿ ਉਸ 'ਚ ਅਰੁਣਾਚਲ ਪ੍ਰਦੇਸ਼ ਦੇ ਵਿਕਾਸ ਸਬੰਧੀ ਧਨ ਇਸ 'ਚ ਸ਼ਾਮਲ ਹੈ। ਕਿਉਂਕਿ ਅਰੁਣਾਚਲ ਪ੍ਰਦੇਸ਼ ਵਿਵਾਦ ਦਾ ਖੇਤਰ ਹੈ। ਇਸ ਲਈ ਉਸ ਨੇ ਇਸ ਦਾ ਵਿਰੋਧ ਕੀਤਾ ਸੀ। ਇਸ ਨਾਲ ਵੀ ਭਾਰਤੀ ਮੀਡੀਆ 'ਚ ਕਾਫੀ ਉਥਲ ਪੁਥਲ ਮੱਚੀ ਹੈ। ਕੁਲ ਮਿਲਾ ਕੇ ਭਾਰਤੀ ਹਾਕਮ ਜਮਾਤ ਅਤੇ ਚੀਨੀ ਹਾਕਮ ਜਮਾਤ ਦੱਖਣੀ ਤੇ ਪੂਰਬ ਏਸ਼ੀਆ 'ਚ ਭਿਅੰਕਰ ਮੁਕਾਬਲੇ 'ਚ ਲੱਗੇ ਹੋਏ ਹਨ। ਭਾਰਤ ਦੇ ਹਾਕਮ ਚੀਨ ਦੇ ਨਾਲ ਆਰਥਕ ਸਾਂਝ ਪਾਉਣਾ ਚਾਹੁੰਦੇ ਹਨ ਅਤੇ ਉਸ ਨੂੰ ਟੱਕਰ ਵੀ ਲੈਣਾ ਚਾਹੁੰਦੇ ਹਨ। ਉਹ ਦੋਨੋਂ ਕੰਮ ਇਕੱਠਾ ਕਰ ਰਹੇ ਹਨ। ਇਸ ਦੇ ਲਈ ਉਹ ਰਾਜਸੀ ਤੇ ਫੌਜੀ ਜੋੜ ਤੋੜ 'ਚ ਲੱਗੇ ਹੋਏ ਹਨ। ਇਹ ਦੋਨੋਂ ਹਾਕਮ ਕਰ ਰਹੇ ਹਨ। ਦੋਨੋਂ ਹਾਕਮ ਜਮਾਤਾਂ ਆਪਣੇ ਆਪਣੇ ਦੇਸ਼ 'ਚ ਮਜ਼ਦੂਰ ਜਮਾਤ ਵਿਰੋਧੀ ਹਨ ਅਤੇ ਦੋਨੋਂ ਇਸ ਸਮੁੱਚੇ ਖੇਤਰ 'ਚ ਪ੍ਰਤੀਕਿਰਿਆ ਦੇ ਗੜ ਬਣ ਰਹੇ ਹਨ। ਹਾਲਾਂਕਿ ਦੋਨੋਂ ਯੁੱਧ ਫਿਲਹਾਲ ਨਹੀਂ ਚਾਹੁੰਦੇ ਪਰ ਅੰਨੀ ਕੌਮਪ੍ਰਸਤੀ ਦੀ ਹਨੇਰੀ ਦਾ ਆਪਣਾ ਤਰਕ ਹੁੰਦਾ ਹੈ। ਇਹ ਕਦੋਂ ਉਧਰ ਧੱਕ ਦੇਵੇ, ਕਿਹਾ ਨਹੀਂ ਜਾ ਸਕਦਾ। ਇਸ 'ਚ ਅਮਰੀਕੀ ਸਾਮਰਾਜਵਾਦ ਦੀ ਭੂਮਿਕੀ ਵੀ ਮਹੱਤਵਪੂਰਨ ਹੈ।

# ਕੀ ਹੈ ਮੈਗਸਾਸੇ ਪੁਰਸਕਾਰ ਦੀ ਕਾਲੀ ਪਿੱਠ ਭੂਮੀ?

ਸਾਡੇ 'ਚੋਂ ਸ਼ਾਇਦ ਹੀ ਕੋਈ ਐਸਾ ਹੋਵੇ ਜਿਸ ਨੇ ਮੈਗਸਾਸੇ ਪੁਰਸਕਾਰ ਦਾ ਨਾਂ ਨਾ ਸੁਣਿਆ ਹੋਵੇ। ਕਈ ਲੋਕ ਇਹ ਵੀ ਜਾਣਦੇ ਹੋਣਗੇ ਕਿ ਮੈਗਸਾਸੇ ਪੁਰਸਕਾਰਾਂ ਨੂੰ ਏਸ਼ੀਆਈ ਨੋਬੇਲ ਦਾ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਹ ਪੁਰਸਕਾਰ ਫਿਲੀਪੀਂਸ ਦੇ ਰਾਸ਼ਟਰਪਤੀ ਰਹਿ ਚੁੱਕੇ ਰੇਮੋਨ ਮੈਗਸੇਸੇ ਦੇ ਨਾਂ 'ਤੇ ਦਿੱਤਾ ਜਾਂਦਾ ਹੈ। ਇਹ ਵੀ ਬਹੁਤ ਹੀ ਲੋਕ ਜਾਣਦੇ ਹੋਣਗੇ। ਪਰ ਰੇਮੋਨ, ਮੈਗਸੇਸੇ ਕੌਣ ਸਨ ਅਤੇ ਉਹਨਾਂ ਦੀ ਕੀ ਇਤਿਹਾਸ ਹੈ। ਇਸ ਨਾਲ ਘੱਟ ਹੀ ਲੋਕ ਵਾਕਿਫ ਹੋਣਗੇ। ਆਓ ਰੇਮੋਨ ਮੈਗਸੇਸੇ ਦੇ ਰਾਜਸੀ ਇਤਿਹਾਸ 'ਤੇ ਇਕ ਨਿਗਾਹ ਮਾਰੀਏ।

ਰੇਮੋਨ ਮੈਗਸੇਸ 31 ਅਗਸਤ 1907 ਨੂੰ ਫਿਲੀਪਾਂਸ 'ਚ ਪੈਦਾ ਹੋਏ। ਉਸ ਸਮੇਂ ਫਿਲੀਪਾਂਸ ਅਮਰੀਕੀ ਪ੍ਰਭੂਤਵ ਦੇ ਅਧੀਨ ਸਨ। ਅਮਰੀਕਾ ਖਿਲਾਫ ਕਈ ਵੱਡੇ ਵਿਦਰੋਹ ਹੋ ਚੁੱਕੇ ਸਨ। ਪਰ ਉਹਨਾਂ ਸਾਰਿਆਂ ਨੂੰ ਦਬਾਇਆ ਜਾ ਚੁੱਕਿਆ ਸੀ। ਆਖਰੀ ਦਮਾਨਤਮਕ ਕਾਰਵਾਈ ਨੇ ਅਮਰੀਕੀ ਸੈਨਾ ਨੇ ਫਿਲੀਪਾਂਸ ਵਾਸੀਆਂ ਦਾ ਜ਼ਬਰਦਸਤ ਕਤਲੇਆਮ ਕੀਤਾ। ਮੈਗਸੇਸੇ ਕੁਦਰਤੀ ਇਸ ਕਤਲੇਆਮ ਦੇ ਨਿਸ਼ਾਨੇ 'ਤੇ ਨਹੀਂ ਆਏ। ਉਹਨਾਂ ਨੇ ਇਕ ਆਵਜਾਈ ਕੰਪਨੀ ਦੇ ਮੈਕੇਨਿਕ ਵਜੋਂ ਕੰਮ ਸ਼ੁਰੂ ਕੀਤਾ। 1941 ਵਿੱਚ ਇਹ ਅਮਰੀਕੀ ਸੈਨਾ 'ਚ ਭਰਤੀ ਹੋਏ। 1945 'ਚ ਉਹਨਾਂ ਨੇ ਉਹਨਾਂ ਦੇ ਜਨਮ-ਸਥਾਨ ਜੇਮਬਾਲੇਸ ਪ੍ਰਾਂਤ ਦਾ ਸੈਨਿਕ ਗਵਰਨਰ ਨਿਯੁਕਤ ਕੀਤਾ ਗਿਆ। 1941 ਪਿੱਛੋਂ ਹੀ ਮੈਗਸੇਸੇ ਨੇ ਜਪਾਨੀਆਂ ਖਿਲਾਫ ਗੁਰੀਲਾ ਯੁੱਧ 'ਚ ਅਮਰੀਕੀ ਸੈਨਾ ਦੀ ਕਮਾਨ ਸੰਭਾਲੀ ਸੀ। 1946 'ਚ ਫਿਲੀਪਾਂਸ ਨੂੰ ਆਜ਼ਾਦੀ ਹਾਸਲ ਹੋਈ। ਮੈਗਸਾਸੇ ਨੇ ਰਾਜਨੀਤੀ 'ਚ ਪਰਦਾ ਹਟਾਇਆ ਅਤੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ। ਇਸ ਚੋਣ 'ਚ ਜਿੱਤ ਗਏ। ਉਸੇ ਸਾਲ ਉਹ ਲਿਬਰਲ ਪਾਰਟੀ 'ਚ ਸ਼ਾਮਲ ਹੋ ਗਏ। ਇਥੋਂ ਅਮਰੀਕਾ ਦੇ ਇਕ ਪ੍ਰਸ਼ੰਸ਼ਕ ਅਤੇ ਪਿਛਲੱਗੂ ਵਜੋਂ ਮੈਗਸਾਸੇ ਦਾ ਰਾਜਸੀ ਕੈਰੀਅਰ ਸ਼ੁਰੂ ਹੋਇਆ ਅਤੇ ਇਸ ਕੈਰੀਅਰ ਨੂੰ ਮੈਗਸਾਸੇ ਨੇ ਸਾਰੇ ਕਤਲੇਆਮ ਨੂੰ ਅੰਜਾਮ ਦੇ ਕੇ ਚਾਰ ਚੰਨ ਲਾ ਦਿੱਤੇ।

1949 ਵਿੱਚ ਹੁਕਨਾਮਕ ਇਕ ਕਿਸਾਨ ਗੁਰੀਲਾ ਗਰੁੱਪ ਨੇ ਵਿਦਰਸਹ ਦੀ ਸ਼ੁਰੂਆਤ ਕੀਤੀ। ਹੁਕ ਕਿਸਾਨਾ ਦੇ ਲੰਮੇ ਆਸੂਤੋਸ਼ ਨੂੰ ਹਵਾ ਦੇ ਰਿਹਾ ਸੀ ਜੋ ਭਿਅੰਕਰ ਲੁੱਟ ਦਾ ਸ਼ਿਕਾਰ ਸਨ। ਮੈਗਸਾਸੇ ਨੇ ਦੋ ਸਾਲਾਂ ਅੰਦਰ ਅਮਰੀਕੀ ਫੌਜ ਸਲਾਹਕਾਰ ਏਡਵਰਡ ਲੈਂਡਰਸਡੇਲ ਦੀ ਸਹਾਇਤਾ ਨਾਲ ਹੁਕਾਂ ਦੇ ਵਿਦਰੋਹ ਨੂੰ ਬੇਰਹਿਮੀ ਨਾਲ ਕੁਚਲ ਦਿੱਤਾ। ਮੈਗਸਾਸੇ ਨੇ 1951 'ਚ ਖੁੱਲ੍ਹ ਕੇ ਕਿਹਾ ਸੀ ਕਿ ਇਸ ਹਫਤੇ ਨੂੰ ਅਸੀਂ ਕਤਲੇਆਮ ਤਾ ਹਫਤਾ ਬਣਾਵਾਂਗੇ। ਜਿਸ ਨੂੰ ਉਸ ਸਾਲ ਦੇ ਟਾਈਮਸ ਮੈਗਜ਼ੀਨ ਨੇ ਛਾਪਿਆ। ਕਰੀਬ 1500 ਬਾਗੀਆਂ ਨੂੰ ਮੈਗਸਾਸੇ ਨੇ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ। 487 ਫੜੇ ਗਏ ਅਤੇ ਕਰੀਬ 3000 ਨੂੰ ਗੋਡੇ ਟੇਕਣ ਲਈ ਮਜ਼ਬੂਰ ਕਰ ਦਿੱਤਾ। ਨਵੰਬਰ 1953 'ਚ ਆਪਣੀਆਂ ਅਜਿਹੀਆਂ ਹੀ ਸੇਵਾਵਾਂ ਬਦਲੇ ਮੈਗਸਾਸੇ ਰਾਸ਼ਟਰਪਤੀ ਬਣੇ ਅਤੇ ਮਾਰਚ 1957 'ਚ ਇਕ ਹਵਾਈ ਦੁਰਘਟਨਾ 'ਚ ਮਾਰੇ ਜਾਣ ਸਮੇਂ ਤਕ ਉਹ ਇਸ ਅਹੁਦੇ 'ਤੇ ਬਣੇ ਰਹੇ। ਅਮਰੀਕੀ ਸਾਮਰਾਜਵਾਦ ਦੇ ਜਬਰਦਸਤ ਹਮਾਇਤੀ ਤੇ ਪ੍ਰਸ਼ੰਸ਼ਕ ਮੈਗਸੇਸੇ ਇਸ ਤੱਥ ਤੋਂ ਨਾ ਵਾਕਿਫ ਨਹੀਂ ਸਨ

ਕਿ ਅਮਰੀਕੀ ਸਾਮਰਾਜਵਾਦ ਦੇ ਤਹਿਤ ਕਰੀਬ 10 ਲੱਖ ਫਿਲੀਪਾਂਸ ਵਾਸੀਆਂ ਦਾ ਕਤਲੇਆਮ ਕੀਤਾ ਗਿਆ ਸੀ। ਯਾਨੀ ਕਿ ਪੂਰੀ ਪੂਰੀ ਆਬਾਦੀ ਦਾ 10 ਤੋਂ 15 ਫੀਸਦੀ ਹਿੱਸਾ। 1898 ਤਕ ਫਿਲੀਪਾਂਸ ਸਪੇਨ ਦੀ ਬਸਤੀ ਸੀ ਅਤੇ ਅਮਰੀਕਾ ਵਿਚਕਾਰ ਜੰਗ ਪਿੱਛੋਂ ਪੈਰਿਸ ਸੰਧੀ ਦੇ ਤਹਿਤ ਫਿਲੀਪਾਂਸ ਸਪੇਨ ਦੇ ਹੱਥ ਵਿੱਚ ਅਮਰੀਕਾ ਦੇ ਹੱਥ ਹੇਠ ਚਲਾ ਗਿਆ। ਅਮਰੀਕੀ ਬਸਤੀਵਾਦੀਆਂ ਨੇ ਵੀ ਸਪੇਨੀ ਬਸਤੀਵਾਦੀਆਂ ਦੀ ਹੀ ਤਰ੍ਹਾਂ ਬੇਰਹਿਮੀ ਨਾਲ ਫਿਲੀਪਾਂਸ ਦੇ ਲੋਕਾਂ ਦੇ ਵਿਰੋਧ ’ਤੇ ਜਬਰ ਕੀਤਾ। ਮੈਗਸਾਸੇ 1941 ਪਿੱਛੋਂ ਤੋਂ ਅਮਰੀਕਾ ਦੀ ਫੌਜ ਵਿੱਚ ਸਨ ਤੇ ਇਹਨਾਂ ਕੁਕਰਮਾ ’ਚ ਉਹਨਾਂ ਦੀ ਭਾਗੀਦਾਰੀ ਸੀ। 1946 ਵਿੱਚ ਅਮਰੀਕਾ ਨੇ ਫਿਲੀਪਾਂਸ ਨੂੰ ਆਜ਼ਾਦੀ ਦਿੱਤੀ। ਪਰ ਸਾਰੀਆਂ ਫੌਜੀ ਤੇ ਆਰਥਕ ਸੰਧੀਆਂ ਦੇ ਤਹਿਤ ਫਿਲੀਪਾਂਸ ਲੰਮੇ ਸਮੇਂ ਤਕ ਅਮਰੀਕਾ ਦੀ ਇਕ ਬਸਤੀ ਬਣਿਆ ਰਿਹਾ। ਮੈਗਸਾਸੇ ਨੇ ਅਮਰੀਕੀ ਸਾਮਰਾਜਵਾਦ ਦੀ ਇਕ ਕਠਪੁਤਲੀ ਵਾਂਗੂ ਆਚਰਣ ਕੀਤਾ ਅਤੇ ਫਿਲੀਪਾਂਸ ਦੇ ਰਾਸ਼ਟਰਪਤੀ ਵਜੋਂ ਅਮਰੀਕੀ ਹਿੱਤਾਂ ਪ੍ਰਤੀ ਵਫਾਦਾਰ ਬਣੇ ਰਹੇ। ਫਿਲੀਪਾਂਸ ’ਚੋਂ ਲੋਕਤੰਤਰ ਦੀ ਢੌਂਗ ਰਚਾ ਕੇ ਜੋ ਅਖੌਤੀ ਲੋਕ ਨੁਮਾਇੰਦੇ ਚੁਣੇ ਗਏ ਉਹਨਾਂ ਦੀ ਅਸਲੀਅਤ ਤੋਂ ਅੱਜ ਸਾਰੀ ਦੁਨੀਆਂ ਵਾਕਿਫ ਹੈ। ਚਾਹੇ ਉਹ ਕਵੀਰਨੋ ਹੋਣ ਜਾਂ ਮੈਗਸਾਸੇ ਕਾਲੋਂਸ ਡਿ ਗ੍ਰੇਸਿਆ ਫਾਰਦਿਨਾਦ ਈ ਮਾਰਕੋਸ ਜਾਂ ਫਿਰ ਗਲੋਰਿਆ ਮੇਕਾਪਾਗਲ ਏਰੋਆ। ਇਹ ਸਭ ਅਮਰੀਕੀ ਹਿੱਤਾਂ ਦੇ ਰੱਖਿਅਕ ਬਣੇ ਰਹੇ ਅਤੇ ਫਿਲੀਪਾਂਸ ਦੀ ਜਨਤਾ ’ਤੇ ਕਹਿਰ ਵਰਤਾਉਂਦੇ ਰਹੇ। ਚਾਹੇ ਉਹ 1930 ਦੇ ਦਹਾਕੇ ਦੇ ਕਿਸਾਨ ਬਾਗੀ ਰਹੇ ਹੋਣ। 1940 ਦੇ ਦਹਾਕੇ ’ਚ ਹੁੱਕਾਂ ਦੀ ਬਗਾਵਤ 1960 ਦੇ ਦਹਾਕੇ ਵਿੱਚ ਨਿਊ ਪੀਪਲ ਸਆਰਮੀ ਦੀ ਬਗਾਵਤ ਜਾਂ ਫਿਰ 1970 ਤੋਂ ਪਿੱਛੋਂ ਤੋਂ ਮੋਰੋ ਜਨਤਾ ਦਾ ਦਮਨ ਹੋਵੇ। ਹਰ ਵਾਰੀ ਗੱਲ ਸਾਬਤ ਹੋਈ ਹੈ।

ਮੈਗਸਾਸੇ ਦੇ ਨਾਂ ਤਕ ਪੁਰਸਕਾਰ ਦੀ ਸਥਾਪਨਾ ਪੂੰਜੀਵਾਦੀ ਵਿਸ਼ਵ ਵੱਲੋਂ ਆਪਣੇ ਇਕ ਚੌਕਸ ਪਹਿਰੇਦਾਰ ਨੂੰ ਦਿੱਤੀ ਜਾਣ ਵਾਲੀ ਮਾਨਤਾ ਹੈ। ਮੈਗਸੇਸੇ ਪੁਰਸਕਾਰ ਦੀ ਵੈਬਸਾਈਟ ’ਤੇ ਲਿਖਿਆ ਹੈ ਕਿ “ਦੁਨੀਆ ਖੁਸ਼ਹਾਲ ਤੇ ਬੇਹਤਰ ਹੈ ਕਿਉਂਕਿ ਰੇਮੋਨ ਮੈਗਸੇਸੇ ਪੈਦਾ ਹੋਏ ਸਨ।” ਸ਼ਾਇਦ ਇਥੇ ਦੁਨੀਆਂ ਤੋਂ ਮਤਲਬ ਅਮਰੀਕੀ ਤੇ ਸਾਮਰਾਜੀ ਦੁਨੀਆਂ ਹੈ ਇਹ ਮਹਿਜ਼ ਇਤਫਾਕ ਨਹੀਂ ਹੈ ਕਿ ਮੈਗਸੇਸੇ ਪੁਰਸਕਾਰ ਦੀ ਸਥਾਪਨਾ ਅਮਰੀਕੀ ਦਿਉਕਦ ਕਾਰਪੋਰੇਸ਼ਨ ਰਾਕ ਫੇਲਰ ਫਾਊਂਡੇਸ਼ਨ ਨੇ ਕੀਤੀ। ਮੈਗਸਾਸੇ ਨੂੰ ਪਾਲਣ ਪੋਸਣ ਦਾ ਕੰਮ ਅਮਰੀਕੀ ਸਾਮਰਾਜ ਨੇ ਹੀ ਕੀਤਾ ਸੀ ਅਤੇ ਮੈਗਸਾਸੇ ਨੇ ਉਸ ਦਾ ਫਲ ਬਾਖੂਬੀ ਚੁਕਾਇਆ। ਮੈਗਸਾਸੇ ਦੇ ਨਾਂ ’ਤੇ ਪੁਰਸਕਾਰ ਦੀ ਸਥਾਪਨਾ ਦਾ ਅਰਥ ਸੀ ਇਕ ਅਮਰੀਕੀ ਪਿਛਲੱਗੂ ਦੇ ਨਾਂ ਨੂੰ ਅਮਰ ਕਰ ਦੇਣਾ ਉਸ ਦੇ ਆਚਰਣ ਨੂੰ ਆਦਰਸ਼ ਅਚਰਨ ਦੱਸਣਾ ਅਤੇ ਅਮਰੀਕੀ ਸ਼ੈਲੀ ਨਾਲ ਦੁਨੀਆਂ ਭਰ “ਜਨਤੰਤਰ ਤੇ ਸ਼ਾਂਤੀ” ਲਿਆਉਣ ਦੇ ਰਾਹ ਨੂੰ ਆਦਰਸ਼ ਬਣਾਉਣ ਦੀ ਕੋਸ਼ਿਸ਼ ਕਰਨਾਂ ਸੀ। 1957 ’ਚ ਇਸ ਪੁਰਸਕਾਰ ਦੇ ਜਨਮ ਤੋਂ ਲੈ ਕੇ ਹੁਣ ਤਕ ਕਰੀਬ 268 ਏਸ਼ੀਆਈ ਲੋਕਾਂ ਨੂੰ ਇਹ ਪੁਰਸਕਾਰ ਮਿਲ ਚੁੱਕਿਆ ਹੈ। ਇਹਨਾਂ ’ਚੋਂ ਸਭ ਤੋਂ ਵੱਧ ਭਾਰਤੀਆਂ ਨੂੰ ਮਿਲੇ ਹਨ–45 ਇਸਦੀ ਲੜੀ 1968 ’ਚ ਵਿਨੋਬਾ ਭਾਵੇਂ ਨਾਲ ਸ਼ੁਰੂ ਹੋਈ। ਪਿੱਛੋਂ ਇਸ “ਸਨਮਾਨਿਤ” ਸੂਚੀ ਵਿੱਚ ਪੀ ਸਾਈਂਨਾਥ, ਪ੍ਰਕਾਸ, ਮੰਦਾਕਿਨੀ, ਆਮਟੇ, ਅਰਵਿੰਦ, ਕੇਜਰੀ ਲਾਲ, ਰਜਿੰਦਰ ਸਿੰਘ, ਸੰਦੀਪ ਪਾਂਡੇ (ਜਿਨਾ ਨੇ ਫੋਰਡ ਦਾ ਪੈਸਾ ਲੱਗਣ ਕਾਰਨ ਪੁਰਸਕਾਰ ਲੈਣ ਤੋਂ

ਇਨਕਾਰ ਕਰ ਦਿੱਤਾ ਸੀ ਬਲਕਿ ਬੋਰਡ ਤੇ ਰਾਕ ਫੇਲਰ ਦੇ ਪੈਸੇ 'ਚ ਫਰਕ ਦੱਸਣ ਦਾ ਕੰਮ ਤਾਂ ਸੰਦੀਪ ਪਾਂਡੇ ਹੀ ਕਰ ਸਕਦੇ ਹਨ।) ਕਿਰਨ ਬੇਟੀ, ਟੀ. ਐਨ. ਸੈਸ਼ਨ, ਵਰਸਿੰਗ ਕੂਰੀਅਨ, ਈਲਾ ਭੱਟ, ਅਰੁਣ ਸ਼ੋਰੀ ਆਦਿ।

ਇਸ ਸੂਚੀ ਨੂੰ ਵੇਖਕੇ ਜਾਗਰੂਕ ਪਾਠਕ ਸਮਝ ਗਏ ਹੋਣਗੇ ਕਿ ਇਹ ਪੁਰਸਕਾਰ ਕਿਹਨਾਂ ਲੋਕਾਂ ਨੂੰ ਦਿੱਤੇ ਗਏ ਹਨ। ਇਹਨਾਂ 'ਚੋਂ ਬਹੁਤੇ ਲੋਕ ਐਸੇ ਹਨ ਜੋ ਜਾਣੇ ਜਾਂ ਅਣਜਾਣੇ ਵਿਵਸਥਾ ਦੀ ਸੇਵਾ 'ਚ ਲੱਗੇ ਹੋਏ ਹਨ। ਕਈ ਵਾਰੀ ਲੋਕ ਪੱਖੀ ਰੁਖ ਜਾਹਰ ਕਰਦਿਆਂ ਨਜ਼ਰ ਆਉਂਦੇ ਹਨ। ਪਰ ਉਹਨਾਂ ਦੀਆਂ ਸਰਗਰਮੀਆਂ ਆਮ ਤੌਰ 'ਤੇ ਜਨਤਾ ਦੇ ਅਸੰਤੋਸ਼ ਨੂੰ ਸੁਧਾਰ ਦੇ ਪਿੰਜਰੇ 'ਚ ਕੈਦ ਕਰਨ ਦਾ ਕੰਮ ਕਰਦੀਆਂ ਹਨ ਅਤੇ ਸਮਾਜ 'ਚ ਤੀਖੇ ਹੁੰਦੇ ਅੰਤਰ ਵਿਰੋਧਾਂ ਦੀ ਉਹੀਓ ਸਥਿਤੀ ਬਣਾਈ ਰੱਖਣ ਲਈ ਮੰਦ ਕਰਨ ਦਾ ਕੰਮ ਕਰਦੀ ਹੈ। ਕਈਆਂ ਨੇ ਲੋਕ ਪਹਿਲਕਦਮੀ 'ਚ ਅੱਛੀਆਂ ਕੋਸ਼ਿਸ਼ਾਂ ਵੀ ਕੀਤੀਆਂ ਹਨ ਪਰ ਇਹ ਯਤਨ ਅਲੱਗ ਤੋਂ ਕਟੇ ਹੋਏ ਪ੍ਰਯੋਗ ਹਨ ਜੋ ਇਹ ਕਦੀ ਨਹੀਂ ਮੰਨਦੇ ਕਿ ਪਾਣੀ ਹੋਵੇ ਜਾਂ ਬਿਜਲੀ ਜਾਂ ਫਿਰ ਸੂਚਨਾ ਦਾ ਅਧਿਕਾਰ ਜਾਂ ਹੋਰ ਕੋਈ ਲੋਕ ਅਧਾਰ ਜਾਂ ਜਰੂਰਤ। ਇਹ ਮੁਹੱਈਆ ਕਰਾਉਣ ਦਾ ਕੰਮ ਸਰਕਾਰ ਦਾ ਹੁੰਦਾ ਹੈ। ਜਨਤਾ ਦੀ ਨਿਗਾਹ ਨਾਲ ਸਰਕਾਰ ਤੇ ਵਿਵਸਥਾ ਨੂੰ ਹਟਾ ਦਿੱਤਾ ਜਾਂਦਾ ਹੈ ਅਤੇ ਸਿੱਖਿਆ ਦਿੱਤੀ ਜਾਂਦੀ ਹੈ ਕਿ ਹਰ ਚੀਜ ਲਈ ਸਰਕਾਰ ਦਾ ਮੂੰਹ ਨਾ ਵੇਖੋ। ਪਰ ਇਹ ਨਹੀਂ ਦੱਸਿਆ ਜਾਂਦਾ ਹੈ ਕਿ ਸਰਕਾਰ ਹੈ ਕਾਹਦੇ ਲਈ? ਉਹ ਟੈਕਸ ਕਿਉਂ ਨਹੀਂ ਵਸੂਲਦੀ ਹੈ? ਜੇ ਸਕੂਲ ਪਾਣੀ, ਬਿਜਲੀ ਆਦਿ ਦੀਆਂ ਲੋੜਾਂ ਜਨਤਾ ਖੁਦ ਪੂਰਾ ਕਰਦੀ ਹੈ ਤਾਂ ਉਸ ਲਈ ਐਸੀ ਸਰਕਾਰ ਦਾ ਕੀ ਮਤਲਬ ਹੈ ਜਿਸ ਦਾ ਕੰਮ ਸਿਰਫ ਦਲਾਲ ਨੌਕਰਸ਼ਾਹ ਸਰਮਾਏਦਾਰਾਂ ਨੂੰ ਮੁਨਾਫੇ ਦੀਆਂ ਬੇਹਤਰ ਸਥਿਤੀਆਂ ਮੁਹੱਈਆਂ ਕਰਾਉਣਾ ਹੈ। ਜਾਹਿਰ ਹੈ ਕਿ ਕੋਈ ਵੀ ਰਾਜਸੀ ਚੇਤਨਾ ਸੰਪਨ ਵਿਅਕਤੀ ਸਮਝ ਸਕਦਾ ਹੈ ਕਿ ਇਹਨਾਂ ਸਖਸ਼ੀਅਤਾਂ ਨੂੰ ਮੈਗਸਾਸੇ ਪੁਰਸਕਾਰ ਕਿਉਂ ਨਹੀਂ ਮਿਲਿਆ ਹੈ।

ਮੈਗਸਾਸੇ ਨੇ ਆਪਣੀ ਤਰ੍ਹਾਂ ਨਾਲ ਸਾਮਰਾਜ ਦੀ ਸੇਵਾ ਕੀਤੀ ਸੀ। ਅੱਜ ਵੈਸੇ ਸੇਵਾ ਦਾ ਸਕੋਪ ਖਤਮ ਹੁੰਦਾ ਜਾ ਰਿਹਾ ਹੈ। ਅੱਜ ਸਾਮਰਾਜਵਾਦ ਨੇ ਆਪਣੀ ਸੇਵਾ ਲਈ ਫੌਜੀ ਜਨਰਲਾਂ ਦੀ ਬਜਾਏ ਐਨ. ਜੀ. ਓ. ਤੇ ਕਥਿਤ ਮਾਨਵਤਾ ਵਾਦੀਆਂ ਨੂੰ ਰੱਖਿਆ ਹੈ। ਜੋ ਉਹਨਾਂ ਦੇ ਇਸ ਕੰਮ ਨੂੰ ਬਾਖੂਬੀ ਅੰਜਾਮ ਦਿੰਦਾ ਹੈ। ਉਸ ਨੂੰ ਮੈਗਸਾਸੇ ਪੁਰਸਕਾਰ ਨਾਲ ਨਵਾਜਿਆ ਜਾਂਦਾ ਹੈ। ਪਰ ਫਿਰ ਵੀ ਇਹਨਾਂ "ਮਾਨਵਤਾਵਾਸੀ" ਹਸਤੀਆਂ ਤੋਂ ਇਹ ਪੁੱਛਣ ਨੂੰ ਦਿਲ ਕਰਦਾ ਹੈ ਕਿ ਕਿਉਂ ਉਹਨਾਂ ਨੂੰ ਇਹ ਪਤਾ ਨਹੀਂ ਲੱਗਦਾ ਕਿ ਰੇਮੋਨ ਮੈਗਸਾਸੇ ਕੌਣ ਸਨ? ਕੀ ਉਹਨਾਂ ਨੂੰ ਨਹੀਂ ਪਤਾ ਹੈ ਕਿ ਮੈਗਸਾਸੇ ਵੀ ਪਿਨੋਸ਼ੋ ਇਦੀਈਮੀਨ, ਥੇਨ ਵਰਗੇ ਸਾਮਰਾਜੀ ਅਮਰੀਕਾ ਪਰਸਤ ਤਾਨਾਸ਼ਾਹ 'ਚੋਂ ਇਕ ਸੀ। ਕੀ ਉਹ ਪਿਨੋਸ਼ਾ ਇਕੀ ਅਮੀਨ, ਥੇਨਸੂ ਵਰਗੇ ਕਿਸੇ ਰਾਜ ਦੀ ਯਾਦ ਵਿੱਚ ਸਥਾਪਤ ਪੁਰਸਕਾਰ ਨਾਲ ਨਿਵਾਜਿਆ ਜਾਣਾ ਪਸੰਦ ਕਰਨਗੇ? ਪਰ ਫਿਰ ਵਿਵੇਕ ਦੱਸਦਾ ਹੈ ਕਿ ਇਹਨਾਂ ਲੋਕਾਂ ਨੂੰ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਣਾ ਸੁਭਾਵਿਕ ਹੀ ਹੈ। ਆਖਰ ਇਹ ਪੁਰਸਕਾਰ ਮੁਖੌਟੇ ਦੇ ਨਾਲ ਸਾਮਰਾਜਵਾਦ ਦੀ ਸੇਵਾ ਕਰੇ ਅਤੇ ਅਥਾ ਸਥਿਤੀ ਨੂੰ ਬਰਕਰਾਰ ਰੱਖਣ ਵਿੱਚ ਆਪਣਾ ਯੋਗਦਾਨ ਦੇਵੇ।

# ਓਬਾਮਾ ਨੂੰ ਨੋਬੇਲ ਪੁਰਸਕਾਰ ਕਿਉਂ?

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਦੇ ਨਾਂ ਨੋਬੇਲ ਸ਼ਾਂਤੀ ਪੁਰਸਕਾਰ ਦੀ ਮੁਨਿਆਦੀ ਨਾਲ ਬਹੁਤੇ ਲੋਕ ਹੈਰਾਨ ਹੋ ਗਏ ਅਤੇ ਇਸ 'ਤੇ ਪ੍ਰਤੀਕਿਰਿਆਵਾਂ ਹੋਣੀਆਂ ਲਾਜਮੀ ਹਨ। ਵੇਨਜੂਏਲਾ ਦੇ ਰਾਸ਼ਟਰਪਤੀ ਸ਼ਾਵੇਜ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਓਬਾਮਾ ਨੋਬੇਲ ਸ਼ਾਂਤੀ ਪੁਰਸਕਾਰ ਦੇ ਅਸਲੀ ਹੱਕਦਾਰ ਨਹੀਂ ਹੈ। ਉਹਨਾਂ ਨੇ ਕੋਈ ਅਜਿਹਾ ਕਿਹੜਾ ਵਰਨਣਯੋਗ ਕੰਮ ਕੀਤਾ ਹੈ। ਜਿਸ ਕਾਰਨ ਉਹ ਇਸ ਪੁਰਸਕਾਰ ਦੇ ਹੱਕਦਾਰ ਹਨ। ਓਬਾਮਾ ਨੇ ਸ਼ਾਂਤੀ ਨੂੰ ਹੱਲਾਸ਼ੇਰੀ ਦੇਣ ਦੀ ਥਾਂ ਸਾਬਕਾ ਰਾਸ਼ਟਰਪਤੀ ਬੁਸ ਦੀਆਂ ਯੁੱਧ ਸਬੰਧੀ ਨੀਤੀਆਂ ਨੂੰ ਉਤਸ਼ਾਹਿਤ ਕੀਤਾ ਹੈ। ਵੈਨਜੁਏਲਾ ਦੇ ਰਾਸ਼ਟਬਪਤੀ ਸ਼ਾਵੇਜ ਦਾ ਵਿਸਲੇਸ਼ਣ ਕੁਝ ਅਰਥਾਂ 'ਚ ਸਹੀ ਵੀ ਹੈ। ਓਬਾਮਾ ਨੂੰ ਨੋਬੇਲ ਪੁਰਸਕਾਰ ਮਿਲਣ ਨਾਲ ਲੋਕਾਂ ਦਾ ਹੈਰਾਨ ਹੋਣਾ ਇਸ ਕਾਰਨ ਵਾਜਿਬ ਹੈ ਕਿ ਨਾ ਸਿਰਫ ਇਸ ਲਈ ਕਿ ਪਹਿਲੇ ਇਕ ਦਹਾਕੇ 'ਚ ਇਹ ਤੀਜੇ ਅਮਰੀਕਾ ਰਾਜ ਨੇਤਾ ਹਨ ਜਿਨ੍ਹਾਂ ਨੂੰ ਇਹ ਉਚਤਮ ਸਨਮਾਨ ਮਿਲਿਆ ਹੈ ਬਲਕਿ ਇਸ ਲਈ ਵੀ ਕਿ ਜਿਸ ਵੇਲੇ ਇਸ ਸਨਮਾਨ ਲਈ ਨਾਮਜ਼ਦਮੀਆਂ ਦੀ ਤਰੀਕ ਖਤਮ ਹੋ ਰਹੀ ਸੀ, ਮੁਸ਼ਕਲ ਨਾਲ ਦੋ ਹਫਤੇ ਹੀ ਲੰਘੇ ਹੋਣਗੇ ਰਾਸ਼ਟਰਪਤੀ ਬਣੇ ਹੋਇਆ। ਨੋਬੇਲ ਪੁਰਸਕਾਰ ਸੰਮਤੀ ਨੇ ਓਬਾਮਾ ਦੇ ਪੱਖ ਵਿੱਚ ਚਾਹੇ ਜਿੰਨੇ ਮਰਜ਼ੀ ਤਰਕ ਘੜੇ ਹੋਣ ਪਰ ਇਕ ਵਾਰੀ ਫਿਰ ਇਹ ਵਰਨਣਯੋਗ ਹੈ ਕਿ ਹੁਣ ਤਕ ਇਲਾਜ ਭੌਤਕੀ ਰਸਾਇਣ ਸਾਸ਼ਤਰ ਸਾਹਿਤ ਤੇ ਸ਼ਾਂਤੀ ਦੇ ਖੇਤਰ ਵਿਚ ਜਿੰਨੇ ਵੀ ਲੋਕਾਂ ਨੂੰ ਇਸ ਸਨਮਾਨ ਲਈ ਚੁਣਿਆ ਗਿਆ ਹੈ। ਉਹਨਾਂ 'ਚ ਅਮਰੀਕੀਆਂ ਦਾ ਬੋਲਬਾਲਾ ਰਿਹਾ ਹੈ। ਇਲਾਜ ਦੇ ਭੌਤਕੀ ਦੇ ਖੇਤਰ 'ਚ ਐਲਾਨੇ ਸਾਰੇ ਛੇ ਨਾਂ ਅਮਰੀਕੀ ਹਨ। ਹੋਰ ਖੇਤਰਾਂ ਦੇ ਜੋ ਬਾਕੀ ਨਾਂ ਹਨ ਉਹ ਜਾਂ ਤਾਂ ਉਸ ਦੇ ਮਿੱਤਰ ਦੇਸ਼ਾਂ ਨਾਲ ਤਾਲੁਕ ਰੱਖਦੇ ਹਨ ਜਾਂ ਫਿਰ ਕਮਿਊਨਿਸਟ ਵਿਚਾਰਧਾਰਾ ਦੇ ਖਿਲਾਫ ਖੜੇ ਹਨ।

ਕੀ ਇਹ ਸਿਰਫ ਸੰਯੋਗ ਵਸ ਹੀ ਹੈ? ਜੇ ਅਤੀਤ ਦੇ ਪੰਨਿਆਂ ਨੂੰ ਪਲਟੀਏ ਤਾਂ ਹਕੀਕਤ ਸਾਹਮਣੇ ਆ ਜਾਵੇਗੀ। ਨੋਬੇਲ ਪੁਰਸਕਾਰਾਂ ਦੇ ਪ੍ਰਸੰਗ 'ਚ ਹਮੇਸ਼ਾ ਤੋਂ ਇਹ ਦੋਸ਼ ਲੱਗਦਾ ਰਿਹਾ ਹੈ ਕਿ ਉਸ 'ਤੇ ਜਾਂ ਤਾਂ ਅਮਰੀਕੀਆਂ ਜਾਂ ਫਿਰ ਅਮਰੀਕੀ ਨੀਤੀਆਂ ਦੇ ਹਮਾਇਤੀਆਂ ਦੇ ਨਾਂ ਅੰਕਿਤ ਕੀਤੇ ਜਾਂਦੇ ਹਨ। ਏਨਾ ਹੀ ਨਹੀਂ ਅਨੇਕਾਂ ਵਾਰੀ ਤਾਂ ਸੁਆਲ ਚੋਣ ਕਰਨ ਵਾਲੇ ਵਿਅਕਤੀਆਂ ਦੀਆਂ ਪ੍ਰਾਪਤੀਆਂ 'ਤੇ ਵੀ ਉਠੇ ਹਨ। ਸੰਨ 2006 ਵਿੱਚ ਹੀ ਡਾਕਟਰ ਤੇ ਇਲਾਜ ਦੇ ਖੇਤਰ 'ਚ ਮਿਲੇ ਨੋਬੇਲ 'ਤੇ ਹੋਏ ਝਮੇਲੇ ਉਸ ਦਾ ਠੋਸ ਸਬੂਤ ਹਨ। ਤਦ ਜਿਸ ਇੰਡਰਿਊ ਫਾਇਰ ਅਤੇ ਕ੍ਰੇਗ ਸੀ ਮੇਲੋ ਨੂੰ 'ਆਰ. ਏ. ਐਨ.' ਦੇ ਪ੍ਰਸੰਗ'ਚ ਉਹਨਾਂ ਦੀ ਨਵੀਂ ਖੋਜ ਲਈ ਨੋਬੇਲ ਦਿੱਤਾ ਗਿਆ ਸੀ। ਦਰਅਸਲ ਉਹਨਾਂ ਤੋਂ ਕਈ ਸਾਲ ਪਹਿਲਾਂ ਪੌਦਿਆਂ 'ਚ ਇਸ ਦੀ ਖੋਜ ਡੇਵਿਡ ਬਾਲਕੰਬੇ ਨੇ ਕੀਤੀ ਸੀ। ਪਰ ਨੋਬੇਲ ਸੰਮਤੀ ਨੇ ਉਹਨਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ ਕਰ ਦਿੱਤਾ। ਇਸ ਤਰ੍ਹਾਂ ਸੰਨ 2008 ਦੇ ਰਸਾਇਣ ਸਾਸ਼ਤਰ ਅਤੇ ਭੌਤਿਕ ਦੇ ਪੁਰਸਕਾਰਾਂ 'ਤੇ ਵੀ ਝਮੇਲਾ ਹੋਇਆ ਸੀ। ਜਿਸ ਸਨਮਾਨ ਨੂੰ ਹਾਸਲ ਕਰਨ ਲਈ ਕਰੋੜਾਂ ਲੋਕਾਂ ਦੀ ਖਾਹਿਸ਼ ਹੁੰਦੀ ਹੈ ਉਸ ਨੂੰ ਏਨਾ ਪਾਰਦਰਸ਼ੀ ਅਤੇ ਵਿਵਾਦ

ਰਹਿਤ ਤਾਂ ਹੋਣਾ ਹੀ ਚਾਹੀਦਾ ਹੈ ਕਿ ਉਸ ਦੀ ਖੁਦ ਦੀ ਸ਼ਾਖ ਦਾਅ 'ਤੇ ਲੱਗੇ। ਪਰ ਨੋਬੇਲ ਸੰਮਤੀ ਦੇ ਪੱਖਪਾਤੀ ਰਵੱਈਏ ਅਤੇ ਗਲਤ ਫੈਸਲੇ ਕਾਰਨ ਇਧਰ ਕੁਝ ਸਾਲਾਂ ਤੋਂ ਨੋਬੇਲ ਸਨਾਮਨ 'ਤੇ ਕਿੰਤੂ ਪ੍ਰੰਤੂ ਹੋਣ ਲੱਗੇ ਹਨ। ਇਸ ਨਾਲ ਸ਼ਾਂਤੀ ਦੇ ਨੋਬੇਲ ਪੁਰਸਕਾਰ ਨੂੰ ਹੀ ਲੈ ਕੇ ਅਸ਼ਾਂਤੀ ਫੈਲ ਰਹੀ ਹੈ। ਤਰਕ ਕੁਝ ਵੀ ਘੜੇ ਜਾਣ ਪਰ ਹੁਣ ਕਿਸੇ ਨੂੰ ਬੇਵਕੂਫ ਸਮਝਣਾ ਖੁਦ ਆਪਣੀ ਮੂਰਖਤਾ ਹੋਵੇਗੀ ਜੇ ਤਰਕ ਸਟੀਕ ਹੋਵੇ ਤਾਂ ਹਰੇਕ ਨੂੰ ਸੰਤੁਸ਼ਟ ਕੀਤਾ ਜਾ ਸਕਦੈ। ਪਰ ਜਿਥੇ ਦਾਬੇ ਨੂੰ ਪੁਰਸਕ੍ਰਿਤ ਕਰਨ ਦੀ ਆਵਾਜ਼ ਨਿਕਲਦੀ ਹੋਵੇ। ਉਥੇ ਖਾਮੋਸ਼ੀ ਦੀ ਚਾਹਤ ਕੈਸੀ? ਏਥੇ ਫ੍ਰੈਂਚ ਲੇਖਕ ਜਾਂ ਪਾਲ ਸਾਰਤਰ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਉਹਨਾਂ ਨੇ ਨੋਬੇਲ ਪੁਰਸਕਾਰ ਵਰਗੇ ਸਨਮਾਨ ਨੂੰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਅਜਿਹਾ ਨਹੀਂ ਹੈ ਕਿ ਦੁਨੀਆਂ ਦੇ ਹਰ ਕਿਸੇ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਹੈ। ਇਕ ਕੀਮਤ ਪਲ ਸੀ। ਕੁਝ ਅਜਿਹੇ ਵਿਰਲੇ ਵੀ ਸਨ ਜਿਹਨਾਂ ਲਈ ਨੋਬੇਲ ਪੁਰਸਕਾਰ ਮਿਲਣਾ ਖਾਸ ਅਹਿਮੀਅਤ ਨਹੀਂ ਰੱਖਦਾ ਸੀ। ਇਹਨਾਂ ਵਿੱਚ ਸਭ ਤੋਂ ਪਹਿਲਾਂ ਨਾਂ ਆਉਂਦਾ ਹੈ। ਅਸਿਤਿਵਾਦ ਦੇ ਪ੍ਰਵਰਤਕ ਅਤੇ ਫਰੈਂਚ ਲੇਖਕ ਜਾਂ ਪਾਲ ਸਾਰਤਰ ਦਾ। ਸਾਰਤਰ ਨੂੰ ਸੰਨ 1964 'ਚ ਸਾਹਿਤ ਦੇ ਖੇਤਰ ਵਿੱਚ ਅਮੁੱਲ ਯੋਗਦਾਨ ਦੇਣ ਲਈ ਨੋਬੇਲ ਪੁਰਸਕਾਰਨ ਨਾਲ ਸਨਮਾਨਿਤ ਕੀਤਾ ਗਿਆ ਸੀ। ਪਰ ਉਹਨਾਂ ਨੇ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਇਲਾਵਾ ਵਿਅਤਨਾਮ ਦੇ ਰਾਜਸੀ ਆਗੂ ਲੀ ਡੀਯੂਸ ਨੂੰ ਵੀ ਸੰਨ 1973 ਵਿੱਚ ਅਮਰੀਕੀ ਰਾਜਸੀ ਆਗੂ ਹੇਨਰੀ ਕਿਸੰਜਰ ਦੇ ਨਾਲ ਸੰਯੁਕਤ ਤੌਰ 'ਤੇ ਨੋਬੇਲ ਦਾ ਸ਼ਾਂਤੀ ਪੁਰਸਕਾਰ ਦਿੱਤਾ ਗਿਆ ਸੀ ਪਰ ਡਿਊਸ ਨੇ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ ਸੀ।

ਨੋਬੇਲ ਪੁਰਸਕਾਰ ਦੇ ਲਫੜੇ – ਸੰਨ 1994 ਵਿੱਚ ਯਾਸ਼ਰ ਅਰਾਫਾਤ ਅਤੇ ਸ਼ੋਮੋਨ ਪੇਰੇਜ ਅਤੇ ਯਿਤਸਕ ਰਾਬਿਨ ਨੂੰ ਨੋਬੇਲ ਪੁਰਸਕਾਰ ਦਾ ਐਲਾਨ ਕਰਨ 'ਤੇ ਨੋਬੇਲ ਸੰਮਤੀ ਦੇ ਇਕ ਮੈਂਬਰ ਨੇ ਇਹ ਕਹਿੰਦੇ ਹੋਏ ਅਸਤੀਫਾ ਦੇ ਦਿੱਤਾ ਸੀ ਕਿ ਹੁਣ ਦੁਨੀਆਂ ਦਾ ਮਹਾਨ ਪੁਰਸਕਾਰ ਅੱਤਵਾਦੀਆਂਨੂੰ ਦਿੱਤਾ ਜਾਣ ਲੱਗਿਆ ਹੈ। ਸੰਨ 1926 'ਚ ਕੈਂਸਰ ਲਈ ਜ਼ਿੰਮੇਵਾਰ ਜਿਸ ਪ੍ਰਜੀਵੀ ਵਾਰਮ 'ਤੇ ਕੰਮ ਕਰਨ ਲਈ ਨੋਬੇਲ ਪੁਰਸਕਾਰ ਦਿੱਤਾ ਗਿਆ ਸੀ। ਬਾਅਦ ਦੇ ਸਾਲਾਂ 'ਚ ਪਤਾ ਲੱਗਿਆ ਕਿ ਉਹ ਖੋਜ ਅਰਥਹੀਣ ਸੀ। ਨੋਬੇਲ ਪੁਰਸਕਾਰ ਦੇ ਬਾਨੀ ਅਲਫ੍ਰੇਡ ਨੋਬੇਲ ਦੀ ਛੱਡੀ ਗਈ 31.5 ਮਿਲੀਅਨ ਡਾਲਰ ਦੀ ਜਾਇਦਾਦ 'ਤੇ ਜੋ ਪੁਰਸਕਾਰ ਦਿੱਤੇ ਜਾਂਦੇ ਹਨ। ਉਹ ਜਾਇਦਾਦ ਉਹਨਾਂ ਨੂੰ ਡਾਇਨਾਮਾਈਟ ਫਿਸਫੋਟ ਵੇਚ ਕੇ ਇਕੱਠੀ ਕੀਤੀ ਸੀ। ਉਹਨਾਂ ਦੇ ਮਰਨ 'ਤੇ ਇਕ ਫਰਾਂਸੀਸੀ ਅਖਬਾਰ ਨੇ ਉਹਨਾਂ ਨੂੰ 'ਮੌਤ ਦਾ ਵਪਾਰੀ' ਕਿਹਾ ਸੀ। ਸੰਨ 2007 ਵਿੱਚ ਨੋਬੇਲ ਫਾਊਂਡੇਸ਼ਨ ਦੇ ਕਾਰਜਕਾਰੀ ਪ੍ਰਧਾਨ ਨੇ ਨਰਾਜ਼ਗੀ ਜਾਹਰ ਕਰਦਿਆਂ ਕਿਹਾ ਸੀ ਕਿ ਅਸੀਂ ਇਕ ਮਹਾਨ ਨੋਬੇਲ ਵਿਜੇਤਾ ਨੂੰ ਖੋਹ ਦਿੱਤਾ ਹੈ ਅਤੇ ਉਹ ਗਾਂਧੀ ਸਨ। ਗਾਂਧੀ ਨੂੰ 1937, 38, 39, 1947 ਤੇ 1948 'ਚ ਨਾਮਜਦ ਕੀਤਾ ਗਿਆ ਸੀ ਪਰ ਨੋਬੇਲ ਸੰਮਤੀ ਨੇ ਗਾਂਧੀ ਦੇ ਨਾਂ ਨੂੰ ਇਹ ਕਹਿ ਕੇ ਖਾਰਜ ਕਰ ਦਿੱਤਾ ਸੀ ਕਿ ਉਹਨਾਂ ਤਾਂ ਰਾਜਨੇਤਾ ਹਨ ਤੇ ਨਾ ਹੀ ਰਾਹਤ ਕਰਮੀ। ਇਥੇ ਇਹ ਕਹਿਣਾ ਉਚਿਤ ਹੋਵੇਗਾ ਕਿ ਆਪਣੇ ਹੀ ਪੁਰਸਕਾਰ ਦੀ ਕਦਰ ਘਟਾਈ ਕਰਕੇ ਨੋਬੇਲ ਪੁਰਸਕਾਰ ਵਾਲਿਆਂ ਨੇ ਉਸ ਦਾ ਤ੍ਰਿਸਕਾਰ ਕੀਤਾ ਹੈ। ਅਮਰੀਕੀ

ਰਾਸ਼ਟਰਪਤੀ ਬਰਾਕ ਓਬਾਮਾ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਨਵਾਜਿਆ ਜਾਣਾ ਇਕ ਅਜਿਹਾ ਸਦਮਾ ਹੈ। ਜਿਸ ਨੂੰ ਅਸਾਨੀ ਨਾਲ ਝੱਲਣਾ ਕਾਫੀ ਕਠਿਨ ਹੈ। ਓਬਾਮਾ ਖੁਸ਼ ਮਿਜਾਜ ਖੂਬਸੂਰਤ ਇਨਸਾਨ ਹਨ। ਆਪਣੇ ਸਾਬਕ ਰਾਸ਼ਟਰਪਤੀ ਜਾਰਜ ਡਬਲਯੂ ਬੁਸ਼ ਦੇ ਮੁਕਾਬਲਤਣ ਕਿਤੇ ਵੱਧ ਬੁੱਧੀਮਾਨ ਵੀ ਉਹਨਾਂ ਬਾਰੇ ਆਮ ਧਾਰਨਾ ਹੈ ਕਿ ਉਹਨਾਂ ਦਾ ਨਜ਼ਰੀਆ ਉਦਾਰ ਤੇ ਮਾਨਵੀ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਵਿਸ਼ਵ ਸ਼ਾਂਤੀ ਦੀ ਸਥਾਪਨਾ ਲਈ ਜਾਂ ਵਿਸ਼ਵ ਵਿਆਪੀ ਹਿੰਸਾ ਤੇ ਰੋਕ ਲਾਉਣ ਲਈ ਉਹਨਾਂ ਦਾ ਯੋਗਦਾਨ ਏਨਾ ਮਹੱਤਵਪੂਰਨ ਹੈ ਕਿ ਉਹਨਾਂ ਨੂੰ ਇਸ ਤਰ੍ਹਾਂ ਅਭੀਨੰਦਤ ਕੀਤਾ ਜਾਵੇ।

ਇਹ ਗੱਲ ਦੋ ਟੁੱਕ ਕਹੇ ਜਾਣ ਦੀ ਜ਼ਰੂਰਤ ਹੈ ਕਿ ਚੋਣ ਸੰਮਤੀ ਨੇ ਇਸ ਮਾਮਲੇ 'ਚ ਖਾਸੀ ਤੇ ਖਤਰਨਾਕ ਜਲਦਬਾਜੀ ਕੀਤੀ ਹੈ। ਆਪਣੀ ਚੋਣ ਮੁਹਿੰਮ ਦੌਰਾਨ ਓਬਾਮਾ ਨੇ ਕਈ ਵਾਰ ਐਲਾਨ ਕੀਤਾ ਸੀ ਕਿ ਉਹ ਇਰਾਕ 'ਚ ਯੁੱਧਬੰਦ ਲਈ ਯਤਨ ਕਰਨਗੇ ਅਤੇ ਉਸ ਮੋਰਚੇ 'ਤੇ ਫਸੀਆਂ ਅਮਰੀਕੀ ਫੌਜਾਂ ਨੂੰ ਘਰ ਵਾਪਸ ਆ ਜਾਣਗੇ। ਜਾਣੇ ਕਿੰਨੇ ਅਮਰੀਕੀ ਫੌਜੀ ਅਤੇ ਬੇਗੁਨਾਹ ਇਰਾਕੀ ਉਦੋਂ ਤੋਂ ਹੁਣ ਤਕ ਅਮਰੀਕੀ ਦਖਲਅੰਦਾਜੀ ਕਾਰਨ ਆਪਣੀਆਂ ਜਾਨਾਂ ਗਵਾ ਚੁੱਕੇ ਹਨ। ਪਰ ਇਸ ਦਲਦਲ 'ਚ ਅਮਰੀਕੀ ਹੁਣ ਵੀ ਜਾਨਲੇਵਾ ਢੰਗ ਨਾਲ ਫਸਿਆ ਹੋਇਆ ਹੈ। ਬਗਦਾਦ 'ਚ ਅਤੇ ਹੋਰ ਅਨੇਕਾਂ ਆਏ ਦਿਨ ਦਹਿਸ਼ਤ ਗਰਦਾਂ ਦੇ ਜਾਨਲੇਵਾ ਹਮਲੇ ਜਾਰੀ ਹਨ ਅਤੇ ਇਰਾਕ ਦੀ ਬਦਸਤੂਰ ਤਬਾਹੀ ਵੀ ਬਰਕਰਾਰ ਹੈ। ਜੋ ਫੌਜਾਂ ਇਰਾਕ ਤੋਂ ਹਟਾਈਆਂ ਗਈਆਂ ਹਨ। ਉਹਨਾਂ ਨੂੰ ਅਫਗਾਨਿਸਤਾਨ ਭੇਜ ਦਿੱਤਾ ਗਿਆ ਹੈ। ਉਥੇ ਤੈਨਾਤ ਸਰਵਉੱਚ ਜਨਰਲ ਨੇ ਇਹ ਮੰਗ ਕੀਤੀ ਹੈ ਕਿ ਅਮਰੀਕੀ ਸੈਨਿਕਾ ਨੂੰ ਉਥੋਂ ਫੌਰੀ ਹਟਾਇਆ ਜਾਵੇ। ਅਫਗਾਨਿਸਤਾਨ ਦਾ ਹਾਲ ਇਰਾਕ ਤੋਂ ਵੀ ਮਾੜਾ ਹੈ। ਅਮਰੀਕਾ ਦੇ ਕਠਪੁਤਲੇ ਕਰਜਾਈ ਦਾ ਰਾਜਪਾਟ ਮੁਸ਼ਕਲ ਨਾਲ ਕਾਬੁਲ ਨਗਰ ਦੀ ਸਰਹੱਦ ਤਕ ਫੈਲਿਆ ਹੋਇਆ ਹੈ। ਜਿਸ ਤਾਲਿਬਾਨ ਦਾ ਸਫਾਇਆ ਕਰਨ ਲਈ ਉਸ ਦੇਸ਼ 'ਚ ਸੱਤਾ ਤਬਦੀਲੀ ਕੀਤੀ ਗਈ ਸੀ। ਉਹ ਫਿਰ ਤੋਂ ਸਿਰ ਉਠਾਉਣ ਲੱਗਿਆ ਹੈ। ਦੱਖਣ-ਪੂਰਬੀ ਅਫਗਾਨਿਸਤਾਨ ਹੋਵੇ ਜਾਂ ਉੱਤਰੀ ਇਥੇ ਉਹਨਾਂ ਦਾ ਹੀ ਬੋਲਬਾਲਾ ਹੈ।

ਪਾਕਿਸਤਾਨ ਦੇ ਸਵਾਤ ਸੂਬੇ 'ਚ ਉਹਨਾਂ ਦੀਆਂ ਹਰਕਤਾਂ ਪਾਕਿਸਤਾਨ ਨੂੰ ਟੁੱਟਣ ਦੇ ਕਿਨਾਰੇ ਪਹੁੰਚਾ ਚੁੱਕੀਆਂ ਹਨ। ਇਸ ਅਭਾਗੇ ਦੇਸ਼ ਦੇ ਜਿਹਨਾਂ ਇਲਾਕਿਆਂ 'ਚ ਜਾਣੇ-ਪਹਿਚਾਣੇ ਤਾਲਿਬਾਨ ਅਸਰਦਾਰ ਨਹੀਂ ਉਥੇ ਵੀ ਉਹਨਾਂ ਵਰਗੇ ਹੀ ਖੂੰਖਾਰ ਕਬਾਇਲੀ ਸੂਬੇਦਾਰ ਸੱਤਾ ਹਥਿਆਈ ਬੈਠੇ ਹਨ। ਸਰਭਸ਼ਕਤੀਮਾਨ ਸਮਝਿਆ ਜਾਣ ਵਾਲਾ ਅਮਰੀਕਾ ਇਹਨਾਂ ਦੇ ਸਾਹਮਣੇ ਗੋਡੇ ਟੇਕਣ ਲਈ ਮਜ਼ਬੂਰ ਹੋਇਆ ਹੈ। ਇਹਨਾਂ ਦੀ ਤਾਕਤ ਦੀ ਬੁਨਿਆਦ ਅਫੀਮ ਦਾ ਨਾਜਾਇਜ਼ ਵਪਾਰ ਅਤੇ ਹਥਿਆਰ ਦੀ ਤਸਕਰੀ ਹੈ। ਇਸ ਪੂਰੇ ਇਲਾਕੇ ਵਿੱਚ ਕੱਟੜਪੰਥੀ ਇਸਲਾਮੀ ਹਿੰਸਾ ਦੀ ਬਰਾਮਦ ਇਹੀ ਅਫਗਾਨ ਕਸਤੂਪ ਕਰਦੇ ਹਨ। ਚੇਚਨੀਆਂ ਤੋਂ ਪੂਰਬੀ ਤੁਰਕਸਤਾਨ ਤਕ ਇਹ ਲਾਵਾ ਸਭ ਨੂੰ ਝੁਲਸ ਰਿਹਾ ਹੈ। ਇਹ ਗੱਲ ਨੂੰ ਝੁਠਲਾਉਣਾ ਮੁਸ਼ਕਲ ਹੈ। ਕਿ ਅਮਰੀਕੀ ਰਾਸ਼ਟਰਪਤੀ ਓਬਾਮਾ ਦੇ ਅਹੁਦਾ ਸੰਭਾਲਣ ਤੋਂ ਪਹਿਲਾਂ ਵਾਲੇ ਵਾਅਦੇ ਇਰਾਦੇ ਮਲੀਆਮੇਟ ਹੋ ਚੁੱਕੇ ਹਨ। ਫਿਰ ਓਬਾਮਾ ਨੇ ਸ਼ਾਂਤੀ ਲਈ ਕੀ ਇਥੇ ਕਰਿਸ਼ਮਾ

ਕਰ ਵਿਖਾਇਆ ਹੈ? ਮੱਧ ਪੂਰਬ 'ਚ ਸਥਿਤੀ ਭੋਰਾ ਭਰ ਵੀ ਨਹੀਂ ਸੁਧਰੀ ਹੈ। ਅਮਰੀਕਾ ਦਾ ਮੋਹਰਾ ਇਸਰਾਇਲ ਅੱਜ ਵੀ ਫਿਲਸਤੀਨੀਆਂ ਦੀ ਛਾਤੀ 'ਤੇ ਚੜ੍ਹਿਆ ਬੈਠਾ ਹੈ ਅਤੇ ਗਾਜਾ ਪੱਟੀ ਤੇ ਹੋਰ ਵਸੇ ਸ਼ਰਨਾਰਥੀ ਤਰ੍ਹਾਂ ਤਰ੍ਹਾਂ ਨਾਲ ਲੁੱਟੇ ਘਸੁੱਟੇ ਜਾ ਰਹੇ ਹਨ। ਜੇ ਇਹਨਾਂ ਸਾਰਿਆਂ 'ਚ ਓਬਾਮਾ ਸਰਕਾਰ ਦਾ ਹੱਥ ਹੈ ਤਾਂ ਉਹਨਾਂ ਨੂੰ 'ਸ਼ਾਂਤੀ' ਦੀ ਬਜਾਏ 'ਅਸ਼ਾਂਤੀ' ਪੁਰਸਕਾਰ ਦੇਣਾ ਵੱਧ ਠੀਕ ਸੀ।

ਇਹ ਕਹਿਣਾ ਵੀ ਬੇਮਾਨੀ ਹੈ ਕਿ ਪ੍ਰਮਾਣਵਿਕ ਨਿ : ਸ਼ਸਤਰੀਕਰਣ ਦੇ ਖੇਤਰ 'ਚ ਓਬਾਮਾ ਨੇ ਹਾਤਿਮ ਦੀ ਕਬਰ 'ਤੇ ਲੱਤਮਾਰ ਕੇ ਕੋਈ ਬਹੁਤ ਵੱਡੀ ਪ੍ਰਾਪਤੀ ਦਰਜ ਕਰਵਾਈ ਹੈ। ਪ੍ਰਮਾਣੂ ਅਪ੍ਰਸਾਰ ਸੰਧੀ ਨੂੰ ਦੁਨੀਆਂ ਭਰ 'ਚ ਲਾਗੂ ਕਰਾਉਣ 'ਤੇ ਬਜਿਦ ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਸਿਰਫ ਇਹ ਐਲਾਨ ਕੀਤਾ ਹੈ ਕਿ ਰੂਸ ਦੀ ਰਜ਼ਾਮੰਦੀ ਨਾਲ ਇਹ ਭਵਿੱਖ 'ਚ ਸਾਮਰਿਕ ਪ੍ਰਮਾਣਵਿਕ ਹਥਿਆਰਾਂ ਦੇ ਜ਼ਖੀਰੇ ਨੂੰ ਘਟਾਉਣਗੇ। ਸੋਚਣਯੋਗ ਗੱਲ ਇਹ ਹੈ ਕਿ ਨੋਬੇਲ ਪੁਰਸਕਾਰ ਦੇਣ ਵਾਲੀ ਸੰਮਤੀ ਨੇ ਇਸ ਮਾਮਲੇ 'ਚ ਪ੍ਰਾਪਤੀ ਨੂੰ ਹੀ ਇਰਾਦੇ ਨੂੰ ਹੀ ਤਰਜੀਹ ਦਿੱਤੀ ਹੈ। ਇਹ ਗੱਲ ਨਹਾਇਤ ਹਾਸੋਹੀਣੀ ਹੈ ਕਿ ਸਾਹਿਤ ਦਾ ਅਗਲਾ ਨੋਬੇਲ ਪੁਰਸਕਾਰ ਉਸ ਬੰਦੇ ਨੂੰ ਦਿੱਤਾ ਜਾਵੇਗਾ। ਜਿਸ ਨੇ ਨੇੜ ਭਵਿੱਖ 'ਚ ਇਕ ਕਾਲਜਈ ਰਚਨਾ ਦਾ ਸੰਕਲਪ ਜਨਤਕ ਕੀਤਾ ਹੋਵੇ? ਐਸੀ ਲਾਲਸਾ ਉਹ ਵਿਗਿਆਨਕ ਵੀ ਪਾਲ ਸਕਦੇ ਹਨ, ਜਿਹਨਾਂ ਦੇ ਹੱਥ ਪੱਲੇ ਹੀ ਹੁਣ ਕੁਝ ਨਾ ਲੱਗਿਆ ਹੋਵੇ, ਪਰ ਜੋ ਸ਼ੋਧਰਤ ਹਨ। ਸਾਡੀ ਸਮਝ 'ਚ ਓਬਾਮਾ ਨੂੰ ਸਨਮਾਨਿਤ ਕਰਕੇ ਚੋਣ ਸੰਮਤੀ ਨੇ ਇਸ ਪੁਰਸਕਾਰ ਦਾ ਤਿਰਸਕਾਰ ਹੀ ਕੀਤਾ ਹੈ। ਇਹ ਗੱਲ ਭੁਲਾਉਣੀ ਕਾਫੀ ਔਖੀ ਹੈ ਕਿ ਨਹਿਰੂ ਗਾਂਧੀ ਦੋਹਾਂ ਨੂੰ ਹੀ ਇਸ ਪੁਰਸਕਾਰ 'ਚੋਂ ਅਣਗੌਲਿਆਂ ਕੀਤਾ ਗਿਆ ਸੀ। ਅਨੇਕਾ ਅਜਿਹੇ ਨੋਬੇਲ ਸ਼ਾਂਤੀ ਪੁਰਸਕਾਰ ਵਿਜੇਤਾ ਹਨ ਜੋ ਅੱਜ ਵੀ ਦੁਖੀ ਹਨ। ਮਿਆਂਮਾਰ 'ਚ ਆਂਗ ਸਾਨ ਸੂ ਇਹਨਾਂ 'ਚ ਮੁੱਖ ਹਨ। ਦਲਾਈਲਾਮਾ ਦਾ ਨਾਂ ਵੀ ਲੋਕ ਲੈਂਦੇ ਹਨ। ਓਬਾਮਾ ਤੋਂ ਵੱਧ ਇਸ ਪੁਰਸਕਾਰ ਦੇ ਕਿਤੇ ਵੱਧ ਹੱਕਦਾਰ ਹੈ ਨਰੀ ਕੀਸਿੰਜਰ ਹੋ ਸਕਦੇ ਹਨ। ਜਿਨ੍ਹਾਂ ਨੇ ਕਿਸੇ ਤਰ੍ਹਾਂ ਨਾਲ ਹਿੰਦ-ਚੀਨ ਦਰਮਿਆਨ ਜੰਗਬੰਦੀ ਦੀ ਕੋਸ਼ਿਸ਼ ਕੀਤੀ ਸੀ। ਉਸ ਵਕਤ ਵੀ ਉਤਰ ਵਿਅਤਨਾਮੀ ਰਾਜ ਨਾਇਕ ਲੇਦੁਕਥੋ ਨੇਇਸ ਇਨਾਮ ਨੂੰ ਠੁਕਰਾ ਦਿੱਤਾ ਸੀ।

ਮਾਨਵਰ ਸਾਦਾਤ ਨੇ ਨੋ ਬੇਲ ਪੁਰਸਕਾਰ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਈ ਸੀ ਅਤੇ ਨੈਲਸਨ ਮੰਡੇਲਾ ਨੇ ਆਪਣੇ ਜੀਵਨ ਦੀ ਚੌਥਾਈ ਸਦੀ ਨਸਲਵਾਦੀ ਦੱਖਣੀ ਅਫਰੀਕਾ ਦੀ ਜੇਲ੍ਹ 'ਚ ਕੱਟੀ ਸੀ ਤਾਂ ਜਾ ਕੇ ਉਸ ਨੂੰ ਇਹ ਤਗਮਾ ਮਿਲਿਆ। ਅਸੀਂ ਚਾਹੀਏ ਤਾਂ ਇਸ ਤੋਂ ਵੀ ਲੰਬੀ ਫੇਤਰਿਸਤ ਉਹਨਾਂ ਲੋਕਾਂ ਦੀ ਪੇਸ਼ ਕਰ ਸਕਦੇ ਹਾਂ ਜੋ ਓਬਾਮਾ ਤੋਂ ਵੱਧ ਅਯੋਗ ਤੇ ਖਲਨਾਇਕ ਕਿਸਮ ਦੇ ਹਨ। ਜਾਂ ਜਿਨ੍ਹਾਂ ਨੇ ਰਾਜਸੀ ਕਾਰਣਾ ਕਰਕੇ ਇਹ ਰਿਸ਼ਵਤ ਦਿੱਤੀ ਸੀ। ਇਹ ਸਵੀਕਾਰ ਕਰਨਾ ਪਵੇਗਾ ਕਿ ਬੁਰਿਆਂ 'ਚੋਂ ਸਭ ਤੋਂ ਅੱਛੇ ਅਤੇ ਨਕਾਰਿਆਂ 'ਚੋਂ ਸਭ ਤੋਂ ਬੇਹਤਰ ਵਾਲੀ ਸ਼੍ਰੇਣੀ ਵਿੱਚ ਓਬਾਮਾ ਨੂੰ ਰੱਖ ਕੇ ਨੋਬੇਲ ਪੁਰਸਕਾਰ ਸੰਮਤੀ ਨੇ ਕਿਸ ਦੀ ਵੱਧ ਬੇਇਜ਼ਤੀ ਕੀਤੀ ਹੈ ਆਪਣੀ ਜਾਂ ਉਹਨਾਂ ਦੀ? ਵਿਡੰਬਨਾ ਇਹ ਹੈ ਕਿ ਦੁਨੀਆਂ ਦੇ ਸਭ ਤੋਂ ਵੱਧ ਤਾਕਤਵਾਰ ਸਮਝੇ ਜਾਣ ਵਾਲੇ ਇਨਸਾਨ ਲਈ ਇਸ ਛੁਣਛੁਣੇ ਦੀ ਲੋੜ ਨਹੀਂ ਸੀ। ਇਸ ਨੂੰ ਬਦਕਿਸਮਤੀ ਹੀ ਕਿਹਾ ਜਾ ਸਕਦਾ ਹੈ ਕਿ ਆਪਣੇ ਹੀ

ਪੁਰਸਕਾਰ ਦਾ ਇਸ ਤਰ੍ਹਾਂ ਨਿਰਾਦਰ ਕਰਕੇ ਨੋਬੇਲ ਪੁਰਸਕਾਰ ਵਾਲਿਆਂ ਨੇ ਇਸ ਦੀ ਕਦਰ ਘਟਾਈ ਹੈ ਅਤੇ ਇਸ ਦੀ ਬਚੀ ਖੁਚੀ ਪ੍ਰਤੀਕਾਤਮਕ ਸ਼ਾਨ ਨੂੰ ਵੀ ਡੇਗ ਦਿੱਤਾ ਹੈ। ਓਬਾਮਾ ਦੀ ਚੋਣ 'ਚ ਕੱਚੜਘਰੜ ਸੋਚ ਸਾਫ ਨਜ਼ਰ ਆ ਰਹੀ ਹੈ। ਅਮਰੀਕੀ ਰਾਸ਼ਟਰਪਤੀ ਨੇ ਆਉਣ ਵਾਲੇ ਦਿਨਾਂ 'ਚ ਆਪਣੀ ਭੂਮਿਕਾ ਨੂੰ ਪ੍ਰਕਾਸ਼ਿਤ ਕਰਨ ਦੇ ਦ੍ਰਿਸ਼ਟੀਕਣ ਤੋਂ ਬੇਹੱਦ ਅਹਿਮ ਫੈਸਲਾ ਲੈਣਾ ਹੈ। ਉਹਨਾਂ ਨੇ ਇਹ ਤਹਿ ਕਰਨਾ ਹੈ ਕਿ ਅਫਗਾਨਿਸਤਾਨ 'ਚ ਚਾਲੀ ਹਜ਼ਾਰ ਅਤੇ ਹੋਰ ਫੌਜੀ ਭੇਜਣ ਦੀ ਆਪਣੇ ਜਨਰਲਾਂ ਦੀ ਮੰਗ ਮੰਨੀ ਜਾਵੇ ਜਾਂ ਨਾ? ਉਦੋਂ ਕੀ ਹੋਵੇਗਾ ਜਦੋਂ ਓਬਾਮਾ ਅਫਗਾਨਿਸਤਾਨ 'ਚ ਸਥਿਰਤਾ ਲਿਆਉਣ 'ਚ ਅਸਫਲ ਹੋ ਜਾਣਗੇ? ਕੀ ਅਫਗਾਨਿਸਤਾਨ ਓਬਾਮਾ ਦਾ ਵਿਅਤਨਾਮ ਸਾਬਤ ਹੋਵੇਗਾ? ਇਹ ਸਹੀ ਹੈ ਕਿ ਇਕ ਹਥਿਆਰ ਨਿਰਮਾਤਾ ਵੱਲੋਂ ਸ਼ਾਂਤੀ ਪੁਰਸਕਾਰ ਦੇਣ ਦੇ ਵਿਚਾਰ ਦਾ ਦੁਨੀਆ ਮਖੌਲ ਉਡਾਉਂਦੀ ਹੈ। ਤੇ ਕਈ ਅਜਿਹੇ ਵਿਜੇਤਾ ਸਾਹਮਣੇ ਆਏ ਜਿਹਨਾਂ ਨੇ ਵਿਵਾਦ ਨੂੰ ਜਨਮ ਦਿੱਤਾ।

ਬੇਹਤਰ ਹੁੰਦਾ ਜੇ ਓਬਾਮਾ ਨੋਬੇਲ ਪੁਰਸਕਾਰ ਲੈਣ ਤੋਂ ਨਾਂਹ ਕਰ ਦਿੰਦਾ। ਪਰ ਉਸ ਤੋਂ ਇਹ ਉਮੀਦ ਕਰਨੀ ਬੇਕਾਰ ਹੈ। ਕਿਉਂਕਿ ਉਸ ਨੇ ਆਪਣੇ ਹੀ ਨੌਂ ਮਹੀਨਿਆਂ ਦੀ ਹਕੂਮਤ ਦੌਰਾਨ ਦੇਸ਼ ਦੇ ਵਿਕਾਸ ਵੱਲ ਕੋਈ ਧਿਆਨ ਨਹੀਂ ਦਿੱਤਾ ਆਪਣੇ ਵਿਅਕਤੀਤਵ 'ਤੇ ਵੱਧ ਧਿਆਨ ਕੇਂਦਰਿਤ ਕੀਤਾ। ਹਿੰਦੂਆਂ ਨੂੰ ਪ੍ਰਭਾਵਿਤ ਕਰਨ ਲਈ ਵਾਈਟ ਹਾਊਸ 'ਚ ਦਿਵਾਲੀ ਦਾ ਦੀਪ ਜਲਾਇਆ। ਇਸਲਾਮ ਵਾਲਿਆਂ ਦੇ ਨਾਲ ਨਰਾਜ ਅਦਾ ਕਰਦੇ ਹਨ। ਜਦ ਕਿ ਇਸਾਈਆਂ ਨਾਲ ਚਰਚ 'ਚ ਜਾ ਕੇ ਮੋਮਬੱਤੀਆਂ ਜਲਾਉਣਾ ਨਹੀਂ ਭੁੱਲਦੇ। ਓਬਾਮਾ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਹਰ ਕੋਈ ਮੁਗਲ-ਏ-ਆਜ਼ਮ ਅਕਬਰ ਨਹੀਂ ਬਣ ਸਕਦਾ।

--------✪✪--------

# ਅਣਗੌਲਿਆ ਵਿਦਰਭ-ਮਜ਼ਬੂਰ ਔਰਤਾਂ

ਵਿਦਰਭ (ਮਹਾਰਾਸ਼ਟਰ ਰਾਜ ਦਾ ਨਾਗਪੁਰ ਤੇ ਅਮਰਵਤੀ ਖੇਤਰ) ਅੱਜ 'ਕਿਸਾਨ ਆਤਮ ਹੱਤਿਆ' ਅਮਲ ਦੇ ਕਾਰਣ 'ਖੂੰਖਾਰ ਵਿਰਦਭ' ਦੇ ਨਾਂ ਨਾਲ ਪ੍ਰਚਲਤ ਹੋ ਗਿਆ ਹੈ। ਇਕ ਅਜਿਹੀ ਮਜ਼ਬੂਰੀ ਭਰੀ ਤਰਾਸਦੀ ਦੀ ਘੜੀ ਵਿਚ ਵੀ ਰਾਜਨੀਤੀਬਾਜਾਂ ਨੇ ਰਾਜਨੀਤੀ ਦੀ ਖੇਡ ਖੇਡਣ ਲਈ ਵਿਦਰਭ ਦੀ ਭੂਮੀ ਨੂੰ ਅਖਾੜਾ ਬਣਾਇਆ। ਇਹਨਾਂ ਰਾਜਨੀਤੀ ਬਾਜਾਂ ਨੂੰ ਵਿਦਰਭ ਦੀ ਜਨਤਾ ਨਾਲ ਕੋਈ ਲਗਾਅ ਨਹੀਂ ਹੈ। ਆਤਮ ਹੱਤਿਆ ਕਰ ਰਹੇ ਕਿਸਾਨਾਂ ਦੇ ਜਖਮਾਂ 'ਤੇ ਮਰਹਮ ਲਾਉਣ ਦੀ ਬਜਾਏ ਸੱਤਾ ਲੋਭੀ ਇਹ ਦਲਾਲ ਉਹਨਾਂ 'ਤੇ ਨਮਕ ਛਿੜਕਣ ਦਾ ਕੰਮ ਕਰਨ ਲੱਗੇ ਹਨ। ਪ੍ਰਧਾਨ ਮੰਤਰੀ ਨੂੰ ਜਦ ਵਿਦਰਭ ਦੀ ਜਨਤਾ ਸਬੰਧੀ ਜਾਣਕਾਰੀ ਹੋਈ ਤਾਂ ਉਹਨਾਂ ਨੇ ਤਰਸ ਖਾ ਕੇ 3750 ਕਰੋੜ ਰੁਪਏ ਦਾ ਰਾਹਤ ਪੈਕੇਜ ਭੇਜਿਆ। ਮਹਾਰਾਸ਼ਟਰ ਦੇ ਰਾਜਨੀਤੀਬਾਜਾਂ ਤੋਂ ਘੱਟ ਨਹੀਂ ਨਿਕਲੇ ਕੌਮੀ ਪੱਧਰ ਦੇ ਰਾਜਨੀਤੀਬਾਜ ਨੌਜਵਾਨ ਨੇਤਾ ਦੀ ਕਤਾਰ ਵਿੱਚ ਖੜ੍ਹੇ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੂੰ ਵੀ ਵਿਦਰਭ ਦੇ ਲੋਕਾਂ 'ਤੇ ਮਮਤਾ ਜਾਗ ਪਈ ਅਤੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਉਹਨਾਂ ਨੇ ਵਿਦਰਭ ਦੇ ਉਹਨਾਂ ਖੇਤਰਾਂ ਦਾ ਦੌਰਾ ਕੀਤਾ ਜਿਥੇ ਕਿਸਾਨ ਆਤਮ ਹੱਤਿਆ ਕਰ ਰਹੇ ਸਨ। ਜੈਸੀ ਕਿ ਰਾਹੁਲ ਦੀ ਦਿਖਾਊ ਮਾਨਸਿਕਤਾ ਹੈ। ਉਹਨਾਂ ਨੇ ਨਾ ਸਿਰਫ ਉਥੋਂ ਦੀ ਜਨਤਾ ਨਾਲ ਗੱਲਬਾਤ ਕੀਤੀ ਬਲਕਿ ਉਹਨਾਂ ਦੇ ਨਾਲ ਬੈਠ ਕੇ ਇਕ ਹੀ ਥਾਲੀ 'ਚ ਰੋਟੀ ਖਾਧੀ। ਵਿਦਰਭ ਵਾਸੀ ਬਾਗੋ ਬਾਗ ਹੋ ਗਏ। ਸੱਪ ਵੀ ਮਰ ਗਿਆ ਤੇ ਲਾਠੀ ਵੀ ਨਹੀਂ ਟੁੱਟੀ। ਵਾਹ ਸਾਡੇ ਨੌਜਵਾਨ ਨੇਤਾ ਰਾਹੁਲ ਭਈਆ, ਤੁਹਾਨੂੰ ਰਾਜਨੀਤੀ ਸਿਖਾਉਣ ਲਈ ਚਾਣਕਿਆ ਵਰਗੇ ਗੁਰੂ ਦੀ ਲੋੜ ਨਹੀਂ ਹੈ ਬਲਕਿ ਚਾਣਕਿਆ ਜਿਉਂਦੇ ਹੁੰਦੇ ਤਾਂ ਕੁਟਲਿਤਾ ਭਰੀ ਰਾਜਨੀਤੀ ਦੀ ਸਿਖਿਆ ਲੈਣ ਤੁਹਾਡੇ ਕੋਲ ਜ਼ਰੂਰ ਆਉਂਦੇ। ਰਾਹੁਲ ਤੇ ਮੇਹਰਬਾਨ ਮੀਡੀਆ ਵਾਲੇ ਵੀ ਕਦੋਂ ਪਿੱਛੇ ਰਹਿਣ ਵਾਲੇ ਸਨ। ਰਾਹੁਲ ਦੀ ਵਿਦਰਭ ਯਾਤਰਾ ਨੂੰ ਖੂਬ ਪ੍ਰਚਾਰਿਆ ਗਿਆ ਤਾਂ ਕਿ ਲੋਕ ਸਭਾ ਚੋਣਾਂ ਵਿੱਚ 'ਸਰਕਾਰੀ ਵਿਕਾਸ ਕੰਮਾਂ ਤੇ ਹੋਰ ਇਸ਼ਤਿਹਾਰਬਾਜੀ' ਦਾ ਫਾਇਦਾ ਉਠਾਇਆ ਜਾ ਸਕੇ।

ਇਹ ਸਹੀ ਕਿਹਾ ਗਿਆ ਹੈ ਕਿ ਲੋਭ 'ਚ ਬੰਦਾ ਅੰਨਾ ਹੋ ਜਾਂਦਾ ਹੈ। ਕੁਝ ਅਜਿਹਾ ਹੀ ਮੀਡੀਆ ਵਾਲਿਆਂ ਦੇ ਨਾਲ ਹੋਇਆ। ਉਹ ਇਹ ਦੱਸਣਾ ਭੁੱਲ ਹੀ ਗਏ ਕਿ ਵਿਦਰਭ ਦੇ ਕਿਸਾਨਾਂ ਦੀਆਂ ਵਿਧਵਾਵਾਂ ਆਪਣੀ ਜਮੀਨ ਨੂੰ ਬਚਾਉਣ ਲਈ ਕਿਹੋ ਜਿਹੀ ਜੱਦੋਜਹਿਦ ਕਰ ਰਹੀਆਂ ਹਨ। ਇਸ ਦੀ ਅੱਖੀ ਦੇਖੀ ਜਾਣਕਾਰੀ ਤੁਹਾਨੂੰ ਦੇ ਰਹੇ ਹਾਂ। ਵਿਦਰਭ ਦੀਆਂ ਹਜ਼ਾਰਾਂ ਵਿਧਵਾਵਾਂ ਹੁਣ ਆਪਣੇ ਖੇਤ ਬਚਾਉਣ ਲੱਗੀਆਂ ਹੋਈਆਂ ਹਨ। ਸੰਨ 2001 ਤੋਂ ਜਨਵਰੀ 2009 ਤੱਕ ਵਿਦਰਭ ਦੇ 11 ਜ਼ਿਲ੍ਹਿਆਂ 'ਚ 4806 ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ। ਵਿਦਰਭ ਜਨ ਅੰਦੋਲਨ ਸੰਮਤੀ ਦੇ ਕਿਸ਼ੋਰ ਤਿਵਾੜੀ ਦਾ ਦਾਅਵਾ ਹੈ ਕਿ ਅਜੇ ਵੀ ਔਸਤਨ ਦੋ ਕਿਸਾਨ ਰੋਜ਼ਾਨਾ ਖੁਦਕੁਸੀ ਕਰ ਰਹੇ ਹਨ। ਜਵਾਨ ਕਿਸਾਨ ਖੁਦਕੁਸੀ ਕਰ ਲੈਣ ਤਾਂ ਉਸ ਦੀ ਵਿਧਵਾ ਕਿਸ ਤਰਾਸਦੀ 'ਚੋਂ ਗੁਜਰਦੀ ਹੈ। ਉਹ ਉਥੋਂ ਦੇ ਪਿੰਡ 'ਚ ਵੇਖਿਆ ਜਾ

ਸਕਦਾ ਹੈ। ਖੇਤ ਤੋਂ ਲੈ ਕੇ ਇੱਜਤ ਬਚਾਉਣ ਤੱਕ ਦੀ ਚੁਣੌਤੀ ਨਾਲ ਝੱਲ ਰਹੀਆਂ ਇਹਨਾਂ ਔਰਤਾਂ ਦੀ ਕਹਾਣੀ ਕੁਲ ਮਿਲਾ ਕੇ ਇਕੋ ਜਿਹੀ ਹੈ। ਅਕੋਲਾ ਦੇ ਤਿਲਹਾਰਾ ਤਾਲੁਕ ਦੀ ਸ਼ਾਂਤੀ ਦੇਵੀ ਦਾ ਕਹਿਣਾ ਹੈ ਕਿ ਆਦਮੀ ਤਾਂ ਚਲਾ ਗਿਆ, ਹੁਣ ਖੇਤ ਕਿਵੇਂ ਬਚਾਈਏ। ਖੇਤ ਗਹਿਣੇ ਹਨ। ਸ਼ਾਹੂਕਾਰ ਰੋਜ ਤਕਾਜ਼ਾ ਕਰਦਾ ਹੈ। ਇਕ ਬੇਟਾ ਗੋਦ ਵਿੱਚ ਤਾਂ ਦੂਜੀ ਬੱਚੀ ਦਾ ਸਕੂਲ ਛੁਟ ਚੁੱਕਿਆ ਹੈ। 25 ਹਜ਼ਾਰ ਰੁਪਏ ਕਰਜਾ ਲਿਆ ਸੀ। ਹੁਣ ਸ਼ਾਹੂਕਾਰ 50 ਹਜ਼ਾਰ ਮੰਗ ਰਿਹਾ ਹੈ ਨਹੀਂ ਤਾਂ ਖੇਤ ਆਪਣੇ ਨਾ ਕਰਾਉਣ ਦੀ ਧਮਕੀ ਦਿੰਦਾ ਹੈ। ਫਸਲ ਤੋਂ ਜੋ ਮਿਲੇਗਾ ਜੋ ਫਿਰ ਕਰਜਾ ਉਤਾਰਨ 'ਚ ਜਾਏਗਾ ਕੀ ਖਾਵਾਂਗੇ ਅਤੇ ਬੱਚਿਆਂ ਨੂੰ ਕਿਵੇਂ ਪਾਲਾਂਗੇ? ਸਰਕਾਰ ਕਹਿੰਦੀ ਕੁਝ ਹੈ ਪਰ ਹੁੰਦਾ ਕੁਝ ਨਹੀਂ ਹੈ।

ਸ਼ਾਹੂਕਾਰਾਂ ਦੇ ਕਰਜ਼ੇ ਵਿੱਚ ਵਿਦਰਭ ਦੇ ਬਹੁਤੇ ਕਿਸਾਨ ਪ੍ਰੀਵਾਰ ਡੁੱਬੇ ਹਨ। ਇਸ ਦੀ ਮੁੱਖ ਵਜਾਹ ਵਿੱਤੀ ਅਦਾਰਿਆਂ ਤੇ ਬੈਂਕਾਂ ਦਾ ਇੱਥੋਂ ਦੇ ਕਿਸਾਨਾਂ ਦੀ ਅਣਦੇਖੀ ਕਰਨਾ ਹੈ। 60-70 ਫੀਸਦੀ ਕਰਜਾ ਪਿੰਡ ਅਤੇ ਨੇੜੇ ਤੇੜੇ ਦੇ ਸ਼ਾਹੂਕਾਰਾਂ ਦਾ ਹੁੰਦਾ ਹੈ। ਉਹ ਵੀ 60 ਤੋਂ ਸੌਂ ਫੀਸਦੀ ਵਿਆਜ 'ਤੇ ਉਸ 'ਤੇ ਵੀ ਨਕਦ ਨਹੀਂ ਮਿਲਦਾ ਪਿੰਡ ਵਿੱਚ ਸ਼ਾਹੂਕਾਰਾਂ ਦੇ ਖੇਤੀ ਕੇਂਦਰ ਖੁੱਲ੍ਹੇ ਹਨ। ਇਹਨਾਂ ਤੋਂ ਕਿਸਾਨਾਂ ਨੂੰ ਕਰਜ਼ੇ ਵਜੋਂ ਬੀਜ ਖਾਦ ਤੇ ਕੀਟਨਾਸ਼ਕ ਮਿਲਦਾ ਹੈ। ਸ਼ਾਹੂਕਾਰਾਂ ਦਾ ਧੰਦਾ ਵੀ ਚੱਲਦਾ ਹੈ ਅਤੇ ਖਾਦ-ਬੀਜ ਦੀ ਦੁਕਾਨ ਵੀ। ਕਰਜਾ ਵਧਦਾ ਹੈ ਤਾਂ ਕਿਸਾਨ ਇਹਨਾਂ ਸ਼ਾਹੂਕਾਰਾਂ ਤੋਂ ਮਿਲੇ ਕੀਟਨਾਸ਼ਕ ਨਾਲ ਆਪਣਾ ਜੀਵਨ ਖਤਮ ਕਰ ਲੈਂਦਾ ਹੈ। ਇਸ ਤੋਂ ਪਹਿਲਾਂ ਜੰਗਲ ਤੇ ਪਹਾੜਾਂ ਨਾਲ ਘਿਰੇ ਅਮਰਾਵਤੀ ਜਿਲੇ ਦੇ ਇਕ ਛੋਟੇ ਜਿਹੇ ਹਿਵਰਾ ਪਿੰਡ 'ਚ ਕੇਂਦਰ ਦੀ ਕਰਜਮੁਆਫੀ ਜਿਲੇ ਦੇ ਇਕ ਛੋਟੇ ਜਿਹੇ ਹਿਵਰਾ ਪਿੰਡ 'ਚ ਕੇਂਦਰ ਦੀ ਕਰਜਮੁਆਫੀ ਯੋਜਨਾ ਦਾ ਕੌੜਾ ਸੱਚ ਵੇਖਣ ਨੂੰ ਮਿਲਦਾ ਹੈ। ਇਸ ਪਿੰਡ ਦੀ ਰੇਖਾ ਸਾਮਰੇ ਜਦ ਆਪਣੀ ਆਪ ਬੀਤੀ ਦੱਸਦੀ ਹੈ ਤਾਂ ਉਹਨਾਂ ਦੀਆਂ ਅੱਖਾਂ 'ਚ ਹੰਝੂ ਭਰ ਆਉਂਦੇ ਹਨ। ਪਤੀ ਦਲੀਪ ਨੇ ਚਾਰ ਸਤੰਬਰ ਨੂੰ ਕੀਟਨਾਸ਼ਕ ਪੀ ਕੇ ਖੁਦਕੁਸ਼ੀ ਕਰ ਲਈ ਸੀ। ਰੇਖਾ ਸਾਮਰੇ ਨੇ ਕਿਹਾ, 'ਸਾਡੇ ਆਦਮੀ ਨੇ ਸਹਿਕਾਰੀ ਬੈਂਕ ਤੋਂ 15 ਹਜ਼ਾਰ ਰੁਪਏ ਕਰਜਾ ਲਿਆ ਸੀ। ਉਸ ਨਾਲ ਕੰਮ ਨਹੀਂ ਬਣਿਆ ਤਾਂ ਸ਼ਾਹੂਕਾਰ ਤੋਂ 25 ਹਜ਼ਾਰ ਰੁਪਏ ਹੋਰ ਕਰਜ਼ਾ ਲਿਆ ਪਰ ਫਸਲ ਬਰਬਾਦ ਹੋ ਗਈ। ਆਦਮੀ ਸ਼ਾਹੂਕਾਰ ਦੇ ਦਬਾਅ 'ਚ ਪ੍ਰੇਸ਼ਾਨ ਰਹਿਣ ਲੱਗਿਆ ਸੀ। ਖੁਦ ਤਾਂ ਮੁਕਤੀ ਹਾਸਲ ਕਰ ਲਈ, ਪਿੱਛੇ ਛੱਡ ਗਿਆ ਪਰਿਵਾਰ ਵੱਡੀ ਬੇਟੀ ਸੁਭਾਗੀ ਅੱਠ ਸਾਲ ਦੀ ਹੈ ਅਤੇ ਛੇ ਸਾਲ ਦੀ ਛੋਟੀ ਵੈਸ਼ਾਲੀ ਦੋਨੋਂ ਸਕੂਲ ਨਹੀਂ ਜਾ ਸਕਦੀਆਂ। ਸਰਕਾਰ ਨੇ ਆਤਮ ਹੱਤਿਆ ਕਰਨ ਵਾਲੇ ਕਿਸਾਨਾਂ ਦੀ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਸੀ। ਪਰ ਉਥੇ ਗਿਆ ਕੋਈ ਨਹੀਂ।

ਕੇਂਦਰ ਸਰਕਾਰ ਨੇ ਕਿਸਾਨਾਂ ਦੀ ਕਰਜਮੁਆਫੀ ਲਈ 71 ਹਜ਼ਾਰ ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ। ਪਰ ਜ਼ਮੀਨੀ ਪੱਧਰ 'ਤੇ ਇਹ ਯੋਜਨਾਵਾਂ ਢਹਿ ਢੇਰੀ ਹੁੰਦੀਆਂ ਨਜ਼ਰ ਆ ਰਹੀਆਂ ਹਨ। ਵਰਧਾ ਅਮਰਵਤੀ ਤੇ ਅਕੋਲਾ ਦੇ ਕਈ ਪਿੰਡਾਂ 'ਚ ਕਿਸਾਨਾਂ ਦੀ ਇਹ ਫਿਤਰਤ ਹੈ। ਕਰਜਾ ਮੁਆਫੀ ਯੋਜਨਾ ਦੇ ਬਾਅਦ ਤੋਂ 280 ਕਿਸਾਨ ਖੁਦਕੁਸ਼ੀ ਕਰ ਚੁੱਕੇ ਹਨ। ਪੈਸਾ ਤਾਂ ਆਉਂਦਾ ਹੈ ਪਰ ਜ਼ਿਆਦਾ ਮਲਾਈਦਾਰ ਤਬਕੇ ਦੀ ਜੇਬ ਵਿਚ ਹੈ। ਕਾਂਗਰਸ ਦੇ ਸਾਬਕਾ ਸਾਂਸਦ ਉਤਰਾ ਪਾਟੀਲ ਦੇ ਪਰਿਵਾਰ

ਵਾਲਿਆਂ ਨੂੰ ਇਸ ਕਰਜ ਮੁਆਫੀ ਯੋਜਨਾ ਦਾ ਫਾਇਦਾ ਮਿਲ ਚੁੱਕਿਆ ਹੈ। ਸਰਕਾਰੀ ਯੋਜਨਾ ਦੇ ਨਾਂ 'ਤੇ ਸਾਲੇ-ਸਾਲੀ ਤਕ ਨੂੰ ਗਾਂ-ਮੱਝਾਂ ਮਿਲ ਚੁੱਕੀਆਂ ਹਨ। ਇਕ ਦਰਜਨ ਤੋਂ ਵੱਧ ਕਾਂਗਰਸੀ ਵਿਧਾਇਕ ਇਹਨਾਂ ਯੋਜਨਾਵਾਂ ਦਾ ਪੈਸਾ ਲੈ ਚੁੱਕੇ ਹਨ। ਗਰੀਬ ਕਿਸਾਨ ਨੂੰ ਕੋਈ ਵੀ ਫਾਇਦਾ ਨਹੀਂ ਮਿਲਿਆ ਵਿਦਰਭ ਦੇ ਕਿਸਾਨਾਂ 'ਤੇ ਪਿਛਲੇ ਇਕ ਦਹਾਕੇ ਤੋਂ ਕੰਮ ਕਰਨ ਵਾਲੇ ਸੀਨੀਅਰ ਪੱਤਰਕਾਰ ਪ੍ਰਦੀਪ ਮੈਤਰਾ ਦਾ ਕਹਿਣਾ ਹੈ ਕਿ ਹੁਣ ਨਵਾਂ ਸੰਕਟ ਤਾਂ ਵਿਧਵਾ ਔਰਤਾਂ ਦੇ ਸਾਹਮਣੇ ਇੱਜ਼ਤ ਬਚਾਉਣ ਦਾ ਵੀ ਹੈ।

ਕੁਝ ਸਮਾਂ ਪਹਿਲਾਂ ਯਵਤਮਾਲ ਜਿਲੇ ਦੇ ਸਰਕਾਰੀ ਹਸਪਤਾਲ 'ਚ ਇਕ ਵਿਧਵਾ ਮਹਿਲਾ ਦੀ ਗਰਭਪਾਤ ਦੀ ਵਜਾਹ ਕਾਰਨ ਮੌਤ ਹੋ ਗਈ। ਉਹਨਾਂ ਨੇ ਪਤੀ ਨੇ ਦੋ ਸਾਲ ਪਹਿਲਾਂ ਖੁਦਕੁਸ਼ੀ ਕਰ ਲਈ ਸੀ। ਇਸ ਪਿੱਛੋਂ ਇਕ ਸ਼ਾਹੂਕਾਰ ਨੇ ਸਰਕਾਰੀ ਮਦਦ ਦਿਵਾਉਣ ਦੇ ਨਾਂ 'ਤੇ ਉਹਨਾਂ ਦੀ ਲੁੱਟ ਕਰਨੀ ਸ਼ੁਰੂ ਕਰ ਦਿੱਤੀ। ਇਹ ਇਕ ਨਵਾਂ ਖਤਰਾ ਹੈ। ਖੁਦਕੁਸ਼ੀ ਕਰਨ ਵਾਲੇ ਜ਼ਿਆਦਾਤਰ ਨੌਜਵਾਨ ਕਿਸਾਨ ਆਪਣੇ ਪਿੱਛੇ ਕਰਜ਼ੇ ਦਾ ਬੋਝ ਛੱਡ ਜਾਂਦੇ ਹਨ। ਜਿਸ ਦੀ ਭਰਪਾਈ ਉਹਨਾਂ ਦੀ ਪਤਨੀ ਤੇ ਬੱਚਿਆਂ ਨੂੰ ਕਰਨੀ ਪੈਂਦੀ ਹੈ। ਸਰਕਾਰ ਨੇ ਜਲਦੀ ਹੀ ਇਸ ਦਿਸ਼ਾ ਵਿੱਚ ਗੰਭੀਰਤਾ ਨਾਲ ਕੋਈ ਪਹਿਲ ਨਹੀਂ ਕੀਤੀ ਤਾਂ ਵਿਦਰਭ 'ਚ ਹਜ਼ਾਰਾਂ ਕਿਸਾਨ ਪਰਿਵਾਰ ਬਿੱਖਰ ਜਾਣਗੇ।

--------✪✪--------

# ਹਾਕਮ ਜਮਾਤਾਂ ਦੀ ਘਟੀਆ ਚਾਲਬਾਜੀ

"ਕਾਠਮੰਡੂ, ਚੀਨ ਵਲੋਂ ਜੰਮੂ ਕਸ਼ਮੀਰ ਦੇ ਭਾਰਤੀ ਪਾਸਪੋਰਟ ਧਾਰਕਾਂ ਨੂੰ ਵੱਖਰਾ ਵੀਜ਼ਾ ਦੇਣ ਦਾ ਵਿਵਾਦ ਅਜੇ ਖਤਮ ਨਹੀਂ ਹੋਇਆ ਸੀ ਕਿ ਪਤਾ ਲੱਗਿਆ ਹੈ ਬੀਜਿੰਗ ਕਸ਼ਮੀਰ ਨੂੰ ਇਕ ਆਜ਼ਾਦ ਦੇਸ਼ ਵਜੋਂ ਹੋਰ ਹੀ ਤਰੀਕਿਆਂ ਨਾਲ ਪੇਸ਼ ਕਰ ਰਿਹਾ ਹੈ।

ਤਿੱਬਤ ਦੀ ਯਾਤਰਾ ਕਰਨ ਵਾਲਿਆਂ ਖਾਸ ਕਰਕੇ ਚੀਨੀ ਸਰਕਾਰ ਵੱਲੋਂ ਬੁਲਾਏ ਗਏ ਪੱਤਰਕਾਰਾਂ ਨੂੰ ਅਜਿਹੇ ਪੱਤਰ ਦਿੱਤੇ ਜਾ ਰਹੇ ਹਨ ਜਿਸ 'ਚ ਕਸ਼ਮੀਰ ਨੂੰ ਅਜ਼ਾਦ ਦੇਸ਼ ਵਜੋਂ ਅੰਕਿਤ ਕੀਤਾ ਗਿਆ ਹੈ। ਤਿੱਬਤ ਬਾਰੇ ਜਿਸ ਤੇ ਚੀਨ ਨੇ 1950 ਦੇ ਦਹਾਕੇ 'ਚ ਹਮਲਾ ਕੀਤਾ ਅਤੇ ਹੜਪ ਲਿਆ 'ਬੁਨਿਆਦੀ ਜਾਣਕਾਰੀ' ਦੇਣ ਵਾਲਾ ਮੀਡੀਆ ਫਿਰ ਕਹਿੰਦਾ ਹੈ ਕਿ ਤਿੱਬਤ "ਭਾਰਤ, ਨੇਪਾਲ, ਮਿਆਂਮਾਰ ਤੇ ਕਸ਼ਮੀਰ ਖੇਤਰ ਨਾਲ ਲੱਗਿਆ ਹੋਇਆ ਹੈ।" "ਕਸ਼ਮੀਰ ਖੇਤਰ" ਤੋਂ ਇਲਾਵਾ ਬਾਕੀ ਹੋਰ ਤਿੰਨ ਆਤਮ ਨਿਰਭਰ ਦੇਸ਼ ਹਨ" (ਏਜੰਸੀਆਂ) ਉਪਰੋਕਿਤ ਸਮਾਚਾਰ 'ਦ ਟਾਈਮਸ ਆਫ ਇੰਡੀਆ' ਦੇ 20.10. 2009 ਦੇ ਅੰਕ 'ਚ ਪਹਿਲੇ ਪੰਨੇ 'ਤੇ ਪ੍ਰਕਾਸ਼ਿਤ ਹੋਇਆ। ਇਸ ਸਮਾਚਾਰ 'ਚ ਭਾਰਤ ਵਾਸੀਆਂ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਚੀਨੀ ਸਰਕਾਰ ਕਿਸ ਤਰ੍ਹਾਂ ਭਾਰਤ ਪ੍ਰਤੀ ਕਰੂਰਤਾ ਪੂਰਨ ਵਿਹਾਰ ਕਰ ਰਹੀ ਹੈ ਅਤੇ ਉਹ ਜੰਮੂ-ਕਸ਼ਮੀਰ ਨੂੰ ਭਾਰਤ ਦਾ ਅਟੁੱਟ ਹਿੱਸਾ ਮੰਨਣ ਬਦਲੇ ਉਸ ਨੂੰ ਵੱਖਰੇ ਦੇਸ਼ ਵਜੋਂ ਪੇਸ਼ ਕਰ ਰਹੀ ਹੈ। ਸੰਭਾਵਿਤ ਹੀ ਭਾਰਤ ਦੇ ਦਲਾਲ ਪੂੰਜੀਪਤੀਆਂ ਦਾ ਇਹ ਅਖਬਾਰ ਮੰਨਦਾ ਹੀ ਭਾਰਤ ਦੇ ਦਲਾਲ ਪੂੰਜੀਪਤੀਆਂ ਦਾ ਇਹ ਅਖਬਾਰ ਮੰਨਦਾ ਹੈ ਕਿ ਜੰਮੂ-ਕਸ਼ਮੀਰ ਭਾਰਤ ਦਾ ਅਟੁੱਟ ਅੰਗ ਹੈ ਅਤੇ ਉਹ ਚਾਹੁੰਦਾ ਹੈ ਕਿ ਦੁਨੀਆਂ ਦੇ ਬਾਕੀ ਦੇਸ਼ ਵੀ ਇਹੀ ਮੰਨਣ। ਇਹ ਕੋਈ ਅਜਿਹਾ ਨਹੀਂ ਮੰਨਦਾ ਹੈ ਕਿ ਉਹ ਉਸ ਪ੍ਰਤੀ ਗੁੱਸੇ ਨਾਲ ਉਬਲ ਪੈਂਦਾ ਹੈ ਅਤੇ ਉਸ ਪ੍ਰਤੀ ਭਾਰਤੀਆਂ ਦਾ ਗੁੱਸਾ ਉਭਾਰਨਾ ਚਾਹੁੰਦਾ ਹੈ। ਚੀਨ ਤੇ ਚੀਨ ਦੀ ਸਰਕਾਰ ਪ੍ਰਤੀ ਉਹ ਇਹੀ ਚਾਹੁੰਦਾ ਕਿ ਭਾਰਤ ਭਿਆਨਕ ਗੁੱਸੇ ਨਾਲ ਉਬਲ ਪਵੇ। ਪਰ 'ਦੇਸ਼ ਪ੍ਰੇਮ' 'ਚ ਪਾਗਲ ਇਹ ਵੱਡੇ ਦਲਾਲ ਸਰਮਾਏਦਾਰਾਂ ਦਾ ਅਖਬਾਰ ਖੁਦ ਚੀਨ ਦੀ ਅਖੰਡਤਾ ਬਾਰੇ ਕੀ ਸੋਚਦਾ ਹੈ? ਭਾਰਤ ਸਰਕਾਰ ਅਤੇ ਦੁਨੀਆਂ ਦੀਆਂ ਸਾਰੀਆਂ ਸਰਕਾਰਾਂ ਇਹ ਮੰਨਦੀਆਂ ਹਨ ਕਿ ਤਿੱਬਤ ਚੀਨ ਦਾ ਅਟੁੱਟ ਅੰਗ ਮੰਨਦੀ ਹੈ। ਇਸ 'ਚ ਭਾਰਤ ਸਰਕਾਰ ਵੀ ਸ਼ਾਮਲ ਹੈ।

ਭਾਰਤ ਸਰਕਾਰ ਨੇ ਦਲਾਈਲਾਮਾ ਐਂਡ ਕੰਪਨੀ ਨੂੰ ਮਨੁੱਖਤਾਵਾਦੀ ਅਧਾਰ 'ਤੇ ਭਾਰਤ 'ਚ ਸ਼ਰਨ ਦੇ ਰੱਖੀ ਹੈ। ਰਾਜਸੀ ਅਧਾਰ 'ਤੇ ਨਹੀਂ। ਰਵਾਇਤੀ ਤੌਰ 'ਤੇ ਦਲਾਈਲਾਮਾ ਐਂਡ ਕੰਪਨੀ ਨੂੰ ਭਾਰਤ 'ਚ ਰਹਿੰਦਿਆਂ ਕੋਈ ਵੀ ਰਾਜਸੀ ਸਰਗਰਮੀ ਕਰਨ ਦਾ ਅਧਿਕਾਰ ਨਹੀਂ ਹੈ। ਇਹ ਗੱਲ ਵੱਖਰੀ ਹੈ ਕਿ ਦਲਾਈਲਾਮਾ ਐਂਡ ਕੰਪਨੀ ਦੀ ਸਰਕਾਰ ਭਾਰਤ ਤੋਂ ਚੱਲਦੀ ਹੈ। ਭਾਰਤ ਸਰਕਾਰ ਅਨੁਸਾਰ ਤਿੱਬਤ ਚੀਨ ਦਾ ਅਟੁੱਟ ਅੰਗ ਹੈ ਪਰ ਭਾਰਤ ਦੇ ਵੱਡੇ ਦਲਾਲ ਸਰਮਾਏਦਾਰਾਂ ਦੇ ਅਖਬਾਰ 'ਟਾਈਮਜ਼ ਆਫ ਇੰਡੀਆ' ਦੀ ਇਸ ਰਿਪੋਰਟ ਅਨੁਸਾਰ ਚੀਨ ਨੇ 1950 ਦੇ ਦਹਾਕੇ 'ਚ ਤਿੱਬਤ

’ਤੇ ਹਮਲਾ ਕੀਤਾ ਤੇ ਇਸ ਨੂੰ ਹੜੱਪ ਲਿਆ ਹੈ ਯਾਨੀ ਤਿੱਬਤ ਪਹਿਲਾਂ ਚੀਨ ਦਾ ਹਿੱਸਾ ਨਹੀਂ ਸੀ ਅਤੇ ਉਸ ਨੂੰ ਚੀਨ ਨੇ 1950 ਦੇ ਦਹਾਕੇ ’ਚ ਹੜੱਪਿਆ। ਹੁਣ ਸੁਆਲ ਹੈ ਕਿ ਕੌਣ ਸੱਚ ਬੋਲ ਰਿਹਾ ਹੈ? ‘ਟਾਈਮਜ਼ ਆਫ ਇੰਡੀਆ’ ਜਾਂ ਭਾਰਤ ਦੀ ਸਰਕਾਰ ਸਮੇਤ ਦੁਨੀਆਂ ਦੀਆਂ ਸਾਰੀਆਂ ਸਰਕਾਰਾਂ ਅਤੇ ਜੇ ਸਰਕਾਰਾਂ ਸੱਚ ਬੋਲ ਰਹੀਆਂ ਹਨ ਤਾਂ ਭਾਰਤ ਦੇ ਵੱਡੇ ਪੂੰਜੀਪਤੀਆਂ ਦਾ ਇਹ ਨਾਮੀ ਅਖਬਾਰ ਏਜੰਸੀਆਂ ਦੇ ਹਵਾਲੇ ਨਾਲ ਇਸ ਤਰ੍ਹਾਂ ਦੇ ਝੂਠ ਕਿਉਂ ਫੈਲਾਅ ਰਿਹਾ ਹੈ? ਸੱਚੀ ਗੱਲ ਇਹ ਹੈ ਕਿ ਭਾਰਤ ਦੇ ਵੱਡੇ ਪੂੰਜੀਪਤੀਆਂ ਦਾ ਇਹ ਅਖਬਾਰ ਝੂਠੀਆਂ ਗੱਲਾਂ ਫੈਲਾਅ ਰਿਹਾ ਹੈ ਕਿ ਚੀਨ ਨੇ 1950 ਦੇ ਦਹਾਕੇ ਵਿੱਚ ਤਿੱਬਤ ’ਤੇ ਹਮਲਾ ਕਰਕੇ ਉਸ ਨੂੰ ਹੜੱਪ ਲਿਆ ਅਤੇ ਉਹ ਇਹ ਉਸ ਸਮੇਂ ਕਰ ਰਿਹਾ ਹੈ ਕਿ ਜਦ ਭਾਰਤ ਦੀ ਅਖੰਡਤਾ ਨੂੰ ਲੈ ਕੇ ਚੀਨ ਦੀ ਸਰਕਾਰ ਖਿਲਾਫ ਅੱਗ ਉਗਲ ਰਿਹਾ ਹੈ। ‘ਟਾਈਮਜ਼ ਆਫ ਇੰਡੀਆ’ ਇਹ ਸਭ ਉਂਜ ਹੀ ਨਹੀਂ ਕਰ ਰਿਹਾ ਹੈ। ਉਹ ਇਹ ਸਭ ਜਾਣਬੁੱਝ ਕੇ ਕਰ ਰਿਹਾ ਹੈ। ਉਹ ਅਜਿਹਾ ਇਸ ਲਈ ਕਰ ਰਿਹਾ ਹੈ ਭਾਰਤ ਦੀ ਜਾਣਕਾਰੀ ਦਾ ਫਾਇਦਾ ਉਠਾ ਕੇ ਉਹਨਾਂ ’ਚ ਅੰਨੀ ਕੌਮਪ੍ਰਸਤੀ ਫੈਲਾਅ ਸਕੇ ਅਤੇ ਚੀਨ ਖਿਲਾਫ ਭੜਕਾ ਸਕੇ। ਭਾਰਤ ਦੇ ਦਲਾਲ ਵੱਡੇ ਪੂੰਜੀਪਤੀਆਂ ਦੇ ਇਸ ਅਖਬਾਰ ਦਾ ਦੇਸ਼ ਭਗਤੀ ਨਾਲ ਕੁਝ ਲੈਣਾ ਦੇਣਾ ਨਹੀਂ ਹੈ। 1980 ਦੇ ਦਹਾਕੇ ਤੋਂ ਉਦਾਰੀਕਰਨ ਦੇ ਤਹਿਤ ਦੇਸ਼ ਨੂੰ ਵੇਚਣ ਦੀ ਮੁਹਿੰਮ ’ਚ ਇਹ ਅਖਬਾਰ ਸਭ ਤੋਂ ਅੱਗੇ ਹੈ। ਇਸ ਦੀ ਦਿਲਚਸਪੀ ਦੇਸ਼ ’ਚ ਨਹੀਂ ਹੈ। ਇਸ ਦੀ ਦਿਲਚਸਪੀ ਚੀਨ ਦੇ ਪੂੰਜੀਪਤੀਆਂ ਦੇ ਨਾਲ ਮੁਕਾਬਲੇ ’ਚ ਹੈ।

ਇਹ ਚਾਹੁੰਦਾ ਹੈ ਕਿ ਏਸ਼ੀਆ ’ਚ ਅਤੇ ਸਾਰੀ ਦੁਨੀਆਂ ’ਚ ਭਾਰਤ ਦੇ ਸਰਮਾਏਦਾਰ ਚੀਨ ਦੇ ਸਰਮਾਏਦਾਰਾਂ ’ਤੇ ਹਾਵੀ ਹੋਣ। ਇਸ ਲਈ ਉਹ ਚੀਨ ਖਿਲਾਫ ਭਾਰਤ, ਅਮਰੀਕਾ, ਜਪਾਨ ਤੇ ਆਸਟ੍ਰੇਲੀਆ ਦੀ ਸਾਂਝੇ ਮੋਰਚੇ ਦਾ ਪੱਖੀ ਹੈ। ਇਸ ਲਈ ਇਹ ਚਾਹੁੰਦਾ ਹੈ ਕਿ ਭਾਰਤ ਦੇ ਲੋਕ ਚੀਨ ਖਿਲਾਫ ਅੰਨੀ ਕੌਮਪ੍ਰਸਤੀ ’ਚ ਡੁੱਬ ਕੇ ਭਾਰਤ ਦੀ ਪੂੰਜੀਪਤੀ ਜਮਾਤ ਦੇ ਪਿੱਛੇ ਲਾਮਬੰਦ ਹੋ ਜਾਣ। ਇਸ ਲਈ ਇਹ ਪਿਛਲੇ ਦੋ ਮਹੀਨਿਆਂ ਤੋਂ ਇਹ ਮੁਹਿੰਮ ਛੇੜੀ ਬੈਠਾ ਹੈ। ਭਾਰਤ ਦੀ ਵੱਡੀ ਦਲਾਲ ਸਰਮਾਏਦਾਰੀ ਇਹ ਚਾਹੁੰਦੀ ਹੈ ਕਿ ਪਰ ਦੇਸ਼ ਦੀ ਮੇਹਨਤਕਸ਼ ਜਨਤਾ ਇਹ ਨਹੀਂ ਚਾਹੁੰਦੀ। ਭਾਰਤ ਦੀ ਮੇਹਨਤਕਸ਼ ਜਨਤਾ ਚੀਨ ਦੀ ਮੇਹਨਤਕਸ਼ ਜਨਤਾ ਨੂੰ ਆਪਣਾ ਦੁਸ਼ਮਣ ਨਹੀਂ ਮੰਨਦੀ। ਦੋਨੋਂ ਦੇਸ਼ਾਂ ਦੀ ਮੇਹਨਤਕਸ਼ ਜਨਤਾ ਦੇ ਅਸਲੀ ਦੁਸ਼ਮਣ ਉਹਨਾਂ ਦੇ ਆਪਣੇ ਦੇਸ਼ਾਂ ਦੇ ਪੂੰਜੀਪਤੀ ਹਨ। ਨਾਲ ਹੀ ਜੰਮੂ ਕਸ਼ਮੀਰ ਜਾਂ ਤਿੱਬਤ ਦੀ ਜਨਤਾ ਦੇ ਆਤਮ ਨਿਰਣੇ ਦੀ ਸਮੱਸਿਆ ਦਾ ਹੱਲ ਸਿਰਫ ਮੇਹਨਤਕਸ਼ ਲੋਕ ਹੀ ਕਰ ਸਕਦੇ ਹਨ। ਪੂੰਜੀਪਤੀ ਜਮਾਤ ਤਾਂ ਗੁਆਂਢੀ ਦੇਸ਼ਾਂ ਦੀ ਇਸ ਸਮੱਸਿਆ ਦਾ ਫਾਇਦਾ ਹੀ ਉਠਾਉਣ ਦੀ ਕੋਸ਼ਿਸ਼ ਕਰੇਗੀ। ਭਾਰਤ ਤੇ ਚੀਨ ਦੇ ਹਾਕਮ ਤਿੱਬਤ ਜਾਂ ਜੰਮੂ ਕਸ਼ਮੀਰ ਦੇ ਮਾਮਲੇ ’ਚ ਇਹੀ ਕਰ ਰਹੇ ਹਨ। ਭਾਰਤ ਦੇ ਵੱਡੇ ਦਲਾਲ ਸਰਮਾਏਦਾਰਾਂ ਦਾ ਇਹ ਅਖਬਾਰ ਵੀ ਇਹੀ ਕਰ ਰਿਹਾ ਹੈ।

# ਕਿਵੇਂ ਹੈ ਉਤਰ ਪ੍ਰਦੇਸ਼ 'ਚ ਮੁੱਢਲੀ ਸਿੱਖਿਆ ਦੀ ਹਾਲਤ ਤਰਸਯੋਗ?

ਉਤਰ ਪ੍ਰਦੇਸ਼ ਦੇ ਇਕ ਸੀਨੀਅਰ ਆਈ. ਏ. ਐਸ. ਅਧਿਕਾਰੀ ਦੱਸ ਰਹੇ ਸਨ ਕਿ ਉਹਨਾਂ ਨੇ ਬੇਸਿਕ ਸਕੂਲ 'ਚ ਟਾਟਾ 'ਤੇ ਬੈਠ ਕੇ ਪੜ੍ਹਾਈ ਕੀਤੀ ਹੈ ਇਹ ਪੰਜਾਹ ਦੇ ਦਹਾਕੇ ਦੀ ਗੱਲ ਸੀ। ਅੱਜ 21ਵੀਂ ਸਦੀ 'ਚੋਂ ਬੇਸਿਕ ਸਕੂਲਾਂ ਦੀ ਦਸ਼ਾ ਸੁਧਰ ਜਾਣੀ ਚਾਹੀਦੀ ਸੀ ਪਰ ਸਾਰੇ ਸਾਧਨਾਂ ਦੇ ਬਾਵਜੂਦ ਯੂ. ਪੀ. ਦੇ ਬੇਸਿਕ ਸਕੂਲਾਂ ਦੀ ਪੜ੍ਹਾਈ ਦਾ ਪੱਧਰ ਸੁਧਰ ਨਹੀਂ ਰਿਹਾ ਹੈ। ਪ੍ਰਦੇਸ਼ 'ਚ ਕਰੀਬ ਇਕ ਲੱਖ ਤੀਹ ਹਜ਼ਾਰ 859 ਪ੍ਰਾਇਮਰੀ ਸਕੂਲ ਹਨ। ਬੱਚਿਆਂ ਦੀ ਗਿਣਤੀ ਦੇ ਅਨੁਪਾਤ 'ਚ 55 ਬੱਚਿਆਂ ਪਿੱਛੇ ਇਕ ਅਧਿਆਪਕ ਹੈ। ਬੇਸਿਕ ਸਕੂਲਾਂ 'ਚ ਪੜ੍ਹਨ ਵਾਲੇ ਜ਼ਿਆਦਾਤਰ ਬੱਚੇ ਪਿੰਡਾਂ ਦੇ ਖਾਂਦੇ ਪੀਂਦੇ ਪਰਿਵਾਰਾਂ ਦੇ ਬੱਚੇ ਪਬਲਿਕ ਸਕੂਲਾਂ 'ਚ ਪੜ੍ਹਨ ਜਾਂਦੇ ਹਨ। ਉਤਰ ਪ੍ਰਦੇਸ਼ ਦੇ ਬੇਸਿਕ ਸਕੂਲਾਂ ਵਿੱਚ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਸਭ ਤੋਂ ਵੱਧ ਸ਼ਿਕਾਇਤ ਇਸ ਗੱਲ ਨੂੰ ਲੈ ਕੇ ਹੈ ਕਿ ਅਧਿਆਪਕਾਂ ਕੋਲ ਸਰਕਾਰ ਨੇ ਏਨਾ ਕੰਮ ਲੱਦ ਰੱਖਿਆ ਹੈ। ਉਹਨਾਂ ਨੂੰ ਠੀਕ ਢੰਗ ਨਾਲ ਪੜ੍ਹਾਉਣ ਦਾ ਮੌਕਾ ਹੀ ਨਹੀਂ ਮਿਲਦਾ। ਪ੍ਰਦੇਸ਼ ਦੇ ਬੇਸਿਕ ਸਕੂਲਾਂ ਦੀ ਇਕ ਝਲਕ ਤੁਹਾਨੂੰ ਦੱਸ ਦੇਈਏ। ਗਾਜਿਆਬਾਦ 'ਚ ਮੇਰਠ ਜਾਣ ਵਾਲੇ ਮਾਰਗ 'ਤੇ ਦੁਹਾਈ ਪਿੰਡ ਦਾ ਪ੍ਰਾਇਮਰੀ ਸਕੂਲ। ਦੁਪਹਿਰ ਇਕ ਵਜੇ ਦਾ ਵਕਤ ਦੋ ਅਧਿਆਪਕ ਮਿਡ-ਡੇ-ਮੀਲ ਦਾ ਖਾਣਾ ਤਿਆਰ ਕਰਵਾ ਰਹੇ ਹਨ।

ਸਿੱਖਿਆ ਮਿੱਤਰ ਬੱਚਿਆਂ ਨੂੰ ਦੱਸ ਰਿਹਾ ਹੈ ਕਿ ਸ਼ਾਂਤ ਹੋ ਜਾਓ। ਕੁਝ ਹੀ ਦੇਰ 'ਚ ਖਾਣਾ ਮਿਲਣ ਵਾਲਾ ਹੈ, ਸਕੂਲ ਦੇ ਕਰੀਬ 150 ਬੱਚੇ ਖਾਣਾ ਬਣਾਉਣ ਵਾਲੀ ਔਰਤ ਵੱਲ ਹੀ ਵੇਖ ਰਹੇ ਹਨ। ਉਹਨਾਂ ਦਾ ਮਨ ਪੜ੍ਹਾਈ 'ਚ ਕਿਧਰੇ ਵੀ ਨਹੀਂ ਹੈ। ਅੱਧਾ ਦਿਨ ਤਾਂ ਖਾਣਾ ਤਿਆਰ ਕਰਨ 'ਚ ਬੀਤ ਜਾਂਦਾ ਹੈ। ਹਫਤੇ 'ਚ ਇਕ ਦਿਨ ਸਕੂਲ ਦੇ ਇਕ ਕਮਰੇ 'ਚ ਆਂਗਣਵਾੜੀ ਵਾਲੀ ਆਪਣਾ ਡੇਰਾ ਜਮਾ ਲੈਂਦੀ ਹੈ। ਮਹੀਨੇ 'ਚ ਚਾਰ ਦਿਨ ਬਲਾਕ ਪੱਧਰ 'ਤੇ ਕੋਈ ਨਾ ਕੋਈ ਟ੍ਰੇਨਿੰਗ ਹੁੰਦੀ ਰਹਿੰਦੀ ਹੈ। ਉਸ ਤੋਂ ਇਲਾਵਾ ਪੋਲੀਓ ਡਰਾਪਸ, ਚੋਣਾਂ ਦਾ ਕੰਮ ਅਤੇ ਬਾਲ ਗਣਨਾ 'ਚ ਅਧਿਆਪਕਾਂ ਦਾ ਸਮਾਂ ਬੀਤਦਾ ਹੈ। ਇਹਨਾਂ ਕੰਮਾਂ ਦੇ ਨਾਲ ਹੀ ਸਰਭ ਸਿਖਿਆ ਅਭਿਆਨ, ਵਜੀਫਾ ਤੇ ਦੂਜੇ ਕੰਮਾਂ ਬਾਰੇ ਬੀ. ਆਰ. ਸੀ. ਦੀ ਰਿਪੋਰਟ ਤਿਆਰ ਕਰਨ ਵਿੱਚ ਹੀ ਪੂਰਾ ਮਹੀਨਾ ਨਿਕਲ ਜਾਂਦਾ ਹੈ। ਬਾਕੀ ਬਚਿਆ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਤਾਂ ਉਹ ਖਾਲਸ ਤੌਰ 'ਤੇ ਸਿੱਖਿਆ ਮਿੱਤਰਾਂ ਦੇ ਭਰੋਸੇ ਚੱਲ ਰਿਹਾ ਹੈ। ਉਤਰ ਪ੍ਰਦੇਸ਼ 'ਚ ਪ੍ਰਾਇਮਰੀ ਪੱਧਰ 'ਤੇ ਅਜੇ ਕਰੀਬ ਡੇਢ ਲੱਖ ਅਧਿਆਪਕਾਂ ਦੀ ਲੋੜ ਹੈ। ਸਰਕਾਰ ਬੀ. ਐਡ. ਡਿਗਰੀ ਹੋਲਡਰਾਂ ਨੂੰ ਉੱਚ ਪੱਧਰੀ ਬੀ. ਟੀ. ਸੀ. ਦੀ ਸਿਖਲਾਈ ਦੇ ਕੇ ਪ੍ਰਾਇਮਰੀ ਸਕੂਲਾਂ 'ਚ ਤਾਇਨਾਤ ਕਰ ਰਹੀ ਹੈ ਪਰ ਅਧਿਆਪਕਾਂ ਦੀ ਜੋ ਨਵੀਂ ਖੇਪ ਬੇਸਿਕ ਸਕੂਲਾਂ 'ਚ ਪਹੁੰਚ ਰਹੀ ਹੈ, ਇਹ ਰਵਾਇਤੀ ਸਿੱਖਿਆ ਪ੍ਰਣਾਲੀ ਤੋਂ ਹਟ ਕੇ ਬੱਚਿਆਂ ਨੂੰ ਪੜ੍ਹਾਉਣ ਲੱਗੀ ਹੈ। ਜਾਣਕਾਰ ਕਹਿੰਦੇ ਹਨ ਕਿ ਪਹਿਲਾਂ ਬੇਸਿਕ ਸਕੂਲਾਂ 'ਚ ਦੋ ਸਾਲ ਦੀ ਟਰੇਨਿੰਗ ਲੈ ਕੇ ਬੀ. ਟੀ. ਸੀ. ਹੋਲਡਰ ਲੋਕ

ਅਧਿਆਪਕ ਬਣਦੇ ਸਨ ਜੋ ਕਿਸੇ ਹੱਦ ਤਕ ਬੱਚਿਆਂ ਨੂੰ ਉਚ ਸਿੱਖਿਆ ਮੁਹੱਈਆ ਕਰਨ 'ਚ ਭੂਮਿਕਾ ਨਿਭਾਉਂਦੇ ਸਨ। ਪਰ ਬੀ. ਐਂਡ. ਡਿਗਰੀ ਧਾਰੀ ਬੇਸਿਕ ਪੱਧਰ 'ਤੇ ਆਪਣੇ ਅਧਿਐਨ ਕਾਰਨ ਸੰਤੁਸ਼ਟ ਨਹੀਂ ਹਨ। ਉਹ ਕਹਿੰਦੇ ਹਨ ਕਿ ਉਹ ਲੋਕ ਤਾਂ ਮਿਡਲ ਪੱਧਰ ਦੀ ਪੜ੍ਹਾਈ ਲਈ ਯੋਗਤਾ ਰੱਖਦੇ ਹਨ, ਸਿਰਫ ਸਰਕਾਰੀ ਨੌਕਰੀ ਦੇ ਲਾਲਚ 'ਚ ਉਹ ਬੇਸਿਕ ਸਕੂਲਾਂ 'ਚ ਭਰਤੀ ਲਈ ਮਜ਼ਬੂਰ ਹੋਏ ਹਨ। ਮਾਹਰ ਕਹਿੰਦੇ ਹਨ ਕਿ ਇਹ ਸੋਚ ਜ਼ਿਆਦਾਤਰ ਸੀਨੀਅਰ ਬੀ. ਟੀ. ਸੀ. ਹੋਲਡਰਾਂ ਦੀ ਹੈ। ਇਕ ਅਨੁਮਾਨ ਅਨੁਸਾਰ ਉਤਰ ਪ੍ਰਦੇਸ਼ ਦੇ ਬੇਸਿਕ ਸਕੂਲਾਂ ਵਿੱਚ ਤੈਨਾਤ ਕਰੀਬ ਇਕ ਲੱਖ 86 ਹਜ਼ਾਰ ਸਿੱਖਿਆ ਮਿਤਰ ਬੱਚਿਆਂ ਨੂੰ ਪੜ੍ਹਾਉਣ ਦੀ ਖਾਨਾ ਪੂਰਤੀ ਕਰ ਰਹੇ ਹਨ। ਸੂਬੇ 'ਚ ਬੁਨਿਆਦੀ (ਪ੍ਰਾਇਮਰੀ) ਸਿੱਖਿਆ ਲਈ ਧਨ ਦੀ ਕੋਈ ਘਾਟ ਨਹੀਂ ਹੈ। ਬਲਾਕ ਪੱਧਰ 'ਤੇ ਐਸੀਆਂ ਯੋਜਨਾਵਾਂ ਚੱਲ ਰਹੀਆਂ ਹਨ, ਜਿਨ੍ਹਾਂ 'ਚ ਬੱਚਿਆਂ ਦੀ ਸਿੱਖਿਆ ਦਾ ਪੱਧਰ ਸੁਧਰ ਨਹੀਂ ਰਿਹਾ। ਬੀ. ਐਸ. ਏ., ਏ. ਬੀ. ਐਸ. ਏ., ਬੀ. ਆਰ. ਸੀ. ਅਤੇ ਐਨ. ਪੀ. ਆਰ. ਸੀ. ਮਾਲੋਮਾਲ ਹੋ ਰਹੇ ਹਨ। ਉਤਰ ਪ੍ਰਦੇਸ਼ ਪ੍ਰਾਇਮਰੀ ਸਿੱਖਿਆ ਸੰਘ ਦੇ ਮੁਖੀ ਅਭਿਮੰਨੂ ਤਿਵਾੜੀ ਕਹਿੰਦੇ ਹਨ ਕਿ ਰਾਜ ਸਰਕਾਰ ਪ੍ਰਾਇਮਰੀ ਸਕੂਲਾਂ ਨੂੰ ਮਾਡਲ ਸਕੂਲਾਂ ਦੀ ਤਰਜ ਤੇ ਵਿਕਸਤ ਕਰਨ ਦੀ ਗੱਲ ਕਰ ਰਹੀ ਹੈ। ਜਦ ਤਕ ਸਰਕਾਰ ਅਧਿਆਪਕਾਂ ਤੋਂ ਉਪਰਲੇ ਕੰਮ ਦਾ ਬੋਝ ਘੱਟ ਨਹੀਂ ਕਰਦੀ, ਤਦ ਤਕ ਗੁਣਵੰਣਤਾ ਭਰਪੂਰ ਸਿੱਖਿਆ ਦੀ ਗੱਲ ਬੇਮਾਨੀ ਹੈ।

ਉਤਰ ਪ੍ਰਦੇਸ਼ ਵਿੱਚ ਬੇਸਿਕ ਸਿੱਖਿਆ ਦੀ ਜ਼ਿੰਮੇਵਾਰੀ ਬੇਸਿਕ ਸਿੱਖਿਆ ਪ੍ਰੀਸ਼ਦ ਦੇ ਕੋਲ ਹੈ, ਪਰ ਪ੍ਰੀਸ਼ਦ ਆਪਣੇ ਅਧਿਆਪਕਾਂ ਤੋਂ ਪੜ੍ਹਾਈ ਤੋਂ ਬਿਨਾਂ ਹੋਰ ਜੋ ਕੰਮ ਲੈਂਦੀ ਹੈ, ਉਸ ਦੀ ਲਿਸਟ ਬਹੁਤ ਲੰਮੀ ਹੈ। ਅਧਿਆਪਕਾਂ ਦਾ ਕਹਿਣਾ ਹੈ ਕਿ ਉਹਨਾਂ ਨੇ ਸਰਕਾਰ ਦੇ ਸੌਂਪੇ ਗਏ ਕੰਮਾਂ ਨੂੰ ਪੂਰਾ ਕਰਨ 'ਚ ਕੋਈ ਇਤਰਾਜ਼ ਨਹੀਂ ਹੈ ਪਰ ਜਦ ਮਿਡ ਡੇ ਮੀਲ ਦੇ ਮੁੱਦੇ 'ਤੇ ਸਰਪੰਚ ਮਨਮਾਨੀ ਕਰਦੇ ਹਨ ਅਤੇ ਉਹਨਾਂ ਤੋਂ ਜਬਰੀ ਕਾਗਜ਼ਾਂ 'ਤੇ ਦਸਖਤ ਕਰਾਉਂਦੇ ਹਨ, ਤਾਂ ਇਹ ਦੁੱਖ ਬਰਦਾਸ਼ਿਤ ਤੋਂ ਬਾਹਰ ਹੋ ਜਾਂਦਾ ਹੈ। ਅਧਿਆਪਕ ਕਹਿੰਦੇ ਹਨ ਕਿ ਸਭ ਤੋਂ ਵੱਡਾ ਦੁੱਖ ਇਸ ਗੱਲ ਦਾ ਹੈ ਕਿ ਸਰਕਾਰ ਇਹ ਨਹੀਂ ਦੇਖ ਰਹੀ ਕਿ ਅਧਿਆਪਕਾਂ ਦਾ ਕੰਮ ਪੜ੍ਹਾਉਣਾ ਹੈ। ਨਾ ਕਿ ਖਾਣਾ ਤਿਆਰ ਕਰਨਾ। ਸੂਬੇ 'ਚ ਪ੍ਰਾਇਮਰੀ ਸਿੱਖਿਆ ਦਾ ਪੱਧਰ ਇਸ ਲਈ ਡਿੱਗ ਰਿਹਾ ਹੈ। ਕਿਉਂਕਿ ਅਧਿਆਪਕ ਕਈ ਤਰ੍ਹਾਂ ਦੀਆਂ ਵਿਭਾਗੀ ਜ਼ਿੰਮੇਵਾਰੀਆਂ 'ਚੋਂ ਗੁਜ਼ਰ ਰਹੇ ਹਨ। ਸਕੂਲ ਦੀ ਉਸਾਰੀ ਤੋਂ ਲੈ ਕੇ ਪੰਚਾਇਤ ਸਕੱਤਰ ਨੂੰ ਰਿਪੋਰਟ ਦੇਣੀ ਪੈਂਦੀ ਹੈ।

ਸੂਬੇ ਦੇ ਮੁੱਢਲੇ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਦੀ ਪੜ੍ਹਾਈ ਦਾ ਨਿਰੀਖਣ ਕਰਨ ਜਦ ਵੀ ਕੋਈ ਵੱਡਾ ਅਧਿਕਾਰੀ ਪੁੱਜਦਾ ਹੈ, ਤਾਂ ਬੱਚਿਆਂ ਦਾ ਗਿਆਨ ਵੇਖ ਕੇ ਉਸ ਦੇ ਪੈਰਾਂ ਹੇਠੋਂ ਜਮੀਨ ਖਿਸਕ ਜਾਂਦੀ ਹੈ। ਇਹਨਾਂ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਨੂੰ ਆਪਣੇ ਮੁੱਖ ਮੰਤਰੀ ਆਪਣੇ ਜ਼ਿਲ੍ਹੇ ਆਪਣੀ ਤਹਿਸੀਲ ਆਪਣੇ ਸੂਬੇ ਬਾਰੇ ਕੁਝ ਵੀ ਪਤਾ ਨਹੀਂ ਹੁੰਦਾ। ਬੱਚਿਆਂ ਨੂੰ ਪੜ੍ਹਾਉਣ ਦਾ ਤਰੀਕਾ ਸਦੀਆਂ ਪੁਰਾਣਾ ਹੈ। ਜਦ ਕਿ ਬੱਚਿਆਂ ਦੀ ਪੜ੍ਹਾਈ ਦੇ ਨਵੇਂ ਤੌਰ ਤਰੀਕਿਆਂ ਬਾਰੇ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਹਰ ਮਹੀਨੇ ਬਲਾਕ ਪੱਧਰ 'ਤੇ ਟਰੇਨਿੰਗ ਚੱਲਦੀ ਰਹਿੰਦੀ ਹੈ। ਅਮਰੋਹਾ ਖੇਤਰ ਦੇ ਇਕ ਪ੍ਰਾਇਮਰੀ ਸਕੂਲ 'ਚ ਸਿਰਫ ਸਿਖਿਆ ਮਿਤਰ ਹੀ ਹੈ ਉਸ

ਕੋਲ ਸਿਰਫ 8 ਬੱਚੇ ਹਨ, ਮਾਸਟਰ ਗੈਰ ਹਾਜ਼ਰ ਰਹਿੰਦੇ ਹਨ। ਉਂਜ ਰਜਿਸਟਰ ’ਚ 130 ਬੱਚੇ ਦਰਜ ਹਨ। ਜਿਹਨਾਂ ’ਚੋਂ ਬਹੁਤੇ ਮਿਡ–ਡੇ–ਮੀਲ ਪਾ ਕੇ ਘਰ ਮੁੜ ਜਾਂਦੇ ਹਨ। ਸੂਬੇ ਦੇ ਸਕੂਲਾਂ ਦੀ ਇਹ ਤਸਵੀਰ ਹਰ ਜ਼ਿਲੇ ’ਚ ਦੇਖਣ ਨੂੰ ਮਿਲ ਜਾਏਗੀ।

ਸੂਬਾ ਮੁੱਢਲੀ ਸਿੱਖਿਆ ਯੂਨੀਅਨ ਨਾਲ ਜੁੜੇ ਇਕ ਅਹੁਦੇਦਾਰ ਅਨੁਸਾਰ ਸੂਬੇ ਦੇ ਪਿਛੜੇ ਜ਼ਿਲਿਆਂ ਕੁਸ਼ੀਨਗਰ, ਅੰਬੇਦਕਰ ਨਗਰ, ਬਲਰਾਮਪੁਰ, ਸ਼ਰਾਵਸਤੀ ਸੋਨ ਭੱਦਰ ਮਿਰਜਾਪੁਰ ਬਦਾਊ ਅਤੇ ਬਹਿਰਾਈਚ ’ਚ ਤਸਵੀਰ ਹੋਰ ਵੀ ਖਰਾਬ ਹੈ। ਸਰਕਾਰ ਐਲਾਨ ਕਰ ਰਹੀ ਹੈ ਕਿ ਸੂਬੇ ਦੇ ਹਰ ਬਲਾਕ ’ਚ ਇਕ ਸਾਂਝਾ ਮੁੱਢਲਾ ਸਕੂਲ ਖੋਹਲਿਆ ਜਾਵੇਗਾ। ਇਸ ਤੋਂ ਪਹਿਲਾਂ ਸਰਕਾਰ ਬਲਾਕ ਪੱਧਰ ’ਤੇ ਕਸਤੂਰਬਾ ਬਲਕਿ ਸਕੂਲ ਖੋਹਲ ਚੁੱਕੀ ਹੈ। ਜਿਨ੍ਹਾਂ ਦੀ ਹਕੀਕਤ ਕਿਸੇ ਤੋਂ ਛੁਪੀ ਨਹੀਂ ਹੈ। ਸਰਕਾਰ ਮਾਡਲ ਬੇਸਿਕ ਸਕੂਲਾਂ ’ਚ ਪੈਮਾਨੇ ਅਨੁਸਾਰ ਅਧਿਆਪਕਹੀਣ ਹਨ ਜਾਂ ਇਕੱਲੇ ਅਧਿਆਪਕ ਸਹਾਰੇ ਚੱਲ ਰਹੇ ਹਨ, ਉਹਨਾਂ ਵੱਲ ਕੋਈ ਧਿਆਨ ਫਿਲਹਾਲ ਨਹੀਂ ਹੈ।

---------✪✪---------

# ਕੀ ਬਣੂ ਮੰਦੀ 'ਚ ਫਸੇ ਵਿਸ਼ਵ ਅਰਥਚਾਰੇ ਦਾ?

ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਇਹ ਸ਼ੋਰ ਮਚਾਇਆ ਜਾ ਰਿਹਾ ਹੈ ਕਿ ਮੰਦੀ 'ਚ ਫਸੇ ਵਿਸ਼ਵ ਅਰਥਚਾਰੇ ਹੁਣ ਇਸ ਤੋਂ ਉਭਰਨ ਲੱਗੇ ਹਨ। 'ਤੇਜੀ ਨਾਲ ਇਸ ਵਿੱਚ ਸੁਧਾਰ ਆ ਰਿਹਾ ਹੈ' ਅਤੇ ਜਲਦੀ ਹੀ ਅਰਥਚਾਰਾ ਰਫਤਾਰ ਫੜਨ ਲੱਗੇਗਾ। ਇਸ ਵਿਚ ਕਿੰਨਾ ਸੱਚ ਹੈ ਇਹ ਅਨੁਮਾਨ ਲਾਉਣਾ ਸ਼ੋਰ ਮਚਾਉਣ ਵਾਲਿਆਂ ਲਈ ਮੁਸ਼ਕਲ ਹੈ। ਇਹ ਇਸ ਲਈ ਵੀ ਮੁਸ਼ਕਿਲ ਹੈ ਕਿਉਂਕਿ ਵਿਸ਼ਵੀ ਪੈਮਾਨੇ 'ਤੇ ਅਰਥਚਾਰੇ ਦੀ ਅੱਜ ਦੀ ਸਹੀ ਤਸਵੀਰ ਆਮ ਤੌਰ 'ਤੇ 6-8 ਮਹੀਨੇ ਬਾਅਦ ਹੀ ਸਪੱਸ਼ਟ ਹੋ ਸਕਦੀ ਹੈ। ਹੁਣ ਤਕ ਜੋ ਅੰਕੜੇ ਹਾਸਲ ਹੋਏ ਹਨ ਅਤੇ ਉਹਨਾਂ ਤੋਂ ਜੋ ਅਨੁਮਾਨ ਲਾਏ ਜਾ ਰਹੇ ਹਨ ਉਹ ਇਹੀ ਦੱਸ ਰਹੇ ਹਨ ਕਿ ਸਾਲ 2009 'ਚ ਸੰਸਾਰ ਅਰਥਚਾਰਾ ਮੰਦੀ ਦੀ ਦਲਦਲ 'ਚ ਫਸਿਆ ਰਹੇਗਾ। ਆਰਗੇਨਾਈਜੇਸ਼ਨ ਆਫ ਇਕਨਾਮਿਕ ਕਾਰਪੋਰੇਸ਼ਨ ਐਂਡ ਡਿਵੈਲਪਮੈਂਟ (OECD) ਦੇ 2009 ਦੇ ਪਹਿਲੀ ਤੇ ਦੂਜੀ ਤਿਮਾਹੀ ਦੇ ਅੰਕੜਿਆਂ ਅਨੁਸਾਰ ਕੁਝ ਦੇਸ਼ਾਂ ਦੇ ਅਰਥਚਾਰੇ 'ਚ ਬੇਹੱਦ ਮਾਮੂਲੀ ਸੁਧਾਰ ਹੋਇਆ ਹੈ।

ਉਹ ਸਿਰਫ ਉਹਨਾਂ ਕਾਰਨਾ ਕਰਕੇ ਕਿ ਸਭ ਸਰਕਾਰਾਂ ਨੇ ਇਸ ਵੱਲ ਪਿਛਲੇ ਸਾਲ ਭਾਰੀ ਪੈਸਾ ਬੈਂਕਾਂ ਤੇ ਨਿਗਮਾ ਨੂੰ ਬਚਾਉਣ 'ਚ ਝੋਕਿਆ ਅਤੇ ਇਸ ਦੌਰਾਨ ਸਰਕਾਰ ਹਮਾਇਤ ਤੇ ਉਤਸ਼ਾਹ ਨਾਲ ਪੈਦਾਵਾਰ ਕਰਕੇ ਕੰਪਨੀਆਂ ਵੱਲੋਂ ਭਾਰੀ ਮੈਪਾਨੇ 'ਤੇ ਵਸਤਾਂ ਦਾ ਭੰਡਾਰ ਕੀਤਾ ਗਿਆ ਹੈ। ਬਦਹਾਲੀ ਦੌਰਾਨ ਇਹ ਸਟੋਰ ਅਗਲੀਆਂ ਤਿਮਾਹੀਆਂ ਵਿੱਚ ਪੈਦਾਵਾਰ ਦੀ ਗਿਰਾਵਟ ਦਾ ਕਾਰਨ ਬਣ ਜਾਵੇਗਾ। ਵਿਸ਼ਵ ਅਰਥਚਾਰੇ ਬਾਰੇ ਫੌਰੀ ਸੁਧਾਰ ਤੇ ਹੋਰ ਤਰ੍ਹਾਂ ਦੇ ਅਨੁਮਾਨਾਂ ਦੀ ਥਾਂ 'ਤੇ ਜੇ ਦੂਰਗਾਮੀ ਅਨੁਮਾਨ ਲਾਇਆ ਜਾਵੇ (ਜਾਂ ਫਿਰ ਇਤਿਹਾਸ ਦੇ ਪੰਨੇ ਫਰੋਲ ਕੇ ਗੱਲਾਂ ਕੀਤੀਆਂ ਜਾਣ) ਤਾਂ ਇਹ ਸੱਚ ਸਾਹਮਣੇ ਆਏਗਾ ਕਿ ਮੌਜੂਦਾ ਬੁਰੀ ਹਾਲਤ ਅਤੇ ਪਤਨ ਇਕ ਛੋਟੇ-ਮੋਟੇ ਸੁਧਾਰ ਦੇ ਬਾਵਜੂਦ ਜਾਰੀ ਹੀ ਰਹੇਗਾ। ਵਿਸ਼ਵ ਪੂੰਜੀਵਾਦੀ ਵਿਵਸਥਾ ਦਾ ਭਵਿੱਖ ਅੰਧਕਾਰ ਹੈ। ਇਸ ਮੰਦੀ ਤੋਂ ਉਭਰਨ ਪਿੱਛੋਂ (ਜੇ ਉਭਰ ਸਕੀ ਤਾਂ) ਕੁਝ ਹੀ ਸਮੇਂ 'ਚ ਇਹ ਵਿਵਸਥਾ ਹੋਰ ਭਿਆਨਕ ਦੌਰ ਵਿਚ ਦਾਖਲ ਹੋ ਜਾਵੇਗੀ। ਇਹ ਭਿਅੰਕਰਤਾ ਉਸ ਵਕਤ ਹੋਰ ਵਧ ਜਾਵੇਗੀ ਜਦ ਅੱਜ ਦੇ ਉਭਰਦੇ ਅਰਥਚਾਰੇ (ਚੀਨ, ਬ੍ਰਾਜੀਲ, ਭਾਰਤ) ਆਪਣੇ ਆਪਣੇ ਕਾਰਨਾਂ ਕਰਕੇ ਘਰੋਂ ਸੰਕਟ ਵਿੱਚ ਫਸ ਜਾਵੇਗੀ ਅਤੇ ਇਸ ਤਰ੍ਹਾਂ ਇਸ ਵਾਰੀ ਕਰੋੜਾਂ-ਕਰੋੜ ਡਾਲਰ ਦੀ ਰਾਸ਼ੀ ਦਾ ਪੈਕੇਜ ਦੇਣ ਵਾਲੀਆਂ ਸਰਕਾਰਾਂ ਆਪਣੇ ਵਧਦੇ ਰੈਵਨਿਊ ਸੰਕਟ ਕਾਰਨ ਖੁਦ ਇਕ ਸਮੇਂ ਬਾਅਦ ਆਪਣੇ ਕਲਿਆਣ ਦੀ ਭੀਖ ਮੰਗਣਗੀਆਂ। ਜੀ-20 ਦਾ ਹਾਲ ਹੀ ਦਾ ਸੰਮੇਲਨ ਪੂੰਜੀਵਾਦ ਨੂੰ ਬਚਾਉਣ ਦੀਆਂ ਚਿੰਤਾਵਾਂ ਨੂੰ ਸਮਰਪਿਤ ਸੀ ਅਤੇ ਸੰਸਾਰ ਦੇ ਸਭ ਤੋਂ ਵੱਡੇ ਅਰਥਚਾਰੇ ਅਮਰੀਕਾ ਦਾ ਹਾਲ ਅਜੇ ਵੀ ਇਹ ਹੈ ਕਿ ਇਸ ਸਾਲ ਦੇ ਦਸ ਮਹੀਨਿਆਂ 'ਚ ਉਸ ਦੇ 108 ਬੈਂਕ ਬਰਬਾਦ ਹੋ ਚੁੱਕੇ ਹਨ ਅਤੇ ਇਹ ਸਿਲਸਿਲਾ ਓਬਾਮਾ ਦੀਆਂ ਸਾਰੀਆਂ ਕੋਸ਼ਿਸ਼ਾਂ ਅਤੇ ਲਫਾਜੀ ਦੇ ਬਾਅਦ ਵੀ ਨਹੀਂ ਰੁਕ ਰਿਹਾ ਹੈ। ਵਿਸ਼ਵ ਪੂਜੀਵਾਦੀ ਅਰਥਚਾਰੇ ਦੇ ਬੁਰੇ ਭਵਿੱਖ ਦੇ ਬਰਕਸ ਅੱਛੇ ਭਵਿੱਖ ਦੀ ਗੱਲ

ਕੀਤੀ ਜਾਵੇ ਤਾਂ ਇਹ ਦੁਨੀਆਂ ਦੇ ਮਿਹਨਤਕਸ਼ਾਂ ਦਾ ਹੈ। ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਤੇ ਬੱਚਿਆਂ ਦਾ ਹੈ। ਇਹਨਾਂ ਸਾਰਿਆਂ ਦਾ ਅੱਛਾ ਭਵਿੱਖ ਪੂੰਜੀ ਦੇ ਬੁਰੇ ਭਵਿੱਖ ਯਾਨੀ ਉਸ ਦੇ ਅੰਤ ’ਤੇ ਨਿਰਭਰ ਹੈ। ਪੂੰਜੀਵਾਦ ਦਾ ਵਿਨਾਸ਼ ਉਸੇ ਤਰ੍ਹਾਂ ਨਿਸ਼ਚਿਤ ਹੈ, ਜਿਸ ਤਰ੍ਹਾਂ ਜਾਗੀਰਦਾਰੀ ਦਾ ਵਿਨਾਸ਼ ਸੀ। ਮੇਹਨਤਕਸ਼ਾਂ ਦਾ ਅੱਛਾ ਭਵਿੱਖ ਜ਼ਾਹਿਰ ਜਿਹੀ ਗੱਲ ਹੈ ਕਿ ਇਕ ਉਥਲ-ਪੁਥਲ ਦੇ ਦੌਰ ਤੋਂ ਗੁਜਰ ਕੇ ਹੀ ਆਪਣੇ ਆਪ ਨੂੰ ਪ੍ਰਗਟ ਕਰ ਸਕਦਾ ਹੈ। ਇਹ ਉਥਲ-ਪੁਥਲ ਵਿਨਾਸ਼ ਤੇ ਸਿਰਜਣਾ ਦੋਹਾਂ ਦੀ ਗਵਾਹ ਬਣੇਗੀ। ਇਹ ਉਥਲ-ਪੁਥਲ ਪੂੰਜੀਵਾਦ ਦੇ ਬਾਰੇ ਭਵਿੱਖ ਤੇ ਮੇਹਨਤਕਸ਼ਾਂ ਦੇ ਅੱਛੇ ਭਵਿੱਖ ਦੀ ਸੂਚਕ ਹੋਵੇਗੀ। ਇਹ ਪੂੰਜੀ ਦੀ ਹਕੂਮਤ ਦੇ ਪਤਨ ਤੇ ਕਿਰਤ ਦੇ ਰਾਜ ਦਾ ਉਦਘਾਟਨ ਕਰੇਗੀ। ਅਸਲ ਵਿੱਚ ਪੂੰਜੀਵਾਦ ਦਾ ਅੱਛਾ ਭਵਿੱਖ ਨਾ ਤਾਂ ਸੰਭਵ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਨਾਲ ਉਸ ਦਾ ਵਰਤਮਾਨ ਅਤੇ ਭਵਿੱਖ ਅੱਛਾ ਬਣਾਇਆ ਜਾ ਸਕਦਾ ਹੈ। ਉਹ ਉਸ ਮਰੀਜ ਵਾਂਗੂੰ ਜਿਸ ਨੂੰ ਆਈ ਸੀ ਯੂ ’ਚ ਰੱਖਿਆ ਗਿਆ ਹੋਵੇ ਅਤੇ ਜਿਸ ਦੀ ਮੌਤ ਨਿਸ਼ਚਿਤ ਹੋਵੇ ਅਤੇ ਉਪਰੋਂ ਐਮਰਜੈਂਸੀ ਇਲਾਜ ਕਰਨ ਵਾਲੇ ਵੀ ਉਸ ਤਰ੍ਹਾਂ ਦੀ ਲਾਇਲਾਜ ਮਰਜ਼ ਦਾ ਸ਼ਿਕਾਰ ਹੋਣ ਜਿਸ ਨਾਲ ਮਰੀਜ਼ ਗ੍ਰਸਿਤ ਹੋਵੇ। ਜੀ-20 ਦੀ ਬੈਠਕ ਹੋਵੇ ਜਾਂ ਫਿਰ ਸੰਸਾਰ ਬੈਂਕ ਜਾਂ ਕੌਮਾਂਤਰੀ ਮੁਦਰਾਕੋਸ਼ ਵੱਲੋਂ ਆਯੋਜਿਤ ਸੰਮੇਲਨ ਸਭ ਥਾਂ ਤੁਹਾਨੂੰ ਉਕਤ ਉਪਮਾ ਦੀਆਂ ਵੰਨਗੀਆਂ ਦੇਖਣ ਨੂੰ ਮਿਲਣਗੀਆਂ। ਯਾਨੀ ਸੰਪੂਰਨ ਹਨੇਰਗਰਦੀ ਲਾਇਜ ਬੀਮਾਰੀ ਨਾਲ ਗ੍ਰਸਿਤ ਬੀਮਾਰ ਦਾ ਇਲਾਜ ਉਸ ਬੀਮਾਰ ਤੋਂ ਪੀੜਤ ਲੋਕ ਕਰ ਰਹੇ ਹਨ।

ਸੱਚਾਈ ਇਹ ਹੈ ਕਿ ਅੱਜ ਦੇ ਹਾਕਮ ਕੋਲ ਉਹਨਾਂ ਦੇ ਪੜ੍ਹੇ ਲਿਖੇ ਨੌਕਰਾਂ ਪਾਸ ਪੂੰਜੀਵਾਦ ਦੀਆਂ ਸਮੱਸਿਆਵਾਂ ਨੂੰ ਉਸ ਦੇ ਅੰਤਰ ਵਿਰੋਧਾਂ ਨੂੰ ਹੱਲ ਕਰਨ ਦਾ ਕੋਈ ਰਾਹ ਨਹੀਂ ਹੈ। ਉਹ ਵੱਧ ਤੋਂ ਵੱਧ ਪੂੰਜੀਵਾਦ ਦੀ ਉਮਰ ਲੰਬੀ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਨੀਮ ਹਕੀਮੀ ਨੁਸਖੇ ਸੁਝਾਅ ਤੇ ਅਜਮਾ ਸਕਦੇ ਹਨ। ਅਜਿਹੇ ਹੀ ਨੁਸਖੇਬਾਜ਼ਾਂ ਨੂੰ ਹਰ ਸਾਲ ਅਰਥਸ਼ਾਸਤਰ ਦੇ ਨੋਬੇਲ ਪੁਰਸਕਾਰ ਨਾਲ ਨਿਵਾਜਿਆ ਜਾਂਦਾ ਹੈ। ਅਜਿਹੇ ਨੁਸਖੇਬਾਜ਼ ਅਕਸਰ ਪੂੰਜੀਵਾਦ ਦੀ ਸਮੱਸਿਆ ਦਾ ਕਾਰਨ ਵੰਡ ਕੇ ਸਹੀ ਨਾ ਹੋਣ ਨੂੰ ਠਹਿਰਾਉਂਦੇ ਹਨ। ਉਹ ਫਰਮਾਉਂਦੇ ਹਨ ਕਿ ਜੇ ਵੰਡ ਨੂੰ ਸਹੀ ਢੰਗ ਨਾਲ ਸਰਕਾਰਾਂ ਅੰਜਾਮ ਦੇਣ ਤਾਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ ਆਦਿ ਸਭ ਨੂੰ ਹੱਲ ਕੀਤਾ ਜਾ ਸਕਦਾ ਹੈ। ਯਾਨੀ ਨਿੱਜੀ ਮਲਕੀਅਤ ਅਤੇ ਸਮੂਹਕ ਤੇ ਉਚਿਤ ਵੰਡ ਨਾਲ-ਨਾਲ ਸੰਭਵ ਹਨ ਯਾਨੀ ਅਜਾਰੇਦਾਰ ਪੂੰਜੀਵਾਦੀ ਘਰਾਣਿਆਂ ਦੇ ਨਾਲ-ਨਾਲ ਜਨ-ਕਲਿਆਣ ਕੀਤਾ ਜਾ ਸਕਦਾ ਹੈ। ‘ਜੇ ਸਰਕਾਰਾਂ’ ਕੋਲ ਲੋੜੀਂਦੀ ਇੱਛਾ ਸ਼ਕਤੀ ਹੋਵੇ ਅਤੇ ਸਿਸਟਮ ’ਚ ਕਿਧਰੇ ਭ੍ਰਿਸ਼ਟਾਚਾਰ ਜਾਂ ਮੋਰੀ ਨਾ ਹੋਵੇ ਲੱਖਾਂ-ਕਰੋੜਾਂ ਲੋਕਾਂ ਨੂੰ ਜਬਰ ਤੇ ਬੇਰਹਿਮ ਲੁੱਟ ਦੇ ਆਸਰੇ ਕੋਈ ਅੰਬਾਨੀ, ਟਾਟਾ-ਬਿਰਲਾ ਵਧਦਾ ਫੁੱਲਦਾ ਹੈ। ਫਿਰ ਉਹ ਹਰ ਸਰਕਾਰ ਨੂੰ ਆਪਣੇ ਹਿਸਾਬ ਨਾਲ ਚਲਾਉਂਦਾ ਹੈ। ਉਹ ਸਰਕਾਰ ਕਿਵੇਂ ਅੰਬਾਨੀ ਟਾਟਾ-ਬਿਰਲਾ ਨੂੰ ਕਾਬੂ ਕਰਕੇ ਲੱਖਾਂ ਲੋਕਾਂ ਨੂੰ ਗਰੀਬੀ ਭੁੱਖਮਰੀ ਬੇਰੁਜ਼ਗਾਰੀ ਦੀ ਦਲਦਲ ’ਚ ਧੱਕਣ ਤੋਂ ਰੋਕ ਸਕਦੀ ਹੈ। ਨਹੀਂ ਰੋਕ ਸਕਦੀ ਹੈ। ਸਰਕਾਰ ’ਚ ਬੈਠੇ ਮੰਤਰੀ ਅਧਿਕਾਰੀ ਵੀ ਉਸੇ ਕਿਸ਼ਤੀ ਦੇ ਸੁਆਰ ਹਨ, ਜਿਸ ’ਚ ਪੂੰਜੀਪਤੀ ਤੇ ਦਲਾਲ ਨੌਕਰਸ਼ਾਹ ਸਰਮਾਏਦਾਰੀ ਸਵਾਰ ਹੈ। ਰਾਜਸੱਤਾ ਸਮੇਂ ਸਮੇਂ

’ਤੇ ਵੱਧ ਤੋਂ ਵੱਧ ਆਪਣੇ ਤੰਤਰ ਰਾਹੀਂ ਸੰਕਟ ਕਾਲ ਨੂੰ ਟਾਲਣ ਲਈ ਵਿਸ਼ੇਸ਼ ਤੌਰ ’ਤੇ ਇਹ ਕਰ ਸਕਦੀ ਹੈ ਕਿ ਦਰਿਦਰਤਾ, ਭੁੱਖਮਰੀ, ਗਰੀਬੀ, ਬੇਰੁਜ਼ਗਾਰੀ ਨੂੰ ਖਤਰਨਾਕ ਪੱਧਰ ਤਕ ਨਾ ਪਹੁੰਚਣ ਦੇਵੇ। ਇਹ ਇਸ ਲਈ ਖਤਰਨਾਕ ਪੱਧਰ ਉਸ ਉਥਲ-ਪੁਥਲ ਦੇ ਦੌਰ ਦੀ ਸ਼ੁਰੂਆਤ ਕਰ ਸਕਦਾ ਹੈ, ਜਿਸ ਦੀ ਚਰਚਾ ਉਪਰ ਕੀਤੀ ਗਈ ਸੀ। ਨਰੇਗਾ ਕਿਸਾਨਾਂ ਦੀ ਕਰਜ ਮੁਆਫੀ ਵਰਗੇ ਐਲਾਨ ਇਸੇ ਕਿਰਦਾਰ ਦੇ ਹਨ। ਜਿਸ ਜ਼ਰੀਏ ਉਥਲ-ਪੁਥਲ ਪੈਦਾ ਕਰਨ ਵਾਲੀਆਂ ਤਾਕਤਾਂ ਨੂੰ ਕਿਸੇ ਤਰ੍ਹਾਂ ਇਕ ਦਾਇਰੇ ’ਚ ਬੰਨਿਆ ਜਾਂਦਾ ਹੈ। ਇਕ ਸੀਮਾ ਪਿੱਛੋਂ ਬੰਨਣ ਵਾਲਿਆਂ ਦੇ ਲਈ ਬੰਨਣਾ ਅਤੇ ਬੰਨੇ ਲੋਕਾਂ ਨੂੰ ਬੰਨਣਾ ਅਸੰਭਵ ਹੋ ਜਾਂਦਾ ਹੈ। ਅਤੇ ਇਹ ਉਥਲ ਪੁਥਲ ਦੇ ਯੁੱਗ ਨੂੰ ਸ਼ੁਰੂ ਕਰ ਦਿੰਦਾ ਹੈ। ਬੰਨੇ ਰਹਿਣ ਤੋਂ ਇਨਕਾਰ ਦੇ ਨਾਲ ਹੀ ਉਸ ਅੱਛੇ ਭਵਿੱਖ ਦੀ ਸ਼ੁਰੂਆਤ ਹੁੰਦੀ ਹੈ ਜਿਸ ਲਈ ਮੇਹਨਤਕਸ਼ ਲੰਮੇ ਸਮੇਂ ਤੋਂ ਉਮੀਦ ਤੇ ਉਡੀਕ ਕਰ ਰਹੇ ਹਨ।

# ਬਲੂ ਫ਼ਿਲਮਾਂ ਅਤੇ ਨਸ਼ਿਆਂ ਦਾ ਕਰੋੜਾਂ ਦਾ ਕਾਰੋਬਾਰ

ਮਰਦਾਂ ਦੇ ਬਦਲਦੇ ਸੈਕਸ ਸੁਭਾਅ ਕਾਰਨ ਬਲੂ ਫਿਲਮਾਂ ਦਾ ਕਾਰੋਬਾਰ ਕਰੋੜਾਂ ਰੁਪਏ ਤੱਕ ਪਹੁੰਚ ਗਿਆ ਹੈ ਅਤੇ ਇਸ ਦੇ ਨਿਰਮਾਣ ਦਾ ਅਮਲ ਬੇਇਮਾਨੀ ਤੇ ਧੋਖੇਬਾਜੀ ਦੇ ਚੱਕਰਵਿਊ ’ਚ ਫਸ ਗਿਆ ਹੈ। ਇਸ ਗੋਰਖਧੰਦੇ ਦੇ ਸਫਾਏ ਲਈ ਸਰਕਾਰ ਪਾਸ ਫਿਲਹਾਲ ਕੋਈ ਪ੍ਰਬੰਧ ਨਹੀਂ ਹੈ। ਸੰਸਾਰ ਦੇ ਸੰਭੋਗਤੋਰ ਇਤਿਹਾਸ ਵਿੱਚ ਭਾਰਤ ਇਕ ਐਸੀ ਸਭਿਅਤਾ ਵਜੋਂ ਸਥਾਪਤ ਹੈ ਜਿਸ ਨੇ ਸੰਭੋਗ ਦੀ ਪ੍ਰਚਲਤ ਮੁਦਰਾ ਨੂੰ ਨਕਾਰ ਦਿੱਤਾ। ਹਾਲਾਂਕਿ ਅੱਜਕੱਲ੍ਹ ਉਹਨਾਂ ਦੀ ਛਵੀ ਵਿਖੰਡਵਾਦੀ ਹੈ ਅਤੇ ਉਸ ਦਾ ਮੁੱਖ ਕਾਰਨ ਹੈ ਮਰਦ ਦਾ ਯੌਨ ਸਵਰੂਪ ਵਿਭਾਜਿਤ ਹੋਣਾ। ਹੁਣ ਮਰਦਾਂ ਦੀ ਕਾਮੁਕਤਾ ਇਕ ਔਰਤ ਜਿਸਮ ਦੇ ਪਾਸ ਨਹੀਂ ਰਹਿ ਗਈ ਹੈ। ਬਲਕਿ ਪਤਨੀ, ਪ੍ਰੇਮਿਕਾ, ਰਖੈਲ ਅਤੇ ਬਾਜ਼ਾਰੂ ਔਰਤਾਂ ਵਿੱਚ ਵੰਡੀ ਗਈ ਹੈ। ਇਸ ਦੇ ਨਾਲ ਹੀ ਮਰਦਾਂ ਦੇ ਸੈਕਸ ਸੁਭਾਅ ਤੇ ਕਾਮ ਭਾਵਨਾ ’ਚ ਵੀ ਤਬਦੀਲੀ ਆਈ ਹੈ। ਹੁਣ ਉਹਨਾਂ ਦੀ ਸੰਤੁਸ਼ਟੀ ’ਚ ਮਨੋਰੰਜਨ ਵੀ ਸ਼ਾਮਲ ਹੋ ਗਿਆ ਹੈ ਅਤੇ ਇਸ ਲਈ ਉਹ ਇਸ ਦਾ ਸਵਾਦ ਵੱਖ-ਵੱਖ ਤਰੀਕਿਆਂ ਨਾਲ ਲੈਂਦੇ ਹਨ। ਜਿਵੇਂ ਅਸ਼ਲੀਲ ਸਾਹਿਤ, ਪੋਰਨੋਗ੍ਰਾਫੀ, ਅਸ਼ਲੀਲ ਫਿਲਮ ਅਤੇ ਬਲੂ ਫਿਲਮਾਂ ਭਾਰਤੀ ਸਿਨੇਮਾ ’ਚ ਅਸ਼ਲੀਲ ਫ਼ਿਲਮਾਂ ਦੀ ਸ਼ੁਰੂਆਤ ਮਲਿਆਲੀ ਤੇ ਤਾਮਿਲ ਫਿਲਮਾਂ ਨਾਲ ਹੋਈ, ਪਰ ਮਲਿਆਲੀ ਫਿਲਮਾਂ ਇਸ ’ਚ ਬਾਜੀ ਮਾਰ ਕੇ ਲੈ ਗਈਆਂ।

ਦਰਅਸਲ ਮਲਿਆਲੀ ਫਿਲਮ ਉਦਯੋਗ ’ਚ ਪੋਰਨ ਫਿਲਮਾਂ ਮੁਨਾਫੇ ਦਾ ਧੰਦਾ ਸਾਬਤ ਹੁੰਦੀਆਂ ਰਹੀਆਂ। ਸੰਨ 2002 ’ਚ ਪ੍ਰਦਰਸ਼ਿਤ 90 ਫਿਲਮਾਂ ’ਚੋਂ ਇਕ ਤਿਹਾਈ ਐਸੀਆਂ ਸਨ ਜਿਹਨਾਂ ’ਚ ਸ਼ਕੀਲਾ ਤੇ ਮਾਰਿਆ ਵਰਗੀਆਂ ਪੋਰਨ ਅਭਿਨੇਤਰੀਆਂ ਸਨ। ਇਹ ਦੋਨੋਂ ਅਭਿਨੇਤਰੀਆਂ ਦਰਸ਼ਕਾਂ ਨੂੰ ਪੋਰਨੋਗ੍ਰਾਫੀ ਦੀ ਕਾਮੁਕ ਦੁਨੀਆਂ ’ਚ ਲੈ ਜਾਂਦੀਆਂ ਹਨ। ਜਿਥੇ ਜਿਸਮ ਹੀ ਨਹੀਂ ਦਿਸਦਾ ਬਲਕਿ ਸ਼ਕੀਲਾ ਨੇ ਮਲਿਆਲੀਆਂ ਨੂੰ ਲਿੰਗਕ ਪੋਜ਼ ’ਚ ਆਹਾਂ ਭਰਨ ਹਫਨ ਤੇ ਗਸ਼ ਖਾਣ ਵਾਲੇ ਹਨੇਰੇ ਕਮਰਿਆਂ ’ਚ ਪਹੁੰਚਾ ਦਿੱਤਾ। ਇਹਨਾਂ ’ਚ ਸੰਘਣੀਆਂ ਮੁੱਛਾਂ ਵਾਲੇ ਹਫਦੇ ਹੋਏ ਮਰਦ ਆਪਣੇ ਹੱਥ ਤੇ ਮੂੰਹ ਜਾਂਘਾਂ ਤੇ ਪੇਡੂ ’ਤੇ ਰੱਖਦੇ ਨਜ਼ਰ ਆਉਂਦੇ ਹਨ। ਸ਼ਕੀਲਾ ਦੇ ਨਸ਼ੀਲੇ ਤੇ ਗਦਰਾਏ ਜਿਸਮ ਦੀ ਏਨੀ ਮੰਗ ਹੈ ਕਿ ਇਕ ਮੀਲਆਲਮ ਉਪਗ੍ਰਹਿ ਨੈਟਵਰਕ ਹਫਤੇ ’ਚ ਤਿੰਨ ਵਾਰ ਸ਼ਕੀਲਾ ਦੀਆਂ ਫ਼ਿਲਮਾਂ ਵਿਖਾਉਂਦਾ ਹੈ। ਇਥੇ ਸ਼ਕੀਲਾ ਸਬੰਧੀ ਇਕ ਗੱਲ ਦੱਸਣੀ ਜ਼ਰੂਰੀ ਹੈ ਕਿ ਫ਼ਿਲਮਾਂ ਅਰਥਾਤ ਪਰਦਿਆਂ ’ਤੇ ਆਪਣਾ ਨੰਗਾ ਜਿਸਮ ਵਿਖਾ ਕੇ ਉਹ ਅਮੀਰ ਅਯਾਸ਼ ਭੌਰੇ ਨੂੰ ਆਪਣੇ ਜਿਸਮ ਦਾ ਦਿਵਾਨਾ ਬਣਾ ਦਿੰਦੀ ਹੈ। ਫਿਰ ਜਦ ਇਹ ਭੌਰੇ ਉਸ ਦੇ ਮਧੂ ਰਸ ਦਾ ਸੁਆਦ ਲੈਣਾ ਚਾਹੁੰਦੇ ਹਨ ਤਾਂ ਸ਼ਕੀਲਾ ਦੀ ਇਕ ਰਾਤ ਦੀ ਕੀਮਤ ਦਸ-ਬਾਰਾਂ ਲੱਖ ਰੁਪਏ ਹੁੰਦੀ ਹੈ ਅਤੇ ਇਸ ਰਾਤ ਕੋਈ ਵੀ ਗਾਹਕ ਉਸ ਨਾਲ ਦੋ ਵਾਰੀ ਤੋਂ ਵੱਧ ਸਰੀਰਕ ਸਬੰਧ ਨਹੀਂ ਬਣਾ ਸਕਦਾ। ਜੇ ਗਾਹਕ ਨਿਰੋਧ ਦੀ ਵਰਤੋਂ ਨਾ ਕਰਨਾ ਚਾਹੇ ਤਾਂ ਇਸ ਬਦਲੇ ਉਸ ਨੂੰ ਤਿੰਨ ਲੱਖ ਰੁਪਏ ਵੱਧ ਦੇਣੇ ਪੈਂਦੇ ਹਨ।

ਸਿਨਮੈਟੋਗ੍ਰਾਫੀ ਐਕਟ 1952 ਮੁਤਾਬਿਕ ਫਿਲਮ ਦੇ ਸੈਂਸਰ ਵੱਲੋਂ ਪਾਸ ਨਾ

ਕੀਤੇ ਗਏ ਪ੍ਰਿੰਟਾ ਨੂੰ ਜਬਤ ਕਰਨ ਦੀ ਵਿਵਸਥਾ ਹੈ। ਸੀ. ਬੀ. ਐਫ. ਸੀ. ਦੇ ਤਤਕਾਲੀਨ ਪ੍ਰਧਾਨ ਵਿਜੈ ਆਨੰਦ ਦੇ ਪਾਸ ਜਦ ਅਸ਼ਲੀਲ ਫ਼ਿਲਮਾਂ ਦੀ ਗੱਲ ਪਹੁੰਚੀ ਤਾਂ ਬੋਰਡ ਤੋਂ ਇਲਾਵਾ ਪੁਲਸ ਪ੍ਰਸ਼ਾਸ਼ਨ ਦਾ ਸਹਿਯੋਗ ਲੈ ਕੇ ਉਹਨਾਂ ਨੇ ਕੇਰਲਾ ਤੇ ਤਾਮਿਲਨਾਡੂ 'ਚ ਛਾਪੇ ਮਾਰੇ ਸਨ। ਤਾਮਿਲਨਾਡੂ 'ਚ 23 ਫ਼ਿਲਮਾਂ ਦੇ ਪ੍ਰਿੰਟ ਜਬਤ ਕੀਤੇ ਗਏ ਪਰ ਕੰਨੋ ਕੰਨੀ ਪਤਾ ਤੱਕ ਨਹੀਂ ਲੱਗ ਸਕਿਆ। ਕਹਾਵਤ ਹੈ 'ਤੂੰ ਡਾਲ-ਡਾਲ, ਹਮ ਪਾਤ-ਪਾਤ' ਇਹ ਸਥਿਤੀ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਦੀ ਭੀ ਹੋਈ ਅਤੇ ਉਥੋਂ ਦੇ ਫਿਲਮਕਾਰਾਂ ਦੀ ਵੀ। ਉਥੋਂ ਦੇ ਰਹਿਣ ਵਾਲਿਆਂ ਦੇ ਸੁਆਦ ਦਾ ਪਤਾ ਲੱਗ ਹੀ ਗਿਆ ਸੀ, ਇਸ ਲਈ ਧੜੱਲੇ ਨਾਲ ਅਸ਼ਲੀਲ ਫ਼ਿਲਮ ਅਰਥਾਤ ਬਲੂ ਫਿਲਮ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਅਤੇ ਤੁਹਾਨੂੰ ਇਹ ਜਾਣਕੇ ਹੈਰਾਨੀ ਹੋਵੇਗੀ ਕਿ ਚੇਨਈ ਨੰਗੀਆਂ ਫ਼ਿਲਮਾਂ ਦਾ ਗੜ੍ਹ ਮੰਨਿਆ ਜਾਂਦਾ ਹੈ। ਇਸ ਦੀ ਸ਼ੁਰੂਆਤ ਉਥੋਂ ਦੀ ਸਭ ਤੋਂ ਸੈਕਸੀ ਅਭਿਨੇਤਰੀ ਸ਼ਿਲਕ ਸਿਮਤਾ ਨੇ ਕੀਤੀ ਸੀ। ਸਿਲਕ ਸਿਮਤਾ ਵੀ ਆਪਣਾ ਜਿਸਮ ਅਯਾਸ਼ਾਂ ਨੂੰ ਦੋ-ਤਿੰਨ ਲੱਖ ਰੁਪਏ 'ਚ ਵੇਚਿਆ ਕਰਦੀ ਸੀ। ਵੱਧ ਬਲੂ ਫਿਲਮਾਂ ਚੇਨਈ 'ਚ ਹੀ ਬਣਦੀਆਂ ਹਨ ਜਿਸ 'ਚ ਨਾ ਸਿਰਫ 'ਸੀ' ਗ੍ਰੇਡ ਦੇ ਅਭਿਨੇਤਾ-ਅਭਿਨੇਤਰੀ ਬਲਕਿ 'ਏ' ਗ੍ਰੇਡ ਦੇ ਵੀ ਅਭਿਨੇਤਾ-ਅਭਿਨੇਤਰੀ ਭੂਮਿਕਾਵਾਂ ਨਿਭਾਉਂਦੇ ਹਨ। 'ਬੰਬੇ ਫੈਂਟੇਸੀ' ਨਾਮਕ ਬਲੂ ਫਿਲਮ 'ਚ ਹਿੰਦੀ ਫਿਲਮ ਦੇ ਸਾਬਕਾ ਅਭਿਨੇਤਾ ਨੇ ਰੋਲ ਨਿਭਾਇਆ ਅਤੇ ਭੇਦ ਖੁੱਲ੍ਹ ਜਾਣ 'ਤੇ ਉਸ ਦੀ ਪਤਨੀ ਨੇ ਉਸ ਨੂੰ ਤਲਾਕ ਦੇ ਦਿੱਤਾ ਸੀ।

ਫਿਲਮ 'ਦੋਸਤੀ ਦੁਸ਼ਮਣੀ' ਨਾਲ ਹਿੰਦੀ ਫ਼ਿਲਮਾਂ 'ਚ ਪ੍ਰਵੇਸ਼ ਕਰਨ ਵਾਲੀ ਦੱਖਣ ਭਾਰਤੀ ਅਭਿਨੇਤਰੀ ਭਾਨੁਪ੍ਰਿਆ ਦੀਆਂ ਵੀ ਕਈ ਫਿਲਮਾਂ 'ਚ ਕੰਮ ਕਰਨ ਦੀ ਪੋਲ ਖੁੱਲ੍ਹ ਚੁੱਕੀ ਹੈ। ਚੇਨਈ ਦੇ ਕੁਝ ਸਮਾਚਾਰ ਪੱਤਰਾਂ ਭਾਨੁਪ੍ਰਿਆ ਦੀਆਂ ਕਈ ਬਲੂ ਫ਼ਿਲਮਾਂ ਦੀ ਤਸਵੀਰ ਛਪੀ ਸੀ। ਚੇਨਈ ਦੇ ਹੋਟਲ 'ਦ ਇਮੇਰਿਅਰ' 'ਚ ਸਾਊਦੀ ਅਰਬ ਦੇ ਇਕ ਸ਼ੇਖ ਇਬ੍ਰਾਹਿਮ ਨਾਲ ਭਾਨੁਪ੍ਰਿਆ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਸੀ। ਹੋਟਲ ਦੇ ਕਮਰੇ ਦੀ ਤਲਾਸ਼ੀ 'ਚ ਪੁਲਸ ਨੂੰ ਕਮਰੇ 'ਚ ਵਾਈਟ ਵਾਈਨ ਦੀਆਂ ਦੋ ਬੋਤਲਾਂ, ਟ੍ਰਿਪਲ ਫਾਈਵ ਸਿਗਰਟ ਦੀ ਡੱਬੀ, ਨਿਰੋਧ ਦੇ ਪੈਕਟਾਂ ਦੇ ਨਾਲ ਹੀ ਇਕ ਔਰਤ ਦਾ ਪਰਸ ਮਿਲਿਆ ਸੀ ਜਿਸ 'ਚ ਡਰਾਈਵਿੰਗ ਲਾਇਸੰਸ ਸੀ ਜੋ ਭਾਨਪ੍ਰਿਆ ਦਾ ਸੀ। ਉਸ ਪਰਸ 'ਚ ਚਾਰ ਲੱਖ ਰੁਪਏ ਨਕਦ ਹੋਣ ਦੇ ਨਾਲ ਹੀ ਡਾਇਮੰਡ ਦਾ ਇਕ ਨੇਕਲੈਸ ਵੀ ਸੀ ਜਿਸ ਦੀ ਕੀਮਤ 2 ਲੱਖ 60 ਹਜ਼ਾਰ ਰੁਪਏ ਭਾਰਤੀ ਮੁਦਰਾ 'ਚ ਸੀ। ਉਹ ਆਬੂਧਾਬੀ ਦੀ ਗੋਲਡ ਸਲੈਕਸ਼ਨ ਛਾਪ ਤੋਂ ਖਰੀਦਿਆ ਗਿਆ ਸੀ ਅਤੇ ਉਸ ਦੀ ਕਸਟਮ ਡਿਊਟੀ 33 ਹਜ਼ਾਰ ਰੁਪਏ ਜਮ੍ਹਾਂ ਕੀਤੀ ਗਈ ਸੀ, ਜਿਸ ਦੀ ਸਲਿਪ ਵੀ ਪੁਲਸ ਨੂੰ ਹਾਸਲ ਹੋਈ ਸੀ। ਪੁਲਸ ਨੂੰ ਉਸ ਦੀ ਸੂਚਨਾ ਆਪਣੇ ਮੁਖਬਰ ਰਾਹੀਂ ਹਾਸਲ ਹੋਈ ਸੀ। ਸ਼ੇਖ ਇਬ੍ਰਾਹਿਮ ਅਤੇ ਭਾਨੁਪ੍ਰਿਆ ਨੂੰ ਪੁਲਸ ਹਿਰਾਸਤ 'ਚ ਲੈ ਕੇ ਥਾਣੇ ਪੁੱਜੀ ਫਿਰ ਉਹਨਾਂ ਨੂੰ ਇਮਪੀਰੀਅਲ ਐਕਟ ਦੀ ਧਾਰਾ 45,7,8, ਦੇ ਤਹਿਤ ਦੂਜੇ ਦਿਨ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੋਂ ਉਹਨਾਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ। ਇਸ ਘਟਨਾ 'ਚ ਸਭ ਤੋਂ ਵੱਧ ਹੈਰਾਨੀਜਨਕ ਗੱਲ ਇਹ ਹੋਈ ਕਿ ਸ਼ੇਖ ਇਬ੍ਰਾਹਿਮ ਤੇ ਭਾਨੁਪ੍ਰਿਆ ਦੀ ਜਮਾਨਤ ਸਾਊਦੀ ਅਰਬ ਦੇ ਦੂਤਾਵਾਸ ਨੇ ਲਈ ਅਤੇ ਭਾਰਤ ਸਰਕਾਰ ਨੂੰ ਬੇਨਤੀ ਕੀਤੀ ਕਿ ਸ਼ੇਖ ਇਬ੍ਰਾਹਿਮ

ਨੇ ਕੋਈ ਜੁਰਮ ਨਹੀਂ ਕੀਤਾ ਹੈ ਕਿਉਂਕਿ ਜਿਸਮ ਫਿਰੋਸ਼ੀ ਕਰਨਾ ਉਸ ਦੇ ਦੇਸ਼ 'ਚ ਕੋਈ ਅਪਰਾਧ ਨਹੀਂ ਹੈ। ਸਾਊਦੀ ਅਰਬ ਦੇ ਦੂਤਾਵਾਸ ਦੀ ਬੇਨਤੀ 'ਤੇ ਨਾ ਸਿਰਫ ਸ਼ੇਖ ਇਬਰਾਹਿਮ ਨੂੰ ਹੀ ਛੱਡ ਦਿੱਤਾ ਗਿਆ ਬਲਕਿ ਭਾਨੁਪ੍ਰਿਆ 'ਤੇ ਵੀ ਮੁਕੱਦਮਾ ਵਾਪਸ ਲੈ ਲਿਆ ਗਿਆ। ਪਰ ਇਸ ਘਟਨਾ ਨਾਲ ਇਹ ਸਾਬਿਤ ਹੋ ਗਿਆ ਕਿ ਭਾਨੂਪ੍ਰਿਆ ਅਭਿਨੈ ਕਰਨ ਦੇ ਨਾਲ ਹੀ ਹਾਈ ਪ੍ਰੋਫਾਇਲ ਕਾਲ ਗਰਲ ਦਾ ਵੀ ਧੰਦਾ ਕਰਦੀ ਸੀ। ਜਿਸ ਦੀ ਕੀਮਤ ਇੱਕ ਰਾਤ ਦੀ ਚਾਰ-ਪੰਜ ਲੱਖ ਤੋਂ ਘੱਟ ਨਹੀਂ ਸੀ।

ਇਸ ਪ੍ਰਸੰਗ 'ਚ ਇਹ ਵੀ ਦੱਸਿਆ ਜਾਂਦਾ ਹੈ ਕਿ ਦੱਖਣੀ ਭਾਰਤ ਦੇ ਪ੍ਰਸਿੱਧ ਹੀਰੋ ਸੋਮਨ ਦੇ ਨਾਲ ਭਾਨੁਪ੍ਰਿਆ ਦਾ ਰੋਮਾਂਸ ਉਹਨੀਂ ਦਿਨੀਂ ਚੱਲ ਰਿਹਾ ਸੀ। ਅਕਸਰ ਸੋਮਨ ਤੇ ਭਾਨੁਪ੍ਰਿਆ ਕਿਸੇ ਹੋਟਲ 'ਚ ਜਾ ਕੇ ਰੰਗਰਲੀਆਂ ਮਨਾਉਂਦੇ। ਸੋਮਨ ਦੇ ਇਕ ਦੋਸਤ ਨੂੰ ਇਸ ਦੀ ਜਾਣਕਾਰੀ ਹੋਈ ਤਾਂ ਉਸ ਨੇ ਮੌਕਾ ਵੇਖ ਦੋਹਾਂ ਦੇ ਜਿਣਸੀ ਸਬੰਧਾਂ ਦੀ ਫ਼ਿਲਮ ਤਿਆਰ ਕਰ ਲਈ। ਫਿਰ ਉਸ ਫ਼ਿਲਮ ਦੇ ਜ਼ੋਰ 'ਤੇ ਉਸ ਨੇ ਭਾਨੂਪ੍ਰਿਆ ਤੇ ਸੋਮਨ ਅਭਿਨੀਤ ਫ਼ਿਲਮ (ਇਥੇ 'ਅਭਿਨੀਤ' ਕਹਿਣਾ ਠੀਕ ਨਹੀਂ ਕਿਉਂਕਿ ਉਹ ਦੋਨੋਂ ਯਥਾਰਥ 'ਚ ਸੰਭੋਗਰਤ ਹੁੰਦੇ ਸਨ ਅਤੇ ਰੰਗਰਲੀਆਂ ਮਨਾ ਰਹੇ ਸਨ) ਦੀਆਂ ਕਈ ਫ਼ਿਲਮਾਂ ਬਣਾਈਆਂ ਤੇ ਉਹਨਾਂ ਦੀ ਸੀਡੀ 10-10 ਰੁਪਏ 15-15 ਹਜ਼ਾਰ ਰੁਪਏ 'ਚ ਵੇਚ ਦਿੱਤੀ। ਆਪ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਸੀਡੀਆਂ ਹੱਥੋ ਹੱਥੀ ਵਿਕ ਗਈਆਂ ਸਨ। ਬਲੈਕਮੇਲਿੰਗ ਦੀ ਇਸ ਗੱਲ 'ਚ ਕਿੰਨੀ ਸੱਚਾਈ ਹੈ ਇਹ ਇਸ ਘਟਨਾ ਤੋਂ ਸਪੱਸ਼ਟ ਹੁੰਦਾ ਹੈ ਕਿ ਕੁਝ ਦਿਨਾਂ ਪਿੱਛੋਂ ਹੀ ਸੋਮਨ ਨੂੰ ਕਈ ਮੁਟਿਆਰਾਂ ਨੂੰ ਫੁਸਲਾਉਣਾ ਉਹਨਾਂ ਨੂੰ ਬਲੈਕਮੇਲ ਕਰਕੇ ਬਲੂ ਫ਼ਿਲਮਾਂ 'ਚ ਕੰਮ ਕਰਵਾਉਣ ਦੇ ਨਾਲ ਉਹਨਾਂ ਤੋਂ ਦੇਹ ਵਪਾਰ ਕਰਾਉਣ ਦੇ ਦੋਸ਼ 'ਚ ਵੀ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਦੱਖਣ ਭਾਰਤੀ ਦੀਆਂ ਛੇ ਐਕਸਟ੍ਰਾ ਅਭਿਨੇਤਰੀਆਂ-ਲਕਸ਼ਮੀ, ਯਾਸਮੀਨ ਜੋਤੀ, ਵਰਸ਼ਾ ਇੰਦੂ ਤੇ ਸ਼ੀਲਾ ਨੇ ਆਪਣੇ ਬਿਆਨ 'ਚ ਦੱਸਿਆ ਕਿ ਸੋਮਨ ਨੇ ਉਹਨਾਂ ਨੂੰ ਨਸ਼ੀਲੀ ਦਵਾਈ ਭਰਪੂਰ ਕੋਲਡ ਡ੍ਰਿੰਕ ਪਿਲਾ ਕੇ ਉਹਨਾਂ ਦੀਆਂ ਨੰਗੀਆਂ ਤਸਵੀਰਾਂ ਅਤੇ ਕਿਸੇ ਨੌਜਵਾਨ ਦੇ ਨਾਲ ਸੰਭੋਗ 'ਚ ਗਲਤਾਨ ਤਸਵੀਰਾਂ ਉਤਾਰੀਆਂ। ਹੋਸ਼ 'ਚ ਆਉਣ ਤੇ ਇਹਨਾਂ ਤਸਵੀਰਾਂ ਦੇ ਜ਼ਰੀਏ ਉਹਨਾਂ ਨੂੰ ਧਮਕੀ ਦੇ ਕੇ ਨਾ ਸਿਰਫ ਬਲਿਊ ਫ਼ਿਲਮਾਂ 'ਚ ਕੰਮ ਕਰਵਾਇਆ ਬਲਕਿ ਉਸ ਤੋਂ ਜਿਸਮ ਫਰੋਸ਼ੀ ਵੀ ਕਰਵਾਉਂਦਾ ਧਨਾਢ ਅਯਾਸ਼ ਦੀ ਮਾਨਸਿਕਤਾ 'ਚ ਇਹ ਗੱਲ ਵਸੀ ਹੁੰਦੀ ਹੈ ਕਿ ਉਹ ਅਭਿਨੇਤਰੀਆਂ ਦੇ ਨਾਲ ਆਪਣੀਆਂ ਰਾਤਾਂ ਗੁਜਾਰਨਾ। ਸੋਮਨ ਧਨਾਢ ਅਯਾਸ਼ਾਂ ਦੀ ਇਸ ਮਾਨਸਿਕਤਾ ਨੂੰ ਆਪਣਾ ਹਥਿਆਰ ਬਣਾ ਕੇ ਲਕਸ਼ਮੀ, ਯਾਸਮੀਨ ਆਦਿ ਨੂੰ ਉਹਨਾਂ ਪਾਸ ਭੇਜਦਾ ਅਤੇ ਉਹਨਾਂ ਤੋਂ ਪ੍ਰਤੀ ਰਾਤ ਇਕ ਤੋਂ ਡੇਢ ਲੱਖ ਰੁਪਏ ਵਸੂਲ ਕਰਦਾ ਜਦ ਕਿ ਅਭਿਨੇਤਰੀ ਨੂੰ 10-15 ਹਜ਼ਾਰ ਰੁਪਏ ਤੋਂ ਵੱਧ ਨਹੀਂ ਦਿੰਦਾ।

ਜਾਂਚ-ਪੜਤਾਲ ਤੋਂ ਪੁਲਸ ਨੂੰ ਉਪਰੋਕਿਤ ਮੁਟਿਆਰਾਂ ਦੇ ਬਿਆਨਾਂ ਦੀ ਪੁਸ਼ਟੀ ਹੋ ਗਈ ਹੈ। ਅਭਿਨੇਤਾ ਸੋਮਨ ਦੀ ਸਮਾਜ ਵਿਰੋਧੀ ਤੱਤਾਂ ਨਾਲ ਮਿਲੀਭੁਗਤ ਸੀ ਅਤੇ ਉਹ ਆਪਣੇ ਰਸੂਖ ਨਾਲ ਮੁਟਿਆਰਾਂ ਨੂੰ ਕੰਮ ਦਿਵਾਉਣ ਦਾ ਝਾਂਸਾ ਦੇ ਕੇ ਨਾ ਉਹਨਾਂ ਨੂੰ ਸਿਰਫ ਬਲਿਊ ਫ਼ਿਲਮਾਂ 'ਚ ਕੰਮ ਕਰਨ ਲਈ ਮਜ਼ਬੂਰ ਕਰਦਾ ਬਲਕਿ ਉਹਨਾਂ ਤੋਂ ਜਿਸਮ ਫਿਰੋਸ਼ੀ ਵੀ ਕਰਵਾਉਂਦਾ। ਇਸ 'ਚ ਸੋਮਨ ਨੂੰ ਕਰੋੜਾਂ

ਰੁਪਏ ਦੀ ਮੋਟੀ ਕਮਾਈ ਹੁੰਦੀ ਸੀ। ਵਿਦੇਸ਼ਾਂ 'ਚ ਭਾਰਤੀ ਮੁਟਿਆਰਾਂ ਅਤੇ ਭਾਰਤੀ ਰਤੀ ਆਸਨ ਦੀਆਂ ਬਲਿਊ ਫਿਲਮਾਂ 50-60 ਹਜ਼ਾਰ ਰੁਪਏ 'ਚ ਵਿਕਦੀਆਂ ਹਨ। ਜੇ 90 ਮਿੰਟ ਦੀ ਫ਼ਿਲਮ 'ਚ ਯੌਨ ਸੰਭੋਗ ਗੁਦਾ ਸੰਭੋਗ ਅਤੇ ਮੁੱਖ ਸੰਭੋਗ ਦੇ ਦ੍ਰਿਸ਼ ਹੁੰਦੇ ਹਨ ਤਾਂ ਉਹ ਵੀ ਭਾਰਤੀ ਬਾਜ਼ਾਰ 'ਚ 10-15 ਹਜ਼ਾਰ ਰੁਪਏ ਤੋਂ ਘੱਟ 'ਚ ਨਹੀਂ ਵਿਕਦੀਆਂ ਹਨ ਜਦ ਕਿ ਰੇਪ ਸੀਨ ਵਾਲੀ ਸੀਡੀ ਇਸ ਤੋਂ ਦੁੱਗਣੀ ਕੀਮਤ 'ਚ ਵਿਕਦੀ ਹੈ। ਅਰਬ ਸੌਦਾਗਰਾਂ ਦੇ ਮੁੰਬਈ 'ਚ ਆਉਣ-ਜਾਣ ਨਾਲ ਬਲਿਊ ਫ਼ਿਲਮਾਂ ਦੇ ਵਪਾਰ ਨੂੰ ਕਾਫੀ ਹੱਲਾਸ਼ੇਰੀ ਮਿਲੀ ਹੈ। ਖਾੜੀ ਦੇ ਦੇਸ਼ਾਂ 'ਚ ਵਿਖਾਈਆਂ ਜਾਣ ਵਾਲੀਆਂ ਬਲੂ ਫ਼ਿਲਮਾਂ 'ਚ 75 ਫੀਸਦੀ ਭਾਰਤੀ ਹੁੰਦੇ ਹਨ। ਖਾੜੀ ਦੇ ਆਯਾਸ਼ ਸ਼ੇਖ ਅਤੇ ਧਨਾਢ ਭਾਰਤੀ ਗੋਰੀਆਂ ਮੁਟਿਆਰਾਂ ਨਾਲ ਹੀ ਸਾਂਵਲੇ ਜਿਸਮ ਦੀਆਂ ਮੁਟਿਆਰਾਂ ਨੂੰ ਵੱਧ ਪਸੰਦ ਕਰਦੇ ਹਨ।

ਇਸ ਕਾਰਨ ਚੇਨਈ, ਤਿਵੇਂਦਰਮ, ਹੈਦਰਾਬਾਦ, ਪਾਂਡੀਚਰੀ, ਬੰਗਲੌਰ ਤੇ ਕੋਲਕੱਤਾ ਵਿੱਚ ਬਲਿਊ ਫਿਲਮਾਂ ਦੀ ਭਰਮਾਰ ਹੈ। ਦਰਅਸਲ ਬਲਿਊ ਫ਼ਿਲਮਾਂ ਦੀ ਸੀ. ਡੀ. ਤਾਂ ਇਕ ਬਹਾਨਾ ਹੈ। ਜੋ ਜਿਸਮ ਫਿਰੋਸ਼ੀ ਵੱਲ ਰਾਹ ਖੋਹਲਦਾ ਹੈ। ਕਾਲ ਗਰਲ ਲਈ ਇਹ ਪੋਰਟ ਫੋਲੀਓ ਦੀ ਤਰ੍ਹਾਂ ਹੈ। ਜਿਸ 'ਚ ਨਾ ਸਿਰਫ ਉਹ ਆਪਣੇ ਦੇ ਰਗ-ਰਗ ਦੀ ਨੁਮਾਇਸ਼ ਕਰਦੀ ਹੈ ਬਲਕਿ ਰਤੀ-ਕੀੜਾ ਦਾ ਅੰਦਾਜ਼ੇ ਬਿਆਂ ਵੀ ਦੱਸਦੀ ਹੈ। ਇਹਨਾਂ ਪੋਰਟ ਫੋਲੀਓ ਨੂੰ ਦੇਖ ਕੇ ਹੀ ਅਯਾਸ਼ ਸੇਖ ਅਤੇ ਭਾਰਤੀ ਧਨਾਢ ਆਪਣੇ ਪਸੰਦ ਦੀਆਂ ਰੂਪਸਿਆਂ ਨੂੰ ਚੁਣ ਸਕਦੇ ਹਨ। ਦਿੱਲੀ ਤੇ ਮੁੰਬਈ ਤੋਂ ਇਲਾਵਾ ਹੋਰ ਸ਼ਹਿਰ ਵੀ ਇਸ ਤੋਂ ਅਛੂਤ ਨਹੀਂ ਹਨ। ਸਾਂਵਲੀ ਸੁੰਦਰਤਾ ਦੀਆਂ ਮੁਟਿਆਰਾਂ ਨੂੰ ਖਾੜੀ ਮੁਲਕਾਂ ਦੇ ਸ਼ੇਖ ਨਮਕੀਨ ਬੇਗਮ ਕਹਿੰਦੇ ਹਨ ਅਤੇ ਨਾ ਸਿਰਫ ਉਹਨਾਂ ਦੀ ਬਲਿਊ ਫਿਲਮ ਹੀ ਵੇਖਦੇ ਹਨ। ਬਲਕਿ ਇਹਨਾਂ ਦੇ ਜਿਸਮ ਨਾਲ ਆਪਣੀ ਪਿਆਸ ਬੁਝਾਉਣਾ ਵੀ ਇਹਨਾਂ ਦਾ ਮਨਪਸੰਦ ਸ਼ੌਂਕ ਹੈ। ਇਸ ਕਾਰਨ ਉਮਰ ਦਰਾਜ ਸ਼ੇਖ ਇਥੋਂ ਦੀਆਂ ਕਮਿਸ਼ਨ ਲੜਕੀਆਂ ਨਾਲ ਆਪਣੀ ਸ਼ਾਦੀ ਕਰਕੇ ਉਹਨਾਂ ਨੂੰ ਨਾਲ ਲੈ ਜਾਂਦੇ ਹਨ। ਮੁੰਬਈ ਦੀ ਗੱਲ ਤਾਂ ਨਿਰਾਲੀ ਹੀ ਹੈ, ਇਥੋਂ ਦੀਆਂ ਕਈ ਅਭਿਨੇਤਰੀਆਂ (ਮੰਦਾਕਿਨੀ, ਸ਼ਵੇਤਾ, ਦੇਵਾ ਸ੍ਰੀ ਰਾਏ, ਸੋਮਾ ਆਨੰਦ, ਸਿਲਕ ਸਿਮਤਾ, ਮਮਤਾ ਕੁਲਕਰਣੀ, ਮੋਨਿਕਾ ਬੇਦੀ ਆਦਿ) ਸਭਿਆਚਾਰਕ ਪ੍ਰੋਗਰਾਮਾਂ ਦੇ ਬਹਾਨੇ ਖਾੜੀ ਦੇਸ਼ਾਂ ਦਾ ਚੱਕਰ ਲਾਉਂਦੀਆਂ ਹਨ ਅਤੇ ਅਰਬ ਸ਼ੇਖਾਂ ਤੇ ਹੋਰ ਧਨਾਢ ਆਯਾਸ਼ਾਂ ਦੀ ਸੇਜ ਗਰਮ ਕਰਕੇ ਲੱਖਾਂ-ਕਰੋੜਾਂ ਰੁਪਏ ਕਮਾਉਂਦੀਆਂ ਹਨ। ਇਥੋਂ ਦੇ ਸਿਨੇਮਾਘਰਾਂ 'ਚ ਜਿਸ ਤਰ੍ਹਾਂ ਫੀਚਰ ਫਿਲਮਾਂ ਵਿਖਾਈਆਂ ਜਾਂਦੀਆਂ ਹਨ। ਉਸੇ ਤਰ੍ਹਾਂ ਮਾਲਿਸ਼ ਘਰਾਂ, ਹੈਲਥ ਸੈਂਟਰ, ਡਾਂਸਿੰਗ ਸਕੂਲ, ਬਿਊਟੀ ਪਾਰਲਰ, ਕਲੱਬ ਤੇ ਬਾਰ ਵਿੱਚ ਖੁੱਲ੍ਹੇਆਮ ਬਲਿਊ ਫਿਲਮਾਂ ਵਿਖਾਈਆਂ ਜਾਂਦੀਆਂ ਹਨ।

ਇਹਨਾਂ ਸੈਂਟਰਾਂ ਵਿੱਚ ਮਰਦਾਂ ਨੂੰ ਇਕੱਲੇ ਜਾਣ ਦੀ ਇਜਾਜ਼ਤ ਨਹੀਂ ਹੁੰਦੀ। ਯੁਗਲ (ਜੁੜੇ) ਹੀ ਜਾ ਸਕਦੇ ਹਨ। ਜੇ ਮਰਦ ਇਕੱਲਾ ਹੈ ਤਾਂ ਮਹਿਲਾ ਦਾ ਪ੍ਰਬੰਦ ਸੈਂਟਰ ਵਾਲੇ ਕਰਦੇ ਹਨ ਜਿਸ ਦੀ ਫੀਸ 30 ਤੋਂ 50 ਹਜ਼ਾਰ ਰੁਪਏ ਤਕ ਹੁੰਦੀ ਹੈ। ਵੱਡੇ ਸਾਰੇ ਹਾਲ ਵਿੱਚ ਸੋਫਾ-ਕਮ-ਬੈੱਡ ਲੱਗਿਆ ਹੁੰਦਾ ਹੈ। ਇਕ ਜੋੜੇ ਨੂੰ ਇਕ ਸੋਫਾ-ਕਮ-ਬੈੱਡ ਮਿਲਦਾ ਹੈ। ਪ੍ਰਵੇਸ਼ ਟਿਕਟ ਦੀ ਕੀਮਤ (3000 ਤੋਂ 5000) ਰੁਪਏ ਤਕ ਵੱਖਰੀ ਦੇਣੀ ਪੈਂਦੀ ਹੈ। ਲੰਚ, ਡਿਨਰ ਤੇ ਸ਼ਰਾਬ ਦਾ ਬਿੱਲ ਵੀ ਵੱਖਰਾ ਦੇਣਾ ਹੁੰਦਾ

ਹੈ। ਫਿਲਮ ਤਾਂ ਦੋ-ਢਾਈ ਘੰਟੇ ਦੀ ਹੁੰਦੀ ਹੈ ਪਰ ਆਪ ਔਰਤ ਨਾਲ ਚਾਰ-ਪੰਜ ਘੰਟੇ ਗੁਜਾਰ ਸਕਦੇ ਹੋ। ਅੱਧੀ ਫਿਲਮ ਦੇ ਬਾਅਦ ਹੀ ਸਭ ਜੋੜਿਆਂ ਦਾ ਮਿਲਨ ਸ਼ੁਰੂ ਹੋ ਜਾਂਦਾ ਹੈ। ਇਕ ਤਰ੍ਹਾਂ ਨਾਲ ਉਸ ਹਾਲ ਵਿੱਚ ਸਮੂਹਕ ਸੰਭੋਗ ਹੁੰਦਾ ਹੈ। ਦੱਖਣੀ ਭਾਰਤ ਦੇ ਸ਼ਹਿਰਾਂ ਤੋਂ ਇਲਾਵਾ ਮੁੰਬਈ 'ਚ ਵੀ ਨੇਪਿਆਨਸੀ, ਜੁਹੂ ਮਾਲਾਬਾਰ ਹਿਲ, ਦਾਦਰ, ਕੋਲਾਬਾ ਆਦਿ ਖੇਤਰ ਬਲਿਊ ਫ਼ਿਲਮ ਤੇ ਸਮੂਹਕ ਸੰਭੋਗ ਲਈ ਪ੍ਰਸਿੱਧ ਹੈ ਪਰ ਇਥੇ ਇਕ ਕਾਲ ਗਰਲ ਦੀ ਕੀਮਤ 80 ਹਜ਼ਾਰ ਰੁਪਏ ਤੋਂ ਸਵਾ ਲੱਖ ਰੁਪਏ ਤਕ ਹੁੰਦੀ ਹੈ ਅਤੇ ਇਹ 'ਉਤਸਵ' ਰਾਤ ਭਰ ਚੱਲਦਾ ਹੈ। ਜਾਂਚ ਪੜਤਾਲ ਤੋਂ ਸਪੱਸ਼ਟ ਹੋ ਗਿਆ ਹੈ ਕਿ ਬਲਿਊ ਫਿਲਮ ਦਾ ਧੰਦਾ ਅਪ੍ਰਤੱਖ ਤੌਰ 'ਤੇ ਜਿਸਮ ਫਿਰੋਸ਼ੀ ਦੇ ਧੰਦੇ ਨਾਲ ਜੁੜਿਆ ਹੋਇਆ ਹੈ।

ਚੇਨਈ ਅਤੇ ਤ੍ਰਿਵੇਂਦਰਮ 'ਚ ਸੈਕਸ ਸਕੈਂਡਲਾਂ ਦਾ ਅਜਿਹਾ ਜਾਲ ਫੈਲਿਆ ਹੋਇਆ ਹੈ ਕਿ ਇਹ ਜਥੇਬੰਦ ਤਰੀਕੇ ਨਾਲ ਜਿਸਮ ਫਿਰੋਸ਼ੀ ਦੇ ਧੰਦੇ ਨੂੰ ਕਰਨ ਲਈ ਤਰ੍ਹਾਂ-ਤਰ੍ਹਾਂ ਦੀਆਂ ਬਲਿਊ ਫ਼ਿਲਮਾਂ ਬਣਾਉਂਦੇ ਹਨ ਜਿਨ੍ਹਾਂ 'ਚ ਛੋਟੀ ਉਮਰ ਦੀਆਂ ਲੜਕੀਆਂ ਨਾਲ ਰਤੀ-ਕੀੜਾ ਕਰਦੇ ਹੋਏ ਵਿਖਾਇਆ ਜਾਂਦਾ ਹੈ। ਜੇ ਆਪ ਉਸ ਖ਼ੂਬਸੂਰਤ ਕਮਿਸ਼ਨ ਲੜਕੀ ਦੀ ਡੀਮਾਂਡ ਕਰਦੇ ਹੋ ਤਾਂ ਉਹ ਲੜਕੀ ਤੁਹਾਨੂੰ ਰਾਤ ਭਰ ਲਈ ਲੱਖ ਸਵਾ ਲੱਖ ਰੁਪਏ ਤੋਂ ਘੱਟ ਨਹੀਂ ਮਿਲੇਗੀ। ਬਲਿਊ ਫਿਲਮਾਂ ਕਿਉਂਕਿ ਦਰਸ਼ਕਾਂ (ਧਨਾਢ ਆਯਾਸ਼) ਨੂੰ ਕਾਮ ਉਤੇਜਨਾ ਮੁਹੱਈਆ ਕਰਾਉਣ ਲਈ ਬਣਾਈਆਂ ਜਾਂਦੀਆਂ ਹਨ, ਇਸ ਕਾਰਨ ਇਸ 'ਚ ਸੰਭੋਗ ਦੇ ਐਸੇ ਐਸੇ ਹੈਰਤ ਅੰਗੇਜ ਕਰਤੱਬ ਵਿਖਾਏ ਜਾਂਦੇ ਹਨ ਕਿ ਉਹਨਾਂ ਨੂੰ ਵੇਖਕੇ ਮਰਦ ਦੰਗ ਰਹਿ ਜਾਂਦਾ ਹੈ। ਕਮਿਸ਼ਨ-ਖ਼ੂਬਸੂਰਤ ਲੜਕੀਆਂ ਦੇ ਅੰਗਾਂ ਨੂੰ ਕਲੋਜ਼ ਅੱਪ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਜਾਂਦਾ ਹੈ ਤੇ ਜਦ ਸਕੈਂਡਲ ਦੇ ਸਰਗਨਾ ਨਾਲ ਉਹ ਉਸ ਲੜਕੀ ਦੀ ਮੰਗ ਕਰਦਾ ਹੈ ਤਾਂ ਕਾਫੀ ਨਖਰੇ ਕਰਨ ਪਿੱਛੋਂ ਲੱਖ ਡੇਢ ਲੱਖ ਰੁਪਏ 'ਚ ਉਹ ਲੜਕੀ ਉਸ ਨੂੰ ਮੁਹੱਈਆ ਕਰਵਾ ਦਿੱਤੀ ਜਾਂਦੀ ਹੈ। ਇਹਨਾਂ ਫ਼ਿਲਮਾਂ 'ਚ ਗਰੁੱਪ ਸੈਕਸ, ਸਮਲਿੰਗੀ ਯੋਨਾ ਚਾਰ, ਪਸ਼ੂ ਮੈਥਨ, ਸੈਕਸ ਤ੍ਰਿਪਤੀ ਦੀਆਂ ਗੈਰ-ਕੁਦਰਤੀ ਵਿਧੀਆਂ ਤੋਂ ਇਲਾਵਾ ਬਲਾਤਕਾਰ ਦੇ ਦ੍ਰਿਸ਼ ਵੀ ਕਲੋਜ ਅੱਪ ਵਿੱਚ ਬੇਹੱਦ ਉਤੇਜਿਕ ਮੁਦਰਾਵਾਂ ਤੇ ਸਥਿਤੀਆਂ 'ਚ ਫਿਲਮਾਏ ਜਾਂਦੇ ਹਨ। ਇਹਨਾਂ ਬਲਿਊ ਫਿਲਮਾਂ ਨੂੰ ਟ੍ਰਿਪਲ-ਐਕਸ ਕਿਹਾ ਜਾਂਦਾ ਹੈ। ਡਬਲ ਐਕਸ 'ਚ ਔਰਤ ਮਰਦ ਨੂੰ ਵਿਖਾਇਆ ਜਾਂਦੈ। ਇਹਨਾਂ ਦ੍ਰਿਸ਼ਾਂ ਨੂੰ ਵੇਖ ਕੇ ਧਨਾਢ ਆਯਾਸ਼ ਸਕੈਂਡਲ ਦੇ ਜਾਲ 'ਚ ਬੁਰੀ ਤਰ੍ਹਾਂ ਫਸ ਜਾਂਦੇ ਹਨ ਤੇ ਮੂੰਹ ਮੰਗੀ ਕੀਮਤ ਦੇ ਕੇ ਉਸ ਮੁਟਿਆਰ ਨੂੰ ਰਾਤ ਭਰ ਭੋਗਦੇ ਹਨ। ਅੱਜਕੱਲ ਹਾਈਪ੍ਰੋਫਾਇਲ ਕਾਲ ਗਰਲਸ ਜਿਸਮ ਫਿਰੋਸ਼ੀ ਦਾ ਕਾਰੋਬਾਰ ਕਰਦੀਆਂ ਹਨ।

--------✪✪--------

# ਕ੍ਰਿਕਟ ਹੁਣ ਸਿਰਫ਼ ਪੈਸਿਆਂ ਦੀ ਖੇਡ

ਭਾਰਤੀ ਕ੍ਰਿਕਟ ਹਮੇਸ਼ਾ ਸੁਰਖੀਆਂ ਵਿਚ ਰਹਿੰਦੀ ਹੈ। ਚਾਹੇ ਉਹ ਸਚਿਨ ਤੇਂਦੂਲਕਰ ਦੇ ਛਿੱਕੇ ਹੋਣ ਜਾਂ ਫਿਰ ਯੁਵਰਾਜ ਸਿੰਘ ਦੇ ਛੱਕੇ। ਕਮਜ਼ੋਰ ਫੀਲਡਿੰਗ ਅਤੇ ਟੀਮਾਂ ਦੀ ਚੋਣ ਵਿੱਚ ਧਾਂਦਲੀ ਦੀਆਂ ਖਬਰਾਂ ਅਖਬਾਰਾਂ 'ਚ ਆਉਂਦੀਆਂ ਰਹਿੰਦੀਆਂ ਹਨ। ਪਰ ਇਕ ਹੋਰ ਮੁੱਦਾ, ਜਿਸ 'ਤੇ ਅਕਸਰ ਬਹਿਸ ਹੁੰਦੀ ਹੈ, ਉਹ ਹੈ ਵੱਧ ਤੋਂ ਵੱਧ ਕ੍ਰਿਕਟ। ਪੁਰਾਣੇ ਜ਼ਮਾਨੇ ਦੇ ਸੀਜਨ ਅਤੇ ਆਫ ਸੀਜਨ ਦਾ ਰਿਵਾਜ ਤਾਂ ਖਤਮ ਹੋ ਗਿਆ ਹੈ। ਹੁਣ ਤਾਂ ਕ੍ਰਿਕਟ ਅਤੇ ਤਾਬੜਤੋੜ ਕ੍ਰਿਕਟ ਦਾ ਜ਼ਮਾਨਾ ਹੈ। ਇਧਰ ਕਿਸੇ ਦੇਸ਼ ਤੋਂ ਕ੍ਰਿਕਟ ਸੀਰੀਜ਼ ਖਤਮ ਹੋਈ ਅਤੇ ਟੀਮ ਵਾਪਸ ਮੈਦਾਨ ਵਿੱਚ ਜਾਂ ਤਾਂ ਵਨ ਡੇ ਸੀਰੀਜ਼ 'ਚ ਮਸ਼ਗੂਲ ਜਾਂ ਫਿਰ ਟੀ-20 ਦੇ ਨਸ਼ੇ 'ਚ ਸਰਾਬੋਰ। ਅਜਿਹਾ ਹੀ ਕੁਝ ਪਿੱਛੇ ਜਿਹੇ ਹੋਇਆ ਹੈ। ਅਜੇ ਸਾਊਥ ਅਫਰੀਕਾ 'ਚ ਚੈਂਪਿਅੰਸ ਟ੍ਰਾਫੀ ਦੇ ਜਖਮ ਭਰੇ ਵੀ ਨਹੀਂ ਸਨ ਕਿ ਚੈਂਪਿਅੰਸ ਲੀਗ ਲਈ ਖਿਡਾਰੀਆਂ ਨੂੰ ਮੈਦਾਨ 'ਚ ਉਤਾਰਨਾ ਪਿਆ। ਇਹ ਸਾਲ ਭਰ ਹੋਣ ਵਾਲੀ ਕ੍ਰਿਕਟ ਖਿਡਾਰੀਆਂ ਨੂੰ ਜਿੰਨਾ ਨੁਕਸਾਨ ਪਹੁੰਚਾ ਸਕਦੀ ਹੈ। ਇਸ ਦਾ ਕਿਸੇ ਨੂੰ ਫਿਕਰ ਨਹੀਂ ਹੈ। ਇਹ ਸਭ ਪੈਸੇ ਲਈ ਹੋ ਰਿਹਾ ਹੈ। ਛੁੱਟੀ ਦੇ ਦਿਨ ਖਿਲੀ ਧੁੱਪ 'ਚ ਕ੍ਰਿਕਟ ਖੇਡ ਕੇ ਮਜ਼ਾ ਲੁੱਟਣ ਦਾ ਤਾਂ ਰਿਵਾਜ਼ ਹੀ ਖਤਮ ਹੋ ਗਿਆ ਹੈ। ਇਕ ਸਮਾਂ ਸੀ ਜਦ ਦਿੱਲੀ ਦੇ ਰਾਮਲੀਲਾ ਮੈਦਾਨ ਅਤੇ ਲੇਡੀ ਹਾਰਡਿੰਗ ਦੇ ਬਾਹਰ ਦੇ ਮੈਦਾਨ 'ਚ ਹਰ ਵਕਤ ਵਿਕਟ ਗੱਡੀ ਰਹਿੰਦੀ ਹੈ। ਮੈਦਾਨ ਦੇ ਵਿਚੋਂ ਲੋਕਾਂ ਦੇ ਆਉਣ ਜਾਣ ਕਰਨ ਦੇ ਬਾਵਜੂਦ ਕ੍ਰਿਕਟ ਦਾ ਮਾਹੌਲ ਗਰਮ ਰਹਿੰਦਾ ਸੀ। ਇਹੀ ਹਾਲ ਮੁੰਬਈ ਦੇ ਸ਼ਿਵਾ ਜੀ ਪਾਰਕ 'ਚ ਅਤੇ ਕਲਕੱਤਾ 'ਚ ਇਸਪਲੇਨੇਡ ਨੇੜਲੇ ਮੈਦਾਨ 'ਚ ਰਹਿੰਦਾ ਹੈ। ਖੇਡਣ ਵਾਲਿਆਂ 'ਚ ਕਾਫੀ ਜੋਸ਼ ਰਹਿੰਦਾ ਸੀ ਅਤੇ ਕੁਝ ਲੋਕ ਕ੍ਰਿਕਟ ਦੇ ਇਹਨਾਂ ਦੀਵਾਨਿਆਂ ਨੂੰ ਵੇਖਣ ਲਈ ਵੀ ਰੁਕ ਜਾਂਦੇ ਸਨ।

ਹਾਲਾਂਕਿ ਦੇਸ਼ ਦੇ ਹਰ ਹਿੱਸੇ ਵਿੱਚ ਇਸ ਪ੍ਰਕਾਰ ਦੀ ਕ੍ਰਿਕਟ ਪ੍ਰਚਲਤ ਸੀ ਪਰ ਇਸ ਨੂੰ ਮਹਿਜ 'ਗਲੀ' ਕ੍ਰਿਕਟ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਸੀ। ਫਿਰ ਜਦ ਕੈਰੀ ਪੇਕਰ ਨੇ 'ਵਨ ਡੇ' ਕ੍ਰਿਕਟ ਦਾ ਰਾਹ ਵਿਖਾਇਆ ਤਾਂ ਇਸ ਗਲੀ ਕ੍ਰਿਕਟ ਨੂੰ ਵੀ ਸਨਮਾਨ ਮਿਲਣ ਲੱਗਿਆ। ਜਦ ਦੇਸ਼ ਵਿੱਚ ਵਨ-ਡੇ ਕ੍ਰਿਕਟ ਸ਼ੁਰੂ ਵੀ ਨਹੀਂ ਹੋਈ ਸੀ। ਜਦ ਸਿੰਧੀਆ ਨੇ ਦਿੱਲੀ 'ਚ 50-50 ਓਵਰ ਦੇ ਮੈਚ ਰੱਖੇ ਸਨ। ਉਸ ਪ੍ਰਕਾਰ ਦੀ ਕ੍ਰਿਕਟ ਵੀ ਰੱਖੀ ਗਈ ਸੀ ਜਿਸ ਨੂੰ ਅੱਜ ਲੋਕ ਆਜ-20 ਦੇ ਨਾਂ ਨਾਲ ਜਾਣਦੇ ਹਨ ਅਤੇ ਹੁਣ ਜਦ ਅੱਜਕੱਲ ਦੇਸ਼ 'ਚ ਟੀ-ਚੈਂਪਿਅੰਸ ਖੋਹਲੀ ਜਾ ਰਹੀ ਹੈ ਤਾਂ ਲੱਗਦਾ ਹੈ ਕਿ ਦਿੱਲੀ ਬੰਬੇ ਅਤੇ ਕੋਲਕਾਤਾ ਦੇ ਮੈਦਾਨ 'ਚ ਖੇਡਣ ਵਾਲੇ ਉਹ ਦੀਵਾਨੇ ਵਾਕਿਆ ਹੀ ਕਾਫੀ ਸਨ। ਪਰ ਸੁਆਲ ਇਹ ਹੈ ਕਿ ਟੈਸਟ, ਵਨ-ਡੇ ਅਤੇ ਫਿਰ ਟੀ-20 ਤਕ ਦਾ ਸਫਰ ਤਹਿ ਕਰਨ ਵਾਲੀ ਕ੍ਰਿਕਟ ਨੂੰ ਇਸ ਤਬਦੀਲੀ ਨਾਲ ਕੀ ਮਿਲਿਆ? ਬਹੁਤ ਸਾਰੇ ਲੋਕ ਟੈਸਟ-ਕ੍ਰਿਕਟ ਦੇ ਇਸ ਰੂਪ ਨੂੰ ਪਸੰਦ ਨਹੀਂ ਕਰਦੇ ਅਤੇ ਕਹਿੰਦੇ ਹਨ ਕਿ ਕ੍ਰਿਕਟ ਦਾ ਅਸਲੀ ਮਜ੍ਹਾ ਤਾਂ ਟੈਸਟ ਵਿੱਚ ਹੀ ਹੈ। ਪਰ ਜੇ ਅੱਜ ਦੀ ਭੱਜ ਦੌੜ ਵਾਲੀ ਜਿੰਦਗੀ ਨੂੰ ਵੇਖੀਏ ਤਾਂ ਲੱਗਦਾ ਹੈ ਕਿ ਸ਼ਾਇਦ ਇਹ

ਠੀਕ ਹੀ ਹੋਇਆ ਹੈ। ਕਿ ਕ੍ਰਿਕਟ ਸਿਰਫ ਦੋ ਦੇਸ਼ੀ ਵਿਚਕਾਰ ਖੇਡੀ ਜਾਣ ਵਾਲੀ ਖੇਡ ਨਹੀਂ ਬਲਕਿ ਫੁਟਬਾਲ ਵਾਂਗੂੰ ਕਲੱਬਾਂ ਵਿਚਕਾਰ ਹੋਣ ਵਾਲਾ ਮੁਕਾਬਲਾ ਬਣ ਗਿਆ। ਇਸ ਤਰ੍ਹਾਂ ਦੇ ਬਦਲਾਅ ਕਿਸੇ ਵੀ ਖੇਡ ਨੂੰ ਅੱਗੇ ਵਧਾਉਣ ਵਿਚ ਬਹੁਤ ਕਾਰਗਰ ਸਾਬਤ ਹੋਣਗੇ। ਜੇ ਅੱਜ ਫੁੱਟਬਾਲ ਦੁਨੀਆਂ ਦੀ ਨੰਬਰ ਵਨ ਖੇਡ ਬਣ ਗਈ ਹੈ ਤਾਂ ਉਸ ਦਾ ਸਿਹਰਾ ਮੈਨ ਚੇਸਟਰ ਯੁਨਾਈਟਡ ਅਤੇ ਲਿਵਰਪੂਲ ਵਰਗੇ ਕਲੱਬ ਨੂੰ ਜਾਂਦਾ ਹੈ ਜੇ ਅੱਜ ਲੀਗ ਦੇ ਜਨਮ ਦਾਤਾ ਲਲਿਤ ਮੋਦੀ ਦੀ ਮੰਨੀਏ ਤਾਂ ਜਲਦੀ ਹੀ ਲੀਗ ਕ੍ਰਿਕਟ ਦੁਨੀਆਂ ਦੇ ਹਰ ਦੇਸ਼ ਵਿੱਚ ਖੇਡੀ ਜਾਣ ਲੱਗੇਗੀ। ਇਥੋਂ ਤਕ ਕਿ ਉਹਨਾਂ ਦੇਸ਼ਾਂ ਵਿਚ ਵੀ ਜਿਥੇ ਕ੍ਰਿਕਟ ਦਾ ਰਿਵਾਜ਼ ਨਹੀਂ ਹੈ।

ਮੋਦੀ ਦਾ ਕਹਿਣਾ ਹੈ ਕਿ ਇਸ ਲੀਗ ਰਾਹੀਂ ਨਵੇਂ ਤੇ ਕਾਬਲ ਖਿਡਾਰੀ ਕੌਮੀ ਟੀਮ 'ਚ ਥਾਂ ਹਾਸਲ ਕਰ ਸਕਣਗੇ। ਪਰ ਤਸਵੀਰ ਦਾ ਦੂਜਾ ਰੁੱਖ ਇਹ ਹੈ ਕਿ ਲੀਗ 'ਚ ਏਨਾ ਪੈਸਾ ਹੈ ਕਿ ਜਾਣੇ-ਪਹਿਚਾਣੇ ਖਿਡਾਰੀ ਨਵੇਂ ਖਿਡਾਰੀਆਂ ਨੂੰ ਅੱਗੇ ਆਉਣ ਹੀ ਨਹੀਂ ਦਿੰਦੇ। ਇਥੋਂ ਤਕ ਕਿ ਸਨਿਆਸ ਲੈ ਚੁਕੇ ਖਿਡਾਰੀ ਵੀ ਪੈਸੇ ਦੇ ਲਾਲਚ 'ਚ ਦੁਬਾਰਾ ਮੈਦਾਨ 'ਚ ਉਤਰਨ ਲਈ ਤਿਆਰ ਰਹਿੰਦੇ ਹਨ। ਖਿਡਾਰੀਆਂ ਨੂੰ ਪੈਸਾ ਮਿਲੇ ਇਸ ਬਾਰੇ ਕਿਸੇ ਨੂੰ ਕੋਈ ਇਤਰਾਜ ਨਹੀਂ ਹੈ। ਪਰ ਇਹ ਕਹਿਣਾ ਕਿ ਲੀਗ ਤੋਂ ਅੱਛੇ ਖਿਡਾਰੀ ਉਭਰਨਗੇ ਸਹੀ ਨਹੀਂ ਲੱਗਦਾ। ਵੈਸੇ ਵੀ ਜੇ ਇਕ ਦਮ ਬਹੁਤ ਪੈਸਾ ਮਿਲ ਜਾਵੇ ਤਾਂ ਖਿਡਾਰੀ ਦਾ ਦਿਮਾਗ ਵੀ ਖਰਾਬ ਹੋ ਜਾਂਦਾ ਹੈ ਅਤੇ ਮੇਹਨਤ ਕਰਨ ਦੀ ਲਗਨ ਘੱਟ ਹੋ ਜਾਂਦੀ ਹੈ। ਕੁਝ ਦਿਨ ਪਹਿਲਾਂ ਕਲਕੱਤਾ ਦੇ ਇਕ ਕਮਰੇ ਦੇ ਮਕਾਨ ਰਹਿ ਰਹੇ ਮਨੋਜ ਤਿਵਾੜੀ ਨੂੰ ਦਿੱਲੀ ਦੀ ਡੇਅਰ-ਡੈਵਲ ਟੀਮ ਨੇ ਕਰੋੜ 'ਤੇ ਤਿੰਨ ਸਾਲ ਲਈ ਸਾਈਨ ਕੀਤਾ ਹੈ। ਅਜਿਹੇ 'ਚ ਕੀ ਤਿਵਾੜੀ ਪਹਿਲਾਂ ਜਿੰਨੀ ਮੇਹਨਤ ਲਈ ਤਿਆਰ ਹੋਣਗੇ? ਇਸ ਤਰ੍ਹਾਂ ਮਾਰਕਸ ਟ੍ਰੇਸਕੋਥਿਕ ਦਾ ਮਾਮਲਾ ਹੈ। ਦੋ ਸਾਲ ਪਹਿਲਾਂ ਟ੍ਰੇਸਕੋਥਿਲ ਭਾਰਤ ਦਾ ਦੌਰ ਵਿਚੇ ਛੱਡ ਕੇ ਰਾਜਕੋਟ ਤੋਂ ਇਹ ਕਹਿ ਕੇ ਵਾਪਸ ਘਰ ਗਏ ਸਨ ਕਿ ਉਹਨਾਂ ਨੇ ਭਾਰਤ ਦੀ ਆਬੋਹਵਾ ਰਾਸ ਨਹੀਂ ਆਉਂਦੀ ਅਤੇ ਉਹ ਬੀਮਾਰ ਰਹਿੰਦੇ ਹਨ। ਪਰ ਉਹ ਟ੍ਰੇਸਕੋਥਿਕ ਭਾਰਤ 'ਚ ਇੰਗਲੈਂਡ ਦੀ ਸਮਰਸੈਟ ਦੀ ਟੀਮ 'ਚੋਂ ਲੋਕ ਖੇਡਣ ਲਈ ਫਿੱਟ ਹਨ।

ਮੋਦੀ ਵਾਗੂ ਲੀਗ ਦੇ ਇਕ ਹੋਰ ਅਧਿਕਾਰੀ ਦੀਨੋ ਕੀਨੋ ਕਹਿੰਦੇ ਹਨ ਕਿ ਇਹ ਲੀਗ ਘਰੇਲੂ ਕ੍ਰਿਕਟ ਨੂੰ ਹੱਲਾਸ਼ੇਰੀ ਦੇਵੇਗੀ ਤਾਂ ਕੀ ਰਣਜੀ ਟ੍ਰਾਫੀ ਐਸਾ ਨਹੀਂ ਕਰ ਰਹੀ? ਜੇ ਨਹੀਂ ਤਾਂ ਕੀ? ਘੁੰਮ ਫਿਰ ਕੇ ਗੱਲ ਪੈਸੇ 'ਤੇ ਹੀ ਅਟਕ ਜਾਂਦੀ ਹੈ। ਜੇ ਰਣਜੀ ਟ੍ਰਾਫੀ 'ਚ ਪੈਸਾ ਲਾਇਆ ਜਾਵੇ। ਅੱਛੀ ਵਿਕਟ ਬਣਾਈ ਜਾਵੇ ਅਤੇ ਖਿਡਾਰੀਆਂ ਨੂੰ ਪੂਰਾ ਸਨਮਾਨ ਮਿਲੇ ਤਾਂ ਨਿਸ਼ਚੈ ਹੀ ਰਣਜੀ ਟ੍ਰਾਫੀ ਤੋਂ ਨੌਜਵਾਨ ਖਿਡਾਰੀ ਨਿਕਲਣੇ ਸ਼ੁਰੂ ਹੋ ਜਾਣਗੇ। ਲੀਗ ਖਿਲਾਫ ਬੋਲਣ ਵਾਲਿਆਂ ਦਾ ਇਹ ਕਹਿਣਾ ਵੀ ਹੈ ਕਿ ਪਹਿਲਾਂ ਵੀ ਕਾਫੀ ਕ੍ਰਿਕਟ ਹੋ ਰਹੀ ਹੈ। ਜਿਸ ਦੀ ਵਜਾਹ ਨਾਲ ਖਿਡਾਰੀ ਅਕਸਰ ਜਾਂ ਤਾਂ ਜਖਮੀ ਰਹਿੰਦੇ ਹਨ ਜਾਂ ਫਿਰ ਚੋਟ ਛਿਪਾਉਂਦੇ ਹਨ। ਪਰ ਹਕੀਕਤ ਇਹ ਹੈ ਕਿ ਜ਼ਿਆਦਾ ਕ੍ਰਿਕਟ ਤੋਂ ਪੈਸਾ ਸਿਰਫ ਖਿਡਾਰੀਆਂ ਨੂੰ ਹੀ ਨਹੀਂ ਮਿਲ ਰਿਹਾ ਆਯੋਜਕ ਅਤੇ ਇਥੋਂ ਤਕ ਕਿ ਮੀਡੀਆ ਨੂੰ ਵੀ ਮੋਟਾ ਲਾਭ ਮਿਲਦਾ ਹੈ। ਆਯੋਜਿਕ ਇਸ਼ਤਿਆਰਬਾਜੀ ਅਤੇ ਸਿੱਧੇ ਟੀ. ਵੀ. ਪ੍ਰਸਾਰਨ ਦੇ ਅਧਿਕਾਰ ਵੇਚ ਕੇ ਕਮਾਉਂਦੇ ਹਨ। ਤਾਂ ਟੀ. ਵੀ. ਸਟੇਸ਼ਨ ਅਤੇ ਅਖਬਾਰ ਇਸ਼ਤਿਹਾਰ ਰਾਹੀਂ ਇਹ ਇਕ ਅਜਿਹਾ

ਗੋਰਖ ਧੰਦਾ ਹੈ ਜਿਸ 'ਚ ਸਬ ਦੇ ਪੌਂ ਬਾਰਾਂ ਹਨ ਤਾਂ ਕੋਈ ਕਿਉਂ ਖਿਡਾਰੰਆਂ ਦੀ ਸਟੈ ਲਈ ਸੋਚੇਗਾ? ਲੀਗ 'ਚ ਆਸਟ੍ਰੇਲੀਆ ਦੀਆਂ ਦੋ ਟੀਮਾਂ ਖੇਡ ਰਹੀਆਂ ਹਨ, ਨਿਊ ਸਾਊਥ ਵੇਲਸ ਅਤੇ ਵਿਕਟੋਰੀਆ ਦੋਨੋਂ ਹੀ ਟੀਮਾਂ ਦੇ ਚੋਟੀ ਦੇ ਖਿਡਾਰੀ ਪਿਛਲੇ ਮਹੀਨੇ ਤੋਂ ਲਗਾਤਾਰ ਖੇਡਦੇ ਆ ਰਹੇ ਹਨ। ਉਹਨਾਂ ਨੂੰ ਵਰਲਡ ਕੱਪ, ਏਸ਼ੇਜ ਸੀਰੀਜ਼, ਇੰਗਲੈਂਡ ਦੇ ਖਿਲਾਫ ਟੈਸਟ ਅਤੇ ਸੱਤ ਵਨ-ਡੇ ਮੈਚਾਂ ਤੋਂ ਇਲਾਵਾ ਸਾਊਥ ਅਫਰੀਕਾ ਖਿਲਾਫ ਚੈਪਿਅੰਸ ਟ੍ਰਾਫੀ ਵੀ ਜਿੱਤੀ ਹੈ। ਪਰ ਖਿਡਾਰੀ ਫਿਰ ਖੇਡਣ ਲਈ ਤਿਆਰ ਹਨ। ਆਸਟ੍ਰੇਲੀਆ ਦੇ ਤੇਜ਼ ਗੇਂਦਬਾਜ ਬ੍ਰੇਟਲੀ ਨਿਊ ਸਾਊਥ ਵੇਲਜ਼ ਬਲਿਊ ਟੀਮ 'ਚ ਸ਼ਾਮਲ ਹੈ। ਉਹਨਾਂ ਦਾ ਕਹਿਣਾ ਹੈ ਕਿ ਟੀ-20 ਕ੍ਰਿਕਟ ਤੇਜ਼ ਗੇਂਦਬਾਜਾਂ ਲਈ ਘਾਤਕ ਸਾਬਤ ਹੋ ਸਕਦੀ ਹੈ। ਪਰ ਫਿਰ ਵੀ ਲੀਨੂੰ ਪੈਸੇ ਲਈ ਖੇਡਣ 'ਚ ਕੋਈ ਦਿੱਕਤ ਨਹੀਂ। ਅਜਿਹੇ ਵਿੱਚ ਕੀ ਚੈਂਪਿਅੰਸ ਲੀਗ ਕ੍ਰਿਕਟ ਨੂੰ ਸਹੀ ਅਰਥਾਂ 'ਚ ਹੱਲਾਸ਼ੇਰੀ ਦੇ ਸਕੇਗੀ?

--------✪✪--------

# ਲੁੱਟ ਤੇ ਅਨਿਆਂ ਤੋਂ ਕੀ ਮੁਕਤੀ ਮਿਲੀ ਝਾਰਖੰਡ ਨੂੰ?

ਖਣਿਜ ਸਬੰਧੀ ਬਹੁਤ ਜ਼ਿਆਦਾ ਭਰਪੂਰ ਝਾਰਖੰਡ ਇਲਾਕੇ ਦੀ ਗਰੀਬੀ 1947 ਦੀ ਸੱਤਾ ਬਦਲੀ ਤੋਂ ਕੁਝ ਦਹਾਕੇ ਬਾਅਦ ਵੀ ਦੂਰ ਨਹੀਂ ਹੋ ਰਹੀ ਸੀ। ਤਾਂ ਕਈ ਲੋਕਾਂ ਨੂੰ ਇਹ ਭਰੋਸਾ ਹੋਇਆ ਕਿ ਸ਼ਾਇਦ ਵੱਖਰਾ ਝਾਰਖੰਡ ਸੂਬੇ ਦੇ ਗਠਨ ਪਿੱਛੋਂ ਇਹ ਸਮੱਸਿਆ ਦੂਰ ਹੋ ਜਾਵੇਗੀ ਕਿਉਂਕਿ ਤਦ ਕਈ ਬਾਹਰੀ ਤੱਤ ਝਾਰਖੰਡ ਦੀ ਲੁੱਟ ਨਹੀਂ ਕਰ ਸਕੇਗਾ। ਕਰੀਬ ਇਕ ਤਿਹਾਈ ਆਦੀਵਾਸੀ ਆਬਾਦੀ ਵਾਲੇ ਝਾਰਖੰਡ ਦਾ ਮੁੱਖ ਮੰਤਰੀ ਅਹੁਦਾ ਅਣ ਐਲਾਨੇ ਤੌਰ ਤੇ ਆਦੀਵਾਸੀ ਨੇਤਾਵਾਂ ਲਈ ਹੀ ਰਾਖਵਾਂ ਹੈ। ਇਸ ਦੇ ਬਾਵਜੂਦ ਰਾਜ ਦੀ ਗਰੀਬੀ ਤਾਂ ਘੱਟ ਨਹੀਂ ਹੋਈ ਹਾਂ ਮਧੂ ਕੋਡਾ ਵਰਗੇ ਭ੍ਰਿਸ਼ਟ ਨੇਤਾ ਜ਼ਰੂਰ ਉਭਰੇ ਜਿਹਨਾਂ 'ਤੇ 4000 ਕਰੋੜ ਰੁਪਏ ਦੇ ਘਪਲੇ ਦਾ ਦੋਸ਼ ਲੱਗਿਆ ਹੈ। ਇਹ ਸਰਕਾਰੀ ਪੈਸਾ ਝਾਰਖੰਡ ਦੇ ਗਰੀਬਾਂ ਦੇ ਕਲਿਆਣ ਤੇ ਵਿਕਾਸ ਲਈ ਹੀ ਤਾਂ ਸੀ। ਕੌੜਾ ਘਟਨਾਕ੍ਰਮ ਇਹ ਗੱਲ ਜ਼ਰੂਰ ਸਾਹਮਣੇ ਆਈ ਹੈ ਕਿ ਇਹ ਜ਼ਰੂਰੀ ਨਹੀਂ ਕਿ ਕਿਸੇ ਜਾਤੀ ਫਿਰਕੇ ਜਾਂ ਖੇਤਰ ਦੀ ਭਲਾਈ ਲਈ ਉਹਨਾਂ ਹੀ ਫਿਰਕਿਆਂ ਦੇ ਨੁਮਾਇੰਦਿਆਂ ਹੱਥਾਂ ਵਿਚ ਹਕੂਮਤ ਦੇ ਦਿੱਤੀ ਜਾਵੇ।

ਸੱਚ ਤਾਂ ਇਹ ਹੈ ਕਿ ਜ਼ਿਆਦਾਤਰ ਮਾਮਲਿਆਂ 'ਚ ਆਪਣੇ ਸਮੂਹ ਦੀ ਤਾਕਤ ਦੇ ਆਸਰੇ ਸੱਤਾ 'ਚ ਆਏ ਬਹੁਤੇ ਨੇਤਾ ਨਿੱਜੀ ਲਾਭ ਲੈਣ ਲਈ ਆਪਣੇ ਹੀ ਆਪਣੇ ਹੀ ਸਮੂਹ ਦੀ ਖੁੱਲ੍ਹੀ ਲੁੱਟ ਕਰਦੇ ਹਨ। ਝਾਰਖੰਡ ਦੀ ਆਦੀਵਾਸੀ ਤੇ ਹੋਰ ਗਰੀਬ ਜਨਤਾ ਦੇ ਲੁੱਟ ਦੀ ਤਾਜਾ ਕਹਾਣੀ ਨੂੰ ਦੇਖ ਸੁਣ ਕੇ ਇਕ ਵਾਰੀ ਫਿਰ ਉਹ ਪੁਰਾਣੀਆਂ ਕਹਾਣੀਆਂ ਨੂੰ ਯਾਦ ਕਰਨਾ ਮੌਜੂ ਹੋਵੇਗਾ। ਜੋ ਆਦੀਵਾਸੀ ਲੋਕਾਂ ਦੀ ਮੁਕਤੀ ਦੀਆਂ ਸੰਘਰਸ਼ ਕਥਾਵਾਂ ਹਨ। ਜਿੰਨੇ ਲੰਬੇ ਅਰਸੇ ਤਕ ਝਾਰਖੰਡ ਦੇ ਲੁੱਟ-ਘਸੁੱਟੇ ਜਾਂਦੇ ਲੋਕਾਂ ਨੇ ਰਾਜਸੀ ਤੇ ਆਰਥਕ ਅਜਾਦੀ ਲਈ ਬਲੀਦਾਨ ਦਿੰਦਿਆਂ ਸੰਘਰਸ਼ ਕੀਤੇ ਵੈਸੇ ਸੰਘਰਸ਼ ਘੱਟ ਹੀ ਥਾਵਾਂ 'ਤੇ ਹੋਏ ਹਨ। ਵੱਖਰੇ ਝਾਰਖੰਡ ਦਾ ਨਿਰਮਾਣ ਵੀ ਅਨੇਕਾਂ ਸੰਘਰਸ਼ਾਂ ਪਿੱਛੋਂ ਹੀ ਹੋ ਸਕਿਆ ਪਰ ਝਾਰਖੰਡ ਦਾ ਨਿਰਮਾਣ ਵੀ ਅਨੇਕਾਂ ਸੰਘਰਸ਼ਾਂ ਪਿੱਛੋਂ ਹੀ ਹੋ ਸਕਿਆ ਪਰ ਝਾਰਖੰਡ ਦੇ ਗਠਨ ਦੇ ਪਹਿਲੇ ਦਿਨ ਤੋਂ ਹੀ ਬਹੁਤੇ ਨੇਤਾਵਾਂ ਨੇ ਗੱਦੀ ਤੇ ਜਾਇਦਾਦ ਲਈ ਕੁਕੜਖੋਹੀ ਸ਼ੁਰੂ ਕਰ ਦਿੱਤੀ ਜਿਸ ਦੀ ਤਾਰਕਿਕ ਪ੍ਰਣੀਤੀ ਅੱਜ ਕੌੜਾ ਘਟਨਾਕ੍ਰਮ ਤੱਕ ਜਾ ਪਹੁੰਚੀ ਹੈ। ਇਸ ਸਬੰਧੀ ਇਕ ਘਟਨਾਕ੍ਰਮ ਨੂੰ ਯਾਦ ਕਰਨਾ ਪ੍ਰਸੰਗਿਕ ਹੋਵੇਗਾ। ਨਵੰਬਰ 2000 'ਚ ਝਾਰਖੰਡ ਇਲਾਕੇ 'ਚ ਇਕ ਨਾਹਰਾ ਲੱਗਿਆ ਸੀ। 'ਗੁਰੂ ਨੇ ਜੋ ਪੁਕਾਰਾ ਹੈ' ਹੀਰਾ ਝਾਰਖੰਡ ਹਮਾਰਾ ਹੈ।' ਗੁਰੂ ਜੀ ਯਾਨੀ ਸ਼ਿੱਬੂ ਸੋਰੇਨ ਤਰ੍ਹਾਂ ਤਰ੍ਹਾਂ ਦੇ ਗੰਭੀਰ ਦੋਸ਼ਾਂ ਤਹਿਤ ਹੁਣ ਤਕ ਕਈ ਵਾਰ ਜੇਹਲ ਜਾ ਚੁੱਕੇ ਸ਼ਿੱਬੂ ਸੋਰੇਨ ਦੇ ਹਮਾਇਤੀ ਜੇ ਝਾਰਖੰਡ ਨੂੰ 'ਹਮਾਰਾ ਹੀਰਾ' ਦੱਸ ਰਹੇ ਹਨ ਤਾਂ ਇਹ ਬਿਨਾਂ ਕਾਰਣ ਨਹੀਂ ਸੀ। ਕਾਸ਼! ਉਸ ਹੀਰੇ ਦੀ ਵਰਤੋਂ ਉਹ ਝਾਰਖੰਡ ਦੀ ਗਰੀਬ ਤੇ ਲੁੱਟੀ ਜਾਂਦੀ ਆਦਵਾਸੀ ਜਨਤਾ ਦੇ ਕਲਿਆਣ ਲਈ ਕਰਦੇ। ਫੇਰ ਤਾਂ ਉਹ ਸੱਚ ਮੁੱਚ ਦੇ ਗੁਰੂ ਅਖਵਾਉਂਦੇ। ਯਾਦ ਰਹੇ ਕਿ ਸ਼ਿੱਬੂ ਸੋਰੇਨ ਵੀ ਝਾਰਖੰਡ ਦੇ ਮੁੱਖ ਮੰਤਰੀ ਰਹਿ ਚੁੱਕੇ ਹਨ। ਹਾਲ ਦੀ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਝਾਰਖੰਡ ਦੇ ਬਹੁਤੇ ਸੱਤਾਧਾਰੀ ਨੇਤਾਵਾਂ ਨੇ ਝਾਰਖੰਡ ਨਾਮਕ ਹੀਰੇ ਨੂੰ ਆਪਣਾ ਨਿੱਜੀ ਹੀਰਾ ਸਮਝ ਲਿਆ।

ਪਹਿਲਾਂ ਵਿਧਾਨ ਸਭਾ 'ਚ ਭਾਜਪਾ ਜਦ ਯੂ ਦੇਹੀ ਵੱਧ ਮੈਂਬਰ ਸਨ। ਉਸ ਅਧਾਰਤ ਤੇ ਬਾਬੂ ਲਾਲ ਮਰਾਂਡੀ ਮੁੱਖ ਮੰਤਰੀ ਵੀ ਬਣੇ। ਉਸ ਤੋਂ ਪਹਿਲਾਂ ਸ਼ਿਬੂ ਸੋਰੇਨ ਨੇ ਖੁਦ ਮੁੱਖ ਮੰਤਰੀ ਬਣਨ ਦਾ ਦਾਅਵਾ ਠੋਕ ਦਿੱਤਾ ਸੀ। ਯਾਨੀ ਅਹੁਦੇ ਦੀ ਲਾਲਸਾ ਦੀ ਝਲਕ ਪਹਿਲੇ ਦਿਨ ਤੋਂ ਹੀ ਪ੍ਰਗਟ ਹੋਣ ਲੱਗੀ ਸੀ। ਸਮਾਂ ਬੀਤਣ ਦੇ ਨਾਲ ਇਹ ਲਾਲਸਾ ਹੋਰ ਤਿੱਖੀ ਹੋ ਗਈ। ਦੇਸ਼ ਦੇ ਕਿਸੇ ਕੋਨੇ ਵਿੱਚ ਅਹੁਦੇ ਦੀ ਲਾਲਸਾ ਤੇ ਲੁੱਟ ਦੇ ਝਾਰਖੰਡ ਵਰਗੀ ਉਦਾਹਰਣ ਦੇਖਣ ਨੂੰ ਨਹੀਂ ਮਿਲੀ। ਕੌੜਾ ਮਾਮਲੇ 'ਚ ਅਜੇ ਤਾਂ ਜਾਂਚ ਜਾਰੀ ਹੈ। ਦੇਸ਼-ਵਿਦੇਸ਼ 'ਚ ਭਰਵੀਂ ਜਾਂਚ ਪਿੱਛੋਂ ਹੋਰ ਵੀ ਭਿਅੰਕਰ ਘਪਲੇ ਉਜਾਗਰ ਹੋਣ ਦੀ ਸੰਭਾਵਨਾ ਹੈ। ਇਹ ਵੀ ਸੰਕੇਤ ਇਹ ਹੈ ਕਿ ਆਉਣ ਵਾਲੇ ਦਿਨਾਂ 'ਚ ਲੋਕ ਦੰਦੇ ਹੇਠ ਉਂਗਲਾਂ ਨਹੀਂ ਪੰਜਾ ਵੀ ਦਬਾ ਲੈਣਗੇ। ਹੁਣ ਇਹ ਸੁਆਲ ਸ਼ਿੱਦਤ ਨਾਲ ਉਠਣ ਲੱਗਿਆ ਹੈ ਕਿ ਕੀ ਇਸ ਦਿਨ ਲਈ ਝਾਰਖੰਡੀ ਜਨਤਾ ਦੇ ਪੂਰਵਜਿਆਂ ਨੇ ਸਮੇਂ ਸਮੇਂ ਸਿਰ ਕੁਰਬਾਨੀਆਂ ਦਿੱਤੀਆਂ ਸਨ। ਇਸ ਤੋਂ ਪਹਿਲਾਂ ਵੀ ਝਾਰਖੰਡ ਦੇ ਲੋਕਾਂ ਨੇ ਅਨੇਕਾਂ ਸੰਘਰਸ਼ ਕੀਤੇ ਸਨ। ਝਾਰਖੰਡ ਨਾਮੀ ਆਪਣੀ ਇਕ ਪੁਸਤਕ ਵਿੱਚ ਡਾ. ਕਮਰ ਅਹਿਸਨ ਅਤੇ ਡਾ. ਰਘਬੀਰ ਸਿੰਘ ਲਿਖਦੇ ਹਨ 'ਆਦੀਵਾਸੀ ਸਮਾਜ ਪ੍ਰਾਚੀਨ ਕਾਲ ਤੋਂ ਹੀ ਆਪਣੀ ਰੋਟੀ ਰੋਜ਼ੀ ਲਈ ਵਣ ਵਣਾ ਦੀ ਉਪਜ, ਸੀਮਤ ਖੇਤੀਬਾੜੀ ਤੇ ਪੇਂਡੂ ਸ਼ਿਲਪ 'ਤੇ ਅਧਾਰਤ ਕਿਰਾ ਹੈ। ਇਹਨਾਂ ਦਾ ਭਾਈਚਾਰਾ ਸੰਗਠਨ ਵੱਧ ਆਰਥਕ ਸ਼ਕਤੀ ਦਾ ਕੇਂਦਰ ਨਹੀਂ ਸੀ ਬਲਕਿ ਸਹੂਲਤਾਂ ਭਰਪੂਰ ਸਥਾਨਕ ਪ੍ਰਸਾਸ਼ਨ ਮੁਹੱਈਆ ਕਰਨ ਦਾ ਇਕ ਮਾਧਿਅਮ ਸੀ।

ਮੱਧ ਕਾਲ 'ਚ ਇਹਨਾਂ ਦੀਆਂ ਰਵਾਇਤਾਂ ਤੇ ਸੰਸਥਾਵਾਂ 'ਤੇ ਕੋਈ ਹਮਲਾ ਨਹੀਂ ਹੋਇਆ। ਜ਼ਮੀਨ ਨਾਲ ਜੁੜੇ ਆਦੀਵਾਸੀ ਸਮਾਜ ਭੂਮੀ ਦੀ ਮਾਲਕੀ ਸਬੰਧੀ ਸਭ ਤੋਂ ਵੱਧ ਸੰਵੇਦਨਸ਼ੀਲ ਸਨ। ਜਾਇਦਾਦ ਬਾਰੇ ਬੁਨਿਆਦ ਰਿਵਾਜ ਉਹਨਾਂ ਦੀ ਜੀਵਨ ਸ਼ੈਲੀ ਦਾ ਮਹੱਤਵਪੂਰਨ ਅੰਗ ਸੀ। ਅਠਾਰਵੀਂ ਸਦੀ 'ਚ ਈਸਟ ਇੰਡੀਆ ਕੰਪਨੀ ਨੂੰ ਬੰਗਾਲ, ਬਿਹਾਰ, ਉੜੀਸਾ ਦੀ ਦੀਵਾਨੀ ਮਿਲ ਜਾਣ ਪਿੱਛੋਂ ਛੋਟਾ ਨਾਗਪੁਰ ਸੰਤਾਨ ਪਰਗਨਾ ਦੇ ਆਦੀਵਾਸੀਆਂ ਦੇ ਸਮਾਜ ਦੀ ਸਿੱਧੀ-ਸਾਧੀ ਵਿਵਸਥਾ ਟੁੱਟਣ ਲੱਗੀ ਤੇ ਜਾਇਦਾਦ ਦੀ ਮਾਲਕੀ ਨਾਲ ਸਬੰਧਤ ਨਵੀਆਂ ਧਾਰਨਾਵਾਂ ਆਪਣੀ ਥਾਂ ਬਣਨ ਲੱਗੀਆਂ। ਸੰਨ 1793 'ਚ ਇਸ ਖੇਤਰ ਵਿੱਚ ਜਮੀਂਦਾਰੀ ਪ੍ਰਬੰਧ ਲਾਗੂ ਹੋਇਆ। ਇਸ ਪਿੱਛੋਂ ਭੋਇੰ ਮਾਲਕੀ ਤਬਦੀਲ ਕਰਨ ਸਮੇਂ ਲਿਖਤੀ ਰੂਪ ਲਾਗੂ ਹੋਇਆ ਜੋ ਪਹਿਲਾਂ ਜਵਾਬੋ-ਜਬਾਨੀ ਹੁੰਦਾ ਸੀ। ਰਵਾਇਤੀ ਜਮੀਨ ਤੇ ਪ੍ਰਸਾਸ਼ਕੀ ਪ੍ਰਬੰਧ ਦੇ ਗੌਣ ਹੋ ਜਾਣ ਨਾਲ ਵੱਡੀ ਗਿਣਤੀ 'ਚ ਬਾਹਰੀ ਲੋਕਾਂ ਨੂੰ ਭੂਮੀ ਤਬਦੀਲ ਹੋ ਲੱਗੀ। ਸੰਨ 1789 'ਚ ਛੋਟਾ ਨਾਗਪੁਰ ਦੀ ਉਰਾਂਵ ਜਨਜਾਤੀ ਵੱਲੋਂ ਜਿੰਮੀਂਦਾਰਾਂ ਖਿਲਾਫ ਬਗਾਵਤ ਕੀਤੀ ਗਈ। ਇਹ ਸੰਘਰਸ਼ ਲਗਭਗ ਪੰਜ ਸਾਲ ਤੱਕ ਚੱਲਿਆ ਆਖ਼ਰ 1794 'ਚ ਅੰਗਰੇਜ਼ਾਂ ਦੀ ਸਹਾਇਤਾ ਨਾਲ ਇਸ ਵਿਦਰੋਹ ਨੂੰ ਕੁਚਲ ਦਿੱਤਾ ਗਿਆ। ਤਾਮਰ ਬਗਾਵਤ ਅਸਲ 'ਚ ਭੂਮੀ ਦੀ ਤਬਦੀਲੀ ਖਿਲਾਫ ਸੀ। ਜਮੀਨ ਆਦੀਵਾਸੀਆਂ ਦੇ ਹੱਥਾਂ ਵਿਚੋਂ ਨਿਕਲ ਕੇ ਗੈਰ-ਆਦੀਵਾਸੀਆਂ ਦੇ ਹੱਥਾਂ ਵਿਚ ਜਾ ਰਹੀ ਸੀ। ਸੰਨ 1800 ਵਿੱਚ ਚੇਰੋਰਾਜਾ ਦੇ ਅਤਿਆਚਾਰਾਂ ਤੇ ਨਿਸਲਤਾ ਖਿਲਾਫ਼ ਸਥਾਨਕ ਵਿਦਰੋਹ ਭੜਕ ਪਿਆ ਇਹ ਬਗਾਵਤ ਨੂੰ ਕੁਚਲਣ ਲਈ 1809 ਵਿੱਚ ਅੰਗਰੇਜ਼ੀ ਪ੍ਰਾਸਸ਼ਨ ਨੇ ਛੋਟਾ ਨਾਗਪੁਰ ਖੇਤਰ ਵਿਚ ਜਮੀਂਦਾਰੀ ਪੁਲਸ ਦਾ ਗਠਨ ਕੀਤਾ। ਇਸ ਪੁਲਸ ਫੋਰਸ ਦਾ ਮੁੱਖ ਉਦੇਸ਼ ਬਗਾਵਤਾਂ

ਨੂੰ ਕੁਚਲਣਾ ਤੇ ਅੰਗਰੇਜ਼ੀ ਹਕੂਮਤ ਵੱਲੋਂ ਨਿਯੁਕਤ ਜਿੰਮੀਦਾਰਾਂ ਨੂੰ ਸੁਰੱਖਿਆ ਪ੍ਰਦਾਨ ਕਰਨਾ ਸੀ। ਕਿੰਨੇ ਵਿਦਰੋਹ ਭਟਕੇ ਜਿੰਨਾਂ ਨੂੰ ਅੰਗਰੇਜਾਂ ਨੇ ਕੁਚਲ ਦਿੱਤਾ। ਮੁੰਡਾ ਹੋ ਉਰਾਂਵ ਚੇਰੋ ਅਤੇ ਖਰਵਾਰ ਜਨਜਾਤੀਆਂ ਨੇ ਸੰਨ 1831 'ਚ ਅੰਗਰੇਜ਼ੀ ਪ੍ਰਸਾਸ਼ਨ ਵਿਰੁੱਧ ਸਾਂਝਾ ਸੰਘਰਸ਼ ਸ਼ੁਰੂ ਕੀਤਾ। ਕੋਲ ਬਗਾਵਤ ਦਾ ਮੁੱਖ ਪ੍ਰਭਾਵ ਸਿੰਘ ਭੂਮ ਇਲਾਕੇ 'ਚ ਸੀ। ਇਹ ਹਿੰਸਕ ਬਗਾਵਤ ਸੀ ਜਿਸ 'ਚ ਵੱਡੀ ਪੱਧਰ 'ਤੇ ਹੱਤਿਆ, ਲੁੱਟਮਾਰ ਅਗਜ਼ਨੀ ਦੀਆਂ ਘਟਨਾਵਾਂ ਹੋਈਆਂ। ਪੁਲਸ ਤੇ ਪ੍ਰਸਾਸ਼ਨ ਨੂੰ ਇਸ ਬਗਾਵਤ 'ਚ ਖਾਸ ਕਰਕੇ ਨਿਸ਼ਾਨਾ ਬਣਾਇਆ ਗਿਆ। ਪੁਲਸ ਦੀ ਸਖਤ ਕਾਰਵਾਈ ਨਾਲ ਇਸ ਬਗਾਵਤ 'ਤੇ ਕਾਬੂ ਪਾਇਆ ਜਾ ਸਕਿਆ ਭੂਮਿਕਾ ਬਗਾਵਤ ਅਸਲ 'ਚ ਅੰਗਰੇਜ਼ਾਂ ਦੀ ਦਮਨਕਾਰੀ ਮਾਲੀਆ ਵਿਵਸਥਾ ਖਿਲਾਫ ਸੀ। ਅੰਗਰੇਜ਼ਾਂ ਵੱਲੋਂ ਸਥਾਪਤ ਜਿੰਮੀਂਦਾਰ ਇਸ ਖੇਤਰ ਲਈ ਵਿਦੇਸ਼ੀ ਸਨ। ਉਥੇ ਤਾਂ ਜੋ ਬੀਜਦਾ ਸੀ। ਉਹੀ ਕੱਟਦਾ ਸੀ। ਸੰਗਠਿਤ ਭੂਮਿਕਾ ਬਗਾਵਤ ਦੀ ਅਗਵਾਈ ਗੰਗਾ ਨਰਾਇਣ ਨੇ ਕੀਤੀ। ਪਰ ਘਰ ਸਾਵਾਂ ਦੇ ਠਾਕੁਰ ਜਿੰਮੀਦਾਰਾਂ ਖਿਲਾਫ ਲੜਾਈ 'ਚ ਗੰਗਾ ਨਰਾਇਣ ਮਾਰੇ ਗਏ।

ਸੰਤਾਲ ਬਗਾਵਤ ਦਾ ਅਸਰ ਰਾਜ ਮਹੱਲ ਤੇ ਉਸ ਦੇ ਨੇੜਲੇ ਇਲਾਕਿਆਂ ਵਿੱਚ ਸੀ। ਵਿਦਰੋਹ ਦੀ ਅਗਵਾਈ ਸਿੱਧੂ-ਕਾਨਹੂ, ਭੈਰਵ ਤੇ ਚਾਂਦ ਨਾਂ ਦੇ ਚਾਰ ਭਰਾਵਾਂ ਦੇ ਹੱਥਾਂ ਵਿੱਚ ਸੀ। ਇਹਨਾਂ 'ਚੋਂ ਸਭ ਤੋਂ ਵੱਧ ਸਰਗਰਮ ਸਿੱਧੂ ਤੇ ਕਾਨਹੁ ਸਨ। ਇਸ ਤੋਂ ਇਲਾਵਾ ਵੀ ਝਾਰਖੰਡ ਖੇਤਰ 'ਚ ਮੁੰਡਾ ਵਿਦਰੋਹ ਸਰਕਾਰੀ ਸੰਘਰਸ਼ ਅਤੇ ਟਾਨਾ ਭਗਤ ਅੰਦੋਲਨ ਹੋਏ। ਯਾਨੀ ਆਦੀਵਾਸੀ ਜਨਤਾ ਨੇ ਬਹਾਦਰੀ ਨਾਲ ਆਪਣੇ ਲੁਟੇਰਿਆਂ ਖਿਲਾਫ ਸਮੇਂ ਸਮੇਂ ਸਿਰ ਸੰਘਰਸ਼ ਕੀਤੇ।

ਸੰਨ 2000 ਤੋਂ ਜਦ ਸੱਤਾ ਖੁਦ ਆਦੀਵਾਸੀ ਨੇਤਾਵਾਂ ਦੇ ਹੱਥਾਂ 'ਚ ਆਈ ਤਾਂ ਉਹਨਾਂ ਨੇਤਾਵਾਂ ਦਾ ਇਹ ਫਰਜ ਸੀ ਕਿ ਉਹ ਜਨਜਾਤੀਆਂ ਤੇ ਝਾਰਖੰਡ ਦੀ ਹੋਰ ਜਨਤਾ ਨੂੰ ਇਸ ਦਾ ਹੱਕ ਦਿੰਦੇ। ਉਹਨਾਂ ਨਾਲ ਨਿਆਂ ਕਰਦੇ ਪਰ ਅਜਿਹਾ ਨਹੀਂ ਹੋਇਆ। ਕਿਉਂਕਿ ਝਾਰਖੰਡ ਦੀ ਅੰਦੋਲਨ ਦੀ ਰਵਾਇਤ ਨੂੰ ਉਹ ਭੁੱਲ ਗਏ ਸਨ। ਸੰਨ 2000 'ਚ ਮੁੱਖ ਮੰਤਰੀ ਬਣਨ ਦੇ ਫੌਰੀ ਪਿੱਛੋਂ ਬਾਬੂ ਲਾਲ ਮਰਾਂਡੀ ਨੇ ਮੀਡੀਆ ਨੂੰ ਕਿਹਾ ਸੀ। "ਮੈਂ ਨਕਸਲਵਾਦ ਦੇ ਨੱਥ ਪਾਊਂਗਾ। ਨਕਸਲਵਾਦੀਆਂ ਸਰਗਰਮੀਆਂ ਦੇ ਵਾਧੇ ਲਈ ਬਿਹਾਰ ਸਰਕਾਰ ਜਿੰਮੇਵਾਰ ਹੈ। ਬਿਹਾਰ ਦੇ ਖਾੜਕੂ ਹੀ ਆਦੀਵਾਸੀਆਂ ਨੂੰ ਹੱਲਾਸ਼ੇਰੀ ਦਿੰਦੇ ਹਨ। ਪਰ ਮੈਂ ਸਮੱਸਿਆ ਦੇ ਹੱਲ ਲਈ ਉਹਨਾਂ ਨਾਲ ਗੱਲਬਾਤ ਕਰੂੰਗਾ।' ਨਕਸਲਵਾਦ ਉਦੋਂ ਤੋਂ ਨਾ ਸਿਰਫ ਵਧਿਆ ਬਲਕਿ ਖੁਦ ਮਰਾਂਡੀ ਦੇ ਸ਼ੁਭ ਚਿੰਤਕ ਵੀ ਨਕਸਲਵਾਦੀ ਹਿੰਸਾ ਦਾ ਸ਼ਿਕਾਰ ਹੋ ਗਏ। ਵਾਦਾ ਖਿਲਾਫੀ ਕਰਨ ਵਾਲੇ ਨੇਤਾਵਾਂ ਦੀ ਨਾ ਤਾਂ ਕਮੀ ਰਹੀ ਹੈ ਅਤੇ ਨਾ ਝਾਰਖੰਡ ਵਿੱਚ। ਪਰ ਇਹੀ ਵਾਧਾ ਖਿਲਾਫੀ ਜਾਨਲੇਵ ਸਾਬਤ ਹੋਣ ਲੱਗੀ ਤਾਂ ਆਮ ਲੋਕ ਵੋਟਾਂ ਰਾਹੀਂ ਵਾਦਾ ਖਿਲਾਫੀ ਕਰਨ ਵਾਲੇ ਨੇਤਾਵਾਂ ਨੂੰ ਸਬਕ ਤਾਂ ਸਿਖਾ ਹੀ ਸਕਦੇ ਹਨ।

# ਭੁੱਖਮਰੀ ਖਿਲਾਫ਼ ਸੰਘਰਸ਼ 'ਚ ਭਾਰਤ ਬਹੁਤ ਪਿੱਛੇ ਕਿਉਂ?

ਸੰਸਾਰ ਅਨਾਜ ਦਿਵਸ 'ਤੇ ਸੰਯੁਕਤ ਰਾਸ਼ਟਰ ਸੰਘ ਦੀ ਫੂਡ ਏਜੰਸੀ ਐਕਸ਼ਨ ਏਡ ਇੰਟਰਨੈਸ਼ਨਲ ਨੇ ਇਕ ਰਿਪੋਰਟ ਜਾਰੀ ਕੀਤੀ ਹੈ ਜਿਸ ਦੇ ਤਹਿਤ ਵਿਸ਼ਵ ਦੀ ਇਕ ਅਰਬ ਆਬਾਦੀ ਭੁੱਖਮਰੀ ਦੀ ਸਮੱਸਿਆ ਨਾਲ ਜੂਝ ਰਹੀ ਹੈ। ਇਹ ਉਹ ਲੋਕ ਹਨ ਜਿਹਨਾਂ ਨੂੰ ਦਿਨ ਭਰ 'ਚ ਇਕ ਵਾਰੀ ਵੀ ਲੋੜੀਂਦਾ ਭੋਜਨ ਨਹੀਂ ਮਿਲਦਾ। ਸਭ ਤੋਂ ਵੱਧ ਆਬਾਦੀ ਵਾਲੇ ਏਸ਼ੀਆ ਪ੍ਰਸ਼ਾਂਤ ਖੇਤਰ 'ਜ 64 ਕਰੋੜ 20 ਲੱਖ ਅਤੇ ਅਫਰੀਕਾ 'ਚ 26 ਕਰੋੜ 50 ਲੱਖ ਲੋਕ ਸ਼ਾਮਲ ਹਨ। ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ 30 ਦੇਸ਼ਾਂ 'ਚ ਫੌਰੀ ਐਮਰਜੈਂਸੀ ਅਨਾਜ ਸਹਾਇਤਾ ਮੁਹੱਈਆ ਕਰਾਉਣ ਦੀ ਲੋੜ ਹੈ। ਜਿਸ 'ਚ 20 ਦੇਸ਼ ਅਫਰੀਕਾ ਦੇ ਸਭ ਸਹਾਰਾ ਖੇਤਰ ਦੇ ਦੇਸ਼ ਹਨ। ਭੁੱਖਮਰੀ ਦੀ ਅਜਿਹੀ ਸਥਿਤੀ 'ਚ ਲੋਕ ਮਜ਼ਬੂਰ ਹੋ ਕੇ ਬੱਚਿਆਂ ਦੀ ਪੜ੍ਹਾਈ ਕੱਪੜੇ ਤੇ ਇਲਾਜ 'ਚ ਕਟੌਤੀ ਕਰ ਰਹੇ ਹਨ। ਇਸ ਰਿਪੋਰਟ 'ਚ ਕਿਹਾ ਗਿਆ ਹੈ ਕਿ ਜੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਖੇਤੀ 'ਤੇ ਸਹਾਇਤਾ (ਸਬਸਿਡੀ) ਨਹੀਂ ਵਧਾਉਂਦੀਆਂ ਹਨ ਤਾਂ ਇਹ ਹਾਲਾਤ ਹੋਰ ਵੀ ਬੁਰੇ ਹੋ ਜਾਣਗੇ। ਸੰਸਾਰ 'ਚ ਭੁੱਖਮਰੀ ਤੇ ਕੁਪੋਸ਼ਣ ਦੀ ਸਮੱਸਿਆ ਬਹੁਤ ਤੇਜ਼ੀ ਨਾਲ ਵਧਦੀ ਜਾ ਰਹੀ ਹੈ ਜਦਕਿ ਸੰਨ 2000 'ਚ ਦੁਨੀਆਂ ਭਰ ਦੇ ਸਭ ਨੇਤਾ ਇਕੱਠੇ ਹੋਏ ਸਨ ਅਤੇ ਬਹੁਤ ਜੋਸ਼ ਨਾਲ ਘੋਸ਼ਣਾ ਕੀਤੀ ਸੀ ਕਿ ਸੰਨ 2015 ਤਕ ਭੁੱਖਮਰੀ ਨਾਲ ਗ੍ਰਸਿਤ ਲੋਕਾਂ ਦੀ ਗਿਣਤੀ ਘਟ ਕੇ ਅੱਧੀ ਰਹਿ ਜਾਵੇਗੀ। ਇਹਨਾਂ ਐਲਾਨਾਂ ਦੇ ਉਲਟ ਸਰਕਾਰਾਂ ਨੇ ਐਸੀ ਨੀਤੀ ਲਾਗੂ ਕੀਤੀ ਜਿਸ ਕਾਰਨ ਅਨਾਜਾਂ ਦੇ ਰੇਟਾਂ 'ਚ ਬੇਤਹਾਸ਼ਾ ਵਾਧਾ ਹੋਇਆ ਅਤੇ ਭੁੱਖਮਰੀ ਨਾਲ ਪੀੜਤ ਲੋਕਾਂ ਦੀ ਗਿਣਤੀ 'ਚ ਹੋਰ ਵਾਧਾ ਹੋਇਆ।

ਇਸ ਰਿਪੋਰਟ 'ਚ ਭੁੱਖਮਰੀ ਨੂੰ ਖਤਮ ਕਰਨ ਲਈ ਬ੍ਰਾਜੀਲ ਤੇ ਚੀਨ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਨੀਤੀਆਂ ਦੀ ਪ੍ਰਸੰਸ਼ਾ ਕੀਤੀ ਗਈ ਹੈ ਪਰ ਇਸ ਮਾਮਲੇ 'ਚ ਭਾਰਤ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਗਈ ਹੈ। ਇਸ ਰਿਪੋਰਟ ਅਨੁਸਾਰ 1990 ਦੇ ਦਹਾਕੇ ਦੇ ਅੱਧ ਤੋਂ ਹੁਣ ਤਕ ਤਿੰਨ ਕਰੋੜ ਲੋਕ ਹੋਰ ਸ਼ਾਮਲ ਹੋਏ ਹਨ। ਜੋ ਭੁੱਖਮਰੀ ਦਾ ਜੀਵਨ ਜਿਉਂ ਰਹੇ ਹਨ। ਭੁੱਖਮਰੀ ਨਾਲ ਪੀੜਤ ਲੋਕਾਂ ਦੀ ਆਮਦਨ ਏਨੀ ਘੱਟ ਹੈ ਕਿ ਇਹ ਦੋ ਵਕਤ ਦੀ ਰੋਟੀ ਤਕ ਨਹੀਂ ਖਾ ਸਕਦੇ। ਭਾਰਤ ਸਰਕਾਰ ਦੀ 'ਜਨਤਕ ਵੰਡ ਪ੍ਰਣਾਲੀ' ਅਰਥਾਤ ਸਸਤੇ ਅਨਾਜ ਵਾਲੀ ਸਰਕਾਰੀ ਪ੍ਰਣਾਲੀ ਢਹਿ-ਢੇਰੀ ਹੋ ਗਈ ਹੈ। ਭਾਰਤ ਦੇ 48 ਫੀਸਦੀ ਬੱਚਿਆਂ ਦਾ ਵਜਨ ਮਿਥੇ ਪੈਮਾਨੇ ਤੋਂ ਘੱਟ ਹੈ ਅਤੇ 75 ਫੀਸਦੀ ਔਰਤਾਂ ਖ਼ੂਨ ਦੀ ਕਮੀ ਤੋਂ ਪੀੜਤ ਹਨ। ਭੁੱਖਮਰੀ ਦੀ ਸਮੱਸਿਆ ਨੂੰ ਖਤਮ ਕਰਨ ਲਈ ਕੀਤੇ ਜਾ ਰਹੇ ਉਪਾਅ ਜਾਂ ਸੰਘਰਸ਼ 'ਚ ਭਾਰਤ 22ਵੇਂ ਸਥਾਨ 'ਤੇ ਹੈ ਜੋ ਅਫਰੀਕੀ ਦੇਸ਼ ਇਥੋਪੀਆ ਤੋਂ ਵੀ ਪਿੱਛੇ ਹੈ। ਜਦ ਕਿ ਇਥੋਪੀਆ ਭਾਰਤ ਦੇ ਮੁਕਾਬਲੇ ਆਰਥਿਕ ਤੌਰ 'ਤੇ ਬਹੁਤ ਕਮਜ਼ੋਰ ਹਾਲਾਤ ਵਿੱਚ ਹੈ। ਸੰਯੁਕਤ ਰਾਸ਼ਟਰ ਸੰਘ ਵੱਲੋਂ ਪ੍ਰਸਤਿਤ ਰਿਪੋਰਟ 'ਚ ਭਾਰਤ ਦੀ ਸਥਿਤੀ ਭਾਰਤ ਸਰਕਾਰ ਵੱਲੋਂ ਜਾਰੀ ਇਸ ਅੰਕੜੇ 'ਤੇ ਅਧਾਰਤ ਹੈ ਜਿਸ ਵਿੱਚ ਭਾਰਤ ਸਰਕਾਰ 6 ਕਰੋੜ, 20 ਲੱਖ ਪਰਿਵਾਰ ਭਾਵ ਲਗਭਗ 31 ਕਰੋੜ ਭਾਰਤ ਦੀ ਆਬਾਦੀ ਗਰੀਬੀ ਰੇਖਾ ਤੋਂ

ਹੇਠਾਂ ਜਿਉਂ ਰਹੀ ਹੈ। ਮੰਨਦੀ ਹੈ ਧਿਆਨ ਰਹੇ ਸੰਨ 1973-74 ਦੀਆਂ ਜ਼ਰੂਰਤਾਂ ਅਨੁਸਾਰ ਪ੍ਰਤੀ ਵਿਅਕਤੀ ਰੋਜਾਨਾ ਭੋਜਨ 'ਚ ਪੇਂਡੂ ਖੇਤਰ 'ਚ 2100 ਕੈਲਰੀ ਊਰਜਾ ਨੂੰ ਗਰੀਬ ਰੇਖਾ ਦਾ ਪੈਮਾਨਾ ਮੰਨਿਆ। ਪਰ ਭਾਰਤ ਸਰਕਾਰ ਨੇ ਜੋ ਮੌਜੂਦ ਸੰਖਿਆ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਜਿਉਣ ਵਾਲਿਆਂ ਦੀ ਵਿਖਾਈ ਹੈ। ਉਹ 2400 ਕੈਲਰੀ ਜਾਂ 2100 ਕੈਲਰੀ ਦੇ ਪੈਮਾਨੇ ਅਨੁਸਾਰ ਨਹੀਂ ਹੈ। ਬਲਕਿ ਉਹ ਸਭ 1800 ਕੈਲਰੀ ਤੋਂ ਵੀ ਘੱਟ ਊਰਜਾ ਦੇ ਭੋਜਨ ਦੀ ਪ੍ਰਾਪਤ ਕਰ ਸਕਦੇ ਹਨ।

ਦੋ ਸਾਲ ਪਹਿਲਾਂ ਕੇਂਦਰ ਸਰਕਾਰ ਵੱਲੋਂ ਗੈਰਜਥੇਬੰਦ ਮਜ਼ਦੂਰਾਂ ਲਈ ਗਠਿਤ ਅਰਜਨ ਸੇਨ ਗੁਪਤਾ ਕਮਿਸ਼ਨ ਨੇ ਵੀ ਆਪਣੀ ਰਿਪੋਰਟ 'ਚ ਦੱਸਿਆ ਹੈ ਕਿ ਦੇਸ਼ ਦੀ 70 ਫੀਸਦੀ ਭਾਵ 83 ਕਰੋੜ ਅਬਾਦੀ ਰੋਜ਼ਾਨਾ 20 ਰੁਪਏ ਤੋਂ ਵੀ ਘੱਟ 'ਤੇ ਗੁਜਾਰਾ ਕਰ ਰਹੀ ਹੈ। ਗਰੀਬੀ ਰੇਖਾ ਨੂੰ ਸਿਰਫ 20 ਰੁਪਏ ਦੇ ਮਾਪਦੰਡ ਨਾਲ ਜੋੜਨਾ ਠੀਕ ਨਹੀਂ ਹੈ ਆਖਰ 20 ਰੁਪਏ 'ਚ ਕੋਈ ਵਿਅਕਤੀ ਇਸ ਮਹਿੰਗਾਈ 'ਚ ਕੀ ਖਾਵੇਗਾ ਕੀ ਪਹਿਨੇਗਾ। ਕੀ ਇਲਾਜ ਕਰਵਾਏਗਾ ਅਤੇ ਅਜਿਹੇ ਦੌਰ 'ਚ ਜਦ ਸਿੱਖਿਆ ਦਾ ਪੂਰਾ ਬਾਜ਼ਾਰੀਕਰਨ ਹੋ ਗਿਆ ਹੋਵੇ ਤਾਂ ਕਿਵੇਂ ਸਿੱਖਿਆ ਹਾਸਲ ਕਰ ਸਕੇਗਾ?

ਕਿਸੇ ਇਨਸਾਨ ਦਾ ਜੀਵਨ ਭੋਜਨ 'ਚ ਸਿਰਫ ਊਰਜਾ ਨਾਲ ਨਹੀਂ ਚਲੇਗਾ। ਸਰੀਰ ਨੂੰ ਊਰਜਾ ਦੇ ਨਾਲ ਨਾਲ ਖਣਿਜ, ਲਵਣ, ਵਸਾ, ਵਿਟਾਮਿਨ, ਤੇ ਹੋਰ ਤੱਤਾਂ ਦੀ ਵੀ ਲੋੜ ਹੁੰਦੀ ਹੈ। ਖਾਣੇ 'ਚ ਸਿਰਫ ਆਟਾ ਜਾਂ ਚਾਵਲ ਹੀ ਨਹੀਂ ਬਲਕਿ ਦਾਲ, ਸਬਜੀ, ਫਲ ਤੇ ਹੋਰ ਚੀਜ਼ਾਂ ਵੀ ਚਾਹੀਦੀਆਂ ਹਨ। ਭਾਵ ਇਹ ਗਰੀਬੀ ਰੇਖਾ ਨਹੀਂ ਹੈ ਬਲਕਿ ਇਹ ਭੁੱਖਮਰੀ ਦੀ ਰੇਖਾ ਹੈ।

ਜੇ ਸੰਯੁਕਤ ਰਾਸ਼ਟਰ ਸੰਘ ਆਪਣੀ ਰਿਪੋਰਟ ਇਹਨਾਂ ਤਾਜਾ ਅੰਕੜਿਆਂ ਨੂੰ ਧਿਆਨ 'ਚ ਰੱਖਦੇ ਹੋਏ ਭੁੱਖਮਰੀ ਨਾਲ ਲੜਨ ਬਾਰੇ ਲਿਸਟ ਤਿਆਰ ਕਰਦਾ ਹੈ ਤਾਂ ਭਾਰਤ ਦਾ ਸਥਾਨ ਕਿਥੇ ਹੋਵੇਗਾ ਉਸ ਦਾ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ। ਉਸ ਨਾਲ ਹੋਰ ਵੱਧ ਸਪੱਸ਼ਟ ਤੌਰ 'ਤੇ ਸਮਝ 'ਚ ਆਉਂਦਾ ਹੈ ਕਿ ਦੁਨੀਆ ਦੀ ਦੂਜੀ ਸਭ ਤੋਂ ਤੇਜ ਰਫਤਾਰ ਨਾਲ ਵਿਕਾਸ ਕਰਨ ਵਾਲੇ ਇਸ ਅਰਥਚਾਰੇ 'ਚ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਭਾਰਤੀ ਸਮਾਜ 'ਚ ਕਿਸ ਦੇ ਵਿਕਾਸ ਦੀਆਂ ਗੱਲਾਂ ਕਰਦੇ ਹਨ।

--------✪✪--------

# ਹਿਲੇਰੀ ਕਲਿੰਟਨ ਦੇ ਹੰਝੂ ਬਨਾਮ ਭੁੱਖਮਰੀ

ਬੀਤੇ 16 ਅਕਤੂਬਰ ਨੂੰ 'ਵਿਸ਼ਵ ਅਨਾਜ ਦਿਵਸ' ਮਨਾਇਆ ਗਿਆ। ਇਸ ਮੌਕੇ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦਾ ਇਕ ਲੇਖ 'ਟਾਈਮਜ਼ ਆਫ ਇੰਡੀਆ' 'ਚ ਛਪਿਆ। ਲੇਖ ਪਾੜ੍ਹ ਕੇ ਕੁਝ ਅਜਿਹਾ ਲੱਗਿਆ ਕਿ ਦੁਨੀਆਂ 'ਚ ਭੁੱਖ ਦਾ ਸ਼ਿਕਾਰ ਲੋਕਾਂ ਦੀ ਸਭ ਤੋਂ ਵੱਡੀ ਸ਼ੁਭ ਚਿੰਤਕ ਹਿਲੇਰੀ ਹੀ ਹੈ। ਪਰ ਪਿਛੋਂ ਉਸ ਦੇ ਸੁਝਾਏ ਉਪਾਵਾਂ ਤੋਂ ਸਮਝ 'ਚ ਆਉਣ ਲੱਗਿਆ ਕਿ ਇਹ ਮਗਰਮੱਛ ਦੇ ਹੰਝੂਆਂ ਤੋਂ ਵੱਧ ਕੁਝ ਨਹੀਂ ਹੈ। ਕਿ ਉਹ ਭੁੱਖੇ ਲੋਕਾਂ ਦੀ ਰੋਟੀ ਦੇ ਨਾਲ ਹੀ ਆਪਣਾ ਰਾਜਸੀ ਸੁਆਰਥ ਪੂਰਾ ਕਰ ਰਹੀ ਹੈ। ਹਿਲੇਰੀ ਨੇ ਸਭ ਤੋਂ ਪਹਿਲਾਂ ਦੁਨੀਆਂ 'ਚ ਅਨਾਜ ਸਮੱਸਿਆ ਦੀ ਗੰਭੀਰ ਤਸਵੀਰ ਖਿੱਚਦਿਆਂ ਲਿਖਿਆ ਕਿ ਦੁਨੀਆਂ 'ਚ ਇਕ ਅਰਬ ਲੋਕ ਰੋਜ਼ਾਨਾ ਦੀ ਸੰਘਰਸ਼ਸ਼ੀਲ ਜਿੰਦਗੀ 'ਚ ਅਨਾਜ ਪੈਦਾ ਕਰਨ ਵੇਚਣ-ਖਰੀਦਣ ਦੇ ਬਾਵਜੂਦ ਆਪਣੀ ਰੋਟੀ ਦਾ ਮਸਲਾ ਹੱਲ ਨਹੀਂ ਕਰ ਸਕਦੇ। ਅਫਰੀਕਾ, ਏਸ਼ੀਆ ਤੋਂ ਲੈ ਕੇ ਦੁਨੀਆਂ ਦੇ ਹਰ ਕੋਨੇ ਵਿੱਚ ਛੋਟੇ ਕਿਸਾਨਾਂ ਦੀ ਜਿੰਦਗੀ ਬਹੁਤ ਤਰਸਯੋਗ ਹੈ। ਬਹੁਤੇ ਦੂਜਿਆਂ ਦੀ ਜਮੀਨ 'ਤੇ ਖੇਤੀ ਕਰਦੇ ਹਨ।

ਸੋਕਾ ਪੈਣ ਫਸਲ ਦੇ ਕੀੜੇ ਲੱਗਣ ਆਦਿ ਸੰਕਟਾਂ ਪਿੱਛੋਂ ਜੋ ਕੁਝ ਉਹ ਪੈਦਾ ਕਰ ਸਕਦੇ ਹਨ। ਵੇਚਣ ਦੇ ਯੋਗ ਬੇਹੱਦ ਘੱਟ ਅਨਾਜ ਉਹਨਾਂ ਕੋਲ ਬਚਿਆ ਰਹਿੰਦਾ ਹੈ ਅਤੇ ਬਾਜ਼ਾਰ ਦੂਰ ਹੋਣ ਆਵਾਜਾਈ ਦਾ ਸਾਧਨ ਨਾ ਹੋਣ ਕਰਕੇ ਉਸ ਦੀ ਇਹ ਆਸ ਵੀ ਟੁੱਟਣ ਲੱਗਦੀ ਹੈ। ਸ਼ਹਿਰੀ ਮਜ਼ਦੂਰ ਜਾਂ ਤਾਂ ਬੇਰੁਜ਼ਗਾਰ ਹਨ ਜਾਂ ਬੇਹੱਦ ਘੱਟ ਤਨਖਾਹ 'ਤੇ ਕੰਮ ਕਰਦੇ ਹਨ। ਇਸ ਦੇ ਮੁਕਾਬਲੇ ਖਾਣ ਵਾਲੀਆਂ ਚੀਜਾਂ ਬਹੁਤ ਮਹਿੰਗੀਆਂ ਹਨ। ਉਹ ਅਨਾਜ ਖਰੀਦਣਾ ਚਾਹੁੰਦਾ ਹੈ ਛੋਟਾ ਕਿਸਾਨ ਅਨਾਜ ਵੇਚਣਾ ਚਾਹੁੰਦਾ ਹੈ ਪਰ ਬਾਜ਼ਾਰ 'ਤੇ ਜਟਿਲ ਤਾਕਤਾਂ ਦੇ ਕੰਟਰੋਲ ਕਾਰਨ ਇਹ ਲੈਣ ਦੇਣ ਸੰਭਵ ਨਹੀਂ ਹੁੰਦਾ। ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਦੇ ਹਾਲਾਤਾਂ 'ਤੇ ਮਗਰਮੱਛ ਦੇ ਹੰਝੂ ਵਹਾਉਣ ਪਿੱਛੋਂ ਹਿਲੇਰੀ ਅਨਾਜ ਸੰਕਟ ਦੇ ਕਾਰਨਾਂ ਨੂੰ ਗਿਣਦੀ ਹੈ ਜਿਸ 'ਚ ਉਹ ਸੋਕੇ ਹੜ (ਜੋ ਉਹਨਾਂ ਦੇ ਹਿਸਾਬ ਨਾਲ ਵਾਤਾਵਰਣ ਦੇ ਬਦਲਾਅ ਕਰਕੇ ਵਧ ਰਹੇ ਹਨ) ਵਿਸ਼ਵੀ ਅਰਥਚਾਰੇ ਦਾ ਅਨਾਜ ਦੀਆਂ ਕੀਮਤਾਂ 'ਤੇ ਪ੍ਰਭਾਵ ਬੁਨਿਆਦੀ ਪ੍ਰੋਜੈਕਟ ਦਾ ਖੇਤੀ ਨਾਲ ਰਿਸ਼ਤਾ ਤੇਲ ਦੀਆਂ ਕੀਮਤਾਂ ਨਾਲ ਅਨਾਜ ਦੀਆਂ ਕੀਮਤਾਂ ਦੇ ਸਬੰਧ ਬਾਜ਼ਾਰ 'ਚ ਖਾਣ ਵਾਲੀਆਂ ਚੀਜ਼ਾਂ ਦੀ ਸਪਲਾਈ ਕਮਜ਼ੋਰ ਹੋਣ ਆਦਿ ਢੇਰਾਂ ਕਾਰਣਾ ਦਾ ਅੰਬਾਰ ਲਾ ਦਿੰਦੀ ਹੈ।

ਦੁਨੀਆਂ 'ਚ ਭੁੱਖਮਰੀ ਦੇ ਵਧਦੇ ਖਤਰੇ ਨੂੰ ਇਕ ਕੁਸ਼ਲ ਸਾਮਰਾਜੀ ਦੇ ਚਸ਼ਮੇ ਨਾਲ ਵੇਖਦਿਆਂ ਇਹ ਭੁੱਖਮਰੀ ਨੂੰ ਸਰਕਾਰ ਸਮਾਜ ਤੇ ਸੀਮਾ ਤਿੰਨਾਂ ਲਈ ਖਤਰਾ ਮੰਨਦੀ ਹੈ। 2007 ਤੋਂ 60 ਦੇਸ਼ਾਂ 'ਚ ਭੁੱਖ ਕਾਰਨ ਦੰਗੇ ਹੋ ਚੁੱਕੇ ਹਨ। ਵਿਸ਼ਵੀ ਪੱਧਰ 'ਤੇ ਖੇਤੀ ਸੰਕਟ ਨੇ ਗਰੀਬ ਦੀ ਹਾਲਤ ਹੋਰ ਡੇਗੀ ਹੈ। ਕਿਉਂਕਿ ਵਿਸ਼ਵ ਦੇ ਗਰੀਬ ਲੋਕਾਂ ਵਿੱਚ ਤਿੰਨ ਚੌਥਾਈ ਦੀ ਆਮਦਨ ਦਾ ਸਰੋਤ ਖੇਤੀ ਹੈ। ਇਸ ਸਾਰੀ ਅਸਲੀਅਤ ਦਾ ਯਥਾਰਥ ਵਰਨਣ ਪਿੱਛੋਂ ਹਿਲੇਰੀ ਸਮੱਸਿਆ ਦੇ ਅਸਲੀ ਹੱਲ ਵੱਲ ਨਾ ਵਧ ਕੇ ਅਮਰੀਕੀ ਸਾਮਰਾਜੀਆਂ ਦੇ ਸੁਆਰਥਾਂ ਨੂੰ ਸਮੱਸਿਆ ਦਾ ਅਸਲੀ ਹੱਲ ਸਮਝਾਉਣ

'ਚ ਜੁਟ ਜਾਂਦੀ ਹੈ। ਓਬਾਮਾ ਪ੍ਰਸਾਸ਼ਨ ਦੀ ਤਾਰੀਫ ਦੇ ਕਸੀ ਪੜਦਿਆਂ ਹੋਇਆ ਹਿਲੇਰੀ ਭੁੱਖਮਰੀ ਨੂੰ ਅਮਰੀਕੀ ਵਿਦੇਸ਼ ਨੀਤੀ ਦਾ ਮੁੱਖ ਹਿੱਸਾ ਐਲਾਨ ਦੀ ਹੈ। ਉਹ ਦੁਨੀਆਂ ਭਰ ਦੇ ਵਿਕਸਤ ਸਨਅਤੀ ਸਾਮਰਾਜੀ ਮੁਲਕਾਂ ਦੀ ਤਾਰੀਫ ਕਰਦਿਆਂ ਦੱਸਦੀ ਹੈ ਕਿ ਇਹਨਾਂ ਦੇਸ਼ਾਂ ਨੇ 22 ਅਰਬ ਡਾਲਰ ਖੇਤੀ ਦੇ ਵਿਕਾਸ ਹਿੱਤ ਖਰਚ ਕਰਨ ਦਾ ਫੈਸਲਾ ਲਿਆ ਹੈ। ਇਸ ਪਿੱਛੋਂ ਹਿਲੇਰੀ ਸਮੱਸਿਆ ਦੇ ਹੱਲ ਲਈ ਆਪਣਾ 5 ਸੂਤਰੀ ਨੁਖਸਾ ਸੁਝਾਉਂਦੀ ਹੈ। ਇਸ ਵਿੱਚ ਉਹ ਕਹਿੰਦੀ ਹੈ ਕਿ ਕੋਈ ਇਕ ਪੁਲਾਨ ਸਭ ਦੇਸ਼ਾਂ ਤੇ ਫਿਟ ਨਹੀਂ ਬੈਠ ਸਕਦੀ। ਇਸ ਲਈ ਵੱਖ-ਵੱਖ ਦੇਸ਼ਾਂ ਨੂੰ ਅਨਾਜ ਸੁਰੱਖਿਆ ਲਈ ਵੱਖ-ਵੱਖ ਪਲਾਨ ਬਣਾ ਕੇ ਉਸ 'ਤੇ ਅਮਲਾ ਕਰਨਾ ਚਾਹੀਦੈ। ਖੇਤੀ ਦੇ ਹਰ ਖੇਤਰ ਬੀਜ ਖਾਦ ਆਦਿ 'ਚ ਨਿਵੇਸ਼ ਹੋਣਾ ਚਾਹੀਦਾ ਹੈ। ਦੁਨੀਆਂ ਦੀ ਕੋਈ ਇਕ ਤਾਕਤ ਇਕੱਲੀ ਅਨਾਜ ਸੁਰੱਖਿਆ ਦੀ ਗਰੰਟੀ ਨਹੀਂ ਕਰ ਸਕਦੀ ਇਸ ਲਈ ਸਭ ਵਿਕਸਤ ਮੁਲਕਾਂ ਨੂੰ ਇਸ 'ਤੇ ਮਿਲ-ਜੁਲ ਕੇ ਕੰਮ ਕਰਨਾ ਚਾਹੀਦਾ ਹੈ। ਦਿਉ-ਕਦ ਨਿਯਮਾ ਕਾਰਪੋਰੇਸ਼ਨਾ ਨੂੰ ਵੀ ਇਸ ਵਿਚ ਸਾਂਝੇਦਾਰੀ ਨਿਭਾਉਣੀ ਚਾਹੀਦੀ ਹੈ। ਹਿਲੇਰੀ ਦਾ ਉਪਰੋਕਿਤ ਲੇਖ ਮੌਜੂਦ ਮੰਦੀ ਦੀ ਸ਼ਿਕਾਰ ਅਮਰੀਕੀ ਅਰਥਚਾਰੇ ਦੀ ਪਿੱਠ ਭੂਮੀ 'ਚ ਲਿਖਿਆ ਗਿਆ ਹੈ। ਆਪਣੀ ਖੁਸਦੀ ਆਰਥਕ ਤਾਕਤ ਅਤੇ ਵਿਸ਼ਵੀ ਦਾਦਾਗਿਰੀ ਨੂੰ ਬਚਾਉਣ ਲਈ ਅਮਰੀਕਾ ਅੱਜ ਹਰ ਮੁੱਦੇ 'ਤੇ ਸਰਬੱਤ ਸਹਿਯੋਗ ਦਾ ਰਾਗ ਅਲਾਪ ਰਿਹਾ ਹੈ। ਚਾਹੇ ਉਹ ਵਾਤਾਵਰਣ ਦਾ ਦਾ ਮੁੱਦਾ ਹੋਵੇ ਮੰਦੀ ਦਾ ਜਾਂ ਫਿਰ ਅਨਾਜ ਸੰਕਟ ਦਾ ਸਰਬੱਤ ਸਹਿਯੋਗ ਦਾ ਨੇਤਾ ਬਣ ਕੇ ਹੀ ਹੁਣ ਉਹ ਆਪਣੀਆਂ ਨੀਤੀਆਂ 'ਤੇ ਅਮਲ ਕਰਵਾ ਸਕਣ ਦੀ ਹੈਸੀਅਤ ਵਿੱਚ ਬਚਿਆ ਹੈ।

ਜਿਥੇ ਅਨਾਜ ਸੰਕਟ ਦੀ ਗੱਲ ਹੈ ਤਾਂ ਹਿਲੇਰੀ ਕਲਿੰਟਨ ਨੇ ਸਮੱਸਿਆ ਦੀ ਤਸਵੀਰ ਨੂੰ ਪੇਸ਼ ਕਰਨ ਪਿੱਛੋਂ ਜੋ ਕਾਰਨ ਅਤੇ ਹੱਲ ਗਿਣਾਏ ਹਨ। ਉਹ ਅਸਲੀਅਤ ਤੋਂ ਕੋਹਾਂ ਦੂਰ ਹਨ। ਛੋਟੇ ਕਿਸਾਨ ਤੇ ਗਰੀਬ ਮਜ਼ਦੂਰ ਦੀ ਦੁਰਦਸ਼ਾ ਲਈ ਬਾਜ਼ਾਰ ਦੀਆਂ ਜਿਨ੍ਹਾਂ ਜਟਿਲ ਤਾਕਤਾਂ ਦੀ ਹਿਲੇਰੀ ਗੱਲ ਕਰਦੀ ਹੈ। ਉਹਨਾਂ ਹੀ ਜਟਿਲ ਤਾਕਤਾਂ ਨਾਲ ਨਿਪਟਣ ਦਾ ਕੋਈ ਰਾਹ ਹਿਲੇਰੀ ਨਹੀਂ ਸੁਝਾਉਂਦੀ। ਬਲਕਿ ਉਹ ਉਹਨਾਂ ਲੁਟੇਰਿਆਂ ਜਟਿਲ ਤਾਕਤਾਂ ਨਾਲ ਹੀ ਸਹਿਯੋਗ ਦਾ ਰਾਗ ਅਲਾਪ ਕੇ ਅਨਾਜ ਸੰਕਟ ਨੂੰ ਦੂਰ ਕਰਨਾ ਚਾਹੁੰਦੀਆਂ ਹਨ। ਇਹ ਅਸਲੀਅਤ ਹੈ ਕਿ ਗਰੀਬ ਕਿਸਾਨ ਤੇ ਗਰੀਬ ਮਜ਼ਦੂਰ ਦੀ ਹਾਲਤ ਅੱਜ ਬੇਹੱਦ ਤਰਸਯੋਗ ਹੈ। ਜੋ ਵਕਤ ਦੀ ਰੋਟੀ ਦਾ ਜੁਗਾੜ ਕਰ ਸਕਣਾ ਵੀ ਉਹਨਾਂ ਲਈ ਮੁਸ਼ਕਲ ਹੈ। ਗਰੀਬ ਕਿਸਾਨ ਜੋ ਥੋੜੀ ਬਹੁਤ ਫਸਲ ਮਹਿੰਗੀ ਖਾਦ ਬਿਜਲੀ ਸੋਕੇ ਤੇ ਕੀੜੀਆਂ ਦੀ ਮਾਰ ਪਿਛੋਂ ਉਗ ਸਕਦਾ ਹੈ। ਉਸ ਨੂੰ ਬਾਜ਼ਾਰ ਦਾ ਸਿਸਟਮ ਹੜੱਪ ਲੈਂਦਾ ਹੈ। ਜਮ੍ਹਾਂਖੋਰਾਂ ਸਟੀਰਿਓ ਵੱਡੀਆਂ ਕੰਪਨੀਆਂ ਉਸ ਦੀ ਪੈਦਾਵਾਰ ਚੰਦ ਪੈਸਿਆਂ 'ਚ ਹਜਮ ਕਰ ਜਾਂਦੀਆਂ ਹਨ ਅਤੇ ਭਾਰੀ 'ਤੇ ਵੇਚ ਕੇ ਮੁਨਾਫਾ ਕਮਾਉਂਦੀਆਂ ਹਨ। ਦੂਜੇ ਪਾਸੇ ਉਹ ਵੱਡੀਆਂ ਕੰਪਨੀਆਂ ਤੇ ਇਨ੍ਹਾਂ ਦੇ ਠੇਕੇਦਾਰ ਸ਼ਹਿਰੀ ਗਰੀਬ ਮਜ਼ਦੂਰ ਨੂੰ ਦੋ ਵਕਤ ਦੋ ਰੋਟੀ ਲਾਇਕ ਦਿਹਾੜੀ ਵੀ ਨਹੀਂ ਦਿੰਦੇ। ਅਜਿਹੇ 'ਚ ਮਜ਼ਦੂਰ ਕਿਸਾਨ ਦੀ ਪੈਦਾ ਕੀਤੀ ਉਪਜ (ਜੋ ਬਾਜ਼ਾਰ ਦੇ ਖਿਡਾਰੀਆਂ  ਕਾਰਨ ਮਹਿੰਗੀ ਹੋ ਚੁੱਕੀ ਹੈ) ਨੂੰ ਖਰੀਦ ਨਹੀਂ ਸਕਦਾ। ਅਜਿਹੇ 'ਚ ਗਰੀਬ ਕਿਸਾਨ ਤੇ ਮਜ਼ਦੂਰ ਦੋਨਾਂ ਦੀ ਸਮੱਸਿਆ ਦਾ ਹੱਲ ਇਹੀ ਹੈ ਕਿ ਨਿੱਜੀ ਜਾਇਦਾਦ 'ਤੇ ਅਧਾਰਤ ਬਾਜ਼ਾਰ ਅਤੇ ਉਸ ਦੀਆਂ ਜੋਕਾਂ ਦਾ ਨਾਸ ਕਰਕੇ ਸਮੁੱਚੀ ਪੈਦਾਵਾਰ

ਤੇ ਸਮੁੱਚੇ ਸਾਧਨ 'ਤੇ ਸਮੂਹਕ ਮਾਲ ਦੀ ਕਾਇਮ ਹੋਵੇ ਤਾਂ ਕਿਸਾਨ ਤੇ ਮਜ਼ਦੂਰ ਦੋਨੋਂ ਮਿਲ ਕੇ ਕੰਮ ਕਰਨਗੇ ਅਤੇ ਚੈਨ ਨਾਲ ਜਿਉਂ ਸਕਣਗੇ। ਅਜਿਹੇ ਸਮਾਜ ਦੀ ਉਸਾਰੀ ਲਈ ਜ਼ਰੂਰੀ ਹੈ ਕਿ ਬਾਜ਼ਾਰ ਦੀਆਂ ਇਹਨਾਂ ਜੋਕਾਂ ਸਟੀਰੀਓ ਜਮ੍ਹਾਂਖੋਰਾਂ ਧਨੀ ਕਿਸਾਨਾਂ ਫੈਕਟਰੀ ਮਾਲਕਾਂ ਪੂੰਜੀਪਤੀਆਂ ਬੈਕਰਾਂ ਦਾ ਅਤੇ ਇਹਨਾਂ ਦੇ ਹਿੱਤ 'ਚ ਕੰਮ ਕਰ ਰਹੀ ਪੂੰਜੀਵਾਦੀ ਸਾਮਰਾਜੀ ਸੱਤਾ ਦਾ ਅੰਤ ਕਰ ਦਿੱਤਾ ਜਾਵੇ ਅਤੇ ਮੇਹਨਤਕਸ਼ਾਂ ਦਾ ਰਾਜ ਕਾਇਮ ਕੀਤਾ ਜਾਵੇ, ਇਕ ਵਾਰੀ ਅਜਿਹਾ ਹੋ ਜਾਣ 'ਤੇ ਸੱਟੇਬਾਜੀ 'ਚ ਲੱਗੀ ਭਾਰੀ ਪੂੰਜੀ ਤੇ ਸਾਧਨਾ ਨੂੰ ਖੇਤੀ 'ਚ ਲਾ ਕੇ ਸਭ ਲਈ ਅਨਾਜ ਗਰੰਟੀ ਹਾਸਲ ਹੋਵੇ। ਪਰ ਇਹ ਹੱਲ ਤਾਂ ਹਿਲੇਰੀ ਕਲਿੰਟਨ ਤੇ ਉਸ ਦੇ ਅਮਰੀਕੀ ਸਾਮਰਾਜ ਦੇ ਅੰਤ ਦੀ ਮੰਗ ਕਰਦਾ ਹੈ। ਇਸ ਲਈ ਹਿਲੇਰੀ ਜੋ ਖੁਦ ਵੀ ਬਾਜ਼ਾਰ ਦੀ ਇਕ ਜੋਕ ਹੈ। ਦੁਨੀਆਂ ਭਰ ਦੀਆਂ ਹੋਰਾਂ ਜੋਕਾਂ ਨੂੰ ਸਮਝਾਉਂਦੀ ਹੈ ਕਿ ਭੁੱਖਮਰੀ ਉਹਨਾਂ ਦੀ ਸਰਕਾਰ ਲਈ ਖਤਰਾ ਪੈਦਾ ਕਰ ਸਕਦੀ ਹੈ। ਇਸ ਲਈ ਕੁਝ ਪੈਸਾ ਭੁੱਖਮਰੀ 'ਤੇ ਖਰਚ ਆਓ। ਮਗਰਮੱਛ ਦੇ ਹੰਝੂ ਬਹਾਓ ਜਨਤਾ ਨੂੰ ਬੇਵਕੂਫ ਬਣਾਓ।

# ਕੀ ਮਧੂਕੌੜਾ ਨੇ ਚਾਰ ਹਜ਼ਾਰ ਕਰੋੜ ਦੀ ਲੁੱਟ ਕੀਤੀ?

ਰਾਜ ਨੇਤਾਵਾਂ 'ਤੇ ਸੱਤਾ ਵਿੱਚ ਰਹਿੰਦੇ ਹੋਇਆਂ ਭ੍ਰਿਸ਼ਟ ਤਰੀਕਿਆਂ ਨਾਲ ਜਾਇਦਾਦ ਇਕੱਠੀ ਕਰਨ ਦੇ ਦੋਸ਼ ਆਮ ਹਨ। ਪਰ ਝਾਰਖੰਡ ਨੇ ਆਪਣੇ ਰਾਜਨੀਤੀਬਾਜ ਸਾਥੀਆਂ 'ਚੋਂ ਸਭ ਤੋਂ ਵੱਧ ਬਾਜੀਮਾਰ ਲਈ ਹੈ। ਸਿਰਫ ਦੋ ਸਾਲ ਝਾਰਖੰਡ ਦੇ ਮੁੱਖ ਮੰਤਰੀ ਰਹਿੰਦਿਆਂ ਮਧੂ ਕੌੜਾ ਨੇ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਕਈ ਅਪਰਾਧੀਆਂ ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਨੱਬੇ ਦੇ ਦਹਾਕੇ 'ਚ ਇਕ ਲੋਹਾ ਖਾਣ 'ਚ ਮਜ਼ਦੂਰੀ ਕਰਕੇ ਗੁਜਾਰਾ ਕਰਨ ਵਾਲੇ ਕੌੜਾ ਦੇ ਕੋਲ ਪੰਜ ਸਾਲ ਪਹਿਲਾਂ ਪੈਂਤੀ ਲੱਖ ਰੁਪਏ ਮੁੱਲ ਦੀ ਐਲਾਨੀਆ ਜਾਇਦਾਦ ਸੀ। ਹੁਣ ਉਹ ਚਾਰ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਜਮ੍ਹਾ ਕਰਨ ਦੇ ਦੋਸ਼ੀ ਹਨ। ਮਧੂ ਕੌੜਾ ਝਾਰਖੰਡ ਦੀ ਪਹਿਲੀ ਸਰਕਾਰ 'ਚ ਵੀ ਖਾਣ ਮੰਤਰੀ ਸਨ ਅਤੇ ਪਿਛੋਂ ਜੋ ਸਰਕਾਰਾਂ ਬਣੀਆਂ ਉਸ 'ਚ ਵੀ ਉਹਨਾਂ ਕੋਲ ਇਹ ਵਿਭਾਗ ਬਣਿਆ ਰਿਹਾ। ਇਥੋਂ ਤਕ ਕਿ ਸੰਨ 2006 ਵਿੱਚ ਜਦ ਕੁਝ ਆਜ਼ਾਦ ਵਿਧਾਇਕਾਂ ਦੇ ਆਸਰੇ ਕਾਂਗਰਸ ਰਾਜਦ ਤੇ ਸ਼ਿਬੂ ਸੋਰੇਨ ਦੇ ਝਾਰਖੰਡ ਮੁਕਤੀ ਮੋਰਚੇ ਦੀ ਹਮਾਇਤ ਹਾਸਲ ਕਰਕੇ ਇਕ ਆਜ਼ਾਦ ਮੁੱਖ ਮੰਤਰੀ ਬਣੇ ਤਾਂ ਵੀ ਅਨਾਜ ਮੰਤਰਾਲੇ ਆਪਣੇ ਪਾਸ ਹੀ ਰੱਖਿਆ ਇਸ ਤੋਂ ਸਾਫ ਜ਼ਾਹਿਰ ਹੁੰਦਾ ਹੈ ਕਿ ਝਾਰਖੰਡ ਵਰਗੇ ਖਣਿਜ ਜਾਇਦਾਦ ਭਰਪੂਰ ਰਾਜ 'ਚ ਪੂੰਜੀਪਤੀ ਰਾਜਨੀਤੀਬਾਜ ਨੌਕਰਸ਼ਾਹ ਤੇ ਠੇਕੇਦਾਰ ਸਭ ਦੀ ਨਿਗਾਹ ਅਨਾਜ 'ਤੇ ਹੀ ਰਹਿੰਦੀ ਹੈ ਅਤੇ ਉਸ ਦਾ ਮਹੱਤਵ ਕੋੜਾ ਨੇ ਅੱਛੀ ਤਰ੍ਹਾਂ ਸਮਝ ਲਿਆ ਸੀ। ਤਦ ਉਹਨਾਂ ਦੇ ਸਹਿਯੋਗੀ ਸੰਜੇ ਚੌਧਰੀ ਨੇ ਲਾਇਬੇਰੀਆਂ 'ਚ ਜਾ ਕੇ ਖਦਾਨ ਖਰੀਦੀ। ਪਰ ਮਧੂ ਕੌੜੇ ਦੇ ਕਿਸੇ ਸੰਨ 2005 ਤੋਂ ਹੀ ਆਉਣ ਲੱਗੇ ਸਨ ਅਤੇ ਪਿਛੋਂ ਉਹਨਾਂ ਨੇ ਕਿਹਾ ਸੀ ਕਿ ਜੇ ਉਹਨਾਂ ਕੋਲ ਧਨ ਹੁੰਦਾ ਤਾਂ ਉਹ ਮੁੱਖ ਮੰਤਰੀ ਦੀ ਕੁਰਸੀ 'ਤੇ ਇਕ ਦਿਨ ਨਹੀਂ ਰਹਿ ਸਕਦੇ।

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਹਨਾਂ ਨੇ ਮੰਤਰੀ ਤੇ ਮੁੱਖ ਮੰਤਰੀ ਬਣਾਉਣ 'ਚ ਬੇਹਿਸਾਬ ਕਮਾਈ ਕਰਨ ਵਾਲਿਆਂ ਦੇ ਹਿੱਤ ਜੁੜੇ ਸਨ। ਇਸ ਲਈ ਇਥੇ ਮਧੂ ਕੌੜਾ ਦੇ ਨਾਲ ਉਹ ਪਾਰਟੀਆਂ ਵੀ ਕਟਹਿਰੇ 'ਚ ਹੋਣੀਆਂ ਚਾਹੀਦੀਆਂ ਸੀ ਜੋ ਹਮਾਇਤ ਦੇ ਕੇ ਜਿਉਂਦੀ ਮੱਖੀ ਨਿਗਲਣ ਦੀ ਗੱਠਜੋੜ ਦੀ ਰਾਜਨੀਤੀ ਕਰ ਰਹੇ ਸਨ। ਮਧੂ ਕੌੜਾ ਫਰਸ਼ ਤੋਂ ਅਰਸ਼ ਤਕ ਕਿਵੇਂ ਗਏ? ਕਿਸਾਨ ਪਰਿਵਾਰ 'ਚ ਜੰਮੇ ਮਧੂ ਕੌੜਾ ਨੇ ਚੁਣਾਵੀ ਰਾਜਨੀਤੀ ਵਿੱਚ ਉਤਰਨ ਤੋਂ ਪਹਿਲਾਂ ਭਾਰਤੀ ਜਨਤਾ ਯੁਵਾ ਮੋਰਚਾ ਅਤੇ ਭਾਰਤੀ ਮਜ਼ਦੂਰ ਸੰਘ ਦੀ ਮਾਰਫਤ ਠੇਕਾ ਮਜ਼ਦੂਰਾਂ ਵਿਚਕਾਰ ਵੀ ਕੰਮ ਕਰਕੇ ਪਾਰਟੀ 'ਚ ਆਪਣੀ ਪੈਂਠ ਬਣਾਈ ਅਤੇ ਕਿਸ ਦਾ ਫਾਇਦਾ ਉਹਨਾਂ ਨੂੰ ਅੱਜ ਤਕ ਮਿਲਦਾ ਰਿਹਾ ਹੈ। ਸੰਨ 1995 ਤੋਂ ਲੈ ਕੇ 2005 ਤਕ ਕੌੜਾ ਭਾਜਪਾ 'ਚ ਰਹੇ ਪਰ ਸੰਨ 2005 'ਚ ਆਪਣੀ ਟਿਕਟ ਕੱਟਣ ਪਿੱਛੋਂ ਉਹਨਾਂ ਨੇ ਆਪਣਾ ਰਾਹ ਵੱਖ ਕਰ ਲਿਆ। ਭਾਜਪਾ ਦੇ ਅੰਦਰੂਨੀ ਕਲੇਸ਼ ਦੀ ਵਜਾਹ ਕਰਕੇ ਸੰਨ 2005 'ਚ ਉਹਨਾਂ ਨੇ ਭਾਜਪਾ ਦਾ ਟਿਕਟ ਨਹੀਂ ਮਿਲਿਆ। ਪਰ ਕਿਸਮਤ ਨੇ ਸਾਥ ਦਿੱਤਾ ਅਤੇ ਉਹ ਜਗਨ ਨਾਥਪੁਰ ਤੋਂ ਆਜ਼ਾਦ ਜਿੱਤ ਕੇ ਵਿਧਾਇਕ ਬਣੇ। ਫਿਰ ਅਲਪਤ (ਘੱਟਗਿਣਤੀ) ਨੂੰ ਬਹੁਮੱਤ 'ਚ ਬਦਲਣ ਲਈ ਮਧੂ ਕੌੜਾ ਨੂੰ ਸਰਕਾਰ 'ਚ ਸ਼ਾਮਲ ਕੀਤਾ ਗਿਆ। ਕੌੜੀ ਦੀ

ਵਧਦੀ ਤਾਕਤ ਨੂੰ ਦੂਜੀਆਂ ਪਾਰਟੀਆਂ ਨੇ ਪਹਿਚਾਣਿਆ ਅਤੇ ਉਹਨਾਂ ਦੇ ਮੋਢੇ 'ਤੇ ਬੰਦੂਕ ਰੱਖ ਕੇ ਭਾਜਪਾ ਸਰਕਾਰ ਨੂੰ ਸੱਤਾ ਤੋਂ ਬੇਦਖਲ ਕਰ ਦਿੱਤਾ ਗਿਆ। ਕੌੜਾ ਦੋ ਸਾਲ ਤਕ ਸਰਕਾਰ ਚਲਾਉਂਦੇ ਰਹੇ ਅਤੇ ਜੇ ਕੇਂਦਰ ਦੀ ਯੂ. ਪੀ. ਏ. ਸਰਕਾਰ ਨੂੰ ਬਹੁਮਤ ਸਾਬਤ ਕਰਨ ਦੀ ਨੌਬਤ ਨਾ ਆਉਂਦੀ ਤਾਂ ਕੌੜਾ ਸਰਕਾਰ ਚੱਲਦੀ ਰਹਿੰਦੀ ਪਰ ਸਿਆਸੀ ਮਜ਼ਬੂਰੀਆਂ ਨੇ ਸ਼ਿਬੂ ਸੋਰੇਨ ਨੂੰ ਮੁੱਖ ਮੰਤਰੀ ਬਣਾ ਦਿੱਤਾ। ਪਰ ਲੋਕ ਸਭਾ ਚੋਣਾਂ ਦੇ ਨਤੀਜੇ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਕਿਸਮਤ ਮਧੂ ਕੌੜਾ ਦੇ ਨਾਲ ਹੈ। ਉਹਨਾਂ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਕੇ ਪੱਛਮੀ ਸਿੰਘਭੂਮ ਸੰਸਦੀ ਖੇਤਰ ਤੋਂ ਵੱਡੀ ਜਿੱਤ ਹਾਸਲ ਕੀਤੀ। ਕੌੜਾ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਵੱਡੀ ਕਾਮਯਾਬੀ ਦੀ ਜੁਗਤ ਵਿੱਚ ਸਨ ਪਰ ਤਾਜਾ ਹਾਲਾਤ 'ਚ ਉਹਨਾਂ ਦਾ ਕੀ ਹੋਵੇਗਾ। ਇਹ ਵੇਖਣਾ ਦਿਲਚਸਪ ਹੈ। ਮਧੂ ਕੌੜਾ ਨੇ 30 ਮਾਰਚ 2009 ਨੂੰ ਸਿੰਘਭੂਮ ਸੰਸਦੀ ਖੇਤਰ ਤੋਂ ਨਾਮਜਦਗੀ ਦਾ ਪਰਚਾ ਭਰਦੇ ਸਮੇਂ ਸਹੁੰ ਪੱਤਰ 'ਚ ਆਪਣੀ ਜਾਇਦਾਦ ਦੀ ਜਾਣਕਾਰੀ ਦਿੱਤੀ ਹੈ। ਉਹਨਾਂ ਵੱਲੋਂ ਦਾਇਰ ਸਹੁੰ ਪੱਤਰ ਅਨੁਸਾਰ ਉਹਨਾਂ ਕੋਲ ਕੁਲ ਮਿਲਾ ਕੇ 53 ਲੱਖ 27 ਹਜ਼ਾਰ ਦੀ ਚਲ-ਅਚਲ ਜਾਇਦਾਦ ਹੈ। ਜਿਸ 'ਚ 2 ਲੱਖ 87 ਹਜ਼ਾਰ 890 ਰੁਪਏ ਦੀ ਅਚੱਲ ਜਾਇਦਾਦ ਹੈ। ਸੰਪਤੀ ਦੇ ਮਾਮਲੇ 'ਚ ਉਹਨਾਂ ਦੀ ਪਤਨੀ ਗੀਤਾ ਕੌੜਾ ਅੱਗੇ ਹੈ। ਉਹਨਾਂ ਦੇ ਨਾਂ ਨਾਲ ਕੁਲ ਮਿਲਾ ਕੇ ਲਗਭਗ 54 ਲੱਖ 53 ਹਜ਼ਾਰ ਦੀ ਚਲ-ਅਚਲ ਜਾਇਦਾਦ ਹੈ। ਜਿਸ 'ਚ ਅਚੱਲ ਸੰਪਤੀ ਇਕ ਲੱਖ 38 ਹਜ਼ਾਰ ਰੁਪਏ ਦਰਜ ਕਰਵਾਈ ਗਈ ਹੈ। ਉਹਨਾਂ ਦੀ ਪੁੱਤਰੀ ਦਰਸ਼ਿਨੀ ਨਾਗੀ ਕੌੜਾ ਦੇ ਨਾਂ 'ਤੇ 20 ਲੱਖ 93 ਹਜ਼ਾਰ 636 ਰੁਪਏ ਦੀ ਅਚੱਲ ਜਾਇਦਾਦ ਹੈ।

ਸੰਨ 2005 ਦੀਆਂ ਵਿਧਾਨ ਸਭਾ ਚੋਣਾਂ 'ਚ ਸਹੁੰ ਪੱਤਰ 'ਚ ਹਰੀ ਨਰਾਇਣ ਰਾਏ ਪਾਸ ਸਿਰਫ 40 ਹਜ਼ਾਰ ਰੁਪਏ ਨਕਦ ਸਨ। ਉਹਨਾਂ ਦੀ ਕੁਲ ਸੰਪਤੀ ਹੁਣ ਤਦ 1.25 ਲੱਖ ਰੁਪਏ ਸੀ। ਉਸ ਸਮੇਂ ਉਹਨਾਂ ਕੋਲ ਪੈਨ ਕਾਰਡ ਵੀ ਨਹੀਂ ਸੀ ਅਤੇ ਉਹ ਇਨਕਮ ਟੈਕਸ ਰਿਟਰਨ ਵੀ ਨਹੀਂ ਭਰਦੇ ਸਨ ਪਰ ਅੱਜਕੱਲ ਉਹ ਕਰੋੜਪਤੀ ਹੈ। ਉਹਨਾਂ ਖਾਸ ਕਰੋੜਾਂ ਦੀ ਚਲ ਤੇ ਅਚਲ ਜਾਇਦਾਦ ਹੈ। ਰਾਏ ਪਾਸ ਅਜਕਲ 30.18 ਕਰੋੜ ਦੀ ਜਾਇਦਾਦ ਹੈ। ਹਰਮੂ ਵਿੱਚ ਉਹ ਚਾਰ ਮੰਜਲੀ ਇਮਾਰਤ ਬਣਾ ਰਹੇ ਹਨ। ਉਸ ਦਾ ਬਾਜ਼ਾਰ ਮੁੱਲ ਗਰੀਬ 1.40 ਕਰੋੜ ਹੈ। ਉਹਨਾਂ ਨੇ ਦੇਵਘਰ 'ਚ 1.50 ਕਰੋੜ ਦੀ ਲਾਗਤ ਨਾਲ ਜ਼ਮੀਨ ਖਰੀਦੀ ਹੈ। ਇਸ ਦਾ ਬਾਜ਼ਾਰੂ ਮੁੱਲ 7.50 ਕਰੋੜ ਤੋਂ ਘੱਟ ਨਹੀਂ ਹੈ। ਇਸ ਤੋਂ ਇਲਾਵਾ ਉਹਨਾਂ ਕੋਲ 20 ਕਰੋੜ ਦੀ ਜਾਇਦਾਦ ਹੈ। ਉਹਨਾਂ ਪਾਸ ਕਈ ਕੀਮਤੀ ਵਾਹਨ ਵੀ ਹਨ। ਸੰਨ 2005 'ਚ ਜਦ ਏਨੋਸ ਇੱਕਾ ਨੇ ਵਿਧਾਨ ਸਭਾ ਚੋਣ ਲਈ ਉਸ ਸਮੇਂ ਉਸ ਦੀ ਪਤਨੀ ਦੇ ਨਾਂ ਹੇਠ ਸਿਰਫ 65 ਹਜ਼ਾਰ ਰੁਪਏ ਦੀ 10 ਡਿਸਮਿਲ ਜਮੀਨ ਸੀ। ਚੋਣਾਂ ਸਮੇਂ ਸਹੁੰ ਪੱਤਰ ਦਾਇਰ ਕਰਕੇ ਉਹਨਾਂ ਨੇ ਆਪਣੀ ਜਾਇਦਾਦ ਬਿਉਰਾ ਦਿੱਤਾ। ਇਸ ਵਿੱਚ ਸਿਰਫ ਉਹਨਾਂ ਨੇ ਆਪਣੀ ਪਤਨੀ ਦੀ ਜਾਇਦਾਦ ਹੀ ਦਰਜ ਕੀਤੀ ਸੀ। ਅੱਜਕੱਲ ਏਨੋਸ ਇੱਕਾ ਕੋਲ ਕਰੋੜਾਂ ਦੀ ਜਾਇਦਾਦ ਰਾਜ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਅਤੇ ਉਹਨਾਂ ਦੇ ਸਹਿਯੋਗੀਆਂ ਦੇ ਟਿਕਾਣਿਆਂ 'ਤੇ 31 ਅਕਤੂਬਰ ਨੂੰ ਚੌਕਸੀ ਆਮਦਨ ਟੈਕਸ ਤੇ ਤਬਦੀਲੀ ਨਿਦੇਸ਼ਦਾਲਿਆ ਨੇ ਸਾਂਝੇ ਤੌਰ 'ਤੇ ਜੋ ਛਾਪਾਮਾਰੀ ਕੀਤੀ, ਉਹ ਚਾਰ ਨਵੰਬਰ ਤਕ

ਜਾਰੀ ਰਹੀ। ਏਨੇ ਦਿਨਾਂ ਤਕ ਸਾਂਝੀ ਟੀਕ ਨੇ ਦੇਸ਼ ਭਰ ਦੇ 70 ਟਿਕਾਣਿਆਂ 'ਤੇ ਵੱਖ-ਵੱਖ ਸ਼ਹਿਰਾਂ ਜਮਸ਼ੇਦਪੁਰ ਚਾਈਬਾਸਾ, ਲਖਨਊ, ਨਾਸਿਕ ਮੁੰਬਈ, ਕਲਕੱਤਾ ਤੇ ਦਿੱਲੀ 'ਚ ਛਾਪੇ ਮਾਰੇ। ਆਮਦਨ ਟੈਕਸ ਵਿਭਾਗ ਨੇ ਖੋਜ ਨਿਰਦੇਸ਼ਕ ਉਚਲ ਚੌਧਰੀ ਦੀ ਅਗਵਾਈ 'ਚ ਛਾਪਾਮਾਰੀ ਮੁਹਿੰਮ ਦੌਰਾਨ ਪਹਿਲੇ ਹੀ ਦਿਨ 31 ਅਕਤੂਬਰ ਨੂੰ ਹਵਾਲਾ ਦੇ ਸਹਾਰੇ 185 ਮਿਲੀਅਨ ਡਾਲਰ ਵਿਦੇਸ਼ਾਂ 'ਚ ਭੇਜੇ ਜਾਣ ਨਾਲ ਸਬੰਧਿਤ ਦਸਤਾਵੇਜ ਮਿਲੇ। ਮਧੂ ਕੌੜਾ ਦੇ ਕਰੀਬੀ ਵਿਨੋਦ ਸਿਨਹਾ ਦੀਆਂ ਕੰਪਨੀਆਂ 'ਚ 1300 ਕਰੋੜ ਰੁਪਏ ਦੇ ਲੈਣ ਦੇਣ ਦਾ ਪਤਾ ਲੱਗਿਆ ਸੀ। ਮਾਮਲੇ ਦੀ ਗੰਭੀਰਤਾ ਨੂੰ ਵੇਖਦੇ ਹੋਇਆ ਇਕ ਨਵੰਬਰ ਨੂੰ ਜਾਂਚ ਕਾਰਜਾਂ 'ਚ ਇੰਟਰਪੋਲ ਨੂੰ ਵੀ ਸ਼ਾਮਲ ਕੀਤਾ ਗਿਆ। ਦੋ ਨਵੰਬਰ ਨੂੰ 70 ਟਿਕਾਣਿਆਂ ਵਿਚੋਂ 63 ਨੂੰ ਸੀਲ ਕਰ ਦਿੱਤਾ ਗਿਆ ਜਦ ਕਿ 3 ਨਵੰਬਰ ਨੂੰ ਪੁੱਛਗਿੱਛ ਦੌਰਾਨ ਮਧੂ ਕੌੜਾ ਬੀਮਾਰ ਹੋ ਗਏ। ਛਾਪਾਮਾਰੀ ਦੌਰਾਨ ਪ੍ਰਵਰਤਨ ਡਾਇਰੈਕਟੋਰਟ ਚੌਕਸੀ ਤੇ ਆਮਦਨ ਟੈਕਸ ਵਿਭਾਗ ਨੂੰ ਕੌੜਾ ਤੇ ਸਹਿਯੋਗੀਆਂ ਖਿਲਾਫ 4000 ਕਰੋੜ ਰੁਪਏ ਤੋਂ ਵੱਧ ਦੀ ਰਾਸ਼ ਦੀ ਦੁਰਵਰਤੋਂ ਦੇ ਸਬੂਤ ਮਿਲੇ ਹਨ।

ਫਿਲਹਾਲ ਪ੍ਰੀਵਰਤਨ ਡਾਇਰੈਕਟੋਰੇਟ ਹਸਪਤਾਲ ਮੈਨੇਜਮੈਂਟ ਦੀ ਰਿਪੋਰਟ ਦੀ ਉਡੀਕ ਕਰ ਰਿਹਾ ਹੈ। ਅਨਕੂਲ ਰਿਪੋਰਟ ਮਿਲਦੇ ਹੀ ਕੌੜਾ ਦੀ ਗ੍ਰਿਫਤਾਰੀ ਸੰਭਵ ਹੈ। ਵਿਭਾਗ ਨੇ ਉਹਨਾਂ ਦੇ ਨਾਰਕੋ ਟੈਸਟ ਦੀ ਤਿਆਰ ਵੀ ਕਰ ਰੱਖੀ ਹੈ। ਕੌੜਾ ਅਮਲ ਨਾਲ ਜੁੜੇ ਹਵਾਲਾ ਕਾਰੋਬਾਰੀਆਂ ਨੂੰ ਜੇਲ੍ਹ ਭੇਜਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਸਭ ਏਨੀ ਅਸਾਨੀ ਨਾਲ ਨਹੀਂ ਹੋਇਆ। ਪਿਛਲੇ ਸਾਲ ਦੁਰਗਾ ਉਰਾਂਵ, ਕੁਮਾਰ ਵਿਨੋਦ ਤੇ ਹੋਰ ਕਈ ਲੋਕਾਂ ਨੇ ਸੁਪਰੀਮ ਕੋਰਟ 'ਚ ਜਨਹਿਤ ਪਟੀਸ਼ਨਾਂ ਦਾਇਰ ਕੀਤੀਆਂ ਸਨ। ਚੌਕਸੀ ਕੋਰਟ 'ਚ ਮਾਮਲੇ ਦਰਜ ਕਰਵਾਏ ਗਏ। ਹੁਣ ਜਾ ਕੇ ਕੁਝ ਹਲਚਲ ਹੋਈ ਅਤੇ ਭ੍ਰਿਸ਼ਟਾਚਾਰ ਦੇ ਦੋਸ਼ੀਆਂ 'ਤੇ ਕਾਰਵਾਈ ਸ਼ੁਰੂ ਹੋਈ। ਰਾਜਪਾਲ ਕੇ ਸ਼ੰਕਰ ਨਰਾਇਣ ਨੇ ਇਸ ਦੀ ਹਮਾਇਤ ਕੀਤੀ। ਪ੍ਰਵਰਤਨ ਡਾਇਰੈਟੋਰੇਟ ਨੇ ਇਸ ਸਾਲ 9 ਅਕਤੂਬਰ ਨੂੰ ਮਧੂ ਕੌੜਾ, ਵਿਨੋਦ ਸਿਨਹਾ ਸੰਜੈ ਚੌਧਰੀ ਨੇ ਲੋਕਾਂ ਨੂੰ ਦੋਸ਼ੀ ਬਣਾਉਂਦਿਆਂ ਐਫ. ਆਈ. ਆਰ. ਦਰਜ ਕੀਤੀ ਸੀ। ਇਸ ਵਿਰੁੱਧ ਪ੍ਰਵੈਨਸ਼ਨ ਆਫ ਮਨੀ ਲਾਂਡਰਿੰਗ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਨਾਜਾਇਜ਼ ਤਰੀਕੇ ਨਾਲ ਵਿਦੇਸ਼ਾਂ ਤੋਂ ਪੈਸੇ ਲਏ ਜਾਣ ਅਤੇ ਵੱਖ-ਵੱਖ ਤਰ੍ਹਾਂ ਦੇ ਵਪਾਰ ਕਰਨ ਦੇ ਵੀ ਦੋਸ਼ ਲੱਗੇ। ਪ੍ਰਵਰਤਨ ਡਾਇਰੈਕਟੋਰੇਟ ਐਫ. ਆਈ. ਆਰ. ਦਰਜ ਕਰਵਾਉਣ ਪਿਛੋਂ ਹੀ ਸਰਗਰਮ ਹੋਇਆ ਸੀ। ਇਸ ਤਹਿਤ 31 ਅਕਤੂਬਰ ਨੂੰ ਮਧੂ ਕੌੜਾ ਤੇ ਸਹਿਯੋਗੀਆਂ ਦੇ ਠਿਕਾਣਿਆਂ 'ਤੇ ਛਾਪੇਮਾਰੀ ਕੀਤੀ ਗਈ। ਡਾਇਰੈਟੋਰੇਟ ਨੇ ਪਹਿਲੇ ਪੜਾਅ 'ਚ ਚਾਰ ਨਵੰਬਰ ਨੂੰ ਵਿਨੋਦ ਸਿਨਹਾ ਤੇ ਸੰਜੈ ਚੌਧਰੀ ਖਿਲਾਫ ਰੈਡ ਕਾਰਨਰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਮਧੂ ਕੌੜਾ ਨੇ ਕੈਬਨਿਟ 'ਚ ਸ਼ਾਮਲ ਰਹੇ ਦੋ ਮੰਤਰੀਆਂ ਏਨੋਸ ਪੱਕਾ ਅਤੇ ਹਰੀ ਨਾਰਾਇਣ ਰਾਏ 'ਤੇ ਵੀ ਪ੍ਰਵਰਤਨ ਡਾਇਰੈਕਟੋਰੇਟ ਨੇ ਪੀ. ਐਮ. ਐਲ. ਏ. ਦੇ ਤਹਿਤ ਮਾਮਲਾ ਦਰਜ ਕੀਤਾ ਹੈ।

**ਝਾਰਖੰਡ 'ਚ ਏਨੀ ਲੁੱਟ ਦੀ ਵਜਾਹ** - ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ 4000 ਕਰੋੜ ਰੁਪਏ ਦੇ ਘਪਲੇ ਦੇ ਪਰਦਾਫਾਸ਼ ਪਿੱਛੋਂ ਰਾਂਚੀ ਦੇ ਅਪੋਲੋ ਹਸਪਤਾਲ 'ਚ ਦਾਖਲ ਹੋ ਗਏ। ਲਗਭਗ ਦੋ ਸਾਲ ਤਕ ਮੁੱਖ ਮੰਤਰੀ ਰਹਿਣ ਵਾਲੇ ਕੌੜਾ ਕਿਵੇਂ

ਏਨੀ ਵੱਡੀ ਰਕਮ ਡਕਾਰ ਗਏ? ਕੀ ਸਾਡੀ ਵਿਵਸਥਾ ਏਨੀ ਲਾਚਾਰ ਹੈ ਕਿ ਬਿਨਾਂ ਅਧਾਰ ਵਾਲਾ ਮੁੱਖ ਮੰਤਰੀ ਵੀ ਏਨੀ ਵੱਡੀ ਰਕਮ ਹਜਮ ਕਰ ਸਕਦਾ ਹੈ? ਕੌੜਾ ਸਮੇਤ ਛੇ ਸਾਬਕਾ ਮੰਤਰੀਆਂ 'ਤੇ ਵਿਜੀਲੈਂਸ ਵਿਭਾਗ ਦੀ ਨਜ਼ਰ ਹੈ। ਤਿੰਨ ਮੰਤਰੀ ਜੇਲ੍ਹ ਜਾ ਚੁੱਕੇ ਹਨ ਅਤੇ ਜੇ ਪ੍ਰਭਾਵੀ ਤੇ ਨਿਰਪੱਖ ਢੰਗ ਨਾਲ ਜਾਂਚ ਹੋਵੇ ਤਾਂ ਕਈ ਹੋਰ ਫਸ ਜਾਣਗੇ। ਜਦ ਸੰਨ 2000 ਦੇ 15 ਨਵੰਬਰ ਨੂੰ ਭਾਰਤੀ ਸੰਘ ਦੇ 28ਵੇਂ ਰਾਜ ਵਜੋਂ ਝਾਰਖੰਡ ਦਾ ਗਠਨ ਹੋਇਆ ਤਦ ਝਾਰਖੰਡੀਆਂ ਨੇ ਇਕ ਸੁਪਨਾ ਵੇਖਣਾ ਸ਼ੁਰੂ ਕੀਤਾ ਸੀ। ਉਹਨਾਂ ਨੂੰ ਲੱਗਦਾ ਸੀ ਕਿ ਬਿਹਾਰ ਦੀ ਮਾੜੀ ਹਕੂਮਤ ਤੇ ਰਾਜਸੀ ਆਪ ਸੰਸਕ੍ਰਿਤੀ ਤੋਂ ਮੁਕਤੀ ਹਾਸਲ ਕਰਕੇ ਹੁਣ ਉਹਨਾਂ ਦਾ ਸੂਬਾ ਵਿਕਾਸ ਦੀਆਂ ਨਵੀਆਂ ਉਚਾਈਆਂ ਛੋਹੇਗਾ। ਕਿਉਂਕਿ ਇਹ ਖੇਤਰ ਨਾ ਸਿਰਫ ਖਣਿਜ ਜਾਇਦਾਦ ਭਰਪੂਰ ਸੀ ਬਲਕਿ ਮੁਕਾਬਲਤਣ ਸਨਅਤੀ ਤੌਰ 'ਤੇ ਵਿਕਸਤ ਸੀ। ਬੁਨਿਆਦੀ ਢਾਂਚਾ ਅੱਛਾ ਸੀ, ਅੱਛੀਆਂ ਸਿੱਖਿਆ ਸੰਸਥਾਵਾਂ ਸਨ ਅਤੇ ਇਹ ਕੋਰੇ ਕਾਗਜ਼ ਤੇ ਆਪਣੀਆਂ ਯੋਜਨਾਵਾਂ ਬਣਾ ਸਕਦਾ ਸੀ ਪਰ ਨੌਂ ਸਾਲਾਂ ਅੰਦਰ ਝਾਰਖੰਡੀਆਂ ਦੇ ਸੁਪਨੇ ਖਿੰਡ ਪੁੰਡ ਗਏ। ਇਹ ਸੁਪਨਾ ਟੁੱਟਣਾ ਹੋਰ ਵੀ ਦੁੱਖਦਾਈ ਹੈ ਕਿਉਂਕਿ ਇਥੋਂ ਦੇ ਰਾਜਸੀ ਆਗੂਆਂ ਨੇ ਰਾਜ ਦੇ ਗਠਨ ਲਈ 15 ਨਵੰਬਰ ਦਾ ਦਿਨ ਚੁਣਿਆ ਸੀ ਜੋ ਝਾਰਖੰਡ ਦੇ ਸਭ ਤੋਂ ਵੱਡੇ ਸਪੂਤ ਬਿਰਸਾ ਮੁੰਡਾ ਦਾ ਜਨਮ ਦਿਨ ਹੈ।

ਝਾਰਖੰਡ ਵਿੱਚ ਏਨੀ ਲੁੱਟ ਕਿਉਂ? ਇਸ ਸੁਆਲ ਦਾ ਜੁਆਬ ਸੌਖਾ ਨਹੀਂ ਹੈ। ਝਾਰਖੰਡ ਨਾਮਧਾਰੀ ਪਾਰਟੀਆਂ ਨੇ ਝਾਰਖੰਡ ਉਸਾਰੀ ਦੇ ਪਹਿਲਾਂ ਤੋਂ ਹੀ ਝਾਰਖੰਡ ਨਾਂ ਨੂੰ ਬਦਨਾਮ ਕਰ ਰੱਖਿਆ ਹੈ। ਝਾਰਖੰਡ ਮੁਕਤੀ ਮੋਰਚਾ ਰਿਸ਼ਵਤ ਕਾਂਡ ਭਾਰਤ ਦੇ ਸੰਵਿਧਾਨਿਕ ਰਾਜਸੀ ਇਤਿਹਾਸ 'ਚ ਬਹੁਤ ਬਦਨਾਮ ਰਿਹਾ ਹੈ। ਜਦ ਬਾਬੂ ਲਾਲ ਮਰਾਂਡੀ ਦੀ ਸਰਕਾਰ ਸੀ ਤਦ ਉਸੇ ਸਰਕਾਰ ਦੇ ਕੁਝ ਮੰਤਰੀਆਂ ਨੇ ਆਪਣੇ ਨਿੱਜੀ ਸੁਆਰਥ ਲਈ ਭਾਰਤੀ ਜਨਤਾ ਪਾਰਟੀ ਨੂੰ ਇਸ ਗੱਲ ਲਈ ਮਜ਼ਬੂਰ ਕਰ ਦਿੱਤਾ ਕਿ ਉਹ ਬਾਬੂ ਲਾਲ ਦੀ ਥਾਂ ਕਿਸੇ ਹੋਰ ਬੰਦੇ ਨੂੰ ਪਾਰਟੀ ਦਾ ਨੇਤਾ ਚੁਣੇ। ਗੱਠਜੋੜ ਦੀ ਮੁੱਖ ਪਾਰਟੀ ਜਦ ਸਰਕਾਰ ਆਪਣੀ ਸਰਕਾਰ ਬਣਾਉਣ ਲਈ ਇਸ ਅੱਗੇ ਝੁਕ ਗਏ, ਜਦ ਰਾਜਸੀ ਪਾਰਟੀਆਂ ਦੀ ਨੀਅਤ 'ਤੇ ਸ਼ੱਕ ਹੋਣ ਲੱਗਦਾ ਹੈ। ਮਰਾਂਡੀ ਤੇ ਅਰਜੁਨ ਮੁੰਡਾ ਦੀ ਸਰਕਾਰ ਵਿੱਚ ਵੀ ਮਧੂ ਕੌੜਾ ਮੰਤਰੀ ਸਨ ਪਰ ਉਦੋਂ ਉਹ ਬਦਨਾਮ ਨਹੀਂ ਸਨ। ਸੰਨ 2005 'ਚ ਸੁਪਰੀਮ ਕੋਰਟ ਦੀ ਦਖਲ ਅੰਦਾਜ਼ੀ ਪਿਛੋਂ ਅਰਜਨ ਮੁੰਡਾ ਸਰਕਾਰ ਬਣੀ ਅਤੇ ਉਸ ਸਰਕਾਰ ਵਿੱਚ ਏਨੋਸ ਇੱਕਾ ਤੇ ਹਰੀ ਨਾਰਾਇਣ ਰਾਏ ਸਮੇਤ ਮਧੂ ਕੌੜਾ ਵੀ ਮੰਤਰੀ ਬਣੇ। ਏਨੋਸ ਇੱਕਾ ਤੇ ਹਰੀ ਨਰਾਇਣ ਰਾਏ ਆਪਣੇ ਕੰਮਕਾਜ 'ਚ ਖੁੱਲ੍ਹੀ ਛੋਟ ਚਾਹੁੰਦੇ ਸਨ। ਜੋ ਅਧਿਕਾਰੀ ਸਹਿਮਤ ਨਹੀਂ ਹੁੰਦੇ ਸਨ ਉਹਨਾਂ ਦੀ ਬਦਲੀ ਕਰਨਾ ਉਨ੍ਹਾਂ ਦਾ ਮੁੱਖ ਕੰਮ ਹੋ ਗਿਆ ਸੀ ਇਹਨਾਂ ਮੰਤਰੀਆਂ ਨੂੰ ਪੈਸੇ ਦਾ ਸੁਆਦ ਲੱਗ ਚੁੱਕਾ ਸੀ ਅਤੇ ਵੱਧ ਧਨ ਚਾਹੁਣ ਲੱਗਦੇ ਸਨ। ਸ਼ਾਇਦ ਅਰਜਨ ਮੁੰਡਾ ਸਰਕਾਰ ਉਹਨਾਂ ਨੂੰ ਏਨੀ ਛੋਟ ਦੇਣ ਲਈ ਤਿਆਰ ਨਹੀਂ ਸੀ। ਸਿੱਟੇ ਵਜੋਂ ਇਹਨਾਂ ਨੇ ਉਸ ਸਰਕਾਰ ਤੋਂ ਹਮਾਇਤ ਵਾਪਸ ਲੈ ਲਈ। ਕਾਂਗਰਸ ਝਾ. ਮੁ. ਮੋ. ਰਾਜਦ ਆਦਿ ਪਾਰਟੀਆਂ ਨੇ ਉਹਨਾਂ ਦੇ ਮਨਸੂਬਿਆਂ ਨੂੰ ਹੱਲਾਸ਼ੇਰੀ ਦਿੱਤੀ। ਮਧੂ ਕੌੜਾ ਦੀ ਅਗਵਾਈ ਵਿੱਚ ਆਜ਼ਾਦ ਵਿਧਾਇਕ ਦੀ ਸਰਕਾਰ ਬਣੀ। ਜਿਸ ਵਿਚ ਝਾ. ਮੁ. ਮੋਰਚਾ ਸ਼ਾਮਲ ਹੋਇਆ। ਕੌੜਾ ਸਰਕਾਰ ਦੇ ਮੁੱਖ ਖੇਵਨਹਾਰ ਲਾਲੂ ਪ੍ਰਸ਼ਾਦ ਰਹੇ ਜਿਨਾ ਨੂੰ ਕਾਗਰਸ ਤੇ ਝਾ.

ਮੁ. ਮੋਰਚੇ ਦੀ ਪੂਰੀ ਹਮਾਇਤ ਸੀ। ਕੀ ਮਧੂ ਕੌੜਾ ਤੇ ਹੋਰ ਮੰਤਰੀਆਂ ਵੱਲੋਂ ਕੀਤੀ ਗਈ ਲੁੱਟ ਲਈ ਇਹ ਪਾਰਟੀਆਂ ਤੇ ਨੇਤਾ ਜਿੰਮੇਵਾਰ ਨਹੀਂ ਹਨ? ਝਾਰਖੰਡ ਰਾਜ ਗਠਨ ਦੇ ਨੌ ਸਾਲ ਪੂਰੇ ਹੋ ਗਏ ਹਨ। ਇਹਨਾਂ ਨੌ ਸਾਲਾਂ 'ਚ ਪੰਜ ਮੁੱਖ ਮੰਤਰੀ ਬਣੇ ਅਤੇ ਹੁਣ 11 ਮਹੀਨਿਆਂ ਤੋਂ ਰਾਸ਼ਟਰਪਤੀ ਰਾਜ ਹੈ। ਇਸ ਦੌਰਾਨ ਵਿਕਾਸ ਪੂਰੀ ਤਰ੍ਹਾਂ ਖੜਿਆ ਰਿਹਾ ਅਤੇ ਲੁੱਟ ਖੋਹ ਏਨੀ ਵਧ ਗਈ ਕਿ ਗਵਰਨਰ ਹਾਊਸ ਤੋਂ ਲੈ ਕੇ ਮੁੱਖ ਮੰਤਰੀ ਹਾਊਸ ਤਕ ਸਭ ਕਾਨੂੰਨੀ ਸ਼ਿਕੰਜੇ ਵਿੱਚ ਆ ਗਏ। ਫਿਲਹਾਲ ਦੋ ਸਾਬਕਾ ਮੰਤਰੀਆਂ 'ਤੇ ਗੰਭੀਰ ਮਾਮਲੇ ਚਲ ਰਹੇ ਹਨ ਅਤੇ ਸਾਬਕਾ ਮੁੱਖ ਮੰਤਰੀ ਜੇਲ੍ਹ ਵਿੱਚ ਹਨ। ਕਈ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਅਤੇ ਸਹਿਯੋਗੀਆਂ 'ਤੇ 4000 ਕਰੋੜ ਰੁਪਏ ਤੋਂ ਵੀ ਵੱਧ ਦੀ ਜਾਇਦਾਦ ਇਕੱਠੀ ਕਰਨ ਦੇ ਗੰਭੀਰ ਦੋਸ਼ ਹਨ। ਹੁਣ ਹਰ ਜ਼ੁਬਾਨ 'ਤੇ ਇਹੀ ਚਰਚਾ ਹੈ ਕਿ ਝਾਰਖੰਡ ਵਰਗੇ ਗਰੀਬ ਰਾਜ ਦੇ ਮੁੱਖ ਮੰਤਰੀ ਨੂੰ ਆਖਰ ਏਨੇ ਪੈਸੇ ਦਿੱਤੇ ਕਿਸ ਨੇ। ਕੌੜਾ ਨੂੰ ਅਰਬਾਂ ਰੁਪਏ ਦੇਣ ਵਾਲਿਆਂ 'ਚ ਮੁੱਖ ਤੌਰ 'ਤੇ ਵੱਡੇ ਸਨਅਤੀ ਘਰਾਣਿਆਂ ਅਤੇ ਝਾਰਖੰਡ ਵਿੱਚ ਨਿਵੇਸ਼ ਲਈ ਇਛੁੱਕ ਕੰਪਨੀਆਂ ਨਾਲ ਸੰਪਰਕ ਕਰਕੇ ਉਸ ਨੇ ਐਮ. ਓ. ਯੂ. ਕਰਾਉਣ ਜ਼ਮੀਨ ਤੇ ਖਾਣ ਦਿਵਾਉਣ ਤੇ ਹੋਰ ਹਰ ਪ੍ਰਕਾਰ ਦਾ ਸਹਿਯੋਗ ਕਰਨ ਦੇ ਨਾ 'ਤੇ ਵਸੂਲੀ ਸ਼ੁਰੂ ਕਰ ਦਿੱਤੀ। ਇਸ ਲੜੀ 'ਚ ਇਹਨਾਂ ਲੋਕਾਂ ਨੇ ਵੱਖ-ਵੱਖ ਕੰਪਨੀਆਂ ਬਣਾ ਲਈਆਂ ਅਤੇ ਪੁਰਾਣੀਆਂ ਕੰਪਨੀਆਂ ਨੂੰ ਵੀ ਖਰੀਦਣਾ ਸ਼ੁਰੂ ਕਰ ਦਿੱਤਾ।

ਮਧੂ ਕੌੜਾ ਦੇ ਕਾਰਜਕਾਲ ਵਿੱਚ ਰਾਜ ਦੇ ਪੁਲਸ ਤੇ ਪ੍ਰਸਾਸ਼ਨਿਕ ਅਧਿਕਾਰੀਆਂ ਦੇ ਤਬਾਦਲਿਆਂ ਦੀ ਖੇਡ ਜ਼ੋਰ ਸ਼ੋਰ ਨਾਲ ਜਾਰੀ ਰਹੀ। ਥਾਣੇ ਤੋਂ ਲੈ ਕੇ ਡਵੀਜਨ ਅਤੇ ਅੰਚਲ ਦਫਤਰ ਤਕ ਦਾ ਰੇਟ ਪਹਿਲਾਂ ਹੀ ਤਹਿ ਸੀ। ਪਰ ਕੌੜਾ ਦੇ ਕਾਰਜਕਾਲ 'ਚ ਇਹਨਾਂ ਦੀਆਂ ਦਰਾਂ 'ਚ ਕਾਫੀ ਵਾਧਾ ਹੋਇਆ। ਇਮਾਨਦਾਰ ਅਹੁਦੇਦਾਰਾਂ ਨੂੰ ਘੱਟ ਮਹੱਤਵ ਦੇ ਕੰਮ ਸੌਂਪੇ ਗਏ। ਮੂੰਹ ਮੰਗੀ ਰਕਮ ਦੇਣ ਵਾਲੇ ਅਧਿਕਾਰੀਆਂ ਨੂੰ ਅੱਛੀ ਪੋਸਟਿੰਗ ਮਿਲਦੀ ਗਈ। ਅਜਿਹੇ ਅਧਿਕਾਰੀ ਖੁੱਲ੍ਹੇਆਮ ਇਹ ਦਾਅਵਾ ਕਰਨ 'ਚ ਜਰਾ ਵੀ ਨਹੀਂ ਹਿਚਕਚਾਉਂਦੇ ਸਨ ਕਿ ਜੇ ਉਹ ਕਾਲੀ ਕਮਾਈ ਨਾ ਕਰੇ ਤਾਂ ਆਪਣੀ ਕੁਰਸੀ ਕਿਵੇਂ ਬਚਾ ਸਕਣਗੇ। ਇਸ ਤਰ੍ਹਾਂ ਸਨਅਤੀ ਕੰਪਨੀਆਂ ਨਾਲ ਝੂਠੇ ਵਾਅਦੇ ਕਰਕੇ ਭਾਰੀ ਰਕਮ ਠੱਗਣ ਦਾ ਸਿਲਸਿਲਾ ਤੇਜ ਹੋ ਗਿਆ। ਰਾਜ 'ਚ ਨਿਵੇਸ਼ ਲਈ ਗੰਭੀਰ ਕਈ ਮੁੱਖ ਕੰਪਨੀਆਂ ਨੂੰ ਇਹਨਾਂ ਕਾਰਣਾ ਤੋਂ ਨਿਰਾਸ਼ਾ ਹੱਥ ਲੱਗੀ। ਬੀਤੇ ਦਿਨੀਂ ਆਈ. ਵੀ. ਆਰ. ਸੀ. ਐਲ. ਕੰਪਨੀ ਨਾਲ ਜੁੜੇ ਡੀ. ਕੇ. ਸ੍ਰੀ ਵਾਸਤਵ ਦੇ ਠਿਕਾਣੇ 'ਤੇ ਵੀ ਆਮਦਨ ਵਿਭਾਗ ਨੇ ਛਾਪਾ ਮਾਰਿਆ ਜੋ ਵਿਨੋਦ ਸਿਨਹਾ ਦੇ ਕਾਰੋਬਾਰੀਆਂ ਵਿਚੋਂ ਸਨ। ਇਹ ਕੰਪਨੀ ਬਿਜਲੀ ਬੋਰਡ ਦੇ ਚੇਅਰਮੈਨ ਤਕ ਬਦਲਵਾਉਂਦੀ ਸੀ। ਮਧੂ ਕੌੜਾ ਦੇ ਕਾਰਜਕਾਲ 'ਚ ਇਸ ਕੰਪਨੀ ਨੂੰ ਵੱਡਾ ਠੇਕਾ ਮਿਲਿਆ। ਰਾਜੀਵ ਗਾਂਧੀ ਪੇਂਡੂ ਬਿਜਲੀਕਰਣ ਯੋਜਨਾ ਦੇ ਤਹਿਤ ਤਿੰਨ ਜਿਲਿਆਂ ਵਿੱਚ ਇਸ ਨੂੰ ਕੰਮ ਕਰਨ ਦਾ ਮੌਕਾ ਦਿੱਤਾ ਗਿਆ। ਲਾਭ ਪਹੁੰਚਾਉਣ ਦੇ ਉਦੇਸ਼ ਨਾਲ ਸਬੰਧਤ ਰਾਸ਼ੀ 344.7 ਕਰੋੜ ਤੋਂ ਵਧਾ ਕੇ 467.81 ਕਰੋੜ ਕੀਤੀ ਗਈ। ਆਰਾਈ 'ਚ ਸਪਲਾਈ ਹੋਣ ਵਾਲੇ ਪੋਲ ਦੀ ਜਾਂਚ ਕੀਤੀ ਜਾਂਦੀ ਹੈ। ਇਕ ਪੋਲ ਨੂੰ ਜਾਂਚਣ ਵਿੱਚ ਘੱਟੋ ਘੱਟ ਤਿੰਨ ਘੰਟੇ ਲੱਗਦੇ ਹਨ। ਆਈ. ਵੀ. ਆਰ. ਸੀ. ਐਲ. ਵੱਲੋਂ ਮੰਗਵਾਏ ਗਏ 10 ਹਜ਼ਾਰ ਪੋਲਾਂ ਦੀ ਜਾਂਚ ਇਕ ਹੀ ਦਿਨ 'ਚ ਕਰ ਲਈ ਗਈ ਸੀ। ਨਿਯਮ ਇਹ ਹੈ

ਕਿ ਜਦ ਉਪਕਰਣਾ ਦੀ ਸਪਲਾਈ ਹੁੰਦੀ ਹੈ ਤਾਂ ਉਸ ਦੇ ਲਾਉਣ ਦਾ ਕੰਮ 90 ਫੀਸਦੀ ਹੋਣ ’ਚ ਹੀ ਭੁਗਤਾਨ ਕੀਤਾ ਜਾਵੇ। ਪਰ ਬੋਰਡ ਵਿੱਚ ਤਾਂ ਰਿਸੀਵ ਕਰਕੇ ਹੀ ਭੁਗਤਾਨ ਕੀਤਾ ਜਾਂਦਾ ਰਿਹਾ। ਸ਼ੁਰੂ ਵਿੱਚ ਤਾਂ ਉਪਕਰਨਾ ਦੀ ਸਪਲਾਈ ਵੀ ਨਹੀਂ ਹੋਈ ਅਤੇ ਬੋਰਡ ਵੱਲੋਂ ਅਪ੍ਰੈਲ 2007 ਵਿਚ 100 ਕਰੋੜ ਰੁਪਏ ਦਾ ਭੁਗਤਾਨ ਆਈ. ਵੀ. ਆਰ. ਸੀ. ਐਲ. ਨੂੰ ਕਰ ਦਿੱਤਾ ਗਿਆ। ਇਹ ਭੁਗਤਾਨ ਵੀ ਡੀ. ਕੇ. ਸ੍ਰੀ ਵਾਸਤਵ ਅਤੇ ਵਿਨੋਦ ਸਿਨਹਾ ਦੇ ਦਬਾਅ ’ਚ ਕੀਤਾ ਗਿਆ। ਇਸ ਤਰ੍ਹਾਂ ਰੋਹਤਾਸ ’ਚ ਕ੍ਰਿਸ਼ਨਣ ਅਤੇ ਬੀ. ਕੇ. ਸਿੰਘ ਨੇ ਪਾਵਰ ਟੇਕ ਇੰਜਨੀਅਰਿੰਗ ਐਂਡ ਕੰਸਲਟੈਂਸੀ ਦੇ ਨਾਂ ਨਾਲ ਕੰਪਨੀ ਬਣਾ ਰੱਖੀ ਸੀ। ਇਹਨਾਂ ਨੇ ਵੀ ਨਾਜਾਇਜ਼ ਤਰੀਕੇ ਨਾਲ ਕਈ ਯੋਜਨਾਵਾਂ ’ਚ ਲਾਭ ਦਿੱਤਾ ਗਿਆ।

ਇਸ ਸਰਗਨੇ ਦੇ ਹੋਰ ਵੀ ਹਨ ਹਮਰਾਜ – ਮਹਿਜ ਡੇਡ਼ ਸਾਲ ਦੇ ਰਾਜਭਾਗ ’ਚ ਚਾਰ ਹਜ਼ਾਰ ਕਰੋੜ ਦੀ ਮਲਕੀਅਤ ਖੜ੍ਹੀ ਕਰਨ ਦਾ ਕੀਰਤਮਾਨ ਸਥਾਪਤ ਕਰਨ ਵਾਲੇ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਮਧੂ ਕੌੜਾ ਦੇ ਬਿਹਾਰੀ ਰਿਸ਼ਤੇ ਅਤੇ ਸੰਪਰਕ ’ਤੇ ਸਭ ਦੀ ਨਜ਼ਰ ਟਿਕੀ ਹੈ। ਬਿਹਾਰ ਹੀ ਨਹੀਂ ਝਾਰਖੰਡ ਵਿੱਚ ਵੀ ਰਾਜਸੀ ਦਲ ਅਤੇ ਦਿਉਦਦ ਨੇਤਾਵਾਂ ਨੇ ਰਾਜਦ ਸੁਪਰੀਮੋ ਲਾਲੂ ਯਾਦਵ ਦੀ ਜਾਇਦਾਦ ਦੀ ਜਾਂਚ ਦੀ ਮੰਗ ਉਠਾਈ ਹੈ। 5 ਨਵੰਬਰ 2009 ਨੂੰ ਰਾਂਚੀ ’ਚ ਕੌੜਾ ਦੀ ਡਾਇਰੀ ਨੇ ਜੋ ਪੰਨੇ ਖੋਹਲੇ ਗਏ, ਉਸ ਵਿੱਚ ਕਿਸੇ ਲਾਲੂ ਤੋਂ ਕੋਡ ਨੰਬਰਾਂ ’ਚ ਲੈਣ ਦੇਣ ਦੇ ਜ਼ਿਕਰ ਨੇ ਇਸਨੂੰ ਹੋਰ ਹਵਾ ਦਿੱਤੀ। ਜਦ (ਯੂ) ਦੇ ਸੂਬਾ ਪ੍ਰਧਾਨ ਅਤੇ ਸਾਂਸਦ ਰਾਜੀਵ ਰੰਜਨ ਸਿੰਘ ਉਰਫ ਲਲਨ ਸਿੰਘ ਨੇ ਤਾਂ ਸਬੂਤ ਜਲਦੀ ਹੀ ਜਨਤਕ ਕਰਨ ਦਾ ਦਾਅਵਾ ਕੀਤਾ ਹੈ। ਜਾਹਿਰ ਹੈ ਪ੍ਰਵਰਤਨ ਡਾਇਰੈਕਟੋਰੇਟ ਅਤੇ ਆਮਦਨ ਕਰ ਵਿਭਾਗ ਦੀ ਵੀ ਨਜ਼ਰ ਇਸ ’ਤੇ ਹੈ। ਦਰਅਸਲ ਰਾਜਦ ਸੁਪਰੀਮੋ ਲਾਲੂ ਯਾਦਵ ਨੇ ਮਧੂ ਕੌੜਾ ਨੂੰ ਮੁੱਖ ਮੰਤਰੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਯੂ. ਪੀ. ਏ. ’ਚ ਲਾਲੂ ਯਾਦਵ ਦੀ ਧਾਕ ਸੀ। ਕਾਂਗਰਸ ਤੇ ਝਾ. ਮੁ. ਮੋਰਚਾ ਨੇ ਮਧੂ ਕੌੜਾ ਨੂੰ ਹਮਾਇਤ ਦਿੱਤੀ। ਉਹਨੀਂ ਦਿਨੀਂ ਲੋਜਪਾ ਸੁਪਰੀਮੋ ਰਾਮ ਵਿਲਾਸ ਪਾਸਵਾਨ ਅਤੇ ਲਾਲੂ ਯਾਦਵ ਵਿਚਕਾਰ 36 ਦਾ ਅੰਕੜਾ ਸੀ।

ਪਾਸਵਾਨ ਨੇ ਲਾਲੂ ਯਾਦਵ ਦੀ ਪਹਿਲ ਦੇ ਕਾਰਨ ਕੌੜਾ ਨੂੰ ਹਮਾਇਤ ਦੇਣ ਦੀ ਗੱਲ ਤਾਂ ਦੂਰ ਇਕ ਆਜ਼ਾਦ ਵਿਧਾਇਕ ਨੂੰ ਮੁੱਖ ਮੰਤਰੀ ਬਣਾਉਣ ਦਾ ਜਬਰਦਸਤ ਵਿਰੋਧ ਕੀਤਾ ਸੀ। ਉਹਨਾਂ ਨੇ ਇਸ ਖਿਲਾਫ ਝਾਰਖੰਡ ਵਿੱਚ ਮੁਹਿਮ ਚਲਾਈ ਸੀ। 5 ਨਵੰਬਰ ਨੂੰ ਜਦ ਉਹਨਾਂ ਤੋਂ ਪੁੱਛਿਆ ਗਿਆ ਕਿ ਝਾਰਖੰਡ ਵਿੱਚ ਮਧੂ ਕੌੜਾ ਨੂੰ ਮੁੱਖ ਮੰਤਰੀ ਬਣਾਉਣ ਵਾਲਿਆਂ ਨੂੰ ਇਹ ਸਰਕਾਰੀ ਖਜ਼ਾਨੇ ਦੀ ਲੁੱਟ ਦੇ ਲਈ ਕਿੰਨਾ ਜਿੰਮੇਵਾਰ ਮੰਨਦੇ ਹਨ ਤਾਂ ਵੀ ਉਹਨਾਂ ਨੇ ਸਾਫ ਕਿਹਾ ਕਿ ਅਸੀਂ ਉਸ ਸਮੇਂ ਵੀ ਇਸ ਦਾ ਵਿਰੋਧ ਕੀਤਾ ਸੀ। ਕਿਸੇ ਪਾਰਟੀ ਦਾ ਨਾਂ ਲਏ ਬਿਨਾਂ ਉਹਨਾਂ ਸਾਫ ਕਿਹਾ ਕਿ ਉਹ ਪਾਰਟੀਆਂ ਜਿੰਮੇਵਾਰ ਹਨ ਜਿਹਨਾਂ ਨੇ ਕੌੜਾ ਨੂੰ ਮੁੱਖ ਮੰਤਰੀ ਬਣਾਉਣ ’ਚ ਹਮਾਇਤ ਦਿੱਤੀ। ਵੈਸੇ ਰਾਜਦ ਸੁਪਰੀਮੋ ਲਾਲੂ ਪ੍ਰਸ਼ਾਦ ਨੇ ਇਸ ’ਤੇ ਸਫਾਈ ਦੂਜੇ ਅੰਦਾਜ ’ਚ ਦਿੱਤੀ ਹੈ। ਉਹਨਾਂ ਕਿਹਾ ਕਿ ਸਿਰਫ ਅਸੀਂ ਹੀ ਨਹੀਂ ਸਭ ਨੇ ਕੌੜਾ ਨੂੰ ਹਮਾਇਤ ਦਿੱਤੀ ਸੀ। ਅਸੀਂ ਸਰਕਾਰ ਬਣਾਉਣ ਲਈ ਹਮਾਇਤ ਦਿੱਤੀ ਸੀ, ਲੁੱਟ ਮਚਾਉਣ ਲਈ ਨਹੀਂ। ਪ੍ਰਵਰਤਨ ਡਾਇਰੈਕਟੋਰੇਟ ਅਤੇ ਆਮਦਨ ਟੈਕਸ ਵਿਭਾਗ ਦੀ

ਕਾਰਵਾਈ ਦੇ ਪ੍ਰਸੰਗ 'ਚ ਉਹਨਾਂ ਨੇ ਕੌੜਾ ਦਾ ਕੋਈ ਬਚਾਅ ਨਹੀਂ ਕੀਤਾ ਅਤੇ ਕਿਹਾ ਕਿ ਜੋ ਜਿਹੋ ਜਿਹਾ ਕਰੇਗਾ, ਉਹੋ ਜਿਹਾ ਭਰੇਗਾ। ਰਾਜਦ ਸੁਪਰੀਮੋ ਦੀ ਸਫਾਈ ਆਪਣੀ ਥਾਂ ਹੈ ਪਰ ਇਹ ਬਿਹਾਰ ਹੀ ਨਹੀਂ ਝਾਰਖੰਡ ਵਿੱਚ ਵੀ ਰਾਜਸੀ ਦਲਾਂ ਦੇ ਨੇਤਾਵਾਂ ਦੇ ਨਿਸ਼ਾਨੇ 'ਤੇ ਹੈ। ਅਤੇ ਕੌੜਾ ਨਾਲ ਉਹਨਾਂ ਦੇ ਰਿਸ਼ਤੇ ਅਤੇ ਉਹਨਾਂ ਦੀ ਜਾਇਦਾਦ ਦੀ ਜਾਂਚ ਦੀ ਮੰਗ ਜੋਰ ਫੜ ਰਹੀ ਹੈ। ਝਾਰਖੰਡ ਮੁਕਤੀ ਮੋਰਚਾ ਸੁਪਰੀਮੋ ਅਤੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਅਤੇ ਬਜ਼ੁਰਗ ਨੇਤਾ ਤੇ ਸਾਬਕਾ ਸੰਸਦ ਬਾਗੁਨ ਸੰਬ੍ਰਈ ਨੇ ਮਧੂ ਕੌੜਾ ਨੂੰ ਮੁੱਖ ਮੰਤਰੀ ਬਣਾਉਣ 'ਚ ਲਾਲੂ ਯਾਦਵ ਦੀ ਅਹਿਮ ਭੂਮਿਕਾ ਦੇ ਮੱਦੇਨਜ਼ਰ ਉਹਨਾਂ ਦੀ ਜਾਇਦਾਦ ਦੀ ਜਾਂਚ ਦੀ ਮੰਗ ਕੀਤੀ ਹੈ। ਇਹਨਾਂ ਦੀ ਨਜ਼ਰ 'ਚ ਝਾਰਖੰਡ ਵਿੱਚ ਕੌੜਾ ਵੱਲੋਂ ਲੁੱਟ ਦੇ ਰਿਕਾਰਡ ਦੇ ਜ਼ਿੰਮੇਵਾਰ ਲਾਲੂ ਵੀ ਹਨ। ਬਿਹਾਰ 'ਚ ਉਪ ਮੁੱਖ ਮੰਤਰੀ ਸੁਸ਼ੀਲ ਕੁਮਾਰ ਮੋਦੀ ਜਦ ਯੂ ਦੇ ਸੂਬਾ ਪ੍ਰਧਾਨ ਰਾਜੀਵ ਰੰਜਨ ਸਿੰਘ ਸਮੇਤ ਸਾਰੇ ਨੇਤਾ ਲਾਲੂ ਮਧੂ ਰਿਸ਼ਤੇ ਨੂੰ ਮੁੱਦਾ ਬਣਾਈ ਬੈਠੇ ਹਨ। ਖਬਰਾਂ ਮੁਤਾਬਕ ਪ੍ਰਵਰਤਨ ਡਾਇਰੈਕਟੋਰੇਟ ਅਤੇ ਆਮਦਨ ਟੈਕਸ ਵਿਭਾਗ ਮਧੂ ਕੌੜਾ ਦੇ ਸਿਹਤਮੰਦ ਹੋਣ ਪਿੱਛੋਂ ਦੂਜੇ ਦੌਰ ਦੀ ਪੁੱਛ ਪੜਤਾਲ ਪਿੱਛੋਂ ਹੀ ਉਹਨਾਂ ਨੇ ਬਿਹਾਰ ਸੰਪਰਕ ਦੀ ਜਾਂਚ ਦੀ ਦਿਸ਼ਾ 'ਚ ਕਦਮ ਉਠਾਵੇਗਾ। ਸੂਤਰਾਂ ਦੀ ਮੰਨੀਏ ਤਾਂ ਮਧੂ ਕੌੜਾ ਤੇ ਉਹਨਾਂ ਦੇ ਸ਼ਾਗਿਰਦਾ ਨੇ ਬਿਹਾਰ 'ਚ ਵੀ ਅਪਾਰਟਮੈਂਟ, ਸ਼ਾਪਿੰਗ ਮਾਲ, ਕਾਰੋਬਾਰੀ ਕੈਂਪਸ, ਹੋਟਲ ਅਤੇ ਹੋਰ ਕਾਰੋਬਾਰਾਂ 'ਚ ਪੈਸਾ ਲਾਇਆ ਹੈ। ਕਈ ਰਾਜਸੀ ਨੇਤਾਵਾਂ ਬਿਲਡਰਾ ਤੇ ਕਾਰੋਬਾਰੀਆਂ ਨੂੰ ਕੌੜਾ ਐਂਡ ਕੰਪਨੀ ਨੇ ਲੁੱਟ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਹੈ। ਹਵਾਲੇ ਦੇ ਜ਼ਰੀਏ ਵੀ ਇਥੇ ਪੈਸਾ ਪਹੁੰਚਾਇਆ ਗਿਆ ਪਰ ਜਾਂਚ ਟੀਮ ਹੁਣ ਤਕ ਮਿਲੇ ਦਸਤਾਵੇਜਾਂ ਦੇ ਸ਼ੀਸ਼ੇ 'ਚ ਠੋਸ ਸਬੂਤ ਅਤੇ ਕੜੀ ਜੋੜਨ 'ਚ ਲੱਗੀ ਹੈ। ਇਸ ਪਿੱਛੋਂ ਹੀ ਉਸ ਦੇ ਕਦਮ ਬਿਹਾਰ ਵੱਲ ਵਧਣਗੇ।

ਬੀਮਾਰੀ ਜਾਂ ਬਹਾਨਾ – ਆਮਦਨ ਟੈਕਸ ਵਿਭਾਗ ਦੀ ਛਾਪਾਮਾਰੀ ਤੋਂ ਘਬਰਾ ਕੇ ਮਧੂ ਕੌੜਾ ਨੇ ਬੀਮਾਰ ਹੋਣ ਦਾ ਨਾਟਕ ਰਚਿਆ। ਰਿਪੋਰਟ ਤਿਆਰ ਕਰਨ ਤਕ ਮਧੂ ਕੌੜਾ ਦੇ ਸਹਿਯੋਗੀ ਸਿਨਹਾ ਤੇ ਸੰਜੈ ਦਾ ਅਜੇ ਤਕ ਪਤਾ ਨਹੀਂ ਲੱਗ ਰਿਹਾ। ਮਧੂ ਕੌੜਾ ਤੇ ਉਹਨਾਂ ਦੇ ਛੇ ਸਾਥੀਆਂ ਖਿਲਾਫ ਮੁਹਿੰਮ ਚੱਲ ਰਹੀ ਹੈ। ਪਰ ਝਾਰਖੰਡ 'ਚ ਘਪਲੇ ਤੋਂ ਘੋਟਾਲੇ ਹੋਰ ਵੀ ਹਨ। ਝਾਰਖੰਡ ਦੇ ਸਾਬਕਾ ਸਪੀਕਰ ਮਹੇਂਦਰ ਪ੍ਰਤਾਪ ਸਿੰਘ ਦੇ ਪੀ. ਏ. ਮਨੋਜ ਕੁਮਾਰ ਸਿੰਘ ਦੇ ਨਾਮ 14 ਕਰੋੜ ਰੁਪਏ ਦਾ ਬਿਹਾਰ ਦੇ ਇਕ ਬੈਂਕ 'ਚ ਫਿਕਸ ਡਿਪਾਜਿਟ ਦਾ ਕੇਸ ਫੜਿਆ ਗਿਆ ਹੈ। ਮਧੂ ਕੌੜਾ ਤੋਂ ਇਲਾਵਾ ਹੋਰ ਵੀ ਕਈ ਮੰਤਰੀਆਂ ਨੇ ਕਰੋੜਾਂ ਰੁਪਏ ਦੀ ਕਾਲੀ ਕਮਾਈ ਕੀਤੀ ਹੈ। ਲਿਮਕਾ ਬੁਕ ਆਫ ਰਿਕਾਰਡ 'ਚ ਸੰਨ 2007 'ਚ ਮਧੂ ਕੌੜਾ ਦੇ ਨਾਂ ਇਕ ਰਿਕਾਰਡ ਹੈ। ਇਹ ਰਿਕਾਰਡ ਹੈ ਸਭ ਤੋਂ ਘੱਟ ਉਮਰ 'ਚ ਇਕ ਆਜ਼ਾਦ ਵਿਧਾਇਕ ਵਜੋਂ ਮੁੱਖ ਮੰਤਰੀ ਬਣਨ ਦਾ। ਹੁਣ ਮਧੂ ਕੌੜਾ ਨੇ ਸੰਨ 2009 'ਚ ਇਕ ਹੋਰ ਰਿਕਾਰਡ ਬਣਾਇਆ ਉਹ ਹੈ 4000 ਕਰੋੜ ਰੁਪਏ ਦੇ ਘਪਲੇ ਦਾ ਪੂੰਜੀਪਤੀ ਨਿਜ਼ਾਮ 'ਚ ਲੁੱਟ-ਘਸੁੱਟ ਬੰਦ ਹੋ ਸਕਣੀ ਔਖੀ ਹੀ ਨਹੀਂ ਬਲਕਿ ਅਸੰਭਵ ਹੈ ਕਿਉਂਕਿ ਪੈਦਾਵਾਰ ਦੇ ਵਸੀਲਿਆਂ ਦੀ ਵੰਡ ਕਾਣੀ ਹੈ। ਮੁਨਾਫਾ ਵਿਕਾਸ ਦਾ ਕੇਂਦਰ ਹੈ।

# ਪਾਕਿਸਤਾਨ 'ਚ ਲਗਾਤਾਰ ਵਿਗੜਦੇ ਹਾਲਾਤ ਦੋਸ਼ੀ ਕੌਣ?

9 ਅਕਤੂਬਰ ਪੇਸ਼ਾਵਰ 'ਚ ਧਮਾਕਾ 11 ਅਕਤੂਬਰ ਰਾਵਲਪਿੰਡੀ 'ਚ ਪਾਕਿ ਫੌਜ ਦੇ ਜਨਰਲ ਹੈਡ ਕੁਆਰਟਰ 'ਤੇ ਹਮਲਾ ਕਈ ਲੋਕ ਬੰਦੀ 15 ਅਕਤੂਬਰ ਲਾਹੌਰ ਦੇ ਤਿੰਨ ਅਹਿਮ ਸੁਰੱਖਿਆ ਅਦਾਰਿਆਂ 'ਤੇ ਹਮਲਾ।

ਪਾਕਿਸਤਾਨ 'ਚ ਇਹ ਤਿੰਨੋਂ ਖ਼ਤਰਨਾਕ ਦਹਿਸ਼ਤਪਸੰਦੀ ਘਟਨਾਵਾਂ ਉਦੋਂ ਹੋਈਆਂ ਜਦੋਂ ਭਾਰਤ ਤੋਂ ਔਰਤ ਪੱਤਰਕਾਰਾਂ ਦੀ ਇਕ ਟੀਮ ਲਾਹੌਰ ਪਹੁੰਚੀ ਸੀ। ਭਾਰਤ ਤੋਂ ਇਲਾਵਾ ਸਾਰਕ ਦੇਸ਼ਾਂ ਦੇ ਪੱਤਰਕਾਰਾਂ ਦੇ ਲਾਹੌਰ 'ਚ ਕਦਮ ਰੱਖਣ ਤੋਂ ਪਹਿਲਾਂ ਹੀ 50 ਲੋਕ ਆਪਣੀ ਜਾਨ ਗੁਆ ਚੁੱਕੇ ਸਨ। ਪਿਛਲੇ ਸਾਲ ਹੋਏ ਮੁੰਬਈ ਹਮਲੇ ਪਿੱਛੋਂ ਸ਼ਾਇਦ ਪਹਿਲੀ ਵਾਰੀ ਭਾਰਤ ਤੋਂ ਏਨੀ ਵੱਡੀ ਕੋਈ ਟੀਮ ਪਾਕਿਸਤਾਨ ਪਹੁੰਚੀ ਸੀ। ਪਾਕਿਸਤਾਨੀ ਪ੍ਰਧਾਨ ਮੰਤਰੀ ਤੋਂ ਇਲਾਵਾ ਹੋਰ ਕਈ ਮਹੱਤਵਪੂਰਨ ਨੇਤਾਵਾਂ ਨੂੰ ਲਾਹੌਰ 'ਚ ਇਕੱਠੇ ਹੋਣਾ ਸੀ। ਮੀਡੀਆ 'ਚ ਔਰਤਾਂ ਦੀ ਸਥਿਤੀ ਤੋਂ ਇਲਾਵਾ ਇਕ ਵੱਡਾ ਤੇ ਛੁਪਿਆ ਮਕਸਦ ਦੋਨਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਆਈ ਤਲਖੀ ਦੂਰ ਕਰਨਾ ਸੀ ਪਰ ਸ਼ੁਰੂਆਤ ਤੋਂ ਪਹਿਲਾਂ ਹੀ ਮਾਹੌਲ ਬਦਲ ਗਿਆ ਸੀ। ਬੇਹੱਦ ਸਖਤ ਸੁਰੱਖਿਆ ਵਿਵਸਥਾ ਚਾਰੋਂ ਪਾਸੇ ਇਕ ਰਹਿਸਮਈ ਤਣਾਅਪੂਰਨ ਖਾਮੋਸ਼ੀ ਅਤੇ ਪ੍ਰਬੰਧਕਾਂ ਦੇ ਮੱਥੇ ਵੱਟ ਦੱਸਦੇ ਸਨ ਕਿ ਖਤਰਾ ਕਿੰਨਾ ਵੱਡਾ ਤੇ ਨਜ਼ਦੀਕ ਹੋ ਸਕਦਾ ਸੀ। ਪਾਕਿਸਤਾਨੀ ਫੌਜ ਬਜੀਰਿਸਤਾਨ 'ਚ ਤਾਲਿਬਾਨੀ ਲੜਾਕਿਆਂ ਨੂੰ ਖਦੇੜਨ ਦੀ ਤਿਆਰੀ ਕਰ ਰਹੀ ਸੀ। ਇਹ ਜੰਗ ਪਾਕਿਸਤਾਨ ਦੇ ਅੰਦਰਲੇ ਖਾੜਕੂਆਂ ਨਾਲ ਹੀ ਸਭ ਤੋਂ ਵੱਡੀ ਜੰਗ ਕਿਹਾ ਜਾ ਰਿਹੈ। ਮੰਨਿਆ ਜਾਂਦਾ ਹੈ ਅੱਤਵਾਦੀ ਪੇਸ਼ਾਵਰ ਤੋਂ ਇਲਾਵਾ ਬਾਹਰੋਂ ਕਈ ਹੋਰ ਥਾਵਾਂ 'ਤੇ ਵੀ ਹਮਲਾ ਕਰ ਸਕਦੇ ਹਨ। ਪੱਤਰਕਾਰਾਂ ਲਈ ਉਥੋਂ ਦੀ ਸਥਿਤੀ ਜਾਨਣਾ ਜਾਨ ਜੋਖਮ 'ਚ ਪਾਉਣ ਬਰਾਬਰ ਹੈ। ਅਜੀਬ ਕਸਮਕਸ਼ ਹੈ। ਫੌਜ ਦੇ ਹੈਡਕੁਆਰਟਰ 'ਤੇ ਹਮਲਾ ਕੋਈ ਮਾਮੂਲੀ ਗੱਲ ਨਹੀਂ। ਅਤਿਵਾਦੀਆਂ ਦਾ ਮਕਸਦ ਇਹ ਅਹਿਸਾਸ ਕਰਾਉਣਾ ਹੈ ਕਿ ਫੌਜ ਵੀ ਸੁਰੱਖਿਅਤ ਨਹੀਂ ਹਮਲੇ 'ਚ ਕਈ ਲੋਕਾਂ ਨੂੰ ਬੰਦੀ ਵੀ ਬਣਾਇਆ ਗਿਆ ਸੀ ਜਿਨ੍ਹਾਂ ਦੀ ਤੈਦਾਦ ਬਾਰੇ ਪੁਖਤਾ ਸੂਚਨਾ ਨਹੀਂ ਟੈਲੀਵਿਜ਼ਨ ਚੈਨਲਾਂ ਮੂਹਰੇ ਪੂਰਾ ਮਸਾਲਾ ਸੀ, ਦਹਿਸ਼ਤ ਸੀ, ਹਿੰਸਾ ਸੀ, ਫੌਜ ਸੀ, ਦੇਸ਼ ਭਗਤੀ ਸੀ ਤੇ ਬੰਦਕਾਂ ਦਾ ਡਰਾਮਾ ਵੀ। ਇਹ ਪਾਕਿਸਤਾਨੀ ਫੌਜ 'ਤੇ ਹਮਲਾ ਨਹੀਂ ਪਾਕਿਸਤਾਨੀ ਕੌਮ 'ਤੇ ਹਮਲਾ ਹੈ।

ਦੇਸ਼ 'ਚ ਅੰਦਰੂਨੀ ਖਾਨਾ ਚੂੰਗੀ ਵਰਗਾ ਮਾਹੌਲ ਪੈਦਾ ਹੋ ਰਿਹਾ ਹੈ। ਪਾਕਿਸਤਾਨ 'ਚ ਕੁਝ ਵੀ ਸੰਭਵ ਹੈ। ਸਾਰੇ ਖਤਰਿਆਂ ਦੀ ਉਮੀਦ ਅਤੇ ਸੁਰੱਖਿਆ ਇੰਤਜਾਮ ਦਰਮਿਆਨ ਬੇਨਜ਼ੀਰ ਭੁੱਟੋ ਦੀ ਹੱਤਿਆ ਸਭ ਨੇ ਵੇਖੀ ਹੈ। ਤਾਂ ਹੋਰ ਕੀ ਮੁਮਕਿਨ ਨਹੀਂ ਹੈ? ਅੰਦਾਜ਼ਾ ਲਾਓ, ਅਜਿਹੀ ਹਾਲਤ 'ਚ ਪਾਕਿਸਤਾਨ 'ਚ ਫਸਣਾ ਕਿਹੋ ਜਿਹਾ ਹੋ ਸਕਦਾ ਹੈ। ਪਾਕਿਸਤਾਨ 'ਚ ਜਿਉਣ ਦਾ ਅਧਿਕਾਰ ਕਿੰਨਾ ਅਹਿਮ ਹੈ। ਜੇ ਜਿਉਣ ਦਾ ਅਧਿਕਾਰ ਬਚੂ ਤਾਂ ਹੀ ਕੋਈ ਹੋਰ ਚਰਚਾ ਸੰਭਵ ਹੈ। ਪਿਛਲੇ ਦਿਨੀਂ ਮਾਸੂਮ ਨਾਗਰਿਕਾਂ 'ਤੇ ਹੋਏ ਹਮਲਿਆਂ ਨੇ ਇਸ ਤਬਕੇ ਨੂੰ ਛੋਟਾ, ਹੋਰ ਛੋਟਾ

ਕੀਤਾ ਹੈ। ਪਰ ਇਹ ਹੁਣ ਵੀ ਮੌਜੂਦ ਹਨ ਜੋ ਹੁਣ ਵੀ ਮੰਨਦੇ ਹਨ ਕਿ ਅਲਕਾਇਦਾ ਨਾਂ ਦੀ ਕੋਈ ਸੰਸਥਾ ਨਹੀਂ ਹੈ। ਅਮਰੀਕਾ ’ਤੇ 11 ਸਤੰਬਰ ਨੂੰ ਹੋਇਆ ਹਮਲਾ ਤਾਂ ਖ਼ੁਦ ਅਮਰੀਕਾ ਦਾ ਕੰਮ ਸੀ ਜਾਂ ਫਿਰ ਕਿਸੇ ਇਜ਼ਰਾਇਲ ਸਮੂਹ ਦਾ। ਪਾਕਿ ’ਚ ਹੋ ਰਹੇ ਲਗਭਗ ਹਰ ਹਮਲੇ ਪਿੱਛੋਂ ਇਹਨਾਂ ਲੋਕਾਂ ਦੀ ਇਹੀ ਦਲੀਲ ਹੁੰਦੀ ਹੈ ਕਿ ਇਹ ਪਾਕਿਸਤਾਨ ਤੇ ਇਸਲਾਮ ਦੇ ਦੁਸ਼ਮਣਾ ਦਾ ਕੰਮ ਹੈ। ਸੋਸ਼ਲ ਸਾਈਟਸ ਫੇਸਬੁਕ ਅਤੇ ਮਾਰਕੁਟ ’ਤੇ ਪਾਕਿਸਤਾਨੀਆਂ ਦੇ ਵਿਚਕਾਰ ਹੋ ਰਹੀ ਬਹਿਸ ਵਿੱਚ ਵੀ ਕੁਝ ਲੋਕ ਪਾਕਿਸਤਾਨ ਫੌਜ ਦੇ ਵਜੀਰਿਸਤਾਨ ਅਪ੍ਰੇਸ਼ਨ ਨੂੰ ਸਾਜ਼ਿਸ਼ ਦੱਸਦੇ ਹਨ ਅਤੇ ਕਹਿੰਦੇ ਹਨ ਕਿ ਇਹ ਨੇਤਾ ਡਾਲਡ ਬਦਲੇ ਅਮਰੀਕਾ ਨੂੰ ਪਾਕਿਸਤਾਨੀਆਂ ਦੀਆਂ ਲਾਸ਼ਾਂ ਵੇਚ ਰਹੇ ਹਨ। ਇਥੋਂ ਤੱਕ ਕਿ ਜਾਣੇ-ਮਾਣੇ ਪੱਤਰਕਾਰ ਹਾਮਿਦ ਮੀਰ ਨੇ ਪਾਕਿਸਤਾਨ ’ਚ ਸਭ ਤੋਂ ਵੱਧ ਜ਼ਿਆਦਾ ਹਰਮਨ ਪਿਆਰੇ ਚੈਨਲ ਜਿਓ ’ਤੇ ਕਿਹਾ ਗਿਆ ਕਿ ‘ਫੌਜ ਪੂਰੀ ਤਰ੍ਹਾਂ ਨਾਕਾਮ ਹੋ ਰਹੀ ਹੈ ਅਤੇ ਇਸ ਅਪ੍ਰੇਸ਼ਨ ’ਚ ਮਾਰੇ ਜਾ ਰਹੇ ਹਨ। ਲੋਗ ਦਰਅਸਲ ਮਾਨੂਸ ਪਾਕਿਸਤਾਨੀ ਹਨ, ਅੱਤਵਾਦੀ ਨਹੀਂ ਸ਼ਾਇਦ ਮੀਡੀਆ ਕਰਮੀ ਵੀ ਆਮ ਲੋਕਾਂ ਦੀ ਨਬਜ਼ ਫੜਕੇ ਗੱਲ ਕਰ ਰਹੇ ਹਨ। ਪਾਕਿਸਤਾਨੀਆਂ ਦੀ ਇਹਨਾਂ ਲੋਕਾਂ ਦੇ ਨਾਲ ਹਮਦਰਦੀ ਦੀ ਪਿੱਠਭੂਮੀ ਸਾਨੂੰ ਸੋਵੀਅਤ ਰਾਜ ਦੇ ਅਫ਼ਗਾਨਿਸਤਾਨ ਵੱਲ ਲੈ ਜਾਂਦੀ ਹੈ।

ਪਾਕਿਸਤਾਨ ਤੇ ਅਮਰੀਕੀ ਸਰਕਾਰ ਨੇ ਅਫਗਾਨ ਮੁਜਾਹਦੀਨ ਦੇ ਨਾਲ ਮਿਲ ਕੇ ਸੋਵੀਅਤ ਰਾਜ ਨੂੰ ਉਖਾੜ ਸੁੱਟਿਆ ਸੀ। ਸਿਰਫ ਪਾਕਿਸਤਾਨ ਹੀ ਨਹੀਂ ਹਰ ਇਸਲਾਮਿਕ ਦੇਸ਼ ’ਚ ਇਹਨਾਂ ਮੁਜਾਹਦੀਨਾ ਸਬੰਧੀ ਹਮਦਰਦੀ ਅਤੇ ਹਮਾਇਤ ਦੀ ਜਬਰਦਸਤ ਲਹਿਰ ਸੀ ਪਰ ਹੁਣ ਅਮਰੀਕਾ ਤੇ ਪਾਕਿਸਤਾਨ ਸਰਕਾਰ ਦੋਨੋਂ ਮਿਲ ਕੇ ਵੀ ਪਾਕਿਸਤਾਨੀ ਲੋਕਾਂ ਨੂੰ ਇਹ ਨਹੀਂ ਸਮਝਾ ਸਕੇ ਕਿ ਉਹ ਉਸ ਜਮਾਨੇ ਦੇ ਦੋਸਤਾਂ ਨੂੰ ਇਸ ਜਮਾਨੇ ’ਚ ਦੁਸ਼ਮਣ ਕਿਵੇਂ ਸਮਝਣ। ਕੁਝ ਚੋਣਵੇ ਤਾਲਿਬਾਨ ਲੜਾਕਿਆਂ ਨਾਲ ਫੌਜ ਤੇ ਆਈ. ਐਸ. ਆਈ. ਦੀ ਦੋਸਤੀ ਅਤੇ ਜ਼ਰੂਰਤ ਪੈਣ ’ਤੇ ਉਹਨਾਂ ਦੀ ਵਰਤੋਂ ਜ਼ਰੂਰ ਇਕ ਵਜਾਹ ਰਹੀ ਹੈ ਕਿ ਇਹਨਾਂ ਲੋਕਾਂ ਨੂੰ ਵਧਣ-ਫੁਲਣ ਦਾ ਮੌਕਾ ਦਿੱਤਾ ਜਾਵੇ। ਪਰ ਪਾਕਿਸਤਾਨੀ ਅਵਾਮ ਦੀ ਇਹਨਾਂ ਲੜਾਕਿਆਂ ਨਾਲ ਹਮਦਰਦੀ ਤੇ ਇਹਨਾਂ ਨੂੰ ਇਸਲਾਮ ਦਾ ਮਸੀਹਾ ਸਮਝਣ ਦੀ ਭੁੱਲ ਵੀ ਸਰਕਾਰ ਨੂੰ ਇਹਨਾਂ ’ਤੇ ਸਖਤੀ ਵਰਤਣ ਤੋਂ ਰੋਕਦੀ ਰਹੀ ਹੈ। ਪਰ ਹੁਣ ਸਥਿਤੀ ਆਰ ਜਾਂ ਪਾਰ ਦੀ ਹੈ। ਅਮਰੀਕਾ ਦਾ ਦਬਾਅ ਨਾ ਵੀ ਹੁੰਦਾ ਤਾਂ ਵੀ ਪਾਕਿਸਤਾਨ ਨੂੰ ਪਤਾ ਹੈ ਕਿ ਜੇ ਤਾਲਿਬਾਨ ਨੂੰ ਹੁਣ ਨਾ ਰੋਕਿਆ ਗਿਆ ਤਾਂ ਕੁਝ ਨਹੀਂ ਬਚੇਗਾ। ਨਾ ਸਰਕਾਰ, ਨਾ ਪਾਕਿਸਤਾਨ। ਤਾਲਿਬਾਨ ਦਾ ਅਸਰ ਸਿਰਫ ਕਬਾਇਲੀ ਇਲਾਕਿਆਂ ਤੱਕ ਹੀ ਹੋਵੇ ਅਜਿਹਾ ਨਹੀਂ ਹੈ। ਦਹਿਸ਼ਤਗਰਦ ਕਰਾਚੀ, ਲਾਹੌਰ ਤੇ ਇਸਲਾਮਾਬਾਦ ਵਰਗੇ ਸ਼ਹਿਰਾਂ ’ਚ ਧਮਾਕੇ ਕਰਕੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਂਦੇ ਹੀ ਹਨ ਪਰ ਪਾਕਿਸਤਾਨੀਆਂ ਦੀਆਂ ਨਿੱਜੀ ਜ਼ਿੰਦਗੀਆਂ ’ਚ ਘੁਲੀ ਦਹਿਸ਼ਤ ਸੁਨੀਤਾ ਮਾਰਸ਼ਲ ਤੋਂ ਸੁਣੋ ਜੋ ਧਰਮ ਤੋਂ ਇਸਾਈ ਤੇ ਪੇਸ਼ੇ ਤੋਂ ਮਾਡਲ ਹੈ ਉਹ ਕਹਿੰਦੀ ਹੈ, ‘ਸਾਨੂੰ ਸਰਕਾਰ ਜਾਂ ਪ੍ਰਸਾਸ਼ਨ ਵੱਲੋਂ ਕਿਸੇ ਕਿਸਮ ਦੀ ਪਾਬੰਦੀ ਨਹੀਂ ਹੈ ਪਰ ਮੇਰੀਆਂ ਕੁਝ ਸਹੇਲੀਆਂ ਨੂੰ ਜੋ ਬਿਨਾਂ ਬਾਹਾਂ ਦੇ ਕੱਪੜੇ ਪਹਿਨਦੀਆਂ ਹਨ ਕੁਝ ਅਣਜਾਣ ਲੋਕਾਂ ਨੇ ਰੋਕ ਕੇ ਅਜਿਹੇ ਕੱਪੜੇ ਨਾ ਪਹਿਨਣ ਲਈ ਧਮਕੀ ਦਿੱਤੀ ਹੈ ਅਤੇ ਕਿਹਾ ਕਿ ਇਹ ਤਾਲਿਬਾਨ

ਦਾ ਫ਼ੁਰਮਾਨ ਹੈ।' ਫੌਜੀ ਅਪ੍ਰੇਸ਼ਨ ਰਾਹ-ਏ-ਨਿਜਾਤ ਨਾਲ ਪਾਕਿਸਤਾਨ ਨੂੰ ਦਹਿਸ਼ਤ ਤੋਂ ਨਿਜਾਤ ਮਿਲੇਗੀ, ਇਹ ਕਹਿਣਾ ਮੁਸ਼ਕਲ ਹੈ। ਪਰ ਪਾਕਿਸਤਾਨ ਨੇ ਦਹਿਸ਼ਤ ਦੇ ਇਤਿਹਾਸ 'ਚ ਸ਼ਾਇਦ ਐਸਾ ਪਹਿਲੀ ਵਾਰ ਵੇਖਿਆ ਜਾ ਰਿਹਾ ਹੈ ਕਿ ਦੇਸ਼ 'ਚ ਸਮੁੱਚੇ ਤੌਰ 'ਤੇ ਇਕ ਵਿਚਾਰ ਪੈਦਾ ਹੋ ਰਿਹਾ ਹੈ ਕਿ ਤਾਲਿਬਾਨ ਦਾ ਖਾਤਮਾ ਹੋਣਾ ਹੀ ਚਾਹੀਦਾ ਹੈ।

ਪਾਕਿਸਤਾਨ 'ਚ ਜਿੰਨੀ ਅਮਰੀਕੀ ਵਿਰੋਧੀ ਧਾਰਾ ਨਹੀਂ ਹੈ ਉਨੀ ਤਾਲਿਬਾਨ ਵਿਰੋਧੀ ਧਾਰਾ ਹੋ ਗਈ ਹੈ। ਖਾਸ ਕਰਕੇ ਅਮਰੀਕਾ ਦੀ ਮਦਦ ਨਾਲ ਬੈਤੁਲਾਹ ਮਹਿਮੂਦ ਦੇ ਮਾਰੇ ਜਾਣ ਨਾਲ ਲੋਕਾਂ ਦਾ ਆਪਣੀ ਸਰਕਾਰ 'ਤੇ ਅਤੇ ਅਮਰੀਕਾ ਦੀ ਹਮਾਇਤ 'ਤੇ ਵਿਸ਼ਵਾਸ ਬਣਿਆ ਹੈ। ਨਾਲ ਹੀ ਬੈਤੂਲਾਹ ਦੀ ਮੌਤ ਨੇ ਤਹਿਰੀਕੇ ਤਾਲਿਬਾਨ ਦੀ ਕਮਰ ਵੀ ਤੋੜੀ ਹੈ ਅਤੇ ਹੌਸਲਾ ਵੀ। ਫੇਸਬੁੱਕ ਤੇ ਆਰਕੁਟ ਵਰਗੀਆਂ ਸਾਈਟਾਂ 'ਤੇ ਇਸ ਤਰ੍ਹਾਂ ਦੇ ਸਮੂਹ ਬਣ ਰਹੇ ਹਨ ਜਿਹਨਾਂ 'ਚ ਫੌਜ ਨੂੰ ਹਮਾਇਤ ਦੇਣ ਲਈ ਵੋਟ ਦੇਣ ਨੂੰ ਕਿਹਾ ਜਾਂਦਾ ਹੈ। ਫੌਜ ਦੀ ਹਮਾਇਤ ਕਰਦਿਆਂ ਦੇਸ਼ ਭਗਤੀ ਦੇ ਗਾਣੇ ਗਾਏ ਜਾ ਰਹੇ ਹਨ। ਪਾਕਿਸਤਾਨੀ ਸਰਕਾਰ ਅਤੇ ਫੌਜ ਕੋਲ ਇਹ ਇਤਿਹਾਸਕ ਮੌਕਾ ਹੈ ਕਿ ਉਹ ਤਹਿ ਕਰਨ ਕਿ ਪਾਕਿਸਤਾਨੀ ਦਹਿਸ਼ਤਗਰਦਾਂ ਦੀ ਮਦਦ ਲੈ ਕੇ ਭਾਰਤ ਦੇ ਵਿਰੋਧ 'ਚ ਆਪਣੇ ਵਜੂਦ ਨੂੰ ਪ੍ਰਭਾਸ਼ਿਤ ਕਰਨਾ ਚਾਹੁੰਦਾ ਹੈ ਜਾਂ ਫਿਰ ਖੁਦ ਨੂੰ ਪ੍ਰਗਤੀਸ਼ੀਲ ਤੇ ਉਦਾਰ ਦੇਸ਼ ਬਣਾਉਣਾ ਚਾਹੁੰਦਾ ਹੈ। ਤਹਿ ਤਾਂ ਉਸ ਨੇ ਇਹ ਵੀ ਕਰਨਾ ਹੋਵੇਗਾ ਕਿ ਫੌਰੀ ਤੌਰ 'ਤੇ ਅਮਰੀਕਾ ਦੀ ਮਦਦ ਲੈ ਕੇ ਉਹ ਕਦ ਅਮਰੀਕਾ ਨੂੰ ਕਹੇ ਅਲਵਿਦਾ!

# ਕੀ ਸਨਅਤੀ ਦੁਰਘਟਨਾਵਾਂ-ਸਰਮਾਏਦਾਰਾਂ ਵੱਲੋਂ ਮਜ਼ਦੂਰ ਦੇ ਕਤਲ ਹਨ?

ਉਦਾਰੀਕਰਨ ਦੇ ਸਾਲਾਂ ਵਿੱਚ ਸਨਅਤੀ ਦੁਰਘਟਨਾਵਾਂ 'ਚ ਬਹੁਤ ਤੇਜ਼ ਵਾਧਾ ਹੋਇਆ ਹੈ। ਚੀਨ ਵਰਗੇ ਦੇਸ਼ਾਂ ਤੋਂ ਤਾਂ ਲਗਭਗ ਰੋਜ਼ਾਨਾ ਹੀ ਕਿਸੇ ਨਾ ਕਿਸੇ ਗੰਭੀਰ ਦੁਰਘਟਨਾ ਦੀ ਖਬਰ ਆਉਂਦੀ ਹੈ, ਖਾਸ ਕਰਕੇ ਖਾਨਾ ਦੀ। ਭਾਰਤੀ 'ਚ ਵੀ ਸਨਅਤੀ ਖੇਤਰਾਂ 'ਚ ਜਾਨਲੇਵਾ ਦੁਰਘਟਨਾਵਾਂ ਦੀ ਗਿਣਤੀ 'ਚ ਤੇਜ਼ ਵਾਧਾ ਹੋਇਆ ਹੈ। ਇਹ ਸਾਲ ਭੁਪਾਲ 'ਚ ਯੂਨੀਅਨ ਕਾਰਬਾਈਡ ਲਿਮਟਿਡ ਤੋਂ ਜ਼ਹਿਰੀਲੀ ਗੈਸ ਕਾਰਨ ਹੋਈ ਭਿਆਨਕ ਤਰਾਸਦੀ ਦੀ 25ਵੀਂ ਬਰਸੀ ਹੈ। ਤਦ ਕਿਸੇ ਨੂੰ ਪਤਾ ਨਹੀਂ ਸੀ ਪਰ ਬੀਤੇ 25 ਸਾਲਾਂ 'ਚ ਹਰ ਨਵੇਂ ਸਾਲ ਨੇ ਵੱਧ ਸ਼ਿੱਦਤ ਨਾਲ ਵਿਖਾਇਆ ਕਿ ਇਹ ਤਾਂ ਆਉਣ ਵਾਲੇ ਦਿਨਾਂ ਦਾ ਸੰਕੇਤ ਹੀ ਸੀ। ਏਨੀ ਵੱਡੀ ਤਰਾਸਦੀ 'ਚ ਜਿਸ ਵਿੱਚ ਪਹਿਲੇ ਦਿਨ ਚਾਰ ਹਜ਼ਾਰ ਅਤੇ ਪਹਿਲੇ ਤਿੰਨ ਦਿਨਾਂ 'ਚ ਕੁੱਲ 8000 ਲੋਕ ਮਾਰੇ ਗਏ ਸਨ। (ਏਨੇ ਸਾਲਾਂ 'ਚ ਮਰਨ ਵਾਲਿਆਂ ਦਾ ਅਦਾਜ਼ਾ 25 ਹਜ਼ਾਰ ਤੋਂ ਇੱਕ ਲੱਖ ਹੈ।) ਭਾਰਤ ਸਰਕਾਰ ਨੇ ਬਿਲਕੁਲ ਅਪਰਾਧਿਕ ਰਵੱਈਆ ਅਪਣਾਇਆ। ਭਾਰਤ ਸਰਕਾਰ ਨੇ ਯਕੀਨੀ ਬਣਾਇਆ ਕਿ ਯੂਨੀਅਨ ਕਾਰਬਾਈਡ ਇੰਡੀਆ ਲਿਮਟਿਡ ਜਾਂ ਉਸ ਦੀ ਮਾਂ ਕੰਪਨੀ ਅਮਰੀਕਾ ਦੀ ਯੂਨੀਅਨ ਕਾਰਬਾਈਡ ਕਾਰਪੋਰੇਸ਼ਨ ਖਿਲਾਫ ਕੋਈ ਕਾਰਵਾਈ ਨਾ ਹੋਵੇ। ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਕਿ ਇਸ ਤਰਾਸਦੀ 'ਚ ਮਾਰੇ ਗਏ ਮ੍ਰਿਤਕਾਂ ਤੇ ਜ਼ਖ਼ਮੀਆਂ ਨੂੰ ਘੱਟ ਤੋਂ ਘੱਟ ਮੁਆਵਜਾ ਮਿਲੇ।

ਇਹ ਸਭ ਭਾਰਤ ਸਰਕਾਰ ਨੇ ਇਸ ਲਈ ਯਕੀਨੀ ਬਣਾਇਆ ਕਿ ਇਥੇ ਨਿਵੇਸ਼ ਦਾ ਮਾਹੌਲ ਪ੍ਰਭਾਵਿਤ ਨਾ ਹੋਵੇ। ਸਨਅਤੀ ਦੁਰਘਟਨਾਵਾਂ ਸਾਮਰਾਜੀ (ਪੂੰਜੀਪਤੀ) ਜਮਾਤ ਦੀ ਮੁਨਾਫ਼ੇ ਦੀ ਵੱਧ ਤੋਂ ਵੱਧ ਚਾਹਤ ਦਾ ਸਪੱਸ਼ਟ ਸਿੱਟਾ ਹੈ। ਪੂੰਜੀਪਤੀ ਜਮਾਤ ਉਨ੍ਹੇ ਹੀ ਸਮੇਂ 'ਚ ਮਜ਼ਦੂਰਾਂ ਤੋਂ ਵੱਧ ਤੋਂ ਵੱਧ ਕੰਮ ਲੈਣਾ ਚਾਹੁੰਦੀ ਹੈ। ਇਸ ਲਈ ਉਹ ਮਸ਼ੀਨਾਂ ਦੀ ਰਫਤਾਰ ਨੂੰ ਵੱਧ ਤੋਂ ਵੱਧ ਵਧਾਉਣਾ ਚਾਹੁੰਦੀ ਹੈ। ਮਸ਼ੀਨਾਂ ਦੀ ਰਫਤਾਰ ਵਧਣ ਨਾਲ, ਮਜ਼ਦੂਰਾਂ ਦੇ ਬਹੁਤ ਜ਼ਿਆਦਾ ਥੱਕ ਜਾਣ ਨਾਲ ਅਤੇ ਖਾਸ ਕਰਕੇ ਰਾਤ ਵੇਲੇ ਜਾਂ ਕਈ ਪਾਰੀਆਂ (ਸ਼ਿਫਟਾਂ) 'ਚ ਲਗਾਤਾਰ ਕੰਮ ਕਰਦੇ ਰਹਿਣ ਨਾਲ ਇਸ ਗੱਲ ਦੀ ਸੰਭਾਵਨਾ ਵਧ ਜਾਂਦੀ ਹੈ ਕਿ ਮਜ਼ਦੂਰਾਂ ਨਾਲ ਕੰਮ ਸਮੇਂ ਅਸਾਵਧਾਨੀ ਹੋ ਜਾਵੇ ਅਤੇ ਦੁਰਘਟਨਾ ਹੋ ਜਾਵੇ। ਪਰ ਸਨਅਤੀ ਦੁਰਘਟਨਾ ਦਾ ਇਸ ਤੋਂ ਵੱਡਾ ਕਾਰਨ ਅਕਸਰ ਪੂੰਜੀਪਤੀ ਵੱਲੋਂ ਸੁਰੱਖਿਆ ਉਪਾਵਾਂ ਦੀ ਬਿਲਕੁਲ ਘਾਟ ਹੁੰਦਾ ਹੈ। ਘੱਟ ਜ਼ਿਆਦਾ ਖਤਰਨਾਕ ਕੰਮਾਂ ਲਈ ਘੱਟ ਜਾਂ ਵੱਧ ਸੁਰੱਖਿਆ ਉਪਾਵਾਂ ਦੀ ਲੋੜ ਹੁੰਦੀ ਹੈ। ਪਰ ਇਹਨਾਂ ਸਾਰੇ ਸੁਰੱਖਿਆ ਉਪਾਵਾਂ 'ਤੇ ਪੈਸਾ ਖਰਚ ਹੁੰਦਾ ਹੈ ਅਤੇ ਉਹ ਪੂੰਜੀਪਤੀਆਂ ਦੇ ਮੁਨਾਫੇ ਨੂੰ ਘੱਟ ਕਰਦਾ ਹੈ। ਇਸ ਲਈ ਸਰਮਾਏਦਾਰਾਂ ਦੀ ਲਗਾਤਾਰ ਕੋਸ਼ਿਸ਼ ਹੁੰਦੀ ਹੈ ਕਿ ਉਹ ਸੁਰੱਖਿਆ ਉਪਾਵਾਂ 'ਤੇ ਘੱਟ ਤੋਂ ਘੱਟ ਖਰਚ ਕਰਨ। ਮਜ਼ਦੂਰਾਂ ਨੂੰ ਨਾ ਤਾਂ ਸੁਰੱਖਿਆ ਦੇ ਉਪਕਰਣ ਦਿੱਤੇ ਜਾਂਦੇ ਹਨ, ਨਾ ਘਾਤਕ ਰਸਾਇਣਾਂ ਨੂੰ ਸਹੀ ਤਰੀਕੇ ਨਾਲ ਰੱਖਿਆ ਜਾਂਦਾ ਹੈ ਅਤੇ ਨਾ ਹੀ ਫੈਕਟਰੀ ਜਾਂ ਖਾਨ

ਦੀ ਸੁਰੱਖਿਆ ਦੀ ਵਿਵਸਥਾ ਹੁੰਦੀ ਹੈ। ਇਹਨਾਂ ਸਾਰਿਆਂ ਦਾ ਸਿੱਟਾ ਇਹ ਹੁੰਦਾ ਹੈ ਕਿ ਬਹੁਤ ਘੱਟ ਅਣਗਹਿਲੀ ਨਾਲ ਹੀ ਦੁਰਘਟਨਾਵਾਂ ਹੋ ਜਾਂਦੀਆਂ ਹਨ। ਅਸਲ 'ਚ ਸਰਮਾਏਦਾਰ ਜਮਾਤ ਲਈ ਮਜ਼ਦੂਰ ਪੈਦਾਵਾਰ ਦਾ ਇਹ ਤੱਤ ਹੈ ਜਿਸ ਦੀ ਸਭ ਤੋਂ ਘੱਟ ਚਿੰਤਾ ਕੀਤੀ ਜਾਣੀ ਚਾਹੀਦੀ ਹੈ। ਪੂੰਜੀਪਤੀ ਨੂੰ ਆਪਣੀ ਫੈਕਟਰੀ ਜਾਂ ਮਸ਼ੀਨਾਂ ਦੀ ਤਦ ਹੀ ਚਿੰਤਾ ਰਹਿੰਦੀ ਹੈ। ਇਸ ਲਈ ਇਹ ਦੁਰਘਟਨਾ ਬੀਮਾ ਕਰਵਾ ਲੈਂਦਾ ਹੈ ਅਤੇ ਚਿੰਤਾ ਮੁਕਤ ਹੋ ਜਾਂਦਾ ਹੈ। ਦੁਰਘਟਨਾ ਹੋ ਜਾਣ 'ਤੇ ਉਸ ਨੂੰ ਬੀਮੇ ਦਾ ਪੈਸਾ ਮਿਲ ਜਾਂਦਾ ਹੈ ਅਤੇ ਉਹ ਆਪਣੀ ਫੈਕਟਰੀ ਖੜ੍ਹੀ ਕਰ ਲੈਂਦਾ ਹੈ।

ਪਰ ਜਿਥੋਂ ਤਕ ਮਜ਼ਦੂਰ ਦਾ ਸੁਆਲ ਹੈ ਉਸ ਨੂੰ ਚਿੰਤਾਜਨਕ ਦੀ ਲੋੜ ਨਹੀਂ ਸਮੁੱਚਾ ਸਰਮਾਏਦਾਰ ਸਮਾਜ ਯਕੀਨੀ ਬਣਾਉਂਦਾ ਹੈ ਕਿ ਹਰ ਪੂੰਜੀਪਤੀ ਨੂੰ ਜ਼ਰੂਰਤ ਦੇ ਹਿਸਾਬ ਨਾਲ ਮਜ਼ਦੂਰ ਮੁਹੱਈਆ ਹੋਣ। ਇਸ ਲਈ ਪੂਰੇ ਪੂੰਜੀਪਤੀ ਵਰਗ ਅਤੇ ਇਸ ਲਈ ਉਸ ਦੀ ਸਰਕਾਰ ਨੂੰ ਤਾਂ ਇਹ ਚਿੰਤਾ ਕਰਨ ਦੀ ਲੋੜ ਹੁੰਦੀ ਹੈ ਕਿ ਮਜ਼ਦੂਰ ਲੋੜੀਂਦੀ ਗਿਣਤੀ 'ਚ ਕੰਮ ਲਈ ਮੌਜੂਦ ਹੋਣ ਪਰ ਇਕ ਇਕੱਲੇ ਪੂੰਜੀਪਤੀ ਨੂੰ ਇਹਨਾਂ ਦੀ ਚਿੰਤਾ ਕਰਨ ਦੀ ਲੋੜ ਨਹੀਂ ਹੁੰਦੀ। ਉਸ ਨੂੰ ਤਾਂ ਬਸ ਆਪਣੇ ਫੈਕਟਰੀ ਗੇਟ 'ਤੇ ਕੰਮ ਕਰਨ ਲਈ ਮਜ਼ਦੂਰ ਚਾਹੀਦੇ ਹਨ ਅਤੇ ਜੇ ਸਾਰਾ ਪੂੰਜੀਪਤੀ ਸਮਾਜ ਮਜ਼ਦੂਰਾਂ ਦਾ ਲੋੜੀਂਦੀ ਗਿਣਤੀ 'ਚ ਇੰਤਜਾਮ ਕਰ ਲੈਂਦਾ ਹੈ ਤਾਂ ਇਸ ਪੂੰਜੀਪਤੀ ਦੀ ਫੈਕਟਰੀ ਦੇ ਗੇਟ 'ਤੇ ਮਜ਼ਦੂਰ ਕੰਮ ਕਰਨ ਲਈ ਮਿਲ ਜਾਣਗੇ। ਅਜਿਹੇ ਵਿੱਚ ਪੂੰਜੀਪਤੀ ਮਜ਼ਦੂਰ ਦੀ ਚਿੰਤਾ ਨਹੀਂ ਕਰਦਾ। ਉਹ ਮਜ਼ਦੂਰ ਤੋਂ ਵੱਧ ਤੋਂ ਵੱਧ ਕੰਮ ਲੈਂਦਾ ਹੈ ਅਤੇ ਪੈਸਾ ਬਚਾਉਣ ਲਈ ਸੁਰੱਖਿਆ ਉਪਾਵਾਂ ਨੂੰ ਵੀ ਬੇਕਾਰ ਕਹਿੰਦਾ ਹੈ। ਜਦ ਮਜ਼ਦੂਰ ਦੁਰਘਟਨਾਗ੍ਰਸਤ ਹੋ ਜਾਂਦਾ ਹੈ ਤਾਂ ਸਰਮਾਏਦਾਰ ਉਸ ਨੂੰ ਫੈਕਟਰੀ 'ਚੋਂ ਬਾਹਰ ਕੱਢ ਦਿੰਦਾ ਹੈ ਅਤੇ ਉਸ ਬਦਲੇ ਗੇਟ 'ਤੇ ਖੜ੍ਹੇ ਬੇਰੁਜ਼ਗਾਰ ਮਜ਼ਦੂਰਾਂ ਨੂੰ ਕੰਮ 'ਤੇ ਰੱਖ ਲੈਂਦਾ ਹੈ। ਦੁਰਘਟਨਾਗ੍ਰਸਤ ਮਜ਼ਦੂਰ ਜਿਉਂ ਦਾ ਤਿਉਂ ਜਿੰਦਾ ਰਹਿਣ ਲਈ ਛੱਡ ਦਿੱਤਾ ਜਾਂਦਾ ਹੈ।

ਜੇ ਦੁਰਘਟਨਾ 'ਚ ਮਜ਼ਦੂਰ ਮਰ ਜਾਂਦਾ ਹੈ ਤਾਂ ਵੀ ਕੋਈ ਗੱਲ ਨਹੀਂ। ਜੇ ਲਾਸ਼ ਲਕੋਈ ਜਾ ਸਕੇ ਤਾਂ ਅੱਛਾ ਨਹੀਂ ਤਾਂ ਥੋੜ੍ਹੇ ਬਹੁਤ ਮੁਆਵਜੇ ਨਾਲ ਮਾਮਲਾ ਨਿਪਟਾ ਦਿਉ। ਇਹ ਸਾਰਾ ਮਾਮਲਾ ਕਿਸੇ ਮਨੁੱਖਤਾ ਜਾਂ ਉਸ ਦੀ ਉਲੰਘਣਾ ਦਾ ਨਹੀਂ, ਇਹ ਪੂੰਜੀਪਤੀ ਦੀ ਕਰੂਰਤਾ ਜਾਂ ਬੇਰਹਿਮੀ ਦਾ ਵੀ ਨਹੀਂ। ਇਹ ਮਾਮਲਾ ਹੈ ਮੁਨਾਫੇ ਦਾ ਮਜ਼ਦੂਰ ਪ੍ਰਤੀ ਪੂੰਜੀਪਤੀ ਦੀ ਕਰੂਰਤਾ ਮੁਨਾਫੇ ਕਾਰਨ ਪੈਦਾ ਹੁੰਦੀ ਹੈ। ਵਿਅਕਤੀਗਤ ਤੌਰ 'ਤੇ ਹੋ ਸਕਦਾ ਹੈ ਕਿ ਕੋਈ ਪੂੰਜੀਪਤੀ ਦਿਆਲੂ ਹੋਵੇ। ਮਜ਼ਦੂਰ ਪੂੰਜੀਪਤੀ ਲਈ ਕਿਰਤ ਸ਼ਕਤੀ ਦਾ ਵਾਹਕ ਹੈ। ਇਹ ਕਿਰਤ ਸ਼ਕਤੀ ਉਸ ਲਈ ਵਾਧੂ ਮੁੱਲ ਪੈਦਾ ਕਰੇਗੀ। ਪੂੰਜੀਪਤੀ ਨੂੰ ਦਿਲਚਸਪੀ ਇਸ ਕਿਰਤ ਸ਼ਕਤੀ ਵਿੱਚ ਹੁੰਦੀ ਹੈ। ਉਸ ਦੇ ਵਾਹਕ ਮਜ਼ਦੂਰ ਵਿੱਚ ਨਹੀਂ। ਉਹ ਇਸੇ ਕਿਰਤ ਸ਼ਕਤੀ ਨੂੰ ਖਰੀਦਦਾ ਹੈ ਅਤੇ ਉਸ ਦੀ ਵੱਧ ਤੋਂ ਵੱਧ ਵਰਤੋਂ ਕਰਦਾ ਹੈ। ਜੇ ਕਿਰਤ ਸ਼ਕਤੀ ਦਾ ਵਾਹਕ ਮਜ਼ਦੂਰ ਬੀਮਾਰ ਪੈ ਜਾਂਦਾ ਹੈ ਤਾਂ ਕਿਸੇ ਹੋਰ ਵਜਾਹ ਕਾਰਨ ਉਸ ਦੀ ਕਿਰਤ ਸ਼ਕਤੀ ਮੱਠੀ ਪੈ ਜਾਂਦੀ ਹੈ ਤਾਂ ਪੂੰਜੀਪਤੀ ਫੌਰਨ ਉਸ ਨੂੰ ਬਾਹਰ ਕੱਢ ਦਿੰਦਾ ਹੈ ਅਤੇ ਨਵੇਂ ਮਜ਼ਦੂਰ ਰੱਖ ਲੈਂਦਾ ਹੈ। ਦੁਰਘਟਨਾਗ੍ਰਸਤ ਮਜ਼ਦੂਰ ਤਾਂ ਉਸ ਲਈ ਕਿਸੇ ਕੰਮ ਦਾ ਨਹੀਂ ਹੁੰਦਾ। ਸਰਮਾਏਦਾਰ ਨਾਲ ਮਜ਼ਦੂਰ ਦਾ ਰਿਸ਼ਤਾ ਕਿਸੇ ਮਨੁੱਖਤਾ ਦਾ ਨਹੀਂ ਹੁੰਦਾ। ਇਹ ਰਿਸ਼ਤਾ

ਹੁੰਦਾ ਹੈ ਕਿਰਤ ਸ਼ਕਤੀ ਦਾ ਖਰੀਦ-ਵੇਚ ਦਾ ਇਸ ਤੋਂ ਇਲਾਵਾ ਪੂੰਜੀਪਤੀ ਦੀ ਮਜ਼ਦੂਰ 'ਚ ਕੋਈ ਦਿਲਚਸਪੀ ਨਹੀਂ ਹੁੰਦੀ। ਇਸ ਪੂੰਜੀਪਤੀ ਮਜ਼ਦੂਰ ਪ੍ਰਤੀ ਕਿਸੇ 'ਇਨਸਾਨੀਅਤ' ਦਾ ਰੁਖ ਨਹੀਂ ਅਪਣਾਉਂਦਾ। ਉਹ ਕਿਰਤ ਸ਼ਕਤੀ ਨਾਮਕ ਮਾਲ ਦੀ ਖਰੀਦ-ਵਿਕਰੀ ਦਾ ਰਿਸ਼ਤਾ ਕਾਇਮ ਕਰਦਾ ਹੈ ਜੇ ਇਹ ਖਰੀਦ ਸ਼ਕਤੀ ਨੂੰ ਹਰਜਾ ਹੋ ਜਾਵੇ ਭਾਵੇਂ ਹੀ ਉਸ ਦੀ ਫੈਕਟਰੀ 'ਚ ਉਸ ਦੀ ਮੁਨਾਫੇ ਦੀ ਹਵਸ਼ ਕਾਰਨ ਐਸਾ ਹੋਇਆ ਹੋਵੇ ਤਾਂ ਉਹ ਇਸ ਕਿਰਤ ਸ਼ਕਤੀ ਨੂੰ ਨਹੀਂ ਖਰੀਦੇਗਾ। ਉਹ ਜ਼ਖ਼ਮੀ ਮਜ਼ਦੂਰ ਨੂੰ ਧੱਕੇ ਮਾਰ ਕੇ ਫੈਕਟਰੀ 'ਚੋਂ ਬਾਹਰ ਕੱਢ ਦੇਵੇਗਾ। ਮਜ਼ਦੂਰ ਆਪਣੇ ਪ੍ਰਤੀ ਪੂੰਜੀਪਤੀ ਦੇ ਇਸ ਰਵੱਈਏ ਨਾਲ ਸਿਰਫ ਇਕ ਹੀ ਤਰੀਕੇ ਨਾਲ ਨਿਪਟ ਸਕਦਾ ਹੈ-ਆਪਣੀ ਏਕਤਾ ਤੇ ਸੰਘਰਸ਼ ਨਾਲ।

ਇਸ ਦੇ ਮਾਧਿਅਮ ਨਾਲ ਉਹ ਪੂੰਜੀਪਤੀ 'ਤੇ ਦਬਾਅ ਬਣਾ ਕੇ ਉਪ ਸੁਰੱਖਿਆ ਉਪਾਵਾਂ ਨੂੰ ਬੇਹਤਰ ਬਣਾ ਸਕਦਾ ਹੈ। ਆਪਣੇ ਕੰਮ ਦੀ ਰਫਤਾਰ ਨੂੰ ਮੱਠੀ ਕਰ ਸਕਦਾ ਹੈ ਅਤੇ ਦੁਰਘਟਨਾ ਹੋ ਜਾਣ ਦੀ ਸਥਿਤੀ ਵਿੱਚ ਉਹ ਬੇਹਤਰ ਮੁਆਵਜਾ ਹਾਸਲ ਕਰ ਸਕਦਾ ਹੈ। ਇਸ ਦੇ ਰਾਹੀਂ ਉਹ ਆਪਣਾ ਵੀ ਬੀਮਾ ਕਰਵਾ ਸਕਦਾ ਹੈ। ਸਾਰੇ ਦੇਸ਼ ਦੇ ਪੈਮਾਨੇ 'ਤੇ ਸੰਘਰਸ਼ ਰਾਹੀਂ ਉਹ ਸੁਰੱਖਿਆ ਦੇ ਕਾਨੂੰਨ ਤੇ ਮਾਪਦੰਡ ਬਣਵਾ ਸਕਦਾ ਹੈ। ਇਸ ਤਰ੍ਹਾਂ ਦੁਰਘਟਨਾ ਤੋਂ ਬਚਾਅ ਵੀ ਉਸਦੇ ਟ੍ਰੇਡ ਯੂਨੀਅਨ ਅੰਦੋਲਨ ਦਾ ਇਕ ਹਿੱਸਾ ਹੁੰਦਾ ਹੈ। ਅਤੀਤ ਵਿੱਚ ਮਜ਼ਦੂਰ ਨੇ ਆਪਣੇ ਸੰਘਰਸ਼ਾਂ ਰਾਹੀਂ ਹੋਰ ਸਹੂਲਤਾਂ ਦੇ ਨਾਲ ਦੁਰਘਟਨਾ ਤੋਂ ਬਚਾਅ ਦੀ ਵੀ ਬੇਹਤਰ ਸਥਿਤੀ ਹਾਸਲ ਕੀਤੀ ਸੀ ਪਰ ਪਿਛਲੇ ਤਿੰਨ ਦਹਾਕਿਆਂ ਦੇ ਉਦਾਰੀਕਰਨ ਦੇ ਦੌਰ 'ਚ ਹੋਰ ਰਾਹਤਾਂ ਵਾਂਗੂ ਇਸ ਨੂੰ ਵੀ ਸਰਮਾਏਦਾਰ ਜਮਾਤ ਨੇ ਉਲਟਾ ਦਿੱਤਾ ਹੈ। ਮੁਨਾਫੇ ਨੂੰ ਵੱਧ ਤੋਂ ਵੱਧ ਵਧਾਉਣ ਦੀ ਕੋਸ਼ਿਸ਼ ਵਿੱਚ ਪੂੰਜੀਪਤੀ ਨੇ ਮਜ਼ਦੂਰਾਂ ਨੂੰ ਲਗਾਤਾਰ ਮੌਤ ਦੇ ਮੂੰਹ 'ਚ ਧੱਕਿਆ ਹੈ। ਉਦਾਰੀਕਰਨ ਦੇ ਸਮੁੱਚੇ ਦੌਰ ਵਿੱਚ ਦੁਰਘਟਨਾਵਾਂ 'ਚ ਬੇਤਹਾਸ਼ਾ ਵਾਧਾ ਹੋਇਆ ਹੈ। ਇਹ ਵਾਧਾ ਅਮਰੀਕਾ ਤੋਂ ਲੈ ਕੇ ਚੀਨ ਭਾਰਤ ਸਭ ਥਾਂ ਹੈ। ਭਾਰਤ 'ਚ ਨਵੇਂ ਸਨਅਤੀ ਖੇਤਰਾਂ 'ਚ ਸਨਅਤੀ ਦੁਰਘਟਨਾਵਾਂ ਨੇ ਭਿਅੰਕਰ ਰੂਪ ਲੈ ਲਿਆ ਹੈ। ਸਰਮਾਏਦਾਰ ਜਮਾਤ ਨਾ ਤਾਂ ਆਪਣੇ ਮੁਨਾਫੇ 'ਤੇ ਲਗਾਮ ਲਾਵੇਗੀ ਅਤੇ ਨਾ ਹੀ ਸਨਅਤੀ ਦੁਰਘਟਨਾਵਾਂ 'ਤੇ ਬੇਰੁਜ਼ਗਾਰੀ ਨੇ ਅੱਜ ਦੇ ਭਿਆਨਕ ਦੌਰ ਵਿੱਚ ਤਾਂ ਉਸ ਨੂੰ ਭੋਰਾ ਵੀ ਚਿੰਤਾ ਨਹੀਂ ਹੈ। ਉਹ ਮਜ਼ਦੂਰਾਂ ਨੂੰ ਹੋਰ ਵੱਧ ਦੁਰਘਟਨਾਵਾਂ ਵੱਲ ਧੱਕੇਗਾ।

ਸਿਰਫ ਮਜ਼ਦੂਰ ਜਮਾਤ ਦਾ ਵਿਆਪਕ ਸੰਘਰਸ਼ ਹੀ ਪੂੰਜੀਪਤੀ ਜਮਾਤ ਨੂੰ ਪਿੱਛੇ ਧੱਕ ਸਕਦਾ ਹੈ। ਕੰਮ ਦੌਰਾਨ ਮਜ਼ਦੂਰਾਂ ਦੀ ਜ਼ਿੰਦਗੀ ਤੇ ਹੱਥਾਂ ਪੈਰਾਂ ਨੂੰ ਬਚਾ ਸਕਦਾ ਹੈ। ਮਜ਼ਦੂਰਾਂ ਨੂੰ ਮੋੜਵਾਂ ਵਾਰ ਕਰਨਾ ਹੀ ਪੈਣਾ ਹੈ।

--------✪✪--------

# ਕੀ ਹੈ ਸਿੱਟਾ ਮਸ਼ੀਨੀਕਰਨ ਤੇ ਉਦਾਰੀਕ੍ਰਿਤ ਪੂੰਜੀਵਾਦ ਦਾ?

ਉਤਰਾਖੰਡ 'ਚ ਇਕ ਨਦੀ ਹੈ ਗੋਲਾ ਜੋ ਬਾਅਦ 'ਚ ਉਤਰ ਪ੍ਰਦੇਸ਼ 'ਚ ਵਸਦੀ ਹੈ। ਇਹ ਪਹਾੜ ਤੋਂ ਹਲਦਾਨੀ ਕੋਲੋਂ ਮੈਦਾਨ 'ਚ ਜਾਂਦੀ ਹੈ। ਇਹ ਮੁੱਖ ਤੌਰ 'ਤੇ ਬਰਸਾਤੀ ਨਦੀ ਹੈ। ਬਰਸਾਤ ਤੋਂ ਇਲਾਵਾ ਬਾਕੀ ਮੌਸਮ 'ਚ ਇਹ ਸੁੱਕੀ ਰਹਿੰਦੀ ਹੈ। ਇਸ ਨਦੀ ਦੀ ਖਾਸੀਅਤ ਹੈ ਇਸ ਵਿਚਲਾ ਰੇਤਾ ਜਾਂ ਬਾਲੂ। ਇਹ ਰੇਤਾ ਕਾਫੀ ਮੋਟਾ ਹੁੰਦਾ ਹੈ ਅਤੇ ਸਿਲਿਕਾ ਆਦਿ ਤੋਂ ਮੁਕਤ ਹੁੰਦਾ ਹੈ। ਇਸ ਲਈ ਇਹ ਸੀਮੈਂਟ ਨਾਲ ਮਿਲ ਕੇ ਕੰਕਰੀਟ ਜਾਂ ਮੋਰਟਾਰ ਬਣਾਉਣ ਲਈ ਬਹੁਤ ਫਾਇਦੇਮੰਦ ਹੁੰਦਾ ਹੈ। ਗੋਲਾ ਨਦੀ ਦਾ ਰੇਤਾ ਉਸਾਰੀ ਵਾਸਤੇ ਦੂਰ ਦੂਰ ਤਕ ਵਰਤਿਆ ਜਾਂਦਾ ਹੈ। ਪਹਾੜੀ ਨਦੀ ਹੋਣ ਕਰਕੇ ਬਰਸਾਤ 'ਚ ਇਸ ਨਦੀ ਵਿਚ ਰੇਤੇ ਦੇ ਨਾਲ ਭਾਰੀ ਮਾਤਰਾ ਵਿੱਚ ਵੱਡੇ ਵੱਡੇ ਪੱਥਰ ਵੀ ਆਉਂਦੇ ਹਨ। ਵੱਡੇ ਬੋਲਡਰ ਤਾਂ ਜਲਦੀ ਹੀ ਯਾਨੀ ਹਲਦਾਨੀ ਦੇ ਆਸ ਪਾਸ ਨਦੀ ਦੀ ਤਹਿ 'ਤੇ ਬੈਠ ਜਾਂਦੇ ਹਨ ਪਰ ਛੋਟੇ ਬੋਲਡਰ ਅਤੇ ਬਜ਼ਰੀ ਪਾਣੀ ਨਾਲ ਤੈਰਕੇ ਹੇਠਾਂ ਕਿਰਛਾਤਕ ਚਲੇ ਜਾਂਦੇ ਹਨ। ਇਸ ਬਜਰੀ ਦੀ ਵਰਤੋਂ ਵੀ ਉਸਾਰੀ 'ਚ ਹੁੰਦੀ ਹੈ। ਬੋਲਡਰ ਨੂੰ ਵੀ ਮਸ਼ੀਨਾਂ ਨਾਲ (ਕ੍ਰੇਸ਼ਰ ਨਾਲ) ਤੋੜ ਕੇ ਉਹਨਾਂ ਨੂੰ ਬਜਰੀ 'ਚ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਉਸ ਦੀ ਉਸਾਰੀ ਦੇ ਕੰਮਾਂ 'ਚ ਵਰਤੋਂ ਕੀਤੀ ਜਾ ਸਕਦੀ ਹੈ। ਗੋਲਾ ਨਦੀ ਨਾਂ ਦੀ ਇਕ ਛੋਟੀ ਜਿਹੀ ਬਰਸਾਤੀ ਨਦੀ ਦਾ ਮਹੱਤਵ ਉਤਰਾਖੰਡ ਅਤੇ ਉੱਤਰ ਪ੍ਰਦੇਸ਼ ਵਿੱਚ ਇਸੇ ਰੇਤਾ ਬਜਰੀ ਦੇ ਕਾਰਨ ਹੈ ਅਤੇ ਇਹ ਰੇਤਾ ਬਜਰੀ ਇਸ ਇਲਾਕੇ 'ਚ ਭਾਂਤ ਭਾਂਤ ਦੇ ਸੰਘਰਸ਼ ਦਾ ਕਾਰਨ ਬਣੀ ਹੋਈ ਹੈ। ਬਹੁਤੇ ਸਾਲ ਨਹੀਂ ਹੋਏ ਜਦ ਇਸ ਨਦੀ 'ਚੋਂ ਰੇਤਾ ਬਜਰੀ ਕੱਢਣ ਦਾ ਕੰਮ ਛੋਟੇ ਛੋਟੇ ਠੇਕੇਦਾਰਾਂ ਰਾਹੀਂ ਹੁੰਦਾ ਸੀ ਜੋ ਸਥਾਨਕ ਲਾਲ ਕੂੰਆ ਕਸਬੇ ਜਾਂ ਹਲਦਾਨੀ ਦੇ ਟਰਾਂਸਪੋਰਟਰਾਂ ਨਾਲ ਮਿਲ ਕੇ ਦੂਰ ਦੂਰ ਤਕ ਰੇਤਾ ਬਜਰੀ ਦੀ ਸਪਲਾਈ ਕਰਦੇ ਹੁੰਦੇ ਸਨ।

ਇਹ ਦੇਸ਼ 'ਚ ਉਦਾਰੀਕਰਣ ਤੋਂ ਪਹਿਲਾਂ ਦੀ ਗੱਲ ਹੈ। ਹੋਰ ਨਦੀਆਂ ਵਾਂਗੂੰ ਗੋਲਾ ਨਦੀ ਵੀ ਜੰਗਲਾਤ ਵਿਭਾਗ ਕੋਲ ਹੈ। ਜੰਗਲ ਵਿਭਾਗ ਨੇ ਇਸ ਨਦੀ 'ਚੋਂ ਰੇਤਾ ਬਜਰੀ ਦੇ ਕੱਢਣ ਦੇ ਪ੍ਰਬੰਧ ਨੂੰ ਵਣ ਵਿਭਾਗ ਨੂੰ ਦੇ ਦਿੱਤਾ ਹੈ। ਪਹਿਲਾਂ ਵਣ ਵਿਭਾਗ ਇਸ ਨਦੀ 'ਚੋਂ ਰੇਤਾ ਬਜਰੀ ਦੀ ਕਢਵਾਈ ਦਾ ਕੰਮ ਇਕ ਅਕਤੂਬਰ ਤੋਂ 30 ਜੂਨ ਤਕ ਕਰਵਾਉਂਦਾ ਸੀ। ਬਾਰਸ਼ ਤੇ ਤਿੰਨ ਮਹੀਨਿਆਂ ਲਈ ਇਹ ਨਿਕਾਸਬੰਦ ਰਹਿੰਦਾ ਸੀ। ਨਦੀ 'ਚ ਥਾਂ-ਥਾਂ ਵਣ ਵਿਭਾਗ ਨੇ ਰੇਤਾ ਬਜਰੀ 'ਤੇ ਰਾਇਲਟੀ ਇਕੱਠੀ ਕਰਨ ਲਈ ਇੰਤਜਾਮ ਕਰ ਰੱਖੇ ਸਨ। ਇਥੇ ਵਣ ਵਿਭਾਗ ਦੇ ਕਰਮਚਾਰੀ ਬੈਠਦੇ ਸਨ ਜੋ ਵਾਹਨ ਨੂੰ ਤੋਲ ਕੇ ਉਸ 'ਤੇ ਰਾਇਲਟੀ ਲਾਉਂਦੇ ਸਨ। ਖੁਦ ਰੇਤਾ ਬਜਰੀ ਨਦੀ ਦੇ ਤਲ ਤੋਂ ਇਕੱਠਾ ਕਰਨ ਦਾ ਕੰਮ ਮਜ਼ਦੂਰਾਂ ਦੀਆਂ ਛੋਟੀਆਂ ਛੋਟੀਆਂ ਟੋਲੀਆਂ ਕਰਦੀਆਂ ਸਨ ਜਿਸ ਨੂੰ ਸਥਾਨਕ ਭਾਸ਼ਾ ਵਿੱਚ ਜੁਟਾ ਕਹਿੰਦੇ ਸਨ ਗੋਲਾ ਨਦੀ 'ਚੋਂ ਰੇਤਾ ਬਜਰੀ ਕੱਢਣ ਵਾਲੇ ਬਹੁਤੇ ਮਜ਼ਦੂਰ ਪੂਰਵੀ ਉੱਤਰ ਪ੍ਰਦੇਸ਼ ਦੇ ਸਨ ਜਿਹਨਾਂ ਨੂੰ ਉਹਨਾਂ ਦੇ ਪਿੰਡ ਦੇ ਠੇਕੇਦਾਰ ਕੰਮ ਕਰਾਉਣ ਲਈ ਲੈ ਆਉਂਦੇ ਸਨ। ਠੇਕੇਦਾਰ ਛੋਟੇ ਮੋਟੇ ਹੀ ਹੁੰਦੇ ਸਨ। ਸੱਤ-ਅੱਠ ਮਜ਼ਦੂਰਾਂ ਨਾਲ ਇਕ ਜੁੱਟਾ ਬਣਦਾ ਸੀ ਜਿਸ ਵਿੱਚ ਇਕ ਰਸੋਈਆ ਵੀ ਹੁੰਦਾ ਸੀ। ਪੂਰਾ ਜੁੱਟਾ ਮਿਲਕੇ ਜਿੰਨੀ ਰੇਤਾ ਬਜਰੀ ਇਕੱਠੀ

ਕਰਦਾ ਉਸ 'ਚ ਸਭ ਦਾ ਬਰਾਬਰ ਹਿੱਸਾ ਹੁੰਦਾ ਸੀ। ਇਕ ਹਿੱਸਾ ਠੇਕੇਦਾਰ ਦਾ ਵੀ ਹੁੰਦਾ ਸੀ। ਠੇਕੇਦਾਰ ਦਾ ਕੰਮ ਸੀ ਮਜ਼ਦੂਰਾਂ ਨੂੰ ਪਿੰਡ ਤੋਂ ਲਿਆਉਣਾ ਅਤੇ ਉਹਨਾਂ ਦੇ ਨਦੀ ਕਿਨਾਰੇ ਝੌਂਪੜੀ 'ਚ ਰਹਿਣ ਦਾ ਪ੍ਰਬੰਧ ਕਰਨਾ, ਰੇਤਾ ਬਜਰੀ ਕੱਢਣ ਲਈ ਜ਼ਰੂਰੀ ਸੰਦਾਂ ਦਾ ਇੰਤਜਾਮ ਕਰਨਾ ਰੇਤਾ ਬਜਰੀ ਨੂੰ ਚੁੱਕਣ ਲਈ ਟਰਾਂਸਪੋਰਟਾਂ ਨਾਲ ਸੰਪਰਕ ਰੱਖਣਾ। ਹਿਸਾਬ-ਕਿਤਾਬ ਵੇਖਣਾ ਅਤੇ ਮਜ਼ਦੂਰਾਂ ਦੀ ਹਾਰੀ-ਬੀਮਾਰੀ ਵੀ ਵੇਖਣਾ। ਇਸ ਲਈ ਉਸ ਨੂੰ ਜੁੱਟੇ ਵਿੱਚੋਂ ਇਕ ਹਿੱਸਾ ਮਿਲ ਜਾਂਦਾ ਸੀ। ਠੇਕੇਦਾਰ ਦੀ ਕਿੰਨੀ ਆਮਦਨੀ ਹੋਵੇਗੀ ਅਤੇ ਉਸ ਦੀ ਕੀ ਹੈਸੀਅਤ ਹੋਵੇਗੀ ਇਸ ਗੱਲ 'ਤੇ ਨਿਰਭਰ ਕਰਦਾ ਸੀ ਕਿ ਉਸ ਪਾਸ ਕਿੰਨੇ ਜੁੱਟੇ ਹਨ। ਬਹੁਤੇ ਮਜ਼ਦੂਰ ਪੂਰਵੀ ਉੱਤਰ ਪ੍ਰਦੇਸ਼ ਤੋਂ ਆਉਂਦੇ ਸਨ। ਉਹ ਦਲਿਤ ਜਾਂ ਅਤੀ ਪਿਛੜੀਆਂ ਜਾਤੀਆਂ ਦੀ ਪਿੱਠਭੂਮੀ ਦੇ ਹੁੰਦੇ ਸਨ। ਉਹ ਰੇਤਾ ਬਜਰੀ ਕੱਢਣ ਦਾ ਬਹੁਤ ਹੀ ਸਖਤ ਕੰਮ ਕੜਕਦੀ ਸਰਦੀ ਤੇ ਤਪਦੀ ਗਰਮੀ ਦੋਨੋਂ 'ਚ ਕਰਦੇ ਸਨ।

ਇਹ ਕੰਮ ਕਿੰਨਾ ਕਠਿਨ ਹੈ ਉਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਉਸ ਖੇਤਰ 'ਚ ਚੱਲਣ ਵਾਲੀਆਂ ਚੌਲ ਮਿੱਲਾਂ ਕੇ ਕਠਿਨ ਕੰਮ ਨੂੰ ਕਰਨ ਵਾਲੇ ਮਜ਼ਦੂਰ ਵੀ ਰੇਤਾ-ਬਜਰੀ ਦੇ ਕੰਮ ਨੂੰ ਵੱਧ ਔਖਾ ਤੇ ਘਟੀਆ ਮੰਨਦੇ ਸਨ। ਨਦੀ 'ਚ ਮਜ਼ਦੂਰ ਬਾਰਾਂ-ਬਾਰਾਂ ਘੰਟੇ ਤੱਕ ਕੰਮ ਕਰਦੇ ਸਨ। ਏਨਾ ਕਠਿਨ ਕੰਮ ਕਰਨ ਪਿੱਛੋਂ ਵੀ ਸਿਰਫ ਅੱਛੇ ਸਮੇਂ 'ਚ ਹੀ ਉਹਨਾਂ ਨੂੰ ਠੀਕ-ਠਾਕ ਦਿਹਾੜੀ ਮਿਲਦੀ ਸੀ। ਰੇਤਾ ਬਜਰੀ ਦੀ ਮੰਗ ਘੱਟ ਹੋਣ ਤੇ ਤਾਂ ਆਮ ਦਿਹਾੜੀ ਨਿਕਲਣੀ ਵੀ ਮੁਸ਼ਕਲ ਹੋ ਜਾਂਦੀ ਸੀ। ਅੱਠ-ਨੌਂ ਮਹੀਨੇ ਤਕ ਹਰ ਸਾਲ ਇਥੇ ਕੰਮ ਕਰਨ ਵਾਲੇ ਮਜ਼ਦੂਰ ਨਦੀ ਕਿਨਾਰੇ ਬਣੀਆਂ ਘਾਹ-ਫੂਸ ਦੀਆਂ ਝੌਂਪੜੀਆਂ ਵਿੱਚ ਆਪਣਾ ਸਮਾਂ ਕੱਟ ਲੈਂਦੇ ਸਨ। ਇਥੇ ਇਹਨਾਂ ਨੂੰ ਕਦੇ-ਕਦਾਈਂ ਚੋਰਾਂ-ਡਕੈਂਤਾਂ ਦਾ ਮੁਕਾਬਲਾ ਵੀ ਕਰਨਾ ਪੈਂਦਾ ਸੀ। ਏਨਾ ਔਖਾ ਕੰਮ ਕਰਨ ਵਾਲੇ ਮਜ਼ਦੂਰਾਂ 'ਤੇ ਠੇਕੇਦਾਰ ਤੋਂ ਇਲਾਵਾ ਇਕ ਹੋਰ ਹਿੱਸਾ ਵੀ ਨਿਰਭਰ ਕਰਦਾ ਸੀ। ਇਹ ਸੀ ਛੋਟੇ ਦੁਕਾਨਦਾਰਾਂ ਦਾ। ਲਾਲ ਕੂੰਆ ਕਸਬੇ ਦਾ ਤਾਂ ਪੂਰਾ ਬਾਜ਼ਾਰ ਹੀ ਇਸ 'ਤੇ ਨਿਰਭਰ ਸੀ। ਇਸ ਤੋਂ ਇਲਾਵਾ ਠੀਕ ਨਦੀ ਕਿਨਾਰੇ ਮਜ਼ਦੂਰਾਂ ਕੋਲ ਹੀ ਛੋਟੇ-ਛੋਟੇ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਖੋਹਲ ਰੱਖੀਆਂ ਸਨ। ਉਹ ਮਜ਼ਦੂਰਾਂ ਨੂੰ ਖਾਣ ਪੀਣ ਦੀ ਸਮੱਗਰੀ ਦੀ ਸਪਲਾਈ ਉਧਾਰ ਦਿੰਦੇ ਸਨ। ਇਸ ਤੋਂ ਇਲਾਵਾ ਚਾਹ-ਜਲੇਬੀ ਆਦਿ ਦੀਆਂ ਵੀ ਦੁਕਾਨਾਂ ਸਨ। ਇਹ ਆਬਾਦੀ ਮਜ਼ਦੂਰਾਂ ਦੀ ਕਠਿਨ ਮਿਹਨਤ 'ਤੇ ਹੀ ਜਿੰਦਾ ਸੀ। ਮਜ਼ਦੂਰਾਂ ਦੀ ਮੇਹਨਤ ਤੋਂ ਫਾਇਦਾ ਸਿਰਫ ਠੇਕੇਦਾਰਾਂ ਨੂੰ ਹੀ ਹੁੰਦਾ ਸੀ। ਇਸ ਦਾ ਇਕ ਹਿੱਸਾ ਰਾਇਲਟੀ ਦੇ ਬਹਾਨੇ ਵਣ ਵਿਭਾਗ ਜਾਂ ਸਰਕਾਰ ਹੜੱਪ ਲੈਂਦੀ ਸੀ। ਦੂਜੇ ਪਾਸੇ ਵੱਡਾ ਹਿੱਸਾ ਰੇਤਾ ਬਜਰੀ ਦੀ ਸਪਲਾਈ ਕਰਨ ਵਾਲੇ ਟਰਾਂਸਪੋਰਟਰ ਹੜੱਪ ਲੈਂਦੇ ਸਨ। ਇਹ ਸਿਰਫ ਆਵਾਜਾਈ ਲਈ ਟਰੱਕਾਂ ਦੇ ਮਾਲਕ ਹੀ ਨਹੀਂ ਸਨ ਬਲਕਿ ਇਹ ਸਪਲਾਈਕਰਤਾ ਵੀ ਸਨ। ਬਾਰਸ਼ ਦੇ ਮੌਸਮ ਵਿੱਚ ਸਪਲਾਈ ਕਰਨ ਲਈ ਇਹ ਮਾਲ ਇਕੱਠਾ ਵੀ ਕਰ ਲੈਂਦੇ ਸਨ। ਤਦ ਇਸ ਇਲਾਕੇ 'ਚ ਇੱਕਾ-ਦੁੱਕਾ ਕ੍ਰੈਸ਼ਰ ਦੇ ਮਾਲਕ ਵੀ ਸਨ ਜੋ ਨਦੀ ਤੋਂ ਪੱਥਰ ਕੱਢ ਕੇ ਸਟੋਨ ਕ੍ਰੈਸ਼ਰ ਨਾਲ ਰੇਤਾ-ਬਜਰੀ ਬਣਾਉਂਦੇ ਸਨ ਅਤੇ ਵੇਚਦੇ ਸਨ ਪਰ ਪਿਛਲੇ ਦਸ ਸਾਲਾਂ 'ਚ ਇਹ ਸਾਰਾ ਕੁਝ ਤੇਜ਼ੀ ਨਾਲ ਬਦਲ ਗਿਆ ਇਸ ਬਦਲਾਅ 'ਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਹੈ ਵੱਡੇ ਵੱਡੇ ਕ੍ਰੈਸ਼ਰ ਮਾਲਕਾਂ ਨੇ। ਪਹਿਲਾਂ ਸਰਕਾਰ ਦੀ ਨੀਤੀ ਇਹੀ ਸੀ ਕਿ ਨਦੀ 'ਚ ਚੁਗਾਣ ਸਿਰਫ਼ ਹੱਥਾਂ ਨਾਲ ਹੀ ਹੋਵੇਗਾ। ਇਸ ਲਈ ਰੇਤਾ-ਬਜਰੀ ਇਕੱਠੀ ਕਰਨ ਦਾ ਕੰਮ ਮਜ਼ਦੂਰ ਫੁਹੜੇ ਨਾਲ ਹੀ ਕਰਦੇ ਸਨ,

ਮਸ਼ੀਨਾਂ ਦੀ ਵਰਤੋਂ ਵਰਜਿਤ ਸੀ। ਹੁਣ ਸਰਕਾਰ ਨੇ ਇਜ਼ਾਜਤ ਦੇ ਦਿੱਤੀ ਹੈ ਕਿ ਇਸਕੇਵੇਟਰਾਂ ਨਾਲ ਨਦੀ ਤੋਂ ਰੇਤਾ ਬਜਰੀ ਇਕੱਠੀ ਕੀਤੀ ਜਾ ਸਕਦੀ ਹੈ। ਇਸ ਦੀ ਵਰਤੋਂ ਕਰਕੇ ਵੱਡੇ-ਵੱਡੇ ਸਟੋਨ ਕ੍ਰਸ਼ਰ ਮਾਲਕ ਸਿੱਧੇ ਸਾਰਾ ਮਾਲ ਨਦੀ ਤੋਂ ਉਠਾ ਰਹੇ ਹਨ। ਇਹ ਸਾਰਾ ਮਾਲ ਸਟੋਨ ਕ੍ਰਸ਼ਰ ਮਸ਼ੀਨਰੀ ਮਸ਼ੀਨ 'ਚ ਪਾ ਦਿੱਤਾ ਜਾਂਦਾ ਹੈ। ਜੋ ਰੇਤਾ ਬਜਰੀ ਨੂੰ ਛਾਣ ਕੇ ਵੱਖ ਕਰ ਦਿੰਦਾ ਹੈ ਅਤੇ ਪੱਥਰਾਂ ਨੂੰ ਚੂਰ ਚੂਰ ਕਰਕੇ ਉਹਨਾਂ ਨੂੰ ਰੇਤਾ ਬਜਰੀ 'ਚ ਬਦਲ ਦਿੰਦਾ ਹੈ। ਇਸ ਤਰ੍ਹਾਂ ਜੋ ਚੁਗਾਨ ਦਾ ਕੰਮ ਮਜ਼ਦੂਰ ਨੌਂ ਮਹੀਨਿਆਂ 'ਚ ਕਰਦੇ ਸਨ ਉਹ ਕੰਮ ਇਸਕੇਵੇਟਰਾਂ, ਡੰਪਰਾਂ ਤੇ ਸਟੋਨ ਕ੍ਰਸ਼ਰ ਨਾਲ ਕੁਝ ਹੀ ਮਹੀਨਿਆਂ ਵਿਚ ਹੋ ਜਾਂਦਾ ਹੈ। ਸਟੋਨ ਕ੍ਰਸ਼ਰ ਮਾਲਕਾਂ ਕੋਲ ਮਿਲੇ ਜੁਲੇ ਮਾਲ ਅਤੇ ਰੇਤਾ ਬਜਰੀ ਦਾ ਪਹਾੜ ਇਕੱਠਾ ਹੋ ਜਾਂਦਾ ਹੈ। ਜਿਸ ਨੂੰ ਉਹ ਸਰਦੀ ਗਰਮੀ ਦੀ ਪ੍ਰਵਾਹ ਕੀਤੇ ਬਗੈਰ ਸਾਰਾ ਸਾਲ ਵੇਚਦੇ ਰਹਿੰਦੇ ਹਨ। ਹੱਥਾਂ ਦੀ ਥਾਂ ਮਸ਼ੀਨਾਂ ਨੇ ਅਤੇ ਛੋਟੇ ਮੋਟੇ ਠੇਕੇਦਾਰਾਂ ਦੀ ਥਾਂ ਸਟੋਨ ਕ੍ਰਸ਼ਰ ਮਾਲਕਾਂ ਨੇ ਲੈ ਲਈ ਹੈ ਜੋ ਅਰਬਪਤੀ ਨਾ ਵੀ ਹੋਣ ਤਾਂ ਵੀ ਸੈਂਕੜੇ ਕਰੋੜਾਂ ਦੇ ਮਾਲਕ ਜ਼ਰੂਰ ਹੋਣਗੇ ਅਤੇ ਗੋਲਾ ਨਦੀ ਦੀ ਚੁਗਾਣ ਦਾ ਇਕ ਮਸ਼ੀਨੀਕਰਣ ਅਤੇ ਉਸ ਦਾ ਪੂੰਜੀਪਤੀਆਂ ਦੇ ਹੱਥਾਂ 'ਚ ਕੇਂਦਰਿਤ ਹੁੰਦੇ ਜਾਣਾ ਅੱਜ ਇਸ ਖੇਤਰ ਵਿੱਚ, ਖਾਸ ਕਰਕੇ ਚੁਗਾਨ ਨਾਲ ਜੁੜੇ ਸਭ ਲੋਕਾਂ 'ਚ ਕਾਫੀ ਤਣਾਅ ਦਾ ਕਾਰਨ ਬਣਿਆ ਹੋਇਆ ਹੈ। ਨਦੀ ਹਰ ਸਾਲ ਬਰਸਾਤ ਵਿੱਚ ਹੀ ਰੇਤਾ ਬਜਰੀ ਲਿਆਉਂਦੀ ਹੈ। ਇਸ ਲਈ ਹਰ ਸਾਲ ਸੀਮਤ ਮਾਤਰਾ ਵਿੱਚ ਹੀ ਨਦੀ ਤੋਂ ਰੇਤਾ ਬਜਰੀ ਦਾ ਚੁਗਾਣ ਹੋ ਸਕਦਾ ਹੈ। ਜੇ ਨਦੀ ਦੇ ਤਲ ਤੋਂ ਰੇਤਾ ਬਜਰੀ ਦਾ ਚੁਗਾਨ ਜ਼ਰੂਰਤ ਤੋਂ ਵੱਧ ਹੋਵੇਗਾ ਤਾਂ ਬਰਸਾਤ ਵਿੱਚ ਉਸ ਦੀ ਪੂਰਤੀ ਨਹੀਂ ਹੋ ਸਕੇਗੀ। ਤਦ ਨਦੀ ਦਾ ਸੁਭਾਵਕ ਪ੍ਰਵਾਹ ਗੜਬੜਾ ਜਾਵੇਗਾ। ਨਦੀ ਇਧਰ ਉਧਰ ਕਿਨਾਰਿਆਂ ਨੂੰ ਕੱਟਣ ਲੱਗੇਗੀ। ਇਸ ਨਾਲ ਬਹੁਤ ਸਾਰੀਆਂ ਹੋਰ ਪ੍ਰੇਸ਼ਾਨੀਆਂ ਪੈਦਾ ਹੋ ਜਾਣਗੀਆਂ। ਇਸ ਲਈ ਵਣ ਵਿਭਾਗ ਇਕ ਨਿਸ਼ਚਤ ਮਾਤਰਾ ਵਿੱਚ ਹੀ ਨਦੀ ਤੋਂ ਰੇਤਾ ਬਜਰੀ ਦੇ ਚੁਗਣ ਦੀ ਇਜਾਜਤ ਦੇ ਸਕਦਾ ਹੈ।

ਪਹਿਲਾਂ ਜਦ ਹੱਥਾਂ ਨਾਲ ਚੁਗਾਈ ਹੁੰਦੀ ਸੀ ਤਦ ਨੌਂ ਮਹੀਨੇ ਤਕ ਕੰਮ ਚਲਦਾ ਰਹਿ ਸਕਦਾ ਸੀ ਕਿਉਂਕਿ ਏਨੇ ਸਮੇਂ 'ਚ ਵੀ ਹੱਦ ਤੋਂ ਵੱਧ ਰੇਤਾ ਬਜਰੀ ਨਹੀਂ ਨਿਕਲਦੀ ਸੀ ਪਰ ਜਦ ਸਟੋਨ ਕ੍ਰਸ਼ਰ ਮਾਲਕਾਂ ਨੇ ਇਸਕੇਵੇਟਰਾਂ ਅਤੇ ਡੰਪਰਾਂ ਦੀ ਮਦਦ ਨਾਲ ਮਾਲ ਕੱਢਣਾ ਸ਼ੁਰੂ ਕੀਤਾ ਤਾਂ ਪਤਾ ਲੱਗਿਆ ਕਿ ਨੌਂ ਮਹੀਨੇ ਤਾਂ ਕੀ ਦੋ ਮਹੀਨੇ ਵਿੱਚ ਹੀ ਹੱਦ ਤੋਂ ਵੱਧ ਮਾਲ ਨਦੀ ਦੇ ਤਲ ਤੋਂ ਨਿਕਲ ਗਿਆ। ਅਜਿਹੀ ਹਾਲਤ ਵਿੱਚ ਵਣ ਵਿਭਾਗ ਨੇ ਚੁਗਾਈ ਬੰਦ ਕਰ ਦਿੱਤੀ ਹੁਣ ਸਾਲ ਦਰ ਸਾਲ ਇਹ ਹੋਣ ਲੱਗਿਆ ਕਿ ਸਰਕਾਰ ਨਦੀ 'ਚੋਂ ਚੁਗਾਈ ਲਈ ਨਦੀ ਨੂੰ ਦੇਰ ਨਾਲ ਖੋਹਲਣ ਲੱਗੀ। ਪਹਿਲਾਂ ਜਿਥੇ ਨਦੀ ਅਕਤੂਬਰ 'ਚ ਖੁੱਲ੍ਹ ਜਾਂਦੀ ਸੀ ਅਤੇ ਜੂਨ ਦੇ ਅੰਤ 'ਚ ਬੰਦ ਹੁੰਦੀ ਸੀ। ਉਥੇ ਦਸੰਬਰ 'ਚ ਖੁੱਲ੍ਹਣ ਤੇ ਅਪ੍ਰੈਲ 'ਚ ਬੰਦ ਹੋਣ ਲੱਗੀ। ਇਕ ਦੌਰਾਨ ਇਕ ਹੋਰ ਗੱਲ ਹੋਈ। ਪਹਿਲਾਂ ਜਦੋਂ ਤਕ ਚੁਗਾਈ ਹੱਥ ਨਾਲ ਹੁੰਦੀ ਸੀ ਤਦ ਤੱਕ ਸਥਾਨਕ ਪਹਾੜੀ ਆਬਾਦੀ ਦੀ ਇਸ 'ਚ ਕੋਈ ਦਿਲਚਸਪੀ ਨਹੀਂ ਸੀ। ਮੁਕਾਬਲਤਣ ਬੇਹਤਰ ਹਾਲਤ ਕਾਰਨ ਉਹ ਇਸ ਨੂੰ ਘਟੀਆ ਕੰਮ ਹੀ ਸਮਝਦੇ ਸਨ। ਪਰ ਪਿਛਲੇ ਸਾਲਾਂ 'ਚ ਬੇਰੁਜ਼ਗਾਰੀ ਤੇਜ਼ੀ ਨਾਲ ਵਧੀ ਹੈ। ਦੂਜੇ ਸਟੋਨ ਕ੍ਰਸ਼ਰ 'ਤੇ ਲਗਭਗ ਸਾਰਾ ਮਾਲ ਡੰਪਰਾਂ ਜਾਂ ਟ੍ਰੈਕਟਰਾਂ ਨਾਲ ਜਾਣ ਕਰਕੇ ਇਹ ਸੰਭਾਵਨਾ ਪੈਦਾ ਹੋਈ ਕਿ ਸਥਾਨਕ ਆਬਾਦੀ ਦੇ ਲੋਕ ਇਸ ਵਿੱਚ ਲੱਗ ਜਾਣ। ਸਥਾਨਕ ਲੋਕਾਂ ਨੇ ਖੇਤ ਵੇਚ ਕੇ ਜਾਂ ਪੈਨਸ਼ਨ ਦੇ ਪੈਸਿਆਂ ਨਾਲ ਕਰਜੇ 'ਤੇ ਟ੍ਰੈਕਟਰ ਜਾਂ ਡੰਪਰ ਖਰੀਦੇ ਅਤੇ ਸਟੋਨ ਕ੍ਰਸ਼ਰ

ਤਕ ਮਾਲ ਢੋਹਣ ਦੇ ਕੰਮ ਵਿਚ ਲਾ ਦਿੱਤੇ। ਇਸ ਤਰ੍ਹਾਂ ਇਹ ਆਬਾਦੀ ਦੀ ਇਸ ਕੰਮ ਨਾਲ ਸਬੰਧਤ ਹੋ ਗਈ। ਰੇਤਾ ਬਜਰੀ ਦੇ ਕੰਮ 'ਚ ਇਸ ਤਬਦੀਲੀ ਦਾ ਸਭ ਤੋਂ ਤਿੱਖਾ ਅਸਰ ਪਿਆ ਪੂਰਬੀ ਉਤਰ ਪ੍ਰਦੇਸ਼ ਤੋਂ ਆਉਣ ਵਾਲੇ ਮਜ਼ਦੂਰਾਂ 'ਤੇ ਅਤੇ ਉਹਨਾਂ 'ਤੇ ਨਿਰਭਰ ਛੋਟੇ-ਮੋਟੇ ਦੁਕਾਨਦਾਰਾਂ 'ਤੇ ਪਹਿਲੇ ਨੌਂ ਮਹੀਨੇ ਕੰਮ ਹੁੰਦਾ ਸੀ ਅਤੇ ਇਸ ਲਈ ਨੌਂ ਮਹੀਨੇ ਆਮਦਨੀ ਵੀ। ਅੱਜ ਕੰਮ ਕੁਲ ਮਿਲਾ ਕੇ ਚਾਰ-ਪੰਜ ਮਹੀਨੇ 'ਚ ਹੀ ਸਿਮਟ ਗਿਆ। ਪਹਿਲੇ 9 ਮਹੀਨੇ ਦੇ ਕੰਮ ਨਾਲ ਬਾਰਾਂ ਮਹੀਨਿਆਂ ਦਾ ਖਰਚਾ ਚਲਾਇਆ ਜਾਂਦਾ ਸੀ। ਪਰ ਅੱਜ ਚਾਰ-ਪੰਜ ਮਹੀਨੇ ਨਹੀਂ ਚਲਾਇਆ ਜਾ ਸਕਦਾ ਅਤੇ ਇਹਨਾਂ 'ਤੇ ਨਿਰਭਰ ਛੋਟੇ-ਮੋਟੇ ਠੇਕੇਦਾਰਾਂ ਤੇ ਦੁਕਾਨਦਾਰਾਂ ਦੀ ਹਾਲਤ ਦਿਨ-ਬ-ਦਿਨ ਖਰਾਬ ਹੁੰਦੀ ਗਈ ਹੈ।

ਮਸ਼ੀਨੀਕਰਨ ਨੂੰ ਹੀ ਅੱਗੇ ਵਧਾਉਂਦੇ ਹੋਇਆ ਵਣ ਵਿਭਾਗ ਨੇ ਰਾਇਲਟੀ ਇਕੱਠੀ ਕਰਨ ਦੇ ਕੰਮ ਦਾ ਕੰਪਿਊਟਰੀਕਰਨ ਕਰ ਦਿੱਤਾ ਹੈ ਅਤੇ ਉਸ ਨੂੰ ਵੀ ਠੇਕੇ 'ਤੇ ਦੇ ਦਿੱਤਾ ਹੈ। ਭ੍ਰਿਸ਼ਟਾਚਾਰ ਮਿਟਾਉਣ ਦੇ ਬਹਾਨੇ ਕੀਤਾ ਗਿਆ ਇਹ ਕੰਮ ਖੁਦ ਭ੍ਰਿਸ਼ਟਾਚਾਰ ਦਾ ਅੱਡਾ ਬਣਿਆ ਹੋਇਆ ਹੈ। ਗੋਲਾ ਨਦੀ ਦੇ ਰੇਤਾ ਬਜਰਬੀ ਦੇ ਕੰਮ ਦੇ ਮਸ਼ੀਨੀਕਰਣ ਤੇ ਉਸ ਦੇ ਛੋਟੇ-ਮੋਟੇ ਠੇਕੇਦਾਰਾਂ ਦੇ ਹੱਥਾਂ ਵਿਚੋਂ ਨਿਕਲ ਕੇ ਸਰਮਾਏਦਾਰਾਂ ਦੇ ਹੱਥਾਂ 'ਚ ਚਲੇ ਜਾਣ ਦਾ ਸਿੱਟਾ ਇਹ ਹੋਇਆ ਕਿ ਹਰ ਸਾਲ ਹੀ ਨਦੀ ਦੀ ਚੁਗਾਈ ਨਾਲ ਜੁੜੇ ਲੋਕਾਂ ਦਾ ਵਣ ਵਿਭਾਗ ਤੇ ਸਰਕਾਰ ਨਾਲ ਟਕਰਾਅ ਹੁੰਦਾ ਹੈ। ਸਿਰਫ ਸਟੋਨ ਕ੍ਰਸ਼ਰ ਮਾਲਕ ਅਤੇ ਉਹਨਾਂ ਨਾਲ ਜੁੜੇ ਵੱਡੇ ਟ੍ਰਾਸਪੋਰਟਰ ਹੀ ਇਸ ਤੋਂ ਵੱਖ ਰਹਿੰਦੇ ਹਨ ਕਿ ਕਿਉਂਕਿ ਨਵੇਂ ਪ੍ਰਬੰਦ ਨਾਲ ਉਹਨਾਂ ਨੂੰ ਵੀ ਸਾਰਾ ਫਾਇਦਾ ਹੈ। ਨਦੀ 'ਚ ਸੀਮਤ ਮਾਲ ਹੋਣ ਕਾਰਨ ਵਣ ਵਿਭਾਗ ਨਦੀ ਨੂੰ ਦੇਰ ਨਾਲ ਖੋਹਲਣ ਅਤੇ ਜਲਦੀ ਬੰਦ ਕਰਨਾ ਚਾਹੁੰਦਾ ਹੈ। ਜਦ ਕਿ ਇਸ ਨੂੰ ਜੁੜੇ ਮਜ਼ਦੂਰ ਛੋਟੇ ਮੋਟੇ ਠੇਕੇਦਾਰ ਦੁਕਾਨਦਾਰ ਛੋਟੇ ਟਰਾਂਸਪੋਰਟਰ ਅਤੇ ਸਥਾਨਕ ਆਬਾਦੀ ਦੇ ਲੋਕ ਚਾਹੁੰਦੇ ਹਨ ਕਿ ਨਦੀ ਜਲਦੀ ਖੁੱਲ੍ਹੇ ਅਤੇ ਦੇਰ ਨਾਲ ਬੰਦ ਹੋਵੇ। ਹਰ ਸਾਲ ਹੀ ਇਹ ਟਕਰਾਅ ਹੁੰਦਾ ਹੈ। ਨਦੀ ਨਾਲ ਜੁੜੇ ਸਾਰੇ ਲੋਕ ਲਾਲਕੂੰਆਂ, ਹਲੂਦਚੌੜ ਹਲਦਾਨੀ 'ਚ ਮੁਜਾਹਰੇ ਕਰ ਰਹੇ ਹਨ। ਬਾਜ਼ਾਰ ਬੰਦ ਕਰਵਾ ਰਹੇ ਹਨ। ਪ੍ਰਸਾਸ਼ਨ ਹਮੇਸ਼ਾ ਦੀ ਤਰ੍ਹਾਂ ਟਾਲ-ਮਟੋਲ ਤੇ ਜਬਰ ਦਾ ਰੁਖ ਅਪਣਾ ਰਿਹਾ ਹੈ।

ਗੋਲਾ ਨਦੀ ਦੇ ਮਸ਼ੀਨੀਕਰਨ ਦਾ ਸਭ ਤੋਂ ਵੱਧ ਸ਼ਿਕਾਰ ਮਜ਼ਦੂਰ ਅਤੇ ਛੋਟੀ ਸੰਪਤੀ ਵਾਲੇ ਹੋ ਰਹੇ ਹਨ। ਰੇਤਾ ਬਜਰੀ ਦਾ ਬਹੁਤ ਕਠਿਨ ਕੰਮ ਕਰਨ ਵਾਲੇ ਮਜ਼ਦੂਰ ਆਪਣੇ ਇਸ ਕਠਿਨ ਕੰਮ ਤੋਂ ਵੀ ਵੰਚਿਤ ਹੋ ਰਹੇ ਹਨ। ਉਹਨਾਂ 'ਤੇ ਨਿਰਭਰ ਛੋਟੇ ਦੁਕਾਨਦਾਰ ਅਤੇ ਛੋਟੇ ਠੇਕੇਦਾਰ ਵੀ ਸੰਕਟ ਦਾ ਸ਼ਿਕਾਰ ਹੋ ਕੇ ਮਜ਼ਦੂਰ ਬਣਨ ਵੱਲ ਧੱਕੇ ਜਾ ਰਹੇ ਹਨ। ਸਥਾਨਕ ਆਬਾਦੀ ਦੇ ਜਿਹਨਾਂ ਲੋਕਾਂ ਨੇ ਲਾਲਚ 'ਚ ਆ ਕੇ ਆਪਣੀ ਛੋਟੀ ਜਾਇਦਾਦ ਵੇਚ ਕੇ ਜਾਂ ਬਚਤ ਦੇ ਪੈਸੇ ਨਾਲ ਅਤੇ ਉਧਰ ਲੈ ਕੇ ਟ੍ਰਕਟਰ ਡੰਪਰ ਖਰੀਦੇ। ਹੁਣ ਉਹ ਦੇਖ ਰਹੇ ਹਨ ਕਿ ਉਹ ਕਰਜੇ ਦੀ ਕਿਸ਼ਤ ਵੀ ਨਹੀਂ ਮੋੜ ਸਕਦੇ। ਉਹਨਾਂ ਦੀ ਛੋਟੀ ਜਾਇਦਾਦ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ ਅਤੇ ਇਸ ਸਾਰੇ ਨਾਲ ਫਾਇਦਾ ਕਿਸ ਨੂੰ ਹੋਇਆ? ਵੱਡੇ ਸਟੋਨ ਕ੍ਰੈਸ਼ਰ ਮਾਲਿਕਾਂ ਨੂੰ ਹੋਰ ਵੱਡੇ ਟਰਾਂਸਪੋਰਟਾਂ ਨੂੰ ਰੇਤਾ ਬਜਰੀ ਦਾ ਕੰਮ ਉਹੀ ਹੈ। ਉਸਾਰੀ ਚੱਲ ਰਹੀ ਹੈ ਬਲਕਿ ਉਹ ਹੋਰ ਵੀ ਵੱਡੇ ਪੈਮਾਨੇ 'ਤੇ ਚੱਲ ਰਹੀ ਹੈ ਪਰ ਮਜ਼ਦੂਰ ਸੰਕਟ 'ਚ ਹਨ। ਅਮੀਰ ਵਧ ਫੁਲ ਰਹੇ ਹਨ। ਪੂੰਜੀਵਾਦ 'ਚ ਹਮੇਸ਼ਾ ਹੁੰਦਾ ਹੀ ਇਹ ਹੈ।

# ਕੋਪੇਨਹੇਗਨ ਸਿਖ਼ਰ ਸੰਮੇਲਨ-ਆਪਸੀ ਹਿੱਤਾਂ ਦਾ ਟਕਰਾਅ

ਜਲਵਾਯੂ ਤਬਦੀਲੀ ਦੇ ਮੁੱਦੇ ’ਤੇ ਪੰਦਰ੍ਹਵਾਂ ਸਿਖਰ ਸੰਮੇਲਨ 7 ਤੋਂ 18 ਦਸੰਬਰ ਵਿਚਕਾਰ ਕੋਪੇਨਹੇਗਨ ਸੰਮੇਲਨ ’ਚ ਹੋਣ ਜਾ ਰਿਹਾ ਸੀ। ਇਸ ਸਿਖਰ ਸੰਮੇਲਨ ਵਿੱਚ ਉਹਨਾਂ ਸਾਰੇ ਦੇਸ਼ਾਂ ਨੇ ਭਾਗ ਲਿਆ ਜੋ ‘ਜਲਵਾਯੂ–ਤਬਦੀਲੀ ਸਬੰਧੀ ਸੰਯੁਕਤ ਰਾਸ਼ਟਰ ਸੰਮੇਲਨ (UNFCC) ਦਾ ਹਿੱਸਾ ਹਨ। ਇਸ ਸਿਖਰ ਸੰਮੇਲਨ ਸਬੰਧੀ ਪਿਛਲੇ ਕਾਫੀ ਸਮੇਂ ਤੋਂ ਸਮੁੱਚੇ ਪ੍ਰਚਾਰ ਮਾਧਿਅਮ ’ਚ ਸੁਰਖੀਆਂ ਛਾਈਆਂ ਰਹੀਆਂ। ਦੁਨੀਆਂ ਦੇ ਸਭ ਪ੍ਰਭਾਵਸ਼ਾਲੀ ਵਿਕਸਤ ਤੇ ਵਿਕਾਸਸ਼ੀਲ ਦੇਸ਼ ਵੱਖ–ਵੱਖ ਮੰਚਾਂ ’ਤੇ ਆਪਣੀਆਂ ਹਾਲਤਾਂ ਰੱਖ ਆਪਣੇ ਪੱਖ ’ਚ ਮਾਹੌਲ ਬਣਾਉਣ ਲੱਗੇ ਰਹੇ। ਆਪਣੇ ਆਪਣੇ ਆਰਥਿਕ ਹਿੱਤਾਂ ਦੇ ਮੱਦੇਨਜ਼ਰ ਨੀਤੀਆਂ ਅਤੇ ਸੰਹਿਤਾਵਾਂ ਪ੍ਰਸਤਾਵ ਕਰਦੇ ਰਹੇ। ਜ਼ਾਹਿਰ ਹੈ ਕਿ ਇਹ ਸਿਖਰ ਸੰਮੇਲਨ ਸਿਰਫ ਵਾਤਾਵਰਣ ਦੀਆਂ ਚਿੰਤਾਵਾਂ ਦਾ ਮਾਮਲਾ ਹੀ ਨਹੀਂ ਸੀ ਬਲਕਿ ਅੱਜ ਦੀਆਂ ਵਿਸ਼ਵੀ ਹਾਲਤਾਂ ਵਿੱਚ ਵੱਖ–ਵੱਖ ਸਾਮਰਾਜੀ (ਵਿਕਸਤ) ਮੁਲਕਾਂ ਤੇ ਕੁਝ ਵੱਡੇ ਵਿਕਾਸਸ਼ੀਲ ਅਰਥਚਾਰਿਆਂ ਵੱਲੋਂ ਆਪਣੇ ਹਿੱਤਾਂ ਨੂੰ ਸੁਰੱਖਿਅਤ ਕਰਨ ਅਤੇ ਸ਼ਰੀਕਾਂ ’ਤੇ ਲਗਾਅ ਕਸਣ ਦੀ ਕੂਟਨੀਤੀ ਦਾ ਅਖਾੜਾ ਬਣਨ ਜਾ ਰਿਹਾ ਹੈ। ਕੋਡ ਆਫ ਕੰਡਕਟ ਸਬੰਧੀ ਸਾਮਰਾਜੀ ਮੁਲਕਾਂ ਤੇ ਵਿਕਾਸਸ਼ੀਲ ਮੁਲਕਾਂ ਵਿੱਚ ਸਪੱਸ਼ਟ ਖੇਮੇਬੰਦੀ ਚੱਲਦੀ ਰਹੀ ਹੈ। ਇਹ ਸਹੀ ਹੈ ਕਿ ਵਾਤਾਵਰਣ ਸਬੰਧੀ ਜੋ ਚਿੰਤਾਵਾਂ ਪਿਛਲੇ ਸਮਿਆਂ ’ਚ ਤਿੱਖੇ ਰੂਪ ’ਚ ਉਭਰ ਕੇ ਆਈਆਂ ਹਨ, ਉਹ ਅਸਲੀ ਹਨ। ਇਸ ਚਿੰਤਾ ਦਾ ਸਭ ਤੋਂ ਅਹਿਮ ਪਹਿਲੂ ਪ੍ਰਿਥਵੀ ਦੇ ਵਾਯੂਮੰਡਲ ਤਾਪ ਦਾ ਵਧਣਾ ਹੈ। ਇਸ ਕਾਰਨ ਧਰਤੀ ਦੇ ਹਾਲਾਤ ਦੇ ਤਾਣੇ ਬਾਣੇ ’ਤੇ ਗੰਭੀਰ ਸੰਕਟ ਹੁਣ ਸਪੱਸ਼ਟ ਵਿਖਾਈ ਦੇਣ ਲੱਗੇ ਹਨ।

ਆਰਕਟਿਕ ਸਾਗਰ ਦੇ ਬਰਫੀਲੇ ਇਲਾਕਿਆਂ ਦਾ ਤੇਜ਼ੀ ਨਾਲ ਸਿੰਕੁੜਨਾ, ਗਲੇਸ਼ੀਅਰਾਂ ਦਾ ਪਿੱਛੇ ਖਿਸਕਣਾ ਤੇ ਇਸ ਕਾਰਨ ਸਮੁੰਦਰ ਦੇ ਪਾਣੀ ਦੇ ਪੱਧਰ ਤੇ ਉਸ ’ਚ ਅਮਲੀਅਤਾ ਦਾ ਵਧਣਾ, ਤੇਜ ਤੂਫਾਨਾਂ ਦਾ ਆਉਣਾ, ਵੱਧ ਭਿਅੰਕਰਤਾ ਦੇ ਨਾਲ ਸੁੱਕੀਆਂ ਤੇ ਗਰਮ ਹਵਾਵਾਂ ਦਾ ਪ੍ਰਗਟ ਹੋਣਾ, ਪ੍ਰਾਣੀ ਜਗਤ ਦੀਆਂ ਵੱਖ–ਵੱਖ ਪ੍ਰਜਾਤੀਆਂ ਦਾ ਅਲੋਪ ਹੋਣਾ ਆਦਿ ਪਰਿਘਟਨਾਵਾਂ ਜਲਵਾਯੂ ਤਬਦੀਲੀ ਦੇ ਭਿਅੰਕਰ ਸਿੱਟਿਆਂ ਨੂੰ ਜ਼ਾਹਰ ਕਰ ਰਹੀਆਂ ਹਨ। ਜਲਵਾਯੂ ਤਬਦੀਲੀ ਦੇ ਤਹਿਤ ਪ੍ਰਿਥਵੀ ਦੇ ਵਾਯੂਮੰਡਲ ਦਾ ਤਾਪਮਾਨ ਵਧਣ ਅਤੇ ਉਸ ਦੇ ਸਿੱਟੇ ਵਜੋਂ ਗਲੇਸ਼ੀਅਰਾਂ ਤੇ ਸੰਚਿਤ ਹਿਮਰਾਸ਼ੀ ਦੇ ਪਿਘਲਨ ਨਾਲ ਸਮੁੰਦਰਾਂ ਦੇ ਪੱਧਰ ’ਚ ਜੋ ਵਾਧਾ ਹੋ ਰਿਹਾ ਹੈ। ਉਸ ਦਾ ਸਭ ਤੋਂ ਵੱਡਾ ਖਤਰਾ ਦੀਪਈ ਦੇਸ਼ ਨੂੰ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਸਮੁੰਦਰ ਦਾ ਜਲ ਪੱਧਰ ਜੇ ਥੋੜਾ ਹੋਰ ਵਧ ਗਿਆ ਤਾਂ ਮਾਲਦੀਵ ਵਰਗੇ ਦੇਸ਼ਾਂ ਦੀ ਹੋਂਦ ਖਤਮ ਹੋ ਜਾਵੇਗੀ। ਮਾਲਦੀਵ ਦੀ ਸਰਕਾਰ ਨੇ ਆਪਣੇ ਦੇਸ਼ ਦੇ ਲੋਕਾਂ ਨੂੰ ਐਸੀ ਹਾਲਤ ’ਚ ਹੋਰ ਥਾਂ ਵਸਾਉਣ ਲਈ ਸੁਰੱਖਿਅਤ ਸਮਝੇ ਜਾਣ ਵਾਲੇ ਦੇਸ਼ਾਂ ’ਚ ਜਮੀਨ ਖਰੀਦਣੀ ਵੀ ਸ਼ੁਰੂ ਕਰ ਦਿੱਤੀ ਹੈ। ਜਲਵਾਯੂ ਤਬਦੀਲੀ ਦਾ ਭਿਆਨਕ ਅਸਰ ਬਨਸਪਤੀ ਜਗਤ ਤੇ ਖੇਤੀ ’ਤੇ ਵੀ ਪੈਣਾ ਤਹਿ ਮੰਨਿਆ ਜਾ ਰਿਹਾ ਹੈ। ਬਾਰ ਬਾਰ ਸੋਕੇ ਕਾਰਨ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਖੇਤੀ ਪੈਦਾਵਾਰ ’ਚ ਗਿਰਾਵਟ ਦਰਜ

ਕੀਤੀ ਜਾ ਰਹੀ ਹੈ। ਧਰਤੀ ਦੇ ਵਾਯੂਮੰਡਲ ਦਾ ਤਾਪਮਾਨ ਵਧਣ ਲਈ ਗ੍ਰੀਨ ਹਾਊਸ ਗੈਸਾਂ ਦੇ ਵੱਧ ਤੋਂ ਵੱਧ ਉਤਸਰਜਨ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਪ੍ਰਿਥਵੀ ਦੇ ਵਾਯੂਮੰਡਲ ਦਾ ਤਾਪਮਾਨ ਵਧਣ ਲਈ ਗ੍ਰੀਨ ਹਾਊਸ ਗੈਸਾਂ ਦੇ ਰਸਾਅ ਨੂੰ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਗ੍ਰੀਨ ਹਾਊਸ ਗੈਸਾਂ ਦੇ ਤਹਿਤ 61 ਗੈਸਾਂ ਆਉਂਦੀਆਂ ਹਨ ਜਿਹਨਾਂ ਨੂੰ ਕਾਰਬਨ ਡਾਇਅਕਸਾਈਡ ਦਾ ਰੂਪ ਕਿਹਾ ਜਾਂਦਾ ਹੈ। ਇਹਨਾਂ ਗੈਸਾਂ ਵਿੱਚ ਸਭ ਤੋਂ ਵੱਧ ਚਿੰਤਾਜਨਕ ਸਥਿਤੀ ਕਾਰਬਨ ਡਾਈਆਕਸਾਇਡ ਦੀ ਹੀ ਹੈ। ਇਸ ਪਿੱਛੋਂ ਮੀਥੇਨ ਦਾ ਸਥਾਨ ਆਉਂਦਾ ਹੈ। ਤੇਲ ਦੀ ਲੁੱਟ (ਸਨਅਤਾਂ ਟਰਾਂਸਪੋਰਟ ਤੇ ਘਰੇਲੂ ਵਰਤੋਂ ਦੌਰਾਨ) ਬਿਜਲੀ ਤੇ ਠੋਸ ਕਚਰੇ ਨੂੰ ਠਿਕਾਣੇ ਲਾਉਣ ਸਮੇਂ ਇਹ ਗੈਸਾਂ ਕਾਫੀ ਮਾਤਰਾ ’ਚ ਉਤਸਰਜਿਤ ਹੁੰਦੀਆਂ ਹਨ। ਭਾਰੀ ਹੋਣ ਕਰਕੇ ਇਹ ਗੈਸਾਂ ਧਰਤੀ ਦੇ ਵਾਯੂਮੰਡਲ ’ਚ ਕਾਫੀ ਹੇਠਾਂ ਬਣੀਆਂ ਰਹਿੰਦੀਆਂ ਹਨ ਤੇ ਸੂਰਜ ਤੋਂ ਹਾਸਲ ਧਰਤੀ ਦੀ ਗਰਮੀ ਨੂੰ ਵਾਯੂਮੰਡਲ ’ਚ ਵਾਪਸ ਪਰਤਣ ਤੋਂ ਰੋਕਦੀਆਂ ਹਨ। ਇਸ ਕਾਰਨ ਵਿਸ਼ਵੀ ਗਰਮੀ (ਗਲੋਬਲ ਵਾਰਮਿੰਗ) ਦੀ ਪ੍ਰੀਘਟਨਾ ਸਾਹਮਣੇ ਆਉਂਦੀ ਹੈ। ਦੁਨੀਆਂ ਦੇ ਲਗਭਗ ਸਾਰੇ ਮੁਲਕਾਂ ’ਚ ਇਸ ਗੱਲ ਦੀ ਜੁਬਾਨੀ ਸਹਿਮਤੀ ਹੈ ਕਿ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਇਹਨਾਂ ਗੈਸਾਂ ਦੇ ਉਤਸਰਜਨ ’ਤੇ ਲਗਾਮ ਕਸੀ ਜਾਵੇ। ਕੋਪਨਹੇਗਨ ਸਿਖਰ ਸੰਮੇਲਨ ਤੋਂ ਇਸ ਸਬੰਧੀ ਕੋਈ ਕੌਮਾਂਤਰੀ ਸਹਿਮਤੀ ਤੇ ਸੰਧੀ ਦੀ ਉਮੀਦ ਸੀ। ਧਿਆਨ ਰਹੇ ਧਰਤੀ ਦੇ ਵਾਤਾਵਰਣ ਨੂੰ ਹਰਜਾ ਪਿਛਲੇ ਇਕ ਦੋ ਦਹਾਕਿਆਂ ਤੋਂ ਹੀ ਨਹੀਂ ਹੋ ਰਿਹਾ ਅਤੇ ਨਾ ਹੀ ਵਾਤਾਵਰਣ ਸਬੰਧੀ ਚਿੰਤਾਵਾਂ ਕੋਈ ਨਵੀਆਂ ਹਨ।

ਮਨੁੱਖ ਨੇ ਜਦ ਵੀ ਕੁਦਰਤ ਦੀ ਅੰਨ੍ਹੇਵਾਹ ਲੁੱਟ ਕੀਤੀ ਹੈ। ਉਸ ਦਾ ਖਮਿਆਜਾ ਉਸ ਨੂੰ ਭੁਗਤਣਾ ਪਿਆ ਹੈ। ਪਰ ਵਾਤਾਵਰਣ ਨੂੰ ਸਭ ਤੋਂ ਗੰਭੀਰ ਹਰਜਾ ਪੂੰਜੀਵਾਦ ਕਾਰਨ ਹੀ ਪੈਦਾ ਹੋਇਆ। ਪੂੰਜੀਵਾਦ ’ਚ ਹੀ ਭਿਅੰਕਰ ਰੂਪ ਵਿੱਚ ਕੁਦਰਤ ਦੀ ਅੰਨ੍ਹੇਵਾਹ ਲੁੱਟ ਸ਼ੁਰੂ ਹੋਈ ਸਾਮਰਾਜੀ ਦੇਸ਼ਾਂ ਜਿਥੇ ਪਹਿਲਾਂ ਸਨਅਤੀ ਵਿਕਾਸ ਹੋਇਆ, ਨੇ ਇਥੇ ਆਪਣੇ ਮੁਲਕਾਂ ਵਿੱਚ ਵੀ ਮੁਨਾਫੇ ਖਾਤਰ ਵਾਤਾਵਰਣ ਨੂੰ ਨੁਕਸਾਨ ਪਹੁੰਚਾਇਆ ਉਥੇ ਆਪਣੇ ਗੁਲਾਮ ਦੇਸ਼ਾਂ ਵਿੱਚ ਬੇਹੱਦ ਫਾਇਦੇ ਲਈ ਜਲ, ਜੰਗਲ, ਜਮੀਨ ਖਣਿਜ ਸੰਪ੍ਰਦਾ ਆਦਿ ਦੀ ਅੰਨ੍ਹੇਵਾਹ ਲੁੱਟ ਕੀਤੀ ਬਾਕੀ ਪੂੰਜੀਵਾਦੀ ਦੇਸ਼ਾਂ ਨੇ ਵੀ ਬਾਅਦ ’ਚ ਇਸੇ ਰਾਹ ਨੂੰ ਅਪਣਾਇਆ। ਇਸ ਸਾਰੇ ਦਾ ਸਿੱਟਾ ਕੁਲ ਮਿਲਾ ਕੇ ਅੱਜ ਜਲਵਾਯੂ ਤਬਦੀਲੀ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਧਰਤੀ ਦਾ ਔਸਤ ਤਾਪਮਾਨ ਸਨਅਤੀ ਇਨਕਲਾਬ ਦੇ ਪਹਿਲਾਂ ਦੇ ਸਮੇਂ ਤੋਂ 0.8 ਡਿਗਰੀ ਸੈਲਸੀਅਸ ਵਧ ਗਿਆ ਹੈ। ਦੁਨੀਆਂ ਭਰ ਦੇ ਵਿਗਿਆਨੀਆਂ ਦੀ ਆਮ ਮਾਨਤਾ ਹੈ ਕਿ ਜਲਵਾਯੂ ਤਬਦੀਲੀ ਦੇ ਭਿਅੰਕਰ ਸਿੱਟਿਆਂ ਤੋਂ ਬਚਣ ਲਈ ਇਹ ਜ਼ਰੂਰੀ ਹੈ ਕਿ ਧਰਤੀ ਦੇ ਵਾਤਾਵਰਣ ਦਾ ਤਾਪਮਾਨ ਸਨਅਤੀ ਇਨਕਲਾਬ ਤੋਂ ਪਹਿਲਾਂ ਦੇ ਯੁੱਗ ਤੋਂ ਕਿਸੇ ਵੀ ਕੀਮਤ ’ਤੇ 2 ਡਿਗਰੀ ਸੈਂਟੀਗ੍ਰੇਡ ਤੋਂ ਵੱਧ ਨਹੀਂ ਵਧਣਾ ਚਾਹੀਦਾ। ਇਸ ਗੱਲ ਦੇ ਮੱਦੇਨਜ਼ਰ ਇਹ ਜ਼ਰੂਰੀ ਹੈ ਕਿ ਕਾਰਬਨ ਡਾਇਅਕਸਾਇਡ ਸਮੇਤ ਗ੍ਰੀਨ ਹਾਊਸ ਗੈਸਾਂ ਦੀ ਮਾਤਰਾ ਵਾਤਾਵਰਣ ਵਿੱਚ ਪ੍ਰਤੀ ਦਸ ਲੱਖ ਟਨ ’ਤੇ 450 ਭਾਵ 450 ਪੀ. ਪੀ. ਐਮ. ਦੇ ਲਗਭਗ ਹੈ। ਪ੍ਰਤੀ ਵਿਅਕਤੀ ਉਤਸਰਜਨ ਦੇ ਔਸਤ ਹਿਸਾਬ ਨਾਲ ਇਹ 4.5 ਟਨ ਕਾਰਬਨ ਡਾਕਿਅਕਸਾਇਡ ਵਰਗੀਆਂ ਗੈਸਾਂ ਦੇ ਬਰਾਬਰ ਬਣਦੀ

ਹੈ। ਜਲਵਾਯੂ ਤਬਦੀਲੀ ਲਈ ਬਣੇ ਕੌਮਾਂਤਰੀ ਪੈਨਲ ਮੁਤਾਬਕ 2050 ਤਕ ਵਾਤਾਵਰਣ ਦੇ ਤਾਪਮਾਨ 'ਚ 2 ਡਿਗਰੀ ਸੈਂਟੀਮੀਟਰ ਦਾ ਵਾਧਾ ਰੋਕਣ ਲਈ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ 'ਚ 2000 ਦੇ ਪੱਧਰ (4.5 ਟਨ ਪ੍ਰਤੀ ਵਿਅਕਤੀ ਉਤਸਰਜਨ) 'ਚ 85 ਫੀਸਦੀ ਕਟੌਤੀ ਕਰਨਾ ਲਾਜ਼ਮੀ ਹੈ। ਇਸ ਵਿਚ ਇਹ ਗੱਲ ਸ਼ਾਮਲ ਹੈ ਕਿ ਵਧੇ ਹੋਏ ਉਤਸਰਜਨ ਦੇ ਦੋਸ਼ੀ ਵਿਕਸਤ ਦੇਸ਼ਾਂ ਨੂੰ ਜਿਹਨਾਂ ਦਾ ਪ੍ਰਤੀ ਵਿਅਕਤੀ ਉਤਸਰਜਨ 10 ਟਨ ਕਾਰਬਨ ਹੈ, ਨੇ ਆਪਣੇ ਕਾਰਬਨ ਉਤਸਰਜਨ 'ਚ 90 ਫੀਸਦੀ ਕਟੌਤੀ ਕਰਨੀ ਹੋਵੇਗੀ। ਪੈਨਲ ਦੀ ਰਿਪੋਰਟ 'ਚ 25, ਮਾਂਗ ਚੀਨ ਤੇ ਗਰੁੱਪ 77 ਦੇ ਦੇਸ਼ਾਂ ਵੱਲੋਂ ਵੀ ਪੇਸ਼ ਕੀਤੀ। ਪੈਨਲ ਨੇ ਭਾਰਤ ਅਤੇ ਹੋਰ ਵਿਕਾਸਸ਼ੀਲ ਦੇਸਾਂ ਨੂੰ ਵੀ ਆਪਣੇ ਉਤਸਰਜਨ 'ਚ  ਸੁਝਾਅ ਦਿੱਤਾ ਗਿਆ ਹੈ ਕਿ ਵਿਕਸਤ ਦੇਸ਼ਾਂ ਨੂੰ 2020 ਤੱਕ ਆਪਣੇ ਉਤਸਰਜਨ 'ਚ ਕਮੀ ਲਿਆਉਣ ਦੀ ਅਪੀਲ ਕੀਤੀ ਹੈ। ਜਿੱਥੋਂ ਤੱਕ ਜਲਵਾਯੂ ਤਬਦੀਲੀ ਦੇ ਲਈ ਜ਼ਿੰਮੇਵਾਰ ਮੁਲਕਾਂ ਦੀ ਗੱਲ ਹੈ ਵਿਕਸਤ ਦੇਸ਼ ਇਤਿਹਾਸਕ ਤੌਰ 'ਤੇ ਸਮੁੱਚੀਆਂ ਗ੍ਰੀਨ ਹਾਊਸ ਗੈਸਾਂਦੇ ਉਤਸਰਜਨ ਲਈ ਜ਼ਿੰਮੇਵਾਰ ਰਹੇ ਹਨ। 1990 ਤੋਂ ਬਾਅਦ ਵੀ ਵਿਕਸਤ (ਸਾਮਰਾਜੀ) ਦੇਸ਼ਾਂ ਵਲੋਂ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਵਿੱਚ 11.2 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ। ਸੰਯੁਕਤ ਰਾਜ ਅਮਰੀਕਾ ਅਜੇ ਪਿੱਛੇ ਜਿਹੇ ਤੱਕ ਗ੍ਰੀਨ ਹਾਊਸ ਗੈਸਾਂ ਦਾ ਸਭ ਤੋਂ ਵੱਡਾ ਉਤਪਾਦਕ ਰਿਹਾ ਹੈ। ਇਤਿਹਾਸਕ ਤੌਰ 'ਤੇ ਅਮਰੀਕਾ ਗ੍ਰੀਨ ਹਾਊਸ ਗੈਸਾਂ ਵਿਚ ਸਭ ਤੋਂ ਵੱਧ ਖਤਰਨਾਕ ਕਾਰਬਨ ਡਾਇਅਕਸਾਈਡ ਦੇ ਇਕ ਤਿਹਾਈ ਭਾਗ ਦੇ ਉਤਪਾਦਕ ਦਾ ਜ਼ਿੰਮੇਵਾਰ ਰਿਹਾ ਹੈ। ਸਭ ਵਿਕਸਤ (ਸਾਮਰਾਜੀ) ਦੇਸ਼ ਕੁਲ ਗ੍ਰੀਨ ਹਾਊਸ ਗੈਸਾਂ ਦੇ ਤਿੰਨ ਚੌਥਾਈ ਦੇ ਉਤਪਾਦਨ ਦੇ ਜ਼ਿੰਮੇਵਾਰ ਰਹੇ ਹਨ।

ਚੀਨ ਇਸ ਸਮੇਂ ਲਗਭਗ 19 ਫੀਸਦੀ ਗ੍ਰੀਨ ਹਾਊਸ ਗੈਸਾਂ ਦਾ ਉਤਪਾਦਕ ਰਿਹਾ ਹੈ। ਪਰ ਇਤਿਹਾਸਕ ਤੌਰ 'ਤੇ ਇਹ ਕੁੱਲ ਗ੍ਰੀਨ ਹਾਊਸ ਗੈਸਾਂ ਦੀ 7-8 ਫੀਸਦੀ ਮਾਤਰਾ ਲਈ ਜ਼ਿੰਮੇਵਾਰ ਹੈ। ਭਾਰਤ ਕੁਲ ਗ੍ਰੀਨ ਹਾਊਸ ਗੈਸਾਂ ਦੀ 5 ਫੀਸਦੀ ਪੈਦਾਵਾਰ ਲਈ ਜ਼ਿੰਮੇਵਾਰ ਹੈ ਪਰ ਇਤਿਹਾਸਕ ਤੌਰ 'ਤੇ ਇਸ ਦਾ ਯੋਗਦਾਨ 1-2 ਫੀਸਦੀ ਹੀ ਬਣਦਾ ਹੈ। ਚੀਨ ਇਸ ਸਮੇਂ ਸਭ ਤੋਂ ਵੱਧ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਕ ਹੈ। ਜਦਕਿ ਭਾਰਤ ਦੀ ਥਾਂ ਚੌਥੀ ਹੈ। ਜਨਸੰਖਿਆ ਦੇ ਅਨੁਪਾਤ ਨਾਲ ਵੇਖਿਆ ਜਾਵੇ ਤਾਂ ਸੰਯੁਕਤ ਰਾਜ ਅਮਰੀਕਾ 23.6 ਟਨ ਪ੍ਰਤੀ ਵਿਅਕਤੀ ਉਤਸਰਜਕ ਦੇ ਨਾਲ ਪਿਛਲੀ ਥਾਂ 'ਤੇ ਹੈ ਜਦਕਿ ਚੀਨ ਦਾ ਪ੍ਰਤੀ ਵਿਅਕਤੀ ਉਤਸਰਜਨ ਸਿਰਫ਼ 5.5 ਟਨ ਅਤੇ ਭਾਰਤ ਦਾ 1.7 ਟਨ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ 'ਚ ਅਮਰੀਕਾ ਤੇ ਹੋਰ ਸਾਮਰਾਜੀ ਮੁਲਕਾਂ ਦੀ ਭੂਮਿਕਾ ਕਾਫੀ ਵੱਧ ਹੈ। ਪਰ ਉਹ ਇਸ ਦੇ ਅਨੁਕੂਲ ਜਲਵਾਯੂ ਤਬਦੀਲੀ ਹਿੱਤ ਕਿਸੇ ਜ਼ਿੰਮੇਵਾਰੀ ਤੋਂ ਬਚਦੇ ਰਹੇ ਹਨ। ਇਹ ਮਹੱਤਵਪੂਰਨ ਹੈ ਕਿ ਵਾਤਾਵਰਨ ਨੂੰ ਹਰਜਾ ਪਹੁੰਚਾਉਣ ਵਿੱਚ ਸਾਮਰਾਜੀ ਵਿਕਸਤ ਮੁਲਕ ਮੁੱਖ ਤੌਰ 'ਤੇ ਜ਼ਿੰਮੇਵਾਰ ਰਹੇ ਹਨ ਪਰ ਉਨ੍ਹਾਂ ਦਾ ਖਮਿਆਜ਼ਾ ਤੀਜੀ ਦੁਨੀਆ ਦੇ ਵਿਕਾਸਸ਼ੀਲ ਤੇ ਗਰੀਬ ਮੁਲਕ ਖਾਸ ਤੌਰ 'ਤੇ ਦੱਖਣ ਦੇ ਮੁਲਕ ਝੱਲਣਗੇ। ਅਜਿਹਾ ਨਹੀਂ ਹੈ ਕਿ ਜਲਵਾਯੂ ਤਬਦੀਲੀ ਦੇ ਮੁੱਦੇ 'ਤੇ ਪਹਿਲਾਂ ਕੋਈ ਸਹਿਮਤੀ ਬਣਾਉਣ ਦੀ ਕੋਸ਼ਿਸ਼ ਨਹੀਂ ਰਹੀ ਹੈ। ਜਲਵਾਯੂ ਤਬਦੀਲੀ ਦੇ ਪ੍ਰਸੰਗ ਵਿਚ ਸੰਯੁਕਤ ਰਾਸ਼ਟਰ ਫ੍ਰੇਮਵਰਕ ਕਨਵੈਨਸ਼ਨ ਨੇ ਇਸ ਗੱਲ ਨੂੰ ਸਵੀਕਾਰ ਕੀਤਾ

ਹੈ ਕਿ ਜਲਵਾਯੂ ਤਬਦੀਲੀ ਲਈ ਮੁੱਖ ਤੌਰ 'ਤੇ ਵਿਕਸਤ ਦੇਸ਼ ਜ਼ਿੰਮੇਵਾਰ ਰਹੇ ਹਨ। ਇਸ ਲਈ ਮੁੱਖ ਤੌਰ 'ਤੇ ਸਨਅਤੀ ਕ੍ਰਾਂਤੀ ਪਿੱਛੋਂ ਵਿਕਸਤ ਮੁਲਕਾਂ ਵਲੋਂ ਅਪਣਾਇਆ ਗਿਆ ਰਾਹ ਜ਼ਿੰਮੇਵਾਰ ਰਿਹਾ ਹੈ ਜਿਸ 'ਚ ਵਾਤਾਵਰਣ ਨੂੰ ਨਾ ਪੂਰਾ ਹੋ ਸਕਣ ਵਾਲਾ ਹਰਜਾ ਹੋਇਆ ਹੈ। ਕਨਵੈਨਸ਼ਨ ਦੀ ਧਾਰਾ 3.1 ਅਨੁਸਾਰ ਜਲਵਾਯੂ ਤਬਦੀਲੀ ਲਈ ਸਾਂਝੀ ਜ਼ਿੰਮੇਵਾਰੀ ਬਣੀ ਹੈ। ਇਸ ਦਾ ਤੱਤ ਇਹ ਹੈ ਕਿ ਵਿਕਸਤ ਮੁਲਕਾਂ ਨੂੰ ਇਸ ਮਾਮਲੇ 'ਚ ਅਗਵਾਈ ਕਰਨੀ ਚਾਹੀਦੀ ਹੈ ਅਤੇ ਵਿਕਾਸਸ਼ੀਲ ਦੇਸ਼ਾਂ ਦਾ ਸਹਿਯੋਗ ਲੈਣਾ ਚਾਹੀਦਾ ਹੈ। ਇਸ ਵਿਚ ਇਹ ਵੀ ਪ੍ਰਸਤਾਵਿਤ ਸੀ ਕਿ ਵਿਕਸਤ ਦੇਸ਼ ਕਾਰਬਨ ਦੀ ਪੈਦਾਇਸ਼ ਰੋਕਣ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਤਕਨੀਕੀ ਤੇ ਵਿੱਤੀ ਮਦਦ ਕਰਨ। 1995 ਦੀ ਬਰਲਿਨ ਸਹਿਮਤੀ 'ਚ ਇਸ ਸਬੰਧੀ ਠੋਸ ਕਦਮ ਉਠਾਉਣ ਦੀ ਗੱਲ ਕੀਤੀ ਗਈ। ਪਿੱਛੋਂ 11 ਦਸੰਬਰ 1997 ਨੂੰ ਇਸ ਸਬੰਧੀ ਕਯੋਟੋ ਵਿਚ ਪ੍ਰੋਟੋਕੋਲ ਨਿਯੁਮਤ ਕੀਤਾ ਗਿਆ। ਇਕ ਕਯੋਟੋ ਪ੍ਰੋਟੋਕੋਲ ਫਰਵਰੀ 2005 ਪਿੱਛੋਂ ਅਸਰਅੰਦਾਜ਼ ਹੋਇਆ। ਕਯੋਟੋ ਪ੍ਰੋਟੋਕੋਲ 'ਚ ਇਸ ਗੱਲ ਦੀ ਤਸਦੀਕ ਕੀਤੀ ਗਈ ਕਿ "ਇਤਿਹਾਸਕ ਤੌਰ 'ਤੇ ਵਿਕਸਤ ਮੁਲਕਾਂ ਵਲੋਂ ਹੀ ਵੱਧ ਮਾਤਰਾ 'ਚ ਗ੍ਰੀਨ ਹਾਊਸ ਗੈਸਾਂ ਪੈਦਾ ਕੀਤੀਆਂ ਗਈਆਂ। ਵਿਕਾਸਸ਼ੀਲ ਦੇਸ਼ਾਂ 'ਚ ਪ੍ਰਤੀ ਵਿਅਕਤੀ ਗ੍ਰੀਨ ਹਾਊਸ ਉਤਸਰਜਨ ਦੀ ਮਾਤਰਾ ਕਾਫ਼ੀ ਘੱਟ ਹੈ ਅਤੇ ਵਿਕਸਤ ਦੇਸ਼ ਭਵਿੱਖ 'ਚ ਆਪਣੇ ਆਰਥਿਕ ਤੇ ਸਮਾਜਿਕ ਵਿਕਾਸ ਲਈ ਹੋਰ ਵੱਧ ਮਾਤਰਾ 'ਚ ਗ੍ਰੀਨ ਹਾਊਸ ਗੈਸਾਂ ਦੀ ਪੈਦਾਇਸ਼ ਕਰਨਗੇ।"

ਉਕਤ ਸਮਝ ਅਨੁਸਾਰ ਕਯੋਟੋ ਪ੍ਰੋਟੋਕੋਲ ਵਿੱਚ ਵਿਕਸਤ ਮੁਲਕਾਂ ਨੂੰ ਸੂਚੀ-1 ਦੇ ਤਹਿਤ ਸੂਚੀ ਬੱਧ ਕਰਦਿਆਂ ਉਨ੍ਹਾਂ ਨੂੰ ਇਹ ਨਿਰਦੇਸ਼ ਦਿੱਤਾ ਗਿਆ ਕਿ ਉਹ ਪਹਿਲੇ ਪੜਾਅ 'ਚ (2008-2012) ਆਪਣੇ ਵਲੋਂ ਪੈਦਾਇਸ਼ ਦੇ ਪੱਧਰ 'ਚ 1990 ਦੇ ਪੱਧਰ ਦੇ ਅਨੁਸਾਰ 5 ਫੀਸਦੀ ਦੀ ਕਟੌਤੀ ਕਰਨਗੇ। ਵਿਕਾਸਸ਼ੀਲ ਦੇਸ਼ਾਂ ਨੂੰ ਇਸ ਨਿਯਮ ਤੋਂ ਆਜ਼ਾਦ ਰੱਖਿਆ ਗਿਆ। ਸ਼ੁਰੂਆਤੀ ਕਦਮ ਹੋਣ ਦੇ ਨਾਤੇ ਪਹਿਲੇ ਪੜਾਅ ਲਈ ਕਮਜ਼ੋਰ ਉਦੇਸ਼ ਲਿਆ ਗਿਆ। ਧਿਆਨ ਦੇਣ ਯੋਗ ਹੈ ਕਿ ਸੰਯੁਕਤ ਰਾਜ ਅਮਰੀਕਾ ਨੇ ਕਯੋਟੋ ਕੰਨਵੈਨਸ਼ਨ 'ਚ ਸ਼ਾਮਲ ਹੋਣ ਦੇ ਬਾਵਜੂਦ ਕਯੋਟੋ ਪ੍ਰੋਟੋਕੋਲ 'ਤੇ ਦਸਖ਼ਤ ਨਹੀਂ ਕੀਤੇ। ਕੋਪਨਹੇਗਨ ਸੰਮੇਲਨ 'ਚ ਜਲਵਾਯੂ ਮੁੱਦੇ 'ਤੇ ਠੋਸ ਕਦਮ ਉਠਾਏ ਜਾਣ ਦੀਆਂ ਕੋਸ਼ਿਸ਼ਾਂ ਵਿਕਾਸਸ਼ੀਲ ਦੇਸ਼ਾਂ ਖ਼ਾਸ ਕਰਕੇ ਚੀਨ ਅਤੇ ਗਰੁੱਪ 77 ਦੇ ਦੇਸ਼ਾਂ ਵਲੋਂ ਕੀਤੀਆਂ ਗਈਆਂ ਪਰ ਵਿਕਸਤ ਮੁਲਕ ਇਸ ਸਬੰਧੀ ਕਿਸੇ ਵਚਨਵੱਧਤਾ ਤੋਂ ਬਚਣ ਦੀ ਕੋਸ਼ਿਸ਼ ਕਰਦੇ ਰਹੇ ਹਨ। ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਦੇ ਵੱਖ-ਵੱਖ ਰੁੱਖ ਕੋਪਨਹੇਗਨ ਗੱਲਬਾਤ ਤੋਂ ਪਹਿਲਾਂ ਹੀ ਨਜ਼ਰ ਆ ਰਹੇ ਸਨ। ਚੀਨ ਨੇ 2020 ਤਕ ਆਪਣੇ ਪ੍ਰਤੀ ਇਕਾਈ ਘਰੇਲੂ ਉਤਪਾਦ 'ਤੇ 2005 ਦੇ ਪੱਧਰ ਅਨੁਸਾਰ 40 ਤੋਂ 45 ਫੀਸਦੀ ਕਾਰਬਨ ਪੈਦਾਇਸ਼ 'ਚ ਕਮੀ ਲਿਆਉਣ ਦੀ ਗੱਲ ਕੀਤੀ ਹੈ। ਉਥੇ ਅਮਰੀਕਾ ਨੇ ਆਪਣੇ ਲਈ ਸਿਰਫ਼ 17 ਫੀਸਦੀ ਦਾ ਟੀਚਾ ਨਿਰਧਾਰਿਤ ਕੀਤਾ ਹੈ। ਇਹ ਟੀਚਾ ਜਲਵਾਯੂ ਤਬਦੀਲੀ ਨਾਲ ਸਬੰਧਤ ਇੰਟਰਗਵਰਨਮੈਂਟਲ ਪੈਨਲ ਦੇ ਨਿਰਦੇਸ਼ ਤੋਂ ਕਾਫੀ ਘੱਟ ਹੈ। ਜ਼ਿਕਰਯੋਗ ਹੈ ਕਿ ਕਈ ਵਿਕਾਸਸ਼ੀਲ ਦੇਸ਼ਾਂ ਨੇ ਆਪਣੇ ਪ੍ਰਤੀ ਇਕਾਈ ਘਰੇਲੂ ਉਤਪਾਦ 'ਤੇ 40 ਫੀਸਦੀ ਤੱਕ ਕਾਰਬਨ ਪੈਦਾਇਸ਼ 'ਚ ਕਮੀ ਲਿਆਉਣ ਦੀ ਗੱਲ ਕਹੀ ਹੈ। ਭਾਰਤ ਨੇ ਇਸ ਸਬੰਧੀ ਕੋਈ ਠੋਸ ਗੱਲ ਨਹੀਂ ਕੀਤੀ ਹੈ। ਭਾਰਤ ਨੇ ਇਸ ਸਬੰਧੀ ਵਿਭੇਦੀਕ੍ਰਿਤ ਜ਼ਿੰਮੇਵਾਰੀਆਂ ਦੀ ਗੱਲ ਕੀਤੀ ਹੈ। ਭਾਰਤ

ਦਾ ਕਹਿਣਾ ਹੈ ਕਿ ਵਿਕਸਤ ਦੇਸ਼ਾਂ ਨੂੰ ਕਾਰਬਨ ਉਤਸਰਜਨ ਰੋਕਣ ਲਈ ਵਿੱਤੀ ਸਹਾਇਤਾ ਤੇ ਤਕਨੀਕੀ ਦਾ ਤਬਾਦਲਾ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਭਾਰਤ ਨੇ ਆਪਣੇ ਵਿਕਾਸ ਦੀ ਕੀਮਤ ਤੇ ਕੋਈ ਸਮਝੌਤਾ ਨਾ ਕਰਨ ਦੀ ਗੱਲ ਕਹੀ ਹੈ। ਜ਼ਾਹਿਰ ਹੈ ਕਿ ਭਾਰਤ ਸਰਕਾਰ ਦਾ ਰੁੱਖ ਹਾਂ ਪੱਖੀ ਤੇ ਨਾਂਹਪੱਖੀ ਪਹਿਲੂਆਂ ਦਾ ਮਿਲਗੋਭਾ ਹੈ। ਕਈ ਵਿਕਸਤ ਦੇਸ਼ਾਂ ਨੇ ਆਪਣੇ ਟੀਚੇ 40 ਫੀਸਦੀ (ਪ੍ਰਤੀ ਇਕਾਈ ਕੁਲ ਘਰੇਲੂ ਪੈਦਾਵਾਰ) ਤੋਂ ਹੇਠਾਂ ਰੱਖੇ ਹਨ। ਨਾਲ ਹੀ ਅਮਰੀਕਾ ਅਤੇ ਫਰਾਂਸ ਵਰਗੇ ਦੇਸ਼ਾਂ ਨੇ ਵਾਤਾਵਰਣ ਉਤਸਰਜਨ ਕਰਨ ਵਾਲੇ ਮੁਲਕਾਂ ਦੀਆਂ ਵਸਤਾਂ 'ਤੇ ਵਾਤਾਵਰਣ ਟੈਕਸ ਲਾਉਣ ਦੀ ਗੱਲ ਹੈ। ਜ਼ਾਹਿਰ ਹੈ ਕਿ ਵਾਤਾਵਰਣ ਸਬੰਧੀ ਚਿੰਤਾ ਦੀ ਥਾਂ ਆਰਥਿਕ ਰਾਜਸੀ ਹਿੱਤ ਹੀ ਕੋਪਨਹੇਗਨ ਸਿਖ਼ਰ 'ਤੇ ਭਾਰੂ ਰਹੇ। ਇਹ ਸੰਮੇਲਨ ਉਦੋਂ ਹੋਇਆ ਜਦ ਦੁਨੀਆਂ 'ਤੇ ਭਾਰੀ ਮੰਦੀ ਛਾਈ ਹੋਈ ਹੈ। ਅਜਿਹੇ ਵਿਚ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ ਨਾਲ ਸਬੰਧਤ ਕੋਈ ਵੀ ਨਿਯਮ ਪੈਦਾਵਾਰ ਲਾਗਤ ਨੂੰ ਪ੍ਰਭਾਵਿਤ ਕਰੇਗਾ। ਵਿਕਸਤ ਦੇਸ਼ ਨਹੀਂ ਚਾਹੁੰਦੇ ਕਿ ਜਲਵਾਯੂ ਤਬਦੀਲੀ ਸਬੰਧੀ ਕੋਈ ਅਜਿਹੀਆਂ ਸ਼ਰਤਾਂ ਨਾਲ ਬੰਨੇ ਜਾਣ ਜੋ ਉਨ੍ਹਾਂ ਦੇ ਆਰਥਿਕ ਹਿੱਤਾ ਨੂੰ ਨੁਕਸਾਨ ਪਹੁੰਚਾਉਣ। ਆਈ. ਪੀ. ਸੀ. ਸੀ. ਦਾ ਇਹ ਪ੍ਰਸਤਾਵ ਕਿ ਵਿਕਸਤ ਦੇਸ਼ ਕਿਉਂਕਿ ਜਲਵਾਯੂ ਤਬਦੀਲੀ ਤੇ ਕਾਰਬਨ ਪੈਦਾਇਸ਼ ਲਈ ਇਤਿਹਾਸਕ ਤੌਰ 'ਤੇ ਵੱਧ ਜ਼ਿੰਮੇਵਾਰ ਹਨ, ਇਸ ਲਈ ਉਨ੍ਹਾਂ ਨੇ ਆਪਣੇ ਟੀਚੇ ਵੱਡੇ ਰੱਖਣੇ ਹੋਣਗੇ ਤੇ ਵਿਕਾਸਸ਼ੀਲ ਦੇਸ਼ਾਂ ਦੀ ਕਾਰਬਨ ਪੈਦਾਇਸ਼ ਘੱਟ ਕਰਨ ਹਿੱਤ ਧਨ ਤੇ ਤਕਨੀਕ ਨਾਲ ਮਦਦ ਕਰਨੀ ਚਾਹੀਦੀ ਹੈ। ਇਹ ਵਿਕਸਤ ਦੇਸ਼ਾਂ ਨੂੰ ਉਕਾ ਹੀ ਮੰਜੂਰ ਨਹੀਂ ਹੈ ਦੂਜੇ ਪਾਸੇ ਚੀਨ, ਬ੍ਰਾਜੀਲ ਵਰਗੇ ਮੁਲਕਾਂ ਜਲਵਾਯੂ ਤਬਦੀਲੀ ਦੇ ਮੁੱਦੇ 'ਤੇ ਗਰੀਬ ਮੁਲਕਾਂ ਨਾਲ ਮਿਲਕੇ ਵਿਭੇਦੀਕ੍ਰਿਤ ਜ਼ਿੰਮੇਵਾਰੀਆਂ 'ਤੇ ਅਧਾਰਤ (ਭਾਵ ਇਤਿਹਾਸਕ ਤੌਰ 'ਤੇ ਕਾਰਬਨ ਪੈਦਾ ਕਰਨ ਲਈ ਜ਼ਿੰਮੇਵਾਰ ਮੁਲਕਾਂ ਨੂੰ ਉਚ ਟੀਚੇ ਤੇ ਵੱਡੇ ਦਾਨ ਅਤੇ ਘੱਟ ਜ਼ਿੰਮੇਵਾਰ ਮੁਲਕਾਂ ਲਈ ਛੋਟੇ ਟੀਚੇ) ਠੋਸ ਕੋਡ ਆਫ ਕੰਡਕ ਬਣਾਉਣ ਦੀ ਗੱਲ ਕਰ ਰਹੇ ਹਨ ਤਾਂ ਉਨ੍ਹਾਂ ਦਾ ਉਦੇਸ਼ ਵਿਕਸਤ ਦੇਸ਼ਾਂ ਨੂੰ ਸਖ਼ਤ ਉਤਸਰਜਨ ਨਿਯਮਾਂ ਤੇ ਗਰਾਂਟਾਂ ਲਈ ਮਜ਼ਬੂਰ ਕਰਕੇ ਬਾਜ਼ਾਰ 'ਚ ਆਪਣੀ ਪਹੁੰਚ ਵਧਾਉਣਾ ਹੈ ਗਰੀਬ ਮੁਲਕ ਵਿਕਸਤ 'ਤੇ ਤੇਜ਼ ਵਿਕਾਸਸ਼ੀਲ ਦੇਸ਼ਾਂ ਦੀ ਧੱਕਾ ਮੁੱਕੀ 'ਚ ਸਿਰਫ਼ ਵਰਤੇ ਹੀ ਜਾ ਰਹੇ ਹਨ। ਜੇ ਅਮਰੀਕਾ ਨੂੰ ਜਲਵਾਯੂ ਨਾਲ ਸਬੰਧਤ ਇੰਟਰਗਵਰਨ ਮੈਟਲ ਪੈਨਲ ਸੁਝਾਵਾਂ ਅਨੁਸਾਰ ਕੋਈ ਵੀ ਸਮਝੌਤਾ ਕਰਨਾ ਚਾਹੀਦੈ ਤਾਂ ਉਸ 'ਚ ਵਿਕਸਤ ਦੇਸ਼ਾਂ 'ਤੇ ਵੱਧ ਜ਼ਿੰਮੇਵਾਰੀ ਆਵੇਗੀ।

ਚੀਨ, ਬ੍ਰਾਜ਼ੀਲ ਵਰਗੇ ਦੇਸ਼ਾਂ ਨੂੰ ਇਸ ਨਾਲ ਸ਼ਰਤੀਆ ਫਾਇਦਾ ਹੋਵੇਗਾ। ਦੂਜੇ ਪਾਸੇ ਵਿਕਸਤ ਮੁਲਕ ਖਹਿੜਾ ਛੱਡਵਾਉਣਾ ਚਾਹੁੰਦੇ ਹਨ। ਇਸ ਲਈ ਉਹ ਕੋਪਨਹੇਗਨ ਸੰਮੇਲਨ ਨੂੰ ਫੇਹਲ ਕਰਨ ਲਈ ਜ਼ੋਰ ਲਾਉਂਦੇ ਰਹੇ। ਉਹ ਜਲਵਾਯੂ ਤਬਦੀਲੀ ਦੇ ਮੁੱਦੇ 'ਤੇ ਆਜ਼ਾਦ ਨੀਤੀਆਂ ਬਣਾਉਣ ਦੇ ਹਾਮੀ ਹਨ। ਵਿਕਸਤ ਦੇਸ਼ ਇਤਿਹਾਸਕ ਤੌਰ 'ਤੇ ਕਿਸੇ ਜ਼ਿੰਮੇਵਾਰੀ ਤੋਂ ਬਚਣ ਦੀ ਕੋਸ਼ਿਸ਼ ਕਰਦੇ ਰਹੇ ਹਨ ਇਕ ਇਕ ਬਰਾਬਰ ਕੋਡ ਆਫ ਕੰਡਕ ਬਣਾਉਣ ਦੀ ਗੱਲ ਕਰਦੇ ਹਨ ਤੇ ਕਾਰਬਨ ਉਤਸਰਜਨ ਦੀ ਮਾਤਰਾ ਦੇ ਅਧਾਰ 'ਤੇ ਵਸਤਾਂ 'ਤੇ ਟੈਕਸ ਲਾਉਣ ਦੀ ਗੱਲ ਕਰਦੇ ਰਹੇ ਹਨ। ਅਮਰੀਕਾ ਜਲਦੀ ਹੀ ਆਪਣੇ ਇਥੇ ਕਾਰਬਨ ਪੈਦਾਇਸ਼ ਲਈ ਵਸਤਾਂ 'ਤੇ ਟੈਕਸ ਦੀ ਵਿਵਸਥਾ

ਹਿੱਤ ਇਕ ਬਿੱਲ ਸੈਨੇਟ ’ਚ ਲਿਆ ਰਿਹਾ ਹੈ। ਇਸ ਗੱਲ ਦਾ ਮੰਤਵ ਉਤਸਰਜਨ ਘੱਟ ਕਰਨ ਨਾਲ ਹੋਣ ਵਾਲੀ ਆਰਥਿਕ ਹਾਨੀ ਦੀ ਭਰਪਾਈ ਕਰਨ ਦੇ ਨਾਲ ਬਾਜ਼ਾਰ ’ਚ ਆਪਣੀ ਆਪਣੀ ਆਜ਼ਾਰੇਦਾਰੀ ਬਣਾਈ ਰੱਖਣਾ ਹੈ। ਵਿਸ਼ਲੇਸ਼ਕਾਂ ਅਨੁਸਾਰ ਜੇ ਅਮਰੀਕਾ ਕੋਪਨਹੇਗਨ ਸ਼ਿਖ਼ਰ ਸੰਮੇਲਨ ਪਿੱਛੋਂ ਆਪਣੇ ਉਤਸਰਜਨ ’ਚ 17 ਫੀਸਦੀ ਕਟੌਤੀ ਕਰਦਾ ਹੈ ਤਾਂ ਉਸ ਦੇ ਸਟੀਲ ਉਦਯੋਗ ਬਰਾਮਦ ਆਦਿ ’ਚ 12 ਫੀਸਦੀ ਦੀ ਕਮੀ ਆਵੇਗੀ ਤੇ ਉਤਪਾਦਨ ਵਿੱਚ 4 ਫੀਸਦੀ ਗਿਰਾਵਟ ਆਵੇਗੀ। ਇਸ ਗਿਰਾਵਟ ਨੂੰ ਸੰਤੁਲਿਤ ਕਰਨ ਲਈ ਹੀ ਉਕਤ ਬਿੱਲ ਪਾਸ ਕੀਤਾ ਜਾ ਰਿਹਾ ਹੈ। ਫਰਾਂਸ ਦੇ ਰਾਸ਼ਟਰਪਤੀ, ਸਰਕੋਜੀ ਨੇ ਵੀ ਅਜਿਹੇ ਹੀ ਦੰਡ ਟੈਕਸ ਦੀ ਗੱਲ ਕਹੀ। ਜੇ ਅਮਰੀਕਾ ਜਾਂ ਫਰਾਂਸ ’ਚ ਕਾਰਬਨ ਉਤਸਰਜਨ ’ਤੇ ਟੈਕਸ ਲਾਉਣ ਵਾਲੇ ਬਿੱਲ ਦੇ ਹਿਸਾਬ ਨਾਲ ਅਮਰੀਕਾ ’ਚ ਪਹੁੰਚਣ ਵਾਲੀ ਕਿਸੇ ਕਾਰ ’ਤੇ ਇਹ ਟੈਕਸ 600 ਡਾਲਰ ਬੈਠੇਗਾ ਜਦਕਿ ਚੀਨ ’ਚ ਪੈਦਾ ਹੋਣ ਵਾਲੀ ਕਿਸੇ ਕਾਰ ’ਤੇ ਉਥੋਂ ਦੇ ਕਾਰਬਨ ਉਤਸਰਜਨ ਦੀ ਮਾਤਰਾ ਦੇ ਅਧਾਰ ’ਤੇ ਇਹ ਟੈਕਸ ਦੁੱਗਣੇ ਦੇ ਲਗਭਗ ਹੋਵੇਗਾ। ਜ਼ਾਹਿਰ ਹੈ ਕਿ ਕਾਰਬਨ ਉਤਸਰਜਨ ਟੈਕਸ ਦੀ ਨੀਤੀ ਸਭ ਵਿਕਸਤ ਦੇਸ਼ਾਂ ਲਈ ਫਾਇਦੇਮੰਦ ਹੈ ਤਾਂ ਚੀਨ ਵਰਗੇ ਸ਼ਰੀਕਾਂ ਨੂੰ ਪਿਛਾੜਨ ਲਈ ਵੀ ਕਾਰਗਰ ਹੈ। ਕਾਰਬਨ ਉਤਸਰਜਨ ਟੈਕਸ ਪ੍ਰਬੰਧ ਲਾਗੂ ਹੋਣ ਨਾਲ ਇਥੇ ਅਮਰੀਕਾ ਦੀ ਬਰਾਮਦ 2.5 ਫੀਸਦੀ ਘਟ ਸਕਦੀ ਹੈ ਜਦਕਿ ਚੀਨ ਦੀ ਬਰਾਮਦ ਨੂੰ 21 ਫੀਸਦੀ ਤੇ ਭਾਰਤ ਦੀ ਬਰਾਮਦ ਨੂੰ 16 ਫੀਸਦੀ ਹਾਨੀ ਹੋਵੇਗੀ।

ਜੇ ਸੀਮਾ ਟੈਕਸ ਨੂੰ ਵੀ ਹਿਸਾਬ ਕਿਤਾਬ ’ਚ ਲਿਆਂਦਾ ਜਾਵੇ ਤਾਂ ਚੀਨ ਦੀ ਬਰਾਮਦ ਨੂੰ 26 ਫੀਸਦੀ ਤੇ ਭਾਰਤ ਦੀ ਬਰਾਮਦ ਨੂੰ 21 ਫੀਸਦੀ ਦੀ ਹਾਨੀ ਹੋਵੇਗੀ। ਵਿਕਸਤ (ਸਾਮਰਾਜੀ) ਮੁਲਕਾਂ ਦੀ ਕਾਰਬਨ ਉਤਸਰਜਨ ਟੈਕਸ ਨੀਤੀ ਦਾ ਚੀਨ ਨੇ ਸਖ਼ਤ ਵਿਰੋਧ ਕੀਤਾ ਹੈ। ਜ਼ਾਹਿਰ ਹੈ ਕਿ ਜੇ ਭਾਵੀ ਵਪਾਰ ਯੁੱਧਾਂ ਤੇ ਕੌਮਾਂਤਰੀ ਪੱਧਰ ’ਤੇ ਤਿੱਖੇ ਕਲੇਸ਼ਾਂ ਦੀ ਸ਼ੁਰੂਆਤ ਹੋਣੀ ਤਹਿ ਹੈ। ਆਪਣੀ ਕਾਰਬਨ ਉਤਸਰਜਨ ਟੈਕਸ ਨੀਤੀ ਨੂੰ ਅੱਗੇ ਵਧਾਉਣ ਲਈ ਸਾਮਰਾਜੀ ਦੇਸ਼ ਵਿਕਾਸਸ਼ੀਲ ਦੇਸ਼ਾਂ ’ਚ ਫੁੱਟ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਭਾਰਤ ਨੇ ਇਸ ਮੌਕੇ ’ਤੇ ਫਿਰ ਇਕ ਵਾਰ ਫਿਰ ਅਮਰੀਕਾ ਪ੍ਰਸਤੀ ਦਿਖਾਉਂਦੇ ਹੋਇਆਂ ਕਾਰਬਨ ਉਤਸਰਜਨ ਸਬੰਧੀ ਕੋਈ ਐਲਾਨ ਕਰਨ ਤੋਂ ਪ੍ਰਹੇਜ਼ ਕੀਤਾ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕੋਪਨਹੇਗਨ ਸ਼ਿਖ਼ਰ ਸੰਮੇਲਨ ਵਿਚ ਸ਼ਾਮਲ ਤਾਂ ਹੋਏ ਪਰ ਗਰੁੱਪ 77 ਨੂੰ ਪ੍ਰਭਾਵਹੀਣ ਬਣਾਉਣ ਲਈ ਅਤੇ ਉਸ ’ਚ ਫੁੱਟ ਪੈਦਾ ਕਰਨ ਲਈ ਸਾਮਰਾਜੀ ਮੁਲਕ ਗਰੁੱਪ (ਜੀ−20) ਨੂੰ ਵੱਧ ਮਜ਼ਬੂਤ ਕਰਦੇ ਰਹੇ ਹਨ। ਜਲਵਾਯੂ ਤਬਦੀਲੀ ਦੇ ਮਾਮਲੇ ਨੂੰ ਜਿਸ ਤਰ੍ਹਾਂ ਵਿਕਸਤ ਬਨਾਮ ਵਿਕਾਸਸ਼ੀਲ ਦੇਸ਼ਾਂ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਇਨ੍ਹਾਂ ਦੋਨੋਂ ਤਰ੍ਹਾਂ ਦੇ ਦੇਸ਼ਾਂ ਦੀ ਸਰਮਾਏਦਾਰੀ ਜਮਾਤ, ਸਾਮਰਾਜੀ ਪੂੰਜੀਪਤੀ ਜਮਾਤ ਤੇ ਪਿਛਲੇ ਦੇਸ਼ਾਂ ਦੀ ਦਲਾਲ ਨੌਕਰਸ਼ਾਹ ਸਰਮਾਏਦਾਰੀ ਦੇ ਹਿੱਤਾਂ ਦੀ ਖਿਚੋਤਾਣ ਹੈ। ਦੋਨਾਂ ਹੀ ਕਿਸਮ ਦੀਆਂ ਸਰਮਾਏਦਾਰੀ ਜਮਾਤ ਨੇ ਅਤੇ ਸਮੁੱਚੀ ਪੂੰਜੀਵਾਦੀ ਵਿਵਸਥਾ ਨੇ ਆਪਣੇ ਜਨਮ ਤੋਂ ਹੁਣ ਤੱਕ ਵਾਤਾਵਰਣ ਦਾ ਵਿਨਾਸ਼ ਕੀਤਾ ਹੈ। ਇਸ ਵਿਨਾਸ਼ ਨਾਲ ਧਰਤੀ ’ਤੇ ਜੀਵਨ ਨੂੰ ਹੀ ਖ਼ਤਰਾ ਪੈਦਾ ਹੋ ਗਿਆ ਹੈ। ਪਰ ਇਹ ਪੂੰਜੀਵਾਦੀ ਮੁਨਾਫੇ ਦੀ ਅਰਾਜਕ ਵਿਵਸਥਾ ਦਾ ਲਾਜ਼ਮੀ ਸਿੱਟਾ ਹੈ। ਸਰਮਾਏਦਾਰੀ ਜਮਾਤ ਇਸ ਨੂੰ ਸਵੀਕਾਰ ਨਹੀਂ ਕਰ ਸਕਦੀ।

ਉਹ ਇਸ ਨੂੰ ਕਿਸੇ ਅਮੂਰਤ 'ਸਨਅਤੀਕਰਨ' ਦਾ ਨਾਂ ਦੇ ਦਿੰਦੀ ਹੈ। ਇਸ ਪਿੱਛੋਂ ਇਸ ਸਬੰਧੀ ਇਹਨਾਂ ਦੀ ਖਿੱਚੋਤਾਣ ਸ਼ੁਰੂ ਹੋ ਜਾਂਦੀ ਹੈ। ਸਾਮਰਾਜੀ ਦਲਾਲ ਪੂੰਜੀਪਤੀ ਜਮਾਤ ਵਾਤਾਵਰਣ ਦੇ ਗੰਭੀਰ ਮੁੱਦੇ ਨੂੰ ਵੀ ਆਪਣੇ ਦਾਬੇ ਨੂੰ ਹੋਰ ਪ੍ਰਖਤਾ ਕਰਨ ਲਈ ਵਰਤਦੀ ਹੈ।

ਇਸ ਮੁੱਦੇ 'ਤੇ ਉਹਨਾਂ ਦੇ ਆਪਸ 'ਚ ਤਿੱਖੇ ਮੱਤਭੇਦ ਹਨ। ਨਾਲ ਹੀ ਉਹ ਪਿਛੜੇ ਦੇਸ਼ਾਂ ਦੇ ਸਾਧਨਾਂ ਤੇ ਕਬਜੇ ਅਤੇ ਉਹਨਾਂ ਦੀ ਕੀਮਤ 'ਤੇ ਵਾਤਾਵਰਣ ਦੀ ਰਾਖੀ ਦਾ ਕੰਮ ਕਰਨਾ ਚਾਹੁੰਦੇ ਹਨ ਪਿਛੜੇ ਦੇਸ਼ਾਂ ਦੀ ਸਰਮਾਏਦਾਰੀ ਜਮਾਤ ਨੂੰ ਇਹ ਨਾਗਵਾਰ ਲੱਗਦਾ ਹੈ ਪਰ ਉਹ ਬਹੁਤਾ ਕੁਝ ਨਹੀਂ ਕਰ ਸਕਦੇ। ਇਸ ਤਰ੍ਹਾਂ ਜਲਵਾਯੂ ਤਬਦੀਲੀ ਸਬੰਧੀ ਵੀ ਦੁਨੀਆਂ ਦੇ ਉਹੀ ਰਾਜਸੀ ਸਮੀਕਰਣ ਸਾਹਮਣੇ ਆ ਜਾਂਦੇ ਹਨ। ਸਾਮਰਾਜੀ ਜਮਾਤ ਦੀ ਬਾਕੀ ਦੁਨੀਆਂ 'ਤੇ ਦਾਬੇ ਦੀ ਕੋਸ਼ਿਸ਼ ਅਤੇ ਇਸ ਅਮਲ ਵਿੱਚ ਉਹਨਾਂ ਦੇ ਆਪਸੀ ਟਕਰਾਅ ਨਾਲ ਹੀ ਪਿਛੜੇ ਦੇਸ਼ਾਂ ਦੀ ਦਲਾਲ ਸਰਮਾਏਦਾਰ ਜਮਾਤ ਦਾ ਟੁੱਟਵਾਂ ਵਿਰੋਧ। ਵਾਤਾਵਰਣ ਸੰਕਟ ਦਾ ਸਭ ਤੋਂ ਗੰਭੀਰ ਖਮਿਆਜਾ ਮਜ਼ਦੂਰ ਵਰਗ ਨੂੰ ਭੁਗਤਣਾ ਪੈ ਰਿਹਾ ਹੈ ਚਾਹੇ ਇਹ ਸਾਮਰਾਜੀ ਦੇਸ਼ਾਂ ਦੀ ਹੋਵੇ ਜਾਂ ਪਿਛੜੇ ਦੇਸ਼ਾਂ ਦਾ। ਇਹ ਮਜ਼ਦੂਰ ਜਮਾਤ ਸਾਮਰਾਜ ਦਾ ਤਖਤਾ ਪਲਟ ਕੇ ਅਸਲ 'ਚ ਧਰਤੀ ਦੇ ਵਾਤਾਵਰਣ ਨੂੰ ਬਚਾਵੇਗੀ। ਸਰਮਾਏਦਾਰੀ ਤਾਂ ਇਸ ਨੂੰ ਨਸ਼ਟ ਹੀ ਕਰਦੀ ਰਹੇਗੀ।

# ਸੁੰਦਰਤਾ ਦੇ ਨਾਂ ਹੇਠ ਵਿਕਦੀ ਮੌਤ?

ਸੁੰਦਰ ਬਣਨਾ ਦਿਸਣਾ ਹਰ ਕਿਸੇ ਦੀ ਚਾਹਤ ਹੁੰਦੀ ਹੈ। ਖਾਸ ਕਰਕੇ ਔਰਤਾਂ ਲਈ ਤਾਂ ਸੁਹੱਪਣ ਦਾ ਖਾਸ ਹੀ ਮਹੱਤਵ ਹੈ। ਸੁੰਦਰਤਾ ਤੇ ਨਾਰੀ ਨੂੰ ਇਕ ਦੂਜੇ ਦੇ ਪੂਰਕ ਹੀ ਮੰਨਿਆ ਜਾਂਦਾ ਹੈ ਅਤੇ ਉਹ ਸਿਰਫ ਦੇਹ ਸੁੰਦਰਤਾ ਕਰਕੇ ਨਹੀਂ ਬਲਕਿ ਸੰਪੂਰਨ ਸੁਹੱਪਣ ਬੋਧ ਕਰਕੇ। ਪਰ ਵਕਤ ਦੇ ਨਾਲ ਸੁੰਦਰਤਾ ਦੇ ਪੈਮਾਨੇ ਵੀ ਬਦਲ ਗਏ ਹਨ। ਪੈਮਾਨੇ ਵੀ ਏਨੇ ਸਖਤ ਕਿ ਇਸ ਸਬੰਧੀ ਔਰਤਾਂ ਦੇ ਵਧਦੇ ਦਬਾਅ ਅਤੇ ਉਸ ਕਾਰਨ ਪੈਦਾ ਹੋਣ ਵਾਲੇ ਤਣਾਅ ਉਹਨਾਂ ਨੂੰ ਬੇਵਕਤੀ ਮੌਤ ਵੱਲ ਧੱਕ ਰਹੇ ਹਨ। ਅੱਜ ਔਰਤਾਂ ਇਸ ਸੁੰਦਰਤਾ ਦੀ ਗਲੈਮਰ ਪਿੱਛੇ ਪਾਗਲਾਂ ਵਾਂਗੂ ਭੱਜ ਰਹੀਆਂ ਹਨ। ਅਜੇ ਕੁਝ ਹੀ ਦਿਨ ਪਹਿਲਾਂ 1994 'ਚ ਮਿਸ ਅਰਜਨਟੀਨਾ ਰਹੀ ਗੋਲਾਂਗੇ ਮੈਗਨਾਨੇ ਦੀ ਮੌਤ ਨੇ ਵੀ ਸੁੰਦਰਤਾ ਦੀ ਇਸ ਬੇਕਿਰਕ ਤੇ ਤ੍ਰਾਸਿਦ ਦੁਨੀਆਂ ਦੇ ਕਰੂਪ ਪੱਖ ਦਾ ਖੁਲਾਸਾ ਕੀਤਾ ਹੈ। ਉਸ ਦੀ ਮੌਤ ਅੱਜ ਦੁਨੀਆਂ ਭਰ ਵਿੱਚ ਬਹਿਸ ਦਾ ਮੁੱਦਾ ਬਣੀ ਹੋਈ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮਿਸ ਅਰਜਨਟੀਨਾ ਮੈਗਨਾਨੇ ਨੇ ਸਾਲ 1994 'ਚ ਮਿਸ ਯੂਨੀਵਰਸ ਮੁਕਾਬਲੇ 'ਚ ਆਪਣੇ ਦੇਸ਼ ਦੀ ਨੁਮਾਇੰਦਗੀ ਕਰ ਰਹੀ ਸੀ ਤਦ ਉਹ ਆਪਣੇ ਦੇਸ਼ ਦੀ ਸਭ ਤੋਂ ਖੂਬਸੂਰਤ ਲੜਕੀ ਸੀ। ਸੁੰਦਰਤਾ ਦੇ ਤਹਿ ਮਾਪਦੰਡਾਂ 'ਤੇ ਪੂਰੀ ਤਰ੍ਹਾਂ ਨਾਲ ਫਿੱਟੀ ਪਰ 15 ਸਾਲ ਪਿੱਛੋਂ ਉਹਨਾਂ ਹੀ ਮਾਪਦੰਡਾਂ 'ਤੇ ਖਰਾ ਉਤਰਨ ਦੀ ਚਾਹਤ ਨੇ ਉਸ ਦੀ ਜਾਨ ਲੈ ਲਈ। ਜਦ ਉਹ ਅਰਜਨਟਾਇਨਾ ਸੁੰਦਰੀ ਬਣੀ ਸੀ। ਤਦ ਦੁਨੀਆਂ ਦਾ ਹਰ ਸੁੱਖ ਉਸ ਦੀ ਝੋਲੀ 'ਚ ਆ ਡਿੱਗਿਆ ਸੀ। ਪੈਸਾ, ਇੱਜ਼ਤ, ਸ਼ੋਹਰਤ ਸਭ ਕੁੱਝ। ਇਕ ਅੱਛਾ ਪਤੀ ਅਤੇ ਪਰਿਵਾਰ ਵੀ। ਉਹ ਜਿਥੇ ਵੀ ਜਾਂਦੀ ਉਸ ਦੇ ਹੁਸਨ ਦੇ ਕਦਰਦਾਨ ਉਸ ਨੂੰ ਹੋਰਾਂ ਤੋਂ ਵੱਖ ਤੇ ਉਹਨਾਂ ਤੋਂ ਉਪਰ ਹੋਣ ਦਾ ਅਹਿਸਾਸ ਕਰਦੇ। ਇਹ ਅਹਿਸਾਸ ਮੈਗਨਾਨੇ ਨੂੰ ਅਜੀਬ ਜਿਹੀ ਖੁਸ਼ੀ ਦਿੰਦਾ ਸੀ। ਉਹ ਇਸ ਅਹਿਸਾਸ ਨੂੰ ਜਿੰਦਾ ਰੱਖਣਾ ਚਾਹੁੰਦੀ ਸੀ ਤਾਂ ਹੀ ਇਸ ਦੇ ਲਈ ਉਹ ਉਮਰ ਨਾਲ ਵੀ ਲੜਨ ਦੀ ਕੋਸ਼ਿਸ਼ ਕਰਦੀ ਰਹੀ। ਕਦੀ ਕਿਸੇ ਅੰਗ ਦੀ ਪਲਾਸਟਿਕ ਸਰਜਰੀ ਕਰਵਾਈ ਤਾਂ ਕਦੀ ਕਿਸੇ ਅੰਗ ਦੀ ਪਰ ਜੁੜਵਾਂ ਬੱਚਿਆਂ ਦੀ ਮਾਂ ਬਣ ਚੁੱਕੀ ਮੈਗਨਾਨੇ ਨੂੰ 38 ਸਾਲ ਦੀ ਉਮਰ ਵਿੱਚ ਲੱਗਣ ਲੱਗਿਆ ਸੀ ਕਿ 15 ਸਾਲ ਪਹਿਲਾਂ ਵਾਲੀ ਉਸ ਦੀ ਸੁੰਦਰਤਾ ਕੁਝ ਧੁੰਦਲੀ ਪੈ ਗਈ ਹੈ। ਲਿਹਾਜ਼ਾ ਉਹ ਆਪਣੀ ਹਿੱਪ ਯਾਨੀ ਕੁੱਲਿਆਂ ਨੂੰ ਸੁੰਦਰ ਬਣਾਉਣ ਦੀ ਚਾਹਤ 'ਚ ਕਾਸਮੇਟਿਕ ਸਰਜਰੀ ਦੀ ਸ਼ਰਨ ਵਿੱਚ ਗਈ। ਉਸ ਦੇ ਇਕ ਕਰੀਬੀ ਦੋਸਤ ਨੇ ਇਸ ਮੌਤ ਬਾਅਦ ਕਿਹਾ ਸੀ 'ਇਕ ਔਰਤ ਜਿਸ ਪਾਸ ਦੁਨੀਆਂ ਦਾ ਹਰ ਸੁੱਖ ਸੀ, ਖੂਬਸੂਰਤੀ ਦੀ ਚਾਹਤ ਨੇ ਉਸ ਦੀ ਜਾਨ ਲੈ ਲਈ, ਸੱਚ ਹੈ ਸਰਜਰੀ ਦੌਰਾਨ ਹੀ ਕੁਝ ਐਸਾ ਹੋਇਆ ਕਿ ਤਿੰਨ ਦਿਨਾਂ ਤਕ ਜ਼ਿੰਦਗੀ ਤੇ ਮੌਤ ਵਿਚਾਲੇ ਝੂਲਣ ਪਿੱਛੋਂ ਉਹ ਜ਼ਿੰਦਗੀ ਤੋਂ ਹਾਰ ਗਈ।

ਸੱਚ ਇਹ ਵੀ ਹੈ ਸੁੰਦਰ ਬਣਨ ਅਤੇ ਆਪਣੀ ਸੁੰਦਰਤਾ ਕਾਇਮ ਰੱਖਣ ਦੀ ਚਾਹਤ ਦੀ ਕੀਮਤ ਅੱਜ ਔਰਤਾਂ ਆਪਣੀ ਸਿਹਤ ਆਪਣੇ ਆਤਮ ਸਨਮਾਨ ਨਾਲ ਸਮਝੌਤੇ ਵਜੋਂ ਚੁਕਾ ਰਹੀਆਂ ਹਨ। ਹਰ ਰੋਜ਼ ਹਰ ਪਲ ਦੁਨੀਆਂ ਦੇ ਹਰ ਕੋਨੇ ਵਿੱਚ

ਅਤੇ ਭਾਰਤ ਵੀ ਇਸ ਤੋਂ ਅਛੂਤਾ ਨਹੀਂ। ਖ਼ੂਬਸੂਰਤ ਬਣਨ ਤੇ ਦਿਸਣ ਦੀ ਇਸ ਲਾਲਸਾ ਨੇ ਸੁੰਦਰਤਾ ਦਾ ਇਕ ਬਾਜ਼ਾਰ ਖੜ੍ਹਾ ਕਰ ਦਿੱਤਾ ਹੈ। ਇਸ ਬਾਜ਼ਾਰ 'ਚ ਸੁੰਦਰਤਾ ਦੇ ਸੁਪਨੇ ਵੇਚਣ ਵਾਲੀਆਂ ਕੰਪਨੀਆਂ ਜਮ ਕੇ ਧੰਦਾ ਕਰ ਰਹੀਆਂ ਹਨ। ਕਾਲੇ ਨੂੰ ਗੋਰਾ, ਬੁੱਢੇ ਨੂੰ ਜਵਾਨ ਬਣਾਉਣ ਦੇ ਨਾਂ 'ਤੇ ਦੁਨੀਆਂ ਭਰ 'ਚ ਸੁੰਦਰਤਾ ਸਾਧਨਾ ਦਾ ਬਾਜ਼ਾਰ 20 ਅਰਬ ਡਾਲਰ ਤੋਂ ਵੱਧ ਇੰਜ ਹੀ ਨਹੀਂ ਪਹੁੰਚ ਗਿਆ ਹੈ। ਦੱਖਣੀ ਏਸ਼ੀਆਈ ਦੇਸ਼ਾਂ ਖਾਸ ਕਰਕੇ ਭਾਰਤ ਵਿੱਚ ਤਾਂ ਇਸ ਪ੍ਰਤੀ ਇਕ ਦੀਵਾਨਗੀ (ਜਨੂੰਨ) ਜਿਹੀ ਪੈਦਾ ਹੋ ਗਈ ਹੈ। ਸਿਰਫ ਔਰਤਾਂ ਵਿਚ ਹੀ ਨਹੀਂ, ਬਲਕਿ ਹੁਣ ਤਾਂ ਮਰਦਾਂ ਵਿੱਚ ਵੀ। ਇਕ ਸਰਵੇਖਣ ਏਜੰਸੀ ਤਾਜਾ ਅੰਕੜਿਆਂ 'ਤੇ ਭਰੋਸਾ ਕਰੀਏ ਤਾਂ ਭਾਰਤ 'ਚ ਸੁੰਦਰਤਾ ਸਾਧਨਾ ਦਾ ਧੰਦਾ ਸਲਾਨਾ 18000 ਕਰੋੜ ਰੁਪਏ ਦਾ ਹੈ। ਇਹ ਅੰਕੜਾ ਹਰ ਸਾਲ 10 ਫੀਸਦੀ ਦੀ ਦਰ ਨਾਲ ਵਧ ਵੀ ਰਿਹਾ ਹੈ। ਸੁੰਦਰਤਾ ਸਾਧਨ ਕੰਪਨੀਆਂ ਹਰ ਸਾਲ ਸੇਲ ਦੇ ਨਵੇਂ ਨਵੇਂ ਰਿਕਾਰਡ ਸਥਾਪਿਤ ਕਰ ਰਹੀਆਂ ਹਨ। ਭਾਰਤ 'ਚ ਇਸ ਬਾਜ਼ਾਰ ਨੂੰ ਵੇਖਦਿਆਂ ਅਮਰੀਕੀ ਤੇ ਯੂਰਪੀ ਕੰਪਨੀਆਂ ਵੀ ਧੜੱਲੇ ਨਾਲ ਧੰਦਾ ਕਰ ਰਹੀਆਂ ਹਨ।

ਹਾਲਤ ਇਹ ਹੈ ਕਿ ਸੁੰਦਰ ਬਣਨ ਦੀਆਂ ਇਹ ਵਸਤਾਂ ਪਿੰਡ ਪਿੰਡ ਤਕ ਪਹੁੰਚ ਬਣਾ ਚੁੱਕੀਆਂ ਹਨ। ਸੁੰਦਰਤਾ ਸਨਅਤ ਨੇ ਔਰਤਾਂ ਵਿੱਚ ਖ਼ੂਬਸੂਰਤ ਬਣਨ ਦੀ ਦੌੜ ਸ਼ੁਰੂ ਕਰ ਦਿੱਤੀ ਹੈ। ਇਸ ਦੌੜ ਵਿਚ ਹਰ ਕੋਈ ਇਕ ਦੂਜੇ ਤੋਂ ਅੱਗੇ ਨਿਕਲਣ ਲੱਗਿਆ ਹੋਇਆ ਹੈ। ਉਹ ਵੀ ਸੁੰਦਰਤਾ ਦੇ ਉਸ ਮਾਪਦੰਡ 'ਤੇ ਖਰਾ ਉਤਰਨ ਲਈ ਜੋ ਮੁੱਠੀਭਰ ਪ੍ਰਭਾਵਸ਼ਾਲੀ ਲੋਕਾਂ ਨੇ ਤਹਿ ਕੀਤੇ ਹਨ। ਵੱਡੇ ਬਾਜ਼ਾਰ ਨੂੰ ਵੇਖਦਿਆਂ ਕੰਪਨੀਆਂ ਦਾਅ ਤੇ ਦਾਅ ਲਾ ਰਹੀਆਂ ਹਨ। ਉਚੇ ਉਚੇ ਤਾਂ ਹੀ ਸੁੰਦਰਤਾ ਦੇ ਅਜਿਹੇ ਮਾਪਦੰਡ ਤਿਆਰ ਕਰਵਾਏ ਜਾ ਰਹੇ ਹਨ ਜਿਸ ਦਾ ਅਸਲੀ ਸੁੰਦਰਤਾ ਨਾਲ ਦੂਰ-ਦੂਰ ਤਕ ਕੋਈ ਰਿਸ਼ਤਾ ਨਾਤਾ ਨਹੀਂ ਹੈ। ਇਹ ਮਾਪਦੰਡ ਵੀ ਐਸੇ ਹਨ। ਜਿਸ ਨੂੰ ਪੂਰਾ ਕਰਨਾ ਇਕ ਆਮ ਔਰਤ ਲਈ ਲਗਭਗ ਅਸੰਭਵ ਹੈ। ਜੀਰੋ ਫਿਗਰ ਨੂੰ ਕੀ ਮੰਨਿਆ ਜਾਵੇ ਬਾਰਬੀ ਗੁਡੀਆਂ ਨੂੰ ਸੁੰਦਰਤਾ ਦਾ ਮਾਪਦੰਡ ਬਣਾਉਂਦੇ ਹੋਏ ਸੁੰਦਰਤਾ ਮਾਹਰਾਂ ਨੇ ਅਜਿਹੀ ਅਸਲੀ ਔਰਤ ਦਾ ਮਾਡਲ ਤਿਆਰ ਕੀਤਾ ਹੈ, ਜਿਸ ਦੀ ਕਮਰ ਏਨੀ ਕਮਜ਼ੋਰ ਹੈ ਕਿ ਉਹ ਸਰੀਰ ਦੇ ਉਪਰਲੇ ਹਿੱਸੇ ਦਾ ਬੋਝ ਨਹੀਂ ਉਠਾ ਸਕਦੀ। ਛਰਛਰੇ ਬਦਨ ਦੇ ਨਾਂ 'ਤੇ ਕੰਕਾਲ ਨੂੰ ਸੁੰਦਰਤਾ ਦਾ ਪੈਮਾਨਾ ਬਣਾ ਦਿੱਤਾ ਗਿਆ ਹੈ। ਰੰਗ ਦੀ ਗੱਲ ਕਰੀਏ ਤਾਂ ਕਦੀ ਬਲੈਕ ਬਿਊਟੀ ਦੀ ਤਾਰੀਫ ਦੇ ਕਸੀਦੇ ਪੜ੍ਹੇ ਜਾਂਦੇ ਸਨ। ਕਦੀ ਗੋਰੇ ਰੰਗ ਦਾ ਗੁਣਗਾਣ ਕੀਤਾ ਜਾਂਦਾ ਹੈ। ਜਦ ਕਿ ਅਸਲੀ ਸੁੰਦਰਤਾ ਰੰਗ ਤੇ ਕਦ ਦੀ ਮੋਹਤਾਜ ਕਦੀ ਨਹੀਂ ਹੁੰਦੀ। ਪਰਦੇ 'ਤੇ ਸੁੰਦਰਤਾ ਦੇ ਸੁਪਨੇ ਵੇਚਣ ਵਾਲੀ ਰੇਖਾ ਤੋਂ ਲੈ ਕੇ ਰਾਖੀ ਸਾਵੰਤ ਤਕ ਦੀਆਂ ਛਵੀਆਂ ਔਰਤਾਂ 'ਚ ਸੁੰਦਰ ਬਣਨ ਦੀ ਚਾਹਤ ਵਧਾ ਰਹੀਆਂ ਹਨ। ਜੋ ਬਣਾਉਟੀ ਤਰੀਕਿਆਂ ਨਾਲ ਸੁੰਦਰਤਾ ਹਾਸਲ ਕਰਨ ਨੂੰ ਹੱਲਾਸ਼ੇਰੀ ਦੇ ਰਹੀ ਹੈ। ਦੈਵਿਕ ਸੁੰਦਰਤਾ ਨਾਲ ਇਸ ਦਾ ਵਾਸਤਾ ਨਹੀਂ ਭਾਰਤ 'ਚ ਹਮੇਸ਼ਾ ਸੁੰਦਰਤਾ ਨੂੰ ਇਕ ਵਿਸ਼ਾਲ ਦਾਇਰੇ 'ਚ ਵੇਖਿਆ ਜਾਂਦਾ ਰਿਹਾ ਹੈ। ਜਦ ਸਿਰਫ ਦੇਹ ਸੁੰਦਰਤਾ ਨੂੰ ਹੀ ਤਰਜੀਹ ਨਹੀਂ ਦਿੱਤੀ ਜਾਂਦੀ ਬਲਕਿ ਪੂਰੀ ਵਿਅਕਤੀਗਤ ਸੁੰਦਰਤਾ ਨੂੰ ਸੁਹੱਪਣ ਦੇ ਪੈਮਾਨੇ 'ਤੇ ਕਸਿਆ ਜਾਂਦਾ ਹੈ। ਪਰ ਅਫਸੋਸ ਅੱਜ ਔਰਤਾਂ ਉਸ ਤੋਂ ਅਲੱਖ ਸਿਰਫ ਸਰੀਰਕ ਸੁੰਦਰਤਾ ਦੇ ਪਿੱਛੇ ਭੱਜ ਰਹੀਆਂ

ਹਨ। ਉਹ ਵੀ ਬਣਾਉਟੀ ਸਾਧਨਾਂ ਰਾਹੀਂ। ਮਹਿੰਗੇ ਕਾਸਮੇਟਿਕ ਪਲਾਸਟਿਕ ਸਰਜਰੀ ਤੇ ਬਿਊਟੀ ਪਾਰਲਰ ਰਾਹੀਂ ਖੁਦ ਨੂੰ ਸੁੰਦਰ ਬਣਾਉਣ ਦੀ ਆਪਾਧਾਮੀ ਹੈ। ਮੈਗਨਾਨੇ ਦੇ ਦੇਸ਼ ਅਰਜਨਟੀਨਾ ਦੀ ਹੀ ਮਿਸਾਲ ਲਓ ਤਾਂ ਉਥੇ ਹਰ ਤਿੰਨ ਵਿਚੋਂ ਇਕ ਔਰਤ ਨੇ ਆਪਣੇ ਸਰੀਰ 'ਤੇ ਕਿਧਰੇ ਨਾ ਕਿਧਰੇ ਛੁਰੀ ਚਲਵਾਈ ਹੈ। ਯਾਨੀ ਸੁੰਦਰਤਾ ਵਧਾਉਣ ਲਈ ਕਾਸਮੈਟਿਕ ਸਰਜਰੀ ਦਾ ਸਹਾਰਾ ਲਿਆ ਹੈ। ਇਹ ਭਾਰਤ 'ਚ ਵੀ ਹੁਣ ਪੈਰ ਪਸਾਰ ਰਿਹਾ ਹੈ। ਇਸ ਤਰ੍ਹਾਂ ਦੇ ਬਿਊਟੀ ਟ੍ਰੀਟਮੈਂਟ ਦੌਰਾਨ ਮੌਤ ਦੀਆਂ ਘਟਨਾਵਾਂ ਦੇ ਵੀ ਕਈ ਮਾਮਲੇ ਸਾਹਮਣੇ ਆ ਚੁੱਕੇ ਹਨ। ਸਾਈਡ ਇਫੈਕਟ ਜਾਂ ਗੁੰਝਲਾਂ ਦੇ ਤਾਂ ਆਸਾਰ ਹੁੰਦੇ ਹੀ ਹਨ। ਪੌਪ ਗਾਇਕ ਜੈਕਸਨ ਨੇ ਵੀ ਗੋਰਾ ਬਣਨ ਦੀ ਚਾਹਤ ਵਿੱਚ 'ਚ ਹੀ ਪਹਿਲੀ ਵਾਰੀ ਪਲਾਸਟਿਕ ਸਰਜਰੀ ਕਰਵਾਈ ਸੀ। ਉਸ ਪਿੱਛੋਂ ਸੁੰਦਰ ਬਣਨ ਦਿਖਣ ਦਾ ਐਸਾ ਜਨੂੰਨ ਉਸ 'ਤੇ ਛਾਇਆ ਕਿ ਆਪਣੇ ਆਖਰੀ ਦਿਨਾਂ ਤਕ ਉਹ ਇਸ ਦੇ ਸ਼ਿਕਾਰ ਰਹੇ ਅਤੇ ਸ਼ਿਕਾਰ ਬਣੇ ਵੀ। ਅਜਿਹੇ ਲੋਕਾਂ ਦੀ ਦਰਦਨਾਕ ਕਹਾਣੀ ਤਾਂ ਆਮ ਲੋਕਾਂ ਤਕ ਮੀਡੀਆ ਰਾਹੀਂ ਪਹੁੰਚ ਜਾਂਦੀ ਹੈ। ਪਰ ਲੱਖਾਂ ਕਰੋੜਾਂ ਦਾ ਦਰਦ ਬਸ ਸੁੰਦਰਤਾ ਦੇ ਸੁਪਨਿਆਂ ਵਿੱਚ ਹੀ ਕੰਮ ਗੁੰਮ ਰਹਿ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਦਿੱਲੀ ਤੋਂ ਝਾਰਖੰਡ ਇਕ ਲੜਕੀ ਸਫਰ ਕਰ ਰਹੀ ਸੀ।

ਸਫਰ ਦੌਰਾਨ ਪਤਾ ਲੱਗਿਆ ਕਿ ਆਪਣੀ ਸ਼ਾਦੀ ਲਈ ਉਥੇ ਜਾ ਰਹੀ ਸੀ ਉਸ ਦੇ ਘਰ ਵਾਲੇ ਘਰ ਸਲੀਪਰ ਕਲਾਸ 'ਚ ਸਫਰ ਕਰ ਰਹੇ ਸਨ। ਜਦ ਕਿ ਉਹ ਏਅਰ ਕੰਡੀਸ਼ਨ ਡੱਬੇ ਵਿੱਚ। ਇਸ ਦਾ ਕਾਰਨ ਸੁੰਦਰਤਾ ਦੀ ਅੰਨੀ ਦੌੜ ਸੀ। ਉਸ ਨੂੰ ਇਸ ਗੱਲ ਦਾ ਡਰ ਸੀ ਕਿ ਆਮ ਡੱਬੇ 'ਚ ਸਫਰ ਕਰੇਗੀ ਤਾਂ ਉਸ ਦਾ ਰੰਗ ਕਾਲਾ ਪੈ ਸਕਦਾ ਹੈ। ਕਿਉਂਕਿ ਵਿਚਕਾਰੇ ਦੇ ਹੀ ਕਿਸੇ ਸਟੇਸ਼ਨ 'ਤੇ ਉਸ ਦੇ ਸਹੁਰੇ ਵੀ ਉਸ ਨੂੰ ਮਿਲਣ ਆਉਣ ਵਾਲੇ ਸਨ। ਇਸ ਲਈ ਲੜਕੀ ਦੇ ਘਰ ਵਾਲਿਆਂ ਨੇ ਉਸ ਨੂੰ ਏ. ਸੀ. ਡੱਬੇ 'ਚ ਬਿਠਾਉਣਾ ਸਹੀ ਸਮਝਿਆ ਵੈਸੇ ਟ੍ਰੇਨ ਦੇ ਹੋਰ ਮੁਸਾਫਰਾਂ ਦਾ ਮੰਨਣਾ ਸੀ ਕਿ ਅਜਿਹਾ ਕਰਨ ਲਈ ਉਸ ਲੜਕੀ ਨੇ ਹੀ ਆਪਣੇ ਘਰ ਵਾਲਿਆਂ 'ਤੇ ਦਬਾਅ ਪਾਇਆ ਹੋਵੇਗਾ। ਔਰਤਾਂ ਦੀ ਇਹ ਮਨੋ ਦਿਸ਼ਾ ਨਾ ਜਾਣੇ ਕਿੰਨੇ ਪਤੀਆਂ ਪਿਤਾਵਾਂ ਤੇ ਪ੍ਰੇਮੀਆਂ ਨੂੰ ਵੀ ਕੰਗਾਲੀ ਵੱਲ ਧੱਕ ਰਹੀ ਹੈ। ਇਕ ਵਿਦੇਸ਼ੀ ਖੋਜ ਅਨੁਸਾਰ ਹੀ ਚਾਰ ਦਿਨਾਂ ਵਿੱਚੋਂ ਤਿੰਨ ਔਰਤਾਂ ਆਪਣੀ ਸੁੰਦਰਤਾ ਸਬੰਧੀ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ। ਆਪਣੇ ਵਜ਼ਨ ਆਪਣੇ ਵਰਣ, ਆਪਣੇ ਕਦ ਸਬੰਧੀ ਇਹਨਾਂ 'ਚ ਏਨੀ ਅਸੁਰੱਖਿਅਤ ਦਾ ਬੋਧ ਹੁੰਦਾ ਹੈ ਕਿ ਸੁੰਦਰ ਬਣਨ ਦੀ ਚਾਹਤ ਵਿੱਚ ਉਹ ਸੁੰਦਰਤਾ ਤੇ ਕਾਸਮੇਟਿਕ ਸਰਜਰੀ ਉਦਯੋਗ ਨੂੰ ਆਪਣੇ ਸਰੀਰ ਅਤੇ ਸਿਹਤ ਦੇ ਨਾਲ ਖਿਲਵਾੜ ਕਰਨ ਦੀ ਖੁੱਲ੍ਹੀ ਇਜਾਜ਼ਤ ਦੇ ਰਹੀ ਹੈ। ਆਖਰ ਕਰਨ ਵੀ ਤਾਂ ਕੀ ਕਰਨ। ਸੁੰਦਰ ਜੋ ਦਿਸਣਾ ਹੈ। ਹੋਰਾਂ ਤੋਂ ਵੱਧ ਦੁਨੀਆਂ ਦੇ ਨਾਲ ਸੁੰਦਰਤਾ ਦਾ ਜੋ ਪੈਮਾਨਾ ਬਦਲਿਆ ਹੈ ਉਸਨੇ ਔਰਤਾਂ ਦੀ ਸੋਚ ਦਾ ਪੈਮਾਨਾ ਵੀ ਬਦਲ ਦਿੱਤਾ ਹੈ। ਪਰ ਇਥੇ ਇਹ ਗੱਲ ਵਿਚਾਰਨਯੋਗ ਹੈ ਕਿ ਆਖਰ ਸੁੰਦਰਤਾ ਦੇ ਕਿਸ ਮਾਪਦੰਡ 'ਤੇ ਕਿਸ ਮਾਪਦੰਡ 'ਚ ਖਰੀਆਂ ਉਤਰਨ 'ਚ ਲੱਗੀਆਂ ਹਨ। ਉਹ ਉਸ ਮਾਪਦੰਡ ਦੇ ਜਿਸ ਨੂੰ ਬਦਲੇ ਜ਼ਮਾਨੇ ਦੇ ਪ੍ਰਭੂਤਵਸ਼ਾਲੀ ਲੋਕਾਂ ਨੇ ਅਤੇ ਪੁਰਸ਼ਾਂ ਨੇ ਤਹਿ ਕੀਤੇ ਹਨ। ਉਹ ਅੱਜ ਕੁਝ ਹੋਰ ਪੈਮਾਨੇ ਬਣਾ ਰਹੇ ਹਨ। ਕੁਝ ਹੋਰ ਬਣਾ ਲੈਣਗੇ। ਵੈਸੇ ਵੀ ਸੁੰਦਰਤਾ ਦੀ ਦੁਨੀਆਂ 'ਚ ਬਹੁਤ ਜਲਦੀ ਹੀ ਨਵੇਂ ਨੂੰ ਪੁਰਾਣਾ ਕਰਾਰ ਦੇ ਕੇ ਫਿਰ ਉਸ ਨੂੰ ਖਾਰਜ ਕਰ

ਦਿੱਤਾ ਜਾਂਦਾ ਹੈ। ਅਰਜਨਟੀਨਾ ਦੀ ਸੁੰਦਰੀ ਮੈਗਨਾਨੇ ਹੀ 15 ਸਾਲ ਪਹਿਲਾਂ ਆਪਣੇ ਦੇਸ਼ ਦੀ ਸਭ ਤੋਂ ਖ਼ੂਬਸੂਰਤ ਲੜਕੀ ਸੀ ਪਰ ਹੁਣ ਇਸ ਨੂੰ ਅਜਿਹਾ ਕਿਉਂ ਲੱਗਣ ਲੱਗਿਆ ਸੀ ਕਿ ਉਹ ਖ਼ੂਬਸੂਰਤ ਨਹੀਂ ਰਹੀ। ਕਿਉਂਕਿ ਉਸ ਨੂੰ ਸੁੰਦਰਤਾ ਦੇ ਮੰਚ 'ਤੇ ਬਣੇ ਰਹਿਣ ਲਈ ਮਰਦਾਂ ਦੀ ਚਾਹਤ ਦੇ ਅਨੁਰੂਪ ਆਪਣੀਆਂ ਵੱਖੀਆਂ ਤੇ ਕੁੱਲਿਆਂ ਨੂੰ ਸਜਾਉਣ ਦੀ ਜਰੂਰਤ ਆ ਪਈ। ਇਹ ਤਾਂ ਵਾਕਿਆ ਹੀ ਇਕ ਕਰੂਰ ਸ਼ਰਤ ਹੈ ਕਿਸੇ ਨੂੰ ਸੁੰਦਰ ਬਣਾਉਣ ਦੀ। ਅਫਸੋਸ ਇਸ ਸ਼ਰਤ ਨੂੰ ਪੂਰਾ ਕਰਨ ਲਈ ਔਰਤਾਂ ਵੀ ਪਾਗਲਾਂ ਵਾਂਗੂ ਭੱਜ ਰਹੀਆਂ ਹਨ। ਇਹ ਜਾਣਦੇ ਹੋਏ ਵੀ ਕਿ ਅਸਲੀ ਸੁੰਦਰ ਉਹ ਹੈ ਜੋ ਅੰਦਰੋਂ ਸੁੰਦਰ ਹੈ। ਦੁਨੀਆਂ ਐਸੇ ਲੋਕਾਂ ਦੇ ਹੀ ਪਿੱਛੇ ਭੱਜਦੀ ਹੈ। ਦੇਹ ਸੁੰਦਰਤਾ ਦੀ ਬਦੌਲਤ ਕੋਈ ਵੀ ਔਰਤ ਬਹੁਤ ਲੰਮੇ ਸਮੇਂ ਤਕ ਕਿਸੇ ਨੇ ਆਪਣੇ ਮੋਹ ਪਿਆਰ 'ਚ ਬੰਨ੍ਹ ਕੇ ਨਹੀਂ ਰੱਖ ਸਕਦੀ। ਨਿੱਜ ਦੀ ਸੁੰਦਰਤਾ ਇਸ ਲਈ ਜ਼ਰੂਰੀ ਹੈ ਕਵੀਨ ਐਲਜਬੈਥ ਮਦਰ ਟਰੇਸਾ ਵਰਗੀਆਂ ਹਸਤੀਆਂ ਇਸ ਦੀ ਉਦਾਹਰਣ ਹਨ। ਭਾਰਤ 'ਚ ਸਦੀਆਂ ਪੁਰਾਣੇ ਸੁੰਦਰਤਾ ਦੇ ਪ੍ਰੀਤੀ ਮਾਨ 'ਤੇ ਤਾਂ ਕੋਈ ਵੀ ਮਿਸ ਨਹੀਂ ਖੜ੍ਹੀ ਹੋ ਸਕੇਗੀ ਤਾਂ ਅੱਜ ਜੋ ਇਹ ਤਹਿ ਕਰ ਰਹੇ ਹਨ ਕਿ ਕੌਣ ਸੁੰਦਰ ਹੈ, ਕੌਣ ਨਹੀਂ, ਉਹ ਕੌਣ ਹਨ। ਜੁਆਬ ਇਹ ਹੈ ਕਿ ਇਹ ਉਹ ਲੋਕ ਹਨ ਜੋ ਕਿਸੇ ਦੇਸ਼ ਦੇ ਪ੍ਰਭੂਤਵਸ਼ਾਲੀ ਲੋਕ ਹਨ।

ਖਾਸ ਕਰਕੇ ਪੱਛਮੀ ਦੇਸ਼ਾਂ ਦੇ ਰੰਗ 'ਚ ਡੁੱਬੇ ਹੋਏ ਹਨ। ਆਪਣੀ ਤਾਕਤ ਦੇ ਜ਼ੋਰ 'ਤੇ ਇਹ ਦੁਨੀਆਂ ਨੂੰ ਸਮਝਾ ਰਹੇ ਹਨ ਕਿ ਸੁੰਦਰਤਾ ਕਿਸ ਨੂੰ ਕਹਿੰਦੇ ਹਨ। ਜਦ ਕਿ ਹਕੀਕਤ ਇਹ ਹੈ ਕਿ ਉਹਨਾਂ ਨੂੰ ਢੰਗ ਸਿਰ ਇਹ ਵੀ ਨਹੀਂ ਪਤਾ ਕਿ ਸੁੰਦਰਤਾ ਕਿਸ ਨੂੰ ਕਹਿੰਦੇ ਹਨ। ਇਲਾਕਾਈ ਵਿਵਿਧਤਾਵਾਂ ਦੇ ਦੁਆਲੇ ਉਹਨਾਂ ਨੇ ਸੁੰਦਰਤਾ ਦੀ ਇਕ ਸਟੀਰੀਓਟਾਈਪ ਛਵੀ ਮਜ਼ਬੂਤੀ ਨਾਲ ਸਥਾਪਤ ਕਰ ਦਿੱਤੀ ਹੈ ਅਤੇ ਇਹ ਇਕ ਰੂਪ ਛਵੀ ਨੂੰ ਹਾਸਲ ਕਰਨਾ ਔਰਤਾਂ ਨੇ ਆਪਣੇ ਜੀਵਨ ਦਾ ਟੀਚਾ ਬਣਾ ਲਿਆ ਹੈ। ਮਰਦ ਸਮਾਜ ਵੀ ਉਸ ਨੂੰ ਗਤੀ ਦੇਣ 'ਚ ਕਾਰਕ ਬਣਿਆ ਹੋਇਆ ਹੈ। ਉਹ ਲਗਾਤਾਰ ਭੱਜ ਰਹੇ ਹਨ ਇਕ ਮਰੀਚਿਕਾ ਪਿੱਛੇ। ਸਰੀਰ ਦੀ ਖ਼ੂਬਸੂਰਤੀ ਦੀ ਇਸ ਹੱਦ ਤਕ ਉਪਾਸਨਾ ਭੋਗਵਾਦੀ ਤੇ ਭੌਤਿਕ ਸੁੱਖਾਂ ਵੱਲ ਭੱਜਣ ਦੀ ਸੰਸਕ੍ਰਿਤੀ ਦੀ ਹੀ ਮਿਸਾਲ ਹੈ। ਭੌਤਿਕ ਸੁਹੱਪਣ ਦੀ ਉਪਾਸਨਾ ਕਿਤੇ ਸਾਡੇ ਪਤਨ ਦਾ ਕਾਰਨ ਨਾ ਬਣ ਜਾਵੇ। ਸਾਵਧਾਨ ਰਹਿਣ ਦੀ ਲੋੜ ਹੈ। ਇਹ ਦੌੜ ਘਰ ਪਰਿਵਾਰ 'ਚ ਜਾਰੀ ਹੈ।

--------✪✪--------

# ਕੀ ਅਮਰੀਕਾ ਆਪਣੇ ਹਿੱਤ ਪੂਰ ਰਿਹਾ ਹੈ?

ਪਾਕਿਸਤਾਨ ਦੀ ਅੰਦਰੂਨੀ ਸਥਿਤੀ ਦੀ ਸਮਝ ਰੱਖਣ ਵਾਲੇ ਲੋਕ ਡੇਵਿਡ ਕਿਲਕੁਲਿਨ ਨਾਂ ਨੂੰ ਜਾਣਦੇ ਹੋਣਗੇ। ਅਮਰੀਕੀ ਫੌਜੀ ਸਲਾਹਕਾਰ ਡੇਵਿਡ ਕਿਲਕੁਲੇਨ ਉਸ ਵਕਤ ਚਰਚ ਵਿਚ ਆਏ ਜਦ ਉਹਨਾਂ ਨੇ ਕਿਹਾ ਕਿ 'ਅਗਲੇ ਛੇ ਮਹੀਨਿਆਂ 'ਚ ਪਾਕਿਸਤਾਨ ਖਤਮ ਹੋ ਜਾਵੇਗਾ। ਜਾਂ ਤਾਂ ਉਥੇ ਤਾਲਿਬਾਨ ਦਾ ਕਬਜਾ ਹੋ ਜਾਵੇਗਾ। ਜਾਂ ਕਿ ਹੋਰ ਤਰੀਕੇ ਨਾਲ ਉਥੋਂ ਦੀ ਲੋਕ ਤੰਤਰ ਵਿਵਸਥਾ ਖਤਮ ਹੋ ਜਾਵੇਗੀ। ਲੋਕਤੰਤਰਿਕ ਵਿਵਸਥਾ ਦੇ ਢਹਿੰਦਿਆਂ ਹੀ ਆਰਥਿਕ, ਰਾਜਸੀ ਤੇ ਸਮਾਜਿਕ ਪੱਧਰ 'ਤੇ ਪਾਕਿਸਤਾਨ ਟੁਕੜੇ-ਟੁਕੜੇ ਹੋ ਜਾਵੇਗਾ। ਇਸ ਦੇਸ਼ ਦਾ ਨਾਂ ਸੰਸਾਰ ਦੇ ਨਕਸ਼ੇ ਤੋਂ ਸਦਾ ਲਈ ਮਿਟ ਜਾਵੇਗਾ।'

ਕਲਕੁਲਿਨ ਦਾ ਇਹ ਬਿਆਨ ਮਾਰਚ 2009 'ਚ ਆਇਆ ਸੀ। ਲੋਕ ਇਸ ਭਵਿੱਖਬਾਣੀ ਨੂੰ ਸੱਚ ਮੰਨ ਰਹੇ ਸਨ। ਪਰ ਛੇ ਮਹੀਨੇ ਤੋਂ ਵੱਧ ਵਕਤ ਬੀਤ ਚੁੱਕਿਆ ਹੈ। ਐਸਾ ਕੁਝ ਨਹੀਂ ਹੋਇਆ। ਇਸ ਦੌਰਾਨ ਪਾਕਿਸਤਾਨ 'ਚ ਵੱਡੇ ਪੈਮਾਨੇ 'ਤੇ ਦਹਿਸ਼ਤਗਰਦ ਹਮਲੇ ਜ਼ਰੂਰ ਹੋਏ ਹਨ। ਸੱਚ ਤਾਂ ਇਹ ਹੈ ਕਿ ਦਹਿਸ਼ਤਗਰਦ ਰੋਜ਼ਾਨਾ ਹਮਲੇ ਕਰ ਰਹੇ ਹਨ। ਪਰ ਪਾਕਿਸਤਾਨੀ ਦਾ ਵਜੂਦ ਕਾਇਮ ਹੈ। ਉਥੇ ਦੂਜੇ ਪਾਸੇ ਪਾਕਿਸਤਾਨੀ ਫੌਜ ਨੂੰ ਵੱਡੀ ਸਫ਼ਲਤਾ ਵੀ ਮਿਲੀ ਹੈ। ਸੈਨਾ ਨੇ ਸਵਾਤ ਘਾਟੀ ਤੋਂ ਤਾਲਿਬਾਨ ਦਾ ਸਫਾਇਆ ਕਰ ਦਿੱਤਾ ਹੈ ਅਤੇ ਹੁਣ ਦੱਖਣੀ ਬਜਰਿਸਤਾਨ ਦੇ ਆਤੰਕੀ ਠਿਕਾਣਿਆਂ ਦੀ ਵਾਰੀ ਹੈ। ਇਸ ਲਈ ਅਮਰੀਕੀ ਚਸ਼ਮੇ ਨਾਲ ਪਾਕਿਸਤਾਨ ਨੂੰ ਵੇਖਣ ਵਾਲਿਆਂ ਲਈ ਇਹ ਸਬਕ ਵਾਂਗੂੰ ਹੀ ਹੈ। ਦਰਅਸਲ ਪਾਕਿਸਤਾਨ ਹਰ ਮੁਸ਼ਕਲ ਤੋਂ ਉਭਰਨ 'ਚ ਸਮਰੱਥ ਹੈ। ਉਹ ਵੀ ਇਕੱਲੇ ਹੀ। ਇਸ ਗੱਲ ਦੀ ਪੁਸ਼ਟੀ ਉਦੋਂ ਹੋਈ ਜਦ ਤਾਨਾਸ਼ਾਹੀ ਵਿਵਸਥਾ ਨੂੰ ਉਖਾੜ ਸੁੱਟਿਆ ਗਿਆ ਪਰ ਸਵਾਤ ਤੋਂ ਤਾਲਿਬਾਨ ਦਾ ਸਫਾਇਆ ਇਸ 'ਤੇ ਆਖਰੀ ਮੋਹਰ ਹੈ। ਆਪਣੇ ਬੂਤੇ ਹੀ ਪਾਕਿਸਤਾਨ ਨੇ ਦਹਿਸ਼ਤਗਰਦਾਂ ਨਾਲ ਮਾਰ ਸੁੱਟਿਆ ਵੈਸੇ ਅਮਰੀਕਾ ਇਸ ਵਿੱਚ ਵੀ ਆਪਣਾ ਫਾਇਦਾ ਜੋੜ ਰਿਹਾ ਹੈ। ਦੁਨੀਆਂ ਦੇ ਸਾਹਮਣੇ ਅਮਰੀਕਾ ਇਹ ਕਹਿ ਰਿਹਾ ਹੈ ਕਿ ਉਹ ਪਾਕਿਸਤਾਨ ਤੋਂ ਅੱਤਵਾਦ ਨੂੰ ਖਤਮ ਕਰਨ 'ਚ ਜੁਟਿਆ ਹੈ। ਪਰ ਸੱਚ ਇਹ ਹੈ ਕਿ ਪਾਕਿਸਤਾਨੀ ਸੈਨਾ ਆਪਣੀ ਲੜਾਈ ਇਕੱਲਿਆਂ ਲੜ ਰਹੀ ਹੈ। ਹਾਲ ਹੀ 'ਚ ਪਾਕਿਸਤਾਨ ਸਰਕਾਰ ਨੇ ਤਹਿਰੀਕ-ਏ-ਤਾਲਿਬਾਨ ਦੇ ਮੁਖੀਆਂ ਹਕੀਮੁੱਲਾ ਸਮੇਤ 19 ਦਹਿਸ਼ਤਗਰਦਾਂ ਦੇ ਸੁਰਾਗ 'ਤੇ ਇਨਾਮ ਰਾਸ਼ੀ ਦਾ ਐਲਾਨ ਕੀਤਾ ਗਿਆ ਹੈ। ਇਨਾਮੀ ਦਾ ਐਲਾਨ ਤਾਂ ਬਹੁਤ ਪਹਿਲਾਂ ਹੋ ਚੁੱਕਿਆ ਸੀ। ਇਸ ਦਫਾ ਇਸ ਨੂੰ ਵਧਾ ਕੇ 41 ਕਰੋੜ ਰੁਪਏ ਕਰ ਦਿੱਤਾ ਗਿਆ ਹੈ। ਸਰਕਾਰ ਨੇ ਇਹ ਫੈਸਲਾ ਅਮਰੀਕਾ ਦੇ ਇਸ਼ਾਰੇ 'ਤੇ ਨਹੀਂ ਲਿਆ ਹੈ ਅਤੇ ਨਾ ਹੀ ਇਸ ਵਿੱਚ ਕੋਈ ਜਲਦਬਾਜ਼ੀ ਦਿਖਾਈ ਹੈ। ਦਰਅਸਲ ਪਾਕਿਸਤਾਨ ਦੀ ਫੌਜ ਦੱਖਣੀ ਵਜੀਰਿਸਤਾਨ ਦੇ ਸਰਗੋਧਾ ਮਕੀਨ ਤੇ ਲਾਬਾ ਦੇ ਕਰੀਬ ਪਹੁੰਚ ਚੁੱਕੀ ਹੈ। ਗੌਰਤਲਬ ਹੈ ਕਿ ਸਰਗੋਦਾ ਤੇ ਮਕੀਨ 'ਚ ਸਭ ਤੋਂ ਵੱਧ ਤਾਲਿਬਾਨੀ ਦਹਿਸ਼ਤਗਰਦ ਛੁਪੇ ਹੋਏ ਹਨ। ਇਹਨਾਂ ਇਲਾਕਿਆਂ ਨੂੰ ਤਾਲਿਬਾਨ ਦਾ ਗੜ੍ਹ ਮੰਨਿਆ ਜਾਂਦਾ ਹੈ। ਇਹਨਾਂ ਇਲਾਕਿਆਂ ਦੇ ਲੋਕਾਂ ਵਿੱਚ ਵੀ ਤਾਲਿਬਾਨ ਪ੍ਰਤੀ ਖਾਸੀ ਹਮਦਰਦੀ

ਹੈ। ਅਜਿਹੇ 'ਚ ਤਾਲਿਬਾਨ ਲੜਾਕਿਆਂ ਦਾ ਪਾਕਿਸਤਾਨ ਤੋਂ ਬਚ ਕੇ ਅਫਗਾਨਿਸਤਾਨ ਭੱਜਣਾ ਮੁਮਕਿਨ ਹੈ। ਅਜਿਹਾ ਨਾ ਹੋਵੇ ਇਸ ਲਈ ਇਮਾਨੀ ਰਾਸ਼ੀ 'ਚ ਵਾਧਾ ਕੀਤਾ ਗਿਆ। ਸੂਤਰਾਂ ਮੁਤਾਬਕ ਇਸ ਦਾ ਅਸਰ ਦਿਸਣ ਲੱਗਿਆ ਹੈ। ਜਲਦੀ ਹੀ ਤਾਲਿਬਾਨ ਦੇ ਕਈ ਕਮਾਂਡੋ ਪਾਕਿਸਤਾਨ ਫੌਜ ਦੇ ਕਬਜੇ 'ਚ ਹੋਣਗੇ। ਪਿੱਛੇ ਜਿਹੇ ਹਲੇਰੀ ਕਲਿੰਟਨ ਅਮਰੀਕੀ ਵਿਦੇਸ਼ ਮੰਤਰੀ ਪਾਕਿਸਤਾਨ ਦੇ ਦੌਰੇ 'ਤੇ ਸੀ। ਅਮਰੀਕੀ ਅਧਿਕਾਰੀ ਪਾਕਿਸਤਾਨ 'ਚ ਲਗਾਤਾਰ ਕਾਨੂੰਨ ਤੋੜ ਰਹੇ ਹਨ। ਪਾਕਿਸਤਾਨ 'ਚ ਲਗਾਤਾਰ ਡ੍ਰੋਨ ਹਮਲੇ ਕਿਉਂ ਹੋ ਰਹੇ ਹਨ? ਨਾਲ ਹੋਏ ਕੈਰੀ-ਲੁਗਰ ਸਮਝੌਤੇ ਨੂੰ ਖਤਮ ਕਰਕੇ ਡ੍ਰੋਨ ਹਮਲੇ ਕਿਉਂ ਕੀਤੇ ਜਾ ਰਹੇ ਹਨ? ਹਿਲੇਰੀ ਦਾ ਦੋ ਟੁਕ ਜੁਆਬ ਸੀ ਕਿ ਅਸੀਂ ਦਹਿਸ਼ਤਗਰਦੀ ਹਰ ਹੀਲੇ ਖਤਮ ਕਰਨੀ ਹੈ। ਹਿਲੇਰੀ ਦੇ ਇਸ ਜੁਆਬ ਨੂੰ ਪਾਕਿਸਤਾਨ ਲਈ ਖਤਰਾ ਮੰਨਿਆ ਜਾ ਸਕਦਾ ਹੈ ਪਰ ਸਾਰੇ ਹੀ ਇਹ ਜੁਆਬ ਕੂਟਨੀਤੀ ਨਾਲ ਭਰੇ ਹਨ। ਇਸ ਤੋਂ ਅੰਦਾਜਾ ਲਾਇਆ ਜਾ ਸਕਦਾ ਹੈ ਕਿ ਆਖਰ ਅਮਰੀਕਾ ਕੀ ਸੋਚ ਰਿਹਾ ਹੈ। ਇਹ ਵੀ ਉਹੋ ਜਦੋਂ ਇਸ ਮੁਲਕ ਦੇ ਰਾਸ਼ਟਰਪਤੀ ਬਰਾਕ ਉਬਾਮਾ ਨੂੰ ਵਿਸ਼ਵ ਸ਼ਾਂਤੀ ਪੁਰਸਕਾਰ ਮਿਲ ਚੁੱਕਿਆ ਹੈ। ਸਾਫ ਤੌਰ 'ਤੇ ਪਾਕਿਸਤਾਨੀ ਦੀ ਬਰਬਾਦੀ ਹੀ ਅਮਰੀਕੀ ਮਕਸਦ ਹੈ। ਇਸ ਲਈ 2500 ਕਿਲੋ ਮੀਟਰ 'ਚ ਫੈਲੀ ਪਾਕਿਸਤਾਨ ਅਫਗਾਨਿਸਤਾਨ ਸੀਮਾ ਤੋਂ ਨਾਟੋ ਸੈਨਾ ਨੇ ਆਪਣੀ ਘੇਰਾਬੰਦੀ ਹਟਾ ਰੱਖੀ ਹੈ ਤਾਂ ਕਿ ਅਫਗਾਨਿਸਤਾਨ ਤੋਂ ਦਹਿਸ਼ਤਗਰਦ ਬੇਖੌਫ ਹੋ ਕੇ ਪਾਕਿਸਤਨ 'ਚ ਘੁਸਣ ਅਤੇ ਦਹਿਸ਼ਤ ਫੈਲਾਉਣ ਇਸ ਸੀਮਾ ਤੋਂ ਰੋਜ਼ਾਨਾ 20 ਹਜ਼ਾਰ ਗੱਡੀਆਂ ਦੀ ਆਵਾਜਾਈ ਹੋ ਰਹੀ ਹੈ। 350 ਤੋਂ ਵੱਧ ਗੈਰਕਾਨੂੰਨੀ ਇਟ੍ਰੀਗੇਟ ਬਣੇ ਹੋਏ ਹਨ ਜੋ ਪਹਿਲਾਂ ਨਹੀਂ ਸਨ। ਬਹੁਤੇ ਲੋਕ ਇਹ ਸੁਆਲ ਕਰਦੇ ਹਨ ਕਿ ਫਾਟਾ ਅਤੇ ਬਲੋਚਿਸਤਾਨ 'ਚ 2002 ਤੋਂ ਪਹਿਲਾਂ ਦਹਿਸ਼ਤਗਰਦ ਕਿਉਂ ਨਹੀਂ ਸਨ। ਜੁਆਬ ਇਹ ਹੈ ਕਿ ਦਹਿਸ਼ਤਗਰਦ ਅਫਗਾਨ ਸਰਹੱਦ ਤੋਂ ਘੁਸਦੇ ਹਨ। ਜਿਥੇ ਅਮਰੀਕਾ ਫੌਜ ਦਾ ਕਬਜਾ ਹੈ ਜਿਥੇ ਅਮਰੀਕੀ ਫੌਜ ਦਾ ਕਬਜਾ ਹੈ। ਸਾਫ ਇਹ ਹੈ ਕਿ ਪਾਕਿਸਤਾਨ ਵਿੱਚ ਦਹਿਸ਼ਤਗਰਦੀ ਅਮਰੀਕਾ ਦੇ ਇਸ਼ਾਰੇ 'ਤੇ ਹੋ ਰਹੀ ਹੈ। ਇਸ ਨੂੰ ਅਮਰੀਕਾ ਪ੍ਰਯੋਜਿਤ ਦਹਿਸ਼ਤਗਰਦੀ ਕਿਹਾ ਜਾ ਸਕਦਾ ਹੈ।

ਹਾਲਾਂਕਿ ਸਾਡੇ ਮੁਲਕ ਦੀ ਤਰਫੋਂ ਬਿਆਨ ਆ ਰਿਹਾ ਹੈ ਕਿ ਪਾਕਿਸਤਾਨ 'ਚ ਅੱਤਵਾਦੀ ਹਮਲੇ ਭਾਰਤ ਦੇ ਇਸ਼ਾਰੇ 'ਤੇ ਹੋ ਰਹੇ ਹਨ। ਇਸ ਨੂੰ ਬਲੂਚ ਬਗਾਵਤ 'ਚ ਭਾਰਤ ਦੇ ਹੱਥ ਦੀ ਅਗਲੀ ਕੜੀ ਵਜੋਂ ਵੇਖਿਆ ਜਾ ਸਕਦਾ ਹੈ। ਪਰ ਇਸ ਬਿਆਨ ਦਾ ਕੋਈ ਮਤਲਬ ਨਹੀਂ ਬਣਦਾ ਹੈ। ਇਸ ਨਾਲ ਪਾਕਿ ਵਿਸ਼ਵੀ ਭਾਈਚਾਰੇ ਦੇ ਸਾਹਮਣੇ ਆਪਣੀ ਸ਼ਾਖ 'ਤੇ ਬੱਟਾ ਲਗਾ ਰਿਹਾ ਹੈ। ਅਮਰੀਕੀ ਕਰਤੂਤਾਂ ਨੂੰ ਭਾਰਤ ਉਪਰ ਠੋਸਣ ਨਾਲ ਲੋਕਾਂ 'ਚ ਗਲਤਫਹਿਮੀ ਪੈਦਾ ਕੀਤੀ ਜਾ ਸਕਦੀ ਹੈ। ਪਰ ਇਸ ਨਾਲ ਪਾਕਿਸਤਾਨ ਦੀ ਬੇਹਤਰੀ ਮੁਮਕਿਨ ਨਹੀਂ ਹੈ। ਇਸ ਨਾਲ ਏਧਰ ਇਸ ਤਰ੍ਹਾਂ ਦੇ ਬਿਆਨ ਨਾਲ ਭਾਰਤ-ਪਾਕਿਸਤਾਨ ਸਬੰਧ ਨਾਜੁਕ ਮੋੜ 'ਤੇ ਪਹੁੰਚ ਸਕਦੇ ਹਨ। ਦੋਹਾਂ ਮੁਲਕਾਂ ਨੇ ਕੋਈ ਘੱਟ ਜ਼ਖ਼ਮ ਨਹੀਂ ਦੇਖੇ ਹਨ। ਇਸ ਲਈ ਅਮਰੀਕਾ ਦੀ ਸ਼ਹਿ 'ਤੇ ਪਾਕਿਸਤਾਨੀ ਹੁਕਮਰਾਨ ਬਿਆਨਬਾਜ਼ੀ ਨਾ ਕਰਨ। ਹਾਲ ਦੀ ਘੜੀ ਪਾਕਿਸਤਾਨ 'ਚ ਅੰਦਰ ਜੋ ਅੰਦਰੂਨੀ ਜੰਗ ਛਿੜੀ ਹੋਈ ਹੈ। ਉਹ ਪਾਕਿਸਤਾਨ ਤੇ ਏਸ਼ੀਆ ਲਈ ਠੀਕ ਨਹੀਂ ਹਨ। ਪਾਕਿਸਤਾਨ ਦੁਨੀਆਂ ਦੀ ਸਭ ਤੋਂ ਅਹਿਮ ਰਾਜਸੀ-ਭੂਗੋਲਿਕ ਖੇਤਰ

’ਚ ਸਥਿਤ ਹੈ। ਇਸ ਦੇ ਗੁਆਂਢੀ ਦੇਸ਼ ਅਫਗਾਨਿਸਤਾਨ, ਈਰਾਨ, ਚੀਨ ਤੇ ਭਾਰਤ ਹਨ। ਭਾਰਤ ਦੇ ਨਾਲ ਪਾਕਿਸਤਾਨ ਦੇ ਬੇਹਤਰ ਸਬੰਧ ਨਹੀਂ ਹਨ। ਇਕ ਜੈਸੇ ਲੋਕ ਹਨ, ਇਕ ਜੈਸੀ ਜਮੀਂ ਹੋਣ ਦੇ ਬਾਵਜੂਦ ਦੋਨੋਂ ਤਰਫੋਂ ਆਰੋਪ ਪ੍ਰਤੀਆਰੋਪ ਦਾ ਦੌਰ ਜਾਰੀ ਹੈ। ਇਸ ਨੂੰ ਦੋਨੋਂ ਦੇਸ਼ਾਂ ਦੀ ਕਮਜ਼ੋਰੀ ਵਜੋਂ ਵੇਖਿਆ ਜਾ ਸਕਦਾ ਹੈ।

ਹੁਣ ਵਿਸ਼ਵੀ ਭਾਈਚਾਰੇ ਨੂੰ ਇਹ ਮੰਨ ਲੈਣਾ ਚਾਹੀਦਾ ਹੈ ਕਿ ਅਮਰੀਕਾ ਚਾਹੁੰਦਾ ਹੈ ਅਫਗਾਨਿਸਤਾਨ ’ਚ ਅਸਥਿਰਤਾ ਕਾਇਮ ਰਹੇ। ਚੀਨ ਸਾਡੇ ਮੁਲਕ ਨਾਲੋਂ ਅੱਗੇ ਲੰਘ ਚੁੱਕਿਆ ਹੈ। ਉਸ ਦੀਆਂ ਜ਼ਰੂਰਤਾਂ ਲਾਲਸਾਵਾਂ ਅਲੱਗ ਹਨ। ਪਰ ਏਸ਼ੀਆ ਦੇ ਇਸ ਦੱਖਣੀ ਖੇਤਰ ਨੂੰ ਧਿਆਨ ਵੇਖੀਏ ਤਾਂ ਲੱਗਦਾ ਹੈ ਕਿ ਇਕ ਗੱਲ ਸਭ ਦੇਸ਼ਾਂ ’ਤੇ ਲਾਗੂ ਹੋ ਰਹੀ ਹੈ। ਉਹ ਹੈ ਅਮਰੀਕੀ ਨਜ਼ਰ। ਅਮਰੀਕਾ ਇਹਨਾਂ ਸਾਰੇ ਮੁਲਕਾਂ ’ਤੇ ਨਜ਼ਰ ਰੱਖਦਿਆਂ ਆਪਣੀ ਪੈਂਠ ਬਣਾ ਰਿਹਾ ਹੈ ਅਤੇ ਦਖਲਅੰਦਾਜ਼ੀ ਕਰਨ ਦੀ ਕੋਸ਼ਿਸ਼ ’ਚ ਜੁਟਿਆ ਹੈ। ਆਖਰ ਕਿਉਂ ਅਮਰੀਕਾ ਵਾਰ ਵਾਰ ਇਰਾਨ ਨੂੰ ਧਮਕੀ ਦਿੰਦਾ ਹੈ। ਕਿਉਂ ਪਾਕਿਸਤਾਨ ’ਚ ਡ੍ਰੋਨ ਹਮਲੇ ਹੋ ਰਹੇ ਹਨ? ਕਿਉਂ ਭਾਰਤ ਦੀ ਵਿਦੇਸ਼ ਨੀਤੀ ਅਮਰੀਕਾ ਕੇਂਦਰਿਤ ਬਣਦੀ ਜਾ ਰਹੀ ਹੈ? ਕਿਉਂ ਅਫਗਾਨਿਸਤਾਨ ਦੀ ਜ਼ਮੀਨ ਦੀ ਵਰਤੋਂ ਅਮਰੀਕਾ ਕਰ ਰਿਹਾ ਹੈ? ਦਰਅਸਲ ਇਹਨਾਂ ਸਾਰੇ ਸੁਆਲਾਂ ਦਾ ਜੁਆਬ ਇਕੋ ਹੀ ਹੈ। ਅਮਰੀਕਾ ਆਪਣਾ ਹਿੱਤ ਪੂਰੇ ਕਰ ਰਿਹਾ ਹੈ। ਇਹਨਾਂ ਮੁਲਕਾਂ ’ਚ ਕਮਿਊਨੀਕੇਸ਼ਨ ਗੈਪ ਬਣਾ ਕੇ ਗਲਤ ਫਹਿਮੀ ਫੈਲਾ ਕੇ ਤਣਾਅ ਦਾ ਮਾਹੌਲ ਪੈਦਾ ਕਰਕੇ ਉਹ ਆਪਣੇ ਹਥਿਆਰਾਂ ਨੂੰ ਖਪਾਉਣਾ ਚਾਹੁੰਦਾ ਹੈ। ਕੀ ਇਹਨਾਂ ਮੁਲਕਾਂ ਦਾ ਇਹ ਫਰਜ਼ ਨਹੀਂ ਬਣਦਾ ਕਿ ਆਪਸੀ ਮਤਭੇਦ ਭੁਲਾ ਕੇ ਇਸ ਤੇ ਆਮ ਰਾਇ ਬਣਾਉਣ।

--------✪✪--------

# ਸ਼ਿਕੰਜੇ 'ਚ ਫਸੇ ਕਿਵੇਂ ਆਸਾਰਾਮ ਬਾਪੂ?

ਆਸਾਰਾਮ ਤੇ ਵਿਵਾਦ ਦਾ ਜੌੜੇ ਭਰਾਵਾਂ ਵਰਗਾ ਰਿਸ਼ਤਾ ਹੈ। ਦੇਸ਼ ਭਰ 'ਚ ਚੇਲਿਆਂ ਦੀ ਭਾਰੀ ਗਿਣਤੀ ਵਾਲੇ ਗੁਰੂ ਦਾ ਜੀਵਨ ਝਮੇਲਿਆਂ 'ਚ ਘਿਰਿਆ ਰਿਹਾ ਹੈ। ਉਹਨਾਂ 'ਤੇ ਹਰ ਤਰ੍ਹਾਂ ਦੇ ਦੋਸ਼ ਲੱਗ ਚੁੱਕੇ ਹਨ। ਸੈਕਸ ਦੇ ਭੁੱਖੇ ਸਾਧੂ, ਜ਼ਮੀਨ ਹੜੱਪਣ ਵਾਲੇ। ਸਫੈਦ ਪੋਸ਼ ਅਪਰਾਧੀਆਂ ਦੇ ਨੇਤਾ ਅਤੇ ਖੌਫਨਾਕ ਤੰਤਰਿਕ ਆਦਿ ਇਹ ਸਾਰੇ ਦੋਸ਼ ਉਸ ਦੇ ਸਾਬਕਾ ਚੇਲਿਆਂ ਨੇ ਲਾਏ ਹਨ। ਜੋ ਵਿਅਕਤੀਗਤ ਜਾਂ ਨੈਤਿਕ ਅਧਾਰ 'ਤੇ ਉਹਨਾਂ ਤੋਂ ਨਾਤਾ ਤੋੜ ਚੁੱਕੇ ਹਨ। ਅਤੇ ਆਪਣੇ ਦੋਸ਼ਾਂ ਦੀ ਪੁਸ਼ਟੀ 'ਚ ਉਹਨਾਂ ਨੇ ਕੁੱਝ ਸਬੂਤ ਦਿੱਤੇ ਹਨ। ਪਰ ਬਾਪੂ ਆਪਣੀ ਉੱਚੀ ਪਹੁੰਚ ਤੋਂ ਇਲਾਵਾ ਚਲਾਕੀ ਤਿਕੜਮਾ ਤੇ ਲਫਾਜ਼ੀ ਦੀ ਬਦੌਲਤ ਉਹਨਾਂ ਤੋਂ ਬਚੇ ਆਏ ਹਨ।

ਪਰ ਪਿਛਲੇ ਹਫਤੇ 69 ਸਾਲਾਂ ਗੁਰੂ ਆਖਰ ਜਾਲ 'ਚ ਫਸ ਹੀ ਗਏ। ਜਦ ਅਹਿਮਦਾਬਾਦ ਪੁਲਸ ਨੇ ਉਹਨਾਂ ਖਿਲਾਫ ਆਪਣੇ ਗੁੰਡਿਆਂ ਰਾਹੀਂ ਸਾਬਕਾ ਚੇਲੇ ਰਾਜੂ ਚੰਡਾਕ ਦੀ ਹੱਤਿਆ ਦੀ ਕੋਸ਼ਿਸ਼ ਰਚਨ ਦੇ ਦੋਸ਼ 'ਚ ਐਫ. ਆਈ. ਆਰ. ਦਰਜ ਕੀਤੀ। ਆਸਾਰਾਮ ਲਈ ਮੁਸ਼ਕਲ ਇਹ ਵੀ ਹੋ ਗਈ ਹੈ ਕਿ ਗੁਜਰਾਤ ਹਾਈਕੋਰਟ ਨੇ ਇਹ ਐਫ. ਆਈ. ਆਰ. ਰੱਦ ਕਰਨ ਲਈ ਲਾਈ ਉਹਨਾਂ ਦੀ ਪਟੀਸ਼ਨ ਵੀ ਰੱਦ ਕਰ ਦਿੱਤੀ ਹੈ। ਕਦੀ ਉਸ ਦੀ ਸੱਜੀ ਬਾਂਹ ਰਿਹਾ ਰਾਜੂ ਚਾਂਡਕ ਕੁਝ ਸਾਲਾ ਪਹਿਲਾਂ ਉਹਨਾਂ ਤੋਂ ਵੱਖ ਹੋਣ ਪਿੱਛੋਂ ਬਾਪੂ ਨੂੰ "ਆਪਣੇ ਚੇਲਿਆਂ ਨੂੰ ਧੋਖਾ ਦੇਣ ਵਾਲੇ। ਅਨੈਤਿਕ ਆਚਾਰ ਵਰਤਾਅ ਵਾਲੇ ਪਾਖੰਡੀ ਗੁਰੂ" ਵਜੋਂ ਪ੍ਰਚਾਰਿਤ ਕਰ ਰਿਹਾ ਸੀ। ਚਾਂਡਕ ਨੇ ਪਿਛਲੇ ਸਾਲ ਜੁਲਾਈ 'ਚ ਅਹਿਮਦਾਬਾਦ 'ਚ ਆਸਾਰਾਮ ਸਕੂਲ ਮੈਨੇਜਮੇਂਟ 'ਚ ਦੋ ਬੱਚਿਆਂ ਦੀ ਰਹੱਸਮਈ ਮੌਤ ਦੀ ਜਾਂਚ ਕਰ ਰਹੇ ਨਿਆਮੂਰਤੀ ਤ੍ਰਿਵੇਦੀ ਕਮਿਸ਼ਨ 'ਚ ਪਿੱਛੇ ਜਿਹੇ ਹੀ ਆਸਾਰਾਮ ਖਿਲਾਫ ਖੁੱਲ੍ਹ ਕੇ ਗਵਾਹੀ ਦਿੱਤੀ ਸੀ। ਪਿਛਲੇ ਹਫਤੇ ਚਾਂਡਕ ਅਹਿਮਦਾਬਾਦ 'ਚ ਦੁਪਹਿਆ ਸਕੂਟਰ 'ਤੇ ਆਪਣੇ ਘਰ ਵਾਪਸ ਆ ਰਿਹਾ ਸੀ ਕਿ ਦੋ ਅਨਜਾਣ ਵਿਅਕਤੀਆਂ ਨੇ ਦੁਪਹਿਆ 'ਤੇ ਹੀ ਉਸ ਦਾ ਪਿੱਛਾ ਕਰਕੇ ਉਸ ਨੂੰ ਗੋਲੀ ਮਾਰ ਦਿੱਤੀ। ਘਾਤਕ ਹਮਲੇ ਤੋਂ ਬਚ ਨਿਕਲੇ ਚਾਂਡਕ ਨੇ ਦੋਸ਼ ਲਾਇਆ ਕਿ ਦੋਸ਼ੀ ਆਸਾਰਾਮ ਨੇ ਆਪਣੇ ਗੁੰਡਿਆਂ ਤੇ ਲੱਠਮਾਰਾਂ ਰਾਹੀਂ ਉਸ ਦੀ ਹੱਤਿਆ ਕਰਕੇ ਹਮੇਸ਼ਾ ਲਈ ਉਸ ਨੂੰ ਆਪਣੇ ਰਾਹ ਤੋਂ ਹਟਾਉਣ ਦੀ ਕੋਸ਼ਿਸ਼ ਕੀਤੀ। ਦੋਸ਼ ਨੂੰ ਇਸ ਤੱਥ ਨਾਲ ਵੀ ਬਲ ਮਿਲਦਾ ਹੈ ਕਿ ਹਮਲੇ ਤੋਂ ਇਕ ਹਫਤਾ ਪਹਿਲਾਂ ਦਿੱਲੀ 'ਚ ਇਕ ਪ੍ਰਵਚਨ ਦੌਰਾਨ ਆਸਾਰਾਮ ਨੇ ਆਪਣੇ ਖਿਲਾਫ ਮੁਹਿੰਮ ਚਲਾ ਰਹੇ ਲੋਕਾਂ ਨੂੰ ਖੁੱਲ੍ਹੇਆਮ ਧਮਕੀ ਦਿੱਤੀ ਸੀ, ਧਮਕੀ ਨੂੰ ਵੀਡੀਓ ਸੀਡੀ 'ਚ ਰਿਕਾਰਡ ਕੀਤਾ ਗਿਆ ਹੈ। ਜਿਸ 'ਚ ਆਸਾਰਾਮ ਨੂੰ ਇਹ ਕਹਿੰਦੇ ਸੁਣਿਆ ਜਾ ਸਕਦਾ ਹੈ ਕਿ "ਮੁੱਖ ਮੰਤਰੀ ਅਤੇ ਇਕ ਗੈਂਗਸਟਰ ਅਖਬਾਰ (ਉਹਨਾਂ ਦਾ ਸੰਕੇਤ ਨਰੇਂਦਰ ਮੋਦੀ ਵੱਲ ਹੈ, ਜਿਹਨਾਂ ਦੀ ਸਰਕਾਰ ਨੇ ਹਾਲ ਵਿੱਚ ਆਸਾਰਾਮ ਦੇ ਨਜਾਇਜ਼ ਤੌਰ ਤਰੀਕਿਆਂ ਪ੍ਰਤੀ ਕੌੜਾ ਹਵੱਈਆ ਅਪਣਾਇਆ ਅਤੇ ਇਕ ਸਥਾਨਕ ਅਖਬਾਰ ਨੇ ਵਾਰ ਵਾਰ ਉਹਨਾਂ ਖਿਲਾਫ ਠੋਸ ਸਬੂਤ ਪੇਸ਼ ਕਰਕੇ ਉਹਨਾਂ ਨੂੰ ਬੇਨਕਾਬ ਕੀਤਾ) ਮੇਰੇ ਖਿਲਾਫ ਮੁਹਿੰਮ ਚਲਾ ਰਹੇ ਹਨ,

ਜੋ ਲੋਕ ਉਹਨਾਂ ਦੀ ਮਦਦ ਕਰ ਰਹੇ ਹਨ, ਉਹਨਾਂ ਨੇ ਤਿੰਨ ਜਾਂ ਚਾਰ ਦਿਨ ਅੰਦਰ ਜਾਂ ਵੱਧ ਤੋਂ ਵੱਧ ਮਹੀਨਾ ਭਰ 'ਚ ਆਪਣੀ ਕਰਨੀ ਦਾ ਫਲ ਮਿਲ ਜਾਵੇਗਾ ਨਹੀਂ ਤਾਂ ਮੈਂ ਉਹਨਾਂ ਦਾ ਚਪੜਾਸੀ ਬਣਨ ਨੂੰ ਤਿਆਰ ਹਾਂ।" ਆਸਾਰਾਮ ਦੀ ਜਨ ਸੰਪਰਕ ਅਧਿਕਾਰੀ ਨੀਲਮ ਦੁਬੇ ਦੀ ਪ੍ਰਤੀਕਿਰਿਆ ਸੀ "ਬਾਪੂ ਖਿਲਾਫ ਸਾਜ਼ਿਸ਼ ਦੇ ਹੋਰ ਸਬੂਤ ਮਿਲਦੇ ਜਾ ਰਹੇ ਹਨ। ਉਹ ਬੇਈਮਾਨ ਤੱਤਾਂ ਦੇ ਨਜਾਇਜ਼ ਦਬਾਅ ਅੱਗੇ ਨਾ ਝੁਕਣ ਦੀ ਕੀਮਤ ਚੁਕਾ ਰਹੇ ਹਨ। ਅਸੀਂ ਸਾਜ਼ਿਸ਼ਕਾਰੀਆਂ ਨੂੰ ਸਾਹਮਣੇ ਲਿਆਉਣ ਲਈ ਚਾਂਡਕ 'ਤੇ ਹਮਲੇ ਦੀ ਸੀ. ਬੀ. ਆਈ. ਜਾਂਚ ਕਰਵਾਈ ਜਾਣੀ ਚਾਹੀਦੀ ਹੈ।" ਪਿੱਛੋਂ ਉਸ ਗੁਰੂ ਦੇ ਚੇਲੇ ਇਸ ਹੱਦ ਤਕ ਗਿਰ ਗਏ ਕਿ ਉਸ ਨੇ ਰਾਜ ਦੇ ਪੁਲਸ ਮਹਾਂਨਿਰਦੇਸ਼ਕ ਸੁਬੀਰ ਹੁਸੈਨ ਖੰਡਵਾਵਾਲਾ ਨੂੰ ਆਸਾਰਾਮ ਖਿਲਾਫ ਸਾਜ਼ਿਸ਼ ਰਚਨ ਵਾਲਾ ਕਰਾਰ ਦੇ ਦਿੱਤਾ। ਇਸ ਕੇਸ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਗਈ ਪਰ ਮੋਦੀ ਜ਼ਰਾ ਵੀ ਉਤੇਜਿਤ ਨਹੀਂ ਹੋਏ ਅਤੇ ਚੁੱਪ ਧਾਰ ਕੇ ਰੱਖਦਿਆਂ ਰਾਜ ਪੁਲਸ ਨੂੰ ਆਪਣਾ ਕੰਮ ਜਾਰੀ ਰੱਖਣ ਦਿੱਤਾ। ਜੁਲਾਈ 2007 ਵਿੱਚ ਅਹਿਮਦਾਬਾਦ 'ਚ ਆਸਾਰਾਮ ਦੇ ਆਸਾਰਾਮ ਦੇ ਤੰਤਰਿਕਾਂ ਵੱਲੋਂ ਮਾਰ ਦਿੱਤੇ ਜਾਣ ਵਾਲੇ ਦੋ ਬੱਚਿਆਂ ਵਿੱਚੋਂ ਇਕ 10 ਸਾਲਾ ਦੀ ਪੇਸ਼ ਦੇ ਪਿਤਾ ਪ੍ਰਫੁੱਲ ਵਘੇਲਾ ਕਹਿੰਦੇ ਹਨ, 'ਆਸਾਰਾਮ ਨੂੰ ਆਪਣੇ ਕੁਕਰਮ ਦਾ ਫਲ ਚੁਕਾਉਣਾ ਪਵੇਗਾ। ਆਸਾਰਾਮ ਜਾਂ ਉਸ ਦੇ ਕਿਸੇ ਚੇਲੇ ਨੇ ਤਾਂਤਰਿਕ ਸੰਸਥਾ ਲਈ ਮੇਰੇ ਬੇਟੇ ਦੀ ਪੇਸ਼ ਤੇ ਭਤੀਜੇ ਅਭਿਸ਼ੇਕ ਦੀ ਬਲੀ ਚੜ੍ਹਾਈ ਹੈ। ਸਮੋਹਨ ਸ਼ਕਤੀਆਂ ਅਰਜਿਤ ਕਰਨ ਲਈ ਉਹ ਅਰਸੇ ਤੋਂ ਅਜਿਹਾ ਕਰਦੇ ਆ ਰਹੇ ਹਨ।"

5 ਜੁਲਾਈ 2007 ਨੂੰ ਸਾਬਰਮਤੀ ਦੇ ਕੰਢੇ 'ਤੇ ਦੀ ਪੇਸ਼ ਅਤੇ ਅਭਿਸ਼ੇਕ ਦੀਆਂ ਲਾਸ਼ਾਂ ਬਰਾਮਦ ਹੋਈਆਂ। ਲਾਸਾਂ ਕੋਲ ਤਾਂਤਰਿਕ ਸਾਧੂਆਂ ਵੱਲੋਂ ਵਰਤੀ ਜਾਣ ਵਾਲੀ ਸਮੱਗਰੀ ਵੀ ਮਿਲੀ ਸੀ। ਦੋਨੋਂ ਬੱਚੇ 3 ਜੁਲਾਈ ਦੀ ਰਾਤ ਤੋਂ ਹੀ ਆਸ਼ਰਮ ਹੋਸਟਲ ਤੋਂ ਗਾਇਬ ਸਨ। ਤਾਂਤਰਿਕ ਸਮੱਗਰੀ ਦੀ ਬਰਾਮਦ ਤੋਂ ਅਰੋਧ ਲੱਗਿਆ ਕਿ ਬੱਚਿਆਂ ਨੂੰ ਆਸ਼ਰਮ 'ਚ ਤਾਂਤਰਿਕਾ ਨੇ ਮਾਰਿਆ ਹੈ। ਸਥਾਨਕ ਪੁਲਸ ਦੇ ਗੈਰ ਪੇਸ਼ੇਵਰ ਰਵੱਈਏ ਕਾਰਨ ਕਈ ਸੁਰਾਗ ਛੁੱਟ ਗਏ ਅਤੇ ਇਸ ਨੇ ਅੱਗੇ 'ਤੇ ਤੇਲ ਦਾ ਕੰਮ ਕੀਤਾ ਕਿਉਂਕਿ ਲੋਕਾਂ ਦਾ ਦੋਸ਼ ਸੀ ਕਿ ਸਰਕਾਰ ਆਸਾਰਾਮ ਨੂੰ ਬਚਾ ਰਹੀ ਹੈ। ਇਸ ਭੇਂਦਪੂਰਣ ਅਮਲ ਨਾਲ ਸਾਰੇ ਸ਼ੰਕਿਆਂ ਨੂੰ ਦੂਰ ਕਰਨ ਲਈ ਸਰਕਾਰ ਨੇ ਹਾਈ ਕੋਰਟ ਦੇ ਸੇਵਾਮੁਕਤ ਨਿਆਮੂਰਤੀ ਤ੍ਰਿਵੇਦੀ ਦੀ ਪ੍ਰਧਾਨਗੀ ਹੇਠ ਇਕ ਜਾਂਚ ਕਮਿਸ਼ਨ ਬਿਠਾਇਆ। ਪਿੱਛੇ ਸਾਲ ਬਚਿਆ ਦੀ ਮੌਤ ਪਿਛਲੇ ਪਤਾ ਲੱਗਿਆ ਕਿ ਆਸਾਰਾਮ 5000 ਕਰੋੜ ਰੁਪਏ ਦੇ ਆਰਥਿਕ ਸਾਮਰਾਜ ਦੇ ਮਾਲਕ ਹਨ। ਇਹ ਵੀ ਕਿ ਆਸਾਰਾਮ ਤੇ ਉਹਨਾਂ ਦੇ ਚੇਲੇ ਸਰਕਾਰੀ ਤੇ ਨਿੱਜੀ ਜ਼ਮੀਨ ਹੜੱਪਣ ਵਿੱਚ ਭੋਰਾ ਵੀ ਸੰਕੋਚ ਨਹੀਂ ਕਰਦੇ ਤੇ ਫਿਰ ਕਬਜ਼ਾ ਬਣਾਈ ਰੱਖਣ ਲਈ ਹਿੰਸਾ ਅਤੇ ਗੈਰ ਕਾਨੂੰਨੀ ਤਰੀਕਿਆਂ 'ਤੇ ਉਤਰ ਆਉਂਦੇ ਹਨ। ਤ੍ਰਿਵੈਦੀ ਕਮਿਸ਼ਨ ਨੇ ਹੁਣ ਤਕ ਆਸਾਰਾਮ ਦੇ ਚੇਲਿਆਂ ਸਮੇਤ 50 ਲੋਕਾਂ ਦੇ ਬਿਆਨ ਲਏ ਹਨ। ਕਦੇ ਚੇਲੇ ਅਤੇ ਉਹਨਾਂ ਦੇ ਹੁਣ ਵਿਰੋਧੀ ਬਣ ਚੁੱਕੇ ਲੋਕਾਂ ਦਾ ਕਹਿਣਾ ਹੈ ਕਿ ਆਸਾਰਾਮ ਤੇ ਉਹਨਾਂ ਦਾ ਬੇਟਾ ਨਾਰਾਇਣ ਸਾਈਂ ਤਾਂਤਰਿਕ ਸਾਧਨਾਂ ਦਾ ਅਭਿਆਸ ਕਰਦੇ ਸਨ ਅਤੇ ਇਸ ਦੌਰਾਨ ਮਨੁੱਖੀ ਸਾਸਾਂ ਦੀ ਵੀ ਵਰਤੋਂ ਕਰਦੇ ਸਨ। ਆਸਾਰਾਮ ਦੇ ਸਾਬਕਾ ਚੇਲੇ ਕਾਂਜੀ ਭਾਈ ਪਟੇਲ ਦਾ ਕਹਿਣਾ ਸੀ ਕਿ ਉਹਨਾਂ ਨੇ ਆਸਾਰਾਮ ਨੂੰ ਇਕ ਬੱਚੇ ਦੀ ਲਾਸ਼ 'ਤੇ ਤਾਂਤਰਿਕ ਸਾਧਨਾ ਕਰਦੇ ਵੇਖਿਆ

ਸੀ। ਨਰਾਇਣ ਸਾਈਂ ਦੇ ਸਾਬਕਾ ਸਕੱਤਰ ਮਹਿੰਦਰ ਚਾਵਲਾ ਨੇ ਦੱਸਿਆ ਕਿ ਉਹਨਾਂ ਨੇ ਵੀ ਨਾਰਾਇਣ ਨੂੰ ਇਕ ਮ੍ਰਿਤਕ 'ਤੇ ਤਾਂਤਰਿਕ ਕਿਰਿਆ ਕਰਦੇ ਵੇਖਿਆ ਸੀ ਚਾਵਲਾ ਨੇ ਹੁਣ ਪੁਲਸ 'ਚ ਦੋ ਸ਼ਿਕਾਇਤਾਂ ਦਰਜ ਕਰਵਾਈਆਂ ਹਨ ਕਿ ਉਹਨਾਂ ਨੂੰ ਆਸਾਰਾਮ ਦੇ ਚੇਲਿਆਂ ਤੋਂ ਖਤਰਾ ਹੈ। ਉਹਨਾਂ ਨੇ ਕਮਿਸ਼ਨ ਨੂੰ ਦੱਸਿਆ ਕਿ ਨਾਰਾਇਣ ਨੇ ਉਹਨਾਂ ਨੂੰ ਵੀ ਤਾਂਤਰਿਕ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਉਹਨਾ ਨੇ ਮਨ੍ਹਾ ਕਰ ਦਿੱਤਾ। ਕਮਿਸ਼ਨ ਸਾਹਮਣੇ ਆਸਾਰਾਮ ਦੇ ਖਿਲਾਫ ਸਭ ਤੋਂ ਸਖਤ ਬਿਆਨ ਚਾਂਡਕ ਨੇ ਦਿੱਤਾ। ਉਹਨਾਂ ਦਾ ਕਹਿਣਾ ਸੀ ਕਿ ਉਸ ਨੇ ਜੈਪੁਰ ਨੇੜੇ ਆਸਾਰਾਮ ਦੇ ਨਿਵਾਈ ਆਸਰਮ 'ਚ ਆਸਾਰਾਮ ਨੂੰ ਇਕ ਅਣਜਾਣ ਔਰਤ ਨਾਲ ਯੌਨ ਸਬੰਧ ਬਣਾਉਂਦੇ ਹੋਇਆ ਦੇਖਣ ਪਿੱਛੋਂ ਛੇ ਸਾਲ ਪਹਿਲਾਂ ਉਹਨਾਂ ਦਾ ਸਾਥ ਛੱਡ ਦਿੱਤਾ ਸੀ, ਕਿਉਂਕਿ ਚਾਂਡਕ ਆਸਾਰਾਮ ਦਾ ਮੁੱਖ ਵਿਸ਼ਵਾਸਪਾਤਰ ਸੀ ਜਿਸ ਦੇ ਜ਼ਰੀਏ ਉਹ ਆਪਣਾ ਕਰੋੜਾਂ ਰੁਪਏ ਦਾ ਸਾਮਰਾਜ ਸੰਭਾਲਦੇ ਸਨ ਤੇ ਉਹਨਾਂ ਦਾ ਉਹ ਸਕੱਤਰ ਵੀ ਰਹਿ ਚੁੱਕਿਆ ਸੀ। ਇਸ ਲਿਹਾਜ਼ ਨਾਲ ਉਹਨਾਂ ਦਾ ਬਿਆਨ ਬਹੁਤ ਅਹਿਮ ਹੋ ਜਾਂਦਾ ਹੈ। ਚਾਂਡਕ ਨੇ ਕਿਹਾ ਕਿ ਜਦ ਉਹਨਾਂ ਨੂੰ ਪਤਾ ਲੱਗਿਆ ਕਿ ਉਹ ਇਕ ਢੋਂਗੀ ਸਾਧੂ ਦੇ ਚੇਲੇ ਹਨ ਤਾਂ ਉਹਨਾਂ ਨੇ ਆਸਾਰਾਮ ਨੂੰ ਛੱਡਣ ਦਾ ਫੈਸਲਾ ਕਰ ਲਿਆ। ਚਾਂਡਕ ਕਹਿੰਦੇ ਹਨ, "ਆਸਾਰਾਮ ਖਿਲਾਫ ਦੋਸ਼ਾਂ ਦੀ ਪੁਸ਼ਟੀ ਕਰਨ ਦਾ ਸਭ ਤੋਂ ਅੱਛਾ ਤਰੀਕਾ ਇਹ ਹੈ ਕਿ ਮੇਰਾ ਤੇ ਆਸਾਰਾਮ ਦਾ ਨਾਰਕੋ ਟੈਸਟ ਕਰਵਾਇਆ ਜਾਵੇ, ਉਸ ਨਾਲ ਸੱਚਾਈ ਸਾਹਮਣੇ ਆ ਜਾਵੇਗੀ।"

1200 ਸਤਸੰਗ ਕੇਂਦਰ 100 ਵੱਡੇ ਕੇਂਦਰ ਅਤੇ ਸੈਂਕੜੇ ਏਕੜ ਜ਼ਮੀਨ ਦਾ ਸਾਮਰਾਜ ਆਸਾਰਾਮ ਦੀ ਸਾਧਾਰਨ ਜਿਹੀ ਸ਼ੁਰੂਆਤ ਤੋਂ ਇਕ ਦਮ ਭਿੰਨ ਹੈ। ਆਸਾਰਾਮ ਨੇ 1980 ਦੇ ਦਹਾਕੇ 'ਚ ਸਾਬਰਮਤੀ ਦੇ ਕੰਢੇ ਛੋਟੀ ਜਿਹੀ ਥਾਂ ਤੋਂ ਧਾਰਮਿਕ ਪ੍ਰਵਚਨ ਦੇਣਾ ਸ਼ੁਰੂ ਕੀਤਾ ਸੀ। ਹਿੰਦੂਤਵ ਪਰਿਵਾਰ 'ਚ ਉਹਨਾਂ ਦੀ ਸ਼ਾਖ ਵਧਣ ਦਾ ਇਕ ਕਾਰਨ ਆਰ. ਐਸ. ਐਸ. ਸਮੇਤ ਹਿੰਦੂ ਸੰਗਠਨਾ ਦੇ ਹਿੰਦੂਤਵ ਨਾਲ ਜੁੜੇ ਆਯੋਜਨਾ 'ਚ ਉਹਨਾਂ ਦੇ ਭਾਰੀ ਗਿਣਤੀ 'ਚ ਮੈਂਬਰ ਜੁੜ ਸਕਦੇ ਸਨ। ਹਾਲਾਂਕਿ ਆਰ. ਐਸ. ਐਸ. ਇਸ ਤੱਥ ਤੋਂ ਵਾਕਫ ਨਹੀਂ ਸੀ ਕਿ ਆਸਾਰਾਮ ਦੇ ਪਰਿਵਾਰ ਅੰਦਰ ਕੀ ਹੋ ਰਿਹਾ ਹੈ। ਚਲਾਕ ਹੋਣ ਕਰਕੇ ਆਸਾਰਾਮ ਦੇ ਚੇਲਿਆਂ ਦੀ ਗਿਣਤੀ 'ਚ ਇਜਾਫਾ ਹੁੰਦਾ ਰਿਹਾ ਹਾਲਾਂਕਿ ਇਸ ਵਿਚ ਉਹਨਾਂ ਦੀਆਂ ਉਹਨਾਂ ਰਣਨੀਤੀਆਂ ਦਾ ਵੀ ਯੋਗਦਾਨ ਰਿਹਾ ਜੋ ਔਸਤ ਆਦਮੀ ਨੂੰ ਉਹਨਾਂ ਦਾ ਅੰਨ੍ਹਾ ਭਗਤ ਬਣਾ ਦਿੰਦੀਆਂ ਹਨ। ਇਥੋਂ ਤਕ ਕਿ ਕੋਈ ਗੁਰੂ ਦਾ ਵਿਰੋਧ ਕਰੇ ਤਾਂ ਉਹ ਹਿੰਸਕ ਵਰਤਾਅ 'ਤੇ ਉਤਾਰੂ ਹੋ ਜਾਂਦੇ ਹਨ। ਮਸਲਨ ਆਸਾਰਾਮ ਦੇ ਪ੍ਰਵਚਨ ਦੇ ਸੰਗ੍ਰਹਿ ਪੰਚਾਮ੍ਰਤ ਜੋ ਆਸਾਰਾਮ ਦੇ ਹਰ ਚੇਲਿਆਂ ਲਈ ਲਾਜਮੀ ਹਨ ਅਤੇ ਜਿਸ ਵਿਚ ਆਸਾਰਾਮ ਆਪਣੀ ਤੁਲਨਾ ਭਗਵਾਨ ਸ਼ਿਵ ਨਾਲ ਕਰਦੇ ਹਨ, ਦੇ 'ਗੁਰੂ ਭਗਤੀ ਯੋਗ' ਅਧਿਆਇ 'ਚ ਕਿਹਾ ਗਿਆ ਹੈ ਕਿ "ਆਪਣੇ ਗੁਰੂ 'ਤੇ ਸੁਆਲ ਉਠਾਉਣ ਵਾਲੇ ਚੇਲੇ 'ਤੇ ਭਿਆਨਕ ਸ਼ਰਾਪ ਪੈਂਦਾ ਹੈ।" ਉਹ ਤਾਂ ਇਥੋਂ ਤਕ ਕਹਿੰਦੇ ਹਨ ਕਿ "ਗੁਰੂ 'ਤੇ ਆਸਥਾ ਨਾ ਰੱਖਣਾ ਗੁਰੂ ਪਤਨੀ ਨਾਲ ਯੌਨ ਸਬੰਧ ਬਣਾਉਣਾ ਜਿੰਨਾ ਹੀ ਘ੍ਰਿਣਤ ਹੈ।" ਉਹ ਅੱਗੇ ਕਹਿੰਦੇ ਹਨ। "ਜੇ ਕੋਈ ਚੇਲਾ ਕਿਸੇ ਨੂੰ ਗੁਰੂ ਦੀ ਅਲੋਚਨਾ ਕਰਦੇ ਵੇਖਦਾ ਹੈ ਤਾਂ ਉਸ ਨੂੰ ਉਸ ਦੀ ਜੁਬਾਨ ਕੱਟਣ ਤੋਂ ਨਹੀਂ ਹਿਚਕਚਾਉਣਾ ਚਾਹੀਦਾ।" ਅਤੇ

ਪਿਛਲੇ ਮਹੀਨੇ ਜਦ ਗੁਜਰਾਤ ਪੁਲਸ ਦੀ ਪੇਸ਼ ਅਤੇ ਅਭਿਸ਼ੇਕ ਦੀ ਮੌਤ ਲਈ ਭਾਰਤੀ ਵੰਡ ਵਿਧਾਨ ਦੀ ਧਾਰਾ 304 ਤਹਿਤ ਦੋਸ਼ੀ ਉਹਨਾਂ ਦੇ ਸੱਤ ਚੇਲਿਆਂ ਦੀ ਤਲਾਸ਼ ਵਿੱਚ ਆਸਾਰਾਮ ਦੇ ਅਹਿਮਦਾਬਾਦ ਸਥਿਤ ਆਸਾਰਾਮ 'ਚ ਆਈ ਤਾਂ ਠੀਕ ਇਹੀ ਹੋਇਆ ਉਹਨਾਂ ਦੇ ਚੇਲਿਆਂ ਨੇ ਪੁਲਸ 'ਤੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ। ਕੁਝ ਪੁਲਸੀਆਂ ਦੇ ਸੱਟਾਂ ਵੀ ਲੱਗੀਆਂ। ਦੋ ਦਿਨ ਬਾਅਦ ਪੁਲਸ ਪੂਰੀ ਤਾਕਤ ਨਾਲ ਫਿਰ ਆਸ਼ਰਮ 'ਚ ਆਈ ਪਰ ਉਹਨਾਂ ਸੱਤ ਚੇਲਿਆਂ ਨੂੰ ਨਹੀਂ ਲੱਭ ਸਕੀ ਜੋ ਹੁਣ ਗਾਇਬ ਹਨ। ਆਸਾਰਾਮ ਨਾਲ ਲੜ ਰਹੇ ਲੋਕਾਂ ਨੂੰ ਸ਼ੱਕ ਹੈ ਕਿ ਉਹਨਾਂ ਦੇ ਚੇਲੇ ਜਨਤਾ ਦਾ ਗੁੱਸਾ ਠੰਡਾ ਕਰਨ ਅਤੇ ਮੋਦੀ ਸਰਕਾਰ ਦੀ ਖਰਾਬ ਛਵੀ ਪੇਸ਼ ਕਰਨ ਲਈ ਇਹਨਾਂ ਝਮੇਲਿਆਂ ਨੂੰ ਹਿੰਦ ਮੁਸਲਿਮ ਰੰਗਤ ਦੇ ਸਕਦੇ ਹਨ। ਜ਼ਾਹਿਰ ਹੈ ਇਸ ਵਿਵਾਦਗ੍ਰਸਤ ਕਹਾਣੀ 'ਚ ਅਜੇ ਹੋਰ ਗੰਦਗੀ ਸਾਹਮਣੇ ਆ ਸਕਦੀ ਹੈ।

--------✪✪--------

# ਰੌਸ਼ਨੀ ਦੀ ਇਹ ਹਨੇਰੀ ਦੁਨੀਆਂ

ਇਕ ਸਮਾਂ ਸੀ ਜਦ ਦਾਦੀ ਤੇ ਨਾਨੀ ਬੱਚਿਆਂ ਨੂੰ ਚੁੱਪ ਕਰਾਉਣ ਲਈ ਚੰਦਾ ਮਾਮਾ ਵੱਲ ਇਸ਼ਾਰਾ ਕਰਕੇ ਲੋਰੀਆਂ ਸੁਣਾਉਂਦੀਆਂ ਹੁੰਦੀਆਂ ਸਨ। ਬੱਚੇ ਆਕਾਸ਼ 'ਚ ਟਿਮਟਿਮਾਉਂਦੇ ਤਾਰਿਆਂ ਨੂੰ ਗਿਣਦੇ ਹੀ ਰਹਿ ਜਾਂਦੇ ਸਨ ਵੱਡੇ ਲੋਕ ਵੀ ਆਕਾਸ਼ੀ ਪਿੰਡ ਦੀ ਸਥਿਤੀ ਨੂੰ ਵੇਖ ਕੇ ਹੀ ਪਹਿਰ ਜਾਂ ਟਾਈਮ ਦਾ ਅੰਦਾਜ ਲਾ ਲੈਂਦੇ ਸਨ। ਪਰ ਸ਼ਹਿਰੀ ਇਲਾਕੇ ਖਾਸ ਕਰਕੇ ਮਹਾਂਨਗਰਾਂ 'ਚ ਇਹ ਸਭ ਕੁਝ ਹੁਣ ਨਾਮੁਮਕਿਨ ਜਿਹਾ ਹੋ ਗਿਆ ਹੈ। ਸ਼ਹਿਰਾਂ ਵਿੱਚ ਇਹ ਖਗੋਲੀ ਨਜ਼ਾਰਾ ਸ਼ਾਇਦ ਹੀ ਵੇਖਣ ਨੂੰ ਮਿਲਦਾ ਹੈ। ਇਕ ਅਨੁਮਾਨ ਅਨੁਸਾਰ ਦੁਨੀਆਂ ਦੀ ਬਹੁਤੀ ਆਬਾਦੀ ਆਕਾਸ਼ ਦੀ ਰਾਤ ਵੇਲੇ ਦੀ ਖੂਬਸੂਰਤੀ ਦਾ ਲੁਤਫ ਨਾ ਉਠਾ ਸਕਦੀ। ਇਸ ਦਾ ਸਭ ਤੋਂ ਵੱਡਾ ਸਬੱਬ ਹੈ ਰੌਸ਼ਨੀ ਪ੍ਰਦੂਸ਼ਣ ਯਾਨੀ ਬਣਾਉਟੀ ਰੌਸ਼ਨੀ ਦਾ ਪ੍ਰਕੋਪ। ਰੌਸ਼ਨੀ ਪ੍ਰਦੂਸ਼ਨ ਚਾਨਣ ਦੀ ਬੇਵਜਾ ਬੇਹੱਦ ਤੇ ਵਿਅਰਥ ਵਰਤੋਂ ਹੈ। ਇਹ ਇਕ ਤਰ੍ਹਾਂ ਦਾ ਵਾਤਾਵਰਣ ਸਬੰਧੀ ਵਿਕਾਰ ਹੈ। ਫਾਲਤੂ ਬਣਾਉਟੀ ਰੌਸ਼ਨੀ ਬਦਲਾਂ ਤੇ ਵਾਤਾਵਰਣ 'ਚ ਮੌਜੂਦ ਸੂਖਮ ਧੂਲ ਕਣਾ ਰਾਹੀਂ ਆਕਾਸ਼ 'ਚ ਫੈਲ ਕੇ ਉਸ ਦੀ ਨੈਸਗਿਕ ਚਮਕ (ਬ੍ਰਾਈਟਨੈਸ) ਨੂੰ ਘਟ ਕਰ ਦਿੰਦੀ ਹੈ। ਜਿਸ ਕਾਰਨ ਬਹੁਤ ਸਾਰੇ ਤਾਰੇ ਨਜ਼ਰ ਨਹੀਂ ਆਉਂਦੇ। ਖਗੋਲਸ਼ਾਸਤਰੀਆਂ ਨੇ ਪ੍ਰਕਾਸ਼ ਪ੍ਰਦੂਸ਼ਣ ਨੂੰ ਮੋਟੇ ਤੌਰ 'ਤੇ ਪੰਜ ਸ਼੍ਰੇਣੀਆਂ 'ਚ ਰੱਖਿਆ ਹੈ। ਲਾਂਟ ਟ੍ਰੈਸਪਾਸ, ਓਵਰ ਇਲੂਮੀਨੇਸ਼ਨ, ਗਲੇਅਰ, ਕਲਸਟਰ ਤੇ ਸਕਾਈਗਲੋ ਘਰ ਜਾਂ ਭਵਨ 'ਚ ਬੇਲੋੜੀ ਰੌਸ਼ਨੀ ਦਾ ਦਾਖਲਾ ਲਾਈਟ ਟ੍ਰੇਸਪਸ ਕਿਹਾ ਜਾਂਦਾ ਹੈ। ਰੌਸ਼ਨੀ ਦੇ ਬੇਹੱਦ ਵਰਤੋਂ 'ਓਵਰ ਇਲੂਮੀਨੇਸ਼ਨ ਹੈ ਚਕਾਚੌਂਧ ਪੈਦਾ ਕਰਨ ਵਾਲਾ ਪ੍ਰਕਾਸ਼ 'ਗਲੇਅਰ' ਹੈ। 'ਕਲਸਟਰ ਪ੍ਰਕਾਸ਼ ਦਾ ਸਮੂਹਕ ਹੈ। ਆਕਾਸ਼ 'ਚ ਫੈਲ ਕੇ ਸ਼ਹਿਰੀ 'ਤੇ ਅਰਧ ਸ਼ਹਿਰੀ ਇਲਾਕਿਆਂ 'ਚ ਦੀਪਤ ਪ੍ਰਭਾਵ ਪੈਦਾ ਕਰਨ ਵਾਲੀ ਰੌਸ਼ਨੀ 'ਸਕਾਈ ਗਲੋ' ਕਹੀ ਜਾਂਦੀ ਹੈ। ਜਲਵਾਯੂ ਤੇ ਆਵਾਜ਼ ਪ੍ਰਦੂਸ਼ਣ ਵਾਂਗੂ ਇਸ ਵਿਸ਼ਵ ਵਿਆਪੀ ਸਮੱਸਿਆ ਨਾਲ ਭਾਰਤ ਵੀ ਅਛੂਤਾ ਨਹੀਂ ਹੈ। ਪਰ ਇਥੇ ਇਸ ਪ੍ਰਤੀ ਜਾਗਰੂਕਤਾ ਦੀ ਘਾਟ ਹੈ।

ਪਿਛਲੇ ਸਾਲ ਅਮਰੀਕੀ ਵਾਯੂਮੰਡਲ ਪ੍ਰਸਾਸ਼ਨ (ਨਾਸਾ) ਦੇ ਇਕ ਉਪਗ੍ਰਹਿ ਮਾਨਚ੍ਰਿਤ ਰਾਹੀਂ ਭਾਰਤ 'ਚ ਪ੍ਰਕਾਸ਼ ਪ੍ਰਦੂਸ਼ਣ ਦੀ ਵਿਆਪਕਤਾ ਦਾ ਖੁਲਾਸਾ ਕੀਤਾ ਗਿਆ ਤਾਂ ਇਥੋਂ ਦੇ ਵਾਤਾਵਰਣ ਪ੍ਰੇਮੀ ਵੀ ਹੈਰਾਨ ਰਹਿ ਗਏ। ਨਾਸਾ ਦੇ ਮਾਨਚ੍ਰਿਤ 'ਚ ਭਾਰਤ ਦੇ ਮਹਾਂਨਗਰ ਇਸ ਪ੍ਰਦੂਸ਼ਨ ਨਾਲ ਸਭ ਤੋਂ ਵੱਧ ਪ੍ਰਭਾਵਿਤ ਦਿਖਾਏ ਗਏ ਹਨ। ਨਾਸਾ ਦੇ ਮਾਨਚਿਤਰ ਵਿੱਚ ਭਾਰਤ ਦੇ ਮਹਾਂਨਗਰ ਇਸ ਪ੍ਰਦੂਸ਼ਣ ਨੇ ਸਭ ਤੋਂ ਵੱਧ ਪ੍ਰਭਾਵਿਤ ਦਿਖਾਏ ਗਏ ਹਨ। ਪ੍ਰਾਪਤ ਅੰਕੜਿਆਂ ਮੁਤਾਬਕ ਭਾਰਤ ਦੇ ਮਹਾਂਨਗਰਾਂ 'ਚ ਪ੍ਰਕਾਸ਼ ਪ੍ਰਦੂਸ਼ਣ ਯੂਰਪ ਤੇ ਉੱਤਰੀ ਅਮਰੀਕਾ ਦੇ ਵੱਡੇ ਸ਼ਹਿਰਾਂ ਦੇ ਪ੍ਰਦੂਸ਼ਣ ਤੋਂ ਘੱਟ ਨਹੀਂ ਹੈ। ਇਸ ਖੁਲਾਸੇ ਪਿਛੋਂ ਨਵੀਂ ਦਿੱਲੀ ਸਥਿਤ ਨੇਹਰੂ ਤਾਰਾਮੰਡਲ ਹਰਕਤ 'ਚ ਆ ਗਿਆ। ਨੇਹਰੂ ਤਾਰਾਮੰਡਲ ਨੇ ਦਿੱਲੀ 'ਚ ਪ੍ਰਕਾਸ਼ ਪ੍ਰਦੂਸ਼ਣ ਦੀ ਵਿਆਪਕਤਾ ਅਤੇ ਰਾਤ ਨੂੰ ਆਕਾਸ਼ ਦੀ ਦ੍ਰਿਸ਼ਟੀ ਗੋਚਰਤਾ ਦਾ ਪਤਾ ਲਾਉਣ ਲਈ 'ਤਾਰੇ ਸੜਕ ਪਰ' ਨਾਮਕ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ 'ਚ ਸ਼ੌਕਿਆ ਖਗੋਲ ਸਾਸ਼ਤਰੀਆਂ ਅਤੇ ਸਕੂਲੀ ਬੱਚਿਆਂ ਨੂੰ ਜੋੜਿਆ ਗਿਆ ਹੈ। ਨੇਹਰੂ ਤਾਰਾਮੰਡਲ ਅਨੁਸਾਰ

ਇਸ ਪ੍ਰੋਗਰਾਮ ਨਾਲ ਜੁੜੇ ਲੋਕ ਬੇਲਨਾਕਾਰ ਉਪਕਰਣਾ ਦੇ ਜ਼ਰੀਏ ਦ੍ਰਿਸ਼ ਤਾਰਿਆਂ ਦੀ ਗਿਣਤੀ ਕਰਦੇ ਹਨ ਅਤੇ ਇਸਦੀ ਸੂਚਨਾ ਨੇਹਰੂ ਤਾਰਾ ਮੰਡਲ ਦੀ ਵੈਬਸਾਈਟ ’ਤੇ ਦਰਜ ਕਰਦੇ ਹਨ। ਤਾਰਾਮੰਡਲ ਦੀ ਪਹਿਚਾਣ ਕਰਨ ਲਈ ਨੇਹਰੂ ਤਾਰਾਮੰਡਲ ’ਚ ਹਰ ਸਪਤਾਹ ਵਰਕਸ਼ਾਪ ਦਾ ਵੀ ਆਯੋਜਨ ਹੋ ਰਿਹਾ ਹੈ। ਪ੍ਰਕਾਸ਼ ਪ੍ਰਦੂਸ਼ਣ ਦੇ ਕਾਰਨ ਹੀ ਦੁਨੀਆਂ ਭਰ ’ਚ ਖੋਗਲੀ ਵੇਘਸ਼ਾਲਾਵਾਂ ਨੂੰ ਸ਼ਹਿਰਾਂ ਤੋਂ ਹਟਾ ਕੇ ਪੇਂਡੂ ਇਲਾਕਿਆਂ ’ਚ ਲਿਜਾਇਆ ਜਾ ਰਿਹਾ ਹੈ। ਭਾਰਤ ’ਚ ਵੀ ਕਈ ਪ੍ਰਯੋਗਸ਼ਲਾਵਾਂ ਨੂੰ ਸ਼ਹਿਰਾਂ ਤੋਂ ਤਬਦੀਲ ਕੀਤਾ ਜਾ ਚੁੱਕਿਆ ਹੈ। ਜਾਂ ਕੀਤਾ ਜਾ ਰਿਹਾ ਹੈ। ਹੈਦਰਾਬਾਦ ਸਥਿਤ ਵੇਘਸ਼ਾਲਾ ਨੂੰ ਰੰਗਪੁਰ ਲੈ ਜਾਇਆ ਗਿਆ ਹੈ। ਜਦ ਕਿ ਵਾਰਾਣਸੀ ’ਚ ਸਥਾਪਿਤ ਵੇਘਸ਼ਾਲਾ ਨੂੰ ਨੈਨੀਤਾਲ ’ਚ ਤਬਦੀਲ ਕੀਤਾ ਗਿਆ। ਪਰ ਨੈਨੀਤਾਲ ਵੀ ਪ੍ਰਕਾਸ਼ ਪ੍ਰਦੂਸ਼ਣ ਨਾਲ ਏਨਾ ਪ੍ਰਭਾਵਿਤ ਹੋ ਗਿਆ ਹੈ ਕਿ ਇਸ ਪ੍ਰਯੋਗਸ਼ਾਲਾ ਦੀ ਰਵੀ ਦੂਰਬੀਨ (ਟੈਲੀਸਕੋਪ) ਨੂੰ ਦੇਵ ਸਥਲ ’ਚ ਲਾਇਆ ਜਾ ਰਿਹਾ ਹੈ। ਇਹ ਭਾਰਤ ਦੀ ਸਭ ਤੋਂ ਵੱਡੀ ਦੂਰਬੀਨ ਹੈ। ਇਸ ਤਰ੍ਹਾਂ ਭਾਰਤੀ ਖਗੋਲ ਭੌਤਿਕ ਅਦਾਰੇ ਨੇ ਆਪਣੀ ਇਕ ਵੇਘਸ਼ਾਲਾ ਹਾਨਲੇ (ਲਦਾਖ) ’ਚ ਲਾਈ ਹੈ। ਮਾਊਂਟ ਸਰਸਵਤੀ ਤੇ ਸਥਿਤ ਇਹ ਵੇਘਸ਼ਾਲਾ ਸੰਸਾਰ ’ਚ ਸਭ ਤੋਂ ਉੱਚੀ ਹੈ।

ਪ੍ਰਕਾਸ਼ ਪ੍ਰਦੂਸ਼ਣ ਨਾ ਸਿਰਫ ਸਾਨੂੰ ‘ਸਿਤਾਰਿਆਂ ਦੀ ਮਹਿਫਲ’ ’ਚ ਝਾਕਣ ਤੋਂ ਵੰਚਿਤ ਕਰਦਾ ਹੈ ਬਲਕਿ ਇਹ ਸਾਡੀ ਸੇਹਤ ਅਤੇ ਵਾਤਾਵਰਣ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਭੂਗੋਲ, ਭੌਤਿਕੀ ਅਤੇ ਜੀਵਸ਼ਾਸਤਰ ਦੇ ਵਿਗਿਆਨੀਆਂ ਨੇ ਆਪਣੇ ਆਪਣੇ ਅਧਿਐਨਾਂ ’ਚ ਵੇਖਿਆ ਹੈ। ਕਿ ਪ੍ਰਕਾਸ਼ ਪ੍ਰਦੂਸ਼ਣ ਸਤਨਪਾਈ ਸਰੀਸੂਪ ਅਕਸ਼ੇਰੁਕੀ ਉਭ ਅਚਾਰ ਪਾਣੀ ’ਚ ਰਹਿਣ ਵਾਲੇ ਪ੍ਰਾਣੀਆਂ ਤੋਂ ਇਲਾਵਾ ਪੇਂਡੂ ਪੌਦਿਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਇਸ ਨਾਲ ਨਿੰਦਾ ਚੱਕਰ ਤਾਂ ਭੰਗ ਹੀ ਹੈ। ਇਹ ਸਾਡੇ ਸਰੀਰ ’ਚ ਕੈਂਸਰਵਿਰੋਧੀ ਹਾਰਮੋਨ ‘ਮਲਾਟੋਨਿਨ’ ਦੀ ਬਣਤਰ ਨੂੰ ਪ੍ਰਭਾਵਿਤ ਕਰਦਾ ਹੈ। ਲਾਸ ਏਂਜਿਲਿਸ ’ਚ ਅਰਬਨ ਵਾਈਲਡਲੈਂਡਸ ਗਰੁੱਪ ਕਰਤਾ ਧਰਤਾ ਕੈਥਰੀਨ ਰਿਚ ਅਤੇ ਟ੍ਰੈਵਿਸ ਲਾਸਕਰ ਦੇ ਅਨੁਸਾਰ 44 ਫੀਸਦੀ ਅਮਰੀਕੀ ਅਜਿਹੀਆਂ ਥਾਵਾਂ ’ਤੇ ਰਹਿ ਰਹੇ ਹਨ। ਜਿਥੇ ਉਨ੍ਹਾਂ ਦੀਆਂ ਅੱਖਾਂ ਲਈ ਕੋਨ ਤੋਂ ਰੋਡ (ਪ੍ਰਕਾਸ਼ਗ੍ਰਾਹੀ ਸੈਲ) ਦ੍ਰਿਸ਼ਟੀ ’ਚ ਤਬਦੀਲ ਹੋਣ ਲਈ ਲੋੜੀਂਦਾ ਹਨੇਰਾ ਨਹੀਂ ਹੈ। ਬਣਾਉਟੀ ਰੌਸ਼ਨੀ ਦਾ ਪ੍ਰਭਾਵ ਜਾਨਵਰਾਂ ’ਤੇ ਵੀ ਪੈਂਦਾ ਹੈ। ਇਸ ਨੂੰ ਇਕ ਸਾਧਾਰਨ ਜਿਹੀ ਉਦਾਹਰਣ ਨਾਲ ਸਮਝਿਆ ਜਾ ਸਕਦਾ ਹੈ ਕਿ ਜੰਗਲੀ ਇਲਾਕਿਆਂ ਵਿੱਚ ਸ਼ੇਰ, ਬਾਘ, ਚੀਤਾ ਆਦਿ ਹਿੰਸਕ ਪਸ਼ੂਆਂ ਨੂੰ ਦੂਰ ਭਜਾਈ ਰੱਖਣ ਲਈ ਅੱਜ ਵੀ ਵਣਕਰਮੀ ਜਾਂ ਪੇਂਡੂ ਅੱਗ ਬਾਦਲੇ ਹਨ ਜਾਂ ਤੇਜ਼ ਰੌਸ਼ਨੀ ਵਾਲੀ ਬੱਤੀ ਦੀ ਵਰਤੋਂ ਕਰਦੇ ਹਨ। ਦਰਅਸਲ ਕਈ ਜੀਵ ਜੰਤੂਆਂ ਨੂੰ ਛੁਪਣ, ਸ਼ਿਕਾਰ ਫੜਨ ਅੰਤ ਰੰਗਤ ਬਣਾਉਣ ਤੇ ਜੋੜਾ ਰੱਖਣ ਲਈ ਆਮ ਤੌਰ ’ਤੇ ਹਨੇਰੇ ਦੀ ਦਰਕਾਰ ਹੁੰਦੀ ਹੈ। ਸੜਕਾਂ ਲੱਗੀਆਂ ਬੱਤੀਆਂ ਨਾਲ ਵਾਹਨਾਂ ਤੇ ਪਸ਼ੂਆਂ ਦੀ ਟੱਕਰ ਦਾ ਡਰ ਵੀ ਖਤਮ ਨਹੀਂ ਹੋ ਜਾਂਦਾ। ਕਿਉਂਕਿ ਉਹਨਾਂ ’ਚ ਕਈ ਦੱਖਣ ਲਈ ਰਾਡ ਪ੍ਰਣਾਲੀ ਦੀ ਵਰਤੋਂ ਕਰਦੇ ਹਨ। ਤੇ ਤੇਜ ਰੌਸ਼ਨੀ ਉਹਨਾਂ ਦੀ ਨਿਗਾਹ ’ਚ ਅੜਿੱਕਾ ਬਣਦੀ ਹੈ। ਪ੍ਰਕਾਸ਼ ਪ੍ਰਦੂਸ਼ਣ ਨਾਲ ਪੰਛੀਆਂ ਦੀ ਆਬਾਦੀ ਵੀ ਪ੍ਰਭਾਵਿਤ ਹੋ ਰਹੀ ਹੈ। ਸਿਰਫ ਉਤਰੀ ਅਮਰੀਕਾ ’ਚ ਹਰ ਸਾਲ ਲਗਭਗ ਇਕ ਅਰਬ ਪੰਛੀ ਪ੍ਰਕਾਸ਼ ਪ੍ਰਦੂਸ਼ਣ ਦੀ ਭੇਂਟ ਚੜ੍ਹ ਜਾਂਦੇ ਹਨ। ਕਿਉਂਕਿ ਦੋ ਤਿਹਾਈ ਪੰਛੀ

ਰਾਤ ਨੂੰ ਵੀ ਵਰਵਸਨ ਕਰਦੇ ਹਨ। ਇਸ ਲਈ ਬਣਾਉਟੀ ਰੌਸਨੀ ਕਾਰਨ ਭ੍ਰਮਿਤ ਹੋ ਕੇ ਉਹ ਗਗਨ ਚੁੰਬੀ ਇਮਾਰਤਾਂ, ਟਾਵਰਾਂ ਆਦਿ ਨਾਲ ਟਕਰਾ ਕੇ ਮੌਤ ਦੇ ਮੂੰਹ ’ਚ ਚਲੇ ਜਾਂਦੇ ਹਨ। ਇਸ ਤਰ੍ਹਾਂ ਵੱਖ-ਵੱਖ ਪ੍ਰਜਾਤੀਆਂ ਦੇ ਨਿਸ਼ਾਚਰ ਕੀਤੇ ਵੀ ਵੱਡੀ ਗਿਣਤੀ ’ਚ ਪ੍ਰਕਾਸ਼ ਪ੍ਰਦੂਸ਼ਣ ਕਾਰਨ ਮਰਦੇ ਹਨ।

ਜਰਮਨੀ ਦੇ ਪ੍ਰਾਣੀ ਵਿਗਿਆਨੀ ਗੈਰਹਾਰਡ ਆਈਜਨ ਬਰਸ ਅਨੁਸਾਰ ‘ਕੇਵਲ ਜਰਮਨੀ ’ਚ ਸਲਾਨਾ ਡੇਢ ਅਰਬ ਨਿਸ਼ਾਚਰ ਕੀੜਿਆਂ ਦੀ ਮੌਤ ਹੋ ਜਾਂਦੀ ਹੈ। ਕੀਟ ਰਾਤ ਨੂੰ ਸੜਕਾਂ ’ਤੇ ਲੱਗੀਆਂ ਬੱਤੀਆਂ ਦੀ ਤੇਜ ਰੌਸ਼ਨੀ ਨਾਲ ਆਕਰਿਸ਼ਤ ਹੁੰਦੇ ਹਨ ਅਤੇ ਜਿਉਂ ਹੀ ਬੱਤੀਆਂ ਦੇ ਪਾਸ ਜਾਂਦੇ ਹਨ ਤਾਂ ਉਹ ਚੌਧਿਆ ਕਰਕੇ ਜਲ ਜਾਂਦੇ ਹਨ। ਇਸ ਪ੍ਰਦੂਸ਼ਣ ਨਾਲ ਪਾਣੀ ’ਚ ਰਹਿਤ ਵਾਲੇ ਜੀਵ ਵੀ ਅਛੂਤ ਨਹੀਂ ਸਮੁੰਦਰੀ ਕੰਢਿਆਂ ’ਤੇ ਤੇਜ਼ ਰੌਸ਼ਨੀ ਵਾਲੀਆਂ ਬੱਤੀਆਂ ਕਾਰਨ ਕਛੂਏ ਪਾਣੀ ’ਚੋਂ ਨਿਕਲ ਕੇ ਰੇਤ ਤੇ ਅੰਡੇ ਨਹੀਂ ਦੇ ਸਕਦੇ ਅਤੇ ਜੇ ਦਿੰਦੇ ਵੀ ਹਨ ਤਾਂ ਉਹਨਾਂ ਨੂੰ ਅੰਡੇ ਸੇਨ ’ਚ ਪ੍ਰੇਸ਼ਾਨੀ ਹੁੰਦੀ ਹੈ। ਮੱਛੀਆਂ ਪ੍ਰਕਾਸ਼ ਕਾਰਨ ਭੋਜਨ ਲਈ ਨਹੀਂ ਨਿਕਲਦੀਆਂ ਜਿਸ ਨਾਲ ਜਲ ’ਚ ਪੈਦਾ ਹੋਣ ਵਾਲੇ ਸ਼ੈਵਾਲ (ਏਲਜੀ) ਵਧ ਜਾਂਦੇ ਹਨ ਤੇ ਪਾਣੀ ਦੀ ਗੁਣਵੰਣਤਾ ਪ੍ਰਭਾਵਿਤ ਹੁੰਦੀ ਹੈ। ਗਨੀਅਤ ਇਹੀ ਹੈ ਕਿ ਜਲ ਤੇ ਵਾਯੂ ਦੇ ਪ੍ਰਦੂਸ਼ਣ ਵਾਂਗੂੰ ਪ੍ਰਕਾਸ਼ ਪ੍ਰਦੂਸ਼ਣ ਲੰਮੇ ਸਮੇਂ ਤਕ ਨਹੀਂ ਠਹਿਰਦਾ ਵਰਨਾ ਸਾਡੀ ਸਿਹਤ ਤੇ ਹਾਲਤਾਂ ਹੋਰ ਵਧ ਸੰਕਟਮਈ ਹੁੰਦੀਆਂ।

# ਦੁਨੀਆ ਬਦਲ ਦੇਵੇਗੀ ਆਲਮੀ ਤਪਸ਼

ਅਸੀਂ ਇਸ ਤਰ੍ਹਾਂ ਦੀ ਨਵੀਂ ਸਹਿਸ਼ਤਾਬਦੀ ਦੀ ਉਮੀਦ ਨਹੀਂ ਕੀਤੀ ਸੀ, ਇਤਿਹਾਸ ਖਤਮ ਨਹੀਂ ਹੋ ਗਿਆ ਸੀ। ਅਲਗੋਰ ਅਮਰੀਕਾ ਦੇ ਰਾਸ਼ਟਰਪਤੀ ਨਹੀਂ ਬਣ ਸਕੇ ਅਤੇ ਇਸ ਤਰ੍ਹਾਂ ਸਾਫ ਸੁਥਰੀ ਊਰਜਾ ਵਾਲਾ ਅਰਥਚਾਰਾ ਅਤੇ ਸਿਹਤ ਗ੍ਰਹਿ ਦੀ ਲੜਾਈ ਵਿਚ ਦੁਨੀਆਂ ਦੀ ਅਗਵਾਈ ਨਹੀਂ ਕਰ ਸਕੇ। ਦੁਨੀਆ 'ਚ ਭੁੱਖਮਰੀ ਵਾਪਸ ਆ ਗਈ ਅਤੇ ਇਸ ਤਰ੍ਹਾਂ ਤੇਲ ਦੀ ਕਿੱਲਤ ਅਤੇ ਮਹਿੰਗਾਈ ਨੇ ਵੀ ਆਪਣਾ ਜਬਾੜਾ ਫੈਲਾਇਆ, ਗ੍ਰੇਟ ਡਿਪਰੇਸ਼ਨ (ਪਿਛਲੀ ਸਦੀ ਦੇ ਤੀਜੇ ਦਹਾਕੇ 'ਚ ਅਮਰੀਕਾ ਦੀ ਮੰਦੀ) ਨੇ ਇਕ ਵਾਰੀ ਫਿਰ ਸੰਖੇਪ ਅਤੇ ਚਿਤਾਵਨੀ ਭਰੀ ਦਸਤਕ ਦਿੱਤੀ, ਦੁਨੀਆ ਭਰ 'ਚ ਜ਼ਮੀਨਾਂ ਹੜੱਪਣ ਦੀਆਂ ਹਰਕਤਾਂ ਜਿਵੇਂ ਬਸਤੀਵਾਦੀ ਅਰਸੇ 'ਚ ਹੁੰਦੀਆਂ ਸਨ। ਸਿਖਰਾਂ 'ਤੇ ਪੁੱਜ ਗਈਆਂ ਅਤੇ ਇਕ ਵਾਰ ਫੇਰ ਬਹੁਤੇ ਮਾਮਲਿਆਂ ਵਿਚ ਵਿਦੇਸ਼ੀ ਹੀ ਉਸ ਦੇ ਲਾਭਪਾਤਰੀ ਰਹੇ। ਦੁਨੀਆਂ ਨੇ ਵਾਰ ਵਾਰ ਤਰਲ ਹਾਈਡਰੋਕਾਰਬਨ ਦੀ ਬਹੁਤ ਵੱਡੀ ਮਾਤਰਾ ਰੱਖਣ ਵਾਲੇ ਖੇਤਰ ਨੂੰ ਐਸੀ ਲੜਾਈ ਦੇ ਕੰਢੇ 'ਤੇ ਜਾਂ ਉਸ ਵਿਚ ਫਸਿਆ ਹੋਇਆ ਪਾਇਆ, ਜਿਸ 'ਚ ਉਸ ਦੀ ਆਬਾਦੀ ਦੇ ਇਕ ਛੋਟੇ ਵਰਗ ਦੀ ਭੂਮਿਕਾ ਹੈ। ਜਲਵਾਯੂ ਸਬੰਧੀ ਮਾਡਲ ਵਾਰ ਵਾਰ ਪੇਸ਼ ਕੀਤੇ ਗਏ ਪਰ ਉਹ ਟਿਕੇ ਨਹੀਂ ਰਹਿ ਸਕੇ ਅੰਟਾਰਕਟਿਕਾ ਨੇ ਵੱਡੇ ਵੱਡੇ ਹਿਰਾਖੰਡ ਸਮੁੰਦਰ 'ਚ ਘੁੱਲ ਗਏ। ਹਿਮਾਚਲ ਦੇ ਹਿਮਨਦ ਖਾਮੋਸ਼ੀ ਨਾਲ ਵਲੀਨ ਹੁੰਦੇ ਗਏ ਅਤੇ ਕਿਲਿਮੰਜਾਰੋ ਹੌਲੀ ਹੌਲੀ ਭੂਰਾ ਹੁੰਦਾ ਗਿਆ।

ਆਖਰਕਾਰ ਵਿਗਿਆਨਕਾਂ ਨੇ ਲੰਬੀ ਬਹਿਸ ਖਤਮ ਕਰਦਿਆਂ ਸਿੱਟਾ ਕੱਢਿਆ। ਮਾਨਵੀ ਸਰਗਰਮੀ ਨਾ ਸਿਰਫ ਵਿਸ਼ਵ ਦੀ ਜਲਵਾਯੂ 'ਚ ਅੜਿਕਾ ਡਾਹ ਸਕਦੀ ਹੈ ਬਲਕਿ ਬਰਬਾਦ ਕਰ ਸਕਦੀ ਹੈ। ਬਲਕਿ ਉਹ ਪਹਿਲਾਂ ਹੀ ਬਹੁਤ ਹੱਦ ਤੱਕ ਅਜਿਹਾ ਕਰ ਚੁੱਕੀ ਹੈ। ਕਈ ਲੋਕਾਂ ਨੇ ਉਸ ਨੂੰ ਅਣਸੁਣਿਆ ਕਰਨ ਦੀ ਕੋਸ਼ਿਸ਼ ਕੀਤੀ ਪਰ ਜ਼ਰੂਰਤ ਹੈ ਕਿ ਅਸੀਂ ਉਸ ਨੂੰ ਧਿਆਨ ਨਾਲ ਸੁਣੀਏ। ਨਵੇਂ ਜ਼ਮਾਨੇ 'ਚ ਤਿੰਨ ਤੱਥ ਮੁੱਖ ਹਨ। ਦੁਨੀਆਂ 'ਚ ਨਾ ਸਿਰਫ਼ 6.5 ਅਰਬ ਲੋਕ ਹਨ ਬਲਕਿ ਉਨ੍ਹਾਂ ਨੂੰ ਜ਼ਿਆਦਾਤਰ ਅਜਿਹੇ ਸਮਾਜਾਂ 'ਚ ਰਹਿ ਰਹੇ ਹਨ ਜਿਨ੍ਹਾਂ ਨੇ ਆਰਥਿਕ ਵਿਕਾਸ ਦੇ ਗੁਰੂ ਸਬੰਧੀ ਮੁਹਾਰਤ ਹਾਸਲ ਕਰ ਲਈ ਹੈ। ਦੁਨੀਆਂ 'ਚ ਜਲਦੀ ਹੀ ਚਾਰ ਅਰਬ ਖਪਤਕਾਰ ਹੋ ਜਾਣਗੇ, ਇਨ੍ਹਾਂ ਨਵੇਂ ਖਪਤਕਾਰਾਂ ਪਾਸ ਕੋਈ ਅਗਿਆਤ ਕਿਸਮ ਦੇ ਵੱਡੇ ਮਹਾਂਦੀਪ ਨਹੀਂ ਹਨ, ਨਾ ਅਜਿਹੇ ਸਾਮਰਾਜ ਹੀ ਹਨ ਜਿਨ੍ਹਾਂ ਨੂੰ ਅਸਾਨੀ ਨਾਲ ਬਸਤੀ ਬਣਾਇਆ ਜਾ ਸਕੇ ਅਤੇ ਨਾ ਹੀ ਉਨ੍ਹਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਾਇਕ ਐਸੇ ਮਹਾਂਸਾਗਰ ਹਨ ਜਿਨ੍ਹਾਂ ਨੂੰ ਅਜੇ ਤੱਕ ਖੰਗਾਲਿਆ ਨਹੀਂ ਜਾ ਸਕਿਆ ਉਹ ਸੀਮਤ ਤੇ ਸੁੰਗੜਦੇ ਜਾ ਰਹੇ ਕੁਦਰਤੀ ਸਾਧਨਾਂ ਲਈ ਦੁਨੀਆਂ ਦੇ ਖੁਸ਼ਹਾਲ ਲੋਕਾਂ ਨਾਲ ਦੌੜ ਲਾ ਰਹੇ ਹਨ। ਸਥਾਨ ਤੇ ਜਲਵਾਯੂ ਵਿਚਕਾਰ ਸਬੰਧ ਅਨਿਸ਼ਚਿਤ ਹੋ ਗਿਆ ਹੈ। ਦੂਜੇ ਸ਼ਬਦਾਂ 'ਚ ਹੁਣ ਇਹ ਨਹੀਂ ਕਹਿ ਸਕਦੇ ਕਿ ਬੰਗਲੌਰ ਦਿੱਲੀ ਵਾਂਗੂੰ ਨਹੀਂ ਹੈ। ਨਵੀਂ ਦੁਨੀਆਂ ਨੂੰ ਇਨ੍ਹਾਂ ਹਕੀਕਤਾਂ ਨੂੰ ਪਹਿਚਾਨਣ, ਆਰਥਿਕ ਵਿਕਾਸ ਬਾਰੇ ਅਤੇ ਸਥਾਨ ਤੇ ਭਵਿੱਖ ਬਾਰੇ ਨਵੀਂ ਤਰ੍ਹਾਂ ਨਾਲ ਸੋਚਣ ਲਈ ਦੇਸ਼ ਨੂੰ ਇਕਜੁੱਟ ਕਰਨ ਵਾਸਤੇ ਇਕ ਅੰਦੋਲਨ ਦੀ ਸ਼ਿੱਦਤ ਨਾਲ ਜ਼ਰੂਰਤ ਸੀ, ਵਿਸ਼ਵੀ ਪੱਧਰ 'ਤੇ ਇਕ ਅਪ੍ਰੀਪੱਕਵ ਹਰੀ ਮਹਿੰਮ ਨੇ

ਇਸ ਲੋੜ ਦੀ ਪੂਰਤੀ ਕੀਤੀ। ਇਹ ਅੰਦੋਲਨ 20 ਵੀਂ ਸਦੀ 'ਚ ਉਦਯੋਗਿਕਾਤਰ ਸੰਤੁਲਨ ਬਣਾਉਣ ਲਈ ਕਿਹਾ ਜਾ ਰਿਹਾ ਹੈ। ਅਸੀਂ ਕੰਮ ਕੀ ਕੀਤਾ? ਜ਼ਾਹਿਰ ਹੈ ਕਿ ਖਾਸ ਕੰਮ ਨਹੀਂ ਹੋ ਸਕਿਆ। ਅਸਲ 'ਚ ਕੋਈ ਇਹ ਦਲੀਲ ਦੇ ਸਕਦਾ ਹੈ ਕਿ ਸਹਿਸ਼ਤਾਬਦੀ ਦਾ ਪਹਿਲਾ ਦਹਾਕਾ ਬਹੁਤ ਹੱਦ ਤੱਕ ਗੰਵਾ ਦਿੱਤਾ ਗਿਆ ਵਾਤਾਵਰਣਵਾਦੀ ਆਪਣੀ ਥਾਂ ਡਟੇ ਰਹੇ, ਕੁਝ ਦੇਸ਼ਾਂ ਵਿਚ ਪਰ ਭੁੱਖੀ ਉਦਯੋਗਾਂ ਜਾਂ ਭਰਿਸ਼ਟ ਸਥਾਨਕ ਸੱਤਾ ਕੇਂਦਰਾਂ ਦਾ ਵਿਰੋਧ ਕਰਨ 'ਤੇ ਉਨ੍ਹਾਂ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਇਥੋਂ ਤੱਕ ਕਿ ਉਨ੍ਹਾਂ ਦੀ ਹੱਤਿਆ ਵੀ ਕਰ ਦਿੱਤੀ ਗਈ। ਚੀਨ 'ਚ ਇਕ ਹੀ ਸਾਲ 'ਚ ਪ੍ਰਦੂਸ਼ਣ ਜਾਂ ਜ਼ਮੀਨ ਹੜੱਪਣ ਦੇ ਵਿਰੋਧ ਵਿਚ 20000 ਤੋਂ ਵੱਧ ਹਿੰਸਕ ਮੁਜ਼ਾਹਰੇ ਹੋਏ, ਦੂਜੇ ਸ਼ਬਦਾਂ ਵਿਚ ਵਾਤਾਵਰਣਵਾਦੀ ਨੂੰ ਹਾਸ਼ੀਏ 'ਤੇ ਪਹੁੰਚਾ ਦਿੱਤਾ ਗਿਆ। ਉਨ੍ਹਾਂ ਦੀ ਖਿੱਲੀ ਉਡਾਈ ਗਈ। ਅਮਰੀਕਾ 'ਚ ਅਸੀਂ ਕਰੀਬ ਇਕ ਦਹਾਕਾ ਅਜਿਹਾ ਹੀ ਝੱਲਿਆ ਜਿਸ ਦੌਰਾਨ ਸਰਕਾਰ ਨੇ ਨੀਤੀ ਵਜੋਂ 'ਆਲਮੀ ਤਪਸ਼' ਸ਼ਬਦਾਂ ਦੀ ਵਰਤੋਂ ਨਹੀਂ ਕੀਤੀ, ਜਦ ਗ੍ਰੀਨ ਪਾਰਟੀਆਂ ਅਤੇ ਅੰਦੋਲਨ ਖਾਸ ਤੌਰ 'ਤੇ ਯੂਰਪ ਵਿਚ, ਸੱਤਾ 'ਚ ਪਹੁੰਚ ਗਏ ਤਾਂ ਉਨ੍ਹਾਂ ਲਈ ਕੰਮ ਕਰਨਾ ਦੁੱਭਰ ਹੋ ਗਿਆ ਪਰ ਉਨ੍ਹਾਂ ਨੂੰ ਹੈਰਾਨੀਜਨਕ ਸਫਲਤਾਵਾਂ ਮਿਲੀਆਂ। ਲਾਇਬਰੇਰੀਆਂ 'ਚ ਇਮਾਰਤੀ ਲਕੜੀ ਦੇ ਨਜਾਇਜ਼ ਕਾਰੋਬਾਰ 'ਤੇ ਪਾਬੰਦੀ ਲਾਏ ਜਾਣ ਕਾਰਨ ਤਾਨਾਸ਼ਾਹ ਚਾਰਲਸ ਟੇਲਰ ਦਾ ਤਖਤਾ ਪਲਟ ਦਿੱਤਾ ਗਿਆ ਅਤੇ ਅੰਦੋਲਨਾਂ ਨੇ ਆਪਣੀ ਕੋਸ਼ਿਸ਼ ਜਾਰੀ ਰੱਖੀ ਦਹਾਕੇ ਦੇ ਅੰਤ ਤੱਕ ਉਤਰ, ਦੱਖਣ, ਪੂਰਬ ਤੇ ਪੱਛਮ ਦੇ ਹਰੇ ਅੰਦੋਲਨ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਮਜ਼ਬੂਤ ਹੋ ਗਏ ਅਤੇ ਵਾਤਾਵਰਣ ਦੀ ਲੰਮੀ ਉਮਰ ਨਾਲ ਜੁੜੇ ਮੁੱਦੇ ਮੀਡੀਆ 'ਚ ਪਹਿਲਾਂ ਤੋਂ ਵੱਧ ਸੁਰਖੀਆਂ 'ਚ ਛਾਉਣ ਲੱਗੇ।

ਗਲੋਬਲ ਵਾਰਮਿੰਗ (ਅਮਲੀ ਤਪਸ਼) ਕਈ ਤਰ੍ਹਾਂ ਨਾਲ ਸੰਯੁਕਤ ਰਾਸ਼ਟਰ ਸੰਘ ਦਾ ਨਵਾਂ ਪ੍ਰਮੁੱਖ ਮੁੱਦਾ ਬਣ ਗਿਆ ਅਤੇ ਹੌਲੀ ਹੌਲੀ ਇਕ ਨਵਾਂ ਆਰਥਿਕ ਨਜ਼ਰੀਆ ਤਿਆਰ ਹੋਣ ਲੱਗਿਆ ਅਮਰੀਕਾ 'ਚ ਇਕ ਹੋਰ ਸਰਕਾਰ ਨੇ ਪੂਰਾ ਦਹਾਕਾ ਇਹ ਦਸਣ ਦੇ ਯਤਨਾਂ 'ਚ ਬਿਤਾ ਦਿੱਤਾ ਕਿ ਵਾਤਾਵਰਣ ਸਬੰਧੀ ਚਿੰਤਾਵਾਂ ਦਾ ਕੋਈ ਵਜੂਦ ਨਹੀਂ ਹੈ। ਉਥੇ ਸੂਬੇ ਅਤੇ ਸਥਾਨਕ ਪੱਧਰ 'ਤੇ ਅਭਿਨਵ ਪ੍ਰਯੋਗ ਕੀਤੇ ਜਾਂਦੇ ਰਹੇ। ਇਕ ਹਜ਼ਾਰ ਸ਼ਹਿਰਾਂ 'ਚ ਲੋਕਾਂ ਨੇ ਪ੍ਰਣ ਕੀਤਾ ਕਿ ਉਹ ਕਾਰਬਨ ਘੱਟ ਕਰਨ ਲਈ ਕੋਪਨਹੇਗਨ 'ਚ ਨਿਰਧਾਰਿਤ ਟੀਚਿਆਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਨਗੇ। ਭਲੇ ਹੀ ਉਨ੍ਹਾਂ ਦਾ ਦੇਸ਼ ਉਸ ਤੇ ਦਸਖਤ ਨਾ ਕਰੇ, ਕੋਲੇ ਨਾਲ ਚੱਲਣ ਵਾਲੇ 80 ਫੀਸਦੀ ਪ੍ਰਸਤਾਵਿਤ ਬਿਜਲੀ ਯੰਤਰਾਂ ਦਾ ਕੰਮ ਰੋਕ ਦਿੱਤਾ ਗਿਆ ਅਤੇ ਬਾਕੀ ਵਿਚ ਵਿਚਾਲੇ ਲਟਕੇ ਹੋਏ ਹਨ। ਖਪਤਕਾਰਾਂ, ਤੇਲ ਕੀਮਤਾਂ ਤੇ ਸਰਕਾਰ ਦੇ ਦਬਾਅ ਕਾਰਨ ਆਏ ਨਿਰਮਾਤਾ ਆਖਰਕਾਰ ਆਪਣੇ ਵਾਹਨਾਂ 'ਚ ਤੇਲ ਦੀ ਖਪਤ 40 ਫੀਸਦੀ ਘੱਟ ਕਰਨ ਲਈ ਰਾਜੀ ਹੋ ਗਏ। ਅਮਰੀਕਾ ਨੇ ਕੋਲੇ ਦੇ ਮੁਕਾਬਲੇ ਹਵਾ ਤੋਂ ਵੱਧ ਬਿਜਲੀ ਤਿਆਰ ਕੀਤੀ। ਚੀਨ ਨੇ ਪਹਿਲਾਂ ਪਵਨ ਚੱਕੀਆਂ ਅਤੇ ਬੈਟਰੀ ਟੈਕਨਾਲੋਜੀ ਵਰਗੀ ਗ੍ਰੀਨ ਤਕਨਾਲੋਜੀ 'ਚ ਵੱਡੇ ਪੈਮਾਨੇ 'ਤੇ ਨਿਵੇਸ਼ ਕੀਤਾ ਤਾਂ ਕਿ ਇਸ ਦਹਾਕੇ ਦੇ ਅਖੀਰ ਤੱਕ ਨਵੀਂ ਆਰਥਿਕ ਹੋੜ 'ਚ ਯੂਰਪ ਅਤੇ ਅਮਰੀਕਾ ਨੂੰ ਪਿਛਾੜ ਸਕੇ। ਬ੍ਰਾਜ਼ੀਲ ਤੇ ਦੱਖਣੀ ਕੋਰੀਆ ਨੇ ਆਪਣੇ ਮੁੱਖ ਖੇਤਰਾਂ ਨੂੰ ਵਿਸ਼ਵੀ ਹਰੀ ਆਰਥਿਕ ਵਿਵਸਥਾ 'ਚ ਸ਼ਾਮਲ ਕੀਤਾ। ਅਬੂ ਧਾਬੀ ਨੇ ਉਸ ਦੌਰ ਤੋਂ ਅੱਗੇ ਦੀ ਸੋਚੀ ਜਦ ਉਸ ਦਾ ਤੇਲ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ ਅਤੇ ਉਸ ਨੇ ਦੁਨੀਆ

ਦੇ ਸਾਹਮਣੇ ਆਦਰਸ਼ ਪੇਸ਼ ਕਰਨ ਲਈ ਰੇਗਿਸਤਾਨ ਵਿਚ ਕਾਰਬਨ ਨਿਊਟ੍ਰਲਸਿਟੀ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ, ਭਾਰਤ ਨੇ ਪਾਇਆ ਕਿ ਕਾਰਬਨ ’ਤੇ ਨਿਰਭਰ ਦੁਨੀਆਂ ’ਚ ਉਸ ਵਰਗੇ ਦੇਸ਼ ਦਾ ਭਲਾ ਨਹੀਂ ਹੋ ਸਕਦਾ ਅਤੇ ਇਹ ਵੀ ਖ਼ੁਦ ਨੂੰ ਨਾ ਸਿਰਫ਼ ਓਪੇਕ ਬਲਕਿ ਅਜੇ ਅਪ੍ਰੱਕ ਓਸੇਕ (OPEC) ਦੇ ਕੰਟਰੋਲ ਵਾਲੀ ਦੁਨੀਆਂ ਹਵਾਲੇ ਛੱਡਣਾ ਬੇਕੂਫੀ ਹੋਵੇਗੀ। ਇਸ ਦਹਾਕੇ ਦੇ ਆਖ਼ਰ ਤੱਕ ਇਹ ਸਹੀ ਸੀ ਕਿ ਵੱਡੇ ਸ਼ਹਿਰਾਂ ਨੂੰ ਬਿਜਲੀ ਦੇਣ ਲਈ ਐਮਰਜੈਂਸੀ ਵਿਚ ਜਦ ਤੱਕ ਕੋਇਲੇ ਦੀ ਕੀਮਤ ਨਹੀਂ ਵੱਧਦੀ ਕੋਲੇ ਦੇ ਯੰਤਰ ਪਵਨ ਤੇ ਸੂਰਜੀ ਊਰਜਾ ਤੋਂ ਸਸਤੇ ਹਨ। ਗੂਗਲ ਅਜਿਹੇ ਭਵਿੱਖ ਲਈ ਕੋਸ਼ਿਸ਼ ਕਰ ਰਿਹਾ ਸੀ ਜਿਸ ਵਿਚ ਅਕਸ਼ੈ ਊਰਜਾ ਕੋਲੇ ਤੋਂ ਸਸਤੀ ਹੈ। ਪਰ ਉਦਮੀਆਂ ਨੂੰ ਇਹ ਅਹਿਸਾਸ ਹੋਣ ਵਾਲਾ ਸੀ ਕਿ ਦੁਨੀਆਂ ’ਚ ਦੋ ਅਰਬ ਲੋਕ ਆਪਣੇ ਘਰਾਂ ਦੀ ਮਿੱਟੀ ਦੇ ਤੇਲ ਨਾਲ ਰੋਸ਼ਨੀ ਕਰਦੇ ਹਨ, ਬਿਜਲੀ ਨਾਲ ਨਹੀਂ ਅਤੇ ਉਹ ਕਿ ਉਨ੍ਹਾਂ ਲਈ ਸੂਰਜ ਦੀ ਰੋਸ਼ਨੀ ਜੀਵਾਸ਼ਮ ਫਿਊਲ ਦੇ ਮੁਕਾਬਲੇ ਸਸਤਾ ਤੇ ਵੱਧ ਵਿਸਵਾਸ਼ਯੋਗ ਹੈ।

ਅਸੀਂ ਦੁਨੀਆ ਨੂੰ ਮੁਫ਼ਤ ’ਚ ਰੋਸ਼ਨ ਕਰ ਸਕਦੇ ਹਾਂ। ਹੁਣ ਸਭ ਦੀ ਸਮਝ ’ਚ ਆ ਗਿਆ ਹੈ ਕਿ ਅਕਸ਼ੈ ਊਰਜਾ ਕੋਲੇ ਨਾਲੋਂ ਸਸਤੀ ਹੈ। ਇੰਡੋਨੇਸ਼ੀਆ ਦੇ ਖ਼ਤਮ ਹੋਣ ਵਾਲੇ ਵਣਾਂ ਦੀ ਦੁਰਦਸ਼ਾ ਦੁਨੀਆਂ ਦੇ ਏਂਜਡੇ ’ਤੇ ਸੀ ਅਤੇ ਇਹ ਮੁਮਕਿਨ ਲੱਗਣ ਲੱਗਿਆ ਕਿ ਵਿਸ਼ਵੀ ਸਮੂਹ ਇਹ ਸਮਝਣ ਲੱਗੇਗਾ ਕਿ ਕਾਰਬਨ ਜਲਾਉਣ ਵਾਲੇ ਹੁਣ ਚੂਸਣ ਲਈ ਵਣ ਤੇ ਘਾਹ ਦੇ ਮੈਦਾਨ ਚਾਹੁੰਦੇ ਹਨ ਪਰ ਜ਼ਰੂਰਤ ਇਸ ਗੱਲ ਦੀ ਹੈ ਕਿ ਅਸੀਂ ਇਸ ਨੂੰ ਤਬਾਹ ਕਰਨ ਦੀ ਬਜਾਏ ਸੁਰੱਖਿਅਤ ਰੱਖਣ ਲਈ ਫਾਇਦੇਮੰਦ ਬਣਾਉਣ। ਘਾਹ ਫੂਸ ਦਇਕੋਨੋਮਿਸਟ ਦੀਆਂ ਸੁਰਖੀਆਂ ’ਚ ਆ ਗਈ ਯਕੀਨਨ ਐਸਾ ਪਹਿਲੀ ਵਾਜੀ ਹੋਇਆ, ਸ਼ੀਤੋਸ਼ਣ ਕਟਿਬੰਧ ਤੱਟਾਂ ’ਤੇ ਕੁਦਰਤ ਦੇ ਮਹਾਨ ਉਪਹਾਰ ਮੈਂਗ੍ਰੋਵ (ਗਰਾਨ) ਵਣਾਂ ਨੂੰ ਹਾਲਾਂਕਿ ਇਕ ਸਦੀ ਤੱਕ ਕਿਸੇ ਵੀ ਬਹਾਨੇ ਨਾਲ ਤਬਾਹ ਕੀਤਾ ਗਿਆ, ਪਰ ਹੁਣ ਅਚਾਨਕ ਉਨ੍ਹਾਂ ਨੂੰ ਨਵੀਂ ਸਮੱਸਿਆ ਦਾ ਨਵਾਂ ਹੱਲ ਦੱਸਿਆ ਜਾ ਰਿਹੈ। ਉਹ ਬਿਨ੍ਹਾਂ ਕੋਈ ਨੁਕਸਾਨ ਪਹੁੰਚਾਏ ਕਾਰਬਨ ਨੂੰ ਸੋਕ ਸਕਦੇ ਹਨ, ਉਹ ਤੱਟਵਰਤੀ ਇਲਾਕਿਆਂ ’ਚ ਰਹਿਣ ਵਾਲੇ ਸਮੂਹਾਂ ਨੂੰ ਸਮੁੰਦਰੀ ਤੂਫ਼ਾਨਾਂ ਤੋਂ ਵੀ ਬਚਾਉਂਦੇ ਹਨ। ਸ਼ਹਿਰਾਂ ਦੀ ਮਲ ਨਿਕਾਸੀ ਵਿਵਸਥਾ ਨੂੰ ਕਾਰਗਰ ਬਣਾਉਂਦੇ ਹਨ ਅਤੇ ਮਤਸਿਆ ਪਾਲਣ ਲਈ ਨਰਸਰੀ ਤਿਆਰ ਕਰਦੇ ਹਨ ਪਰ ਵਿਡੰਬਨਾ ਇਹ ਹੈ ਕਿ ਵੱਧ ਖਪਤਵਾਦ ਨਾਲ ਪੈਦਾ ਹੋਈ ਕਾਰਬਨ ਕਚਾਰੇ ਨੂੰ ਠਿਕਾਨੇ ਲਾਉਣ ਦੀ ਜ਼ਰੂਰਤ ਦੇ ਕਾਰਣ ਹੀ ਉਹ ਬਚ ਸਕਦੇ ਹਨ। ਪਰ ਜਿੱਥੇ ਦੁਨੀਆਂ ਸਿਰ ਝੁਕਾ ਕੇ ਮੱਠੀ ਚਾਲ ਨਾਲ ਕੋਪਨਹੇਗਨ ਵੱਲ ਕੂਚ ਕਰ ਰਹੀ ਹੈ ਉਥੇ ਵਿਸ਼ਵੀ ਹਰੇ ਅੰਦੋਲਨ ਦੇ ਬੇਹਤਰੀਨ ਨਵੇਂ ਵਿਚਾਰ ਸਮਝੌਤੇ ਦੇ ਏਜੰਡੇ ਦੇ ਹਾਸ਼ੀਏ ’ਤੇ ਪਏ ਹਨ। ਵਿਕਸਤ ਤੇ ਅਮੀਰ ਦੇਸ਼ਾਂ ਦੇ ਵਾਤਾਵਰਣ ਪ੍ਰੇਮੀਆਂ ਨੇ ਜਲਵਾਯੂ ਤਬਦੀਲੀ ਬਾਰੇ ਇਕ ਕਹਾਣੀ ਜਿਸ ਨੂੰ ਆਪਾਂ ਕਯੋਟੋ ਕਥਾ ਕਹਿੰਦੇ ਹਨ। ਆਪਣਾ ਲਈ ਜਦ ਕਿ ਵਿਕਾਸਸ਼ੀਲ ਦੇਸ਼ਾਂ ਦੇ ਜ਼ਿਆਦਾਤਰ ਵਾਤਾਵਰਣਵਾਦੀਆਂ ਨੇ ਉਸੇ ਵਿਗਿਆਨ ਨੂੰ ਬਿਲਕੁਲ ਦੂਜੀ ਤਰ੍ਹਾਂ ਨਾਲ ਅਪਣਾਇਆ ਪਰ ਉਸ ਦੀ ਵਰਤੋਂ ਮੂਲ ਰੂਪ ਨਾਲ ਬੇਮੇਲ ਜਲਵਾਯੂ ਨਿਆਂ ਦੇ ਜਾਂ ’ਤੇ ਬੇਮੇਲ ਰਾਜਨੀਤੀ ਲਈ ਕੀਤਾ, ਦੋਨੋਂ ਪੱਖ ਇਸ ਗੱਲ ਨਾਲ ਸਹਿਮਤ ਲੱਗੇ ਕਿ ਜਲਵਾਯੂ ਤਬਦੀਲੀ ਨਾਲ ਨਿਪਟਨ ਲਈ ਸਾਂਝੀਆਂ ਕੋਸ਼ਿਸ਼ਾਂ ਦੀ ਜ਼ਰੂਰਤ ਹੈ ਜਾਂ ਉਸ ਤੇ ਵਿਵਾਦ ਖੜ੍ਹਾ ਕੀਤਾ ਗਿਆ ਹਾਲਾਂਕਿ ਤੱਥ ਇਹ ਹੈ ਕਿ ਦੋਨਾਂ ਨੇ 20ਵੀਂ ਸਦੀ ਦੇ ਸਨਅਤੀ ਵੱਡਿਆਂ

ਦੇ ਖਿਲਾਫ਼ ਬਹਾਦਰੀ ਨਾਲ ਸੰਘਰਸ਼ ਕੀਤਾ। ਦੋਨੋਂ ਕੋਲੇ ਤੇ ਤੇਲ ਦੀ ਖੁਦਾਈ ਤੇ ਉਸ ਦੀ ਲੁੱਟ ਨਾਲ ਦੁਨੀਆਂ ’ਤੇ ਪੈਣ ਵਾਲੇ ਪ੍ਰਭਾਵਾਂ ਨਾਲ ਹਿੱਲ ਉਠੇ ਸਨ। ਦੋਨਾਂ ਨੂੰ ਪਤਾ ਸੀ ਕਿ ਵਿਕੇਂਦਰੀਕ੍ਰਿਤ ਅਕਸ਼ੈ ਊਰਜਾ ਦੇ ਹੱਲ ਨਾਲ ਦੁਨੀਆਂ ਦੇ ਸਭ ਤੋਂ ਗਰੀਬ ਪੇਂਡੂਆਂ ਦਾ ਜਬਰਦਸਤ ਸਬਲੀਕਰਨ ਹੋਵੇਗਾ। ਦੋਨਾਂ ਨੂੰ ਸਪੱਸ਼ਟ ਗੱਲ ਕਹਿਣ ਲਈ ਇਕ ਜੁੱਟ ਹੋ ਜਾਣਾ ਚਾਹੀਦਾ ਹੈ।

ਗੱਲ ਇਹ ਸੀ ਕਿ ਸਨਅਤੀ ਦੇਸ਼ ਸੈਂਕੜੇ ਅਰਬ ਡਾਲਰ ਵਿਕਾਸਸ਼ੀਲ ਦੇਸ਼ਾਂ ਨੂੰ ਨਵੇਂ ਊਰਜਾ ਉਤਪਾਦਨ ਲਈ ਦੇ ਰਹੇ ਹਨ ਅਤੇ ਇਹ ਨਿਵੇਸ਼ ਜ਼ਿਆਦਾਤਰ ਜੀਵਾਸ਼ਮ ਫਿਊਲ ’ਤੇ ਅਧਾਰਤ ਲਈ ਜ਼ਿੰਮੇਵਾਰ ਹਨ। ਭਾਰਤ ’ਚ ਕੋਲੇ ਨਾਲ ਚਲਣ ਵਾਲੇ ਬਿਜਲੀ ਯੰਤਰਾਂ ਲਈ ਧਨ ਊਰਜਾ ਬਾਜ਼ਾਰ ਨਹੀਂ ਬਲਕਿ ਵਿਸ਼ਵ ਬੈਂਕ ਮੁਹੱਈਆ ਕਰਵਾ ਰਿਹਾ ਹੈ। ਜਦਕਿ ਉਸ ਕੋਲ ਅਕਸ਼ੈ ਊਰਜਾ ਦੀ ਨਵੀਂ ਤਕਨੀਕ ’ਚ ਨਿਵੇਸ਼ ਲਈ ਪੈਸਾ ਨਹੀਂ ਹੈ। ਫਿਰ ਵੀ ਕੋਪਨਹੇਗਨ ’ਚ ਇਸ ਅੰਦੋਲਨ ਵੱਲ ਕੋਈ ਕੇਂਦਰੀ ਮੁੱਦਾ ਨਹੀਂ ਹੋਵੇਗਾ। ਵਾਤਾਵਰਣਵਾਦੀ ਹੁਣ ਵੀ ਅਜੇਹੇ ਕੰਮ ਕਰ ਰਹੇ ਹਨ ਜਿਵੇਂ ਸਭ ਤੋਂ ਮਹੱਤਵਪੂਰਨ ਭਿੰਨਤਾਵਾਂ ਕੌਮੀ ਤੇ ਖੇਤਰੀ ਹਨ ਕੋਈ ਮਾਰਕਸਵਾਦੀ ਜ਼ੋਰ ਦੇ ਕੇ ਕਹੇਗਾ ਕਿ ਉਹ ਹੁਣ ਵੀ ਗਲਤ ਦੇ ਸ਼ਿਕਾਰ ਹਨ। ਇਹ ਅਸਲ ’ਚ ਵਾਤਾਵਰਣ ਅੰਦੋਲਨ ਲਈ ਖਰਾਬ ਹੈ। ਪਰ ਦੁਨੀਆਂ ਲਈ ਇਸ ਤੋਂ ਵੀ ਵੱਧ ਖਰਾਬ ਹੈ ਕਿਉਂਕਿ ਸਾਨੂੰ ਹੁਣ ਵੀਹਵੀਂ ਸਦੀ ਦੇ ਸਨਅਤੀਵਾਦ ਦੀ ਥਾਂ ਇਕ ਅਜਿਹੇ ਆਰਥਿਕ ਮਾਡਲ ਦੀ ਲੋੜ ਹੈ। ਜੋ ਘੱਟੋ-ਘੱਟ ਅਰਬਾਂ ਨਵੇਂ ਖਪਤਕਾਰਾਂ ਚੁੱਕ ਗਏ ਪ੍ਰਸਿਥਤੀਕ ਤੰਤਰਾਂ ਅਤੇ ਅਸਥਿਰ ਜਲਵਾਯੂ ਨਾਲ ਜੁੜੀਆਂ ਅਣਗਣਿਤ ਸਮੱਸਿਆਵਾਂ ਨੂੰ ਨਿਪਟਾ ਸਕੇ ਤੇ ਉਸ ਮਾਡਲ ਨੂੰ ਚਾਹੀਦੈ ਕਿ ਉਹ ਹੱਲ ਦੇ ਨਾਲ ਮੌਕੇ ਵੀ ਮੁਹੱਈਆ ਕਰਵਾਕੇ, ਟੀਚੇ ਤੇ ਸਮਾਂ ਸਾਰਨੀਆਂ, ਵੱਖ-ਵੱਖ ਜ਼ਿੰਮੇਵਾਰੀਆਂ ਸਭ ਠੀਕ ਹਨ ਪਰ ਦੁਨੀਆਂ ਨੂੰ ਅੱਜ ਅਜਿਹੇ ਮਾਡਲ ਦੀ ਲੋੜ ਹੈ ਜਿਸ ਵਿਚ ਅਸੀਂ ਆਪਣੇ ਬੱਚਿਆਂ ਨੂੰ ਹੱਕ ਖੋਹਣ ਬਗੈਰ ਆਪਣੀ ਰੋਟੀ ਰੋਜੀ ਕਮਾ ਸਕਣ। ਅੱਧੀ ਦੁਨੀਆਂ ਦੀ ਦੂਰੀ ਤੇ ਸਥਿਤ ਇਲਾਕੇ ’ਚ ਤੂਫ਼ਾਨ ਦਾ ਸਵੱਬ ਪੈਦਾ ਕੀਤੇ ਬਗੈਰ ਆਪਣਾ ਕੰਮ ਕਰ ਸਕੇ ਵਾਤਾਵਰਣਵਾਦੀ ਰਾਜ ਨੇਤਾਵਾਂ ਅਤੇ ਨੌਕਰਸ਼ਾਹਾਂ ਨੂੰ ਕੋਪਨਹੈਗਨ ਦੇ ਅਰਥ ਅਤੇ ਉਸ ਨਾਲ ਜੁੜੀ ਉਮੀਦ ਨੂੰ ਨਾਲੇ ’ਚ ਸੁੱਟਣ ਤੋਂ ਨਹੀਂ ਰੋਕ ਸਕੇ ਇਹੀ ਸਾਡੀ ਸਭ ਤੋਂ ਵੱਡੀ ਨਾਕਾਮੀ ਹੈ।

ਤੀਜੀ ਸਮਾ ਲੇਚਨਾ ਕੀਤੇ ਜਾਣ ਪਿੱਛੋਂ ਇਹ ਅਹਿਸਾਸ ਕਰਨਾ ਮਹੱਤਵਪੂਰਨ ਹੈ ਕਿ ਦਹਾਕਾ ਭਰ ਪਹਿਲਾਂ ਤੱਕ ਘੱਟੋ-ਘੱਟ ਵਿਕਸਤ ਦੇਸ਼ਾਂ ’ਚ ਵਾਤਾਵਰਣਵਾਦੀ ਸੰਗਠਨਾਂ ਨੇ ਸਨਅਤੀ ਭਵਿੱਖ ਦੇ ਪਹਿਰੂਆਂ ਵਜੋਂ ਬਿਲਕੁੱਲ ਵੱਖਰਾ ਰਾਹ ਆਪਣਾ ਲਿਆ ਜੋ ਕਾਫੀ ਹੱਦ ਤੱਕ ਸਨਅਤੀ ਅਤੀਤ ਦੀ ਤਰ੍ਹਾਂ ਮੰਨ ਲਿਆ ਗਿਆ, ਦਸ ਸਾਲ ਦਾ ਅਰਸਾ ਕਈ ਮਾਨਿਆਂ ’ਚ ਲੰਬਾ ਅਰਸਾ ਹੁੰਦਾ ਹੈ। ਪਰ ਨਵੇਂ ਨਜ਼ਰੀਏ ਅਤੇ ਨਵੇਂ ਭਵਿੱਖ ਲਈ ਇਹ ਨਾਕਾਫੀ ਹੈ। ਕੋਪਨਹੈਗਨ ਨਾਲ ਸਭ ਨੂੰ ਮਾਯੂਸੀ ਹੋ ਸਕਦੀ ਹੈ, ਇਸ ਤਰ੍ਹਾਂ ਦੀ ਮਾਯੂਸੀ ਤੋਂ ਸਬਕ ਲਿਆ ਜਾ ਸਕਦਾ ਹੈ ਅਤੇ ਆਓ ਅਸੀਂ ਉਮੀਦ ਕਰੀਏ ਕਿ ਇਸ ਤੋਂ ਸਬਕ ਸਿੱਖੀਏ।

--------✪✪--------

# ਲਿਬਰਹਾਨ ਪਿੱਛੋਂ ਦੋਸ਼ੀਆਂ ਵਿਰੁੱਧ ਹੋਊ ਕਾਰਵਾਈ?

ਅਯੋਧਿਆ 'ਚ ਬਾਬਰੀ ਮਸਜਿਦ ਢਾਹੇ ਜਾਣ ਦੇ ਸਤਾਰਾਂ ਸਾਲਾਂ ਪਿੱਛੋਂ ਲੀਕ ਹੋ ਕੇ ਸੰਸਦ 'ਚ ਪੇਸ਼ ਕੀਤੀ ਗਈ ਨਿਆਂ ਮੂਰਤੀ ਮਨਮੋਹਨ ਸਿੰਘ ਲਿਬਰਹਾਨ ਕਮਿਸ਼ਨ ਦੀ ਜਾਂਚ ਰੀਪੋਟ 'ਚ ਭਾਰਤੀ ਜਨਤਾ ਪਾਰਟੀ ਅਤੇ ਆਰ. ਐਸ. ਐਸ. ਪਰਿਵਾਰ ਦੇ ਨੇਤਾਵਾਂ ਸਮੇਤ ਕੁੱਲ 68 ਲੋਕਾਂ ਨੂੰ ਭਲੇ ਹੀ ਦੋਸ਼ੀ ਠਹਿਰਾਇਆ ਗਿਆ ਹੈ ਪਰ ਇਨ੍ਹਾਂ 'ਚ ਕਿਸੇ ਦੇ ਵੀ ਖਿਲਾਫ਼ ਕੋਈ ਖਾਸ ਸਜ਼ਾ ਯਾਫਤਾ ਕਾਰਵਾਈ ਕਰਨ ਦੀ ਜਰਾ ਵੀ ਸਿਫਾਰਸ਼ ਨਹੀਂ ਕੀਤੀ ਗਈ ਹੈ। ਰਿਪੋਰਟ ਉਸ ਵੇਲੇ ਦੇ ਕਾਂਗਰਸੀ ਪ੍ਰਧਾਨ ਮੰਤਰੀ ਨਰਸਿੰਮਾ ਰਾਓ ਨੂੰ ਕਿਸੇ ਤਰ੍ਹਾਂ ਦੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਬਰੀ ਕੀਤਾ ਗਿਆ ਹੈ ਤੇ ਕਿਹਾ ਹੈ ਕਿ ਉਨ੍ਹਾਂ ਨੂੰ ਲੋੜੀਂਦੀ ਖੁਫੀਆ ਜਾਣਕਾਰੀ ਨਹੀਂ ਮਿਲੀ ਪਰ ਇਹ ਪੱਖਪਾਤ ਹੈ। ਰੀਪੋਟ ਆਉਣ ਪਿੱਛੋਂ ਖ਼ੁਫੀਆਂ ਏਜੰਸੀਆਂ ਦੇ ਸੂਤਰਾਂ ਨੇ ਸ਼ੱਕ ਜਾਹਰ ਕੀਤਾ ਕਿ ਮਸਜਿਦ ਦੇ ਢਹਿ ਢੇਰੀ ਦੇ ਮਹੀਨੇ ਦਸੰਬਰ 'ਚ ਫਿਰਕੂ ਜਨੂੰਨ ਭੜਕਾਉਣ ਵਾਲੀ ਕਿਸੇ ਵੱਡੀ ਘਟਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਜ਼ਰੂਰੀ ਨਹੀਂ ਕਿ ਸਿਰਫ ਫਿਰਕੂ ਸੰਗਠਨਾਂ ਹੀ ਅਜਿਹਾ ਕਰਨ ਬਲਕਿ ਕੋਈ ਦਹਿਸ਼ਤਗਰਦ ਸੰਗਠਨ ਵੀ ਅਜਿਹਾ ਅੰਜ਼ਾਮ ਦੇ ਸਕਦਾ ਹੈ। ਰੀਪੋਟ 'ਚ ਉਤਰ ਪ੍ਰਦੇਸ਼ ਦੇ ਉਸ ਵੇਲੇ ਮੁੱਖ ਮੰਤਰੀ ਕਲਿਆਣ ਸਿੰਘ ਨੂੰ ਬਾਬਰੀ ਮਸਜਿਦ ਢਹਿ ਢੇਰੀ ਕਰਨ ਦੀ ਸਾਜ਼ਿਸ਼ ਦਾ ਦੋਸ਼ੀ ਪਾਇਆ ਗਿਆ। ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਵਰਗੇ ਭਾਜਪਾ ਦੇ ਵੱਡੇ ਨੇਤਾਵਾਂ ਨੂੰ ਇਸ ਜਾਂਚ ਰਿਪੋਟ 'ਚ ਬਾਬਰੀ ਮਸਜਿਦ ਢਾਹੁਣ ਤੇ ਸਬੰਧਿਤ ਫਿਰਕੂ ਜਨੂੰਨ ਲਈ ਬੌਧਿਕ ਤੇ ਵਿਚਾਰਕ ਤੌਰ 'ਤੇ ਜ਼ਿੰਮੇਵਾਰ ਠਹਿਰਾਉਂਦੇ ਹੋਇਆ ਉਨ੍ਹਾਂ ਨੂੰ ਅਜੇਹੇ ਉਦਾਰਵਾਦੀ ਮਖੌਟੇ ਦੱਸਿਆ ਗਿਆ ਹੈ ਕਿ ਜੋ ਸੰਘ ਪਰਿਵਾਰ ਦੇ ਇਸ਼ਾਰਿਆਂ 'ਤੇ ਨੱਚਦੇ ਰਹੇ ਹਨ।

ਜਾਂਚ ਰੀਪੋਟ ਦੇ ਆਧਾਰ 'ਤੇ ਸਰਕਾਰ ਨੇ ਜੋ ਕਾਰਵਾਈ ਰੀਪੋਟ ਯਾਨੀ ਐਕਸ਼ਨ ਟੇਕਨ (ਕਾਰਵਾਈ) ਰੀਪੋਟ ਤਿਆਰ ਕੀਤੀ ਉਸ 'ਚ ਕਮਿਸ਼ਨ ਵਲੋਂ ਦਿੱਤੇ ਗਏ ਬਹੁਤੇ ਸੁਝਾਵਾਂ 'ਤੇ ਸਹਿਮਤੀ ਤਾਂ ਦਰਸਾਈ ਗਈ ਹੈ ਪਰ ਕਿਸੇ ਦੋਸ਼ੀ ਖਿਲਾਫ ਕਾਰਵਾਈ ਦਾ ਕੋਈ ਜ਼ਿਕਰ ਨਹੀਂ ਹੈ। ਯਾਨੀ ਇਹ ਵੀ ਇਕ ਤਰ੍ਹਾਂ ਦੀ ਲਿਪਾ ਪੋਚੀ ਦੀ ਕਸਰਤ ਹੈ। ਸ਼ਾਇਦ ਇਸ ਲਈ ਮੁਸਲਿਮ ਸੰਗਠਨਾਂ ਸਮੇਤ ਖੱਬੀਆਂ ਪਾਰਟੀਆਂ ਨੇ ਵੀ ਇਸ ਨੂੰ ਨਿਰਾਸ਼ਾਜਨਕ ਦੱਸਿਆ ਹੈ। ਮਾਰਕਸੀ ਸੀਤਾ ਰਾਮ ਯੈਚੁਰੀ ਅਤੇ ਹੋਰ ਖੱਬੇ ਨੇਤਾਵਾਂ ਨੇ ਇਸ ਢਹਿ ਢੇਰੀ ਦੇ ਦੋਸ਼ੀਆਂ ਨੂੰ ਬਚਾਉਣ ਵਾਲੀ ਰੀਪੋਟ ਦੱਸਿਆ ਹੈ। ਦੋਸ਼ੀਆਂ ਨੂੰ ਸਜਾ ਦਵਾਉਣ ਲਈ ਜ਼ਰੂਰੀ ਹੈ ਕਿ ਇਸ ਮਾਮਲੇ ਨਾਲ ਸਬੰਧਤ ਜਿੰਨੇ ਵੀ ਮੁਕਦਮੇ ਵੱਖ ਵੱਖ ਅਦਾਲਤਾਂ 'ਚ ਚਲ ਰਹੇ ਹਨ ਉਨ੍ਹਾਂ ਸਾਰਿਆਂ ਦੀ ਸੁਣਵਾਈ ਹੁਣ ਸਿਰਫ਼ ਸੁਪਰੀਮ ਕੋਰਟ ਹੀ ਕਰੇ। ਕੁੱਲ 919 ਸਫ਼ਿਆਂ ਦੀ ਇਸ ਰੀਪੋਟ ਅੰਦਰ ਦੋਸ਼ ਠਹਿਰਾਏ ਗਏ 68 ਲੋਕਾਂ ਵਿਚੋਂ 15 ਦੀ ਮੌਤ ਹੋ ਚੁੱਕੀ ਹੈ। ਹਾਲਾਂਕਿ ਕਨੂੰਨੀ ਮਾਹਰਾਂ ਅਨੁਸਾਰ ਜਾਂਚ ਕਮਿਸ਼ਨ ਦੀ ਰੀਪੋਟ 'ਤੇ ਦਿੱਤੇ ਗਏ ਬਿਆਨਾਂ ਦਾ ਅਦਾਲਤ 'ਚ ਕੋਈ ਮਹੱਤਵ ਨਹੀਂ ਹੈ। ਪਰ ਸਰਕਾਰ ਨੇ ਸੀ. ਬੀ. ਆਈ. ਨੂੰ ਇਹ ਰੀਪੋਟ ਸੌਂਪ ਦਿੱਤੀ ਹੈ ਕਿ ਉਸ ਦੇ ਅਧਾਰ 'ਤੇ ਰਾਇਬ੍ਰੇਲੀ 'ਚ ਚੱਲ ਰਹੇ ਮੁਕੱਦਮੇ 'ਚ ਪੂਰਨ ਚਾਰਜ਼ਸੀਟ (ਦੋਸ਼ਪੱਤਰ)

ਦਾ ਖ਼ਲ ਕਰੇ। ਸਰਕਾਰ ਲਈ ਇਕ ਹੋਰ ਮੁਸ਼ਕਲ ਇਹ ਵੀ ਹੈ ਕਿ ਹੋਰ ਮੁਸ਼ਕਲ ਇਹ ਵੀ ਹੈ ਕਿ ਰੀਪੋਟ 'ਚ ਦੋਸ਼ੀ ਠਹਿਰਾਏ ਗਏ ਸ਼ੰਕਰ ਸਿੰਘ ਬਘੇਲਾ ਹੁਣ ਕੇਂਦਰੀ ਮੰਤਰੀ ਹਨ ਜੋ ਉਸ ਸਮੇਂ ਗੁਜਰਾਤ ਭਾਜਪਾ ਦੇ ਪ੍ਰਧਾਨ ਸਨ। ਦੇਖਣਾ ਹੋਵੇਗਾ ਕਿ ਸਰਕਾਰ ਹੁਣ ਉਨ੍ਹਾਂ ਦਾ ਬਚਾਅ ਕਿਸ ਤਰ੍ਹਾਂ ਕਰਦੀ ਹੈ। ਭਾਵੇਂਕਿ ਜਾਂਚ ਰੀਪੋਟ ਦੇ ਇਸ ਨਤੀਜੇ ਨੂੰ ਭਾਜਪਾ ਨੂੰ ਕਰੜੇ ਹੱਥੀਂ ਲਿਆ ਹੈ, ਉਸ ਦੇ ਚੋਟੀ ਦੇ ਨੇਤਾ ਅਟਲ ਬਿਹਾਰੀ ਵਾਜਪਾਈ ਨੂੰ ਮਸਜਿਦ ਢਾਹੁਣ ਦੀ ਸਕੀਮ ਦੀ ਜਾਣਕਾਰੀ ਸੀ। ਇਕ ਦਿਨ ਪਹਿਲਾਂ 5 ਦਸੰਬਰ 1992 ਨੂੰ ਉਨ੍ਹਾਂ (ਅਡਵਾਨੀ ਤੇ ਵਾਜਪਾਈ) ਲਖਨਊ 'ਚ ਭੜਕਾਊ ਭਾਸ਼ਣ ਦਿੱਤੇ ਸਨ। ਜਦ ਵਾਜਪਾਈ ਨੇ ਕਿਹਾ ਸੀ 'ਜ਼ਮੀਨ ਨੂੰ ਪੱਧਰਾ ਕਰਨਾ ਪਵੇਗਾ। ਮੈਂ ਨਹੀਂ ਜਾਣਦਾ ਕੱਲ੍ਹ ਉਥੇ ਕੀ ਹੋਵੇਗਾ ਮੈਨੂੰ ਕਿਹਾ ਗਿਆ ਹੈ ਕਿ ਤੁਸੀਂ ਦਿੱਲੀ ਜਾਓ' ਅਡਵਾਨੀ ਨੇ ਅੰਤਿਮ ਕਾਰ ਸੇਵਾ ਦੀ ਗੱਲ ਕਹੀ ਸੀ ਇਸ ਤੋਂ ਸਾਫ਼ ਜਾਹਰ ਹੈ ਕਿ ਢਹਿ ਢੇਰੀ ਕਰਨ ਸਮੇਂ ਵਾਜਪਾਈ ਭਾਵੇਂ ਅਯੋਧਿਆ 'ਚ ਨਹੀਂ ਸਨ ਪਰ ਉਨ੍ਹਾਂ ਨੂੰ ਇਸ ਦੀ ਪੂਰੀ ਜਾਣਕਾਰੀ ਸੀ ਕਿ ਉੱਥੇ ਕੀ ਹੋਣ ਵਾਲਾ ਹੈ। ਇਸ ਤਰ੍ਹਾਂ ਅਡਵਾਨੀ ਦੀ ਪੂਰੀ ਜਾਣਕਾਰੀ ਦਾ ਵੀ ਪਤਾ ਲੱਗਦਾ ਹੈ। ਲਿਬ੍ਰਹਾਨ ਕਮਿਸ਼ਨ ਨੇ ਭਾਵੇਂ ਹੀ ਵਾਜਪਾਈ ਨੂੰ ਨੋਟਿਸ ਨਹੀਂ ਦਿੱਤਾ ਪਰ ਅਜਿਹੇ ਤੱਥ ਵੱਲ ਉਨ੍ਹਾਂ ਦਾ ਧਿਆਨ ਗਿਆ। ਸੰਘ ਪਰਿਵਾਰ ਦੇ ਕਈ ਮੁੱਖ ਲੋਕਾਂ ਤੋਂ ਇਲਾਵਾ ਉਤਰ ਪ੍ਰਦੇਸ਼ ਦੇ ਉਸ ਵੇਲੇ ਦੇ ਮੁੱਖ ਮੰਤਰੀ ਕਲਿਆਣ ਸਿੰਘ ਨੂੰ ਮਸਜਿਦ ਢਾਹੁਣ ਦਾ ਮੁੱਖ ਦੋਸ਼ੀ ਮੰਨਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਤਾਂ ਪੂਰੀ ਸਰਕਾਰ ਸੰਘ ਪਰਿਵਾਰ ਦੇ ਹੱਥੀਂ ਸੌਂਪ ਦਿੱਤੀ ਸੀ।

ਰਿਪੋਟ ਆਉਣ ਪਿੱਛੋਂ ਕਲਿਆਣ ਸਿੰਘ ਨੇ ਮੰਨਿਆ 'ਹਾਂ ਮੈਂ ਸੁਰੱਖਿਆ ਅਧਿਕਾਰੀਆਂ ਨੂੰ ਕਿਹਾ ਸੀ ਕਿ ਰਾਮ ਭਗਤਾਂ 'ਤੇ ਗੋਲੀ ਨਹੀਂ ਚਲਾਉਣੀ ਕਿਉਂਕਿ ਇਸ ਨਾਲ ਬਹੁਤ ਵੱਡੀ ਸੰਖਿਆ 'ਚ ਲੋਕਾਂ ਦੇ ਮਾਰੇ ਜਾਣ ਦਾ ਖਤਰਾ ਸੀ।' ਕਲਿਆਣ ਦੇ ਇਸ ਬਿਆਨ 'ਤੇ ਉਨ੍ਹਾਂ ਦੀ ਭਾਜਪਾ 'ਚ ਘਰ ਵਾਪਸੀ ਦੀਆਂ ਉਮੀਦਾਂ ਵੱਧ ਗਈਆਂ ਹਨ। ਇਸ ਰੀਪੋਟ ਪਿੱਛੋਂ ਭਾਜਪਾ ਨੇਤਾ ਮੰਨ ਰਹੇ ਹਨ ਕਿ ਹੁਣ ਪਾਰਟੀ 'ਚ ਗੁਟਬਾਜੀ ਘੱਟ ਹੋਵੇਗੀ ਅਤੇ ਨੇਤਾਵਾਂ ਦੀ ਆਪਸੀ ਏਕਤਾ ਵਧੇਗੀ। ਪਰ ਰੀਪੋਟ 'ਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਨਰਸਿੰਮਾ ਰਾਓ ਨੂੰ ਕਲੀਨ ਚਿਟ ਮਿਲਣ ਨਾਲ ਵਿਰੋਧੀ ਪਾਰਟੀਆਂ ਸਮੇਤ ਕਾਂਗਰਸ ਵਿਚ ਵੀ ਹੈਰਾਨੀ ਹੈ ਹਾਲਾਂਕਿ ਕਮਿਸ਼ਨ ਨੇ ਉਨ੍ਹਾਂ ਨੂੰ ਇਸ ਆਧਾਰ 'ਤੇ ਬਰੀ ਕੀਤਾ ਹੈ ਕਿ ਜਦ ਉਤਰ ਪ੍ਰਦੇਸ਼ ਦੇ ਰਾਜਪਾਲ ਦੀ ਰੀਪੋਟ ਬਗੈਰ ਕੇਂਦਰ ਸਰਕਾਰ ਸਿੱਧੇ ਉਥੇ ਕੋਈ ਕਾਰਵਾਈ ਨਹੀਂ ਕਰ ਸਕਦੀ ਸੀ। ਜਦ ਕਿ ਸੱਚ ਇਹ ਹੈ ਕਿ ਖੁਫੀਆ ਬਿਊਰੋ (ਆਈ. ਬੀ.) ਨੇ ਇਕ ਤੋਂ ਲੈ ਕੇ ਪੰਜ ਦਸੰਬਰ ਤੱਕ ਪ੍ਰਤੀਦਿਨ ਲਗਾਤਾਰ ਅਯੋਧਿਆ 'ਚ ਹੋਈਆਂ ਸਰਗਰਮੀਆਂ ਦੀ ਵਿਸਥਾਰਿਤ ਰੀਪੋਟ ਪ੍ਰਧਾਨ ਮੰਤਰੀ ਦਫ਼ਤਰ ਦੇ ਨਾਲ ਹੀ ਗ੍ਰਹਿ ਮੰਤਰੀ ਅਤੇ ਗ੍ਰਹਿ ਸਕੱਤਰ ਨੂੰ ਵੀ ਭੇਜੀ ਸੀ। ਕੁਝ ਅਜਿਹੀਆਂ ਰਿਪੋਟਾਂ ਵੀ ਹਨ ਕਿ ਜਿਨ੍ਹਾਂ 'ਚ ਦੋ ਲੱਖ ਕਾਰ ਸੇਵਕਾਂ ਦੇ ਇਕੱਠੇ ਹੋਣ ਤੋਂ ਲੈ ਕੇ ਆਤਮਘਾਤੀ ਦਸਤਿਆਂ ਦੀ ਮੌਜੂਦਗੀ ਅਤੇ ਢਾਂਚੇ ਨੂੰ ਢਾਹੁਣ ਲਈ ਵੱਡੀ ਮਾਤਰਾ 'ਚ ਵਿਸਫੋਟਿਕ ਸਾਮਗਰੀ ਤੇ ਅੱਗਲਾਊ ਅਸਤਰ ਲਾਉਣ ਦੀ ਪੂਰੀ ਜਾਣਕਾਰੀ ਹੈ। ਆਬਾਦੀ ਰਿਪੋਟ 1994 'ਚ ਹੀ ਲਿਬ੍ਰਹਾਨ ਕਮਿਸ਼ਨ ਨੂੰ ਮੁਹੱਈਆ ਕਰਵਾ ਦਿੱਤੀ ਸੀ। ਪਰ ਕਮਿਸ਼ਨ ਦੀ ਜਾਂਚ ਰਿਪੋਟ 'ਚ ਇਸ ਦਾ ਜ਼ਿਕਰ ਨਹੀਂ ਹੈ। ਰਿਪੋਟ 'ਚ ਰਾਜੀਵ ਗਾਂਧੀ ਦੀ ਭੂਮਿਕਾ ਦਾ ਵੀ ਕੋਈ ਜ਼ਿਕਰ ਨਹੀਂ ਹੈ।

ਜਦਕਿ 1986 'ਚ ਉਨ੍ਹਾਂ ਨੇ ਹੀ ਇਸ ਵਿਵਾਦਿਤ ਕੈਂਪਸ ਦਾ ਤਾਲਾ ਖੁਲਵਾਇਆ ਅਤੇ 1989 'ਚ ਉਥੇ ਮੰਦਰ ਦਾ ਨੀਂਹ ਪੱਥਰ ਵੀ ਰੱਖਵਾਇਆ। ਇਸ ਜਾਂਚ ਰੀਪੋਟ 'ਤੇ ਕਾਂਗਰਸ, ਭਾਜਪਾ ਤੇ ਸਮਾਜਵਾਦੀ ਪਾਰਟੀ ਨੇ ਆਪਣੀਆਂ ਰਾਜਸੀ ਰੋਟੀਆਂ ਛੇਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਦਾ ਨਮੂਨਾ ਉਦੋਂ ਹੀ ਵੇਖਣ ਨੂੰ ਮਿਲ ਗਿਆ ਸੀ ਜਦ ਰਾਜ ਸਭਾ 'ਚ ਗ੍ਰਹਿ ਮੰਤਰੀ ਨੇ ਇਹ ਜਾਂਚ ਰੀਪੋਟ ਮੇਜ਼ 'ਤੇ ਰੱਖੀ ਸੀ। ਉਸ ਦੌਰਾਨ ਭਾਜਪਾ ਸੰਸਦਾਂ ਨੇ 'ਜੈ ਸ੍ਰੀ ਰਾਮ' ਦੇ ਨਾਹਰੇ ਲਾਏ ਤਾਂ ਜੁਆਬ 'ਚ 'ਯਾ ਅਲੀ' ਦੇ ਨਾਹਰੇ ਲਾ ਕੇ ਸਦਨ 'ਚ ਫਿਰਕੂ ਜ਼ਹਿਰ ਘੋਲਣ ਦੀ ਕੋਸ਼ਿਸ਼ ਕੀਤੀ ਗਈ ਅਤੇ ਨੌਬਤ ਇਹ ਆ ਗਈ ਕਿ ਸਪਾ ਨੇਤਾ ਅਮਰ ਸਿੰਘ, ਭਾਜਪਾ ਸੰਸਦ ਐਸ. ਐਸ. ਆਹਲੂਵਾਲੀਆ ਨਾਲ ਜਾ ਭਿੜੇ। ਸੰਘ ਪਰਿਵਾਰ ਤੇ ਵਿਸ਼ਵ ਹਿੰਦੂ ਪਰਿਸ਼ਦ ਤੇ ਬਜਰੰਗ ਦਲ ਵਰਗੇ ਸੰਗਠਨਾਂ ਨੂੰ ਲਗਦਾ ਹੈ ਕਿ ਇਸ ਬਹਾਨੇ ਦੇਸ਼ 'ਚ ਇਕ ਵਾਰ ਦੁਬਾਰਾ ਹਿੰਦੂਤਵ ਦਾ ਫਿਰਕੂ ਮੁੱਦਾ ਗਰਮਾ ਕੇ ਉਸ ਦਾ ਧਾਰਮਿਕ ਰਾਜਸੀ ਫਾਇਦਾ ਲਿਆ ਜਾਵੇ।

ਸਮਾਜਵਾਦੀ ਪਾਰਟੀ ਦੀ ਮੁਸਲਿਮ ਭਾਵਨਾਵਾਂ ਨੂੰ ਭੜਕਾ ਕੇ ਆਪਣਾ ਖੁਸਿਆ ਘੱਟ ਗਿਣਤੀ ਜਨਤਕ ਅਧਾਰ ਵਾਪਸ ਲੈਣ ਦੀ ਤਾਕ ਵਿਚ ਹੈ। ਮੁਲਾਇਮ ਸਿੰਘ ਯਾਦਵ ਐਲਾਨ ਕਰ ਚੁੱਕੇ ਹਨ ਕਿ ਬਾਬਰੀ ਮਸਜਿਦ ਦੀ ਮੁੜ ਉਸਾਰੀ ਨੂੰ ਲੈ ਕੇ 6 ਦਸੰਬਰ ਨੂੰ ਉਨ੍ਹਾਂ ਦੀ ਪਾਰਟੀ ਉਤਰ ਪ੍ਰਦੇਸ਼ 'ਚ ਧਰਨੇ ਮੁਜ਼ਹਾਰੇ ਕਰੇਗੀ। ਭਾਜਪਾ ਤੇ ਸਪਾ ਦੇ ਫਿਰਕਾਪ੍ਰਸਤ ਮਨਸੂਬਿਆਂ ਨੂੰ ਪੂਰਾ ਕਰਨ ਤੋਂ ਰੋਕਣ ਲਈ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਨੂੰ ਚੇਤਾਵਨੀ ਦੇਣੀ ਪਈ ਕਿ ਇਸ ਰੀਪੋਟ ਦੀ ਆੜ 'ਚ ਕਿਸੇ ਨੇ ਅਮਨ-ਕਨੂੰਨ ਦੀ ਸਮੱਸਿਆ ਖੜੀ ਕੀਤੀ ਤਾਂ ਉਸ ਨਾਲ ਸਖ਼ਤੀ ਨਾਲ ਨਿਪਟਿਆ ਜਾਵੇਗਾ। ਬਾਬਰੀ ਮਸਜਿਦ ਢਾਹੁਣ ਦੇ ਦਸ ਦਿਨਾਂ ਪਿੱਛੋਂ 16 ਦਸੰਬਰ 1992 ਨੂੰ ਲਿਬ੍ਰਹਾਨ ਕਮਿਸ਼ਨ ਦਾ ਗਠਨ ਕਰਕੇ ਉਸ ਨੂੰ ਤਿੰਨ ਮਹੀਨੇ 'ਚ ਆਪਣੀ ਰੀਪੋਟ ਦੇਣ ਲਈ ਕਿਹਾ ਗਿਆ ਸੀ ਪਰ ਕਮਿਸ਼ਨ ਨੇ ਕੁੱਲ 48 ਵਾਰੀ ਸਮਾਂ ਸੀਮਾ ਵਧਵਾਕੇ ਰੀਪੋਟ ਤਿਆਰ ਕਰਨ ਵਿਚ ਸਤਾਰਾਂ ਸਾਲ ਲਾ ਦਿੱਤੇ। ਜਸਟਿਸ ਨਿਬਰਾਨ ਨੇ ਰਿਪੋਰਟ 'ਚ ਦੇਰੀ ਦੇ ਜੋ ਕਾਰਨ ਦੱਸੇ ਹਨ, ਉਨ੍ਹਾਂ 'ਚ ਗਵਾਹਾਂ ਦੇ ਪੇਸ਼ ਹੋਣ 'ਚ ਦੇਰੀ ਤੋਂ ਇਲਾਵਾ ਕਮਿਸ਼ਨ ਦੇ ਵਕੀਲ ਅਨੁਪਮ ਗੁਪਤਾ ਦੇ ਅਸਹਿ ਯੋਗਾਤਮਕ ਵਰਤਾਅ ਨੂੰ ਵੀ ਗਿਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਅਸਲਮ ਭੂਰੇ ਦੀ ਪਟੀਸ਼ਨ 'ਤੇ ਵਾਜਪਾਈ ਨੂੰ ਕਮਿਸ਼ਨ ਸਾਹਮਣੇ ਬੁਲਾਉਣ ਦੀ ਜਿਰਾਹ ਦੌਰਾਨ ਗੁਪਤਾ ਨੇ ਇਸ ਦਾ ਇਸ ਆਧਾਰ 'ਤੇ ਵਿਰੋਧ ਕੀਤਾ ਸੀ ਕਿ ਉਹ ਘਟਨਾ ਸਮੇਂ ਮੌਜੂਦ ਨਹੀਂ ਸਨ। ਜਦਕਿ ਕਮਿਸ਼ਨ ਦੇ ਪ੍ਰਧਾਨ ਉਨ੍ਹਾਂ ਨੂੰ ਬੁਲਾਉਣ ਦੇ ਹੱਕ ਵਿਚ ਸਨ। ਜਸਟਿਸ ਲਿਬ੍ਰਹਾਣ ਨੇ ਇਸ ਤਰ੍ਹਾਂ ਦੇ ਮੱਤਭੇਦਾਂ ਕਾਰਨ ਗੁਪਤਾ ਕਮਿਸ਼ਨ ਤੋਂ ਵੱਖ ਹੋ ਗਏ ਸਨ। ਕੁਝ ਲੋਕਾਂ ਨੇ ਇਸ ਗੱਲ ਦੀ ਅਲੋਚਨਾ ਵੀ ਕੀਤੀ ਸੀ ਕਿ ਇਸ ਨੇ ਮਹੱਤਵਪੂਰਨ ਤੇ ਸੰਵੇਦਨਸ਼ੀਲ ਮੁੱਦੇ ਦੀ ਜਾਂਚ ਕਰਨ ਵਾਲੇ ਲਿਬ੍ਰਹਾਨ ਨੇ ਇਨ੍ਹਾਂ ਸਤਾਰਾਂ ਸਾਲਾਂ 'ਚ ਇਕ ਵਾਰੀ ਵੀ ਘਟਨਾ ਸਥਾਨ ਦਾ ਦੌਰਾ ਨਹੀਂ ਕੀਤਾ। ਹਾਲਾਂਕਿ ਉਨ੍ਹਾਂ ਨੇ ਚਸ਼ਮਦੀਦ ਗਵਾਹਾਂ ਦੀ ਗਵਾਹੀ ਅਤੇ ਕੈਮਰਾ ਫੁਟੇਜ਼ ਤੇ ਤਸਵੀਰਾਂ, ਕਾਰਣ ਇਸ ਦੀ ਲੋੜ ਨਹੀਂ ਸੀ। ਸੰਘ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਰੀਪੋਟ 'ਤੇ ਸੰਸਦ ਅੰਦਰ ਤੇ ਬਾਹਰ ਹਮਲਾਵਰ ਰੁਖ ਅਪਣਾਉਣ ਦੀ ਰਣਨੀਤੀ ਬਣਾਈ ਗਈ ਹੈ ਅਤੇ ਇਸ ਦੇ ਤਹਿਤ

ਭਾਜਪਾ ਵਿਹਿਪ੍ਰ ਤੇ ਬਜਰੰਗ ਦਲ ਵਰਗੇ ਸੰਗਠਨਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਉਨ੍ਹਾਂ ਨੇ ਕਦੋਂ ਕੀ ਕਰਨਾ ਹੈ। ਰੀਪੋਟ 'ਤੇ ਸੰਸਦ 'ਚ ਬਹਿਸ ਦੌਰਾਨ ਭਾਜਪਾ ਨੇਤਾ ਇਸ ਦੀਆਂ ਕਨੂੰਨੀ ਖਾਮੀਆਂ ਗਿਨਣ ਤੇ ਵਿਰੋਧੀਆਂ 'ਤੇ ਪਲਟ ਵਾਰ ਕਰਨ ਲਈ ਨਿਆਂ ਮੂਰਤੀ ਲਿਬ੍ਰਹਾਨ ਦੀ ਭੂਮਿਕਾ 'ਤੇ ਵੀ ਸੁਆਲ ਖੜ੍ਹੇ ਕਰਨਗੇ। ਲੋਕ ਸਭਾ 'ਚ ਭਾਜਪਾ ਦੀ ਉਪ ਨੇਤਾ ਸੁਸ਼ਮਾ ਸਵਰਾਜ ਮੁਤਾਬਕ ਗ੍ਰਹਿ ਮੰਤਰੀ ਚਿਤੰਬਰਮ ਹੀ ਇਹ ਰੀਪੋਟ ਲੀਕ ਕਰਨ ਦੇ ਦੋਸ਼ੀ ਹਨ ਅਤੇ ਰੀਪੋਟ ਸਿਆਸਤ ਤੋਂ ਪ੍ਰੇਰਿਤ ਹੈ। ਅਸ਼ੋਕ ਸਿੰਘਲ ਤੇ ਸੰਘ ਪਰਿਵਾਰ ਦੇ ਨੇਤਾਵਾਂ ਵਿਚਕਾਰ ਜੋ ਗੱਲ ਹੋਈ ਉਸ ਦਾ ਸਾਰ ਇਹ ਹੈ ਕਿ ਯੁੱਧ 'ਚ ਰਾਮ ਮੰਦਰ ਬਣਾਉਣ ਲਈ ਹਮਲਾਵਰ ਰੁੱਖ ਅਪਨਾਉਣਾ ਚਾਹੀਦਾ ਹੈ ਤੇ ਹਿੰਦੂਆਂ ਨੂੰ ਇਕਜੁੱਟ ਕੀਤਾ ਜਾਵੇ।

ਸਿੰਘਲ ਨੇ ਕਿਹਾ ਅਗਲੇ ਸਾਲ ਉਥੇ ਮੰਦਰ ਬਣੇਗਾ, ਸਿੰਘਲ ਅਨੁਸਾਰ ਰਾਮ ਜਨਮਭੂਮੀ ਦਾ ਮੁੱਦਾ ਕੌਮੀ ਹੈ। ਸਰਕਾਰ ਤੇ ਦਬਾਅ ਬਣਾਉਣ 'ਤੇ ਹਿੰਦੂਆਂ ਦੀ ਆਸਥਾ ਨੂੰ ਹਵਾ ਦੇਣ ਤਹਿਤ ਹੀ ਵਿਹਪ ਨੇ ਰਾਮ ਮੰਦਰ ਦੇ ਨਾਲ ਹੀ ਮਥਰਾ ਤੇ ਕਾਸ਼ੀ ਦੇ ਮੰਦਰਾਂ ਦਾ ਮੁੱਦਾ ਉਠਾਉਣ ਵੀ ਸ਼ੁਰੂ ਕਰ ਦਿੱਤਾ ਹੈ। ਸਿੰਘਲ ਦਾ ਕਹਿਣਾ ਹੈ ਕਿ ਅਗਲੇ ਮਾਰਚ 'ਚ ਹਰਿਦੁਆਰ ਦੇ ਮਹਾਂਕੁੰਭ ਸਮੇਂ ਤਿੰਨੋਂ ਮੰਦਰਾਂ ਲਈ ਵਿਹਪ ਇਕ ਵੱਡੇ ਅੰਦੋਲਨ ਦਾ ਐਲਾਨ ਕਰੇਗੀ। ਹਾਲਾਂਕਿ ਦੇਸ਼ ਤੇ ਉਤਰ ਪ੍ਰਦੇਸ਼ ਦੀ ਰਾਜਨੀਤੀ ਹੁਣ ਫਿਰਕੂ ਧਰੁਵੀਕਰਨ ਤੋਂ ਅੱਗੇ ਨਿਕਲ ਚੁੱਕੀ ਹੈ। ਭਗਵਾ ਪਰਿਵਾਰ ਦੇ ਮਨਸੂਬੇ ਪੂਰੇ ਹੋਣ 'ਚ ਮੁਸ਼ਕਲ ਆਵੇਗੀ।

# ਜਲਵਾਯੂ ਪ੍ਰੀਵਰਤਨ ਤੇ ਗਲੋਬਲ ਵਾਰਮਿੰਗ ਬਨਾਮ ਕੋਪਨਹੇਗਨ ਕਾਨਫਰੰਸ

ਇਹ ਐਸਾ ਮੁੱਦਾ ਹੈ ਜਿਸ ਨੂੰ ਸਦੀ ਦਾ ਸਭ ਤੋਂ ਵੱਡਾ ਸੰਕਟ ਮੰਨਿਆ ਜਾ ਰਿਹਾ ਹੈ। ਪਰ ਦੇਸ਼ਾਂ ਦੇ ਆਰਥਿਕ ਹਿੱਤ ਇਸ ਇਕੋ ਇਕ ਧਰਤੀ ਨੂੰ ਬਚਾਉਣ ਦੀ ਮੁਹਿੰਮ 'ਤੇ ਹਾਵੀ ਹਨ। ਲੰਬੀ ਬਹਿਸ ਤੇ ਖੋਜ ਪਿੱਛੋਂ ਸਹਿਮਤੀ ਬਣੀ ਕਿ ਵਾਯੂਮੰਡਲ 'ਚ ਵਧਦੇ ਪ੍ਰਦੂਸ਼ਣ ਨਾਲ, ਖਾਸ ਕਰਕੇ ਗ੍ਰੀਨ ਹਾਊਸ ਗੈਸਾਂ ਦੀ ਵਜਾਹ ਨਾਲ ਪ੍ਰਿਥਵੀਗਰਮ ਹੋ ਰਹੀ ਹੈ। ਜਿਸ ਦਾ ਨਤੀਜਾ ਹੈ ਜਲਵਾਯੂ ਤਬਦੀਲੀ। ਇਸ ਦੇ ਮਾੜੇ ਮਾੜੇ ਪ੍ਰਭਾਵ ਧਰੁਵਾਂ ਤੇ ਪਿਘਲਦੀ ਕਾਰਨ ਸੋਕ ਤੇ ਹੜ੍ਹਾਂ ਨਾਲ ਤਬਾਹ ਹੁੰਦੀਆਂ ਲੱਖਾਂ ਜ਼ਿੰਦਗੀਆਂ ਤਕ ਫੈਲੇ ਹਨ। ਇਸ ਸੰਕਟ ਨਾਲ ਲਿਬੜਨ ਤੇ ਗ੍ਰੀਨ ਹਾਊਸ ਗੈਸਾਂ ਨੂੰ ਘੱਟ ਕਰਨ ਦੀ ਜ਼ਿੰਮੇਵਾਰੀ ਕੌਣ ਉਠਾਵੇ, ਇਹ ਮੁੱਦਾ ਵੀ ਦੇਸ਼ਾਂ ਦੇ ਆਰਥਕ ਹਿੱਤਾਂ ਦੇ ਮਕੜਜਾਲ 'ਚ ਫਸ ਕੇ ਰਹਿ ਗਿਆ ਹੈ। ਜਿਸ ਨੇ ਜ਼ਿਆਦਾ ਨੁਕਸਾਨ ਪਹੁੰਚਾਇਆ ਉਹੀ ਪੂਰਤੀ ਕਰਨ ਦੀ ਵੱਧ ਜ਼ਿੰਮੇਵਾਰੀ ਲਵੇ। ਸੰਨ 1997 'ਚ ਜਲਵਾਯੂ ਤਬਦੀਲੀ 'ਤੇ ਹੋਏ ਕਯੋਟੋ ਸਮਝੌਤੇ ਦਾ ਇਹ ਅਧਾਰ ਹੀ ਮੁਸ਼ਕਲ ਵਿੱਚ ਹੈ। ਕਯੋਟੋ ਸੰਧੀ ਦਾ ਪਹਿਲਾ ਪੜਾਅ 2142 'ਚ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ 'ਚ ਸੰਨ 1990 ਦੇ ਪੱਧਰ 'ਤੇ 5.2 ਫੀਸਦੀ ਕਟੌਤੀ ਦੇ ਟੀਚੇ ਨੂੰ ਹਾਸਲ ਕੀਤੇ ਬਗੈਰ ਖਤਮ ਹੋ ਗਿਆ ਹੈ। ਇਸ ਨਾਲ ਅੱਗੇ ਕਿਸੇ ਅੜਿੱਕਾਮਈ ਸਮਝੌਤੇ ਦੇ ਅਮਲ ਜਲਵਾਯੂ ਤਬਦੀਲੀ 'ਤੇ ਡੇਨਮਾਰਕ ਦੀ ਰਾਜਧਾਨੀ ਕੋਪਨਹੇਗਨ 'ਚ ਸੰਯੁਕਤ ਰਾਸ਼ਟਰ ਦੇ ਸਿਖਰ ਸੰਮੇਲਨ 'ਚ ਵਧਦੀ ਨਹੀਂ ਦਿਸਦੀ। ਕੋਪਨਹੇਗਨ ਤੋਂ ਪਹਿਲਾਂ ਬੈਂਕਾਂਕ ਅਤੇ ਬਾਰਸਿਲੋਨਾ 'ਚ ਹੋਈਆਂ ਤਿਆਰੀ ਮੀਟਿੰਗਾਂ 'ਚ ਐਸੀ ਕੋਈ ਸਹਿਮਤੀ ਨਹੀਂ ਬਣੀ ਜੋ ਕੋਪਨਹੇਗਨ ਤੋਂ ਕੋਈ ਉਮੀਦ ਬਣਦੀ। ਦੋਨੋਂ ਮੀਟਿੰਗਾਂ 'ਚ ਮੌਜੂਦ ਰਹੇ ਸੈਂਟਰ ਫਾਰ ਸਾਇੰਸ ਐਂਡ ਇੰਵਾਇਰਨਮਿੰਟ (ESE) ਦੀ ਜਲਵਾਯੂ ਟੀਮ ਦੇ ਪ੍ਰਮੁੱਖ ਕੁਸ਼ਾਲ ਯਾਦਵ ਦਾ ਕਹਿਣਾ ਹੈ ਕਿ ਦੋਨੋਂ ਬੈਠਕਾਂ 'ਚ ਸਪੱਸ਼ਟ ਹੋ ਗਿਆ ਸੀ ਕਿ ਵਿਕਸਤ ਦੇਸ਼ ਕਯੋਟੋ ਵਰਗੇ ਕਾਨੂੰਨੀ ਰੂਪ ਨਾਲ ਅੜਿੱਕਾਮਈ ਤੇ ਬਹੁਪੱਖੀ ਸੰਧੀ ਦੀ ਬਜਾਏ ਸਿਰਫ ਰਾਜਸੀ ਸਮਝੌਤਾ ਚਾਹੁੰਦੇ ਹਨ।

ਜਾਹਿਰ ਹੈ, ਕਯੋਟੋਪ੍ਰੋਟੋਕਾਲ ਨੂੰ ਖਾਤਮੇ ਵੱਲ ਧੱਕਿਆ ਜਾ ਰਿਹਾ ਹੈ। ਅਮਰੀਕਾ, ਆਸਟ੍ਰੇਲੀਆ ਪਿੱਛੋਂ ਯੂਰਪੀ ਸੰਘ ਦਾ ਕਯੋਟੋ ਤੋਂ ਹਟਣ ਦਾ ਰੁਖ ਵਧ ਗੰਭੀਰ ਹੈ। ਸੰਯੁਕਤ ਰਾਸ਼ਟਰ ਦੀ ਜਲਵਾਯੂ ਤਬਦੀਲੀ 'ਤੇ ਅੰਤਰ ਸਰਕਾਰੀ ਪੈਨਲ (IPCC) ਦੀ ਚੇਤਾਵਨੀ ਹੈ ਕਿ ਪਿਛਲੀ ਸ਼ਤਾਬਦੀ ਵਿੱਚ ਸਨਅਤੀਕਰਣ ਲਈ ਜੀਵਾਂ ਸ਼ਮ ਬਾਲਣ ਜਿਵੇਂ ਕੋਲਾ ਅਤੇ ਪੈਟ੍ਰੋਲੀਅਮ ਦੀ ਵਰਤੋਂ ਅਤੇ ਜੰਗਲਾਂ ਦੇ ਸਫਾਏ ਕਾਰਨ ਧਰਤੀ ਦਾ ਔਸਤ ਤਾਪਮਾਨ ਕਰੀਬ 0.74 ਡਿਗਰੀ ਸੈਲਸੀਅਸ ਵਧ ਚੁੱਕਿਆ ਹੈ ਅਤੇ ਜੇ ਇਹ ਦੋ ਡਿਗਰੀ ਤੱਕ ਵਧਿਆ ਤਾਂ ਹਾਲਤ ਇਨਸਾਨ ਦੇ ਕਾਬੂ ਤੋਂ ਬਾਹਰ ਹੋ ਸਕਦੇ ਹਨ। ਇਹਨਾਂ ਖਤਰਿਆਂ ਨੂੰ ਟਾਲਣ ਲਈ ਸਾਲ 2050 ਤੱਕ ਵਿਸ਼ਵ ਦੇ ਕੁੱਲ ਗ੍ਰੀਨ ਹਾਊਸ ਉਤਸਰਜਨ 'ਚ 25 ਤੋਂ 40 ਫੀਸਦੀ ਕਟੌਤੀ ਕਰਨੀ ਜ਼ਰੂਰੀ ਹੈ। ਇਸ ਲਈ ਕਯੋਟੋ ਸੰਧੀ ਨੇ 37 ਸਨਅਤੀ

ਦੇਸ਼ਾਂ ਨੂੰ ਘੱਟ ਕਾਰਬਨ ਵਾਲੀ ਅਰਥਵਿਵਸਥਾ 'ਚ ਤਬਦੀਲ ਹੋਣ ਲਈ ਵਿੱਤੀ ਤੇ ਤਕਨੀਕੀ ਮਦਦ ਦੇਣ ਦੀ ਜ਼ਿੰਮੇਵਾਰੀ ਵੀ ਪਾਈ। ਇਸ ਸੰਧੀ ਨੂੰ ਨਾ-ਮਨਜ਼ੂਰ ਕਰਕੇ ਅਮਰੀਕਾ ਨੇ ਜੋ ਅਸਹਿਮਤੀ ਦੇ ਬੀਜ ਬੀਜੇ ਅੱਜ ਉਹ ਜਲਵਾਯੂ ਤਬਦੀਲੀ ਨਾਲ ਮੁਕਾਬਲੇ ਦੀ ਮੁਹਿੰਮ 'ਤੇ ਭਾਰੀ ਪੈ ਰਹੇ ਹਨ। ਉਤਸਰਜਨ ਘੱਟ ਕਰਨ ਦਾ ਸਿੱਧਾ ਮਤਲਬ ਘੱਟ ਪ੍ਰਦੂਸ਼ਣ ਵਾਲੀ ਜੀਵਨ ਸ਼ੈਲੀ ਅਤੇ ਸਵੱਛ ਊਰਜਾ 'ਤੇ ਵੱਡਾ ਨਿਵੇਸ਼ ਹੈ। ਕੋਪਨਹੇਗਨ 'ਚ ਕਾਨੂੰਨੀ ਰੂਪ ਨਾਲ ਅੜਿੱਕਾਮਈ ਸਮਝੌਤੇ ਦੀ ਸੰਭਾਵਨਾ ਨੂੰ ਆਖਰੀ ਝਟਕਾ 16-17 ਨਵੰਬਰ ਨੂੰ ਹੋਏ ਮੰਤਰੀਆਂ ਦੇ ਸੰਮੇਲਨ ਤੋਂ ਪਹਿਲਾਂ ਬੈਠਕ 'ਚ ਲੱਗਿਆ। ਇਸ ਬੈਠਕ 'ਚ ਜਪਾਨ, ਨੀਦਰਲੈਂਡ ਤੇ ਕਨੇਡਾ ਵਰਗੇ ਦੇਸ਼ਾਂ ਨੇ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ 'ਚ ਕਟੌਤੀ ਦੀ ਕਾਨੂੰਨੀ ਸੰਧੀ ਦੀ ਬਜਾਏ ਅਜਿਹੇ ਨਵੇਂ ਰਾਜਸੀ ਬਿਆਨ ਦੀ ਪੈਰਵੀ ਕੀਤੀ ਜੋ ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦਾ ਫਰਕ ਮਿਟਾਵੇ।

ਭਾਰਤ ਦੇ ਵਾਤਾਵਰਣ ਤੇ ਵਣ ਮੰਤਰੀ ਜੈਰਾਮ ਰਮੇਸ਼ ਦੀ ਪ੍ਰਧਾਨ ਮੰਤਰੀ ਨੂੰ ਲਿਖੀ ਚਿੱਠੀ ਦੀ ਵਜਾਹ ਕਰਕੇ ਜਲਵਾਯੂ ਵਾਰਤਾਵਾਂ 'ਚ ਭਾਰਤ ਦੇ ਰੁੱਖ ਸਬੰਧੀ ਬਹਿਸ ਖੜ੍ਹੀ ਹੋ ਗਈ। ਹਾਲਾਂਕਿ ਬਾਅਦ ਵਿੱਚ ਜੈਰਾਮ ਰਮੇਸ਼ ਨੇ ਸਫਾਈ ਦਿੰਦੇ ਹੋਏ ਕਿਹਾ, "ਭਾਰਤ ਗਰੀਨ ਹਾਊਸ ਗੈਸਾਂ ਦੇ ਉਤਸਰਜਨ 'ਚ ਕਟੌਤੀ ਦੀ ਕਾਨੂੰਨੀ ਵਾਜਬੀਅਤ ਨੂੰ ਸਵੀਕਾਰ ਨਹੀਂ ਕਰੇਗਾ।' ਪਰ ਨਜ਼ਰੀਏ 'ਚ ਲਚਕੀਲੇਪਨ ਦੀ ਵਕਾਲਤ ਉਹਨਾਂ ਨੇ ਫਿਰ ਵੀ ਕੀਤੀ ਤਾਂ ਕਿ ਭਾਰਤ ਕੌਮਾਂਤਰੀ ਆਮ ਰਾਇ ਤੋਂ ਵੱਖ-ਵੱਖ ਇਕੱਲਾ ਰਹਿ ਜਾਵੇ। ਕਯੋਟੋ ਬਾਅਦ ਦੇ ਸਮਝੌਤੇ ਲਈ ਰਮੇਸ਼ ਨੇ ਸੁਝਾਅ ਦਿੱਤਾ ਹੈ ਕਿ ਭਾਰਤ ਆਪਣਾ ਪ੍ਰਤੀ ਵਿਅਕਤੀ ਉਤਸਰਜਨ ਵਿਕਸਤ ਦੇਸ਼ਾਂ ਤੋਂ ਘੱਟ ਹੀ ਰੱਖਣ ਲਈ ਤਿਆਰ ਹੈ। ਦਰਅਸਲ ਆਪਣੇ ਉਤਸਰਜਨ ਨੂੰ ਵਿਕਸਤ ਦੇਸ਼ਾਂ ਦੇ ਮੌਜੂਦਾ ਪ੍ਰਤੀ ਵਿਅਕਤੀ ਉਤਸਰਜਨ ਤੋਂ ਘੱਟ ਰੱਖਣ ਦਾ ਫਾਰਮੂਲਾ ਪਿਛਲੇ ਸਾਲ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਦਿੱਤਾ ਸੀ। ਜਿਸ ਨੂੰ ਮਨਮੋਹਨ ਕੰਵਰਜੈਂਸ ਸਿਧਾਂਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਪਰ ਅਮਰੀਕਾ ਤੇ ਯੂਰਪੀ ਸੰਘ ਪ੍ਰਤੀ ਵਿਅਕਤੀ ਉਤਸਰਜਨ ਨੂੰ ਸਮਝੌਤੇ ਦਾ ਅਧਾਰ ਬਣਾਉਣ ਦੇ ਹੀ ਖਿਲਾਫ ਹੈ। ਕੋਪਨਹੇਗਨ ਸੰਮੇਲਨ ਤੋਂ ਠੀਕ ਪਹਿਲੇ ਨਵੰਬਰ 'ਚ ਅਮਰੀਕੀ ਰਾਸ਼ਟਰਪਤੀ ਦੀ ਚੀਨ ਯਾਤਰਾ ਅਤੇ ਭਾਰਤੀ ਪ੍ਰਧਾਨ ਮੰਤਰੀ ਦੀ ਅਮਰੀਕੀ ਯਾਤਰਾ ਵਾਤਾਵਰਣ ਪ੍ਰਤੀ ਜ਼ਿੰਮੇਵਾਰੀਆਂ ਦੀ ਸੌਦੇਬਾਜ਼ੀ 'ਚ ਅਹਿਮ ਸਾਬਿਤ ਹੋਈ। ਦੋਨੋਂ ਦੇਸ਼ ਵਾਤਾਵਰਣ 'ਤੇ ਅਮਰੀਕਾ ਦੇ ਨਾਲ ਸਮਝੌਤੇ ਕਰ ਚੁੱਕੇ ਹਨ ਅਤੇ ਆਪਣੇ ਰੁਖ 'ਚ ਨਰਮੀ ਵੀ ਵਿਖਾ ਰਹੇ ਹਨ। ਦਰਅਸਲ ਸਕਲ ਉਤਸਰਜਨ ਸਬੰਧੀ ਦੁਨੀਆਂ ਦੇ ਤਿੰਨ ਪ੍ਰਮੁੱਖ ਦੇਸ਼ਾਂ ਚੀਨ, ਅਮਰੀਕਾ ਤੇ ਭਾਰਤ ਦੇ ਆਰਥਿਕ ਹਿੱਤ ਆਪਸ 'ਚ ਗੁੰਦੇ ਹੋਏ ਹਨ ਅਤੇ ਵਾਤਾਵਰਣ ਬਚਾਉਣ ਦੀ ਜ਼ਿੰਮੇਵਾਰੀ ਦੀ ਸੌਦੀਬਾਜੀ 'ਚ ਬਾਜੀ ਪੂੰਜੀ ਦੇ ਪਾਸ ਹੈ। ਵਰਨਾ ਗ੍ਰੀਨ ਹਾਊਸ ਗੈਸਾਂ ਦੇ ਉਤਸਰਜਨ 'ਚ ਜਿਸ ਦੇਸ਼ ਦੀ ਜਿੰਨੀ ਜ਼ਿੰਮੇਵਾਰੀ ਹੈ। ਉਨੇ ਫੀਸਦੀ ਕਟੌਤੀ ਦਾ ਟੀਚਾ ਇਸ ਸਿੱਧੇ ਉਪਾਅ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪੂਰੀ ਸੌਦੇਬਾਜੀ 'ਚ ਠੱਗੇ ਮਹਿਸੂਸ ਕਰ ਰਹੇ ਬਾਕੀ ਗਰੀਬ ਤੇ ਵਿਕਾਸਸ਼ੀਲ ਦੇਸ਼ ਇਕ ਐਸੀ ਸਜ਼ਾ ਭੁਗਤਨ ਕਿਨਾਰੇ ਹੈ। ਜਿਸ 'ਚ ਉਹਨਾਂ ਨੂੰ ਕੋਈ ਖਤਰਾ ਨਹੀਂ ਹੈ। ਇਹਨਾਂ ਦਾ ਕੁਲ ਤੇ ਪ੍ਰਤੀ ਵਿਅਕਤੀ ਉਤਸਰਜਨ ਵਿਕਸਤ ਦੇਸ਼ਾਂ ਦੇ ਮੁਕਾਬਲੇ ਬਹੁਤ ਮਾਮੂਲੀ ਹੈ। ਪਰ ਜਲਵਾਯੂ ਦੇ ਵਿਗੜੇ ਮਿਜਾਜ

ਕਾਰਨ ਕਈ ਅਫਰੀਕੀ ਦੇਸ਼ਾਂ 'ਚ ਬਾਰਿਸ਼ 'ਤੇ ਨਿਰਭਰ ਖੇਤੀ ਦੀ ਪੈਦਾਵਾਰ ਸਾਲ 2020 ਤੱਕ 50 ਫੀਸਦੀ ਘਟਨ ਦਾ ਡਰ ਹੈ। ਭੁੱਖ ਅਤੇ ਬੇਕਾਰੀ ਨਾਲ ਜੂਝਦਿਆਂ ਇਹਨਾਂ ਦੇਸ਼ਾਂ ਦਾ ਦਾਅਵਾ ਆਪਣੇ ਹਿੱਸੇ ਦੇ ਉਸ ਵਾਯੂਮੰਡਲ 'ਤੇ ਹੈ। ਜਿਸ ਨੂੰ ਵਿਕਸਤ ਦੇਸ਼ ਆਪਣੇ ਵਿਕਾਸ ਦੇ ਅਮਲ 'ਚ ਗ੍ਰੀਨ ਹਾਊਸ ਗੈਸਾਂ ਨਾਲ ਭਰ ਚੁੱਕੇ ਹਨ। ਇਹ ਦੇਸ਼ ਹੁਣ ਮੁਆਵਜੇ ਵਜੋਂ ਗ੍ਰੀਨ ਹਾਊਸ ਗੈਸਾਂ ਦਾ ਉਤਸਰਜਨ ਕਰਨ ਦੀ ਥੋੜ੍ਹੀ ਛੋਟ ਤੋਂ ਇਲਾਵਾ ਘੱਟ ਕਾਰਬਨ ਵਾਲੀ ਅਰਥ-ਵਿਵਸਥਾ ਲਈ ਵਿਕਸਤ ਦੇਸ਼ਾਂ ਤੋਂ ਵਿੱਤੀ ਤੇ ਤਕਨੀਕੀ ਮਦਦ ਵੀ ਚਾਹੁੰਦੇ ਹਨ। ਉਮੀਦ ਜਤਾਈ ਜਾ ਰਹੀ ਸੀ ਕਿ ਭਾਰਤ ਤੇ ਚੀਨ ਅਮਰੀਕਾ 'ਤੇ ਕਯੋਟੋ ਸੰਧੀ ਨੂੰ ਅਪਣਾਉਣ ਦਾ ਦਬਾਅ ਬਣਾਉਣ ਦੀ ਵਿਕਸਤ ਦੇਸ਼ਾਂ ਦੀ ਮੁਹਿੰਮ ਦੀ ਅਗਵਾਈ ਕਰਨਗੇ ਪਰ ਹੁਣ ਭਾਰਤ ਤੇ ਚੀਨ ਤੋਂ ਵੀ ਕਯੋਟੋ ਸੰਧੀ ਤੋਂ ਵੱਖ ਕਿਸੇ ਨਵੇਂ ਅਰਥਚਾਰੇ ਦੇ ਪੱਖ 'ਚ ਰੁਝਾਣ ਆ ਰਹੇ ਹਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਅਮਰੀਕੀ ਯਾਤਰਾ ਅਤੇ ਕੋਪਨਹੇਗਨ ਸੰਮੇਲਨ ਤੋਂ ਠੀਕ ਪਹਿਲਾਂ ਭਾਰਤ ਨੇ ਸਾਲ 2030 ਤਕ ਆਪਣੀ ਊਰਜਾ ਦੀ ਕੁੱਲ ਜ਼ਰੂਰਤ ਦਾ 30 ਫੀਸਦੀ ਸੂਰਜੀ ਊਰਜਾ ਨਾਲ ਪੂਰਾ ਕਰਨ ਲਈ ਇਕ ਸੂਰਜੀ ਊਰਜਾ ਮਿਸ਼ਨ ਨੂੰ ਮਨਜ਼ੂਰੀ ਦਿੱਤੀ। ਬਿਨਾਂ ਕਿਸੇ ਕੌਮਾਂਤਰੀ ਮਦਦ ਦੇ ਸ਼ੁਰੂ ਕੀਤੇ ਜਾ ਰਹੇ ਕਰੀਬ 8.5 ਲੱਖ ਕਰੋੜ ਰੁਪਏ ਦੇ ਇਸ ਮਿਸ਼ਨ ਰਾਹੀਂ ਭਾਰਤੀ ਨੇ ਸੰਦੇਸ਼ ਦਿੱਤਾ ਹੈ ਕਿ ਉਸ ਦੇ ਯਤਨ ਕਯੋਟੋ ਪ੍ਰੋਟੋਕਾਲ ਦਾ ਮੁਕਾਬਲਾ ਕਰਨ ਵਾਲਿਆਂ ਤਕ ਸੀਮਤ ਨਹੀਂ ਹੈ। ਇਸ ਤਰ੍ਹਾਂ ਪ੍ਰਤੀ ਵਿਅਕਤੀ ਜਾਂ ਕੁਲ ਉਤਸਰਜਨ 'ਚ ਅੜਿੱਕਾਮਈ ਕਟੌਤੀ ਖਿਲਾਫ ਰਿਹਾ ਚੀਨ ਹੁਣ ਕੁਲ ਘਰੇਲੂ ਵਸਤਾਂ ਦੀ ਪ੍ਰਤੀ ਇਕਾਈ ਦੇ ਅਧਾਰ 'ਤੇ ਸਾਲ 2020 ਤਕ ਉਤਸਰਜਨ 'ਚ 40 ਤੋਂ 50 ਫੀਸਦੀ ਕਮੀ ਨੂੰ ਤਿਆਰ ਹੈ। ਕੌਮਾਂਤਰੀ ਕਾਨੂੰਨੀ ਸੰਧੀ ਦੀਆਂ ਬੰਦਸ਼ਾਂ ਨੂੰ ਨਿਕਾਰਨ ਵਾਲੇ ਅਮਰੀਕਾ ਨੂੰ ਇਹ ਰੁਖ ਪਸੰਦ ਹੈ। ਪਰ ਭਾਰਤ ਤੇ ਚੀਨ ਦਾ ਇਹ ਰੁਖ ਉਹਨਾਂ ਗਰੀਬ ਮੁਲਕਾਂ ਦੀਆਂ ਭਾਵਨਾਵਾਂ ਦੇ ਖਿਲਾਫ ਹੈ ਜੋ ਜਲਵਾਯੂ ਸੌਦੇ 'ਚ ਆਪਣੇ ਹਿੱਸੇ ਦਾ ਨਿਆਂ ਲੱਭ ਰਹੇ ਹਨ। ਕੋਪਨਹੈਗਨ ਤੋਂ ਟੁੱਟਦੀਆਂ ਉਮੀਦਾਂ ਨੂੰ ਆਈ. ਪੀ. ਸੀ. ਸੀ. ਦੇ ਮੁਖੀ ਡਾ. ਰਜਿੰਦਰ ਪਚੌਰੀ ਸਿਰਫ ਅਸਥਾਈ ਝਟਕਾ ਕਰਾਰ ਦਿੰਦੇ ਹੋਏ ਕਹਿੰਦੇ ਹਨ ਕਿ ਕਈ ਸਾਲਾਂ ਦੀਆਂ ਕੋਸ਼ਿਸ਼ਾਂ ਪਿੱਛੋਂ ਜਿਸ ਪੱਧਰ ਦੀ ਸਹਿਮਤੀ ਬਣ ਗਈ ਹੈ। ਉਹ ਅੱਗੇ ਜਰੂਰ ਵਧੇਗੀ।

ਕੋਪਨਹੇਗਨ ਬਾਰੇ ਜੇ ਰਾਮ ਰਮੇਸ਼ ਦਾ ਕਹਿਣਾ ਹੈ 'ਸਾਨੂੰ ਬਹੁਤ ਜ਼ਿਆਦਾ ਉਮੀਦਾਂ ਨਹੀਂ ਰੱਖਣੀਆਂ 'ਚ ਚਾਹੀਦੀਆਂ। ਅਸਲ 'ਚ ਅਜਿਹਾ ਲੱਗਦਾ ਹੈ ਕਿ ਕਿਸੇ ਕੌਮਾਂਤਰੀ ਸਮਝੌਤੇ 'ਤੇ ਪਹੁੰਚਣ ਨਾਲ ਪਹਿਲਾਂ ਲੰਬਾ ਸਮਾਂ ਲੱਗੇਗਾ। 'ਉਤਸਰਜਨ 'ਚ ਕਟੌਤੀ ਦੇ ਟੀਚੇ ਦੇ ਬਾਵਜੂਦ ਸਨਅਤੀ ਦੇਸ਼ਾਂ ਦਾ ਕੁਲ ਉਤਸਰਜਨ ਸਾਲ 1990 ਤੋਂ 2005 ਵਿਚ ਕਰੀਬ 11 ਫ਼ੀਸਦੀ ਵਧ ਚੁੱਕਿਆ ਹੈ। ਅਮਰੀਕਾ ਦੇ ਉਤਸਰਜਨ ਵਿੱਚ ਤਾਂ 16 ਫ਼ੀਸਦੀ ਦਾ ਵਾਧਾ ਹੋਇਆ। ਅਮਰੀਕੀ ਸੈਨੇਟ 'ਚ ਲੰਪਿਤ ਜਲਵਾਯੂ ਬਿੱਲ 'ਚ ਸਾਲ ਦੇ ਪੱਧਰ ਤੋਂ ਸਿਰਫ 17-20 ਫੀਸਦੀ ਕਟੌਤੀ ਦੀ ਗੱਲ ਹੈ ਜੋ ਸਾਲ 1990 ਦੇ ਪੱਧਰ ਤੋਂ ਸਿਰਫ 7 ਫੀਸਦੀ ਬੈਠਦੀ ਹੈ। ਹਾਲਾਂਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਇਸ ਬਿੱਅ ਵਰਗੇ ਟੀਚਿਆਂ ਨੂੰ ਕੌਮਾਂਤਰੀ ਮੰਚ 'ਤੇ ਰੱਖਣ ਲਈ ਤਿਆਰ ਹੋ ਗਏ। ਯੂਰਪੀ ਸੰਘ ਵੀ ਸਾਲ 2020 ਤਕ ਕਾਰਬਨ ਉਤਸਰਜਨ 'ਚ 1990 ਦੇ ਪੱਧਰ ਤੋਂ 20 ਫੀਸਦੀ ਕਟੌਤੀ ਲਈ ਤਿਆਰ ਹੈ। ਪਰ ਯੂਰਪ ਭਾਰਤ ਤੇ ਚੀਨ ਤੋਂ

ਵੀ ਵੱਧ ਕਟੌਤੀ ਦਾ ਵਾਅਦਾ ਚਾਹੁੰਦਾ ਹੈ। ਇਹ ਮਾਮਲਾ ਇਸ ਲਈ ਵੀ ਉਲਝ ਰਿਹਾ ਹੈ। ਕਿ ਪ੍ਰਤੀ ਵਿਅਕਤੀ ਉਤਸਰਜਨ ਦੇ ਮਾਮਲੇ 'ਚ ਦੁਨੀਆਂ ਦੇ ਬਹੁਤੇ ਦੇਸ਼ਾਂ ਪਿੱਛੇ ਹੋਣ ਦੇ ਬਾਵਜੂਦ ਸਰਲ ਪੈਦਾਵਾਰ 'ਚ ਚੀਨ ਦੁਨੀਆਂ 'ਚ ਪਹਿਲੇ ਅਤੇ ਭਾਰਤ ਪੰਜਵੇਂ ਨੰਬਰ 'ਤੇ ਹੈ। ਸਨਅਤੀਕਰਨ ਪੂੰਜੀਵਾਦ ਤੇ ਵਰਗ ਭੇਦ ਦਾ ਜਲਵਾਯੂ ਪ੍ਰੀਵਰਤਨ ਨਾਲ ਡੂੰਘਾ ਸਬੰਧ ਹੈ। ਜਦੋਂ ਤਕ ਇਹਨਾਂ ਨੂੰ ਸਮਝੌਤੇ ਦਾ ਕੇਂਦਰ ਨਹੀਂ ਮੰਨਿਆ ਜਾਂਦਾ ਤਦ ਤੱਕ ਇਹਨਾਂ ਨੂੰ ਸਮਝੌਤੇ ਦਾ ਕੇਂਦਰ ਨਹੀਂ ਬਣਾਇਆ ਜਾਂਦਾ। ਤਦ ਤੱਕ ਕੌਮਾਂਤਰੀ ਗੱਲਬਾਤ ਕਿਸੇ ਮੁਕਾਮ 'ਤੇ ਨਹੀਂ ਪਹੁੰਚ ਸਕਦੀ ਕੋਪਨਹੇਗਨ ਸੰਮੇਲਨ ਸਿਰਫ਼ ਉਤਸਰਜਨ ਪੈਮਾਨਿਆਂ ਤੱਕ ਹੀ ਸੀਮਤ ਨਹੀਂ ਹੈ। ਬਲਕਿ ਹਰਹਿਤ ਤਕਨੀਕ ਅਤੇ ਨਿਵੇਸ਼ ਦੀ ਮਾਰਕੀਟਿੰਗ ਦਾ ਮੰਚ ਬਣ ਗਿਆ ਹੈ। ਪਰ ਵਾਤਾਵਰਣੀ ਚਿੰਤਾਵਾਂ 'ਤੇ ਬਾਤਚੀਤ ਸਿਰਫ ਰਾਜਸੀ ਬਿਆਨਬਾਜੀ ਤੇ ਐਲਾਨ ਨਾਲ ਖਤਮ ਹੁੰਦੀ ਹੈ ਤਾਂ ਨਤੀਜੇ ਤਕ ਪਹੁੰਚਣ ਲਈ ਸਾਲ 2010 ਤਕ ਇੰਤਜਾਰ ਕਰਨਾ ਹੋਵੇਗਾ। ਇਸ ਦੇ ਨਾਲ ਹੀ ਜਲਵਾਯੂ ਤਬਦੀਲੀ 'ਤੇ ਸੌਦੇਬਾਜੀ ਦਾ ਇਕ ਹੋਰ ਅਧਿਆਇ ਸ਼ੁਰੂ ਹੋ ਗਿਆ ਹੈ।

# ਅਕਤੂਬਰ ਇਨਕਲਾਬ ਦੀ ਵਰ੍ਹੇਗੰਢ ਮੌਕੇ

ਅੱਜ ਤੋਂ 90 ਸਾਲ ਪਹਿਲਾਂ 24 ਅਕਤੂਬਰ 1917 (ਨਵੇਂ ਕੈਲੰਡਰ ਅਨੁਸਾਰ 7 ਨਵੰਬਰ 1917) ਨੂੰ ਜਦ ਰੂਸ ਦੀ ਮੇਹਨਤਕਸ਼ ਜਨਤਾ ਨੇ ਕ੍ਰਾਂਤੀਕਾਰੀ ਮਜ਼ਦੂਰ ਜਮਾਤ ਅਤੇ ਉਸ ਦੀ ਕ੍ਰਾਂਤੀਕਾਰੀ ਰਾਜਸੀ ਪਾਰਟੀਆਂ ਦੀ ਅਗਵਾਈ 'ਚ ਲੁਟੇਰਿਆਂ ਤੇ ਪੂੰਜੀਪਤੀਆਂ ਦੀ ਸੱਤਾ ਨੂੰ ਤਹਿਸ ਨਹਿਸ ਕਰਕੇ ਆਪਣਾ ਰਾਜ ਕਾਇਮ ਕੀਤਾ ਸੀ ਤਾਂ ਧਰਤੀ 'ਤੇ ਇਕ ਨਵਾਂ ਸਵੇਰਾ ਉਤਰ ਆਇਆ ਸੀ। ਸਦੀਆਂ ਦੇ ਹਨੇਰੇ ਨੂੰ ਚੀਰ ਕੇ ਪੂਰਬ ਦੇ ਆਕਾਸ਼ 'ਚ ਉਗੇ ਇਸ ਸੂਰਜ ਦੀ ਰੋਸ਼ਨੀ 'ਚ ਦੁਨੀਆਂ ਭਰ ਦੇ ਪ੍ਰੋਲੇਤਾਰੀ ਅਤੇ ਸਮੁੱਚੇ ਲੁੱਟੇ ਜਾਂਦੇ ਤੇ ਤਸ਼ੱਦਦ ਦਾ ਸ਼ਿਕਾਰ ਜਨ ਸਮੂਹ ਨੇ ਆਪਣੀ ਮੁਕਤੀ ਦੇ ਰਾਹ ਨੂੰ ਸਾਫ ਸਾਫ ਪਹਿਚਾਨਿਆ ਸੀ। ਭੁੱਖ ਕੁਪੋਸ਼ਣ, ਅਪਮਾਨ-ਲਾਚਾਰੀ ਜੰਗ-ਅਕਾਲ-ਮਹਾਂਮਾਰੀ ਤੋਂ ਮੁਕਤ ਇਕ ਨਵੀਂ ਦੁਨੀਆਂ ਦਾ ਸੁਪਨਾ ਦੇਖਣ ਵਾਲੇ, ਪੂੰਜੀਵਾਦੀ-ਸਾਮਰਾਜਵਾਦ ਦੀ ਅਲਾਮਤਾਂ ਤੋਂ ਮੁਕਤੀ ਦਾ ਮਾਰਗ ਤਲਾਸ਼ਣ ਵਾਲੇ ਬਗਾਵਤੀ ਨੌਜਵਾਨ ਅਤੇ ਜਾਗਰੂਕ ਮੇਹਨਤਕਸ਼ ਜਦ ਵੀ ਇਤਿਹਾਸ ਵੱਲ ਮੁੜ ਕੇ ਵੇਖਦੇ ਹਨ ਤਾਂ ਵੀਹਵੀ ਸਦੀ 'ਚ ਖੁਸ਼ਹਾਲ ਦੋਨੋਂ ਮਹਾਨ ਕ੍ਰਾਂਤੀਆਂ 1917 ਰੂਸ ਦੀ ਕ੍ਰਾਂਤੀ ਅਤੇ 1949 ਚੀਨ ਦੀ ਕ੍ਰਾਂਤੀ ਦਾ ਆਲੋਕ ਉਨ੍ਹਾਂ ਨੂੰ ਬਰਬਸ ਆਪਣੇ ਵੱਲ ਖਿਚਦਾ ਹੈ। ਇਸ ਲਈ ਦੁਨੀਆਂ ਭਰ ਦੀ ਬੁਰਜੂਆ ਹਾਕਮ ਜਮਾਤ ਅਤੇ ਉਨ੍ਹਾਂ ਦਾ ਕੌਮਾਂਤਰੀ ਮੀਡੀਆ ਇਨ੍ਹਾਂ ਇਨਕਲਾਬਾਂ ਤੇ ਉਨ੍ਹਾਂ ਦੇ ਨੇਤਾਵਾਂ ਨੂੰ ਕਲੰਕਿਤ ਕਰਨ ਤੇ ਉਨ੍ਹਾਂ ਦੀ ਬਦਨਾਮੀ ਕਰਨ ਲਈ ਆਪਣੀ ਸਾਰੀ ਸਿਰਜਨਾਤਮਕ ਪ੍ਰੀਤਿਭਾ ਨੂੰ ਝੌਂਕ ਦਿੰਦਾ ਹੈ। ਸਕੂਲਾਂ ਕਾਲਜਾਂ ਦੇ ਸਲੇਬਸਾਂ ਤੋਂ ਲੈ ਕੇ ਸਾਰੀਆਂ ਲਾਇਬਰੇਰੀਆਂ ਤੱਕ ਮਾਰਕਸਵਾਦ ਵਿਰੋਧੀ ਤੇ ਰੂਸੀ-ਚੀਨੀ ਕ੍ਰਾਂਤੀ ਵਿਰੋਧੀ ਜਾਂ ਕਮਿਊਨਿਜ਼ਮ ਵਿਰੋਧੀ ਪ੍ਰਚਾਰ ਸਮਰੱਥਾ ਨੂੰ ਵਧਾ ਦਿੱਤਾ ਹੈ। ਏਨੇ ਸਭ ਕੁਝ ਦੇ ਬਾਵਜੂਦ ਦੁਨੀਆਂ ਦੀ ਪ੍ਰੋਲੇਤਾਰੀ ਜਮਾਤ ਦੀਆਂ ਯਾਦਾਂ ਨਾਲ ਪ੍ਰੋਲੇਤਾਰੀ ਕ੍ਰਾਂਤੀਆਂ ਨੂੰ ਮਿਟਾਇਆ ਨਹੀਂ ਜਾ ਸਕਦਾ।

ਕਮਿਊਨਿਜ਼ ਵਿਰੋਧੀ ਕਚਰਾ ਸਾਹਿਤ ਦੀ ਸਪਲਾਈ ਜਾਰੀ ਹੈ। ਟੀ. ਵੀ., ਇੰਟਰਨੈਟ ਆਦਿ ਰਾਹੀਂ ਆਈ ਅਖੌਤੀ ਸੰਚਾਰ ਕ੍ਰਾਂਤੀ ਨੇ ਕੌਮਾਂਤਰੀ ਬੁਰਜੂਆ ਜਮਾਤ ਦੀ ਕਮਿਊਨਿਜ਼ਮ ਵਿਰੋਧੀ ਪ੍ਰਚਾਰ ਸਮਰੱਥਾ ਵਧਾ ਦਿੱਤੀ ਹੈ। ਪਰ ਇਸ ਸਭ ਕਾਸੇ ਦੇ ਬਾਵਜੂਦ ਨਵੀਂ ਦੁਨੀਆਂ ਦਾ ਸੁਪਨਾ ਦੇਖਣ ਵਾਲੀ ਨਵੀਂ ਪੀੜੀ ਤੱਕ ਇਨ੍ਹਾਂ ਕ੍ਰਾਂਤੀਆਂ ਦੇ ਚਾਨਣ ਪੂੰਜਾਂ ਨੂੰ ਪਹੁੰਚਣ ਤੋਂ ਰੋਕਿਆ ਨਹੀਂ ਜਾ ਸਕਦਾ। ਮਹਾਨ ਅਕਤੂਬਰ ਕ੍ਰਾਂਤੀ ਨੇ ਇਹ ਸਾਬਿਤ ਕਰ ਵਿਖਾਇਆ ਹੈ ਕਿ ਦੁਨੀਆਂ ਦੀ ਸਾਰੀ ਜਾਇਦਾਦ ਨੂੰ ਪੈਦਾ ਕਰਨ ਵਾਲਾ ਮੇਹਨਤਕਸ਼ ਲੋਕ ਸਮੂਹ ਮਜ਼ਦੂਰ ਜਮਾਤ ਦੀ ਅਗਵਾਈ 'ਚ ਅਤੇ ਉਸ ਦੇ ਹਿਰਾਵਲ ਦਸਤੇ ਇਕ ਸੱਚੀ ਇਨਕਲਾਬੀ ਕਮਿਊਨਿਸਟ ਪਾਰਟੀ ਦੀ ਅਗਵਾਈ 'ਚ ਖ਼ੁਦ ਹਕੂਮਤ ਵੀ ਸੰਭਾਲ ਸਕਦਾ ਹੈ ਅਤੇ ਆਪਣੇ ਭਾਗ ਤੇ ਭਵਿੱਖ ਦੀ ਹੋਣੀ ਦਾ ਮਾਲਕ ਆਪ ਬਣ ਸਕਦਾ ਹੈ। ਮਹਾਨ ਅਕਤੂਬਰ ਇਨਕਲਾਬ ਨੇ ਇਹ ਸਾਬਤ ਕੀਤਾ ਹੈ ਮਾਲਿਕ ਜਮਾਤ ਨੂੰ ਸਮਝਾ ਬੁਝਾ ਕੇ ਨਹੀਂ ਬਲਕਿ ਉਨ੍ਹਾਂ ਦੀ ਸੱਤਾ ਨੂੰ ਬਲਪੂਰਵਕ ਉਖਾੜ ਕੇ ਅਤੇ ਉਨ੍ਹਾਂ 'ਤੇ ਬਲਪੂਰਵਕ

ਆਪਣੀ ਸੱਤਾ (ਮਜ਼ਬੂਤ ਜਮਾਤ ਦੀ ਅਗਵਾਈ) ਕਾਇਮ ਕਰਕੇ ਹੀ ਪੂੰਜੀਵਾਦ ਦੀ ਬੁਨਿਆਦ ਦੇ ਨਾਸ਼ ਦਾ ਅਮਲ ਸ਼ੁਰੂ ਕੀਤਾ ਜਾ ਸਕਦਾ ਹੈ ਅਤੇ ਸਮਾਜਵਾਦ ਦੀ ਉਸਾਰੀ ਕੀਤੀ ਜਾ ਸਕਦੀ ਹੈ। ਅਕਤੂਬਰ ਇਨਕਲਾਬ ਨੇ ਸਰਮਾਏਦਾਰਾਂ ਅਤੇ ਉਨ੍ਹਾਂ ਦੇ ਪਹਿਲੇ ਸਾਰੇ ਮਾਲਕਾਂ ਵਲੋਂ ਹਜ਼ਾਰਾਂ ਸਾਲਾਂ ਦੌਰਾਨ ਲੋਕਾਂ 'ਚ ਕੁੱਟ ਕੁੱਟ ਕੇ ਭਰੀ ਗਈ ਇਸ ਗੱਲ ਨੂੰ ਝੂਠਾ ਸਾਬਤ ਕੀਤਾ ਕਿ ਮੇਹਨਤਕਸ਼ ਲੋਕ ਸਿਰਫ ਕੰਮ ਹੀ ਕਰ ਸਕਦੇ ਹਨ। "ਗਿਆਨੀ" ਲੋਕਾਂ ਦੀ ਮਦਦ ਨਾਲ ਰਾਜਭਾਗ ਚਲਾਉਣਾ ਤਾਂ ਮਾਲਿਕ ਲੋਕਾਂ ਦਾ ਕੰਮ ਹੈ। ਰਾਜ ਸੱਤਾ 'ਤੇ ਕਾਬਜ ਹੋਣ ਪਿੱਛੋਂ ਮਹਾਨ ਲੈਨਿਨ ਦੀ ਬਾਲਸ਼ਵਿਕ ਪਾਰਟੀ ਦੀ ਅਗਵਾਈ 'ਚ ਸੋਵੀਅਤ ਸੰਘ ਦੇ ਮਜ਼ਦੂਰਾਂ ਤੇ ਮੇਹਨਤਕਸ਼ ਲੋਕਾਂ ਨੇ ਨਾ ਸਿਰਫ ਪੱਛਮੀ ਪੂੰਜੀਵਾਦੀ ਦੇਸ਼ਾਂ ਦੇ ਸਾਂਝੇ ਹਮਲੇ ਦਾ ਮੁਕਾਬਲਾ ਕੀਤਾ ਅਤੇ ਉਨ੍ਹਾਂ ਦੀ ਹਮਾਇਤ ਨਾਲ ਤੋੜ ਭੰਨ ਦੀਆਂ ਕਾਰਵਾਈਆਂ 'ਚ ਲੱਗੇ ਦੇਸੀ ਪਿਛਖੜੀਆਂ ਨੂੰ ਕੁੱਚਲ ਦਿੱਤਾ ਬਲਕਿ ਭੁੱਖਮਰੀ ਤੇ ਅਕਾਲ ਝੱਲ ਕੇ ਵੀ ਸਾਮਰਾਜੀਆਂ ਦੀ ਆਰਥਿਕ ਨਾਕੇਬੰਦੀ ਦੇ ਸਾਹਮਣੇ ਗੋਡੇ ਨਹੀਂ ਟੇਕੇ ਅਤੇ ਦਿਨ ਰਾਤ ਇਕ ਕਰਕੇ ਸਮਾਜਵਾਦੀ ਅਰਥਚਾਰੇ ਦੀ ਉਸਾਰੀ ਕੀਤੀ। ਦਸ ਸਾਲਾਂ ਅੰਦਰ ਪੈਦਾਵਾਰ ਦੇ ਸਾਧਨਾਂ 'ਤੇ ਨਿੱਜੀ ਮਾਲਕੀ ਦਾ ਖਾਤਮਾ ਕਰਕੇ ਵੱਖ ਵੱਖ ਰੂਪਾਂ 'ਚ ਸਮਾਜਿਕ ਮਾਲਕੀ ਕਾਇਮ ਕਰ ਦਿੱਤੀ।

ਜਲਦੀ ਹੀ, ਸ਼ੁਰੂਆਤੀ ਸੰਕਟਾਂ ਤੋਂ ਉਭਰ ਕੇ ਸਮਾਜਵਾਦ ਅਗਾਂਹ ਵੱਲ ਲੰਮੀਆਂ ਛਾਲਾਂ ਲਾਉਣ ਲੱਗਿਆ। ਪੰਜ ਸਾਲਾਂ ਯੋਜਨਾਵਾਂ ਦੌਰਾਨ ਸਨਅਤ ਤੇ ਖੇਤੀ ਦੇ ਖੇਤਰ 'ਚ ਪੈਦਾਵਾਰ-ਵਾਧੇ ਦੇ ਅਜਿਹੇ ਰਿਕਾਰਡ ਕਾਇਮ ਹੋਏ ਜਿਨ੍ਹਾਂ ਨੇ ਸਨਅਤੀ ਕ੍ਰਾਂਤੀ ਨੂੰ ਵੀ ਮੀਲਾਂ ਪਿੱਛੇ ਛੱਡ ਦਿੱਤਾ ਗਿਆ। ਇਹ ਪੂੰਜੀਵਾਦੀ ਪ੍ਰਚਾਰ ਇਕ ਦਮ ਝੂਠਾ ਸਾਬਿਤ ਹੋਇਆ ਕਿ ਮਜ਼ਦੂਰ ਜਮਾਤ ਦੇ ਰਾਜ ਦੀ ਮਾਲਕੀ ਵਾਲੇ ਕਾਰਖਾਨੇ ਤੇ ਸਮੂਹਿਕ ਖੇਤੀ ਵਿਚ ਪੈਦਾਵਾਰ ਦਾ ਕੰਮ ਸਚਾਰੂ ਢੰਗ ਨਾਲ ਚੱਲ ਹੀ ਨਹੀਂ ਸਕਦਾ। ਕੰਮ ਨਾ ਸਿਰਫ ਸਚਾਰੂ ਢੰਗ ਨਾਲ ਚਲਿਆ ਬਲਕਿ ਪੈਦਾਵਾਰ ਵਾਧੇ ਦੀ ਐਸੀ ਰਫ਼ਤਾਰ ਦੁਨੀਆ ਨੇ ਪਹਿਲਾਂ ਕਦੀ ਨਹੀਂ ਵੇਖੀ ਸੀ। ਸਿਰਫ਼ ਆਰਥਿਕ ਤਰੱਕੀ ਤੇ ਬਰਾਬਰੀ ਦੇ ਪੱਧਰ 'ਤੇ ਨਹੀਂ, ਸਮਾਜ ਸੱਭਿਆਚਾਰਕ ਪੱਧਰ 'ਤੇ ਵੀ ਸੋਵੀਅਤ ਸੰਘ ਨੇ ਚਮਤਕਾਰੀ ਪ੍ਰਾਪਤੀਆਂ ਹਾਸਲ ਕੀਤੀਆਂ ਜਿਨ੍ਹਾਂ ਨੂੰ ਪੱਛਮੀ ਪੂੰਜੀਵਾਦੀ ਦੇਸ਼ਾਂ ਦੇ ਬੁਰਜੂਆ ਬੁੱਧੀਜੀਵੀਆਂ ਅਤੇ ਅਖ਼ਬਾਰਾਂ ਨੂੰ ਵੀ ਮੰਨਣਾ ਪਿਆ। ਵੇਸ਼ਵਾਬ੍ਰਿਤੀ ਅਤੇ ਯੌਨਰੋਗਾਂ ਦਾ ਹੋਰ ਬਲਾਤਕਾਰ ਵਰਗੇ ਅਪਰਾਧਾਂ ਦਾ ਪੂਰੀ ਤਰ੍ਹਾਂ ਖਾਤਮਾ ਹੋ ਗਿਆ ਸਿੱਖਿਆ ਤੇ ਸਿਹਤ ਦੀ ਸਹੂਲਤ ਪੂਰੀ ਆਬਾਦੀ ਨੂੰ ਬਰਾਬਰ ਪੱਧਰ 'ਤੇ ਮੁਹੱਈਆ ਕੀਤੀ ਜਾਣ ਲੱਗੀ। ਆਮ ਮਜ਼ਦੂਰਾਂ ਲਈ ਤਰ੍ਹਾਂ ਤਰ੍ਹਾਂ ਦੇ ਨਾਟਕ ਫਿਲਮਾਂ ਤੇ ਸਭਿਆਚਾਰਕ ਪ੍ਰੋਗਰਾਮ ਤਿਆਰ ਕੀਤੇ ਜਾਣ ਲੱਗੇ ਅਤੇ ਉਨ੍ਹਾਂ ਨੂੰ ਮਨੋਰੰਜਨ ਅਤੇ ਘਰ ਪਰਿਵਾਰ ਦੇ ਲਈ ਲੋੜੀਂਦਾ ਸਮਾਂ ਵੀ ਮਿਲਣ ਲੱਗਿਆ। ਵੱਧ ਤੋਂ ਵੱਧ ਵੱਡੇ ਪੈਮਾਨੇ 'ਤੇ ਔਰਤ ਚੁਲ੍ਹੇ ਚੌਂਕੇ ਦੀ ਗੁਲਾਮੀ ਤੋਂ ਆਜ਼ਾਦ ਹੋ ਕੇ ਪੈਦਾਵਾਰ ਤੋਂ ਇਲਾਵਾ ਹੋਰ ਸਮਾਜਿਕ ਸਰਗਰਮੀਆਂ 'ਚ ਵੀ ਹਿੱਸਾ ਲੈਣ ਲੱਗੀਆਂ। ਸਮਾਜਵਾਦੀ ਦੀ ਅਸਥਾਈ ਹਾਰ ਤੇ ਪੂੰਜੀਵਾਦ ਦੀ ਪੁਨਰ ਸਥਾਪਨਾ ਦੇ ਦੌਰ ਦੇ ਬਾਵਜੂਦ ਬੁਝੀ ਨਹੀਂ ਹੈ। ਅਕਤੂਬਰ ਕ੍ਰਾਂਤੀ ਦੀ ਮਿਸ਼ਾਲਾ ਸਤਾਲਿਨ ਦੀ ਮੌਤ ਪਿੱਛੋਂ ਸੋਵੀਅਤ ਸੰਘ 'ਚ ਖਰੁਸਚੇਵ ਦੀ ਅਗਵਾਈ 'ਚ ਇਕ ਨਵੇਂ ਕਿਸਮ ਦੀ ਪੂੰਜੀਪਤੀ ਜਮਾਤ ਦਾ ਰਾਜ

ਕਾਇਮ ਹੋ ਗਿਆ। ਇਹ ਪਾਰਟੀ ਤੇ ਰਾਜ ਮਸ਼ੀਨਰੀ ਦੇ ਨੌਕਰਸ਼ਾਹ ਸਨ ਜੋ ਲਾਲ ਝੰਡਾ, ਪਾਰਟੀ ਤੇ ਸਮਾਜਵਾਦ ਦੀ ਆੜ ਲੈ ਕੇ ਅਸਲ 'ਚ ਜਨਤਾ ਦੀ ਜਾਇਦਾਦ ਦੇ ਮਾਲਕ ਬਣ ਬੈਠੇ ਸਨ। ਇਹ ਨਵੇਂ ਕਿਸਮ ਦਾ ਰਾਜਕੀ ਪੂੰਜੀਵਾਦ ਸੀ। 1990 ਆਉਂਦੇ ਆਉਂਦੇ ਇਹ ਰਾਜਕੀ ਪੂੰਜੀਵਾਦ ਖੁੱਲ੍ਹੇ ਨਿੱਜੀ ਪੂੰਜੀਵਾਦ 'ਚ ਬਦਲ ਗਿਆ। ਸਭ ਨਕਾਬ ਤੇ ਮੁਲ੍ਹਮੇ ਉਤਰ ਗਏ। ਅਸਲੀਅਤ ਸਾਹਮਣੇ ਆ ਗਈ। ਸੋਵੀਅਤ ਸੰਘ ਵੀ ਟੁੱਟ ਗਿਆ। ਇਹ ਉਹ ਦੌਰ ਸੀ ਜਦ ਨਾ ਸਿਰਫ ਪੂਰਵੀ ਯੂਰਪ ਦੇ ਦੇਸ਼ਾਂ 'ਚ ਖੁੱਲ੍ਹਾ ਪੂੰਜੀਵਾਦ ਬਹਾਲ ਹੋ ਗਿਆ ਸੀ ਬਲਕਿ 1976 'ਚ ਮਾਓ-ਜੇ-ਤੁੰਗ ਦੀ ਮੌਤ ਪਿੱਛੋਂ ਚੀਨ 'ਚ ਵੀ "ਬਜ਼ਾਰੂ ਸਮਾਜਵਾਦ" ਦੇ ਨਾਂ 'ਤੇ ਪੂੰਜੀਵਾਦ ਬਹਾਲ ਹੋ ਚੁੱਕਿਆ ਸੀ। ਦੁਨੀਆਂ ਭਰ ਦੇ ਸਾਮਰਾਜੀਆਂ ਤੇ ਪੂੰਜੀਪਤੀਆਂ ਦੇ ਭੌਂਪੂ ਲਗਾਤਾਰ ਚੀਕਣ ਲੱਗੇ ਹਨ ਕਿ ਸਮਾਜਵਾਦ ਨੂੰ ਹਮੇਸ਼ਾ ਹਮੇਸ਼ਾ ਲਈ ਤਹਿਸ ਨਹਿਸ ਕਰ ਦਿੱਤਾ ਗਿਆ ਕਿ ਅਕਤੂਬਰ ਇਲਕਲਾਬ ਦੀ ਮਿਸਾਲ ਹਮੇਸ਼ਾ ਹਮੇਸ਼ਾ ਲਈ ਬੁਝਾ ਦਿੱਤੀ ਗਈ। ਕੀ ਇਹ ਸੱਚ ਹੈ? ਇਤਿਹਾਸ ਕਹਿੰਦਾ ਹੈ-ਨਹੀਂ! ਪਹਿਲਾਂ ਵੀ ਅਜਿਹਾ ਕਈ ਵਾਰੀ ਹੋਇਆ ਹੈ ਕਿ ਕ੍ਰਾਂਤੀਕਾਰੀ ਜਮਾਤ ਆਪਣੀ ਅਹਿਮ ਜਿੱਤ ਤੋਂ ਪਹਿਲਾਂ ਸਤਾਧਾਰੀ ਵਰਗ ਤੋਂ ਕਈ ਵਾਰ ਹਾਰੇ ਹਨ। ਪਹਿਲਾਂ ਵੀ ਕਈ ਵਾਰੀ ਇਨਕਲਾਬਾਂ ਦਾ ਚੱਕਰ ਅਧੂਰਾ ਜਾਂ ਅਸਫਲ ਰਹਿ ਗਿਆ ਹੈ ਅਤੇ ਫਿਰ ਉਨ੍ਹਾਂ ਦੇ ਨਵੇਂ ਚੱਕਰ ਨੇ ਇਤਿਹਾਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ ਹੈ। ਖ਼ੁਦ ਪੂੰਜੀਵਾਦੀ ਜਾਗਰੀਦਾਰੀ ਨਾਲ 300 ਸਾਲਾਂ ਤੱਕ ਲੜ੍ਹਨ ਅਤੇ ਕਈ ਕਈ ਵਾਰੀ ਹਾਰਨ ਪਿੱਛੋਂ ਹੀ ਅੰਤਿਮ ਜਿੱਤ ਹਾਸਲ ਕਰ ਸਕੀ ਹੈ। ਮਜ਼ਦੂਰ ਜਮਾਤ ਅਤੇ ਪੂੰਜੀਪਤੀ ਵਰਗ ਵਿਚਕਾਰ ਵਿਸ਼ਵ-ਇਤਿਹਾਸਕ ਮਹਾਂਯੁੱਧ ਦਾ ਅਜੇ ਪਹਿਲਾਂ ਗੇੜ੍ਹ ਹੀ ਪੂਰਾ ਹੋਇਆ ਹੈ। ਨਵੇਂ ਚੱਕਰ ਤਾਂ ਅਜੇ ਸ਼ੁਰੂ ਹੀ ਹੋਇਆ ਹੈ। ਪੂਰੀ ਦੁਨੀਆਂ 'ਚ ਅਕਤੂਬਰ ਇਨਕਲਾਬ ਦੇ ਨਵੇਂ ਸੰਸਕਰਣਾਂ ਦੀ ਉਸਾਰੀ ਲਾਜ਼ਮੀ ਹੈ। ਪਰ ਏਨਾ ਹੀ ਕਹਿਣਾ ਕਾਫੀ ਨਹੀਂ। ਅੱਜ ਵਿਸ਼ਵ ਪੱਧਰ 'ਤੇ ਚਰਮ ਸੰਕਟ ਗ੍ਰਸਿਤ ਪੂੰਜੀਵਾਦ ਮੇਹਨਤਕਸ਼ਾਂ 'ਤੇ ਜੋ ਕਹਿਰ ਢਾਹ ਰਿਹਾ ਹੈ, ਉਸ ਤੋਂ ਨਿਜਾਤ ਪਾਉਣ ਲਈ ਅਕਤੂਬਰ ਕ੍ਰਾਂਤੀ ਦੀ ਮਿਸ਼ਾਲ ਨਾਲ ਨਵੇਂ ਇਨਕਲਾਬਾਂ ਦੀ ਮਿਸਾਲ ਜਗਾਉਣੀ ਹੋਵੇਗੀ। ਅਤੇ ਇਸ ਦੇ ਲਈ ਜ਼ਰੂਰੀ ਹੈ ਕਿ ਮੇਹਨਤਕਸ਼ ਜਨਤਾ ਤੇ ਉਸ ਦਾ ਇਨਕਲਾਬ ਹਿਰਾਵਲ ਦਸਤਾ ਸਮਾਜਵਾਦ ਦੀ ਫਿਲਹਾਲੀ ਹਾਰ ਦੇ ਸਭ ਕਾਰਨਾਂ ਨੂੰ ਭਲੀਭਾਂਤ ਸਮਝੇ।

ਸਮਾਜਵਾਦੀ ਸਮਾਜ 'ਚ ਜਾਰੀ ਜਮਾਤੀ ਘੋਲ ਅਤੇ ਪੂੰਜੀਵਾਦ ਦੀ ਫਿਰ ਤੋਂ ਬਹਾਲੀ ਵਿਚ ਪਾਰਟੀ ਅੰਦਰ ਬੁਰਜੂਆ ਜਮਾਤ ਦੀ ਭੂਮਿਕਾ ਸਮਝਣੀ ਜ਼ਰੂਰੀ ਹੁੰਦੀ ਹੈ। ਸਮਾਜਵਾਦ ਦਰਅਸਲ ਪੂੰਜੀਵਾਦ ਤੇ ਜਮਾਤ ਰਹਿਤ ਸਮਾਜ (ਕਮਿਊਨਿਜ਼ਮ) ਦੇ ਵਿਚਕਾਰ ਦਾ ਇਕ ਲੰਮਾ ਸਮਾਂ ਹੁੰਦਾ ਹੈ। ਜਿਸ ਵਿਚ ਖੇਤਾਂ ਤੇ ਕਾਰਖਾਨਿਆਂ 'ਤੇ ਨਿੱਜੀ ਮਾਲਕੀ ਦੇ ਖਾਤਮੇ ਦੇ ਬਾਵਜੂਦ ਅਜੇ ਵੱਖ ਵੱਖ ਛੋਟੇ ਪੱਧਰਾਂ 'ਤੇ ਨਿੱਜੀ ਮਾਲਕੀ ਮੌਜੂਦ ਰਹਿੰਦੀ ਹੈ। ਫਰਕ ਤੇ ਗੈਰਬਰਾਬਰੀਆਂ ਮੌਜੂਦ ਰਹਿੰਦੀਆਂ ਹਨ। ਸਰੀਰਕ ਮਿਹਨਤ ਤੇ ਮਾਨਸਿਕ ਮਿਹਨਤ ਵਰਗੇ ਫਰਕ ਮੌਜੂਦ ਰਹਿੰਦੇ ਹਨ। ਜਮਾਤੀ ਘੋਲ ਜਾਰੀ ਰਹਿੰਦਾ ਹੈ। ਤਨਖਾਹਾਂ 'ਚ ਫ਼ਰਕ ਬਣਿਆ ਰਹਿੰਦਾ ਹੈ। ਪੁਰਾਣੀਆਂ ਆਦਤਾਂ ਤੇ ਸੰਸਕਾਰ ਮੌਜੂਦ ਰਹਿੰਦੇ ਹਨ। ਪੂੰਜੀਵਾਦ ਦੇ ਇਕ ਜਾਂ ਦੂਜੇ ਰੂਪ 'ਚ ਬਹਾਲੀ ਦਾ ਖਤਰਾ ਅੰਦਰੋਂ ਵੀ ਬਣਿਆ ਰਹਿੰਦਾ ਹੈ। (ਬਾਹਰੀ ਸਾਮਰਾਜੀ ਹਮਲੇ ਜਾਂ ਭੰਨ ਤੋੜ

ਦਾ ਖਤਰਾ ਤਾਂ ਲਗਾਤਾਰ ਰਹਿੰਦਾ ਹੀ ਹੈ) ਸਮਾਜਵਾਦੀ ਸਮਾਜ ਵਿਚ ਮੌਜੂਦ ਬੁਰਜੂਆ ਜਮਾਤਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਮਿਊਨਿਸਟ ਪਾਰਟੀ ਤੇ ਰਾਜ ਦੀ ਅਗਵਾਈ 'ਚ ਮੌਜੂਦ ਉਹ ਲੋਕ ਕਰਦੇ ਹਨ ਜੋ ਆਪਣੇ ਅਹੁਦੇ ਦੇ ਵਿਸ਼ੇਸ਼ ਅਧਿਕਾਰਾਂ ਸਹੂਲਤਾਂ ਦੇ ਗੁਲਾਮ ਬਣ ਚੁੱਕੇ ਹੁੰਦੇ ਹਨ। ਜੋ ਖੁਦ ਨੌਕਰਸ਼ਾਹ ਬਣ ਚੁੱਕੇ ਹੁੰਦੇ ਹਨ। ਜੋ ਜਮਾਤੀ ਘੋਲ ਨੂੰ ਤਿਲਾਂਜਲੀ ਦੇ ਕੇ ਸ਼ਾਂਤੀ ਪੂਰਨ ਵਿਕਾਸ ਦੀ ਵਕਾਲਤ ਕਰਦੇ ਹਨ। ਉਹ ਖੁਦ ਹੀ ਇਕ ਕਿਸਮ ਦੇ ਬੁਰਜੂਆ ਵਰਗ ਹੁੰਦੇ ਹਨ ਪਾਰਟੀ ਦੇ ਅੰਦਰ ਦੇ ਬੁਰਜੂਆ ਵਰਗ, ਜੋ ਲਾਲ ਝੰਡਾ ਪਾਰਟੀ ਤੇ ਸਮਾਜਵਾਦ ਦੀ ਆੜ ਵਿਚ ਜਨਤਾ ਨੂੰ ਠੱਗ ਕੇ ਸਾਮਰਾਜਵਾਦ ਤੇ ਪੂੰਜੀਵਾਦ ਦੀ "ਇਤਿਹਾਸਕ" ਸੇਵਾ ਕਰਦੇ ਹਨ। ਰੂਸ ਵਿਚ ਖਰੁਸਚੇਵ-ਬ੍ਰੇਜਨੇਵ ਨੇ ਚੀਨ 'ਚ ਦਿੰਗ ਸਿਆਓ ਪਿੰਗ ਤੇ ਉਸ ਦੇ ਉਤਰਾਅਧਿਕਾਰੀਆਂ ਨੇ ਇਹੀ ਕੰਮ ਕੀਤਾ।

ਸੋਧਵਾਦੀ ਤੇ ਹਰ ਤਰ੍ਹਾਂ ਦੇ ਨਕਲੀ ਕਮਿਊਨਿਸਟ ਉਹ ਹਨ ਜੋ ਮਜ਼ਦੂਰਾਂ ਦੀ ਲੜਾਈ ਨੂੰ ਅੰਦਰੋਂ ਕੰਮਜ਼ੋਰ ਕਰਕੇ ਪੂੰਜੀਪਤੀਆਂ ਦੀ ਸੇਵਾ ਕਰਦੇ ਹਨ। ਇਹ ਉਹ ਨਕਲੀ ਕਮਿਊਨਿਸਟ ਹਨ ਜਿਨ੍ਹਾਂ ਨੇ ਨਾ ਸਿਰਫ ਸਮਾਜਵਾਦ ਨੂੰ ਤਬਾਹ ਕਰਕੇ ਵਿਸ਼ਵ ਪੂੰਜੀਵਾਦ ਦੀ ਸੇਵਾ ਕੀਤੀ ਹੈ। ਬਲਕਿ ਕ੍ਰਾਂਤੀ ਹੋਣ ਤੋਂ ਪਹਿਲਾਂ ਹੀ, ਇਹ ਅੰਦਰੂਨੀ ਮਜ਼ਦੂਰਾਂ ਦੀ ਹਰ ਲੜਾਈ ਨੂੰ ਅੰਦਰੋਂ ਕੰਮਜ਼ੋਰ ਕਰਦੇ ਰਹੇ ਹਨ। ਉਨ੍ਹਾਂ ਦੀ ਪਿੱਠ ਵਿਚ ਛੁਰਾ ਮਾਰਨ ਦਾ ਕੰਮ ਕਰਦੇ ਰਹੇ ਹਨ। ਰੂਸ ਦੇ ਮੈਨਸ਼ਿਵਕਾਂ, ਜਰਮਨੀ ਦੇ ਕਾਰਲ ਕਾਉਤਸਕੀ ਅਤੇ ਖਰੁਚੇਵ ਬ੍ਰੇਜਨੇਵ, ਦਿੰਗ-ਸਿਆਹੋ-ਪਿੰਗ ਤੇ ਸਾਡੇ ਦੇਸ਼ ਦੇ ਡਾਂਗੇ ਜੋਤੀ ਬਸੂ-ਸੁਰਜੀਤ-ਕਾਰਤ-ਬਰਦਨ ਆਦਿ ਦੀ ਨਸਲ ਤੇ ਬਰਾਦਰੀ ਇਕ ਹੈ। ਅੱਜ ਵੀ ਇਹ ਗੱਲ ਪੂਰੀ ਦੁਨੀਆਂ ਅਤੇ ਸਾਡੇ ਦੇਸ਼ ਦੇ ਪ੍ਰਸੰਗ ਵਿਚ ਸਹੀ ਹੈ। ਸਮਾਜਵਾਦ ਨੂੰ ਬਦਨਾਮ ਕਰਨ ਲਈ ਪੂੰਜੀਵਾਦੀ ਪ੍ਰਚਾਰ ਤੰਤਰ ਖਰੁਸਚੇਵ-ਬ੍ਰੇਜਨੇਵ ਆਦਿ ਸੋਧਵਾਦੀਆਂ ਦੇ ਸਭ ਕੁ ਕਰਮਾਂ ਦੀ ਤੋਹਮਤ ਸਮਾਜਵਾਦ ਦੇ ਮੱਥੇ ਮੜ ਰਿਹਾ ਹੈ। ਸਾਡੇ ਦੇਸ਼ 'ਚ ਵੀ ਜੋਤੀ ਬਸੂ ਤੇ ਪ੍ਰਕਾਸ਼ ਕਾਰਤ ਤੋਂ ਲੈ ਕੇ ਇੰਦਰਜੀਤ ਗੁਪਤ ਤੇ ਏਬੀ ਬਰਦਨ ਤੱਕ ਇਨ੍ਹਾਂ ਸਾਰਿਆਂ ਦੇ ਪਾਪ ਦਾ ਘੜਾ ਕਮਿਊਨਿਜ਼ਮ ਦੇ ਮੱਥੇ ਭੰਨ ਕੇ ਕਮਿਊਨਿਜ਼ਮ ਦੇ ਕ੍ਰਾਂਤੀਕਾਰੀ ਸਿਧਾਂਤਾਂ ਨੂੰ ਬਦਨਾਮ ਕੀਤਾ ਜਾਂਦਾ ਹੈ। ਯੂਰਪ ਤੋਂ ਲੈ ਕੇ ਭਾਰਤ ਤੱਕ-ਇਹ ਸਭ ਕਿਸਿਮ-ਕਿਸਿਮ ਦੇ ਨਕਲੀ ਕਮਿਊਨਿਸ਼ਟ ਬੁਰਜੂਆ ਪਾਰਲੀਮੈਂਟਾਂ 'ਚ ਸਾਲਾਂ ਤੋਂ ਲੋਟ ਲਾ ਰਹੇ ਹਨ ਅਤੇ ਹੁਣ ਤਾਂ ਅਕਸਰ ਸਰਕਾਰਾਂ ਵਿਚ ਸ਼ਾਮਲ ਹੋ ਕੇ ਉਦਾਰੀਕਰਨ ਤੇ ਨਿੱਜੀਕਰਨ ਦੀਆਂ ਨੀਤੀਆਂ ਨੂੰ ਲਾਗੂ ਕਰਨ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਪਹਿਲਾਂ ਤਾਂ ਇਹ ਪੂੰਜੀਵਾਦੀ ਵਿਵਸਥਾ ਦੀ ਦੂਜੀ ਸੁਰੱਖਿਆ ਕਤਾਰ ਵਜੋਂ ਛਿਪ ਕੇ ਕੰਮ ਕਰਦੇ ਹਨ ਅਤੇ ਕੰਬਲ ਦੇ ਓਹਲੇ ਘੀ ਪੀਂਦੇ ਸਨ। ਹੁਣ ਜਦ ਸਭ ਕੁਝ ਖੁੱਲ੍ਹੇਆਮ ਹੋ ਰਿਹਾ ਹੈ। ਇਸ ਦਾ ਲਾਭ ਇਹ ਹੈ ਕਿ ਮੇਹਨਤਕਸ਼ ਜਨਤਾ ਜੋ ਮਾਰਕਸਵਾਦ ਦੇ ਕ੍ਰਾਂਤੀਕਾਰੀ ਸਿਧਾਂਤਾਂ ਤੋਂ ਨਾ ਵਾਕਫ ਸਨ ਉਹ ਵੀ ਇਨ੍ਹਾਂ ਦੀ ਕਰਨੀ ਨਾਲ ਇਸ ਦਾ ਅਸਲੀ ਕਿਰਦਾਰ ਪਹਿਚਾਨਣ ਲੱਗੀ ਹੈ। ਨਕਲੀ ਖੱਬਿਆਂ ਦਾ ਪ੍ਰਦਾਫਾਸ਼ ਕਰਨਾ ਚਾਹੀਦਾ ਹੈ। ਟ੍ਰੇਡ ਯੂਨੀਅਨਾਂ ਤੋਂ ਆਰਥਿਕਵਾਦ-ਸੁਧਾਰਵਾਦ ਤੇ ਨੌਕਰਸ਼ਾਹੀ ਦਾ ਪਰਦਾਫਾਸ਼ ਕਰਨਾ ਚਾਹੀਦਾ ਹੈ ਫਿਰ ਵੀ ਪ੍ਰੋਲੇਤਾਰੀ ਇਨਕਲਾਬੀ ਕਾਮਿਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ ਕਿਉਂਕਿ ਇਨਕਲਾਬੀ ਕਮਿਊਨਿਸਟਾਂ ਦੇ ਖਿੰਡੇ ਹੋਣ ਅਤੇ ਕੰਮਜ਼ੋਰ ਹੋਣ ਕਾਰਨ ਬਹੁਤੇ

ਮੇਹਨਤਕਸ਼ ਭਾਕਪਾ-ਮਾਕਪਾ ਵਰਗੀਆਂ ਪਾਰਟੀਆਂ ਅਤੇ ਏਟਕਸੀਟੂ ਆਦਿ ਨੇਤਾਵਾਂ ਨੂੰ ਹੀ ਕਮਿਊਨਿਸਟ ਸਮਝਦੇ ਹਨ। ਵਿਆਪਕ ਮਜ਼ਦੂਰ ਆਬਾਦੀ ਨੂੰ ਕਮਿਊਨਿਜ਼ਮ ਦੇ ਇਨਕਲਾਬੀ ਸਿਧਾਂਤਾਂ ਤੋਂ ਅਤੇ ਸੋਧਵਾਦ ਆਰਥਿਕਵਾਦ ਦੀ ਅਸਲੀਅਤ ਤੋਂ ਪ੍ਰਚਿਤ ਕਰਾਉਣ ਲਈ ਇਨਕਲਾਬੀ ਪ੍ਰਚਾਰ ਦੀ ਜ਼ਰੂਰਤ ਹੈ। ਮਜ਼ਦੂਰ ਯੂਨੀਅਨ 'ਚ ਅਜੇ ਵੀ ਇਨ੍ਹਾਂ ਆਰਥਕਤਾਵਾਦੀ ਟ੍ਰੇਡ ਯੂਨੀਅਨ ਨੇਤਾਵਾਂ ਦੀ ਨੌਕਰਸ਼ਾਹੀ ਪਹੁੰਚ ਹਾਵੀ ਹੈ। ਜਿਨ੍ਹਾਂ ਨੇ ਮਜ਼ਦੂਰ ਵਰਗ ਨੂੰ ਸਿਰਫ ਆਰਥਿਕ ਮੰਗਾਂ ਤੱਕ ਦੀ ਲੜਾਈ ਤੱਕ ਸੀਮਤ ਰੱਖ ਕੇ ਉਸ ਨੂੰ ਉਸ ਦੇ ਰਾਜਸੀ ਸੰਘਰਸ਼ ਦੇ ਕਾਰਜ ਅਤੇ ਪੂੰਜੀ ਵਿਰੁੱਧ ਫੈਸਲਾਕੁੰਨ ਸੰਘਰਸ਼ ਦੇ ਇਤਿਹਾਸਕ ਮਿਸ਼ਨ ਤੋਂ ਇਕਦਮ ਅਣਜਾਣ ਰੱਖਿਆ ਹੈ। ਇਸ ਦੇ ਅਸਲੀ ਕਿਰਦਾਰ ਨੂੰ ਜਾਨਣ ਪਿੱਛੋਂ ਮਜ਼ਦੂਰ ਜਮਾਤ ਨਿਰਾਸ਼ ਹੋ ਕੇ ਜਾਂ ਤਾਂ ਬੁਰਜੂਆ ਟ੍ਰੇਡ ਯੂਨੀਅਨਾਂ ਵੱਲ ਜਾ ਰਹੀ ਹੈ ਜਾਂ ਫਿਰ ਅਰਾਜਕਤਾਵਾਦੀ ਢੰਗ ਨਾਲ ਅੰਦੋਲਨ ਉਭਾਰ ਦਾ ਰਾਹ ਅਪਣਾ ਰਿਹਾ ਹੈ। ਇਸ ਦੀ ਬਜਾਏ ਮਜ਼ਦੂਰ ਜਮਾਤ ਕ੍ਰਾਂਤੀਕਾਰੀ ਅਧਾਰ 'ਤੇ ਟ੍ਰੇਡ ਯੂਨੀਅਨ ਅੰਦੋਲਨ ਦੇ ਪੁਨਰ ਨਿਰਮਾਣ ਦਾ ਰਾਹ ਅਪਣਾਵੇ, ਵਿਆਪਕ ਮਜ਼ਦੂਰ ਏਕਤਾ ਦੇ ਨਾਹਰੇ ਨੂੰ ਅਮਲੀ ਜਾਮਾ ਪਹਿਨਾਵੇ ਤੇ ਜਮਹੂਰੀ ਤੌਰ ਤਰੀਕਿਆਂ ਰਾਹੀਂ ਟ੍ਰੇਡ ਯੂਨੀਅਨ ਨੌਕਰਸ਼ਾਹੀ ਦੀ ਜੜ੍ਹ ਪੁੱਟ ਸੁਟੇ ਇਸ ਦੇ ਲਈ ਮਜ਼ਦੂਰ ਆਬਾਦੀ ਅੰਦਰ ਵਿਆਪਕ ਇਨਕਲਾਬੀ ਪ੍ਰਚਾਰ ਅਤੇ ਸਿੱਖਿਆ ਦੀ ਕਾਰਵਾਈ ਚਲਾਉਣੀ ਹੋਵੇਗੀ ਅਤੇ ਇਹ ਕੰਮ ਉਨ੍ਹਾਂ ਵਿਚ ਜਾਕੇ ਉਸ ਦੀਆਂ ਰੋਜ਼ਮਰਾ ਦੀਆਂ ਆਰਥਿਕ ਤੇ ਰਾਜਸੀ ਮੰਗਾਂ ਦੇ ਸੰਘਰਸ਼ ਵਿਚ ਸਰਗਰਮ ਭਾਗੀਦਾਰੀ ਦੇ ਨਾਲ ਨਾਲ ਕਰਨਾ ਹੋਵੇਗਾ।

ਟ੍ਰੇਡ ਯੂਨੀਅਨ ਅੰਦੋਲਨ ਦਾ ਕ੍ਰਾਂਤੀਕਾਰੀਕਰਣ ਵੀ ਉਹ ਮਜ਼ਦੂਰ ਜਮਾਤ ਕਰ ਸਕਦੀ ਹੈ ਜੋ ਰਾਜਸੀ ਸੰਘਰਸ਼ ਦੇ ਆਪਣੇ ਕਾਰਜ ਨੂੰ ਵੀ ਸਮਝੇ ਅਤੇ ਆਪਣੀ ਜਮਾਤੀ ਜਥੇਬੰਦੀ ਦੇ ਸਭ ਤੋਂ ਉਨਤ ਰੂਪ ਵਜੋਂ ਇਕ ਇਨਕਲਾਬੀ ਕਮਿਊਨਿਸਟ ਪਾਰਟੀ ਦੀ ਉਸਾਰੀ ਦੀ ਜ਼ਰੂਰਤ ਨੂੰ ਸਮਝੇ। ਕਿਹਾ ਜਾ ਸਕਦਾ ਹੈ ਕਿ ਟ੍ਰੇਡ ਯੂਨੀਅਨ ਅੰਦੋਲਨ ਦੇ ਕ੍ਰਾਂਤੀਕਾਰੀਕਰਣ ਦੇ ਕਾਰਜ ਅਤੇ ਇਕ ਸਰਭ ਭਾਰਤੀ ਕਮਿਊਨਿਸਟ ਇਨਕਲਾਬੀ ਪਾਰਟੀ ਦੀ ਉਸਾਰੀ ਤੇ ਗਠਨ ਨਾਲ ਸਬੰਧਤ ਅਮਲ ਵੱਖ ਵੱਖ ਨਾ ਹੋ ਕੇ ਇਕ ਦੂਜੇ ਨਾਲ ਅਨੇਕਾਂ ਰੂਪਾਂ 'ਚ ਜੁੜੇ ਹੋਏ ਹਨ। ਅੱਜ ਹਾਲਤ ਅਜਿਹੇ ਹਨ ਕਿ ਮਜ਼ਦੂਰ ਜੇ ਨੀਤੀਆਂ ਬਣਾਉਣ ਵਾਲੀ ਪੂੰਜੀਵਾਦੀ ਰਾਜ ਮਸ਼ੀਨਰੀ ਖਿਲਾਫ ਰਾਜਸੀ ਲੜਾਈ ਨਹੀਂ ਲੜੇਗਾ ਤਾਂ ਉਹ ਆਪਣੀਆਂ ਛੋਟੀਆਂ ਛੋਟੀਆਂ ਆਰਥਿਕ ਮੰਗਾਂ ਵੀ ਨਹੀਂ ਮੰਨਵਾ ਸਕੇਗਾ। ਇਹ ਇਕ ਅੱਛੀ ਗੱਲ ਹੈ ਕਿ ਅੱਜ ਭਾਰਤੀ ਹਾਕਮ ਜਮਾਤ ਦੀਆਂ ਆਰਥਿਕ ਨੀਤੀਆਂ ਨੇ ਖੁਦ ਹੀ ਐਸੀ ਅਨਕੂਲ ਸਥਿਤੀ ਪੈਦਾ ਕਰ ਦਿੱਤੀ ਹੈ ਕਿ ਮਜ਼ਦੂਰ ਵਰਗ ਰਾਜਸੀ ਅਧਿਕਾਰਾਂ ਦੇ ਸੰਘਰਸ਼ ਲਈ ਪ੍ਰਚਾਰ ਨੂੰ ਸਵੀਕਾਰ ਕਰਕੇ ਪਹਿਲਾਂ ਤੋਂ ਵੱਧ ਤਿਆਰ ਹੁੰਦਾ ਜਾ ਰਿਹਾ ਹੈ। ਨਿੱਜੀਕਰਨ ਤੇ ਉਦਾਰੀਕਰਨ ਦੀਆਂ ਨੀਤੀਆਂ ਸੰਕਟ ਗ੍ਰਸਤ ਵਿਸ਼ਵ ਪੂੰਜੀਵਾਦ ਦੀਆਂ ਨੀਤੀਆਂ ਹਨ ਜੋ ਭਾਰਤ ਵਿਚ ਵੀ ਮੇਹਨਤਕਸ਼ ਜਨਤਾ ਦੇ ਸਾਹਮਣੇ ਛਾਂਟੀ-ਤਾਲਾਬੰਦੀ, ਬੇਰੁਜ਼ਗਾਰੀ ਤੇ ਮਹਿੰਗਾਈ ਦਾ ਕਹਿਰ ਵਰਤਾਉਣਾ ਸ਼ੁਰੂ ਕਰ ਚੁੱਕੀ ਹੈ। ਮੇਹਨਤਕਸ਼ ਲੋਕ ਸਮਝਦੇ ਜਾ ਰਹੇ ਹਨ ਕਿ ਹੁਣ ਸਿਰਫ਼ ਤਨਖਾਹਾਂ 'ਚ ਵਾਧਾ ਅਤੇ ਮੁੱਠੀਭਰ ਸਹੂਲਤਾਂ ਲਈ ਲੜਨ 'ਤੇ ਉਹ ਵੀ ਨਹੀਂ ਮਿਲਣ ਵਾਲਾ। ਹੁਣ ਤਨਖਾਹਾਂ ਦੇ ਵਾਧੇ

ਦੀ ਅੰਸ਼ਿਕ ਲੜਾਈ ਵੀ ਤਾਂ ਹੀ ਜਿੱਤੀ ਜਾ ਸਕਦੀ ਹੈ ਜੇ ਪੂਰੀਆਂ ਆਰਥਿਕ ਨੀਤੀਆਂ ਵਿਰੁੱਧ ਆਵਾਜ਼ ਉਠਾਈ ਜਾਵੇ, ਰੁਜ਼ਗਾਰ ਦੇ ਬੁਨਿਆਦੀ ਅਧਿਕਾਰ ਨੂੰ ਮੁੱਦਾ ਬਣਾਇਆ ਜਾਵੇ ਅਤੇ ਜਨ ਵਿਰੋਧੀ ਨੀਤੀਆਂ ਨੂੰ ਬਣਾਉਣ ਤੇ ਲਾਗੂ ਕਰਨ ਵਾਲੀ ਰਾਜ ਮਸ਼ੀਨਰੀ ਖਿਲਾਫ ਸੰਗਠਿਤ ਹੋਇਆ ਜਾਵੇ। ਹਾਲਾਤ ਐਸੇ ਬਣ ਰਹੇ ਹਨ ਕਿ ਮਜ਼ਦੂਰ ਵਰਗ ਟ੍ਰੇਡ ਯੂਨੀਅਨ ਦੇ ਧੰਦੇਬਾਜ਼ਾਂ ਦੀ ਗਿਰਫਤ ਤੋਂ ਬਾਹਰ ਆ ਕੇ ਇਸ ਸੱਚਾਈ ਨੂੰ ਆਸਾਨੀ ਨਾਲ ਸਮਝ ਤੇ ਪਕੜ ਸਕਦਾ ਹੈ। ਉਸ ਨੂੰ ਟ੍ਰੇਡ ਯੂਨੀਅਨ ਅੰਦੋਲਨ ਦੇ ਨੌਕਰਸ਼ਾਹੀ ਤੇ ਆਰਥਿਕਵਾਦ-ਸੁਧਾਰਵਾਦ ਨੂੰ ਉਖਾੜਣਾ ਹੋਵੇਗਾ। ਵੱਖ-ਵੱਖ ਟ੍ਰੇਡ ਯੂਨੀਅਨਾਂ ਦੀਆਂ ਦਲਗਤ ਦੁਕਾਨਦਾਰੀਆਂ ਵਿਚ ਮਜ਼ਦੂਰਾਂ ਨੂੰ ਵੰਡਣ ਦੀ ਸਾਜ਼ਿਸ਼ ਨੂੰ ਪਹਿਚਾਣ ਕੇ ਵਿਆਪਕ ਮਜ਼ਦੂਰ ਏਕਤਾ ਅਤੇ ਜਨਵਾਦ ਦੇ ਆਧਾਰ ਤੇ ਜਥੇਬੰਦ ਹੋਣਾ ਹੋਵੇਗਾ। ਅਕਤੂਬਰ ਕ੍ਰਾਂਤੀ ਦੀ ਜਲਦੀ ਮਿਸ਼ਾਲ ਸੱਦਾ ਦੇ ਰਹੀ ਹੈ ਕਿ ਸਿਰਫ ਆਰਥਿਕ ਲੜਾਈ ਲੜਨ ਦੀ ਬਜਾਏ ਆਪਣੇ ਰਾਜਸੀ ਅਧਿਕਾਰਾਂ ਲਈ ਲੜੋ। ਕ੍ਰਾਂਤੀਕਾਰੀ ਵਿਚਾਰਧਾਰਾ ਦੇ ਮਾਰਗਦਰਸ਼ਨ ਤੇ ਕ੍ਰਾਂਤੀਕਾਰੀ ਪਾਰਟੀ ਦੀ ਰਾਜਸੀ ਲੋੜ ਨੂੰ ਪਹਿਚਾਣੋ। ਦੇਸ਼ ਪੱਧਰ 'ਤੇ ਮਜ਼ਦੂਰ ਜਮਾਤ ਵਿਰੋਧੀ ਆਰਥਿਕ ਨੀਤੀਆਂ ਬਣਾਉਣ ਵਾਲੀ ਸੱਤਾ ਖਿਲਾਫ਼ ਰਾਜਸੀ ਲੜਾਈ ਲੜੀ ਜਾਣੀ ਚਾਹੀਦੀ ਹੈ। ਕ੍ਰਾਂਤੀਕਾਰੀ ਵਿਚਾਰਧਾਰਾ ਦੇ ਮਾਰਗਦਰਸ਼ਨ ਸਿਧਾਂਤ ਤੇ ਕ੍ਰਾਂਤੀਕਾਰੀ ਪਾਰਟੀ ਦੀ ਰਾਜਸੀ ਜ਼ਰੂਰਤ ਨੂੰ ਵੀ ਪਹਿਚਾਨਣਾ ਚਾਹੀਦਾ ਹੈ। ਦੇਸ਼ ਪੱਧਰ 'ਤੇ ਮਜ਼ਦੂਰ ਜਮਾਤ ਦੀ ਇਕ ਕ੍ਰਾਂਤੀਕਾਰੀ ਪਾਰਟੀ ਹੋਵੇ। ਅਕਤੂਬਰ ਇਨਕਲਾਬ ਦੀ ਮਿਸ਼ਾਲ ਨੂੰ ਲੈ ਕੇ ਅੱਗੇ ਵਧਣਾ ਚਾਹੀਦਾ ਹੈ।

--------✪✪--------

# ਲਾਲ ਮਿੱਟੀ ਬਨਾਮ-ਕਾਲਾ ਧੰਦਾ ਕੱਚੇ ਲੋਹੇ ਦਾ

ਝਾਰਖੰਡ ਵਿਚ ਕੱਚੇ ਲੋਹੇ ਦਾ ਅਥਾਹ ਭੰਡਾਰ ਹੈ। ਪਰ ਉਸ ਦੀ ਗੈਰ ਕਨੂੰਨੀ ਖੁਦਾਈ ਦਾ ਧੰਦਾ ਜਿਸ ਤਰ੍ਹਾਂ ਚਲ ਰਿਹਾ ਹੈ, ਉਸ ਨਾਲ ਇਹ ਭੰਡਾਰ ਬਹੁਤ ਜਲਦੀ ਖਾਲੀ ਹੋਣ ਵਾਲਾ ਹੈ। ਝਾਰਖੰਡ ਨੂੰ ਰਤਨ ਗਰਭਾ ਵੀ ਕਿਹਾ ਜਾਂਦਾ ਹੈ। ਇਸ ਪਠਾਰੀ ਸੂਬੇ ਦੇ ਗਰਭ ’ਚ ਖਣਿਜ ਪਦਾਰਥਾਂ ਦੀ ਭਾਰੀ ਮਾਤਰਾ ਇਕ ਧਨੀ ਰਾਜ ਦੀ ਦਿੱਖ ਬਣਾਉਂਦੀ ਹੈ। ਪਰ ਝਾਰਖੰਡੀਆਂ ਦੀ ਆਰਥਿਕ ਹਾਲਤ ਕਿਉਂ ਤਰਸਯੋਗ ਬਣੀ ਹੋਈ ਹੈ। ਸੂਬੇ ’ਚ ਖਣਿਜ ਪਦਾਰਥਾਂ ਦੀ ਲੁੱਟ ਤਾਂ ਖੂਬ ਹੋ ਰਹੀ ਹੈ ਪਰ ਇਸ ਦਾ ਸਿੱਧਾ ਜਾਂ ਅਸਿੱਧਾ ਫਾਇਦਾ ਆਮ ਆਦਮੀ ਨੂੰ ਨਾ ਮਿਲ ਕੇ ਰਾਜਸੀ ਨੇਤਾਵਾਂ, ਅਫਸਰਾਂ ਤੇ ਮਾਫੀਆਂ ਨੂੰ ਮਿਲ ਰਿਹਾ ਹੈ। ਕੋਲੇ ਤੋਂ ਇਲਾਵਾ ਝਾਰਖੰਡ ਦਾ ਲੋਹਾ ਨਿਵੇਸ਼ਕਾਂ ਤੇ ਖੁਦਾਈ ਕੰਪਨੀਆਂ ਲਈ ਖਿੱਚ ਦਾ ਸਭ ਤੋਂ ਵੱਡਾ ਕੇਂਦਰ ਹੈ। ਪੱਛਮੀ ਸਿੰਘ ਭੂਮ ’ਚ ਕੱਚੇ ਲੋਹੇ ਦਾ ਭੰਡਾਰ ਏਨਾ ਹੈ ਕਿ ਜੇ ਸਰਕਾਰ ਅੰਕੜਿਆਂ ਨੂੰ ਸਹੀ ਮੰਨੀਏ ਤਾਂ 90 ਸਾਲਾਂ ਤੱਕ 30 ਮਿਲੀਅਨ ਟਨ ਹਰ ਸਾਲ ਖੁਦਾਈ ਦੇ ਬਾਵਜੂਦ ਕੱਚਾ ਲੋਹਾ ਖਤਮ ਨਹੀਂ ਹੋਵੇਗਾ। ਇਹ ਹੋਰ ਗੱਲ ਹੈ ਕਿ ਅੰਕੜਿਆਂ ਦੀ ਖੇਡ ਵਿਚ ਸਰਕਾਰੀ ਅਧਿਕਾਰੀਆਂ ਨੇ ਲੋਥਾਂ ਨੂੰ ਇਸ ਹੱਦ ਤੱਕ ਉਲਝਾ ਦਿੱਤਾ ਹੈ ਕਿ ਝਾਰਖੰਡ ਵਿਚ ਕੱਚੇ ਲੋਹੇ ਦਾ ਗੰਭੀਰ ਸੰਕਟ ਜਲਦੀ ਹੀ ਪੈਦਾ ਹੋ ਜਾਵੇਗਾ। ਸਭ ਤੋਂ ਪਹਿਲਾਂ ਇਹ ਸਮਝਣ ਦੀ ਜ਼ਰੂਰਤ ਹੈ ਕਿ ਆਖਰ ਝਾਰਖੰਡ ’ਚ ਕਿੰਨਾ ਕੱਚਾ ਲੋਹਾ ਹੈ ਅਤੇ ਕਿੰਨਾ ਕਾਰਨਾਂ ਕਰਕੇ ਭੰਡਾਰ ਘਟਾ ਕੇ ਦੱਸਣ ਦੀ ਕੋਸ਼ਿਸ਼ ਹੋ ਰਹੀ ਹੈ?

ਰਾਜ ਦੇ ਖੁਦਾਈ ਤੇ ਭੂ-ਤੱਤਵ ਵਿਭਾਗ ਨੇ ਗੁਆ, ਚਿਰਿਆ ਤੇ ਕਿਰਿਬਰੂ ਦੇ ਸਰਵੇਖਣ ਪਿੱਛੋਂ ਦੱਸਿਆ ਸੀ ਕਿ ਕੁੱਲ 6942.91 ਹੇਕਟੇਅਰ ਖੇਤਰ ਵਿਚ 9997.50 ਮਿਲੀਅਨ ਟਨ ਕੱਚਾ ਲੋਹਾ ਹੈ। ਸਰਕਾਰ ਨੇ ਇਨ੍ਹਾਂ ਖੇਤਰਾਂ ’ਚ ਸਟੀਲ ਅਥਾਰਟੀ ਆਫ਼ ਇੰਡੀਆ ਲਿਮਟਿਡ (ਸੇਲ) ਨੂੰ ਸਰਵੇਖਣ ਕਰਨ ਨੂੰ ਕਿਹਾ ਜਿਸ ਦੇ ਲਈ ਉਸ ਨੇ ਪੂਰਵੇਕਸ਼ਨ ਲਾਇਸੰਸ (ਪ੍ਰਾਸਪੈਕਟਿੰਗ ਲਾਇਸੰਸ) ਵੀ ਦਿੱਤਾ ਗਿਆ ਸੀ ਸੇਲ ਨੇ ਹੈਰਾਨੀਜਨਕ ਢੰਗ ਨਾਲ ਸਿਰਫ਼ 2700 ਮਿਲੀਅਨ ਟਨ ਕੱਚੇ ਲੋਹੇ ਦਾ ਭੰਡਾਰ ਦੱਸ ਦਿੱਤਾ। ਇਸ ਨਾਲ ਪ੍ਰਭਾਵਿਤ ਹੋ ਕੇ 2008 ਵਿਚ ਹੀ ਸਰਕਾਰ ਦੇ ਇਕ ਡਿਪਟੀ ਸੈਕਟਰੀ ਨੇ ਗੁਪਤ ਪ੍ਰਤ ਲਿਖਿਆ ਜਿਸ ਵਿਚ 7300.82 ਮਿਲੀਅਨ ਟਨ ਦੇ ਭੰਡਾਰ ’ਚ ਫਰਕ ਦੀ ਗੱਲ ਸਪਸ਼ਟ ਤੌਰ ’ਤੇ ਦਸ ਦਿੱਤੀ ਗਈ। ਚਿਰਿਆ ਖੇਤਰ ’ਚ ਉਤਖਨਣ ਲਈ ਸੇਲ ਲੰਬੇ ਅਰਸੇ ਤੋਂ ਰਾਜ ਸਰਕਾਰ ਨਾਲ ਕਾਨੂੰਨੀ ਲੜਾਈ ਲੜ ਰਹੀ ਸੀ। ਉਸ ਨੂੰ ਚਿਰਿਆ ਮਾਈਂਸ ਦਾ ਖੁਦਾਈ ਪੱਟਾ ਚਾਹੀਦਾ ਸੀ ਪਰ ਰਾਜ ਸਰਕਾਰ ਲਗਾਤਾਰ ਉਸ ਨੂੰ ਖੁਦਾਈ ਪਟਾ ਨਾ ਦੇਣ ’ਤੇ ਅੜੀ ਹੋਈ ਸੀ। ਸਰਕਾਰ ਇਹ ਕਹਿ ਰਹੀ ਸੀ ਕਿ ਉਸ ਨੇ ਇੰਡੀਅਨ ਆਇਰਨ ਐਂਡ ਸਟੀਲ ਕੰਪਨੀ (ਇਸਕੋ) ਨੂੰ ਖੁਦਾਈ ਪ੍ਰਟਾ ਦਿੱਤੀ ਸੀ ਇਸ ਲਈ ਇਸਕੋ ਤੇ ਸੇਲ ਦੇ ਰੇਲਵੇਂ ਪਿਛੋਂ ਕੰਪਨੀ ਬਦਲ ਚੁੱਕੀ ਹੈ। ਅਤੇ ਕਿਸੇ ਬਦਲੀ ਹੋਈ ਕੰਪਨੀ ਨੂੰ ਦੂਜੇ ਦੀ ਖੁਦਾਈ ਖੇਤਰ ਅਲਾਟ ਨਹੀਂ ਕੀਤਾ ਜਾ ਸਕਦਾ। ਅਧਿਕਾਰਿਕ ਤੇ ਕਾਨੂੰਨੀ ਲੜਾਈ ਤੋਂ ਹੱਟ ਕੇ ਗੱਲ ਕਰੀਏ ਤਾਂ ਰਾਜ ਸਰਕਾਰ ਦੇ ਹੀ ਇੱਕ ਆਈ. ਏ. ਐੱਸ. ਅਧਿਕਾਰੀ ਦਸਦੇ ਹਨ ਕਿ ਸੇਲ

ਨੂੰ ਖੁਦਾਈ ਖੇਤਰ ਅਲਾਟ ਨਾ ਕਰਨ ਪਿੱਛੇ ਇੱਕ ਕਾਰਨ ਇਹ ਵੀ ਸੀ ਉਸ ਖੇਤਰ ਦੀਆਂ ਛੇ ਖਾਣਾ ਵਿੱਚ ਸਭ ਤੋਂ ਵੱਧ (ਰਾਜ ਸਰਕਾਰ ਅਨੁਸਾਰ 5865 ਮਿਲੀਅਨ ਟਨ ਅਤੇ ਸੇਲ ਮੁਤਾਬਕ 3408 ਮਿਲਿਅਨ ਟਨ) ਭੰਡਾਰ ਸੀ ਅਤੇ ਉਸ 'ਤੇ ਕੁਝ ਕੰਪਨੀਆਂ ਦੀ ਅੱਖ ਸੀ। ਸੇਲ ਨੂੰ ਖੁਦਾਈ ਪਟਾ ਦੇਣ ਦੀ ਮਨਜ਼ੂਰੀ ਦੇਣ 'ਤੇ ਰਾਜਸੀ ਨੇਤਾਵਾਂ ਤੇ ਅਫਸਰਾਂ ਦੇ ਹੱਥ ਕੁਝ ਵੀ ਨਹੀਂ ਲੱਗਦਾ ਕਿਉਂਕਿ ਸੇਲ ਇੱਕ ਸਰਕਾਰੀ ਅਦਾਰਾ ਹੈ ਜਦ ਕਿ ਨਿੱਜੀ ਖੁਦਾਈ ਕਰਤਾਵਾਂ ਨੂੰ ਮਾਈਂਸ ਅਲਾਟ ਕਰਨ 'ਤੇ ਦਸਤੂਰ ਮੁਤਾਬਕ ਘੱਟੋ-ਘੱਟ 50 ਕਰੋੜ ਰੁਪਏ ਦੀ ਕਮਾਈ ਹੋ ਜਾਂਦੀ। ਜਿਵੇਂ ਰਾਜ ਸਰਕਾਰਾਂ ਨੇ ਆਪਣੀ ਪੱਧਰ 'ਤੇ ਪ੍ਰੌਸਪੈਕਟਿੰਗ ਲਾਇਸੰਸ ਪ੍ਰਾਈਵੇਟ ਪਾਰਟੀਆਂ ਨੂੰ ਦੇਣ 'ਚ ਕੋਈ ਦੇਰੀ ਵੀ ਨਹੀਂ ਕੀਤੀ ਸੀ। ਚਿਰਿਆ ਦੇ ਹੀ ਘੋਬਿਲ 'ਚ ਗੋਆ ਦੀ ਕੰਪਨੀ ਸੋਸਾਗੋਵਾ ਨੂੰ 10 ਮਾਰਚ 2005 ਨੂੰ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਨੇ 3 ਸਾਲ ਲਈ ਪ੍ਰੌਸਪੇਕਟਿੰਗ ਲਾਇਸੰਸ ਦੇ ਦਿੱਤਾ ਸੀ। ਉਸ ਸਮੇਂ ਅਰਜਨ ਮੁੰਡਾ ਮੁੱਖ ਮੰਤਰੀ ਸਨ ਜਿਨ੍ਹਾਂ ਨੇ ਕੰਪਨੀਆਂ ਦੇ ਨਾਲ ਇੱਕ ਕਰੋੜ ਰੁਪਏ ਤੋਂ ਵੀ ਵੱਧ ਦੇ (MOU) ਕਰਨ ਦਾ ਰਿਕਾਰਡ ਬਣਾਇਆ ਸੀ। ਇਹ ਗੱਲ ਵੱਖਰੀ ਹੈ ਕਿ ਉਹਨਾਂ ਨੇ ਤਿੰਨ ਸਾਲ ਤੱਕ ਰਾਜ ਕੀਤਾ ਫਿਰ ਵੀ ਰਾਜ 'ਚ ਇੱਕ ਵੀ ਸਨਅਤ ਸਥਾਪਤ ਨਹੀਂ ਹੋ ਸਕੀ। ਖ਼ੈਰ ਉਹਨਾਂ ਨੇ ਜਿਸ ਕੰਪਨੀ ਨੂੰ ਪ੍ਰੌਸਪੈਕਟਿੰਗ ਲਾਇਸੰਸ ਦਿੱਤਾ ਸੀ, ਉਸ ਦਾ ਨਵੀਕਰਨ ਅਜੇ ਮੁਲਤਵੀ ਹੈ।

ਦੂਜੇ ਪਾਸੇ ਮੁੰਬਈ ਦੀ ਜਿੰਦਲ ਸਾਊਥ ਐਂਡ ਵੇਸਟ (JSW) ਨੂੰ ਅੰਕੁਆ (RF) 'ਚ 1388. 50 ਹੇਕਟੇਅਰ 'ਤੇ ਸੰਭਾਵਨਾਵਾਂ ਤਲਾਸ਼ਣ ਲਈ 7 ਨਵੰਬਰ 2007 ਨੂੰ ਪ੍ਰੌਸਪੈਕਟਿੰਗ ਲਾਇਸੰਸ ਦੇ ਦਿੱਤਾ ਗਿਆ ਸੀ। ਅਕਸਰ ਐਸਾ ਹੁੰਦਾ ਹੈ ਕਿ ਜਿਸ ਕੰਪਨੀ ਨੂੰ ਪ੍ਰੌਸਪੈਕਟਿੰਗ ਲਾਇਸੰਸ ਦਿੱਤਾ ਜਾਂਦਾ ਹੈ ਉਸ ਨੂੰ ਖੁਦਾਈ ਦਾ ਪਟਾ ਵੀ ਦਿੱਤਾ ਜਾਂਦਾ ਹੈ। ਹੁਣ ਜ਼ਰਾ ਗੌਰ ਕਰੋ :-ਸੇਲ ਵਲੋਂ ਜੋ ਭੰਡਾਰ ਚਿਰਿਆ 'ਚ ਦਸਿਆ ਗਿਆ ਸੀ ਉਸ ਅਨੁਸਾਰ ਰਾਜ ਵਿਚ 7300 ਮਿਲੀਅਨ ਟਨ ਕੱਚਾ ਲੋਹਾ ਘੱਟ ਸੀ ਜਦ ਰਾਜ ਸਰਕਾਰ ਨੇ ਵਿਦੇਸ਼ 'ਚ ਆਪਣਾ ਭੰਡਾਰ ਦਸਿਆ ਤਾਂ ਉਹ ਅੰਕੜਾ ਕੁਝ ਹੋਰ ਹੀ ਨਿਕਲਿਆ। ਭੂਤਤਵ ਡਾਇਰੈਕਟੋਰੇਟ ਨੇ ਸੰਨ ਰਾਸ਼ੀ ਵਿਚ ਇੱਕ ਡੈਟਾਂ ਬੈਂਕ ਤਿਆਰ ਕੀਤਾ ਜਿਸ ਅਨੁਸਾਰ ਸੂਬੇ 'ਚ 3750 ਮਿਲੀਅਨ ਟਨ ਲੋਹਾ ਹੈ। ਕੀ ਇਹ ਭਰੋਸੇਯੋਗ ਲੱਗਦਾ ਹੈ ਕਿ ਇੱਕ ਹੀ ਸਰਕਾਰ ਦੇ ਦੋ ਵਿਭਾਗਾਂ ਵਲੋਂ ਇਸ ਹੱਦ ਤੱਕ ਅੰਕੜਿਆਂ 'ਚ ਫਰਕ ਆ ਜਾਵੇ। ਇਕ ਡਿਪਟੀ ਸਕੱਤਰ ਦੀ ਰੀਪੋਟ ਦੱਸਦੀ ਹੈ ਕਿ ਰਾਜ 'ਚ 9997. 50 ਮਿਲਿਅਨ ਕੱਚਾ ਲੋਹਾ ਹੈ ਜਦ ਕਿ ਸਰਕਾਰ ਦੀ ਹੀ ਇਕ ਹੋਰ ਏਜੰਸ਼ੀ ਦੇ ਅੰਕੜੇ ਦਸਦੇ ਹਨ ਕਿ ਰਾਜ ਵਿਚ ਸਿਰਫ 3750 ਮਿਲੀਅਨ ਟਨ ਲੋਹਾ ਹੈ। ਇਸ ਦੇਸ਼ ਵਿੱਚ ਮਹੁਈਆ ਕੁਲ ਭੰਡਾਰ ਦਾ 32 ਫੀਸਦੀ ਹੈ। ਇਸ ਅਮਲ 'ਚ ਇੱਕ ਗੱਲ ਹੋਰ ਕਾਬਿਲੇ ਗੌਰ ਹੈ। ਜਦ ਅਰਜਨ ਮੁੰਡਾ ਮੁੱਖ ਮੰਤਰੀ ਸਨ ਤਾਂ ਉਹਨਾਂ ਨੇ ਅਮਰੀਕਾ ਤੇ ਇੰਗਲੈਂਡ ਦੀ ਯਾਤਰਾ ਕੀਤੀ ਸੀ। ਉਹ ਆਪਣੇ ਨਾਲ ਉਸ ਵੇਲੇ ਦੇ ਗ੍ਰਹਿ ਮੰਤਰੀ ਮਹੰਤੋ ਨੂੰ ਵੀ ਨਾਲ ਲੈ ਗਏ ਸਨ। ਉਸ ਦੌਰਾਨ ਪੂੰਜੀ ਨਿਵੇਸ਼ਕਾਂ ਨੂੰ ਵਿਖਾਉਣ ਲਈ ਜੋ ਅਰਜੀਆਂ ਤਿਆਰ ਕਰਕੇ ਭੇਜੀਆ ਗਈਆਂ ਸਨ। ਉਹਨਾਂ ਵਿੱਚ ਕਿਹਾ ਗਿਆ ਸੀ ਕਿ ਦੇਸ਼ 'ਚ 17712 ਮਿਲੀਅਨ ਟਨ ਕੱਚਾ ਲੋਹਾ ਮੁਹੱਈਆ ਹੈ। ਜਿਸ ਦਾ ਤਾਂ ਫੀਸਦੀ ਝਾਰਖੰਡ ਵਿੱਚ ਹੈ।

ਇਸ ਹਿਸਾਬ ਨਾਲ ਹੋਣਾ ਚਾਹੀਦਾ ਹੈ 6418 ਮਿਲੀਅਨ ਟਨ। ਇੱਕ ਉਚ ਆਈ. ਏ. ਐਸ. ਅਧਿਕਾਰੀ ਅੰਕੜਿਆਂ ਦੀ ਇਸ ਖੇਡ ਨੂੰ ਕੁਝ ਇਸ ਤਰ੍ਹਾਂ ਸਮਝਦੇ ਹਨ। 'ਸਰਕਾਰਾਂ ਹਮੇਸ਼ਾ ਅਸਲੀ ਅੰਕੜਿਆਂ ਸੰਬੰਧੀ ਉਲਝੀਆਂ ਰਹਿੰਦੀਆਂ ਹਨ। ਨਿਵੇਸ਼ਕਾਂ ਨੂੰ ਵੱਧ ਅੰਕੜਾ ਇਸ ਲਈ ਦਸਿਆ ਜਾਂਦਾ ਹੈ ਕਿ ਤਾਂ ਕਿ ਉਹ ਵੱਧ ਤੋਂ ਵੱਧ ਖਣਿਜ ਦੀ ਚਾਹਤ ਵਿੱਚ ਤੁਰੰਤ ਪਟੇ ਲਈ ਹਾਂ ਭਰ ਲੈਣ ਅਤੇ ਆਮ ਲੋਕਾਂ ਨੂੰ ਅੰਕੜੇ ਘਟਾ ਕੇ ਇਸ ਲਈ ਦੱਸੇ ਜਾਂਦੇ ਹਨ ਤਾਂ ਕਿ ਵੱਧ ਲੁੱਟ ਕਦੇ ਵੀ ਪਕੜ ਵਿੱਚ ਨਾ ਆ ਸਕੇ। ਜੇ ਕਿਸੇ ਵੀ ਸਮੇਂ ਅਸਲੀ ਸਥਿਤੀ ਦੀ ਸਮੀਖਿਆ ਹੋ ਜਾਵੇ ਤਾਂ ਇਹ ਕਦੀ ਪਤਾ ਨਹੀਂ ਲੱਗ ਸਕੇਗਾ ਕਿ ਆਖ਼ਰ ਕੱਚਾ ਲੋਹਾ ਹੈ ਕਿੰਨਾ ਸੀ ਅਤੇ ਕਿੰਨੇ ਦੀ ਲੁੱਟ ਹੋ ਚੁੱਕੀ ਹੈ।' ਇਹਨਾਂ ਗੱਲਾਂ ਤੋਂ ਸਪਸ਼ਟ ਤੌਰ 'ਤੇ ਸਮਝਿਆ ਜਾ ਸਕਦਾ ਹੈ ਕਿ ਰਾਜਸੀ ਨੇਤਾਵਾਂ ਅਤੇ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਜੋ ਬੇਹੱਦ ਲੁੱਟ ਹੁੰਦੀ ਹੈ ਉਸ ਨੂੰ ਹੀ ਨਜ਼ਾਇਜ ਖੁਦਾਈ ਕਿਹਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਸਥਾਨਕ ਪੱਧਰ 'ਤੇ ਮਨੁੱਖੀ ਜਨਿਤ ਖਾਣਾ ਦੀ ਵੀ ਭਰਪੂਰਤਾ ਜਗ ਜਾਹਿਰ ਹੋ ਚੁੱਕੀ ਹੈ। ਇੱਕਲੇ ਨੋਵਾ ਮੁੰਡੀ (ਚਾਈਬਾਸਾ) 'ਚ ਘਟੋ-ਘੱਟ ਵੀਹ ਨਜਾਇਜ ਛੋਟੀਆਂ ਖਾਣਾ ਦਾ ਪਤਾ ਵਿਭਾਗ ਨੂੰ ਲੱਗ ਚੁੱਕਿਆ ਹੈ। ਪਰ ਖਾਣ ਅਤੇ ਭੂਤਤਵ ਅਤੇ ਵਣ ਵਿਭਾਗ ਦੀ ਅੱਖਾਂ ਬੰਦ ਕਰਕੇ ਨਜਾਇਜ਼ ਖੁਦਾਈ ਨੂੰ ਚੁੱਪ ਹਮਾਇਤ ਦੇਣ ਦੀ ਨੀਤੀ ਕਾਰਨ ਟਰੱਕਾਂ ਦੇ ਜਾਹਲੀ ਚਲਾਨ ਦੇ ਮਾਧਿਅਮ ਰਾਹੀਂ ਹਲਦੀਆ ਬੰਦਰਗਾਹ ਲਈ ਕੱਚਾ ਲੋਹਾ ਲੈ ਜਾਣ ਦਾ ਕੰਮ ਖੁੱਲ੍ਹੇ ਆਮ ਹੋ ਰਿਹਾ ਹੈ। ਵੈਸੇ 21 ਜਨਵਰੀ 2006 ਨੂੰ ਹੀ ਰਾਜ ਪੱਧਰੀ ਟਾਸਕ ਫੋਰਸ ਦੀ ਪਹਿਲੀ ਮੀਟਿੰਗ ਵਿੱਚ ਹੀ ਇਹ ਜ਼ਾਹਰ ਹੋ ਚੁੱਕਿਆ ਸੀ ਕਿ ਚਾਈਬਾਸਾ 'ਚ ਨਜਾਇਜ ਖੁਦਾਈ ਚਲ ਰਹੀ ਹੈ ਚਾਈਬਾਸਾ ਦੇ ਖੁਦਾਈ ਅਹੁਦੇਦਾਰ ਵਾਰ-ਵਾਰ ਕਹਿ ਰਹੇ ਸਨ ਕਿ ਜ਼ਿਲ੍ਹੇ 'ਚ ਭਾਰੀ ਪੈਮਾਨੇ 'ਤੇ ਨਜਾਇਜ ਖੁਦਾਈ ਹੋ ਰਹੀ ਹੈ। ਉਸ ਬੈਠਕ 'ਚ ਇਹ ਗੱਲ ਵੀ ਖੁੱਲ੍ਹ ਕੇ ਸਾਹਮਣੇ ਆਈ ਕਿ ਜਿਲ੍ਹੇ 'ਚ 117 ਖੁਦਾਈ ਪਟੇਧਾਰੀ ਹਨ ਜਦ ਕਿ ਅੱਜ ਦੀ ਤਾਰੀਕ ਵਿੱਚ ਵਿਭਾਗੀ ਦਸਤਾਵੇਜ ਦਸਦੇ ਹਨ ਕਿ ਕੁਲ 43 ਪੱਟਾਧਾਰੀ ਖੁਦਾਈ ਕਰ ਰਹੇ ਹਨ। ਇਹਨਾਂ ਵਿੱਚੋਂ ਵੀ 34 ਖੁਦਾਈ ਪੱਟਿਆ ਦੀ ਮਿਆਦ ਖਤਮ ਹੋ ਚੁੱਕੀ ਹੈ ਅਤੇ ਅੱਠ ਕੰਪਨੀਆਂ ਲੀਜ਼ ਲਾਇਸੰਸ ਨਾਲ ਖੁਦਾਈ ਕਰ ਰਹੀਆਂ ਹਨ। ਫਿਰ ਸੁਆਲ ਇਹ ਉਠਦਾ ਹੈ ਕਿ ਕਿਹੜੇ 74 ਖੁਦਾਈ ਪੱਟਾਧਾਰੀ ਹਨ ਜੋ ਖੁਦਾਈ ਕਰ ਜਹੇ ਹਨ ਸੁਆਲ ਇਹ ਵੀ ਉਠਦਾ ਹੈ ਕਿ ਆਖਰ ਇਹਨਾਂ ਦੀ ਅੱਜ ਤੱਕ ਨਿਸ਼ਾਨ ਦੇਹੀ ਕਿਉਂ ਨਹੀਂ ਕੀਤੀ ਗਈ? 2006 'ਚ ਨਜਾਇਜ ਖੁਦਾਈ ਸੰਬੰਧੀ ਜੋ ਚਿੰਤਾ ਵਿਭਾਗ ਦੀ ਬੈਠਕ 'ਚ ਜ਼ਾਹਿਰ ਕੀਤੀ ਗਈ ਸੀ ਉਸ ਦਾ ਜੁਆਬ ਅਕਤੂਬਰ 2009 'ਚ ਮਿਲਿਆ। ਚਾਈਬਾਸਾ ਐਸ. ਪੀ. ਅਖਿਲੇਸ਼ ਕੁਮਾਰ ਕੋਆ ਦੀ ਪਹਿਲ 'ਤੇ ਚਾਈਬਾਸਾ ਤੋਂ ਲੈ ਕੇ ਨੋਵਾ ਮੁੰਡੀ ਤਕ 55 ਟਰੱਕਾਂ ਨੂੰ ਫੜਿਆ ਗਿਆ ਤਾਂ ਇਹਨਾਂ ਵਿੱਚੋਂ 54 ਟਰੱਕਾਂ ਦੇ ਸਭ ਕਾਗਜਾਤ ਫਰਜੀ ਪਾਏ ਗਏ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਟਰੱਕਾਂ 'ਚ ਲੱਦਿਆ ਕੱਚਾ ਲੋਹਾ ਜਿਸ ਕੰਪਨੀ ਦਾ ਦੱਸਿਆ ਗਿਆ ਸੀ ਉਸ ਕੰਪਨੀ ਨੂੰ ਸੂਬੇ 'ਚ ਕਿਧਰੇ ਵੀ ਖੁਦਾਈ ਲਈ ਮਾਈਨਿੰਗ ਲੀਜ਼ ਦਿੱਤੀ ਹੀ ਨਹੀਂ ਗਈ ਸੀ। ਸੈਂਕੜਿਆਂ ਦੀ ਗਿਣਤੀ ਵਿੱਚ ਫੜੇ ਫਰਜ਼ੀ ਕਾਗਜ਼ਾਤ ਇਸ ਗੱਲ ਦਾ ਸਬੂਤ ਹਨ ਕਿ ਨੋਵਾਮੁੰਡੀ ਖੇਤਰ ਤੋਂ ਨਾਜਾਇਜ਼ ਖੁਦਾਈ ਹੁੰਦੀ ਹੈ। ਹੁਣ ਇਹ

ਸੁਆਲ ਉਠਦਾ ਹੈ ਕਿ ਆਖਰ ਝਾਰਖੰਡ ਤੋਂ ਕਿੰਨੇ ਕੱਚੇ ਲੋਹੇ ਦੀ ਖੁਦਾਈ ਸਲਾਨਾ ਹੁੰਦੀ ਹੈ ਅਤੇ ਉਸ 'ਚ ਨਾਜ਼ਾਇਜ ਖੁਦਾਈ ਦੀ ਫੀਸਦ ਕਿੰਨੀ ਹੈ ਸਰਕਾਰੀ ਅੰਕੜੇ ਦਸਦੇ ਹਨ ਕਿ ਝਾਰਖੰਡ ਵਿੱਚ ਲੰਪਸ ਤੇ ਫਾਇੰਸ ਨੂੰ ਮਿਲਾ ਕੇ ਕੁਲ 1861 ਮਿਲੀਅਨ ਟਨ ਕੱਚੇ ਲੋਹੇ ਦੀ ਖੁਦਾਈ ਹੁੰਦੀ ਹੈ। ਇਹ ਖੁਦਾਈ ਪੂਰੀ ਤਰ੍ਹਾਂ ਜਾਇਜ਼ ਹੈ। 2006 'ਚ ਹੋਈ ਟਾਸਕ ਫੋਕਸ ਦੀ ਮੀਟਿੰਗ 'ਚ ਜਿੰਨਾਂ 74 ਖੁਦਾਈ ਆਹੁਦੇਦਾਰਾਂ (ਵਧੀਕ) ਦਾ ਜ਼ਿਕਰ ਆਇਆ ਸੀ ਉਹਨਾਂ ਵਿੱਚੋਂ ਜੇ ਅਜੇ ਅੱਧੇ ਹੀ ਖੁਦਾਈ ਕਰ ਰਹੇ ਹਨ ਤਾਂ ਸਾਰੇ ਨਾਜ਼ਾਇਜ ਹੀ ਅਖਵਾਉਣਗੇ।

ਇਸ ਬਾਰੇ ਜਦ ਖੁਦਾਈ ਵਿਭਾਗ ਦੇ ਇੱਕ ਡਿਪਟੀ ਡਾਇਰੈਕਟਰ ਤੋਂ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ ਕੀਤੀ ਗਈ ਤਾਂ ਉਹਨਾਂ ਨੇ ਸਾਫ਼ ਕਹਿ ਦਿੱਤਾ ਕਿ ਉਸ ਕੋਲ ਦੱਸਣ ਲਈ ਕੁਝ ਨਹੀਂ ਹੈ। ਇਸ ਸਵਾਲ ਦੇ ਨਾਲ ਜਦ ਖੁਦਾਈ ਤੇ ਭੂਤਤਵ ਵਿਭਾਗ ਦੇ ਸਕੱਤਰ ਐਨ. ਐਨ. ਸਿਨਹਾ ਨਾਲ ਸੰਪਰਕ ਕੀਤਾ ਗਿਆ ਤਾਂ ਉਹਨਾਂ ਨੇ ਸੁਆਲ ਸੁਨਣ ਤੋਂ ਹੀ ਇਨਕਾਰ ਕਰ ਦਿੱਤਾ। ਉਹਨਾਂ ਨੇ ਏਨਾ ਜਰੂਰ ਕੀਤਾ ਕਿ ਲਿਖਤੀ ਸੁਆਲਾਂ ਨੂੰ ਕੋਲ ਰੱਖ ਲਿਆ ਅਤੇ ਪਿੱਛੋਂ ਲਿਖਤੀ ਜੁਆਬ ਦੇਣ ਦਾ ਸਰਕਾਰੀ ਭਰੋਸਾ ਦੇ ਦਿੱਤਾ। ਇਕ ਉਚ ਆਈ. ਪੀ. ਐਸ. ਅਧਿਕਾਰੀ ਨੇ ਨਾਂ ਗੁਪਤ ਰੱਖਣ ਦੀ ਸ਼ਰਤ ਨਾਲ ਦਸਿਆ ਕਿ ਅਜੇ ਰਵਾਇਤੀ ਤਰੀਕਿਆਂ ਨਾਲ ਚਲ ਰਹੀਆਂ ਨਜਾਇਜ ਖਾਣਾ ਦੀ ਗਿਣਤੀ ਘਟੋ-ਘੱਟ ਵੀਹ ਜ਼ਰੂਰ ਹੋਵੇਗੀ। ਜਿਹਨਾਂ ਨਾਲ ਹਰ ਸਾਲ ਲਗਭਗ 40 ਲੱਖ ਟਨ (ਮਿਲੀਅਨ ਟਨ ਦੇ ਬਰਾਬਰ) ਕੱਚਾ ਲੋਹਾ ਕੱਢਿਆ ਜਾਂਦਾ ਹੈ। ਹੁਣ ਵੇਖਣਾ ਇਹ ਹੋਵੇਗਾ ਕਿ ਇਕ ਟਨ ਲੰਪਸ ਤੇ ਫਾਈਂਸ ਦੀ ਕੀ ਕੀਮਤ ਹੈ। ਅਕਸਰ 62 ਫੀਸਦੀ (AFE) ਲੰਪਸ ਵਾਲੇ ਕੱਚੇ ਲੋਹੇ ਦੀ ਕੀਮਤ 714 ਰੁਪਏ ਫੀਟਨ ਹੋਵੇਗੀ। ਇਸ ਹਿਸਾਬ ਨਾਲ 2 ਅਰਬ 85 ਹਜ਼ਾਰ ਰੁਪਏ ਦਾ ਨਾਜਾਇਜ਼ ਕੱਚਾ ਲੋਹਾ ਹਰ ਸਾਲ ਕੱਢ ਕੇ ਕੌਮਾਂਤਰੀ ਬਾਜ਼ਾਰ 'ਚ ਪਹੁੰਚਾਇਆ ਜਾ ਰਿਹਾ ਹੈ। ਬਾਕੀ ਰਾਜ ਸਰਕਾਰ ਨੂੰ ਜਾਇਜ਼ ਖੁਦਾਈ ਨਾਲ ਮਿਲਣ ਵਾਲੇ ਮਾਲੀਏ ਤੋਂ ਪੰਜ ਗੁਣਾ ਵੱਧ ਪੈਸਾ ਮੁੱਠੀ ਭਰ ਲੋਕਾਂ ਦੇ ਹੱਥਾਂ ਵਿੱਚ ਜਾਂਦਾ ਹੈ।

ਹੈਰਾਨੀ ਇਹ ਹੈ ਕਿ ਸਰਕਾਰੀ ਅਧਿਕਾਰੀ ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਹਨ ਕਿ ਨਜਾਇਜ਼ ਖੁਦਾਈ ਹੋ ਰਹੀ ਹੈ। ਭਾਵੇਂ ਹੀ ਉਹ ਸਰਕਾਰੀ ਮੀਟਿੰਗਾਂ 'ਚ ਚਿੰਤਤ ਮੰਤਰੀ ਤੇ ਸਕੱਤਰ ਦੇ ਸਾਹਮਣੇ ਚੁੱਪ ਰਹਿੰਦੇ ਹੋਣ ਪਰ ਮੀਡੀਆ ਨੂੰ ਉਹ ਕੀ ਕਹਿੰਦੇ ਹਨ ਇਸ ਦੀ ਇੱਕ ਮਿਸ਼ਾਲ ਹੈ ਚਾਈਬਾਸਾ ਦੇ ਖੁਦਾਈ ਅਹੁਦੇਦਾਰ ਰਜੇਸਵਰ ਚੌਧਰੀ ਹਨ ਜੋ ਕਹਿੰਦੇ ਹਨ ਕਿ ਇੱਥੇ ਕੁਝ ਵੀ ਨਾਜਾਇਜ਼ ਨਹੀਂ ਹੋ ਰਿਹਾ। ਜਿਲ੍ਹਾ ਖੁਦਾਈ ਅਹੁਦੇਦਾਰ ਜਿਸ 'ਸਾਮਰਾਜ' ਦੀ ਗੱਲ ਕਰ ਰਹੇ ਹਨ, ਅਸਲੀਅਤ ਇਸ ਦੇ ਠੀਕ ਉਲਟ ਹੈ। ਨੋਵਾ ਮੁੰਡੀ ਖੇਤਰ 'ਚ ਦਾਖ਼ਲੇ ਨਾਲ ਹੀ ਆਪ ਨੂੰ ਪਤਾ ਲੱਗ ਜਾਵੇਗਾ ਕਿ ਨਾਜਾਇਜ਼ ਕਾਰੋਬਾਰ ਕਿਸ ਤਰ੍ਹਾਂ ਵਧ ਫੁੱਲ ਰਿਹਾ ਹੈ। ਖੁਦਾਈ ਖੇਤਰਾਂ 'ਚ ਪਾਰਦਰਸ਼ਤਾ ਨਾਂ ਦੀ ਕੋਈ ਚੀਜ਼ ਨਹੀਂ ਹੈ। ਕਿਸੇ ਟਰੱਕ ਵਾਲੇ ਤੋਂ ਜੇ ਤੁਸੀਂ ਚਲਾਨ ਮੰਗੋਗੇ ਤਾਂ ਤੁਹਾਨੂੰ ਸਿੱਧਾ ਸੁਆਲ ਹੋਵੇਗਾ ਕਿ ਤੁਹਾਨੂੰ ਕਿਉਂ ਵਿਖਾਈਏ? ਇਸ ਤੋਂ ਇਲਾਵਾ ਪੂਰੇ ਇਲਾਕੇ 'ਚ ਕਿਸੇ ਤੋਂ ਵੀ ਪੁੱਛੋਗੇ ਕਿ ਸਾਇੰਸ ਕੀ ਹੈ ਤਾਂ ਸਿੱਧਾ ਜਵਾਬ ਮਿਲੇਗਾ- ਨਹੀਂ ਪਤਾ। ਹੈਰਾਨੀ ਦੀ ਗੱਲ ਇਹ ਹੈ ਕਿ ਖਾਣਾ ਦੇ ਬਾਹਰ ਜੋ ਲਾਇਨ ਹੋਟਲ ਹਨ ਉਥੇ ਵੀ ਲੋਕ ਖਣਨ ਖੇਤਰ ਜਾਣ ਦਾ

ਰਾਹ ਤੱਕ ਨਹੀਂ ਦਸਦੇ ਅਤੇ ਜੰਗਲ ਅੰਦਰ ਖੁਦਾਈ ਕਰਨ ਵਾਲਿਆਂ ਦੀ ਸੁਰੱਖਿਆਂ ਵਿਵਸਥਾ ਏਨੀ ਚੌਕਸ ਰਹਿੰਦੀ ਹੈ ਕਿ ਕੋਈ ਅਣਜਾਣ ਆਦਮੀ ਚਾਹੁੰਦਾ ਹੋਇਆ ਵੀ ਨਜਾਇਜ਼ ਖਾਣਾ ਤੱਕ ਨਹੀਂ ਜਾ ਸਕਦਾ। ਜਗਾਹ-ਜਗਾਹ ਬੇਰੀ ਕੇ ਡਿੰਗ ਰਾਹੀਂ ਲੋਕਾਂ ਨੂੰ ਰੋਕਿਆ ਜਾਂਦਾ ਹੈ ਜਿਹਨਾਂ ਨੂੰ ਪਹਿਚਾਨਣਾ ਮੁਸ਼ਕਲ ਹੋਵੇ। ਪੱਛਮੀ ਸਿੰਘ ਭੂਮ ਤੋਂ ਕੱਚੇ ਲੋਹੇ ਦੀ ਤਸਕਰੀ ਅਤੇ ਬਰਾਮਦ 'ਚ ਇਜਾਫੀ ਤਾਂ ਸਾਫ਼ ਲੱਭਿਆ ਜਾ ਚੁੱਕਿਆ ਹੈ। ਪਰ ਖਾਣ ਤੇ ਭੂਤਤੱਵ ਵਿਭਾਗ ਵੀ ਕਿਸ ਹੱਦ ਤੱਕ ਇਮਾਨਦਾਰ ਹੈ ਇਸ ਦੀ ਬੰਨਗੀ, ਜੂਨ 2008 'ਚ ਦੇਖਣ ਨੂੰ ਮਿਲੀ। ਚੀਨ 'ਚ 'ਬੀਜਿੰਗ' ਔਲੰਪਿਕ ਦੀ ਤਿਆਰੀ ਅੰਤਿਮ ਪੜਾਅ 'ਤੇ ਸੀ ਇਸ ਕਾਰਨ ਉਥੇ ਲੋਹੇ ਤੇ ਕੱਚੇ ਲੋਹੇ ਦੀ ਮੰਗ ਕਾਫੀ ਵੱਧ ਗਈ ਸੀ। ਪਰ ਇਸ ਦਾ ਅਸਰ ਚੀਨ ਤੋਂ ਹਜ਼ਾਰਾਂ ਕਿਲੋ ਮੀਟਰ ਦੂਰ ਝਾਰਖੰਡ 'ਚ ਸਾਫ ਵੇਖਿਆ ਜਾ ਸਕਦਾ ਹੈ। ਉਹਨੀਂ ਦਿਨੀਂ ਨੋਵਾ ਮੁੰਡੀ ਮਨੋਹਰਪੁਰ ਤੇ ਕਿਰਿਬਰੂ ਸਮੇਤ ਸਾਰੰਡਾ ਦੇ ਜੰਗਲਾਂ ਵਿੱਚ ਕੱਚੇ ਲੋਹੇ ਦੀ ਨਾਜਾਇਜ਼ ਖੁਦਾਈ ਅਤੇ ਕਾਰੋਬਾਰ ਚਰਮ ਸੀਮਾ 'ਤੇ ਪਹੁੰਚ ਗਿਆ ਸੀ। ਹਰ ਪਾਸਿਉਂ ਸ਼ਿਕਾਇਤਾਂ ਆਉਣ ਲੱਗੀਆਂ ਇਸ ਲਈ ਨਾ ਚਾਹੁੰਦੇ ਹੋਏ ਵੀ ਰਾਜ ਪ੍ਰਸਾਸ਼ਨ ਨੂੰ ਆਖ਼ਰਕਾਰ 17 ਜੂਨ 2008 ਨੂੰ ਰਾਜਧਾਨੀ ਰਾਂਚੀ 'ਚ ਕੱਚੇ ਲੋਹੇ ਦੀ ਨਜਾਇਜ਼ ਖੁਦਾਈ ਰੋਕਣ ਲਈ ਗਠਿਤ ਟਾਸਕ ਫੋਰਸ਼ ਦੀ ਇਕ ਉਚ ਪੱਧਰੀ ਮੀਟਿੰਗ ਬੁਲਾਉਣੀ ਪਈ। ਉਸ ਵੇਲੇ ਦੇ ਚੀਫ਼ ਸੈਕਟਰੀ ਏ. ਕੇ. ਬਸੂ ਦੀ ਪ੍ਰਧਾਨਗੀ 'ਚ ਬੁਲਾਈ ਗਈ ਇਸ ਮੀਟਿੰਗ 'ਚ ਪੱਛਮੀ ਸਿੰਘ ਭੂਮ ਦੇ ਉਸ ਵੇਲੇ ਦੇ ਉਪ ਵਿਕਾਸ ਆਧਿਰਤ ਖੁਰਸ਼ਿਦ ਅਨਬਰ ਨੇ ਕਿਹਾ ਸੀ ਕਿ 'ਨੋਵਾ ਮੁੰਡੀ ਅਤੇ ਜਗਨਾਥਪੁਰ 'ਚ ਕੱਚੇ ਲੋਹੇ ਦੀ ਧੜੱਲੇ ਨਾਲ ਚੋਰੀ ਹੋ ਰਹੀ ਹੈ। ਸਾਰੰਡਾ ਦੇ ਜੰਗਲ 'ਚ ਜਮ ਕੇ ਕੱਚੇ ਲੋਹੇ ਦੀਆਂ ਨਜਾਇਜ਼ ਖੁਦਾਈਆਂ ਹੋ ਰਹੀਆਂ ਹਨ। ਟਾਸਕ ਫੋਰਸ ਦੀ ਬੈਠਕ ਹੁੰਦੀ ਹੈ ਤਾਂ ਪਰ ਕਾਰਵਾਈ ਕੋਈ ਨਹੀਂ ਹੁੰਦੀ। ਮੇਰੇ ਪਾਸ ਇਸ ਦੇ ਸਬੂਤ ਵੀ ਹਨ। ਰਾਜ ਸਰਕਾਰ ਨੇ ਅਕਬਰ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਤਾਂ ਨਹੀਂ ਕੀਤੀ ਪਰ ਅਗਲੇ ਹੀ ਦਿਨ ਉਹਨਾਂ ਦੀ ਬਦਲੀ ਕਰ ਦਿੱਤੀ। ਪ੍ਰਸ਼ਾਸਨਿਕ ਸੇਵਾ ਦੇ ਆਹੁਦੇਦਾਰਾਂ ਦੇ ਤਬਾਦਲਿਆਂ ਦੀ ਜਾਣਕਾਰੀ ਰਾਜ ਸਰਕਾਰ ਆਮ ਤੌਰ 'ਤੇ ਮੀਡੀਆਂ ਨੂੰ ਨਹੀਂ ਦਿੰਦੀ ਹੈ ਪਰ ਅਨਵਰ ਨੂੰ ਗੁਪਤ ਤਾਰੀਕੇ ਨਾਲ ਲਾਇਆ ਗਿਆ। ਨੋਵਾ ਮੁੰਡੀ, ਜਗਨਨਾਥਪੁਰ, ਕਿਰਿਬਰੂ ਅਤੇ ਮਨੋਹਰਪੁਰ ਤੋਂ ਹਰ ਦਿਨ ਔਸਤਨ 3000 ਟਰੱਕ ਕੱਚਾ ਮਾਲ ਲੈ ਕੇ ਉੜੀਸਾ ਦੇ ਪ੍ਰਾਦੀਪ ਅਤੇ ਪੱਛਮੀ ਬੰਗਾਲ ਦੀ ਹਲਦੀਆ ਬੰਦਰਗਾਹ ਪੁਜਦੇ ਹਨ। ਕੱਚੇ ਲੋਹੇ ਦੇ ਕਾਰੋਬਾਰ ਨਾਲ ਜੁੜੇ ਲੋਕਾਂ ਅਨੁਸਾਰ ਇਹਨਾਂ ਟਰੱਕਾਂ 'ਚ ਲੱਗਭਗ ਦੋ ਤਿਹਾਈ ਕੱਚਾ ਲੋਹਾ ਜਾ ਤਾਂ ਨਜਾਇਜ਼ ਖੁਦਾਈ ਦਾ ਹੁੰਦਾ ਹੈ ਜਾਂ ਫਿਰ ਜਾਇਜ਼ ਖੁਦਾਈ ਤੋਂ ਚੋਰੀ ਕਰਕੇ ਕੱਢਿਆ ਗਿਆ ਹੁੰਦਾ ਹੈ। ਚਾਈਬਾਸਾ ਦੇ ਪੁਲਸ ਮੁੱਖੀ ਅਪਿਲੇਸ਼ ਕੁਮਾਰ ਕਹਿੰਦੇ ਹਨ ਕਿ 'ਇਸ ਇਲਾਕੇ 'ਚ ਕੱਚਾ ਲੋਹਾ ਢੋਣ ਵਾਲੇ ਬਹੁਤੇ ਟਰੱਕ ਤੇ ਡੰਫਰ ਫਰਜੀ ਕਾਗਜ਼ਾਤ ਦੇ ਸਹਾਰੇ ਹੀ ਚੱਲ ਰਹੇ ਹਨ। ਇਹ ਨੈਟਵਰਕ ਕਾਫੀ ਵੱਡਾ ਹੈ। ਜੋ ਝਾਰਖੰਡ ਤੋਂ ਉੜੀਸਾ ਤੱਕ ਫੈਲਿਆ ਹੋਇਆ ਹੈ।"

ਕੁਝ ਦਿਨ ਪਹਿਲਾਂ ਸਿੰਘ ਭੂਮ ਜ਼ਿਲ੍ਹੇ ਦੇ ਜਦ (ਯੂ) ਮੁਖੀ ਅਨੂਪ ਕੁਮਾਰ ਸਿੰਘ ਦੇਵ ਨੇ ਕੱਚੇ ਲੋਹੇ ਦੇ ਇਸ ਨਜਾਇਜ਼ ਕਾਰੋਬਾਰ ਦੀ ਜਾਣਕਾਰੀ ਰਾਜਪਾਲ ਦੇ ਸ਼ੰਕਰ ਨਾਰਾਇਣ ਨੂੰ ਦਿੱਤੀ ਸੀ। ਉਨ੍ਹਾਂ ਨੇ ਪਿਛਲੇ 14 ਅਕਤੂਬਰ ਨੂੰ ਪੱਤਰ ਲਿਖ

ਕੇ ਰਾਜਪਾਲ ਤੋਂ ਮੰਗ ਕੀਤੀ ਕਿ ਇਸ ਗੋਰਖ ਧੰਦੇ ਦੀ ਜਾਂਚ ਸੀ. ਬੀ. ਆਈ. ਤੋਂ ਕਰਵਾਈ ਜਾਵੇ ਪਰ 19 ਨਵੰਬਰ ਤੱਕ ਉਨ੍ਹਾਂ ਨੂੰ ਕੋਈ ਜੁਆਬ ਨਹੀਂ ਮਿਲਿਆ। ਸਿੰਘ ਦੇਵ ਨੇ ਦੱਸਿਆ ਕਿ "ਕੱਚੇ ਲੋਹੇ ਦੇ ਕਾਲੇ ਕਾਰੋਬਾਰ ਵਿਚ ਆਲਾ ਪ੍ਰਸਾਸ਼ਨਿਕ ਤੇ ਮਾਈ ਨਿੰਗ ਅਧਿਕਾਰੀ ਸਮੇਤ ਕਈ ਸਫੈਦਪੋਸ਼ ਸ਼ਾਮਲ ਹਨ। ਲੋਹ ਮਾਫੀਆ ਨੇ ਪੈਸੇ ਦੇ ਜ਼ੋਰ 'ਤੇ ਸਭ ਦੇ ਮੂੰਹ ਬੰਦ ਕਰ ਰੱਖੇ ਹਨ। ਇਸ ਕਾਰਨ ਸਰਕਾਰ ਨੂੰ ਹਰ ਸਾਲ ਕਰੋੜਾਂ ਰੁਪਏ ਦੇ ਮਾਲੀਏ ਦਾ ਨੁਕਸਾਨ ਹੋ ਰਿਹਾ ਹੈ ਅਤੇ ਹੁਣ ਤੱਕ ਕਈ ਅਰਬ ਰੁਪਏ ਦੇ ਲੋਹ-ਸਾਧਨ ਦੇਸ਼ ਤੋਂ ਬਾਹਰ ਜਾ ਚੁੱਕੇ ਹਨ। ਜੇ ਅਵਿਲੰਬ ਇਸ ਨੂੰ ਨਾ ਰੋਕਿਆ ਗਿਆ ਤਾਂ ਜਲਦੀ ਹੀ ਝਾਰਖੰਡ ਦੇ ਲੋਹੇ ਦੇ ਸਾਧਨ ਖਤਮ ਹੋ ਜਾਣਗੇ।" ਹਕੀਕਤ ਇਹ ਹੈ ਕਿ ਝਾਰਖੰਡ ਦੀ ਪ੍ਰਸਾਸ਼ਨਿਕ ਮਸ਼ੀਨਰੀ ਕੱਚੇ ਲੋਹੇ ਦੇ ਨਜਾਇਜ਼ ਕਾਰੋਬਾਰ ਨੂੰ ਰੋਕਣ 'ਚ ਕੋਈ ਦਿਲਚਸਪੀ ਨਹੀਂ ਰੱਖਦੀ। ਇਲਾਕੇ 'ਚ ਇਕ ਵੀ ਨਾਕਾ ਕੰਮ ਨਹੀਂ ਕਰ ਰਿਹਾ ਹੈ। ਜਦਕਿ ਇਕੱਲੇ ਨੋਵਾ ਮੁੰਡੀ ਤੋਂ ਰੋਜ਼ਾਨਾ ਕੱਚੇ ਲੋਹੇ ਨਾਲ ਭਰੇ ਇਕ ਹਜ਼ਾਰ ਤੋਂ ਵੀ ਵੱਧ ਟਰੱਕ ਪਰਾਦੀਪ ਹਲਦੀਆ ਤੇ ਬੜਬਿਲ ਵੱਲ ਜਾਂਦੇ ਹਨ। ਉਥੋਂ ਚੀਨ ਤੇ ਦੂਜੇ ਦੇਸ਼ਾਂ ਨੂੰ ਕੱਚਾ ਲੋਹਾ ਬਰਾਮਦ ਕੀਤਾ ਜਾਂਦਾ ਹੈ। ਐਮ. ਐਮ. ਡੀ. ਆਰ. ਕਾਨੂੰਨ 1958 ਮੁਤਾਬਕ ਹਰ ਖੁਦਾਈ ਖੇਤਰ ਦੇ ਨਿਕਾਸ ਮਾਰਗ 'ਤੇ ਨਾਕੇ ਦਾ ਹੋਣਾ ਲਾਜ਼ਮੀ ਹੈ। ਝਿੰਕਪਾਨੀ ਵਿਚ ਟਰਾਂਸਪੋਰਟ ਵਿਭਾਗ ਦਾ ਇਕ ਨਾਕਾ ਜ਼ਰੂਰ ਹੈ। ਪਰ ਉਥੇ ਬਹੁਤੇ ਟਰੱਕ ਨੂੰ ਬਿਨ੍ਹਾਂ ਚੈਕਿੰਗ ਅੱਗੇ ਜਾਣ ਦੀ ਇਜਾਜ਼ਤ ਮਿਲ ਹੀ ਜਾਂਦੀ ਹੈ। ਇਸ ਤੋਂ ਇਲਾਵਾ ਦੋਮ ਦਰਜੇ ਦੇ ਕੱਚੇ ਲੋਹੇ ਤੋਂ ਸਪੰਜ ਆਇਰਨ ਬਣਾ ਕੇ ਉਸ ਨੂੰ ਦਰਾਮਦ ਕਰਨ ਲਈ ਇਸ ਇਲਾਕੇ ਵਿਚ ਖੁੰਭਾਂ ਵਾਂਗੂੰ ਨਜਾਇਜ਼ ਕਰਸ਼ਰ ਸਥਾਪਤ ਹੋ ਗਏ ਹਨ।

ਸਰਕਾਰੀ ਅੰਕੜਿਆਂ ਮੁਤਾਬਿਕ ਪੱਛਮੀ ਸਿੰਘ ਭੂਮੀ ਜ਼ਿਲ੍ਹੇ 'ਚ ਸਿਰਫ਼ 132 ਕਰਸ਼ਰ ਹੀ ਹਨ। ਜਦਕਿ ਸੱਚ ਇਹ ਹੈ ਕਿ ਚਕਰਧਰਪੁਰ, ਜਗਨਾਥਪੁਰਾ, ਹਾਤਾ, ਝਿੰਕਪਾਨੀ ਕਿਰਿਬਰੂ ਤੇ ਨੋਵਾ ਮੁੰਡੀ ਇਲਾਕੇ 'ਚ ਹੀ ਇਕ ਸੌ ਤੋਂ ਵੱਧ ਨਜਾਇਜ਼ ਕਰਸ਼ਰ ਕੰਮ ਕਰ ਰਹੇ ਹਨ। ਸੁਆਲ ਇਹ ਉਠਦਾ ਹੈ ਕਿ ਸਿਰਫ 20 ਜਾਇਜ਼ ਖਾਣਾ ਦੇ ਜ਼ੋਰ 'ਤੇ ਏਨੇ ਕਰਸ਼ਰ ਕਿਵੇਂ ਚੱਲ ਸਕਦੇ ਹਨ? ਜੁਆਬ ਹੈ, ਨਜਾਇਜ਼ ਖੁਦਾਈ ਦੇ ਜ਼ੋਰ 'ਤੇ। ਇਨ੍ਹਾਂ ਕਰਸ਼ਰਾਂ ਨੂੰ ਹਰ ਦਿਨ ਹਜ਼ਾਰਾਂ ਟਨ ਨਜਾਇਜ਼ ਕੱਚੇ ਲੋਹੇ ਦੀ ਗੈਰ ਕਨੂੰਨੀ ਤੌਰ 'ਤੇ ਸਪਲਾਈ ਹੁੰਦੀ ਹੈ। ਜਿਸ ਨੂੰ ਸਪੰਜ ਆਇਰਨ 'ਚ ਤਬਦੀਲ ਕਰਕੇ ਜਪਾਨ ਤੇ ਅਸਟ੍ਰੇਲੀਆ ਤੱਕ ਬਰਾਮਦ ਕੀਤਾ ਜਾਂਦਾ ਹੈ। ਪਰ ਜਦ ਇਹੀ ਸੁਆਲ ਦਾ ਅਜੇ ਤੱਕ ਚਾਈਬਾਸਾ ਦੇ ਜ਼ਿਲ੍ਹਾ ਖੁਦਾਈ ਅਹੁਦੇਦਾਰ ਰਹੇ ਆਰ. ਐਨ. ਨੇ ਜੁਆਬ ਦਿੱਤਾ "ਕਰੇਸ਼ਰਾਂ ਨੂੰ ਪ੍ਰਦੂਸ਼ਣ ਕੰਟਰੋਲ ਬੋਰਡ ਲਾਇਸੰਸ ਦਿੰਦਾ ਹੈ। ਖੁਦਾਈ ਵਿਭਾਗ ਇਸ ਵਿਚ ਕੁਝ ਨਹੀਂ ਕਰ ਸਕਦਾ।" ਦਰਅਸਲ ਸੰਨ 2003-04 'ਚ ਕੌਮਾਂਤਰੀ ਬਜ਼ਾਰ 'ਚ ਲੋਹੇ ਦੀ ਵਧਦੀ ਮੰਗ ਦੇ ਨਾਲ ਹੀ ਝਾਰਖੰਡ ਤੇ ਉੜੀਸਾ 'ਚ ਨਜਾਇਜ਼ ਕੱਚੇ ਲੋਹੇ ਦਾ ਕਾਰੋਬਾਰ ਵਧਣ ਲੱਗਿਆ ਸੀ। ਪਿਛਲੇ ਕੁਝ ਸਾਲਾਂ 'ਚ ਪ੍ਰਾਦੀਪ ਤੇ ਹਲਦਿਆ ਤੋਂ ਵਿਦੇਸ਼ ਭੇਜਿਆ ਕੱਚਾ ਲੋਹਾ ਤੇ ਸਪੰਜ ਆਇਰਨ ਦੀ ਮਾਤਰਾ ਵਧਦੇ ਗ੍ਰਾਫ ਨੂੰ ਵੇਖ ਕੇ ਵੀ ਇਸ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਕ ਜਾਣਕਾਰੀ ਅਨੁਸਾਰ ਪ੍ਰਾਦੀਪ ਬੰਦਰਗਾਹ ਤੋਂ ਸੰਨ 2003-04 'ਚ ਇਸ ਬੰਦਰਗਾਹ ਦੇ ਲਗਭਗ 40 ਲੱਖ ਟਨ ਕੱਚੇ ਲੋਹੇ ਦੀ ਬਰਾਮਦ ਹੋਈ। ਜੋ 2006-

07 'ਚ ਵੱਧ ਕੇ 118 ਲੱਖ ਟਨ ਅਤੇ ਫਿਰ 2007-08 'ਚ 129.42 ਲੱਖ ਟਨ ਹੋ ਗਿਆ। ਹੈਰਾਨੀ ਦੀ ਗੱਲ ਹੈ ਕਿ ਇਸ ਦਾ ਲਗਭਗ 99 ਫੀਸਦੀ ਹਿੱਸਾ ਚੀਨ ਭੇਜਿਆ ਗਿਆ। ਹਲਦੀਆਂ ਬੰਦਰਗਾਹ ਦੀ ਕਹਾਣੀ ਵੀ ਕੁਝ ਐਸੀ ਹੀ ਹੈ। ਸੰਨ 2007-08 'ਚ ਇਸ ਬੰਦਰਗਾਹ ਤੋਂ 132.05 ਲੱਖ ਟਨ ਕੱਚੇ ਲੋਹੇ ਦੀ ਬਰਾਮਦ ਹੋਈ। ਜਦਕਿ 2003-04 'ਚ ਇਹ 40 ਲੱਖ ਟਨ ਸੀ। ਅੱਜ ਜੇ ਪਰਾਦੀਪ ਨੂੰ 'ਕੱਚੇ ਲੋਹੇ ਦੀ ਬੰਦਰਗਾਹ' ਕਹੀਏ ਤਾਂ ਕੋਈ ਅੱਤਕਥਨੀ ਨਹੀਂ ਹੋਵੇਗੀ। ਪਿਛਲੇ ਸਾਲ ਇਸ ਬੰਦਰਗਾਹ ਤੋਂ ਬਰਾਮਦ ਹੋਣ ਵਾਲੀਆਂ ਕੁਝ ਸਮੱਗਰੀਆਂ 'ਚ ਕੱਚੇ ਲੋਹੇ ਦੀ ਫੀਸਦ 31 ਸੀ।

ਕੱਚੇ ਲੋਹੇ ਦੇ ਬਰਾਮਦਕਾਰਾਂ ਦੀ ਵਧਦੀ ਗਿਣਤੀ ਨੂੰ ਵੇਖ ਕੇ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪਿਛਲੇ ਕੁਝ ਸਾਲਾਂ 'ਚ ਦੇਸ਼ ਦੇ ਇਸ ਬੇਹੱਦ ਮਹੱਤਵਪੂਰਨ ਖਣਿਜ ਨੂੰ ਵਿਦੇਸ਼ ਭੇਜਣ ਦੇ ਰੁਝਾਣ 'ਚ ਕਿਸ ਹੱਦ ਤੱਕ ਤੇਜੀ ਆਈ ਹੈ। ਜਮਸ਼ੇਦਪੁਰ ਦੇ ਇਕ ਬਰਾਦਮ 'ਚ ਸਰਗਰਮ ਹਨ ਇਨ੍ਹਾਂ 'ਚੋਂ ਬਹੁਤਿਆਂ ਦਾ ਕਾਰਜ ਖੇਤਰ ਝਾਰਖੰਡ ਤੇ ਉੜੀਸਾ ਹੈ। ਪਿਛਲੇ ਸਤ ਅੱਠ ਸਾਲਾਂ 'ਚ ਭਾਰਤੀ ਸਮੁੰਦਰ 'ਚ ਕੱਚਾ ਲੋਹਾ ਢੋਹਣ ਵਾਲੀਆਂ ਸਮੁੰਦਰੀ ਕੰਪਨੀਆਂ ਦੀ ਗਿਣਤੀ 'ਚ ਵੀ ਕਾਫ਼ੀ ਵਾਧਾ ਹੋਇਆ ਹੈ। ਫਿਲਹਾਲ ਭਾਰਤੀ ਸਮੁੰਦਰ 'ਚ ਲਗਭਗ 81 ਦੇਸੀ ਤੇ ਵਿਦੇਸੀ ਸ਼ਿਪਿੰਗ ਕੰਪਨੀਆਂ ਕੱਚੇ ਲੋਹੇ ਤੇ ਸਪੰਜ਼ ਆਇਰਨ ਨੂੰ ਢੋਹਣ ਦਾ ਕੰਮ ਕਰਦੀਆਂ ਹਨ। ਹਰ ਮਹੀਨੇ ਇਹ ਗਿਣਤੀ ਵਧ ਰਹੀ ਹੈ। ਝਾਰਖੰਡ 'ਚ ਕੱਚੇ ਲੋਹੇ ਦੀ ਨਜਾਇਜ਼ ਖੁਦਾਈ ਤੇ ਭਾਰਤੀ ਖਣਿਜ ਜਾਇਦਾਦ ਦਾ ਵਿਦੇਸ਼ ਜਾਣਾ ਸੱਚ ਮੁੱਚ ਚਿੰਤਾ ਦਾ ਵਿਸ਼ਾ ਹੈ ਪਰ ਇਸ ਤੋਂ ਸਿਰਫ਼ ਉਹ ਹੀ ਚਿੰਤਤ ਹਨ ਜਿਨ੍ਹਾਂ ਨੂੰ ਇਸ ਧੰਦੇ ਨਾਲ ਕੋਈ ਸਰੋਕਾਰ ਨਹੀਂ। ਚੀਨ 'ਚ ਦਰਾਮਦ ਟੈਕਸ 'ਚ ਵਾਧਾ ਤੇ ਬ੍ਰਾਜ਼ੀਲ ਨੂੰ ਪਿਛਾੜ ਕੇ ਨੰਬਰ ਦੋ ਬਰਾਮਦਕਾਰ ਬਣਿਆ ਭਾਰਤ ਫਿਲਹਾਲ ਲੋਹੇ ਦੀ ਬਰਾਮਦ ਘੱਟ ਕਰਨ ਦੀ ਦਿਸ਼ਾ ਵਿਚ ਸੋਚ ਤਾਂ ਰਿਹਾ ਹੈ ਪਰ ਕੀ ਘਰੇਲੂ ਜ਼ਰੂਰਤਾਂ ਏਨੀਆਂ ਹਨ ਕਿ ਜਾਇਜ਼ ਤੇ ਨਜਾਇਜ਼ ਕੱਚੇ ਲੋਹੇ ਦੀ ਪੂਰੀ ਖਪਤ ਦੇਸ਼ 'ਚ ਹੀ ਹੋ ਜਾਵੇ। ਜੁਆਬ ਹੈ-ਨਹੀਂ ਅਜਿਹੀ ਸਥਿਤੀ 'ਚ ਸਰਕਾਰਾਂ ਨੂੰ ਵੀ ਬੇਹੱਦ ਲੁੱਟ ਦੀ ਛੋਟ ਦੇਣ ਤੋਂ ਬਾਜ ਆਉਂਦੇ ਹੋਇਆ ਨਜਾਇਜ਼ ਕਾਰੋਬਾਰੀਆਂ 'ਤੇ ਨਕੇਲ ਕਸਣੀ ਚਾਹੀਦੀ ਹੈ। ਨਹੀਂ ਤਾਂ ਜਲਦੀ ਅਜਿਹਾ ਦਿਨ ਆਵੇਗਾ ਜਦ ਅੱਧਾ ਝਾਰਖੰਡ ਚੀਨ 'ਚ ਜਾ ਚੁੱਕਿਆ ਹੋਵੇਗਾ।

# ਜਿਹੋ ਜਿਹਾ ਰਾਜ ਪ੍ਰਬੰਧ ਉਹੋ ਜਿਹੀ ਫ਼ੌਜ

ਪਿੱਛੇ ਜਿਹੇ ਹੀ ਦੇਸ਼ ਦੇ ਮੀਡੀਆ ਨੇ ਫੌਜ 'ਚ ਸੁਪਨਾ ਜ਼ਮੀਨ ਘੁਟਾਲੇ ਸੰਬੰਧੀ ਜੋ ਖ਼ਬਰ ਆਈ ਸੀ, ਉਸ ਨਾਲ ਸਭ ਹੈਰਾਨ ਰਹਿ ਗਏ। ਦੇਸ਼ ਵਾਸੀਆਂ ਲਈ ਭਾਰਤੀ ਫੌਜ ਇੱਕ ਅਨੁਸਾਸ਼ਿਤ ਸੰਸਥਾ ਹੈ ਤੇ ਉਹ ਸ਼ਾਇਦ ਸਮਝਦੇ ਹਨ ਕਿ ਸੰਸਾਰ ਜਾਂ ਆਪਣੇ ਦੇਸ਼ ਦੇ ਹੀ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਸਾਨੂੰ ਫੌਜ 'ਚ ਭ੍ਰਿਸ਼ਟਾਚਾਰ ਦੇ ਅਨੇਕਾਂ ਰੂਪਾਂ ਦੀ ਜਾਣਕਾਰੀ ਹੋ ਜਾਂਦੀ ਹੈ। ਸਮਾਜ ਦੀਆਂ ਸਾਰੀਆਂ ਪ੍ਰਾਪਤੀਆਂ ਜਾਂ ਖਾਮੀਆਂ ਦਾ ਅਸਰ ਦੇਸ਼ ਦੀ ਫੌਜੀ ਸੇਵਾ 'ਚ ਵੀ ਨਜ਼ਰ ਆਉਂਦਾ ਹੈ। ਦੇਸ਼ ਦੀ ਕਿਸੇ ਵੀ ਸੰਸਥਾ ਨੂੰ ਲਓ, ਚਾਹੇ ਉਹ ਰਾਜਸੀ, ਧਾਰਮਿਕ, ਸਮਾਜਿਕ, ਸਿੱਖਿਅਕ, ਵਪਾਰਕ, ਪੁਲਸ, ਨਿਆਇਕ ਹੀ ਕਿਉਂ ਨਾ ਹੋਵੇ, ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਲੱਦੀ ਹੋਈ ਹੈ। ਇਸ ਤੱਥ ਦੇ ਮੱਦੇ ਨਜ਼ਰ ਇਹ ਕਹਿਣਾ ਕਿ ਫੌਜ 'ਚ ਭ੍ਰਿਸ਼ਟਾਚਾਰ ਨਹੀਂ ਹੈ, ਬਿਲਕੁਲ ਗਲਤ ਹੋਵੇਗਾ। ਇੱਕ ਲੋਕ ਰਾਜੀ ਦੇਸ਼ 'ਚ ਭ੍ਰਿਸ਼ਟਾਚਾਰ ਦਾ ਫੌਜ 'ਤੇ ਅਸਰ ਹੋਰ ਵੀ ਵਿਆਪਕ ਹੈ, ਕਿਉਂਕਿ ਅਜਿਹੀ ਸਥਿਤੀ ਵਿੱਚ ਸਮਾਜ 'ਚ ਆ ਰਹੇ ਨਿਘਾਰ ਤੋਂ ਫੌਜ ਨੂੰ ਦੂਰ ਰੱਖਣਾ ਮੁਸ਼ਕਲ ਹੋ ਜਾਂਦਾ ਹੈ ਅਤੇ ਭ੍ਰਿਸ਼ਟਾਚਾਰ ਦੀਆਂ ਲਪਟਾਂ ਫੌਜ ਨੂੰ ਝੁਲਸਾ ਦਿੰਦੀਆਂ ਹਨ। ਹੁਣ ਸੁਆਲ ਉਠਦਾ ਹੈ ਕਿ ਫੌਜ 'ਚ ਭ੍ਰਿਸ਼ਟਾਚਾਰ ਕਿੰਨਾ ਪੁਰਾਣਾ ਹੈ।

ਇਤਿਹਾਸਕਾਰ ਭਲੀ-ਭਾਂਤ ਜਾਣਦੇ ਹਨ ਕਿ ਚਾਣਕਿਆ ਨੀਤੀ 'ਚ ਇਸ ਦਾ ਵਿਸਥਾਰ ਨਾਲ ਵਰਨਣ ਹੈ। ਫੌਜ 'ਚ ਭ੍ਰਿਸ਼ਟਾਚਾਰ ਲਈ ਕਿਹੋ ਜਿਹੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ ਜਾਂ ਇਹ ਕੰਮ ਕਿਵੇਂ ਕੀਤਾ ਜਾਵੇ, ਇੱਕ ਫੌਜ 'ਤੇ ਕਿਵੇਂ ਕੀਤਾ ਜਾਵੇ, ਇੱਕ ਫੌਜੀ 'ਤੇ ਕਿਵੇਂ ਦਾਬਾ ਸਥਾਪਤ ਕੀਤਾ ਜਾਵੇ, ਇਸ ਦਾ ਵਰਨਣ ਹੈ। ਇਸ 'ਚ ਰਿਸ਼ਵਤ ਦੇਣ ਤੋਂ ਲੈ ਕੇ ਸੁੰਦਰ ਕੰਨਿਆਵਾਂ ਦੀ ਵਰਤੋਂ ਤੱਕ ਦਾ ਉਲੇਖ ਹੈ। ਫੌਜ 'ਚ ਭ੍ਰਿਸ਼ਟਾਚਾਰ ਦੇ ਕਈ ਰੂਪ ਹਨ। ਇਹ ਹਰ ਦੇਸ਼ 'ਚ ਕੁਲ ਮਿਲਾ ਕੇ ਵਿਆਪਕ ਹੈ। ਸੰਨ 1947 ਪਿੱਛੋਂ ਭਾਰਤੀ ਫੌਜ 'ਤੇ ਦੇਸ਼ ਦੀ ਰਾਖੀ ਦੀ ਬਹੁਤ ਵੱਡੀ ਜ਼ਿੰਮੇਵਾਰੀ ਆ ਪਈ ਸੀ, ਇਸਦੇ ਨਾਲ ਹੀ, ਫੌਜ ਦੀਆਂ ਸਮਾਜਕ ਸਰਗਰਮੀਆਂ 'ਚ ਭਾਗੀਦਾਰੀ ਦਾ ਸਿੱਟਾ ਵੀ ਸਾਹਮਣੇ ਆਉਣ ਲੱਗਿਆ ਹੈ। ਅੰਗ੍ਰੇਜ਼ੀ ਹਕੂਮਤ ਦੌਰਾਨ ਫੌਜ ਨੂੰ ਹੋਰ ਸਮਾਜਕ ਸਰਗਰਮੀਆਂ ਤੋਂ ਦੂਰ ਰੱਖਿਆ ਜਾਂਦਾ ਸੀ। ਫੌਜੀ ਛਾਉਣੀ 'ਚ ਆਮ ਨਾਗਰਿਕਾਂ ਦਾ ਆਉਣਾ ਜਾਣਾ ਬਹੁਤ ਹੀ ਘੱਟ ਹੁੰਦਾ ਸੀ। ਰਾਜਸੀ ਵਾਤਾਵਰਣ ਤੇ ਆਜ਼ਾਦੀ ਸੰਗ੍ਰਾਮ ਦਾ ਫੌਜ 'ਤੇ ਅਸਰ ਨਾ ਪਵੇ ਇਸ ਲਈ ਇੱਕ ਫੌਜੀ ਨੂੰ ਇਹਨਾਂ ਪ੍ਰੋਗ੍ਰਾਮਾਂ ਬਾਰੇ ਗੱਲ ਕਰਨ ਦੀ ਮਨਾਹੀ ਸੀ। ਫੌਜੀ ਦੀ ਤਨਖਾਹ ਆਮ ਸ਼ਹਿਰੀ ਦੀ ਤਨਖਾਹ ਤੋਂ ਦੋ ਜਾਂ ਤਿੰਨ ਗੁਣਾ ਵੱਧ ਹੁੰਦੀ ਸੀ ਅਤੇ ਫੌਜੀਆਂ ਨੂੰ ਅਨੇਕਾਂ ਸਹੂਲਤਾਂ ਵੀ ਦਿੱਤੀਆਂ ਜਾਂਦੀਆਂ ਸਨ ਤਾਂ ਕਿ ਉਹਨਾਂ ਨੂੰ ਆਰਥਕ ਸਮੱਸਿਆਵਾਂ ਦਾ ਸਾਹਮਣਾ ਹੀ ਨਾ ਕਰਨਾ ਪਵੇ, ਪਰ 1947 ਦੀ ਸੱਤਾ ਬਦਲੀ ਪਿੱਛੋਂ ਇਹਨਾਂ ਸਾਰੀਆਂ ਚੀਜ਼ਾਂ 'ਚ ਬਦਲਾਅ ਆਉਣ ਲੱਗਿਆ। ਦੇਸ਼ ਦੀਆਂ ਫੌਜਾਂ ਦੇ ਆਧੁਨੀਕੀਕਰਣ ਦੀ ਲੜੀ 'ਚ ਫੌਜ ਦੀ ਰਾਜਸੀ ਪ੍ਰੋਗ੍ਰਾਮਾਂ ਤੋਂ ਦੂਰੀ ਘਟਦੀ ਗਈ। ਕਹਿਣ ਦਾ ਭਾਵ ਹੈ ਕਿ ਫੌਜ 'ਤੇ ਦੇਸ਼ ਦੇ ਚੱਲ ਰਹੇ ਸਿਆਸੀ ਵਾਤਾਵਰਣ ਦਾ ਅਸਰ

ਦਿਸਣ ਲੱਗਿਆ। ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ ਸ਼ੰਨ 1946 ’ਚ ਫੌਜਾਂ ’ਚ ਹੋਈਆਂ ਬਗਾਵਤਾਂ ਹਾਲਾਂਕਿ ਇਹਨਾਂ ਬਗਾਵਤਾਂ ਦਾ ਅਸਲੀ ਕਾਰਨ ਸੀ, ਦੇਸ਼ ਨੂੰ ਅੰਗ੍ਰੇਜ਼ੀ ਹਕੂਮਤ ਤੋਂ ਫੌਰੀ ਆਜ਼ਾਦ ਕਰਵਾਉਣਾ। ਅਸਲੀਅਤ ’ਚ ਅੰਗ੍ਰੇਜ਼ ਏਨੀ ਜਲਦੀ ਦੇਸ਼ ਤੋਂ ਜਾਣ ਵਾਲੇ ਨਹੀਂ ਸਨ ਪਰ ਸੰਨ 1946 ਦੀ ਸਮੁੰਦਰ ਫੌਜੀ, ਹਵਾਈ ਫੌਜ ਤੇ ਆਰਮੀ ਦੀਆਂ ਕਈ ਟੁਕੜੀਆਂ ਨੇ ਬਗਾਵਤ ਕਰਕੇ ਅੰਗ੍ਰੇਜ਼ਾਂ ਨੂੰ ਅਹਿਸਾਸ ਕਰਵਾਇਆ ਕਿ ਵਾਕਿਆ ਹੀ ਉਹਨਾਂ ਦੇ ਜਾਣ ਦਾ ਸਮਾਂ ਆ ਗਿਆ ਹੈ। ਅਫ਼ਸੋਸ ਦੀ ਗੱਲ ਇਹ ਹੈ ਕਿ ਆਜ਼ਾਦੀ ਲਈ ਕੀਤੀ ਗਈ ਇਸ ਬਗਾਵਤ ਨੂੰ ਭਾਰਤ ਦੀ ਸਰਕਾਰ ਨੇ ਕੋਈ ਮਾਨਤਾ ਨਹੀਂ ਦਿੱਤੀ ਅਤੇ ਫੌਜੀ ਬਗਾਵਤ ਕਹਿ ਕੇ ਟਾਲ ਦਿੱਤਾ। ਜਿਹੜੇ ਲੋਕਾਂ ਨੂੰ ਫੌਜ ਤੋਂ ਕੱਢਿਆ ਗਿਆ ਸੀ, ਉਹਨਾਂ ਨੂੰ ਕਿਸੇ ਵੀ ਕਿਸਮ ਦੀ ਮੱਦਦ ਨਹੀਂ ਦਿੱਤੀ ਗਈ ਇਸ ਬਗਾਵਤ ਨੂੰ ਭਾਰਤ ਦੀ ਸਰਕਾਰ ਨੇ ਕੋਈ ਮਾਨਤਾ ਤਾਂ ਕੀ ਦੇਣੀ ਸੀ, ਬਲਕਿ ਇਸ ਬਗਾਵਤ ਨੂੰ ਭ੍ਰਿਸ਼ਟਾਚਾਰ ਦਾ ਜਾਮਾ ਪਹਿਨਾ ਦਿੱਤਾ ਗਿਆ। ਤਦ ਫੈਜਾਂ ਦੇ ਆਧੁਨੀਕੀਕਰਨ ਲਈ ਵਿਦੇਸ਼ ਤੋਂ ਅਸਤਰ, ਫ਼ੌਜੀ ਸਮਾਨ ਆਦਿ ਵੀ ਮੰਗਵਾਏ ਜਾ ਰਹੇ ਹਨ।

ਵਿਦੇਸ਼ੀ ਕੰਪਨੀਆਂ ਖੁੱਲ੍ਹੇ ਆਮ ਰਾਜਸੀ ਨੇਤਾਵਾਂ ਨਾਲ ਤਾਲਮੇਲ ਬਿਠਾਉਣ ਲੱਗੀਆਂ ਹੋਈਆਂ ਸਨ ਅਤੇ ਫੌਜ ਦੇ ਉਚ ਅਧਿਕਾਰੀਆਂ ’ਤੇ ਇਸ ਦਾ ਪ੍ਰਭਾਵ ਪੈ ਰਿਹਾ ਸੀ, ਕਿਉਂਕਿ ਤਿੰਨੋਂ ਫ਼ੌਜਾਂ ਦਾ ਸਾਰਾ ਸਮਾਨ ਵਿਦੇਸ਼ਾਂ ਤੋਂ ਆ ਰਿਹਾ ਸੀ ਇਸ ਲਈ ਉੱਚ ਅਧਿਕਾਰੀਆਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ ਕਿਉਂਕਿ ਤਿੰਨੋਂ ਫ਼ੌਜਾਂ ਦਾ ਸਾਰਾ ਸਮਾਨ ਵਿਦੇਸ਼ਾਂ ਤੋਂ ਆ ਰਿਹਾ ਸੀ ਇਸ ਲਈ ਉੱਚ ਅਧਿਕਾਰੀਆਂ ’ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ। ਸੰਨ 1950 ਦੇ ਦਹਾਕੇ ’ਚ ਦੇਸ਼ ’ਚ ਹੋਏ ‘ਜੀਪ ਘੁਟਾਲੇ’ ਦਾ ਕਾਰਨ ਉਸ ਸਮੇਂ ਰਖਿਆ ਮੰਤਰੀ ਕ੍ਰਿਸ਼ਨਾ ਮੈਨਿਨ ’ਤੇ ਅਨੇਕਾਂ ਦੋਸ਼ ਲੱਗੇ ਤੇ ਉਹਨਾਂ ਉਪਰ ਅਸਤੀਫਾ ਦੇਣ ਦਾ ਦਬਾਅ ਪੈਣ ਲੱਗਿਆ। ਇੰਗਲੈਂਡ ਤੋਂ ਕਾਫੀ ਗਿਣਤੀ ’ਚ ਫੌਜੀ ਜੀਪਾਂ ਦੀ ਦਰਾਮਦ ਕੀਤੀ ਗਈ ਸੀ। ਉਸ ਦੇ ਕੁਝ ਹੀ ਸਾਲਾਂ ਬਾਅਦ, ਇਜ਼ਰਾਇਲ ਨੂੰ ਸੈਂਚੂਰਿਅਨ ਟੈਂਕ ਦਿੱਤੇ ਜਾਣ ਨਾਲ ਸੰਬੰਧਿਤ ਭ੍ਰਿਸ਼ਟਾਚਾਰ ਦਾ ਇੱਕ ਹੋਰ ਕੇਸ ਸਾਹਮਣੇ ਆਇਆ ਇਹ ਉਸ ਸਮੇਂ ਦੀ ਗੱਲ ਹੈ, ਜਦ ਭਾਰਤ ਵਿੱਚ ਇਜ਼ਰਾਇਲ ਦੇ ਇੱਕ ਦੇਸ਼ ਹੋਣ ਦਾ ਅਹਿਸਾਸ ਨਹੀਂ ਸੀ। ਭਾਰਤ ਨੂੰ ਇਹਨਾਂ ਟੈਂਕਾਂ ਦੀ ਬਹੁਤ ਜ਼ਰੂਰਤ ਸੀ। ਇਸ ਪਿੱਛੋਂ ਹੀ ਏਵਿਡ ਟੈਂਕ ਫੈਕਟਰੀ ਦੀ ਚੇਨਈ ’ਚ ਸਥਾਪਨਾ ਕੀਤੀ ਗਈ। ਸਾਡਾ ਦੇਸ਼ ਫੌਜ ਅਸ਼ਤਰਾਂ-ਸਾਸ਼ਤਰਾਂ ਦੇ ਨਿਰਮਾਣ ’ਚ ਕਮਜ਼ੋਰ ਰਿਹਾ ਹੈ ਅਤੇ ਹੁਣ ਵੀ ਹੈ। ਇਸ ਦਾ ਫਾਇਦਾ ਉਠਾ ਕੇ ਸਾਨੂੰ ਭ੍ਰਿਸ਼ਟਾਚਾਰ ’ਚ ਸ਼ਾਮਲ ਹੋਣ ਲਈ ਵਿਦੇਸ਼ਾਂ ਦੀਆਂ ਹਥਿਆਰ ਨਿਰਮਾਣ ਸੰਸਥਾਵਾਂ ਸਾਡੇ ਦੇਸ਼ ’ਚ ਆਰਥਿਕ ਲਾਲਚ ਦੇ ਕੇ ਆਪਣੀਆਂ ਵਸਤਾਂ ਵੇਚਣ ਦੀ ਕੋਸ਼ਿਸ਼ ਕਰਨ ਲੱਗੀਆਂ। ਜਦ ਭਾਰਤ ਵਿੱਚ ਰੂਸ ਤੋਂ ਏਵਨ-13 ਹਵਾਈ ਜਹਾਜ਼ ਖਰੀਦਣ ਦੀ ਗੱਲ ਸੀ ਤਾਂ ਸਾਨੂੰ ਪਹਿਲਾਂ ਆਈ ਐਲ-14 ਜਹਾਜ਼ ਲੈਣ ਲਈ ਮਜ਼ਬੂਰ ਕੀਤਾ ਗਿਆ ਅਤੇ ਅਸੀਂ ਉਹ ਜਹਾਜ਼ ਲਏ ਜਿਹਨਾਂ ਦੀ ਕੋਈ ਲੋੜ ਨਹੀਂ ਸੀ। ਜਦ ਸੰਨ 1963 ’ਚ ਭਾਰਤ ਨੇ ਮਿਗ-21 ਜਹਾਜ਼ ਲਏ ਤਾਂ ਸਾਨੂੰ ਐਸ ਯੂ-7 ਜਹਾਜ਼ਾਂ ਲਈ ਮਜ਼ਬੂਰ ਕੀਤਾ ਗਿਆ ਅਤੇ ਨਾਲ ਹੀ ਪੀ-ਰਾਡਾਰ ਲੈਣ ਨੂੰ ਵੀ ਕਿਹਾ ਗਿਆ। ਸੰਨ 1980 ਦੇ ਦਹਾਕੇ ’ਚ ਜਦ ਭਾਰਤ ਨੇ ਜਗੂਆਰ ਜਹਾਜ਼ ਖਰੀਦੇ ਤਾਂ ਉਸ ਸਮੇਂ ਅਖ਼ਬਾਰਾਂ ਨੇ ਅਨੇਕਾਂ

ਨੇਤਾਵਾਂ ਤੇ ਉਹਨਾਂ ਦੇ ਸਕੇ-ਸਬੰਧੀਆਂ ਦੇ ਨਾਂ ਛਾਪੇ। ਕਿਹਾ ਜਾਂਦਾ ਹੈ ਕਿ ਉਸ ਸਮੇਂ 2000 ਕਰੋੜ ਰੁਪਏ ਦੀ ਖਰੀਦ ਤੇ 2 ਫੀਸਦੀ ਰਿਸ਼ਵਤ ਦਿੱਤੀ ਗਈ ਸੀ। ਇਸ ਭ੍ਰਿਸ਼ਟਾਚਾਰ 'ਚ ਫੌਜ ਤੇ ਰਾਜਨੀਤੀ ਨਾਲ ਜੁੜੇ ਲੋਕਾਂ ਦੇ ਨਾਂ ਸਾਹਮਣੇ ਆਏ। ਸਮੁੰਦਰੀ ਫੌਜ 'ਚ ਵੀ ਭ੍ਰਿਸ਼ਟਾਚਾਰ ਦੇ ਕੇਸ ਸਾਹਮਣੇ ਆਉਣ ਲੱਗੇ ਸਨ, ਜਿਵੇਂ ਭਾਰਤ ਦੀ ਐਚ. ਡੀ. ਡਬਲਯੂ. ਪਣ-ਡੁੱਬੀਆਂ ਦੀ ਜਰਮਨੀ ਤੋਂ ਖਰੀਦ। ਸਮੁੰਦਰੀ ਫੌਜ ਦੇ ਜਾਣਕਾਰਾਂ ਅਨੁਸਾਰ ਇਸ ਖਰੀਦ ਕਾਰਨ ਸਮੁੰਦਰੀ ਫੌਜ ਨੂੰ ਬਹੁਤ ਨੁਕਸਾਨ ਉਠਾਉਣਾ ਪਿਆ ਪਣ-ਡੁੱਬੀ ਬਣਾਉਣ ਦੀ ਭਾਰਤ ਦੀ ਯੋਗਤਾ 'ਤੇ ਵੀ ਅਸਰ ਪਿਆ ਪਰ ਭ੍ਰਿਸ਼ਟਾਚਾਰ ਸਭ 'ਤੇ ਲੱਗਿਆ ਦੋਸ਼ ਭਾਰਤ ਸਰਕਾਰ ਤੇ ਫੌਜ 'ਤੇ ਉਦੋਂ ਪਿਆ ਜਦੋਂ ਬੋਫਰਜ਼ ਤੋਪ ਦਾ ਸੌਦਾ ਅਸੀਂ ਸਵੀਡਨ ਨਾਲ ਕੀਤਾ। ਇਸ ਦੋਸ਼ ਨੇ ਭਾਰਤੀ ਪ੍ਰਧਾਨ ਮੰਤਰੀ ਤੱਕ ਨੂੰ ਆਪਣੇ ਘੇਰੇ 'ਚ ਲੈ ਲਿਆ, ਦੋਸ਼ ਸਿਰਫ਼ ਸੌਂਦੇ ਦੇ ਕੁਝ ਫੀਸਦੀ ਹਿੱਸੇ ਦੇ ਲੈਣ 'ਤੇ ਹੀ ਨਹੀਂ ਸੀ ਬਲਕਿ ਇਸ ਗੱਲ ਸਬੰਧੀ ਵੀ ਸੀ ਕਿ ਅੱਛੀਆਂ ਤੇ ਉਨਤ ਤੋਪਾਂ ਨੂੰ ਸਹੀ ਢੰਗ ਨਾਲ ਪ੍ਰਖਿਆ ਹੀ ਨਹੀਂ ਗਿਆ ਅਤੇ ਘੱਟ ਯੋਗਤਾ ਵਾਲੀਆਂ ਤੋਪਾਂ ਲਈਆਂ ਗਈਆਂ। ਇਸ ਗੱਲ ਦੀ ਪਰਖ ਤਾਂ ਕਾਰਗਿਲ ਯੁੱਧ 'ਚ ਹੀ ਕੀਤੀ ਗਈ ਤੇ ਤੋਪ ਨਾਕਾਮਯਾਬ ਨਹੀਂ ਸਿੱਧ ਹੋਈ। ਭ੍ਰਿਸ਼ਟਾਚਾਰ ਦਾ ਦੂਜਾ ਸਭ ਤੋਂ ਵੱਡਾ ਕਾਰਨ ਹੁੰਦਾ ਹੈ, ਫੌਜੀਆਂ ਵੱਲੋਂ ਪ੍ਰਮੋਸ਼ਨ (ਪਦ ਉਨਤੀ) ਲਈ ਆਪਣੇ ਅਧਿਕਾਰੀਆਂ ਤੋਂ ਅੱਛੀ ਰਿਪੋਰਟ ਲੈਣ ਦੀ ਚੇਸ਼ਟਾ। ਉਚਿਤ ਰਿਪੋਰਟ ਲੈਣ ਤੋਂ ਇਲਾਵਾ ਉਹ ਚੂੰਗੀ ਪੁਰਸਕਾਰ ਅਤੇ ਮੈਡਲ ਆਦਿ ਲੈਣ ਦੀ ਕੋਸ਼ਿਸ਼ ਵੀ ਕਰਦੇ ਹਨ ਅਤੇ ਸਰਹੱਦ ਉਤੇ ਫਰਜ਼ੀ ਚੂੰਗੀ ਕਾਰਵਾਈ ਅਤੇ ਵੀਰਤਾ ਦੇ ਨਮੂਨੇ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ।

ਉਦਾਰਹਣ ਵਜੋਂ ਸਾਈਚਿਨ ਇਲਾਕੇ 'ਚ ਕੁਝ ਫੌਜੀ ਅਧਿਕਾਰੀਆਂ ਨੇ ਚੂੰਗੀ ਕਾਰਵਾਈ ਦਿਖਾਉਣ ਦੀ ਕੋਸ਼ਿਸ਼ 'ਚ ਗਲਤ ਵੀਡੀਓ ਤਸਵੀਰਾਂ ਖਿੱਚ ਕੇ ਜਿਵੇਂ ਕਿ ਇੱਕ ਦੋ ਮ੍ਰਿਤਕ ਜਵਾਨਾਂ ਨੂੰ ਬਰਫ਼ 'ਚ ਲਿਟਾ ਕੇ ਉਹਨਾਂ 'ਤੇ ਟਮਾਟਰ ਦੀ ਚਟਨੀ ਦੇ ਲਾਲ ਰੰਗ ਨਾਲ ਖ਼ੂਨ ਦਰਸਾ ਕੇ, ਮੈਡਲ ਲੈਣ ਦੀ ਕੋਸ਼ਿਸ਼ ਕੀਤੀ ਗਈ। ਇਸ ਨਾਲ ਉਹਨਾਂ ਦੀ ਸਿਰਫ਼ ਪਦਉਨਤੀ ਹੀ ਨਹੀਂ ਹੁੰਦੀ ਬਲਕਿ ਆਰਥਿਕ ਫਾਇਦੇ ਤੇ ਇਨਾਮ ਵੀ ਮਿਲਦੇ ਹਨ। ਸਭ ਤੋਂ ਚਿੰਤਾਜਨਕ ਭ੍ਰਿਸ਼ਟਾਚਾਰ ਧਾਰਮਿਕ ਤੇ ਰਾਜਸੀ ਸਰਗਰਮੀਆਂ ਨਾਲ ਸਬੰਧਤ ਹੈ, ਜਦ ਫੌਜੀਆਂ ਨੂੰ ਆਪਣੀ ਡਿਊਟੀ ਭੁੱਲ ਕੇ ਸਿਆਸੀ ਕਾਰਵਾਈ 'ਚ ਸ਼ਾਮਿਲ ਹੋਣਾ ਪੈਂਦਾ ਹੈ। ਉਦਾਹਰਣ ਵਜੋਂ ਕਰਨਲ ਪੁਰੋਹਿਤ ਦਾ ਮਾਲੇਗਾਂਵ ਕੇਸ 'ਚ ਅਖੌਤੀ ਅੱਤਵਾਦ ਦਾ ਸਹਾਰਾ ਲੈਣਾ ਏਨਾ ਨੁਕਸਾਨਦੇਹ ਹੋ ਸਕਦਾ ਹੈ ਕਿ ਇਹ ਹੁਣ ਸਾਨੂੰ ਪਤਾ ਲੱਗ ਚੁੱਕਿਆ ਹੈ ਕਿ ਫੌਜ 'ਚ ਭ੍ਰਿਸ਼ਟਾਚਾਰ ਦੂਰ ਕਰਨ ਲਈ ਫੌਜ ਦੀ ਕਾਰਜਨੀਤੀ ਤੇ ਕਾਰਜ ਪ੍ਰਣਾਲੀ ਸਾਰੀ ਹੀ ਬਦਲਣੀ ਪਵੇਗੀ।

# ਸਿਲੀਗੁੜੀ ’ਚ ਸੁਕਨਾ ਜ਼ਮੀਨ ਘੁਟਾਲਾ ਬਨਾਮ ਫ਼ੌਜ

ਉਤਰ-ਪੂਰਬ ਦਾ ਦਰਵਾਜ਼ਾ ਮੰਨੇ ਜਾਣ ਵਾਲੇ ਸਿਲੀਗੁੜੀ ’ਚ ਫਿਲਹਾਲ ਸੁਕਨਾ ਜ਼ਮੀਨ ਘੁਟਾਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਕਰੋੜਾਂ ਰੁਪਏ ਦੇ ਇਸ ਘੁਟਾਲੇ ’ਚ ਫੌਜ ਦੇ ਚਾਰ ਅਧਿਕਾਰੀਆਂ ’ਤੇ ਕਾਰਵਾਈ ਹੋਣੀ ਤਹਿ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਘੁਟਾਲੇ ਦੇ ਮੁੱਖ ਦੋਸ਼ੀ ਦਲੀਪ ਅਗਰਵਾਲ ਨੂੰ ਪੁਲਸ ਹੁਣ ਤੱਕ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ। ਸਿਲੀਗੁੜੀ ਦੇ ਪ੍ਰਸਾਸ਼ਨਿਕ ਅਧਿਕਾਰੀ ਮੰਨਦੇ ਹਨ ਕਿ ਜੇ ਦਲੀਪ ਅਗਰਵਾਲ ਤੋਂ ਕਰੜਾਈ ਨਾਲ ਪੁੱਛਗਿੱਛ ਕੀਤੀ ਜਾਵੇ ਤਾਂ ਸੱਚਾਈ ਉਜਾਗਰ ਹੋ ਸਕਦੀ ਹੈ ਅਤੇ ਇਸ ਮਾਮਲੇ ਦੀਆਂ ਸਾਰੀਆਂ ਤਸਵੀਰਾਂ ਖੁਦ-ਬ-ਖੁਦ ਸਾਫ਼ ਹੋ ਜਾਣਗੀਆਂ। ਉਧਰ ਖੁਦ ਨੂੰ ਪਾਕ-ਸਾਫ ਸਾਬਤ ਕਰਨ ਲਈ ਫੌਜ ਦੇ ਅਹੁਦੇਦਾਰ ਸੁਕਨਾ ਜ਼ਮੀਨ ਦੇ ਨੋ ਅਬਜੈਕਸ਼ਨ ਸਰਟੀਫਿਕੇਟ ਨੂੰ ਫਰਜ਼ੀ ਸਾਬਤ ਕਰਨ ’ਤੇ ਤੁਲੇ ਹੋਏ ਹਨ। ਹਾਲ ਦੇ ਸਾਲਾਂ ’ਚ ਸਿਲੀਗੁੜੀ ’ਚ ਵਿਕਾਸ ਦੀ ਰਫ਼ਤਾਰ ਵਧੀ ਹੈ। ਇਸ ਦੇ ਨਾਲ-ਨਾਲ ਇਥੋਂ ਦੀ ਉਸਾਰੀ ਸਨਅਤ ਵੀ ਤੇਜ਼ੀ ਨਾਲ ਵਧੀ ਹੈ। ਇਸ ਨਿਰਮਾਣ ਉਦਯੋਗ ਨਾਲ ਦਲੀਪ ਅਗਰਵਾਲ ਜੁੜੇ ਹੋਏ ਹਨ। ਸਿਲੀਗੁੜੀ ਦੇ ਵੱਡੇ ਮਹਾਨੰਦਾ ਬ੍ਰਿਜ ਤੋਂ ਲੰਘਣ ਪਿੱਛੋਂ ਦਾਰਜੀਲਿੰਗ ਮੋੜ ਦਿਸਦਾ ਹੈ। ਇੱਥੋਂ ਦਸ ਕਿਲੋਮੀਟਰ ਅੱਗੇ ਵਧਣ ’ਤੇ ਸਾਲੂਗਾੜਾ ਬਾਜ਼ਾਰ ਆਉਂਦਾ ਹੈ। ਇੱਥੋਂ ਦਾਰਜੀਲਿੰਗ ਦੀ ਵਾਟ ਸਭ ਤੋਂ ਘੱਟ ਹੈ। ਕੁਰਸਿਬਾਂਗ-ਪਾਂਖਾਬਾੜੀ ਮਾਰਗ ’ਤੇ ਹੀ ਸੁਕਨਾ ਹੈ। ਉਤਰ-ਪੂਰਵੀ ਭਾਰਤ ਦੀ ਸਭ ਤੋਂ ਵੱਡੀ ਫੌਜੀ ਛਾਉਣੀ, ਤਤਕੋਰ ਦਾ ਮੁੱਖ ਦਫ਼ਤਰ ਇਸੇ ਸੁਕਨਾ ਵਿੱਚ ਹੈ। ਮੁੱਖ ਦਫ਼ਤਰ ਦੇ ਪਾਸ ਹੀ ਰਾਜ ਸਰਕਾਰ ਦੀ ਕੁਝ ਜ਼ਮੀਨ ਵੀ ਹੈ, ਜਿਸ ਨੂੰ ਲੀਜ਼ ਤੋਂ ਲੈ ਕੇ ਚਾਹ ਦੇ ਬਾਗ ਚਲਾਏ ਜਾ ਰਹੇ ਹਨ। ਵਿਵਾਦ ਦੀ ਜੜ੍ਹ ਵਿੱਚ ਨਿਊ ਚਾਮਟਾ ਚਾਹ ਬਾਗ ਦੀ ਜ਼ਮੀਨ ਹੈ।

ਪੰਜ ਸਾਲ ਪਹਿਲਾਂ ਨਿਊ ਚਾਮਟਾ ਚਾਹ ਬਾਗ ਵਿੱਚ ਖਾਲੀ ਪਈ ਜ਼ਮੀਨ ’ਚ ਇਕੋ ਇੱਕ ਫ੍ਰੈਂਡਲੀ ਹੋਟਲ ਬਣਾਉਣ ਦੀ ਯੋਜਨਾ ਤਿਆਰ ਕੀਤੀ ਗਈ ਸੀ ਪਰ ਫੌਜ ਨੇ ਉਸ ਹੋਟਲ ਦੀ ਉਸਾਰੀ ਦੀ ਇਜਾਜ਼ਤ ਨਹੀਂ ਦਿੱਤੀ। ਐਸਾ ਸੁਰੱਖਿਆ ਕਾਰਨਾਂ ਕਰਕੇ ਕੀਤਾ ਗਿਆ ਸੀ। ਕੁਝ ਦਿਨਾਂ ਪਿੱਛੋਂ ਪ੍ਰਮੋਟਰ ਦਲੀਪ ਅਗਰਵਾਲ ਨੇ ਇਸ ਜਗਾ ’ਤੇ ਅਜਮੇਰ ਦੇ ਪ੍ਰਸਿੱਧ ਮੇਓ ਕਾਲਜ ਦੀ ਬਰਾਂਚ ਖੋਲ੍ਹਣ ਦੀ ਕੋਸ਼ਿਸ਼ ਕੀਤੀ। ਇਸ ਵਾਰੀ ਫਿਰ ਫੌਜ ਨੇ ਇਤਰਾਜ ਕੀਤਾ। ਅਸਲੀ ਕਹਾਣੀ ਇੱਥੋਂ ਸ਼ੁਰੂ ਹੁੰਦੀ ਹੈ। ਦਲੀਪ ਅਗਰਵਾਲ ਨੇ ਇਸ ਜ਼ਮੀਨ ’ਤੇ ਇੱਕ ਸਨਅਤਕਾਰ ਸ਼ਾਰਦ ਬਾਜੋਗਿਆ ਤੋਂ ਗਿਤਾਂਜਲੀ ਏਜੂਕੇਸ਼ਨ ਟ੍ਰਸਟ ਰਾਹੀਂ ਹਾਸਲ ਕੀਤੀ ਸੀ ਮੰਤਰੀ ਦੇ ਕਰੀਬੀ ਹੋਣ ਕਰਕੇ ਜ਼ਿਲ੍ਹਾ ਪ੍ਰਸਾਸ਼ਨ ’ਚ ਦਲੀਪ ਅਗਰਵਾਲ ਦੀ ਅੱਛੀ ਪਕੜ ਹੈ, ਨਾਲ ਹੀ ਸੈਨਾ ਦੇ ਅਧਿਕਾਰੀਆਂ ਨਾਲ ਵੀ ਉਸਦੇ ਕਰੀਬੀ ਸਬੰਧ ਰਹੇ ਹਨ। ਆਪਣੀ ਇਸ ਉਚੀ ਪਹੁੰਚ ਕਾਰਨ ਸਿਲੀਗੁੜੀ ਦੇ ਵਪਾਰੀ ਵਰਗ ’ਚ ਦਲੀਪ ਅਗਰਵਾਲ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ। ਨਾਮ ਨਾ ਛਾਪਣ ਦੀ ਸੂਰਤ ’ਤੇ ਇੱਕ ਵਪਾਰੀ ਨੇ ਦੱਸਿਆ ਕਿ ਦਲੀਪ ਅਗਰਵਾਲ ਦੇ ਨਾਲ ਸੁਕਨਾ ਜਮੀਨ ਘੁਟਾਲੇ ’ਚ ਮੁੱਖ ਦੋਸ਼ੀ ਲੈਫਟੀਨੈਂਟਜਨਰਲ ਅਵਧੇਸ਼ ਪ੍ਰਕਾਸ਼ ਨੇ ਫੌਜੀਆਂ ਦੇ ਬੱਚਿਆਂ ਲਈ ਇੱਕ ਅਕਦ

ਕਾਲਜ ਦੀ ਦੁਹਾਈ ਦੇ ਕੇ ਅਗਰਵਾਲ ਨੂੰ ਇਜਾਜ਼ਤ ਪੱਤਰ ਦਿਵਾਉਣ 'ਚ ਮੱਦਦ ਕੀਤੀ। ਇਹ ਸਪੱਸ਼ਟ ਤੌਰ 'ਤੇ ਅਹੁੱਦੇ ਦੀ ਦੁਰਵਰਤੋਂ ਦਾ ਕੇਸ ਸੀ। ਉਸ ਵਕਤ ਤਤਕੋਰ ਦੀ ਜ਼ਿੰਮੇਵਾਰੀ ਲੈਫਟੀਨੈਂਟ ਜਨਰਲ ਪੀ ਕੇ ਰਥ ਉਪਰ ਸੀ। ਦੋਸ਼ਾਂ ਦੇ ਛਿੱਟੇ ਉਹਨਾਂ 'ਤੇ ਵੀ ਪਏ। ਇੱਕ ਵਾਰੀ ਦਲੀਪ ਕੁਮਾਰ ਅਗਰਵਾਲ ਨੇ ਮਾਣ ਨਾਲ ਕਿਹਾ ਵੀ ਸੀ ਕਿ ਨਾ ਸਿਰਫ਼ ਲੈਫਟੀਨੈਂਟ ਜਨਰਲ, ਬਲਕਿ ਲੈਫਟੀਨੈਂਟ ਜਨਰਲ ਐਸ ਹਲਗਲੀ ਤੋਂ ਲੈ ਕੇ ਮੇਜਰ ਜਨਰਲ ਪੀ ਸੀ ਸੇਨ ਦੇ ਨਾਲ ਉਸ ਦੇ ਡੂੰਘੇ ਸਬੰਧ ਸਨ। ਸੁਕਨਾ ਸੇਨ ਦੇ ਤਤਕੋਰ ਇਕ ਬ੍ਰਗੇਡੀਅਰ ਤੇ ਦੋ ਕਰਨਲਾਂ ਦੀ ਮੱਦਦ ਨਾਲ ਦਲੀਪ ਅਗਰਵਾਲ ਦਾ ਛਾਉਣੀ 'ਚ ਦਾਖਲਾ ਤੇ ਸੈਨਾ ਦੇ ਆਪ ਅਧਿਕਾਰੀਆਂ ਵਿਚਕਾਰ ਪੈਂਠ ਜਮਾਉਣ ਦੀ ਗੱਲ ਸਿਲੀਗੁੜੀ ਦੇ ਵਪਾਰੀ ਵਰਗ 'ਚ ਕਦੀ ਗੁੱਝੀ ਨਹੀਂ ਰਹੀ। ਹਾਲਾਂਕਿ ਵਿਵਾਦਿਤ ਜ਼ਮੀਨ ਦੇ ਮਾਲਕ ਸ਼ਾਰਦ ਬਾਜੋਰਿਆ ਸਨ, ਪਰ ਕਾਗਜ਼ਾਤ ਬਣਾਉਣ ਦਾ ਕੰਮ ਦਲੀਪ ਅਗਰਵਾਲ ਦੇ ਜ਼ਿੰਮੇ ਰਿਹਾ ਲਗਭਗ 290 ਕਰੋੜ ਰੁਪਏ ਦੀ ਜਾਇਦਾਦ ਵਾਲੀ ਨਿਊ ਚਾਮਟਾ ਟੀ ਸਟੇਟ ਵਿੱਚ ਜਿਸ 71 ਕਰੋੜ ਜਮੀਨ ਸਬੰਧੀ ਵਿਵਾਦ ਹੈ। ਉਸ 'ਤੇ ਪਹਿਲਾਂ ਹੀ ਕਈ ਲੋਕਾਂ ਦੀ ਨਜ਼ਰ ਸੀ, ਜ਼ਿਲ੍ਹਾ ਪ੍ਰਸਾਸ਼ਨ ਅਤੇ ਸੈਨਾ ਵਿੱਚ ਆਪਣੀ ਉੱਚੀ ਪਹੁੰਚ ਹੋਣ ਕਰਕੇ ਦਲੀਪ ਕੁਮਾਰ ਅਰਗਵਾਲ ਨੂੰ ਜਮੀਨ ਹਥਿਆਉਣ ਵਿੱਚ ਵੱਧ ਮੁਸ਼ਕਤ ਨਹੀ. ਕਰਨੀ ਪਈ। ਤਕਰੀਬਨ ਛੇ ਸਾਲ ਪਹਿਲਾਂ ਸਿਲੀਗੁੜੀ 'ਚ ਇਸ ਕਾਂਡ ਭੇਦ ਖੁਲਿਆ ਸੀ। ਉਸ ਵਕਤ ਅਜਮੇਰ ਦੇ ਮਿਉ ਕਾਲਜ ਦੀ ਸੁਕਨਾ ਇਕਾਈ ਲਈ ਬਿਆਨ ਜਾਰੀ ਕੀਤਾ ਗਿਆ ਸੀ। ਬਕਾਇਦਾ ਤਸਵੀਰ ਛਾਪ ਕੇ ਇਹ ਜਾਣਕਾਰੀ ਦਿੱਤੀ ਗਈ ਸੀ ਕਿ ਫੌਜ ਤੋਂ ਆਪਣੀ ਰਿਟਾਇਰਮੈਂਟ ਪਿੱਛੋਂ ਲੈਫਟੀਨੈਂਟ ਜਨਰਲ ਅਵਧੇਸ਼ ਪ੍ਰਕਾਸ਼ ਇਸ ਕਾਲਜ ਦੀ ਸੰਚਾਲਨ ਸੰਮਤੀ 'ਚ ਸ਼ਾਮਿਲ ਹੋਣਗੇ। ਸੂਤਰਾਂ ਦੀ ਮੰਨੀਏ ਤਾਂ ਆਰਮੀ ਇੰਟੈਲੀਚੇਂਬ ਰਾਹੀਂ ਇਹ ਖ਼ਬਰ ਤਤਕੋਰ ਮੁੱਖ ਦਫ਼ਤਰ 'ਚ ਪਹੁੰਚੀ।

ਅਵਿਧੇਸ਼ ਪ੍ਰਕਾਸ਼ ਤੇ ਪੀ. ਕੇ. ਰਥ ਵਰਗੇ ਅਫ਼ਸਰਾਂ ਨੇ ਮਾਮਲੇ ਨੂੰ ਦਬਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ 'ਰੂਪਰਚਾ' ਚਾਹ ਕੰਪਨੀ ਦੇ ਨਾਂ ਨਾਲ ਭੂਮੀ ਵਿਕਾਸ ਵਿਭਾਗ 'ਚ ਹੁਣ ਵੀ ਜ਼ਮੀਨ ਦੇ ਮਾਲਕ ਸਰਦ ਬਜੋਰੀਆ ਹੀ ਹਨ। ਕਾਰਜ 'ਤੇ ਦਲੀਪ ਅਗਰਵਾਲ ਦਾ ਨਾਂ ਕਿਤੇ ਵੀ ਨਹੀਂ ਹੈ। ਪਰ ਅਖ਼ਬਾਰਾਂ 'ਚ ਇਸ ਘੁਟਾਲੇ ਦਾ ਪਰਦਾਫਾਸ਼ ਹੁੰਦਿਆਂ ਹੀ ਈਸਟਰਨ ਕਮਾਂਡ ਦੇ ਪ੍ਰਮੁੱਖ ਲੈਫਟੀਨੈਂਟ ਜਨਰਲ ਵੀ ਕੇ ਸਿੰਘ ਦੀ ਅਗਵਾਈ 'ਚ ਫੌਜੀ ਜਾਂਚ ਅਦਾਲਤ ਦਾ ਗਠਨ ਕੀਤਾ ਗਿਆ। ਸਿਲੀਗੁੜੀ ਜਾਂ ਕੋਲਕਾਤਾ ਦੇ ਫੌਜੀ ਅਧਿਕਾਰੀ ਫਿਲਹਾਲ ਮੀਡੀਆ ਤੋਂ ਬਚ ਕੇ ਚੱਲ ਰਹੇ ਹਨ, ਏਨਾ ਹੀ ਨਹੀਂ ਦੋਸ਼ੀ ਅਧਿਕਾਰੀਆਂ ਨੂੰ ਸਖਤ ਸਜ਼ਾ ਦੇਣ ਦੀ ਲੈਫਟੀਨੈਂਟ ਜਨਰਲ ਵੀ ਕੇ ਸਿੰਘ ਕਮੇਟੀ ਦੀ ਸਿਫਾਰਸ਼ ਦੇ ਬਾਵਜੂਦ ਫੌਜੀ ਅਧਿਕਾਰੀਆਂ ਨੇ ਇਸ ਮਾਮਲੇ 'ਚ ਚੁਪ ਧਾਰ ਰੱਖੀ ਹੈ। ਫੌਜ ਦੇ ਇੱਕ ਜਵਾਨ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ 'ਕੌਣ ਨਹੀਂ ਜਾਣਦਾ ਕਿ ਫੌਜ 'ਚ ਪੁਰਾਣੇ ਵਾਹਨਾ ਦੀ ਵਿਕਰੀ ਤੋਂ ਲੈ ਕੇ ਕਿਸੇ ਵੀ ਕਿਸਮ ਦੇ ਠੇਕਿਆਂ ਤੱਕ ਲਈ ਕਮਿਸ਼ਨ ਲਿਆ ਜਾਂਦਾ ਹੈ। ਇੱਥੇ ਜੇ ਇਹ ਘਪਲਾ ਹੋਇਆ ਵੀ ਹੈ ਤਾਂ ਇਸ ਦੀ ਫੜੋਫੜੀ ਏਨੀ ਸੌਖੀ ਨਹੀ। ਦੋਸ਼ੀ ਤੇ ਜਾਂਚ ਕਰਤਾ ਦੋਨੋਂ ਇੱਕ ਹੀ ਅਹੁਦੇ (ਲੈਫਟੀਨੈਂਟ ਜਨਰਲ) 'ਤੇ ਬਿਰਾਜਮਾਨ ਹਨ। ਫਿਰ ਕੌਣ ਕਿਸ ਦੇ ਖਿਲਾਫ਼ ਫੈਸਲਾ ਸੁਣਾਏਗਾ? ਦਲੀਪ ਅਗਰਵਾਲ ਨੂੰ ਛੱਡ

ਵੀ ਦੇਈਏ ਤਾਂ ਸਿਲੀਗੁੜੀ ਦੇ ਕਈ ਵਪਾਰੀਆਂ ਦਾ ਆਉਣਾ ਜਾਣਾ ਫੌਜ ਦੇ ਮੁੱਖ ਦਫ਼ਤਰ 'ਚ ਆਮ ਗੱਲ ਹੈ। ਇਹ ਸਭ ਜਾਣਦੇ ਹਨ। ਸ਼ਰਦ ਬਜੋਰੀਆਂ ਨੇ ਭੂਮੀ ਵਿਕਾਸ ਵਿਭਾਗ ਨੂੰ ਜਾਣਕਾਰੀ ਦਿੱਤੀ ਸੀ ਕਿ ਫੌਜ ਦੇ ਨਾਲ ਮਸੌਦੇ 'ਤੇ ਦਸਤਖਤ ਹੋਏ ਹਨ। ਪਿਛਲੇ ਸਾਲ 19 ਜਨਵਰੀ 2009 ਨੂੰ ਸ਼ਰਦ ਬਾਜੋਰੀਆ ਨੇ ਪੱਛਮੀ ਬੰਗਾਲ ਸਰਕਾਰ ਦੇ ਭੂਮੀ ਸੁਧਾਰ ਵਿਭਾਗ ਨੂੰ ਲਿਖਿਆ ਵੀ ਸੀ ਕਿ ਝਮੇਲੇ ਵਾਲੀ ਜਮੀਨ ਨੂੰ ਹੜੱਪ ਨਾ ਕੀਤੀ ਜਾਵੇ। ਉਹਨਾਂ ਇਹ ਵੀ ਲਿਖਿਆ ਸੀ ਕਿ ਫੌਜ ਦੇ ਅਧਿਕਾਰੀਆਂ ਨਾਲ ਇਸ ਬਾਰੇ ਉਹਨਾਂ ਦੀ ਗੱਲ ਹੋਈ ਹੈ ਅਤੇ ਗੱਲਬਾਤ ਦੇ ਆਧਾਰ 'ਤੇ ਇੱਕ ਸਹਿਮਤੀ ਪੱਤਰ (MOU) ਤਿਆਰ ਕੀਤਾ ਗਿਆ ਹੈ। ਪੱਤਰ ਮਿਲਣ ਦੇ ਤਿੰਨ ਦਿਨ ਪਿੱਛੋਂ ਵਿਭਾਗ ਨੇ ਫੌਜ ਅਤੇ ਚਾਹ ਬਾਗ ਕੰਪਨੀ ਨੂੰ ਤਿੰਨ ਧਿਰੀ ਗੱਲਬਾਤ ਲਈ ਬੁਲਾਇਆ ਸੀ 6 ਫਰਵਰੀ 2009 ਦੀ ਮੀਟਿੰਗ 'ਚ ਸੈਨਾ ਵੱਲੋਂ ਕਰਨਲ ਜੋਸਫ ਵਰਗੀਜ਼ ਅਤੇ ਪੱਛਮੀ ਬੰਗਾਲ ਸਰਕਾਰ ਦੇ ਭੂਮੀ ਸੁਧਾਰ ਅਧਿਕਾਰੀਆਂ ਨੇ ਹਿੱਸਾ ਲਿਆ। ਤਿੰਨ ਧਿਰੀ ਮੀਟਿੰਗ 'ਚ ਇਹ ਗੱਲ ਸਾਹਮਣੇ ਆਈ ਕਿ ਜੇ ਪ੍ਰਸਤਾਵਿਤ ਜ਼ਮੀਨ 'ਤੇ ਕਿਸੇ ਸਿੱਖਿਆ ਸੰਸਥਾ ਦੀ ਉਸਾਰੀ ਕੀਤੀ ਜਾਵੇ ਤਾਂ ਫੌਜ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਇਹ ਸੂਚਨਾ ਭੂਮੀ ਅਧਿਕਾਰੀਆਂ ਨੇ ਆਪਣੀ 10 ਫਰਵਰੀ 2009 ਦੀ ਚਿੱਠੀ ਰਾਹੀਂ ਦਿੱਤੀ। ਇਸ ਪਿੱਛੋਂ ਫੌਜ ਤੇ ਚਾਹ ਬਾਗ ਕੰਪਨੀ ਵਿਚਕਾਰ ਸਹਿਮਤੀ ਪੱਤਰ (MOU) 'ਤੇ 20 ਮਾਰਚ 2009 ਨੂੰ ਦਸਤਖਤ ਕੀਤੇ ਗਏ। ਹੁਣ ਕਈ ਪ੍ਰਕਾਰ ਦੇ ਘਪਲਿਆਂ ਦੀ ਗੱਲ ਸਾਹਮਣੇ ਆ ਸਕਦੀ ਹੈ। ਇਸ ਕਾਰਨ ਸੂਚਨਾ ਤਤਕੋਰ ਤੇ ਮੁੱਖ ਦਫ਼ਤਰਾਂ 'ਚ ਮੀਡੀਆ ਦੇ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ ਗਈ ਹੈ। ਕੋਲਕਾਤਾ ਦੇ ਫੋਰਟ ਵਿਲਿਅਮ 'ਚ ਫੌਜ ਦੇ ਲੋਕ ਸੰਪਰਕ ਵਿਭਾਗ ਤੋਂ ਇਸ ਸਬੰਧੀ ਪੁੱਛਣ 'ਤੇ ਉਲਟੇ ਮੀਡੀਆ ਨੂੰ ਦੋਸ਼ੀ ਠਹਿਰਾਇਆ ਹੈ। ਕਿਹਾ ਜਾ ਰਿਹਾ ਹੈ ਕਿ 'ਜਾਂਚ ਚੱਲ ਰਹੀ ਹੈ।' ਪਰ ਫੌਜ ਦੀ ਜਾਂਚ ਅਦਾਲਤ 'ਚ ਇਹ ਸਾਬਤ ਹੋ ਚੁਕਿਆ ਹੈ ਕਿ ਦਾਰਜੀਲਿੰਗ ਦੀ ਸੁਕਨਾ ਫੌਜ ਛਾਉਣੀ ਨਾਲ ਲੱਗਦੇ ਚਾਹ ਬਗੀਚਿਆਂ ਦੀ ਜਮੀਨ ਦਾ ਕੋਈ ਇਤਰਾਜ਼ ਪ੍ਰਮਾਣ ਪੱਤਰ ਗਲਤ ਢੰਗ ਨਾਲ ਮੁਹੱਈਆ ਕਰਵਾਇਆ ਗਿਆ। ਫੌਜ ਦੇ ਮੁਖੀ ਦੀਪਕ ਕਪੂਰ ਦੇ ਸਲਾਹਕਾਰ ਲੈਫਟੀਨੈਂਟ ਜਨਰਲ ਅਵਧੇਸ਼ ਪ੍ਰਕਾਸ਼ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ। ਜਿਨ੍ਹਾਂ ਲਈ ਅਵਧੇਸ਼ ਪ੍ਰਕਾਸ਼ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ। ਉਹਨਾਂ ਦਲੀਪ ਅਗਰਵਾਲ ਨੇ ਕਈ ਸੁਆਲ ਉਠਾਏ ਹਨ। ਉਹ ਕਹਿੰਦੇ ਹਨ, 'ਉਹ ਜ਼ਮੀਨ ਫੌਜ ਦੀ ਨਹੀਂ ਹੈ। ਇਸ ਲਈ ਉਸਨੂੰ ਫੌਜ ਦੇ ਘਪਲੇ ਦੀ ਗੱਲ ਕਹਿਣਾ ਠੀਕ ਨਹੀਂ। ਛਾਉਣੀ ਦੇ ਨਾਲ ਲੱਗਦੀ ਹੋਣ ਕਰਕੇ ਪ੍ਰੋਜੈਕਟ ਲਈ ਫੌਜ ਦੇ ਤਤਕੋਰ ਤੋਂ ਇਜਾਜ਼ਤ ਮੰਗੀ ਗਈ ਸੀ। ਜ਼ਮੀਨ ਦਾ ਲੈਣ-ਦੇਣ ਨਹੀਂ ਹੋਇਆ। ਅਸੀਂ ਪੂਰੇ ਮਾਮਲੇ ਦੀ ਜਾਂਚ ਲਿਖਤੀ ਤੌਰ 'ਤੇ ਰਾਜ ਦੇ ਮੁੱਖ ਸਕੱਤਰ ਅਸ਼ੋਕ ਮੋਹਨ ਚਕਰਵਰਤੀ ਨੂੰ ਦੇ ਦਿੱਤੀ ਹੈ। ਸੂਤਰਾਂ ਅਨੁਸਾਰ ਜ਼ਮੀਨ ਦੇ ਪ੍ਰਮਾਣ ਪੱਤਰ ਲਈ ਕੁੱਲ ਮਿਲਾ ਕੇ 40 ਕਰੋੜ ਰੁਪਏ ਦਾ ਲੈਣ ਦੇਣ ਹੋਇਆ। ਦਲੀਪ ਅਗਰਵਾਲ ਇਹ ਦੋਸ਼ ਮੰਨਣ ਲਈ ਤਿਆਰ ਨਹੀਂ ਹਨ। ਫਿਲਹਾਲ ਇਸ ਪ੍ਰਸੰਗ 'ਚ ਰਾਜ ਸਰਕਾਰ ਨੇ ਜੋ ਚੁੱਪ ਧਾਰ ਰੱਖੀ ਹੈ ਉਸ ਕਾਰਨ ਸੱਚ ਅਜੇ ਹੋਰ ਸਾਹਮਣੇ ਨਹੀਂ ਆ ਰਿਹਾ।

--------✪✪--------

# 'ਸੋਨੇ ਦਾ ਬੁਖਾਰ' ਡਾਲਰ ਦੀ ਕਦਰ ਘਟਾਈ ਅਤੇ ਨਵ-ਬਸਤੀਵਾਦੀ ਮੁਦਰਿਕ ਪ੍ਰਣਾਲੀ ਦਾ ਤੇਜ਼ ਸੰਕਟ

ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਕੇਂਦਰੀ ਬੈਂਕ ਅਤੇ ਵਿਤੀ ਸੰਸਥਾਵਾਂ ਪੈਸਾ ਕਮਾਉਣ ਵਾਲੇ ਸੱਟੇਬਾਜ਼ ਵਿਦੇਸ਼ੀ ਮੁਦਰਾ ਦੇ ਕਾਰੋਬਾਰੀ, ਵਿਸ਼ਵੀ ਹੇਜ ਫੰਡ ਤੇ ਹੋਰ ਸਾਰੇ ਲਾਲਚੀ ਲੋਕਾਂ 'ਚ ਵੱਡੀ ਮਾਤਰਾ 'ਚ ਸੋਨਾ ਜਮ੍ਹਾ ਕਰਨ ਲਈ ਭਗਦੜ ਮੱਚੀ ਹੋਈ ਹੈ। ਇਸ ਦੀ ਵਜ੍ਹਾ ਨਾਲ ਜਾਇਦਾਦ ਦੀ ਆਪਰੀ ਸ਼ਰਨਗਾਹ ਸੋਨੇ ਦੀ ਕੀਮਤ ਖਤਰਨਾਕ ਰੂਪ 'ਚ ਵਧ ਗਈ ਹੈ। "ਭੋਇੰ ਦੇ ਕਾਰੋਬਾਰ ਦਾ ਬੁਲਬਲਾ" ਫੁੱਟ ਜਾਣ ਨਾਲ ਜੋ ਆਰਥਿਕ ਸੰਕਟ ਪੈਦਾ ਹੋਇਆ, ਉਹ ਅਜੇ ਵੀ ਬਿਨਾ ਰੁਕੇ ਜਾਰੀ ਹੈ। ਇਸ ਨਾਲ ਦੁਨੀਆ ਭਰ ਦੇ ਦਹਿਸ਼ਜਦਾ ਨਿਵੇਸ਼ਕਾਂ ਅਤੇ ਭੋਇੰ ਜਾਇਦਾਦ ਦੇ ਕਾਰੋਬਾਰੀਆਂ ਵਿਚਕਾਰ ਸੋਨੇ ਦੀ ਮੰਗ ਵਧ ਗਈ ਹੈ। ਇਸ ਦਾ ਕਾਰਨ, ਸੰਸਾਰ ਸਵਰਨ ਪ੍ਰੀਸ਼ਦ (ਵਰਲਡ ਗੋਲਡ ਕਾਊਂਸਿਲ) ਦੇ ਮੁਲਅੰਕਨ ਅਨੁਸਾਰ ਸਾਲ 2009 ਦੀ ਦੂਜੀ ਛਿਮਾਹੀ 'ਚ ਸੋਨੇ ਦੀ ਕੀਮਤ 'ਚ 51 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਸਿੱਟੇ ਵਜੋਂ ਸਾਮਰਾਜੀ ਬਾਜ਼ਾਰਾਂ 'ਚ ਸੋਨੇ ਦੀ ਕੀਮਤ 1200 ਡਾਲਰ, ਪ੍ਰਤੀ ਔਂਸ (28349 ਗ੍ਰਾਮ) ਤੱਕ ਪਹੁੰਚ ਚੁੱਕੀ ਹੈ ਅਤੇ ਜਦ ਤੱਕ ਆਰਥਿਕ ਸੰਕਟ ਬੇਰੋਕ ਟੋਕ ਜਾਰੀ ਰਹੇਗਾ ਤਦ ਤੱਕ ਇਹ ਵਾਧਾ ਵਧਦਾ ਹੀ ਜਾਵੇਗਾ। ਜ਼ਾਹਿਰ ਹੈ ਜਿਵੇਂ-ਜਿਵੇਂ ਸੋਨੇ ਦੀਆਂ ਕੀਮਤਾਂ 'ਚ ਵਾਧਾ ਹੁੰਦਾ ਜਾਵੇਗਾ, ਉਸ ਅਨੁਪਾਤ ਨਾਲ ਡਾਲਰ ਦਾ ਮੁੱਲ ਹੇਠਾ ਡਿੱਗਦਾ ਜਾਵੇਗਾ, ਕਿਉਂਕਿ ਡਾਲਰ ਅਜੇ ਵੀ ਕਿਸੇ ਬਦਲ ਦੀ ਘਾਟ ਕਾਰਨ ਇੱਕ ਕੌਮਾਂਤਰੀ ਮੁਦਰਾ ਵਜੋਂ ਕੰਮ ਕਰ ਰਿਹਾ ਹੈ। ਡਾਲਰ ਦੀ ਕਦਰ ਘਟਾਈ ਤਾਂ ਇਹ ਅਮਲ ਬੇਰੋਕ ਆਰਥਿਕ ਸੰਕਟ ਨੂੰ ਹੀ ਜ਼ਾਹਿਰ ਕਰ ਰਿਹਾ ਹੈ। ਬਸ ਇਹ ਉਸ ਨਵ-ਬਸਤੀਵਾਦੀ ਕੌਮਾਂਤਰੀ ਮੁਦਰਿਕ ਪ੍ਰਣਾਲੀ ਦੇ ਸੰਕਟ ਨੂੰ ਵੀ ਜ਼ਾਹਿਰ ਕਰ ਰਿਹੈ। ਜਿਸਨੂੰ ਅਮਰੀਕਾ ਦੀ ਅਗਵਾਈ 'ਚ ਸਾਮਰਾਜੀ ਸ਼ਕਤੀਆਂ ਵੱਲੋਂ ਦੂਜੀ ਸੰਸਾਰ ਜੰਗ ਪਿੱਛੋਂ ਦੇ ਅਰਸੇ 'ਚ ਕਾਫ਼ੀ ਮਿਹਨਤ ਕਰਕੇ ਉਸਾਰਿਆ ਗਿਆ ਸੀ।

ਖ਼ਬਰਾਂ ਅਨੁਸਾਰ ਨਵ-ਬਸਤੀਵਾਦੀ ਦੇਸ਼ ਦੀ ਅਮਰੀਕਾ ਪ੍ਰਤੀ ਉਹਨਾਂ ਦੀ ਦਾਸਤਾ ਦੇ ਚਲਦਿਆਂ, ਜੋ ਹਾਲੇ ਤੱਕ ਵੱਡੇ ਪੈਮਾਨੇ 'ਤੇ ਡਾਲਰ ਦਾ ਭੰਡਾਰ ਕਰਦੇ ਸਨ, ਹੁਣ ਡਾਲਰ ਦੀ ਥਾਂ ਸੋਨਾ ਖਰੀਦ ਰਹੇ ਹਨ। ਮਜ਼ੇਦਾਰ ਗੱਲ ਇਹ ਹੈ ਕਿ ਭਾਰਤੀ ਰਿਜ਼ਰਵ ਬੈਂਕ ਵੀ 67 ਅਰਬ ਡਾਲਰ ਦੇ ਕੇ ਆਈ ਐਮ ਐਫ ਤੋਂ 200 ਮੀਟਰਿਕ ਸੋਨਾ ਖਰੀਦਣ ਦਾ ਅਸਧਾਰਨ ਕਦਮ ਉਠਾ ਰਿਹਾ ਹੈ। ਸੰਭਾਵਿਤ ਇਹ ਅਮਰੀਕਾ ਦੇ ਦਬਾਅ ਹੇਠ ਕੀਤਾ ਜਾ ਰਿਹਾ ਹੈ ਤਾਂ ਕਿ ਚੀਨ ਇਸ ਤਰ੍ਹਾਂ ਦੀ ਖਰੀਦਦਾਰੀ ਨਾ ਕਰ ਸਕੇ। ਸੋਨੇ ਦੀ ਕੀਮਤ 'ਚ ਹੁੰਦੇ ਇਸ ਨਿਰੰਤਰ ਵਾਧੇ ਜਾਂ ਜਿਸ ਨੂੰ ਸਾਮਰਾਜੀ ਵਿਸ਼ਵੀ ਅਰਥਚਾਰੇ 'ਤੇ "ਸੋਨੇ ਦਾ ਬੁਖਾਰ" ਦਾ ਤਿੱਖਾ ਹਮਲਾ ਕਿਹਾ ਜਾ ਰਿਹਾ ਹੈ, ਅਖੌਤੀ ਡਾਲਰ ਸੋਨਾ ਵਟਾਂਦਰਾ ਸਟੈਂਡਰਡ 'ਤੇ ਅਧਾਰਤ ਸੰਪੂਰਨ ਨਵੀਂ-ਬਸਤੀਵਾਦੀ ਮੁਦਰਿਕ ਪ੍ਰਣਾਲੀ ਦੇ ਢਹਿਣ ਦਾ ਸਾਫ ਸੰਕੇਤ ਹੈ ਜਿਸ ਦੀ ਸਥਾਪਨਾ ਅਮਰੀਕਾ ਦੀ ਪਹਿਲ 'ਤੇ 1944 ਵਿੱਚ ਬ੍ਰੇਟਨਫੁਡਜ਼ ਸੰਮੇਲਨ 'ਚ ਕੀਤੀ ਗਈ ਸੀ। ਉਕਤ ਸੰਮੇਲਨ 'ਚ ਨਵ-ਬਸਤੀਵਾਦੀ ਵਿਵਸਥਾ ਦੇ ਸਰਵਉਚ ਪੰਚ ਅਮਰੀਕਾ ਨੇ ਤਦ

ਤੱਕ ਵਿਸ਼ਵੀ ਮੁਦਰਾ ਵਜੋਂ ਮੰਨੇ ਜਾਂਦੇ ਰਹੇ ਇੰਗਲੈਂਡ ਦੇ ਪਾਉਂਡ ਸਟਲਿੰਗ ਨੂੰ ਬਾਹਰ ਦਾ ਰਸਤਾ ਵਿਖਾ ਕੇ, ਆਪਣੀ ਮੁਦਰਾ ਡਾਲਰ ਨੂੰ ਨਵੀਂ ਕੌਮਾਂਤਰੀ ਮੁਦਰਾ ਵਜੋਂ ਸਥਾਪਤ ਕਰਨ 'ਚ ਕਾਮਯਾਬੀ ਪਾਈ ਸੀ। ਦੁਨੀਆਂ ਦੇ ਆਰਥਿਕ, ਰਾਜਸੀ ਤੇ ਫੌਜ ਮਾਮਲਿਆਂ 'ਚ ਅਮਰੀਕਾ ਦੇ ਦਾਬੇ ਕਾਰਨ ਅਤੇ ਵਿਸ਼ੇਸ਼ ਤੌਰ 'ਤੇ ਇਸ ਕਾਰਨ ਕਿ ਉਸ ਸਮੇਂ ਸਾਮਰਾਜੀ ਸੋਨੇ ਦੇ ਭੰਡਾਰ ਦੇ 74 ਫੀਸਦੀ ਹਿੱਸੇ 'ਤੇ ਅਮਰੀਕਾ ਦਾ ਕਬਜਾ ਸੀ, ਪੁਰਾਣੀਆਂ ਬਸਤੀਵਾਦੀ ਸ਼ਕਤੀਆਂ, ਕੌਮਾਂਤਰੀ ਕਾਰੋਬਾਰ ਦੇ ਰਾਹੀਂ ਅਤੇ ਰਾਖਵੇਂ ਭੰਡਾਰ ਵਜੋਂ ਡਾਲਰ ਨੂੰ ਮਾਨਤਾ ਦੇਣ ਲਈ ਮਜ਼ਬੂਰ ਸੀ। ਬ੍ਰੇਟਨਵੂਡਸ ਸਮਝੌਤੇ ਅਨੁਸਾਰ ਸੋਨੇ ਦੀ ਵਾਧੂ ਕੀਮਤ 35 ਡਾਲਰ ਪ੍ਰਤੀ ਔਂਸ ਤਹਿ ਕੀਤੀ ਗਈ ਸੀ, ਜੋ 1934 ਵਿੱਚ ਅਮਰੀਕਾ 'ਚ ਸੋਨੇ ਦੀ ਫਿਕਸ ਪ੍ਰਾਈਸ ਸੀ।

ਅਮਰੀਕਾ ਨੂੰ ਕਿਸੇ ਵੀ ਤਰ੍ਹਾਂ ਦੇ ਉਤਰਾਅ-ਝੜਾਅ ਤੋਂ ਬਚਾਈ ਰੱਖ ਕੇ ਉਸ ਡਾਲਰ ਸੋਨਾ ਵਟਾਂਦਰਾ ਦਰ ਨੂੰ ਬਣਾਈ ਰੱਖਣਾ ਸੀ ਤੇ ਬਿਨਾਂ ਕਿਸੇ ਪਾਬੰਦੀ ਜਾਂ ਸੀਅ ਦੇ ਇਸ ਰੇਟ 'ਤੇ ਡਾਲਰ ਬਦਲੇ ਸੋਨਾ ਜਾਂ ਸੋਨੇ ਬਦਲੇ ਡਾਲਰ ਦੇ ਵਟਾਂਦਰੇ ਲਈ ਤਿਆਰ ਰਹਿਣਾ ਸੀ। ਹੋਰ ਸਭ ਦੇਸ਼ਾਂ ਨੂੰ ਆਪਣੀਆਂ-ਆਪਣੀਆਂ ਮੁਦਰਾਵਾਂ ਦੀ ਕੀਮਤ ਪ੍ਰਤੱਖ ਤੌਰ 'ਤੇ ਡਾਲਰ ਜਾਂ ਅਸਿੱਧੇ ਤੌਰ ਤੇ ਸੋਨੇ ਦੇ ਭੰਡਾਰ ਦੇ ਅਧਾਰ 'ਤੇ ਤਹਿ ਕਰਨੀ ਸੀ। ਕੌਮਾਂਤਰੀ ਮੁਦਰਾ ਕੋਸ਼ (IMF) ਨੂੰ ਇਸ ਕੰਮ 'ਤੇ ਨਿਗਰਾਨੀ ਰੱਖਣ ਅਤੇ ਇਸ ਦਾ ਪ੍ਰਬੰਧ ਵੇਖਣ ਦੀ ਜੁੰਮੇਵਾਰੀ ਸੌਂਪੀ ਗਈ ਸੀ। ਵਟਾਂਦਰੇ ਦੇ ਕੌਮਾਂਤਰੀ ਮਾਧਿਅਮ, ਖਾਤੇ ਦੀ ਇਕਾਈ ਅਤੇ ਮੁੱਲ ਤਹਿ ਕਰਨ ਦੇ ਪੈਮਾਨੇ ਵਜੋਂ ਡਾਲਰ ਨੂੰ ਹਾਸਲ ਇਸ ਵਿਸ਼ੇਸ਼ ਅਧਿਕਾਰ ਨੇ ਅਮਰੀਕਾ ਵੱਲੋਂ ਵਿਤੀ ਪੂੰਜੀ ਦੀ ਬਰਾਮਦ ਨੂੰ ਵੱਧ ਸੁਖਾਲਾ ਬਣਾ ਦਿੱਤਾ ਅਤੇ ਅਮਰੀਕੀ ਬਹੁਕੌਮੀ ਕੰਪਨੀਆਂ ਨੂੰ ਨਵ-ਬਸਤੀਵਾਦੀ ਲੁੱਟ ਤੇਜ਼ ਕਰਨ 'ਚ ਮੱਦਦ ਪਹੁੰਚਾਈ। ਹੋਰ ਸਾਮਰਾਜੀ ਦੇਸ਼ਾਂ ਅਤੇ ਨਵ ਬਸਤੀਵਾਦੀ ਦੇਸ਼ਾਂ ਨੂੰ ਖਰੀਦੇ ਗਏ ਮਾਲਾਂ ਦੇ ਭੁਗਤਾਨ ਲਈ ਜਾਂ ਹੋਰ ਦੇਸ਼ਾਂ ਵਿੱਚ ਨਿਵੇਸ਼ ਲਈ ਡਾਲਰ ਦੀ ਲੋੜ ਹੁੰਦੀ ਸੀ ਜਿਸ ਲਈ ਜਾਂ ਤਾਂ ਉਹਨਾਂ ਨੂੰ ਵਾਧੂ ਬਰਾਮਦ ਕਰਨੀ ਪੈਂਦੀ ਸੀ ਜਾਂ ਫਿਰ ਆਪਣੇ ਅਸਲੀ ਸਾਧਨਾ ਜਾਂ ਸੋਨੇ ਦਾ ਡਾਲਰ ਨਾਲ ਵਟਾਂਦਰਾ ਕਰਨਾ ਪੈਂਦਾ ਸੀ ਦੂਜੇ ਪਾਸੇ ਅਮਰੀਕਾ ਦੁਨੀਆਂ ਦੇ ਬੈਂਕਰ ਵਜੋਂ ਯਾਨੀ ਕਿ ਡਾਲਰ ਜਾਰੀ ਰੱਖਣ ਵਾਲੇ ਦੇਸ਼ ਵਜੋਂ ਆਪਣੇ ਵਿਸ਼ੇਸ਼ ਅਧਿਕਾਰ ਦੀ ਵਰਤੋਂ ਕਰਕੇ ਜਿੰਨਾ ਚਾਹੇ ਕਾਗਜ਼ੀ ਡਾਲਰ ਛਾਪ ਸਕਦਾ ਸੀ। ਉਸ 'ਤੇ ਨਾ ਤਾਂ ਕੋਈ ਕੌਮਾਂਤਰੀ ਨਿਯਮ ਲਾਗੂ ਹੁੰਦਾ ਸੀ ਤੇ ਨਾ ਹੀ ਉਸ ਨੂੰ ਇਸ ਗੱਲ ਦੀ ਚਿੰਤਾ ਕਰਨ ਦੀ ਲੋੜ ਪੈਂਦੀ ਸੀ ਕਿ ਛਾਪੇ ਗਏ ਡਾਲਰ ਦੇ ਅਨੁਪਾਤ 'ਚ ਉਹਨਾਂ ਕੋਲ ਸੋਨੇ ਦਾ ਭੰਡਾਰ ਹੈ ਜਾਂ ਨਹੀਂ। ਨਤੀਜੇ ਵਜੋਂ ਹੋਰ ਦੇਸ਼ਾਂ ਦੇ ਡਾਲਰ ਧਾਰਕਾਂ ਜਿਵੇਂ ਕਿ ਸਰਕਾਰਾਂ, ਕੇਂਦਰੀ ਬੈਂਕਾਂ ਵਿਦੇਸ਼ੀ ਮੁਦਰਾ ਵਟਾਂਦਰੇ ਦਾ ਕਾਰੋਬਾਰ ਕਰਨ ਵਾਲਿਆਂ ਵਿਚਕਾਰ ਇਹ ਵਿਸ਼ਵਾਸ ਦਾ ਸੰਕਟ ਪੈਦਾ ਹੋ ਗਿਆ ਕਿ ਡਾਲਰ ਤੇ ਸੋਨੇ ਵਿਚਕਾਰ ਵਟਾਂਦਰੇ ਨੂੰ ਬਣਾਈ ਰੱਖਣ 'ਚ ਬ੍ਰੇਟਨਵੂਡਜ਼ ਸਮਝੌਤੇ ਅਨੁਸਾਰ 35 ਡਾਲਰ ਪ੍ਰਤੀ ਔਂਸ ਸੋਨੇ ਦੀ ਦਰ ਡਾਲਰ ਸੋਨਾ ਸਮਾਨਤਾ ਨੂੰ ਬਣਾਈ ਰੱਖਣ ਵਿੱਚ ਅਮਰੀਕਾ ਸਮਰੱਥ ਹੈ ਜਾਂ ਨਹੀਂ। ਤੱਥ ਤਾਂ ਇਹ ਹੈ ਕਿ ਪੂਰੇ ਬਸਤੀਵਾਦੀ ਦੌਰ ਵਿੱਚ ਡਾਲਰ ਦਾ ਅਸਲੀ ਮੁੱਲ ਜਾਂ ਕਾਰਜ ਸਮਰੱਥਾ ਉਸ ਦੇ ਅਧਿਕਾਰਿਕ ਰੂਪ 'ਚ ਐਲਾਨੇ ਮੁੱਲ ਦੀ ਤੁਲਨਾ ਵਿੱਚ ਨਿਰੰਤਰ ਘਟਦੀ ਗਈ ਹੈ ਇਸ ਦੌਰਾਨ ਅਮਰੀਕਾ ਵੱਲੋਂ ਸਵਰਨ ਭੰਡਾਰ ਦੀ ਸਪੋਰਟ

ਬਿਨਾ ਡਾਲਰ ਦੀ ਛਪਾਈ ਕਰਕੇ ਵਿਤੀ ਪੂੰਜੀ ਦੀ ਬਰਾਮਦ ਕਈ ਗੁਣਾ ਵਧ ਗਈ। ਉਸ ਨੇ ਇਸ ਡਾਲਰ ਦੇ ਜ਼ੋਰ 'ਤੇ ਹੋਰ ਦੇਸ਼ਾਂ ਤੋਂ ਵਸਤਾਂ ਦੀ ਖਰੀਦ ਕੀਤੀ ਹੋਰ ਸਾਮਰਾਜੀ ਦੇਸ਼ਾਂ ਦੇ ਲਾਭਦਾਇਕ ਉਪਕਰਣਾਂ ਤੇ ਆਰਥਿਕ ਸੰਸਥਾਵਾਂ ਨੂੰ ਖਰੀਦਿਆ ਤੇ ਸਾਰੇ ਨਵ ਬਸਤੀਵਾਦੀ ਦੇਸ਼ਾਂ ਦੀ ਜਾਇਦਾਦ ਦੀ ਲੁੱਟ ਕੀਤੀ। ਅਖੌਤੀ ਯੂਰਪੀ ਰਿਕਵਰੀ ਪ੍ਰੋਗ੍ਰਾਮ ਜਾਂ ਮਾਰਸ਼ਲ ਪਲਾਨ ਦੇ ਤਹਿਤ ਯੁੱਧ ਜਾਂ ਖੋਖਲੀ ਹੋਈ ਯੂਰਪ ਦੀ ਅਰਥ ਵਿਵਸਥਾ ਦੇ ਪੁਨਰਗਠਨ ਲਈ ਤੇ ਨਵ ਬਸਤੀਵਾਦੀ ਦੇਸ਼ਾਂ ਨੂੰ ਆਪਣੇ ਉਪਰ ਨਿਰਭਰ ਬਣਾਉਣ ਦੀ ਨੀਅਤ ਨਾਲ ਚਲਾਏ ਗਏ ਆਰਥਿਕ ਮੱਦਦ' ਦੇ ਪ੍ਰੋਗ੍ਰਾਮਾਂ ਲਈ ਕਾਗਜ਼ੀ ਡਾਲਰ ਦੀ ਖੁੱਲ੍ਹ ਕੇ ਵਰਤੋਂ ਕੀਤੀ। ਦੁਨੀਆਂ ਦੇ ਵੱਖ-ਵੱਖ ਹਿੱਸਿਆਂ ਵਿੱਚ ਪਿਛਾਧੜੀ ਅਧੀਨ ਤੇ ਕਠਪੁਤਲੀ ਸਰਕਾਰਾਂ ਦੀ ਸਥਾਪਨਾ ਕਰਨ ਲਈ ਤੇ ਸਮਾਜਵਾਦੀ, ਅਗਾਂਹਵਧੂ ਤੇ ਕੌਮੀ ਮੁਕਤੀ ਅੰਦੋਲਨਾਂ 13 ਜਬਰ ਕਰਨ ਲਈ ਸਾਧਨ ਵੀ ਇਸ ਤਰ੍ਹਾਂ ਜੁਟਾਏ ਗਏ ਸਨ। ਵਿਅਤਨਾਮ ਯੁੱਧ 'ਚ ਪੈਸਾ ਝੋਕਣ ਤੇ ਦੁਨੀਆਂ ਭਰ 'ਚ ਫੌਜੀ ਕੇਂਦਰਾਂ ਤੇ ਫੌਜੀ ਅੱਡਿਆਂ ਦੀ ਉਸਾਰੀ ਕਰਨ ਸਮੇਤ ਅਮਰੀਕੀ ਸਾਮਰਾਜ ਵੱਲੋਂ ਫੌਜੀ ਮਾਮਲਿਆਂ 'ਚ ਕੀਤੇ ਗਏ ਭਾਰੀ ਖਰਚੇ ਨੂੰ ਵੀ ਇਸ ਤਰ੍ਹਾਂ ਕਾਗਜ਼ੀ ਡਾਲਰ ਛਾਪ ਕੇ ਪੂਰਾ ਕਰ ਦਿੱਤਾ ਗਿਆ। ਅਮਰੀਕਾ ਦੇ ਅਮੀਰਾਂ 'ਤੇ ਟੈਕਸ ਲਾਉਣ ਦੀ ਬਜਾਏ, ਉਥੋਂ ਦੀ ਸਰਕਾਰ ਨੇ ਚਾਹੇ ਉਹ ਰਿਪਬਲਿਕ ਪਾਰਟੀ ਦੀ ਹੋਵੇ ਜਾਂ ਡੈਮੋਕਰੇਟਿਕ ਪਾਰਟੀ ਅਮਰੀਕਾ ਦੇ ਅੰਦਰੂਨੀ ਤੇ ਬਾਹਰੀ ਖਰਚਿਆਂ ਨੂੰ ਪੂਰਾ ਕਰਨ ਲਈ ਡਾਲਰ ਛਾਪਣ ਦੇ ਸੌਖੇ ਰਾਹ ਦਾ ਸਹਾਰਾ ਲਿਆ ਗਿਆ। ਇਸ ਅਮਲ 'ਚ ਅਮਰੀਕਾ ਨੇ ਖੁਦ ਨੂੰ ਉਤਪਾਦਕ ਅਰਥਚਾਰੇ ਤੋਂ ਖਪਤ 'ਤੇ ਅਧਾਰਤ ਵਿਤੀ ਬੁਲਬੁਲ ਦੇ ਅਰਥਚਾਰੇ 'ਚ ਤਬਦੀਲ ਕਰ ਦਿੱਤਾ। ਜਿੱਥੇ ਯੂਰਪ ਤੇ ਜਾਪਾਨ 'ਚ ਕਿਰਤ ਦੀ ਉਤਪਾਦਿਕਤਾ ਅਤੇ ਆਰਥਕ ਵਿਕਾਸ ਦਰ 'ਚ ਮੁਕਾਬਲਤਨ ਵਾਧਾ ਹੋਇਆ। ਉਥੇ ਅਮਰੀਕਾ ਇਸ ਸਬੰਧੀ ਪਿਛੜ ਗਿਆ ਅਤੇ ਉਹ ਹੋਰ ਸਾਮਰਾਜੀ ਦੇਸ਼ਾਂ ਤੋਂ ਕੁਲ ਤੌਰ 'ਤੇ ਸਸਤੇ ਮਾਲਾਂ ਦਾ ਦਰਾਮਦਕਾਰ ਬਣ ਗਿਆ।

ਆਵਾਜਾਈ, ਸੰਚਾਰ ਤੇ ਸੂਚਨਾ ਤਕਨੀਕੀ ਦੇ ਖੇਤਰ 'ਚ ਤਾਜਾ ਵਿਕਾਸ਼ਾਂ ਦੀ ਵਰਤੋਂ ਕਰਕੇ ਅਮਰੀਕੀ ਬਹੁਕੌਮੀ ਕੰਪਨੀਆਂ ਨੇ ਆਪਣੀਆਂ ਅਨੇਕਾਂ ਹੀ ਪੈਦਾਵਾਰੀ ਇਕਾਈਆਂ ਨੂੰ ਹੋਰ ਦੇਸ਼ਾਂ 'ਚ ਤਬਦੀਲ ਕਰ ਦਿੱਤਾ। ਇਸ ਲਈ ਉਸ ਨੇ ਅਜਿਹੇ ਪੈਦਾਵਾਰੀ ਪ੍ਰਣਾਲੀ ਦੀ ਵਰਤੋਂ ਕੀਤੀ ਜਿਸ ਰਾਹੀਂ ਪੈਦਾਵਾਰ ਨੂੰ ਵੱਖ-ਵੱਚ ਪੱਧਰਾਂ 'ਤੇ ਵੱਖ-ਵੱਖ ਇਕਾਈਆਂ 'ਚ ਵੰਡਿਆ ਜਾ ਸਕਦਾ ਹੈ। ਇਸ ਤਰ੍ਹਾਂ ਕੌਮਾਂਤਰੀ ਪੱਧਰ 'ਤੇ ਕਿਰਤ ਦੀ ਨਵੇਂ ਸਿਰੇ ਤੋਂ ਵੰਡ ਕਰਕੇ ਕਿਰਤ ਭਾਰੂ ਪੈਦਾਵਾਰ ਦੀ ਥਾਂ ਸਸਤੇ ਤੇ ਘੱਟ ਮਜ਼ਦੂਰਾਂ ਵਾਲੀਆਂ ਇਕਾਈਆਂ ਦੀ ਸਥਾਪਨਾ ਕੀਤੀ। ਇਸ ਨੂੰ ਫੋਰਡੋਤਰ ਬਿਸਨਸ ਪ੍ਰਬੰਧ ਦਾ ਨਾਂ ਦਿੱਤਾ ਗਿਆ, ਜਿਸ ਨੇ ਕੰਮ ਦੀ ਦਸ਼ਾ ਨੂੰ ਲਚੀਲਾ ਬਣਾ ਦਿੱਤਾ। ਸਿੱਟੇ ਵਜੋਂ ਅਮਰੀਕਾ 'ਚ ਬੇਰੁਜ਼ਗਾਰੀ ਤੇ ਅਰਧ-ਬੇਰੁਜ਼ਗਾਰੀ ਕਾਫੀ ਵਧ ਗਈ। ਦੂਜੇ ਪਾਸੇ ਅਮਰੀਕਾ 'ਚ ਦਰਾਮਦ 'ਚ ਵਾਧੇ ਦੀ ਵਜ੍ਹਾ ਕਰਕੇ ਇੱਕ ਵਿਡੀਬਨਾਪੂਰਣ ਸਥਿਤੀ ਉਸਰ ਗਈ। ਦੁਨੀਆਂ ਦਾ ਬੈਂਕਰ ਖੁਦ ਭੁਗਤਾਨ ਸੰਤੁਲਨ ਦੇ ਸੰਕਟ 'ਚ ਫਸਦਾ ਗਿਆ। ਅਸਲ 'ਚ ਇਸ ਸਾਰੇ ਕੁਝ ਦੇ ਸਿੱਟੇ ਵਜੋਂ ਅਮਰੀਕਾ ਤੋਂ ਹੋਰ ਸਾਮਰਾਜੀ ਦੇਸ਼ਾਂ ਵੱਲ ਸੋਨੇ ਦਾ ਪ੍ਰਵਾਹ ਹੋਣ ਲੱਗਿਆ। ਸਮਾਂ ਬੀਤਣ ਨਾਲ ਦੁਨੀਆਂ ਨੂੰ ਕਰਜ਼ਾ ਦੇਣ ਵਾਲਾ ਖੁਦ ਸਭ ਤੋਂ ਵੱਡਾ ਕਰਜ਼ਦਾਰ ਬਣ ਗਿਆ।

1950 ਦੇ ਦਹਾਕੇ ਪਿਛੋਂ, ਹੋਰ ਸਾਮਰਾਜੀ ਦੇਸ਼ਾਂ ਨੂੰ ਇਹ ਗੱਲ ਅੱਛੀ ਤਰ੍ਹਾਂ ਮਾਲੂਮ ਹੋ ਗਈ ਸੀ ਕਿ ਅਮਰੀਕੀ ਮੁਦਰਾ ਦਾ ਭੁਗਤਾਨ ਉਸ ਦੇ ਸੋਨੇ ਦੇ ਭੰਡਾਰ ਦੇ ਅਨੁਰੂਪ ਨਹੀਂ ਸੀ ਅਤੇ ਇਹ ਹੋਰ ਕਿਸੇ ਵੀ ਦੇਸ਼ ਵੱਲੋਂ ਜਾਰੀ ਕੀਤੀ ਮੁਦਰਾ ਦੇ ਬਰਾਬਰ ਹੈ। ਸਿੱਟੇ ਵਜੋਂ, ਨਵ-ਬਸਤੀਵਾਦ ਦੇ ਸ਼ੁਰੂਆਤੀ ਦੌਰ ਵਿੱਚ ਜਿਸ ਤਰ੍ਹਾਂ ਡਾਲਰ ਭੰਡਾਰਨ ਨੂੰ ਇੱਕ ਸੁਰੱਖਿਅਤ ਜਾਇਦਾਦ ਜਾਂ ਨਿਧੀ ਮੰਨਿਆ ਗਿਆ ਸੀ, ਅੱਗੇ ਚਲ ਕੇ ਬਾਕੀ ਦੁਨੀਆ ਲਈ ਅਮਰੀਕੀ ਦੇਣਦਾਰੀ ਜਾਂ ਅਮਰੀਕੀ ਕਰਜ਼ੇ ’ਚ ਤਬਦੀਲ ਹੋ ਗਿਆ, ਕਿਉਂਕਿ ਵਾਅਦੇ ਦੇ ਅਨੁਰੂਪ ਡਾਲਰ ਨੂੰ ਅਸਾਨੀ ਨਾਲ ਸੋਨੇ ’ਚ ਬਦਲਣਾ ਸੰਭਵ ਨਹੀਂ ਸੀ। ਇਸ ਦਾ ਸਿੱਟਾ ਇਹ ਹੋਇਆ ਕਿ ਵਿਦੇਸ਼ੀ ਬੈਂਕਾਂ ਤੇ ਸੰਸਥਾਵਾਂ ਨੂੰ ਅਮਰੀਕੀ ਦੇਣਦਾਰੀਆਂ ਦਾ ਭੁਗਤਾਨ ਤੇਜ਼ੀ ਨਾਲ ਵਧਦਾ ਗਿਆ। ਬ੍ਰੇਟਨਵੂਡਜ਼ ਵਿੱਚ ਜਿਸ ਮੁਦਰਿਕ ਪ੍ਰਣਾਲੀ ਦੀ ਸਥਾਪਨਾ ਕੀਤੀ ਗਈ ਸੀ, ਉਹ ਕਿੰਨੀ ਅਸੰਗਤ ਹੈ, ਇਸ ਦਾ ਖੁਲਾਸਾ ਤਾਂ ਰਾਬਰਟ ਟ੍ਰੀਫਨ ਵਰਗੇ ਪੂੰਜੀਪਤੀ ਅਰਥਸਾਸ਼ਤਰੀਆਂ ਤੱਕ ਨੇ ਕੀਤਾ ਹੈ। ਉਹਨਾਂ ਨੇ ਇਹ ਨਿਸ਼ਾਨਦੇਹੀ ਕੀਤੀ ਹੈ ਕਿ ਅਮਰੀਕਾ ਡਾਲਰ ਨੂੰ ਸੋਨੇ ’ਚ ਬਦਲਣ ਦੇ ਸਮਰੱਥ ਹੈ।

ਉਦਾਹਰਣ ਲਈ 1960 ਦੇ ਦਹਾਕੇ ਦੇ ਮੱਧ ਵਿੱਚ ਹੋਰ ਦੇਸ਼ਾਂ ਦੇ ਵਿਦੇਸ਼ੀ ਮੁਦਰਾ ਭੰਡਾਰਾਂ ਤੇ ਦੁਨੀਆਂ ਦੀਆਂ ਮੁਦਰਾ ਪ੍ਰਵਾਹਿਤ ਹੋਣ ਵਾਲੀਆਂ ਧਮਨੀਆਂ ’ਚ 30 ਟ੍ਰੀਲੀਅਨ (1 ਟ੍ਰੀਲੀਅਨ = 10,000 ਲੱਖ) ਅਮਰੀਕੀ ਡਾਲਰਾਂ ਤੋਂ ਵੱਧ ਦੀ ਰਕਮ ਜਮ੍ਹਾ ਹੋ ਚੁੱਕੀ ਸੀ। ਜਿਸ ਨੂੰ ਸੋਨੇ ਨਾਲ ਵਟਾਂਦਰੇ ਲਈ ਪੇਸ਼ ਕੀਤਾ ਜਾ ਸਕਦਾ ਸੀ ਜਾਂ ਕਿਸੇ ਹੋਰ ਸਾਮਰਾਜਵਾਦੀ ਮੁਦਰਾ ’ਚ ਜਿਵੇਂ ਕਿ ਫ੍ਰਾਂਕ, ਮਾਰਕ, ਯੇਨ ਆਦਿ ’ਚ ਬਦਲਿਆ ਜਾ ਸਕਦਾ ਸੀ। 1970 ਦੇ ਦਹਾਕੇ ’ਚ ਬਾਕੀ ਦੁਨੀਆਂ ਨੂੰ ਅਮਰੀਕੀ ਡਾਲਰ ਦੀ ਦੇਣਦਾਰੀ 65 ਟ੍ਰੀਲੀਅਨ ਡਾਲਰ ਹੋ ਗਈ ਸੀ। ਅੱਜ ਭੁਗਤਾਨ ਸੰਤੁਲਨ ਖਾਤੇ ’ਚ ਹੀ ਅਮਰੀਕੀ ਦੇਣਦਾਰੀ ਉਸ ਦੇ ਸੋਨੇ ਦੇ ਭੰਡਾਰ ਤੋਂ ਛੇ ਗੁਣਾ ਵੱਧ ਹੋ ਗਈ ਹੈ। ਇਸ ਦੌਰਾਨ ਅਮਰੀਕਾ ਦਾ ਸੋਨੇ ਦਾ ਭੰਡਾਰ, ਜੋ 1940 ਦੇ ਦਹਾਕੇ ’ਚ ਦੁਨੀਆਂ ਦੇ ਸੋਨੇ ਦੇ ਭੰਡਾਰ ਦਾ 70 ਫੀਸਦੀ ਤੋਂ ਵੱਧ ਸੀ, ਜਿਸ ਦੀ ਬੁਨਿਆਦ ’ਤੇ ਪੂਰੀ ਨਵ-ਬਸਤੀਵਾਦੀ ਮੁਦਰਿਕ ਪ੍ਰਣਾਲੀ ਖੜ੍ਹੀ ਕੀਤੀ ਗਈ ਸੀ। 1970 ਦੇ ਦਹਾਕੇ ’ਚ ਘਟ ਕੇ ਸਿਰਫ 20 ਫੀਸਦੀ ਰਹਿ ਗਈ ਸੀ। ਉਥੇ ਦੂਜੇ ਪਾਸੇ, ਇਸ ਅਰਸੇ ਵਿੱਚ ਸਾਮਰਾਜੀ ਦੇਸ਼ਾਂ ਦੀ ਆਰਥਕ ਸ਼ਕਤੀ ’ਚ ਹੋਏ ਤੁਲਨਾਤਮਕ ਫੇਰ-ਬਦਲ ਨੂੰ ਉਜਾਗਰ ਕਰਦਿਆਂ ਯੂਰਪੀ ਦੇਸ਼ਾਂ ਦਾ ਸੋਨੇ ਦਾ ਭੰਡਾਰ 6 ਫੀਸਦੀ ਤੋਂ ਵੱਧ ਕੇ 40 ਫੀਸਦੀ ਤੋਂ ਵੱਧ ਹੋ ਗਿਆ। ਇਸ ਹਾਲਤ ’ਚ ਇਹ ਸੁਭਾਵਿਕ ਹੀ ਸੀ ਕਿ ਜਿਨ੍ਹਾਂ ਕੋਲ ਡਾਲਰ ਜਮ੍ਹਾ ਸੀ, ਉਹ ਉਸ ਤੋਂ ਛੁਟਕਾਰਾ ਪਾਉਣ ਲਈ ਜੋ ਵੀ ਹੋ ਸਕੇ, ਉਹ ਕਰਨ। ਚਾਹੇ, ਉਸ ਨੂੰ ਸੋਨੇ ’ਚ ਬਦਲ ਲੈਣ ਜਾਂ ਕਿਸੇ ਜ਼ਿਆਦਾ ਟਿਕਾਊ ਮੁਦਰਾ ਨਾਲ ਉਸ ਦਾ ਵਟਾਂਦਰਾ ਕਰ ਲੈਣ। ਹੋਰ ਸਾਮਰਾਜੀ ਦੇਸ਼ਾਂ ਜਿਵੇਂ ਕਿ ਫਰਾਂਸ ਨੂੰ ਨਵ-ਬਸਤੀਵਾਦੀ ਪ੍ਰਬੰਧ ’ਚ ਅਮਰੀਕਾ ਦੀ ਵਿਸ਼ੇਸ਼ ਅਧਿਕਾਰ ਪ੍ਰਾਪਤ ਸਥਿਤੀ ਤੋਂ ਖੁੰਦਕ ਸੀ। ਉਹਨਾਂ ਨੇ ਆਪਣੀਆਂ ਘਰੇਲੂ ਆਰਥਕ ਨੀਤੀਆਂ ਰਾਹੀਂ ਅਮਰੀਕਾ ਦੀਆਂ ਸਮੱਸਿਆਵਾਂ ਨੂੰ ਵਧਾਉਣ ਦਾ ਕੰਮ ਕੀਤਾ। ਸਾਮਰਾਜੀ ਮੁਦਰਾ ਬਾਜ਼ਾਰ ’ਚ ਸਮੇਂ-ਸਮੇਂ ’ਤੇ ਹਮਲੇ ਹੁੰਦੇ ਰਹੇ। ਇਹ ਅਫਵਾਹ ਉਡਦੀ ਰਹੀ ਕਿ ਹੋਰ ਮੁਦਰਾਵਾਂ ਦੀ ਤੁਲਨਾ ਵਿੱਚ ਡਾਲਰ ਦੇ ਮੁੱਲ ਦੀ ਸਮੀਖਿਆ ਕੀਤੀ ਜਾਵੇਗੀ ਅਤੇ ਹੋਰ ਸਾਮਰਾਜ ਦੇਸ਼ ਉਸ

ਦੀ ਕਦਰ ਘਟਾਈ ਕਰਨਾ ਚਾਹੁੰਦੇ ਹਨ। ਇਹ ਡਾਲਰ ਧਾਰਕਾਂ ਵੱਲੋਂ ਉਸ ਤੋਂ ਛੁਟਕਾਰਾ ਪਾਉਣ ਦੀਆਂ ਕੋਸ਼ਿਸ਼ਾਂ ਦਾ ਇਜ਼ਹਾਰ ਸਨ। ਇਸ ਨੇ ਸਾਮਰਾਜੀ ਮੁਦਰਿਕ ਪ੍ਰਣਾਲੀ 'ਚ ਤੇਜ਼ ਉਤਰਾਅ-ਝੜਾਅ ਨੂੰ ਜਨਮ ਦਿੱਤਾ। ਮਿਸਾਲ ਵਜੋਂ 1971 ਦੇ ਸ਼ੁਰੂ ਵਿੱਚ ਜਦ ਪੱਛਮੀ ਜਰਮਨੀ ਦੀ ਮੁਦਰਾ ਮਾਰਕਾ ਦੇ ਮੁੱਲ ਦੀ ਫਿਰ ਤੋਂ ਸਮੀਖਿਆ ਕਰਨ (ਯਾਨੀ ਕਿ ਉਸ ਦੇ ਅਧਿਕਾਰਿਕ ਸੋਨੇ ਸਾਰ ਨੂੰ ਵਧਾਉਣ) ਦੀ ਗੱਲ ਉਠ ਰਹੀ ਸੀ ਤਾਂ ਜਰਮਨੀ 'ਚ ਵੱਖ-ਵੱਖ ਸਰੋਤਾਂ ਤੋਂ ਵੱਡੇ ਪੈਮਾਨੇ 'ਤੇ ਡਾਲਰ ਦਾ ਪ੍ਰਵਾਹ ਹੋਣ ਲੱਗਿਆ ਸੀ ਤੇ ਅਮਰੀਕਾ ਦੇ ਦਬਾਅ 'ਚ ਡਾਲਰ ਦੀ ਕਦਰ ਘਟਾਈ ਰੋਕਣ ਲਈ, ਜਰਮਨ ਸਰਕਾਰ ਨੂੰ 12 ਟ੍ਰੀਲੀਅਨ ਡਾਲਰ ਖਰੀਦਣਾ ਪਿਆ ਸੀ, ਪਰ ਕੁਝ ਸਮੇਂ ਬਾਅਦ ਜਰਮਨੀ ਨੇ ਡਾਲਰ ਖਰੀਦਣਾ ਬੰਦ ਕਰ ਦਿੱਤਾ ਅਤੇ ਯੂਰਪ ਦੇ ਹੋਰਨਾ ਦੇਸ਼ਾਂ ਨੇ ਵੀ ਇਹ ਕਦਮ ਉਠਾਇਆ। ਵਿਅਤਨਾਮ 'ਤੇ ਹਮਲੇ ਲਈ ਪੈਸੇ ਇਕੱਠੇ ਕਰਨ ਵਾਸਤੇ ਅਮਰੀਕੀ ਸਰਕਾਰਾਂ ਵੱਲੋਂ, ਪਾਸ ਕਰਕੇ ਜਾਨਸਨ ਤੇ ਨਿਕਸ਼ਨ ਦੀਆਂ ਸਰਕਾਰਾਂ ਵੱਲੋਂ ਭਾਰੀ ਮਾਤਰਾ 'ਚ ਡਾਲਰ ਝੋਕਿਆ ਗਿਆ ਤੇ ਉਸ ਨੂੰ ਦੁਨੀਆ ਭਰ 'ਚ ਡੀਪ ਕਰ ਦਿੱਤਾ ਗਿਆ। ਡਾਲਰ ਦੀ ਅਤੀ-ਸ਼ਕਤੀ ਪਿੱਛੇ ਇਹ ਘ੍ਰਿਣਤ ਨਵ-ਬਸਤੀਵਾਦੀ ਕਦਮ ਫੌਰੀ ਕਾਰਨ ਸੀ। ਇਸ ਅਮਲ ਵਿੱਚ ਅਮਰੀਕਾ ਨੇ ਆਪਣੇ ਦੇਸ਼ ਦੀ ਮੁਦਰਸਫਿਤੀ ਦੀ ਬੀਮਾਰੀ ਨਾਲ ਬਾਕੀ ਦੁਨੀਆਂ ਨੂੰ ਦੂਸ਼ਿਤ ਕਰ ਦਿੱਤਾ। ਦੂਜੇ ਸ਼ਬਦਾਂ ਵਿੱਚ ਅਮਰੀਕੀ ਸਾਮਰਾਜਵਾਦ ਆਪਣੀਆਂ ਨਵ-ਬਸਤੀਵਾਦੀ ਯੋਜਨਾਵਾਂ ਲਈ ਪੈਸਾ ਆਪਣੇ ਦੇਸ਼ ਦੇ ਅਮੀਰਾਂ 'ਤੇ ਟੈਕਸ ਲਾ ਕੇ ਨਹੀਂ ਬਲਕਿ ਸੰਸਾਰ ਪੱਧਰ 'ਤੇ ਵੱਡੇ ਪੈਮਾਨੇ 'ਤੇ ਡਾਲਰ ਟੈਕਸ ਨਿਰਧਾਰਿਤ ਕਰਕੇ ਉਗਰਾਹ ਰਹੇ ਸਨ (ਜੋ ਅਸਲ 'ਚ ਬਾਕੀ ਦੁਨੀਆਂ 'ਤੇ ਅਮਰੀਕੀ ਕਰਜਾ ਸੀ) ਇਹਨਾਂ ਸਾਰੀਆਂ ਗੱਲਾਂ ਦੇ ਨਾਲ ਨਾਲ ਸਾਮਰਾਜੀ ਦੇਸ਼ਾਂ ਵਿਚਕਾਰ ਵਧਦਾ ਅੰਤਰ ਵਿਰੋਧ ਤੇ ਸਾਮਰਾਜੀ ਦੇਸ਼ਾਂ ਤੇ ਅਮੀਰਾਂ ਵੱਲੋਂ ਸੋਨਾ ਜਮ੍ਹਾ ਕਰਨ ਦੀ ਪਾਗਲ ਦੌੜ ਦੀ ਨਜਾਹ ਕਰਕੇ ਸੋਨੇ ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ।

1967 ਤੋਂ 1972 ਦਰਮਿਆਨ ਪੰਜ ਸਾਲ ਦੇ ਅਰਸੇ 'ਚ ਸਾਮਰਾਜੀ ਕੌਮਾਂਤਰੀ ਮੁਦਰਿਕ ਪ੍ਰਣਾਲੀ ਸੱਤਵਾਰੀ 'ਸੋਨੇ ਦਾ ਬੁਖਾਰ' ਦਾ ਅਜਿਹਾ ਤਿੱਖਾ ਹਮਲਾ ਹੋਇਆ ਸੀ ਕਿ ਦੁਨੀਆਂ ਦੇ ਨਵ-ਉਪਨਿਵੇਸ਼ੀਕਰਨ ਦੇ ਹਿੰਸੇ ਵਜੋਂ ਨਿਰਮਿਤ ਬ੍ਰੇਟਨਵੁਡਜ਼ ਦੀ ਮੁਦਰਿਕ ਪ੍ਰਣਾਲੀ ਲਾਜ਼ਮੀ ਹੀ ਹਿੱਲ ਗਈ ਸੀ। ਅਮਰੀਕੀ ਸਾਮਰਾਜ ਨੇ ਇਸ ਹਿੱਲਜੁਲ ਨੂੰ ਮੁਲਤਵੀ ਰੱਖਣ ਦੀ ਕੋਸ਼ਿਸ਼ ਲਾਜ਼ਮੀ ਕੀਤੀ ਜਿਸ ਲਈ ਸੋਨਾ ਤੇ ਹੋਰ ਠੋਸ ਮੁਦਰਾਵਾਂ ਦੇ ਮੁਕਾਬਲੇ ਡਾਲਰ ਦੀ ਕਦਰ ਘਟਾਈ ਨੂੰ ਮੰਨ ਲਿਆ ਸੀ। ਜ਼ਬਰਦਸਤ 'ਸਵਰਨ ਬੁਖਾਰ' ਦੇ ਉਸ ਦੌਰ ਵਿੱਚ ਅਮਰੀਕਾ ਨੂੰ ਦੋ ਵਾਰੀ ਡਾਲਰ ਦੀ ਕਦਰ ਘਟਾਈ ਕਰਨੀ ਪਈ ਸੀ ਅਤੇ ਪਦ ਡਾਲਰ ਪ੍ਰਤੀ ਔਂਸ ਸੋਨੇ ਦੇ ਕੀਮਤ ਤਹਿ ਕਰਨੀ ਪਈ ਸੀ ਇਸ ਦੇ ਬਾਵਜੂਦ ਉਹ ਡਾਲਰ ਦੀ ਕਦਰ ਘਟਾਈ ਨੂੰ ਰੋਕ ਨਹੀਂ ਸਕਿਆ ਸੀ। (1974'ਚ ਦੇ ਅੰਤ 'ਚ ਲੰਦਨ ਵਟਾਂਦਰਾ ਬਾਜ਼ਾਰ 'ਚ ਇੱਕ ਔਂਸ ਸੋਨੇ ਦੀ ਕੀਮਤ ਅਸਲ 'ਚ 198 ਡਾਲਰ ਤੱਕ ਪਹੁੰਚ ਗਈ ਸੀ) ਇੱਕ ਹੀ ਵਿਕੱਲਪ ਸੀ ਕਿ ਬ੍ਰੇਟਨਵੁਡਜ਼ ਮੁਦਰਿਕ ਪ੍ਰਣਾਲੀ ਨੂੰ ਦਫ਼ਨ ਕਰ ਦਿੱਤਾ ਜਾਵੇ। 15 ਅਗਸਤ 1971 ਨੂੰ ਅਮਰੀਕੀ ਰਾਸ਼ਟਰਪਤੀ ਨਿਕਸਨ ਨੇ ਇੱਕ ਤਰਫਾ ਢੰਗ ਨਾਲ ਡਾਲਰ ਦੀ ਸੋਨੇ 'ਚ ਵਟਾਂਦਰੇ ਦੀ ਵਿਵਸਥਾ ਅਤੇ ਰਾਖਵੀਆਂ ਨੀਤੀਆਂ ਦੇ ਅੰਤ ਦਾ ਐਲਾਨ

ਕਰ ਦਿੱਤਾ। ਇਹ ਮੁਦਰਿਕ ਸੰਕਟ ਲਾਜ਼ਮੀ ਤੌਰ 'ਤੇ ਵਿਤੀ ਪੂੰਜੀ ਦੇ ਤਰਕ ਨਾਲ ਜੁੜਿਆ ਸੀ। ਇਸ ਸੰਕਟ ਨੂੰ ਦੂਜੀ ਸੰਸਾਰ ਜੰਗ ਪਿੱਛੋਂ ਸਾਮਰਾਜੀ ਅਰਥਚਾਰੇ ਦੇ ਮੁਕੰਮਲ ਵਿਕਾਸਕ੍ਰਮ ਦੇ ਪ੍ਰਸੰਗ 'ਚ ਵੇਖਣਾ ਚਾਹੀਦਾ ਹੈ, ਪਰ ਇਹ ਪਹਿਲੂ ਇਸ ਲੇਖ ਦਾ ਵਿਸ਼ਾ ਨਹੀਂ ਹੈ। ਅਮਰੀਕਾ ਦੀ ਅਗਵਾਈ 'ਚ ਸਾਮਰਾਜ ਸ਼ਕਤੀਆਂ ਨੇ ਜਿਸ ਮੁਦਰਿਕ ਪ੍ਰਣਾਲੀ ਨੂੰ ਖੋਜਿਆ ਸੀ, ਉਸ ਦਾ ਢਹਿ-ਢੇਰੀ ਹੋਣਾ 1970 ਦੇ ਦਹਾਕੇ ਦੀ ਸਿਥਰਾਸਫਿਤੀ (ਪੈਦਾਵਾਰ 'ਚ ਸਥਿਰਤਾ ਤੇ ਮੁਦਰਾ ਦੇ ਪ੍ਰਸਾਰ ਦੇ ਮੇਲ) ਅਤੇ ਇਸ ਦੇ ਸਿੱਟੇ ਵਜੋਂ ਕੌਮਾਂਤਰੀ ਪੱਧਰ 'ਤੇ ਕੀਂਸਵਾਦ (ਕਲਿਆਣਕਾਰੀ ਰਾਜ ਦੀ ਧਾਰਣਾ) ਦੇ ਅੰਤ ਨਾਲ ਲਾਜ਼ਮੀ ਤੌਰ 'ਤੇ ਸਬੰਧਤ ਸੀ। ਦੂਜੇ ਸ਼ਬਦਾਂ ਵਿੱਚ ਇਹ ਮੁਦਰਿਕ ਸੰਕਟ ਅਸਲ ਅਰਥ ਚਾਰੇ ਦੇ ਸੰਕਟ ਤੇ ਸਾਮਰਾਜੀ ਵਿਸ਼ਨੀ ਅਰਥਚਾਰੇ 'ਚ ਮੱਚੀ ਅਫਰਾ-ਤਫਰੀ ਅਤੇ ਉਸ ਦੇ ਟੁੱਟਣ ਦਾ ਇਜ਼ਹਾਰ ਸੀ। 1980 ਦੇ ਦਹਾਕੇ ਵਿੱਚ ਕੀਂਸਵਾਦ ਦੇ ਢਹਿ-ਢੇਰੀ ਹੋਣ ਤੇ ਉਸ ਦੀ ਥਾਂ ਮੁਦਰਾਵਾਦੀ ਜਾਂ ਨਵ-ਉਦਾਰਵਾਦੀ ਨੀਤੀਆਂ ਦੇ ਉਭਾਰ ਪਿੱਛੋਂ ਵੀ ਸਾਮਰਾਜੀ ਮੁਦਰਿਕ ਸੰਕਟ ਤਿੱਖਾ ਹੁੰਦਾ ਗਿਆ। ਡਾਲਰ ਦੀ ਬਹੁਤਾਤ ਅਸਲ ਪੈਦਾਵਾਰ ਦੀ ਬਜਾਏ ਪ੍ਰਜੀਵੀ ਤੇ ਜੁਗਾੜੀ ਵਿਤੀ ਪੂੰਜੀ ਤੇ ਖ਼ਤਰਨਾਕ ਰੂਪ ਨਾਲ ਵਧਣ ਦਾ ਸਾਫ਼ ਸੰਕੇਤ ਸੀ। ਨਾਲ ਹੀ ਇਹ ਪੂੰਜੀਵਾਦ ਦੇ ਅਣਸਾਵੇਂ ਵਿਕਾਸ ਨੂੰ ਦਰਸਾਉਂਦਾ ਹੈ (ਲੈਨਿਨ ਨੇ ਆਪਣੀ ਰਚਨਾ ਸਾਮਰਾਜਵਾਦ, ਪੂੰਜੀਵਾਦ ਦੀ ਉਚਤਮ ਵਿਵਸਥਾ 'ਚ ਇਸ ਦੀ ਸਪੱਸ਼ਟ ਵਿਆਖਿਆ ਕੀਤੀ ਹੈ) ਇਸ ਨਾਲ ਪੈਦਾ ਹੋਏ ਸੰਕਟ ਨੇ ਸਾਮਰਾਜਵਾਦ 'ਚ ਸਮੋਈਆਂ ਸਭ ਅੰਤਰ ਵਿਰੋਧਤਾਈਆਂ ਨੂੰ ਤਿੱਖਾ ਕਰ ਦਿੱਤਾ ਹੈ। ਯਾਨੀ ਕਿ ਵਿਤੀ ਪੂੰਜੀ ਰਾਹੀਂ ਨਵ-ਬਸਤੀਵਾਦੀ ਦੇਸ਼ਾਂ ਦੀ ਗੁਲਾਮੀ ਸਾਮਰਾਜਵਾਦ ਤੇ ਪੀੜਤ ਦੇਸ਼ਾਂ ਤੇ ਜਨਤਾ ਵਿਚਕਾਰ ਅੰਤਰ ਵਿਰੋਧ ਨੂੰ ਤੇ ਪੂੰਜੀ ਦੇ ਅਣਸਾਹਵੇਂ ਵਿਕਾਸ ਨੇ ਸਾਮਰਾਜੀ ਦੇਸ਼ ਦੇ ਆਪਸ ਅੰਤਰ ਵਿਰੋਧਾਂ ਨੂੰ ਤਿੱਖਾ ਕਰ ਦਿੱਤਾ ਹੈ। ਅਖੌਤੀ "ਸਵਰਨ ਬੁਖਾਰ" ਅਤੇ ਡਾਲਰ ਦਾ ਸੰਕਟ ਇਸ ਨਾਲ ਜੁੜਿਆ ਵਰਤਾਰਾ ਹੈ।

ਇਸ ਦੌਰਾਨ ਬ੍ਰੇਟਨਵੂਡਜ ਜਮਦੁਰਿਕ ਪ੍ਰਣਾਲੀ ਦੀ ਰਵਾਇਤ ਟੁੱਟ ਭੱਜ ਦੇ ਤੁਰੰਤ ਪਿੱਛੋਂ ਦਸ ਮੂਹਰਲੇ ਸਮਾਜਵਾਦੀ ਦੇਸ਼ਾਂ ਦੇ ਨੁਮਾਇੰਦੇ, ਜੋ ਡਿਕਡੋਲੇ ਖਾਂਦੀ ਨਵ-ਬਸਤੀਵਾਦੀ ਮੁਦਰਿਕ ਪ੍ਰਣਾਲੀ ਨੂੰ ਪੂਰੀ ਤਰ੍ਹਾਂ ਢਾਹੇ ਜਾਣ ਨਾਲ ਤੋਂ ਬਚਣ ਲਈ ਵਚਨਬੱਧ ਸਨ। ਵਾਸ਼ਿੰਗਟਨ ਦੀ ਸਿਮਥਸੋਨੀਅਨ ਇੰਸਟੀਚਿਊਟ 'ਚ ਇਕੱਠੇ ਹੋਏ। ਉਹਨਾਂ ਨੇ ਵਟਾਂਦਰਾ ਰਹਿਤ ਡਾਲਰ ਦੇ ਨਾਲ ਤਾਲਮੇਲ ਬਿਠਾ ਕੇ ਉਸ ਨੂੰ ਵਟਾਂਦਰੇ ਦੇ ਕੌਮਾਂਤਰੀ ਮਾਧਿਅਮ ਵਜੋਂ ਬਣਾਈ ਰੱਖਣ ਦੀ ਸਹਿਮਤੀ ਜਾਹਰ ਕੀਤੀ। ਇਸ ਪਿੱਛੋਂ ਵੱਖ-ਵੱਖ ਦੇਸ਼ਾਂ ਦੀ ਮੁਦਰਾ ਦੇ ਨਾਲ ਡਾਲਰ ਦੇ ਵਟਾਂਦਰੇ ਮੁੱਲ ਦੀ ਸਮੀਖਿਆ ਕੀਤੀ ਗਈ ਅਤੇ ਬਦਲਦੀ ਰਹਿਣ ਵਾਲੀ ਦਰ 'ਤੇ ਵਟਾਂਦਰੇ ਦੀ ਪ੍ਰਣਾਲੀ ਲਾਗੂ ਕੀਤੀ ਗਈ। ਹਾਲਾਂ ਕਿ ਸਿਮਥਸੋਨੀਅਨ ਕਮਰ ਦੇ ਤਹਿਤ 38 ਡਾਲਰ ਪ੍ਰਤੀ ਔਂਸ ਸੋਨੇ ਦਾ ਸਮਝੌਤਾਵਾਦੀ ਫਾਰਮੂਲਾ ਕੱਢ ਲਿਆ ਸੀ, ਪਰ ਇਹ ਅਸਲੀਅਤ ਤੋਂ ਕੋਹਾਂ ਦੂਰ ਸੀ। ਜਨਵਰੀ 1975 'ਚ ਆਈ. ਐਮ. ਐਫ. ਨੇ ਸੋਨੇ ਦੀ ਕੀਮਤ ਦੇ ਅਧਿਕਾਰਿਤ ਨਿਰਧਾਰਣ ਦੀ ਪ੍ਰਣਾਲੀ ਦਾ ਅੰਤ ਕਰਜ ਦੀ ਸਿਫਾਰਸ਼ ਕੀਤੀ ਅਤੇ ਸੋਨੇ ਤੇ ਵੱਖ-ਵੱਖ ਮੁਦਰਾਵਾਂ ਦੀਆਂ ਕੀਮਤਾਂ ਨੂੰ ਬਜ਼ਾਰ ਵੱਲੋਂ ਤਹਿ ਕਰਨ ਲਈ ਛੱਡ ਦੇਣ ਨੂੰ ਕਿਹਾ। 1980 ਦੇ ਦਹਾਕੇ 'ਚ ਜਿਸ ਮੁਦਰਾਵਾਦ ਜਾਂ ਨਵ-ਉਦਾਰਵਾਦ

ਦੀ ਸ਼ੁਰੂਆਤ ਕੀਤੀ ਗਈ ਉਸਤਹਿਤ ਦੁਨੀਆ ਭਰ 'ਚ ਸੱਟਾ ਪੂੰਜੀ ਦਾ ਪ੍ਰਵਾਹ ਸਭ ਹੱਦਾਂ ਪਾਰ ਕਰ ਗਿਆ ਹੈ। ਸਾਮਰਾਜੀ ਵਿਸ਼ਵੀ ਅਰਥਚਾਰੇ ਦੇ ਸਾਰੇ ਪੱਖਾਂ ਵਿੱਚ ਮੁਦਰਿਕ ਖੇਤਰ ਸਮੇਤ ਅਸਥਿਰਤਾ ਉਸ ਦੀ ਖਾਸ ਪਹਿਚਾਣ ਬਣ ਗਈ ਹੈ। ਇਸ ਅਰਸੇ ਦੌਰਾਨ ਸਾਮਰਾਜੀ ਕੇਂਦਰਾਂ ਤੋਂ ਸ਼ੁਰੂ ਹੋਇਆ ਮੁਦਰਿਕ ਸੰਕਟ ਨਵ-ਬਸਤੀਵਾਦੀ ਦੇਸ਼ਾਂ ਤੱਕ ਫੈਲ ਗਿਆ ਹੈ। ਪਹਿਲਾਂ ਮੈਕਸੀਕੋ ਅਤੇ ਪੂਰਵੀ ਏਸ਼ੀਆ ਦੇ ਦੇਸ਼ਾਂ ਨੂੰ ਮੁਦਰਿਕ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ। ਹਾਲ ਦੇ ਵਿਸ਼ਵੀ ਆਰਥਕ ਸੰਕਟ ਦੇ ਪਿੱਛੋਂ ਹੁਣ ਪੂਰੀ ਦੁਨੀਆਂ ਇਸ ਦੀ ਸਿਰਫਤ 'ਚ ਆਉਣ ਲੱਗੀ ਹੈ। ਇਹ ਜੁਗਾੜੀ ਵਿਤੀ ਪੂੰਜੀ ਦੇ ਵਿਕਾਸ ਤੇ ਕੌਮਾਂਤਰੀ ਕਰਨ ਦਾ ਸਿੱਟਾ ਹੈ।

ਡਾਲਰ ਦੀ ਕਦਰ ਘਟਾਈ ਤੇ ਇਸ ਦੇ ਚੱਲਦਿਆਂ ਸੋਨੇ ਦੀਆਂ ਕੀਮਤਾਂ 'ਚ ਵਾਧਾ ਵੱਖ-ਵੱਖ ਘਟਨਾਵਾਂ ਨਹੀਂ ਹਨ, ਬਲਕਿ ਇਹ ਵਿਸ਼ਵ ਪੱਧਰ 'ਤੇ ਜੁਗਾੜੀ ਵਿਤੀ ਪੂੰਜੀ ਦੇ ਗੁਬਾਰੇ ਵਾਂਗ ਫੁੱਲ ਜਾਣ ਦਾ ਲਾਜ਼ਮੀ ਸਿੱਟਾ ਹੈ। ਮੈਕੇਂਸੀ ਗਲੋਬਲ ਇੰਸਟੀਚਿਊਟ ਅਨੁਸਾਰ ਸਾਲ 2005 ਤੱਕ ਵਿਸ਼ਵੀ ਵਿਤੀ ਜਾਇਦਾਦ ਦਾ ਭੰਡਾਰ 140 ਟ੍ਰੀਲਿਅਨ ਡਾਲਰ ਯਾਨੀ ਕਿ ਦੁਨੀਆਂ ਦੀ ਕੁੱਲ ਘਰੇਲੂ ਪੈਦਾਵਾਰ (GDP) ਤੋਂ ਤਿੰਨ ਗੁਣਾ ਵੱਧ ਹੋ ਗਿਆ ਸੀ। ਇਸ ਦੀ ਤੁਲਨਾ 1980 ਦੀ ਹਾਲਤ ਨਾਲ ਕਰੋ, ਜਦ ਵਿਸ਼ਵੀ ਵਿਤੀ ਭੰਡਾਰ ਅਤੇ ਜੀ ਡੀ ਪੀ ਮੋਟੇ ਤੌਰ 'ਤੇ ਬਰਾਬਰ ਸੀ, 2005 ਪਿੱਛੋਂ ਪੰਜ ਸਾਲਾਂ ਦੇ ਅਰਸੇ ਵਿੱਚ ਇਸ ਦੀ ਵਾਧਾ ਦਰ ਘਾਟਿਆ 'ਚ ਜਾ ਰਹੀ ਹੈ। ਜਿਸ ਨੇ ਮੌਜੂਦਾ ਆਰਥਕ ਸੰਕਟ ਨੂੰ ਜਨਮ ਦਿੱਤਾ ਹੈ। ਕੌਮਾਂਤਰੀ ਵਿਤੀ ਪੂੰਜੀ ਦੇ ਇਸ ਖਤਰਨਾਕ ਵਿਕਾਸ ਦੇ ਨਾਲ ਨਾਲ ਚਲਣ ਵਾਲੀ ਪ੍ਰੀਘਟਨਾ ਵਜੋਂ ਡਾਲਰ ਅਤੇ ਡਾਲਰ 'ਚ ਤਹਿ ਜਾਇਦਾਦ ਦੀ ਤੇਜੀ ਨਾਲ ਕਦਰ ਘਟਾਈ ਹੋਈ ਹੈ। ਉਦਾਹਰਣ ਵਜੋਂ, ਇਕੱਲੇ ਅਮਰੀਕਾ ਵਿੱਚ ਹੀ ਜਿਸ ਅਚੱਲ ਜਾਇਦਾਦ ਦਾ ਕਾਰੋਬਾਰ 2008 ਤੋਂ ਪਹਿਲਾਂ ਦੇ ਦਸ ਸਾਲਾਂ 'ਚ ਵਧ ਕੇ ਤਿੰਨ ਗੁਣਾ ਹੋ ਗਿਆ ਸੀ, ਮੁਦਰਾ ਦੇ ਸੰਕਟ ਅਤੇ ਡਾਲਰ ਦੀ ਮੁੱਲ ਘਟਾਈ ਕਾਰਨ ਆਪਣੇ ਅੱਧੇ ਮੁੱਲ ਨੂੰ ਗੁਆ ਬੈਠਿਆ।

ਅਮਰੀਕਾ ਦਾ ਬਜਟ ਘਾਟਾ ਲਗਾਤਾਰ ਵਧਦਾ ਜਾ ਰਿਹਾ ਹੈ। ਅਕਤੂਬਰ 2009 ਦੇ ਅੰਤ ਵਿੱਚ ਇਹ ਇੱਕ ਟ੍ਰੀਲੀਅਨ ਡਾਲਰ ਦੀ ਸੀਮਾ ਤੱਕ ਪਹੁੰਚ ਗਿਆ ਸੀ ਜੋ 2010 ਦੇ ਸ਼ੁਰੂ 'ਚ ਵਧ ਕੇ 1.84 ਟ੍ਰੀਲੀਅਨ ਡਾਲਰ ਹੋ ਗਿਆ ਹੈ। ਇਸ ਦੀ ਪੂਰਤੀ ਕਰਨ ਲਈ ਅਰਥਚਾਰੇ ਦੀਆਂ ਨਸਾਂ ਵਿੱਚ ਅਤੇ ਜ਼ਿਆਦਾ ਡਾਲਰ ਦੀ ਪੰਪਿੰਗ ਕੀਤੀ ਜਾ ਰਹੀ ਹੈ। ਜਿਸ ਕਰਕੇ ਹੀ ਡਾਲਰ ਦੀ ਕਦਰ ਘਟਾਈ ਹੋ ਰਹੀ ਹੈ ਅਤੇ ਸਾਮਰਾਜੀ ਅਮਰੀਕੀ ਰਾਜ ਦਾ ਅਧਿਕਾਰਿਤ ਕਰਜਾ ਅੱਜ 12 ਟ੍ਰੀਲੀਅਨ ਡਾਲਰ ਹੈ। ਮੌਜੂਦਾ ਸਮੇਂ 'ਚ ਜਾਰੀ 'ਸਵਰਣ ਬੁਖਾਰ' (ਗੋਲਡ ਵੀਵਰ) ਦੀ ਜਾਂਚ ਉਪਰੋਕਿਤ ਸਾਰਵਿਕ ਪ੍ਰਸੰਗ 'ਚ ਕੀਤੀ ਜਾਣੀ ਚਾਹੀਦੀ ਹੈ। ਦੁਨੀਆਂ ਭਰ 'ਚ ਅਮਰੀਕੀ ਬ੍ਰਾਂਡਾਂ ਅਤੇ ਡਿਬੇਂਚਰਾ ਦੇ ਦਹਿਸ਼ਤ ਦਾ ਧਾਰਕ ਪਾਗਲਾਂ ਵਾਂਗੂ ਸੋਨੇ ਦਾ ਸਟਾਕ ਇਕੱਠਾ ਕਰ ਰਹੇ ਹਨ ਅਤੇ ਆਪਣੇ ਡਾਲਰਾਂ ਤੇ ਡਾਲਰ ਤੋਂ ਬਣੀ ਜਾਇਦਾਦ ਤੋਂ ਖਹਿੜਾ ਛੁਡਾ ਰਹੇ ਹਨ, ਜੋ ਕੌਮਾਂਤਰੀ ਮੁਦਰਾ ਬਾਜ਼ਾਰ 'ਚ ਅਰਥਹੀਣ ਕਾਗਜ਼ ਦਾ ਟੁਕੜਾ ਬਣਦਾ ਜਾ ਰਿਹਾ ਹੈ। ਸੁਭਾਵਿਕ ਤੌਰ 'ਤੇ ਇਸ ਦੀ ਵਜਾਹ ਕਰਕੇ ਦੁਨੀਆਂ ਭਰ 'ਚ ਵਿਤੀ ਸੰਸਥਾਵਾਂ ਅਤੇ ਕੇਂਦਰੀ ਬੈਂਕਾਂ ਵਿਚਕਾਰ ਸੋਨੇ ਦੀ ਮੰਗ ਵਧ

ਗਈ ਹੈ। ਨਿਸ਼ਚੈ ਹੀ ਇਹ ਇੱਕ ਇਤਿਹਾਸਕ ਤੱਥ ਹੈ ਕਿ ਪੂੰਜੀਵਾਦ ਦਾ ਸੰਕਟ ਹਮੇਸ਼ਾਂ ਹੀ ਸੋਨੇ ਦੀਆਂ ਕੀਮਤਾਂ ਦੇ ਵਾਧੇ ਵਜੋਂ ਪ੍ਰਗਟ ਹੋਇਆ ਹੈ। ਇਸ ਸੋਚ ਨਾਲ ਸੋਨੇ ਦੀ ਕੀਮਤ ਹੋਰ ਵਧ ਗਈ ਹੈ। ਕਿ ਮੁਦਰਾਸਫਿਤੀ ਤੇ ਪੈਦਾਵਾਰ 'ਚ ਅੜਿਕਾ ਅਤੇ ਡਾਲਰ ਦੀ ਕਦਰ ਘਟਾਈ ਦਾ ਰੁਝਾਣ ਜਾਰੀ ਰਹੇਗਾ। ਉਦਾਹਰਣ ਵਜੋਂ ਸਾਲ 2009 ਦੌਰਾਨ ਸੰਸਾਰ ਅਰਥਚਾਰੇ 'ਚ 1.04 ਫੀਸਦੀ ਘਾਟੇ ਕਾਰਨ ਸੋਨੇ ਦੀ ਕੀਮਤ 'ਚ ਸਿੱਧਾ 34 ਫੀਸਦੀ ਦਾ ਵਾਧਾ ਹੋਇਆ ਸੀ। ਫੌਰੀ ਕਾਰਨ ਹੈ ਸਭ ਕਿਸਮ ਦੇ ਸੱਟੇਬਾਜਾਂ ਤੇ ਅਖੌਤੀ ਨਿਵੇਸ਼ਕਾਂ ਦਾ ਡਾਲਰ ਤੇ ਡਾਲਰ ਅਧਾਰਿਤਵਿਤੀ ਸਾਧਨਾ ਨੂੰ ਛੱਡ ਕੇ ਸੋਨੇ ਦੇ ਪਿੱਛੇ ਭੱਜਣਾ। ਇਹ ਸਭ ਉਸ ਕੌਮਾਂਤਰੀ ਮੁਦਰਾ ਪ੍ਰਣਾਲੀ ਦੀ ਜੜ੍ਹ ਵਿੱਚ ਮੋਈ ਕਮਜ਼ੋਰੀ ਅਤੇ ਭੰਗੁਰਤਾ ਵੱਲ ਇਸ਼ਾਰਾ ਕਰ ਰਹੇ ਹਨ, ਜੋ ਦੂਜੀ ਸੰਸਾਰ ਜੰਗ ਪਿੱਛੋਂ ਨਵੀਂ-ਬਸਤੀਵਾਦ ਦਾ ਅਮਲ ਬਣਾਇਆ ਗਿਆ ਸੀ, ਇਸ ਦਾ ਇੱਕੋ-ਇੱਕ ਸਕਾਰਤਮਕ ਹੱਲ ਹੈ, ਕੌਮਾਂਤਰੀ ਮਜ਼ਦੂਰ ਜਮਾਤ ਦੀ ਅਗਵਾਈ ਸਬੰਧਾਂ 'ਚ ਚੌਤਰਫਾ ਬੁਨਿਆਦੀ ਬਦਲਾਅ ਕਿਉਂਕਿ ਵਿਤੀ ਪੂੰਜੀ ਦੇ ਤਰਕ ਨੂੰ ਚੁਣੌਤੀ ਦੇਣ ਵਿੱਚ ਸਿਰਫ਼ ਇਹੀ ਜਮਾਤ ਇਤਿਹਾਸਕ ਤੌਰ 'ਤੇ ਸਮਰਥ ਹੈ।

--------✪✪--------

# .ਗੈਰ ਸਰਕਾਰੀ ਸੰਸਥਾਵਾਂ ਦੀ ਭੂਮਿਕਾ ਤੇ ਅੰਦੋਲਨ

ਲੋਕਰਾਜੀ ਪ੍ਰਬੰਧ 'ਚ ਜੋ ਕੰਮ ਵਿਰੋਧੀ ਧਿਰ ਨੂੰ ਕਰਨਾ ਚਾਹੀਦਾ ਸੀ ਉਸਦੀ ਭੂਮਿਕਾ ਨੂੰ ਵਿਆਪਕ ਪੱਧਰ 'ਤੇ ਸਮਾਜਿਕ ਸੰਸਥਾਵਾਂ ਨੇ ਨਿਭਾਇਆ ਹੈ। ਸਮਾਜਵਾਦੀ ਨੇਤਾ ਡਾ. ਰਾਮ ਮਨੋਹਰ ਲੋਹੀਆ ਤੇ ਜੈ ਪ੍ਰਕਾਸ਼ ਨਰਾਇਣ ਨੇ ਸੱਤਰ ਦੇ ਦਹਾਕੇ 'ਚ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਜੋ ਆਵਾਜ਼ ਬੁਲੰਦ ਕੀਤੀ ਸੀ ਉਸ ਦਾ ਡੂੰਘਾ ਅਸਰ ਸਮਾਜਿਕ ਅੰਦੋਲਨਾ 'ਤੇ ਰਿਹਾ। ਪਰ ਨਵੀਆਂ ਆਰਥਕ ਨੀਤੀਆਂ ਦੇ ਲਾਗੂ ਹੋਣ ਪਿੱਛੋਂ ਤੀਜੀ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਖੁੰਬਾਂ ਦੀ ਤਰ੍ਹਾਂ ਸਮਾਜਿਕ ਅੰਦੋਲਨ 'ਤੇ ਛਾ ਗਏ ਗੈਰ ਸਰਕਾਰੀ ਸੰਗਠਨਾ (NGO) ਨੇ ਉਹਨਾਂ ਸਮਾਜਿਕ ਸੰਗਠਨਾਂ ਨੂੰ ਹਾਸ਼ੀਏ 'ਤੇ ਕਰ ਦਿੱਤਾ। ਨੱਬੇ ਦੇ ਦਹਾਕੇ 'ਚ ਯੂਨੀਵਰਸਿਟੀਆਂ-ਕਾਲਜਾਂ ਤੇ ਅਕਾਦਮਿਕ ਕੇਂਦਰਾਂ ਤੋਂ ਸਫੈਦਪੋਸ਼ ਲੋਕਾਂ ਦੀ ਅਜਿਹੀ ਵੱਡੀ ਗਿਣਤੀ ਆਈ ਜਿਹਨਾਂ ਨੇ ਵੱਡੇ ਪੂੰਜੀਪਤੀ ਘਰਾਣਿਆਂ ਅਤੇ ਸਮੂਹਾਂ ਦੀ ਦੇਣਦਾਰੀ ਨਾਲ ਜਮਹੂਰੀ ਹੱਕਾਂ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ। ਸਮਾਜਿਕ ਅੰਦੋਲਨਾਂ ਰਾਹੀਂ ਬਦਲਾਅ ਦਾ ਬੀੜਾ ਉਠਾ ਕੇ ਚੱਲਣ ਵਾਲੇ ਵਰਕਰਾਂ ਦੀ ਵੱਡੀ ਜਮਾਤ ਸਿੱਧੇ ਜਾਂ ਅਸਿੱਧੇ ਤੌਰ 'ਤੇ ਐਨ ਜੀ ਓ ਦੇ ਪ੍ਰੋਜੈਕਟ ਮੈਨੇਜਰ ਬਣ ਕੇ ਹੀ ਹੁਣ ਬਦਲਾਅ ਦੀ ਮੁਹਿੰਮ 'ਚ ਸ਼ਾਮਿਲ ਹੋਣ ਦੀ ਪੈਰੋਕਾਰੀ ਹੋ ਗਈ ਹੈ। ਜਨ ਵਿਰੋਧੀ ਨੀਤੀਆਂ ਦੇ ਖਿਲਾਫ਼ ਬੇਹਤਰ ਸਮਝ ਤੇ ਸੰਘਰਸ਼ ਕਰਨ ਵਾਲੇ ਲੋਕ ਇਸ ਤਰ੍ਹਾਂ ਦੇ ਸੰਗਠਨਾਂ 'ਚ ਭਾਰ ਢੋਹਦੇ ਰਹੇ ਅਤੇ ਬਜਟ ਪਾਸ ਕਰਾਉਣ ਲਈ ਅੰਗ੍ਰੇਜ਼ੀ ਜਾਨਣ ਅਤੇ ਪ੍ਰੋਜੈਕਟ ਬਣਾਉਣ 'ਚ ਮਾਹਰ ਲੋਕ ਨੇਤਾ ਹੋ ਗਏ। ਰਾਹਤ ਬਸ ਏਨੀ ਹੀ ਹੈ ਕਿ ਇਹਨਾਂ 'ਚੋਂ ਕੁਝ ਲੋਕ ਅਜੇ ਵੀ ਲੋਕ ਪਧ ਨੂੰ ਮਹੱਤਵਪੂਰਨ ਮੰਨਦੇ ਹਨ ਅਤੇ ਲੋਕਾਂ ਦੀ ਲਾਮਬੰਦੀ ਲਈ ਸਰਗਰਮ ਰਹਿੰਦੇ ਹਨ। ਇਸੇ ਦਾ ਸਿੱਟਾ ਹੈ ਕਿ ਨਰਮਦਾ ਬਚਾਓ ਅੰਦੋਲਨ, ਚਿਪਕੋ ਅੰਦੋਲਨ, ਭੁਪਾਲ ਗੈਸ ਤਰਾਸਦੀ, ਪ੍ਰਮਾਣੂ ਹਥਿਆਰ ਨਸ਼ਟ ਕਰਨਾ, ਗੰਗਾ ਬਚਾਓ ਅੰਦੋਲਨ, ਪੇਟੈਂਟ, ਬੀਟੀ ਬੈਂਗਣ-ਕਾਟਨ ਅਤੇ ਊਰਜਾ ਸਰੋਤ ਵਜੋਂ ਇਸ ਦੀ ਵਰਤੋਂ ਆਦਿ ਕੇਸਾਂ ਤੋਂ ਲੈ ਕੇ ਨੰਦੀਗ੍ਰਾਮ, ਪੈਸਕੋ ਤੇ ਸਲਵਾ ਜੂਡਮ ਦੇ ਖਿਲਾਫ਼ ਤੱਕ ਇੱਕ ਮਾਹੌਲ ਬਣਾਉਣ 'ਚ ਸਮਾਜਿਕ ਸੰਗਠਨਾਂ ਤੇ ਐਨ. ਜੀ. ਓ. ਦੀ ਇੱਕ ਵੱਡੀ ਭੂਮਿਕਾ ਰਹੀ ਹੈ। ਬਾਟਲਾ ਹਾਊਸ ਕਾਂਡ ਹੋਵੇ ਜਾਂ ਮੁੰਬਈ ਦੇ 26/11 ਦੇ ਹਮਲੇ ਪਿੱਛੋਂ ਸਰਕਾਰੀ ਪੱਖ ਦੇ ਸਮਾਨੰਤਰ ਇੱਕ ਨਵਾਂ ਦ੍ਰਿਸ਼ਟੀਕੋਣ ਵਿਕਸਤ ਕਰਨ ਦੀ ਗੱਲ ਹੋਏ, ਸਮਾਜਿਕ ਸਮੂਹ ਇੱਕ ਸਾਰਥਕ ਭੂਮਿਕਾ ਨਿਭਾਉਂਦੇ ਆਏ ਹਨ।

ਪਰ ਐਨ. ਜੀ. ਓ. ਸਬੰਧੀ ਕਈ ਵਾਰ ਅਜਿਹੇ ਕੇਸ ਵੀ ਹੋਏ ਹਨ, ਜਿਸ 'ਚ ਉਹਨਾਂ ਦੀ ਦੇਸ਼ ਧਰੋਹੀ ਭੂਮਿਕਾ ਦਿਖਾਈ ਦਿੱਤੀ ਹੈ। ਐਨ.ਜੀ.ਓ. ਦੇ ਅਲੋਚਕਾਂ ਵਿੱਚ ਮੁੱਖ ਬੁੱਧੀਜੀਵੀ ਸੇਨਾਲੀ ਵਾਡੁਗੇ ਦਾ ਟੋਟੂਕ ਕਹਿਣਾ ਹੈ ਕਿ "ਅਜਿਹੇ ਸੰਗਠਨਾਂ ਨੇ ਸਾਮਰਾਜਵਾਦ, ਨਵ-ਨਿਵੇਸ਼ੀਕਰਨ, ਪੱਛਮੀ ਦੇਸ਼ਾਂ ਦਾ ਹਿੱਤਾਂ ਵਾਲੇ ਕਾਨੂੰਨਾਂ ਨੂੰ ਜਿੱਥੇ ਪਿਛੜੇ ਦੇਸ਼ਾਂ 'ਤੇ ਲੱਦਣ ਦਾ ਇੱਕ ਸੌਖਾ ਰਾਹ ਦੱਸਿਆ ਹੈ, ਉਥੇ ਦੁਨੀਆਂ ਪੱਧਰ 'ਤੇ ਅੱਤਵਾਦ, ਅਲਗਾਅਵਰਟ, ਜਾਤੀ ਤਬਦੀਲੀ, ਭ੍ਰਿਸ਼ਟਾਚਾਰ ਤੇ ਕੁਪ੍ਰਬੰਧ ਲਈ ਥਾਂ ਬਣਾਉਣ 'ਚ ਮੱਦਦ ਕੀਤੀ ਹੈ।" ਪੂਰਵਾਤਰ ਦੇ ਸੂਬਿਆਂ ਨਾਗਾਲੈਂਡ,

ਤ੍ਰਿਪੁਰਾ ਤੇ ਅਸਾਮ ਦੇ ਕਈ ਵੱਖਵਾਦੀ ਸੰਗਠਨਾਂ ਨੇ ਕਈ ਵੱਖਵਾਦੀ (ਕੌਮੀ) ਅੰਦੋਲਨਾਂ 'ਚ ਆਪਣੀਆਂ ਸਰਗਰਮੀਆਂ ਚਲਾਉਣ ਲਈ ਐਨ.ਜੀ.ਓ.ਦਾ ਚੋਲਾ ਪਾਇਆ ਹੋਇਆ ਹੈ। ਕੇਂਦਰੀ ਗ੍ਰਹਿ ਮੰਤਰਾਲੇ ਤੇ ਖੁਫੀਆ ਏਜੰਸੀਆਂ ਨੇ ਮਿਲ ਕੇ ਪਿਛਲੇ ਕੁਝ ਸਾਲ ਪਹਿਲਾਂ ਅੱਠ ਸੌ ਐਨ.ਜੀ.ਓ. ਨੂੰ ਇਸ ਅਧਾਰ 'ਤੇ ਕਾਲੀ ਸੂਚੀ 'ਚ ਦਰਜ ਕਰ ਦਿੱਤਾ ਸੀ ਕਿ ਉਹਨਾਂ ਦਾ ਸਬੰਧ ਅੱਤਵਾਦੀ ਤੇ ਬਾਗੀ ਸੰਗਠਨਾਂ ਨਾਲ ਹੈ। ਸਮਾਜ ਸੇਵਕ ਪੀ. ਸੀ. ਤਿਵਾੜੀ ਦਾ ਕਹਿਣਾ ਹੈ ਕਿ "ਐਨ.ਜੀ.ਓ. ਵਿੱਚ ਕੰਮ ਕਰਨਾ ਕਿਸੇ ਉਦੇਸ਼ ਦੀ ਬਜਾਏ ਕਮਾਈ ਦਾ ਅੱਛਾ ਜ਼ਰੀਆ ਬਣ ਗਿਆ ਹੈ। ਪਿਛਲੇ ਸਾਲ ਦੀ ਸੰਸਾਰਿਕ ਮੰਦੀ ਦੀ ਲਪੇਟ 'ਚ ਵਿਦੇਸ਼ੀ ਫੰਡਿੰਗ ਸਬੰਧੀ ਭਾਰਤ ਵਿੱਚ ਗਰੀਬੀ ਹਟਾਉਣ ਵਾਲੇ ਸੈਂਕੜੇ NGO ਦਾ ਜਦ FCRA ਫੰਡ (ਵਿਦੇਸ਼ੀ) ਬੰਦ ਹੋ ਗਿਆ ਤਾਂ ਉਹ ਜਨਹਿਤ ਛੱਡ ਕੇ ਭੱਜ ਗਏ।"

ਇੱਕ ਸਰਕਾਰੀ ਰਿਪੋਰਟ ਮੁਤਾਬਿਕ 2005 ਵਿੱਚ ਨਜਾਇਜ਼ ਤਰੀਕਿਆਂ ਨਾਲ ਵਿਦੇਸ਼ਾਂ ਤੋਂ 6256 ਕਰੋੜ ਰੁਪਏ ਆਏ ਜੋ 2004 ਦੇ ਮੁਕਾਬਲੇ 22 ਫੀਸਦੀ ਵੱਧ ਸੀ, ਜਿਸ ਵਿੱਚ ਇੱਕ ਹਿੱਸਾ ਹਿੰਦੂ ਅਤੇ ਮੁਸਲਿਮ ਅੱਤਵਾਦੀ ਸੰਗਠਨਾਂ ਦਾ ਅਤੇ ਇਸਾਈ ਧਰਮ ਪ੍ਰਚਾਰਕਾਂ ਦਾ ਵੀ ਸੀ। ਤਿੰਨ ਸਾਲ ਪਹਿਲਾਂ ਦਿੱਲੀ ਦੇ ਜਾਮਿਆ ਨਗਰ ਵਿੱਚ "ਅਬਦੁਲ ਕਲਾਮ ਅਜ਼ਾਦ ਇਸਲਾਮਿਕ ਇਵੇਕਿੰਗ ਸੈਂਟਰ" ਨਾਂ ਦੇ ਗੈਰ ਸਰਕਾਰੀ ਸੰਗਠਨ ਚਲਾਉਣ ਵਾਲੇ ਅਬਦੁਲ ਹਾਮਿਦ ਰਹਿਮਾਨੀ ਖਿਲਾਫ਼ ਸੱਤ ਸੌ ਕਰੋੜ ਵਿਦੇਸ਼ੀ ਦਾਨ ਲਏ ਜਾਣ ਸਬੰਧੀ ਗਲਤਾਨ ਮੰਨ ਕੇ ਸੀ. ਬੀ. ਆਈ. ਨੇ ਚਾਰਜਸੀਟ ਦਾਖਲ ਕੀਤੀ ਸੀ। ਉਭਰ ਰਹੇ ਇਹਨਾਂ ਖ਼ਤਰਿਆਂ ਕਾਰਨ ਕੇਂਦਰੀ ਸਮਾਜ ਤੇ ਕਲਿਆਣ ਬੋਰਡ ਅਤੇ ਕਪਾਰਟ ਨੇ ਮਿਲ ਕੇ 3600 NGO ਦੀ ਕਾਲੀ ਸੂਚੀ ਤਿਆਰ ਕੀਤੀ। ਇੱਕ ਅਨੁਮਾਨ ਮੁਤਾਬਿਕ ਭਾਰਤ 'ਚ ਲੱਗਭਗ 1.2 ਮਿਲੀਅਨ NGO ਹਨ। NGO 'ਚ ਆਰਥਿਕ ਸਰੋਤ ਦਾ ਅੱਠਵਾਂ ਵੱਡਾ ਜ਼ਰੀਆ ਬਣ ਚੁੱਕੇ ਹਨ, ਜਿਸ ਵਿੱਚ ਹਰ ਸਾਲ ਇੱਕ ਅਰਬ ਡਾਲਰ ਲੱਗ ਰਿਹਾ ਹੈ ਅਤੇ ਸਿਰਫ਼ ਭਾਰਤ 'ਚ ਲਗਭਗ 1.9 ਕਰੋੜ ਲੋਕ ਕੰਮ ਕਰ ਰਹੇ ਹਨ, ਜਿਹਨਾਂ 'ਚੋਂ ਬਹੁਤੇ ਸਵੈ ਸੇਵੀ ਹਨ। ਪਰ ਜਨ ਕਲਿਆਣ ਦੇ ਨਾਂ 'ਤੇ ਕੰਮ ਕਰਨ ਵਾਲੀਆਂ ਇਹਨਾਂ ਸੰਸਥਾਵਾਂ ਦਾ ਹਾਲ ਇਹ ਹੈ ਕਿ ਉਹ ਬਜਟ ਦਾ 70 ਫੀਸਦੀ ਆਪਣੇ ਢਾਂਚੇ ਨੂੰ ਬਣਾਈ ਰੱਖਣ 'ਚ ਖਰਚ ਕਰਦੇ ਹਨ, ਜਿਸ ਵਿੱਚ ਯਾਤਰਾਵਾਂ, ਸੈਮੀਨਾਰ, ਭੱਤੇ ਅਤੇ ਦਫ਼ਤਰੀ ਖਰਚੇ ਸ਼ਾਮਿਲ ਹਨ। ਉਸੇ ਵਿੱਚ ਵੀ NGO ਵਿੱਚ ਕੰਮ ਕਰਨ ਵਾਲੇ ਹੇਠਲੇ ਪੱਧਰ ਦੇ ਵਰਕਰਾਂ ਦਾ ਭੱਤਾ ਬਹੁਤ ਮਾਮੂਲੀ ਕਿਸੇ ਕੰਪਨੀ 'ਚ ਕੰਮ ਕਰਨ ਵਾਲੇ ਮਜ਼ਦੂਰਾਂ ਤੋਂ ਵੱਧ ਨਹੀਂ ਹੁੰਦਾ। ਟਰਾਂਸਪੇਰੇਂਸੀ ਇੰਟਰਨੈਸ਼ਨਲ ਨੇ 2008 ਵਿੱਚ ਜਾਰੀ ਇੱਕ ਰਿਪੋਰਟ ਵਿੱਚ ਉਜਾਗਰ ਕੀਤਾ ਸੀ ਕਿ ਅਫਰੀਕੀ ਦੇਸ਼ ਕੀਨੀਆ 'ਚ ਐਨ.ਜੀ.ਓ. ਰਿਸ਼ਵਤ ਲੈਣ ਸਬੰਧੀ ਉਥੇ ਦੂਜੀ ਸਭ ਤੋਂ ਭ੍ਰਿਸ਼ਟ ਸੰਸਥਾ ਬਣ ਚੁੱਕੇ ਹਨ। ਦੁਨੀਆਂ ਦੇ ਪੈਮਾਨੇ 'ਤੇ ਜੇ ਰੋਟਰੀ ਕਲੱਬ ਅਤੇ ਰੈਡ ਕ੍ਰਾਸ ਨੂੰ ਸਭ ਤੋਂ ਪੁਰਾਣਾ NGO ਮੰਨਿਆ ਜਾਵੇ ਤਾਂ ਭਾਰਤ 'ਚ ਖਾਦੀ ਤੇ ਸਰਵਦਈ ਮੰਚਾਂ ਨੂੰ ਉਸ ਸ਼੍ਰੇਣੀ 'ਚ ਰੱਖਿਆ ਜਾ ਸਕਦਾ ਹੈ। ਭਾਰਤ 'ਚ ਕੰਮ ਕਰਨ ਵਾਲੇ ਗੈਰ-ਸਰਕਾਰੀ ਸੰਗਠਨਾਂ ਵਿੱਚ 53 ਫੀਸਦੀ ਦਿਹਾਤੀ ਖੇਤਰਾਂ ਵਿੱਚ ਅਤੇ 47 ਫੀਸਦੀ ਸ਼ਹਿਰੀ ਇਲਾਕਿਆਂ ਵਿੱਚ ਲੱਗੇ ਹੋਏ ਹਨ। ਜਿਹਨਾਂ 'ਚੋਂ ਅੱਧੇ ਰਜਿਸਟਰਡ ਨਹੀਂ ਹਨ। ਇੱਕ ਰਿਪੋਰਟ ਮੁਤਾਬਿਕ NGO ਆਪਣੇ

ਫੰਡ ਦਾ 80 ਫੀਸਦੀ ਇਹ ਸਰਮਾਏਦਾਰਾਂ ਤੋਂ ਇਕੱਠਾ ਕਰਦੇ ਹਨ ਅਤੇ ਸਰਕਾਰੀ ਸਿਰਫ 13 ਫੀਸਦੀ ਹੀ ਲੈਂਦੇ ਹਨ। ਮਹਾਂਰਾਸ਼ਟਰ ਦੇ ਵਿਦਰਭ ਖੇਤਰ ਵਿੱਚ ਕਿਸਾਨਾਂ ਦੀਆਂ ਆਤਮ ਹੱਤਿਆਵਾਂ ਨੂੰ ਕੌਮੀ ਪੱਧਰ 'ਤੇ ਲਿਆਉਣ ਵਾਲੀ ਵਿਦਰਭ ਅੰਦੋਲਨ ਸੰਮਤੀ ਦੇ ਨੇਤਾ ਕਿਸ਼ੋਰ ਤਿਵਾੜੀ ਦਾ ਕਹਿਣਾ ਹੈ ਕਿ "NGO ਸਰਕਾਰ ਦੇ ਉਹ ਸਿਪਾਹੀ ਹਨ ਜੋ ਭੁੱਖ, ਤਰਾਸਦੀ ਤੇ ਗਰੀਬੀ 'ਤੇ ਬਗਲਿਆਂ ਵਰਗੀ ਨਿਗ੍ਹਾ ਰੱਖਦੇ ਹਨ ਅਤੇ ਸਮੱਸਿਆ ਨੂੰ ਪੈਸੇ 'ਚ ਰੋਲ ਕੇ ਅਗਲੇ ਅੱਡੇ ਵੱਲ ਚਲੇ ਜਾਂਦੇ ਹਨ।" ਜ਼ਿਕਰ ਕਰਨਯੋਗ ਗੱਲ ਹੈ ਕਿ ਕੋਲਡਡ੍ਰਿੰਕਸ ਕੰਪਨੀ ਕੋਕਾ ਕੋਲਾ ਖਿਲਾਫ ਭਾਰਤ ਵਿੱਚ ਇੱਕ ਮਾਹੌਲ ਬਣਨ ਲੱਗਿਆ ਤਾਂ ਉਸ ਨੇ ਇੱਕ ਫਾਊਂਡੇਸ਼ਨ ਬਣਾ ਲਿਆ। ਫਾਊਂਡੇਸ਼ਨ 'ਚ ਦੇਸ਼ ਦੇ ਪ੍ਰਸਿੱਧ ਸਮਾਜ ਸੇਵਕ ਬੰਕਰ ਰਾਏ, ਗੀਤਕਾਰ ਜਾਵੇਦ ਅਖਤਰ, ਕੇਂਦਰੀ ਮੰਤਰੀ ਸ਼ਸ਼ੀ ਥਰੂਰ, ਮਨੁੱਖੀ ਅਧਿਕਾਰ ਕਮਿਸ਼ਨ ਦੇ ਸਾਬਕਾ ਪ੍ਰਧਾਨ ਤੇ ਨਿਆਂਮੂਰਤੀ ਜੇ. ਐਸ. ਵਰਮਾ ਵਰਗੇ ਕਈ ਨਾਮੀ ਲੋਕ ਸ਼ਾਮਿਲ ਹੋਏ। ਸੁਆਲ ਹੈ ਕਿ ਜੋ ਕੋਕਾ ਕੋਲਾ ਮੇਂਹਦੀਗੰਜ, ਕਾਲਡੋਰ ਆਦਿ ਥਾਵਾਂ 'ਤੇ ਸਥਾਨਕ ਨਿਵਾਸੀਆਂ ਦੇ ਜੀਵਨ ਨੂੰ ਸੰਕਟ 'ਚ ਪਾ ਰਿਹਾ ਹੈ, ਉਹ ਕਿਹੜੀ ਲੋਕ-ਭਲਾਈ ਲਈ ਫਾਊਂਡੇਸ਼ਨ ਬਣਾਵੇਗਾ। ਆਰਥਕ, ਰਾਜਸੀ ਵਿਸ਼ਲੇਸ਼ਕ ਆਨੰਦ ਪ੍ਰਧਾਨ ਦਾ ਮੰਨਣਾ ਹੈ ਕਿ ਤੀਜੀ ਦੁਨੀਆਂ ਅਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਜਨਤਕ ਲਾਮਬੰਦੀ ਜਦ ਸਰਕਾਰ ਲਈ ਚੁਣੌਤੀ ਬਣਨ ਲੱਗੀ ਤਾਂ ਐਨ.ਜੀ.ਓ. ਨੇ ਉਹਨਾਂ ਅੰਦੋਲਨਾਂ ਨੂੰ ਰਾਜਸੀ ਦਿਸ਼ਾ ਤੋਂ ਭਟਕਾਉਣ ਦਾ ਕੰਮ ਕੀਤਾ ਅਤੇ ਸਰਕਾਰ ਨੇ ਸੇਫਟੀ ਬਲਵ ਬਣ ਕੇ ਉਭਰੇ। ਨਹੀਂ ਤਾਂ ਯੂ ਐਸ ਐਂਡ ਫੋਰਡ ਫਾਉਂਡੇਸ਼ਨ ਆਈ.ਐਮ.ਐਫ ਅਤੇ ਸੰਸਾਰ ਬੈਂਕ ਜੋ ਕਿ ਸ਼ਰਮਾਏਦਾਰਾਂ ਦੀਆਂ ਸੰਸਥਾਵਾਂ ਹਨ, ਉਹਨਾਂ ਨੂੰ ਭਾਰਤ ਵਰਗੇ ਦੇਸ਼ਾਂ ਵਿੱਚ ਆਰਥਕ ਮੱਦਦ ਦੇਣ ਦੀ ਲੋੜ ਕੀ ਹੈ? ਸਮਾਜਿਕ ਵਰਕਰ ਸ਼ਬਨਮ ਹਾਸ਼ਮੀ ਅਨੁਸਾਰ ਐਨ.ਜੀ.ਓ. ਵਿਚਕਾਰ ਫਰਕ ਕੀਤਾ ਜਾਵੇ ਤਾਂ ਉਹਨਾਂ ਦੀ ਭੂਮਿਕਾ ਨੂੰ ਸਮਝਣਾ ਸੌਖਾ ਹੋਵੇਗਾ। ਸ਼ਬਨਮ ਕਹਿੰਦੀ ਹੈ, "ਮੇਰੀ ਸਮਝ ਸਪੱਸ਼ਟ ਹੈ ਕਿ ਸਮਾਜਿਕ ਸੰਗਠਨ ਜਾਂ ਐਨ.ਜੀ.ਓ. ਕੋਈ ਵਿਆਪਕ ਸਮਾਜਿਕ ਤਬਦੀਲੀ ਤਾਂ ਨਹੀਂ ਕਰ ਸਕਦੇ, ਪਰ ਮਸਲਿਆਂ ਨੂੰ ਚੁੱਕਣ ਵਾਲੇ ਇੱਕ ਦਬਾਅ ਸਮੂਹ ਵਜੋਂ ਉਹਨਾਂ ਦੀ ਇੱਕ ਮਹੱਤਵਪੂਰਨ ਭੂਮਿਕਾ ਬਣਦੀ ਹੈ।"

ਬੁੰਦੇਲਖੰਡ ਭਵਿੱਖ ਪ੍ਰੀਸ਼ਦ ਦੇ ਸੰਯੋਜਕ ਪੁਸ਼ਪੇਂਦਰ ਭਾਈ ਦੱਸਦੇ ਹਨ ਕਿ "2003 ਤੱਕ ਬੁੰਦੇਲਖੰਡ ਦਾ ਸੋਕਾ ਨਾ ਤਾਂ ਕਿਸੇ ਮੀਡੀਆ ਵਿੱਚ ਸੀ ਤੇ ਨਾ ਹੀ ਕਿਸੇ ਪਾਰਟੀ ਦੀ ਚਰਚਾ ਦਾ ਵਿਸ਼ਾ ਸੀ। ਅੱਜ ਬੁੰਦੇਲਖੰਡ ਰਾਜਨੀਤੀ ਗਰਮਾਉਣ ਦਾ ਕੇਂਦਰ ਬਣ ਗਿਆ ਹੈ। ਜਿਸ ਦਾ ਸਿਹਰਾ ਸਮਾਜਿਕ ਸੰਗਠਨਾਂ ਤੇ NGO ਨੂੰ ਹੀ ਜਾਂਦਾ ਹੈ।"

ਜ਼ਾਹਿਰ ਹੈ, ਸਰਕਾਰ ਜਿਵੇਂ-ਜਿਵੇਂ ਲੋਕ ਭਲਾਈ ਯੋਜਨਾਵਾਂ ਤੋਂ ਪਿੱਛੇ ਹੱਟਦੀ ਜਾ ਰਹੀ ਹੈ, ਉਵੇਂ ਹੀ ਦਬਾਅ ਸਮੂਹਾਂ ਦੀ ਜ਼ਰੂਰਤ ਵਧਦੀ ਜਾ ਰਹੀ ਹੈ। ਖਾਸ ਕਰਕੇ ਤਦ ਜਦ ਕਿ ਸਰਕਾਰ ਦੀ ਸੱਤਾ ਧਾਰੀ ਪੱਖ ਤੇ ਵਿਰੋਧੀ ਧਿਰ ਵਿਕਾਸ ਦੇ ਨਾਂ 'ਤੇ ਲਗਭਗ ਇਕੋ ਜਿਹੀਆਂ ਦੇਸ਼ ਧਰੋਹੀ ਨੀਤੀਆਂ ਨੂੰ ਲਾਗੂ ਕਰਨ ਦਾ ਪੈਰੋਕਾਰ ਬਣ ਗਿਆ ਹੈ।

# ਕੀ ਨੇਪਾਲ ਦੀ ਸਰਹੱਦ ’ਤੇ ਧੜੱਲੇ ਨਾਲ ਚਲਦਾ ਹੈ ਧੰਦਾ?

ਰਮੇਸ਼ (ਬਦਲ ਹੋਇਆ ਨਾਂ) ਉਤਰ ਪ੍ਰਦੇਸ਼-ਨਿਪਾਲ ਸਰਹੱਦ ’ਤੇ ਬਹਿਰਾਈਚ ਜਿਲ੍ਹੇ ਵਿੱਚ ਸਥਿਤ ਨਾਨਪਾੜਾ ਕਸਬੇ ਨੇੜੇ ਇੱਕ ਪਿੰਡ ਵਿੱਚ ਰਹਿੰਦਾ ਹੈ। ਸਾਉਣੀ ਦੀ ਫਸਲ ਦੀ ਬਿਜਾਈ ਤੋਂ ਪਹਿਲਾਂ ਸਰਦੀਆਂ ਸ਼ੁਰੂ ਹੁੰਦਿਆਂ ਹੀ ਜਦ ਡੀ. ਏ. ਪੀ. ਖਾਦ ਦੀ ਮੰਗ ਚੋਟੀ ’ਤੇ ਪਹੁੰਚ ਜਾਂਦੀ ਹੈ ਤਾਂ ਉਹ ਆਪਣਾ ਧੰਦਾ ਸ਼ੁਰੂ ਕਰ ਦਿੰਦਾ ਹੈ। ਸਰਹੱਦ ਤੋਂ ਪਹਿਲਾਂ 10 ਕਿਲੋਮੀਟਰ ਸਥਿਤ ਆਪਣੇ ਪਿੰਡ ਤੋਂ ਉਹ ਡੀ.ਏ.ਪੀ. ਉਰਵਰਕ ਦੇ ਦੋ ਬੋਰੇ ਸਾਈਕਲ ’ਤੇ ਲੱਦਦਾ ਹੈ ਅਤੇ ਉਸ ਪਾਰ ਨੇਪਾਲ ਦੇ ਦੋ ਕਿ: ਮੀ: ਅੰਦਰ ਜਾ ਕੇ ਉਥੇ ਏਜੰਟਾਂ ਦੇ ਹਵਾਲੇ ਕਰਕੇ ਵਾਪਸ ਆ ਜਾਂਦਾ ਹੈ, ਉਹ ਦਿਨ ’ਚ ਘੱਟੋ-ਘੱਟ ਪੰਜ ਵਾਰੀ ਸਰਹੱਦ ’ਤੇ ਜਾਂਦਾ ਹੈ ਅਤੇ ਆਸਾਨੀ ਨਾਲ 2000 ਰੁਪਏ ਕਮਾ ਲੈਂਦਾ ਹੈ। ਇਸ ਧੰਦੇ ’ਚ ਰਮੇਸ਼ ਇਕੱਲਾ ਨਹੀਂ ਹੈ। ਨੇਪਾਲ ਦੀ ਸੀਮਾ ਦੇ ਆਰ-ਪਾਰ ਖਾਦ, ਚੀਨੀ ਤੇ ਹੋਰ ਕੀਮਤੀ ਵਸਤੂਆਂ ਦੀ ਤਸਕਰੀ ’ਚ ਵਾਹਕ ਦਾ ਕੰਮ ਕਰ ਰਹੇ ਸੈਂਕੜੇ ਲੋਕ ਹਨ, ਹਥਿਆਰਬੰਦ ਸਰਹੱਦੀ ਫੋਰਸ (SSB) ਦੇ ਮਹਾਂ ਨਿਰੀਖਕ ਅਨਿੱਲ ਅਗਰਵਾਲ ਨੇ ਲਖਨਊ ’ਚ ਦੱਸਿਆ “ਉਹਨਾਂ ਅਨੁਸਾਰ ਬੀਤੇ ਇੱਕ ਅਪ੍ਰੈਲ ਤੋਂ ਲੈ ਕੇ ਇਸ ਸਾਲ ਜਨਵਰੀ ਤੱਕ SSB ਯੂਰੀਆ ਤੇ DAP ਦੋਨੋ ਸਮੇਤ 1468 ਕੁਇੰਟਲ ਤੋਂ ਵੱਧ ਖਾਦ ਜਬਤ ਕਰ ਚੁਕਿਆ ਹੈ, ਅਗਰਵਾਲ ਅਤੇ ਸਰਹੱਦ ’ਤੇ ਤੈਨਾਤ ਉਹਨਾਂ ਦੇ ਜਵਾਨ ਹੈਰਾਨ ਤਾਂ ਇਸ ਗੱਲ ਸਬੰਧੀ ਹਨ ਕਿ ਖਾਦ ਦੀ ਤਸਕਰੀ ਦੇ ਧੰਦੇ ’ਚ 8 ਤੋਂ 12 ਸਾਲਾਂ ਦੇ ਬੱਚੇ ਅਤੇ ਬੁੱਢੀਆਂ ਔਰਤਾਂ ਸ਼ਾਮਿਲ ਹਨ, ਜੋ ਇਸ ਨੂੰ ਸਿਰ ’ਤੇ ਢੋਹ ਕੇ ਨੇਪਾਲ ਦੇ ਅੰਦਰ ਤੱਕ ਲੈ ਜਾਂਦੇ ਹਨ।

ਉਤਰਾਖੰਡ ’ਚ ਤਾਂ ਖਾਦ ਤਸਕਰਾਂ ਨੇ ਮੋਟੀ ਤਾਰ ਦਾ ਇੱਕ ਸਿਰਾ ਆਪਣੇ ਦੇਸ਼ ’ਚ ਪਹਾੜ ਦੀ ਟੀਸੀ ’ਤੇ ਕਿਸੇ ਦਰਖਤ ਨਾਲ ਅਤੇ ਦੂਜਾ ਸਿਰਾ ਨੇਪਾਲ ’ਚ ਕਿਸੇ ਦਰਖਤ ਨਾਲ ਬੰਨ ਕੇ ਆਪਣੇ ਹੀ ਰੋਪ-ਵੇ ਬਣਾ ਲਏ ਹਨ। ਖਾਦ ਤੇ ਹੋਰ ਵਸਤੂਆਂ ਉਠਾਈ ਉਹ ਇਹਨਾਂ ’ਤੇ ਫਿਸਲ ਕੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਪਹੁੰਚਦੇ ਹਨ। ਅਗਰਵਾਲ ਕਹਿੰਦੇ ਹਨ “ਅਸੀਂ ਉਤਰ ਪ੍ਰਦੇਸ਼ ਸਰਕਾਰ ਨੂੰ ਲਿਖਿਆ ਸੀ ਕਿ ਉਹ ਸੂਬੇ ’ਚ ਸਰਹੱਦ ਤੋਂ ਪਹਿਲਾਂ ਪੰਜ ਕਿ: ਮੀ: ਤੱਕ ਖਾਦ ਵੰਡਣ ਵਾਲਿਆਂ ਨੂੰ ਲਾਇਸੰਸ ਜਾਰੀ ਕਰਨਾ ਬੰਦ ਕਰੇ।” ਪਰ ਅਜਿਹਾ ਹੋਇਆ ਨਹੀਂ ਅਤੇ ਅੱਜ ਸਰਹੱਦ ’ਤੇ ਖਾਦ ਵੰਡਣ ਵਾਲਿਆਂ ਦੇ ਗੋਦਾਮ ਨਜ਼ਰ ਆਉਂਦੇ ਹਨ। ਨਤੀਜਾ ਇਹ ਹੈ ਕਿ ਵੱਡੇ ਤਸਕਰ ਰਾਜ ਤੋਂ ਨੇਪਾਲ ’ਚ ਖਾਦ ਦੀ ਸਮਗਲਿੰਗ ਲਈ ਮੁੱਖ ਤੌਰ ’ਤੇ ਬੱਚਿਆਂ ਤੇ ਬਜ਼ੁਰਗਾਂ ਨੂੰ ਵਾਹਕ ਵਜੋਂ ਵਰਤਦੇ ਆ ਰਹੇ ਹਨ। ਇਹ ਵਾਹਕ ਦਿਨ ’ਚ ਤਿੰਨ-ਚਾਰ ਵਾਰੀ ਨੇਪਾਲ ਆਉਂਦੇ ਜਾਂਦੇ ਹਨ। ਨੁਕਸਾਨ ਰਹਿਤ ਦਿਸਦੀ ਇਹ ਯਾਤਰਾ ਦਰਅਸਲ ਖਾਦ ਦੀ ਸਮਗਲਿੰਗ ਹੈ। ਇਹ ਧੰਦਾ ਇਸ ਹੱਦ ਤੱਕ ਵਧ ਗਿਆ ਹੈ ਕਿ ਰਾਜ ਦੇ ਕੋਟੇ ਨੂੰ ਖਾਣ ਲੱਗਿਆ ਹੈ ਅਤੇ ਸਿੱਟੇ ਵਜੋਂ ਬਹੁਤੇ ਕਿਸਾਨ ਪੌਸ਼ਟਿਕ ਖਾਦ ਦੀ ਬੁਨਿਆਦੀ ਖੁਰਾਕ ਤੋਂ ਬਿਨਾ ਹੀ ਬਿਜਾਈ ਕਰਨ ਲੱਗ ਪਏ ਹਨ ਜਾਂ ਜੇ ਉਹਨਾਂ ਨੇ ਇਹ ਖਰੀਦਣੀ ਵੀ ਪਵੇ ਤਾਂ ਵੱਧ ਤੋਂ ਵੱਧ ਮੁੱਲ ਦੁਗਣੇ ਪੈਸੇ ਦੇਣੇ ਪੈਂਦੇ ਹਨ।

ਜੇ ਡੀ. ਏ. ਪੀ. ਦਾ ਸਰਕਾਰੀ ਮੁੱਲ 472 ਰੁਪਏ ਹੈ ਤਾਂ ਨਵੰਬਰ ਤੇ ਦਸੰਬਰ ਵਿੱਚ ਇਹ ਕਿਸਾਨਾਂ ਨੂੰ 700 ਤੋਂ ਲੈ ਕੇ 900 ਰੁਪਏ ਤੱਕ 'ਚ ਮੁਹੱਈਆ ਹੁੰਦੀ ਹੈ। ਇਹੀ ਨਹੀਂ ਸੈਂਕੜੇ ਪਿੰਡਾਂ 'ਚ ਸੰਕਟ ਇਸ ਹੱਦ ਤੱਕ ਡੂੰਘਾ ਹੋ ਜਾਂਦਾ ਹੈ ਕਿ ਪੁਲਸ ਨੂੰ ਖਾਦ ਲਈ ਸੰਘਰਸ਼ ਕਰਨ ਵਾਲੇ ਕਿਸਾਨਾਂ 'ਤੇ ਲਾਠੀਚਾਰਜ ਕਰਨਾ ਪਿਆ ਹੈ। ਅੰਦਰੂਨੀ ਰਾਜਸੀ-ਸਮਾਜਿਕ ਸੰਕਟ ਨਾਲ ਜੂਝ ਰਿਹਾ ਨੇਪਾਲ ਕੌਮਾਂਤਰੀ ਬਾਜ਼ਾਰ 'ਚ ਖਾਦ ਤੇ ਕੱਚੇ ਮਾਲ ਦੀਆਂ ਵਧਦੀਆਂ ਕੀਮਤਾਂ ਦੇ ਮੱਦੇਨਜ਼ਰ ਆਪਣੇ ਦੇਸ਼ ਵਿੱਚ ਕਿਸਾਨਾਂ ਦੀ ਮੰਗ ਪੂਰੀ ਕਰਨ ਲਈ ਉਸ ਦੀ ਦਰਾਮਦ ਕਰ ਸਕਣ 'ਚ ਸਮਰੱਥ ਨਹੀਂ ਹੈ। ਉਥੇ ਵਿਤੀ ਸੰਕਟ ਇਸ ਹੱਦ ਤੱਕ ਡੂੰਘਾ ਹੈ ਕਿ ਪਿਛਲੇ ਦੋ ਸਾਲ ਤੋਂ ਉਸ ਨੇ ਖਾਦ ਦੀ ਦਰਾਮਦ ਬੰਦ ਕਰ ਰੱਖੀ ਹੈ ਤੇ ਉਸ ਲਈ ਉਹ ਭਾਰਤ ਤੋਂ ਹੋ ਰਹੀ ਉਸ ਦੀ ਤਸਕਰੀ 'ਤੇ ਪੂਰੀ ਤਰ੍ਹਾਂ ਨਿਰਭਰ ਹੈ। ਸੀਮਾ 'ਤੇ ਤਾਇਨਾਤ ਐਸ. ਐਸ. ਬੀ. 'ਚ ਡੀ. ਆਈ. ਜੀ. ਪੱਧਰ ਦੇ ਇੱਕ ਅਧਿਕਾਰੀ ਅਨੁਸਾਰ "ਉਤਰ ਪ੍ਰਦੇਸ਼ ਬਿਹਾਰ ਅਤੇ ਉਤਰਾਖੰਡ ਤੋਂ ਕਰੋੜਾਂ ਰੁਪਏ ਦੀ ਖਾਦ ਦੀ ਤਸਕਰੀ ਕਰਕੇ ਨੇਪਾਲ 'ਚ ਲਿਜਾਈ ਜਾਂਦੀ ਹੈ।" ਇਹ ਮੁੱਦਾ ਸੰਸਦ ਦੇ ਦੋਨਾਂ ਸਦਨਾ 'ਚ ਵੀ ਉਠਿਆ।

11 ਨਵੰਬਰ ਨੂੰ ਭਾਜਪਾ ਸੰਸਦ ਵਿਨੈ ਕਟਿਆਰ ਦੇ ਇਸ ਪਾਸੇ ਧਿਆਨ ਦਿਵਾਉਣ 'ਤੇ ਊਰਜਾ ਮੰਤਰੀ ਸ੍ਰੀਕਾਂਤ ਜੇਨਾ ਨੇ ਕਿਹਾ ਕਿ ਭਾਰੀ ਮਾਤਰਾ 'ਚ ਯੂਰੀਆ ਤੇ ਡੀ. ਏ. ਪੀ. ਉਤਰਪ੍ਰਦੇਸ਼ ਤੋਂ ਤਸਕਰੀ ਰਾਹੀਂ ਨੇਪਾਲ ਪਹੁੰਚਦੀ ਹੈ ਅਤੇ ਸੂਬਾ ਇਸ ਨੂੰ ਰੋਕਣ ਲਈ ਕੋਈ ਕਦਮ ਨਹੀਂ ਉਠਾ ਰਿਹਾ। ਉਹਨਾਂ ਦਾ ਕਹਿਣਾ ਸੀ, "ਬਿਹਾਰ ਇਸ ਤਸਕਰੀ ਦੇ ਰੋਕ ਲਾਉਣ 'ਚ ਸਫਲ ਰਿਹਾ ਹੈ, ਪਰ ਉਤਰ ਪ੍ਰਦੇਸ਼ ਨਹੀਂ।" ਬਿਹਾਰ 'ਚ ਮੁੱਖ ਮੰਤਰੀ ਨਤੀਸ਼ ਕੁਮਾਰ ਨੇ ਸਰਕਾਰੀ ਤੇ ਸਹਿਕਾਰੀ ਏਜੰਸੀਆਂ 'ਚ ਭ੍ਰਿਸ਼ਟਾਚਾਰ ਨੂੰ ਭਾਂਪ ਕੇ ਨਿੱਜੀ ਖੇਤਰ ਨੂੰ ਕਿਹਾ ਕਿ ਇਹ ਖਾਦ ਵੰਡ ਦਾ ਕੰਮ ਸੰਭਾਲ ਲਵੇ ਅਤੇ ਇਸ ਨਵੇਂ ਪ੍ਰਬੰਧ ਨਾਲ ਕਿਸਾਨਾਂ ਨੂੰ ਵੱਡੀ ਰਾਹਤ ਮਿਲੀ ਹੈ, ਜਦ ਕਿ ਉਤਰ ਪ੍ਰਦੇਸ਼ 'ਚ ਤਸਕਰੀ ਦੇ ਦੋਸ਼ਾਂ ਪਿੱਛੋਂ ਵੀ ਰਾਜ ਸਰਕਾਰ ਨੇ ਕੁਝ ਨਹੀਂ ਕੀਤਾ ਅਤੇ ਕਿਸਾਨ ਇਸ ਦਾ ਫਲ ਭੁਗਤ ਰਹੇ ਹਨ। ਐਸ ਐਸ ਬੀ ਦੇ ਡੀ ਆਈ ਜੀ ਅਵਿਨਾਸ਼ ਚੰਦਰ ਦੱਸਦੇ ਹਨ ਕਿ ਉਹਨਾਂ ਦੇ ਪੁਲਸ ਦਸਤਿਆਂ ਨੈ ਸਰਹੱਦੀ ਜਿਲ੍ਹੇ 'ਚ ਸੈਂਕੜੇ ਬੋਰੀਆਂ ਖਾਦ ਫੜੀ ਹੈ ਅਤੇ ਤਸਕਰੀ ਦੀ ਜਾਣਕਾਰੀ ਉਚ ਅਧਿਕਾਰੀਆਂ ਨੂੰ ਦਿੱਤੀ ਹੈ। ਤਸਕਰਾਂ ਦੇ ਵਾਹਕ ਇਸ ਨੂੰ ਸਿਰਾਂ, ਸਾਈਕਲਾਂ ਤੇ ਬੈਲ ਗੱਡੀਆਂ 'ਤੇ ਲੱਦ ਕੇ ਲੈ ਜਾਂਦੇ ਹਨ। ਖੁਫੀਆ ਵਿਭਾਗ ਇੱਕ ਅਧਿਕਾਰੀ ਅਨੁਸਾਰ "ਇਹ ਗੈਰ ਕਾਨੂੰਨੀ ਬਰਾਮਦ ਕੋਈ 1500 ਕਰੋੜ ਰੁਪਏ ਦਾ ਹੈ।" ਵਿਭਾਗ ਨੇਪਾਲ 'ਚ ਮਾਓਵਾਦੀਆਂ, ਅਪਰਾਧੀਆਂ ਵੱਲੋਂ ਯੂਰੀਆ ਨਾਲ ਵਿਸਫੋਟਾਂ ਦੇ ਗੈਰ ਕਾਨੂੰਨੀ ਨਿਰਮਾਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕਰਦਾ। ਖਾਦ 'ਤੇ ਸਬਸਿਡੀ ਦੇਣ ਕਾਰਨ ਉਸ ਦੀ ਤਸਕਰੀ ਨਾਲ ਭਾਰਤ ਸਰਕਾਰ ਨੂੰ ਭਾਰੀ ਹਾਨੀ ਹੁੰਦੀ ਹੈ। ਇਸ ਸਮੇਂ ਕੌਮਾਂਤਰੀ ਬਾਜ਼ਾਰ 'ਚ ਖਾਦ ਤੇ ਕੱਚੇ ਮਾਲ ਦੀਆਂ ਵਧਦੀਆਂ ਕੀਮਤਾਂ ਕਾਰਨ ਸਬਸਿਡੀ ਦਾ ਖਰਚ ਲੱਖਾਂ ਕਰੋੜਾਂ ਰੁਪਏ ਤੱਕ ਜਾ ਪਹੁੰਚਿਆ ਹੈ। ਕੇਂਦਰ ਸਰਕਾਰ ਨੇ ਇਸ ਮੁੱਲ ਵਾਧੇ ਦਾ ਬੋਝ ਅਜੇ ਕਿਸਾਨਾਂ 'ਤੇ ਨਹੀਂ ਪਾਇਆ, ਪਰ ਇਹ ਹੁਣ ਇਸ 'ਤੇ ਗੰਭੀਰਤਾ ਨਾਲ ਸੋਚ ਰਹੀ ਹੈ। ਉਤਰ ਪ੍ਰਦੇਸ਼ 'ਚ ਸਿਰਫ ਖਾਦ ਹੀ ਨਹੀਂ, ਅਨਾਜ ਵੀ ਰਾਜ ਤੋਂ ਤਸਕਰੀ ਕਰਕੇ ਨੇਪਾਲ ਤੇ ਬੰਗਲਾਦੇਸ਼ ਵਿੱਚ ਵੇਚਿਆ ਜਾ

ਰਿਹਾ ਹੈ। ਤਸਕਰਾਂ ਨੇ ਜਨਤਕ ਵੰਡ ਪ੍ਰਣਾਲੀ ਦੇ ਜ਼ਰੀਏ ਗਰੀਬਾਂ ਨੂੰ ਦਿੱਤੇ ਜਾਣ ਵਾਲੇ ਅਨਾਜ 'ਤੇ ਨਿਸ਼ਾਨਾ ਸੇਧਿਆ ਹੈ। ਕੇਂਦਰ ਤੇ ਰਾਜ ਸਰਕਾਰਾਂ ਅਨੇਕਾਂ ਕਲਿਆਣਕਾਰੀ ਤੇ ਗਰੀਬੀ ਹਟਾਓ ਯੋਜਨਾਵਾਂ ਰਾਹੀਂ ਜ਼ਿਆਦਾਤਰ ਚੌਲ ਤੇ ਕਣਕ ਵਰਗੇ ਅਨਾਜਾਂ ਨੂੰ ਗਰੀਬਾਂ 'ਚ ਵੰਡਣ ਲਈ ਦਿੰਦੀਆਂ ਹਨ। ਕੰਮ ਦੇ ਬਦਲੇ ਅਨਾਜ ਵਰਗੀਆਂ ਕੁਝ ਯੋਜਨਾਵਾਂ 'ਚ ਤਨਖਾਹ ਦਾ ਭੁਗਤਾਨ ਅਨਾਜ 'ਚ ਕੀਤਾ ਜਾਂਦਾ ਹੈ। 2003-07 'ਚ ਮੁਲਿਆਮ ਸਿੰਘ ਯਾਦਵ ਦੀ ਹਕੂਮਤ ਦੌਰਾਨ ਰਾਜ ਦੇ ਕਈ ਭਾਗਾਂ 'ਚ ਸਰਕਾਰੀ ਅਨਾਜ ਦੀ ਵੱਡੇ ਪੈਮਾਨੇ 'ਤੇ ਗੈਰ ਕਾਨੂੰਨੀ ਵਿਕਰੀ ਤੇ ਤਸਕਰੀ ਸਾਹਮਣੇ ਆਈ ਸੀ। ਗ੍ਰਹਿ ਵਿਭਾਗ ਦੇ ਇੱਕ ਅਧਿਕਾਰੀ ਅਨੁਸਾਰ ਅਜੇ ਤੱਕ 70 (ਹੁਣ 71) ਜਿਲ੍ਹਿਆਂ ਵਿੱਚੋਂ 54 'ਚ ਸਰਕਾਰੀ ਅਨਾਜ ਦੀ ਭਾਰੀ ਤਸਕਰੀ ਦਾ ਪਤਾ ਲੱਗਿਆ ਹੈ। 2007 'ਚ ਜਦ ਮਾਇਆਵਤੀ ਸਰਕਾਰ ਆਈ ਤਾਂ ਉਸ ਨੇ ਪੁਲਸ ਨੂੰ ਅਜਿਹੀਆਂ ਸ਼ਿਕਾਇਤਾਂ ਦੀ ਜਾਂਚ ਕਰਨ ਨੂੰ ਕਿਹਾ ਸੀ।

ਵਿਸ਼ੇਸ਼ ਜਾਂਚ ਟੀਮ ਸਮੇਤ ਅਜਿਹੀਆਂ ਕਈਆਂ ਜਾਂਚਾਂ 'ਚ ਇਸ ਦੀ ਪੁਸ਼ਟੀ ਵੀ ਹੋਈ ਸੀ। ਉਧਰ ਹਾਈਕੋਰਟ ਦੀ ਲਖਨਊ ਪੀਠ ਨੇ ਸੀ ਬੀ ਆਈ ਨੂੰ ਅਨਾਜ ਘਪਲੇ ਦੀ ਜਾਂਚ ਦਾ ਮਾਮਲਾ ਹੱਥ ਲੈਣ ਨੂੰ ਕਿਹਾ, ਜਿਸਨੇ ਕੇਸ ਸਟੱਡੀ ਦੇ ਤੌਰ 'ਤੇ ਲਖੀਮਪੁਰ ਖੀਰੀ ਤੇ ਬਲਿਆ ਜ਼ਿਲ੍ਹਿਆਂ 'ਚ ਜਾਂਚ ਕਰਕੇ ਕ੍ਰਮਵਾਰ 60 ਅਤੇ 51 ਰਪਟਾਂ ਦਰਜ ਕੀਤੀਆਂ ਖਾਸ ਕਰਕੇ ਜਾਂਚ ਦਲ ਦੇ ਇੱਕ ਉਚ ਅਧਿਕਾਰੀ ਅਨੁਸਾਰ, ਭਾਰਤੀ ਖਾਦ ਨਿਯਮ ਜਨਤਕ ਵੰਡ ਪ੍ਰਣਾਲੀ ਲਈ ਜੋ ਅਨਾਜ ਰਾਜ ਦੀਆਂ ਏਜੰਸੀਆਂ ਨੂੰ ਦਿੰਦਾ ਹੈ, ਉਸ ਨੂੰ "ਘਪਲੇਬਾਜ਼ਾਂ ਨੇ ਕਾਗਜ਼ਾਂ 'ਤੇ ਤਾਂ ਵੰਡਿਆ ਦੱਸਿਆ, ਪਰ ਅਸਲ 'ਚ ਉਹਨਾਂ ਨੇ ਉਸ ਨੂੰ ਜਾਂ ਤਾਂ ਗੈਰ ਕਾਨੂੰਨੀ ਤਰੀਕੇ ਨਾਲ ਨਿਜੀ ਵਪਾਰੀਆਂ ਨੂੰ ਵੇਚ ਦਿੱਤਾ ਜਾਂ ਤਸਕਰੀ ਨਾਲ ਗੁਆਂਢੀ ਦੇਸ਼ਾਂ 'ਚ ਪਹੁੰਚਾ ਦਿੱਤਾ। ਉਹਨਾਂ ਨੇ ਉਸ ਨੂੰ ਪਿੰਡਾਂ 'ਚ ਸਥਿਤ ਰਾਸ਼ਨ ਦੀਆਂ ਦੁਕਾਨਾਂ 'ਤੇ ਟਰੱਕਾਂ ਅਤੇ ਟਰਾਲੀਆਂ ਰਾਹੀਂ ਭੇਜਿਆ ਦੱਸਿਆ ਪਰ ਜਾਂਚ ਵਿੱਚ ਅਸੀਂ ਪਾਇਆ ਕਿ ਉਹਨਾਂ ਦੇ ਜੋ ਰਜਿਸਟ੍ਰੇਸ਼ਨ ਨੰਬਰ ਸਾਨੂੰ ਦਿੱਤੇ ਗਏ ਹਨ। ਉਹ ਸਕੂਟਰਾਂ ਤੇ ਮੋਟਰਸਾਈਕਲਾਂ ਦੇ ਸਨ।"

ਬਸਤੀ ਜਿਲ੍ਹੇ 'ਚ ਇਹ ਵਿਖਾਇਆ ਗਿਆ ਕਿ ਇੱਕ ਟਰੱਕ ਨੰਬਰ ਯੂ ਪੀ-53/ਐਫ 7441 ਦੇ ਰਾਹੀਂ 250 ਬੋਰੀਆਂ ਯਾਨੀ 120 ਕੁਇੰਟਲ ਕਣਕ ਜਨਤਕ ਵੰਡ ਪ੍ਰਣਾਲੀ ਨੂੰ ਪਹੁੰਚਾਈ ਗਈ ਪਰ ਜਦ ਵਿਸ਼ੇਸ਼ ਜਾਂਚ ਟੀਮ ਤੇ ਪੁਲਸ ਨੇ ਜਾਂਚ ਕੀਤੀ ਤਾਂ ਪਤਾ ਲੱਗਿਆ ਕਿ ਉਹ ਕਿਸੇ ਸਕੂਟਰ ਦਾ ਨੰਬਰ ਹੈ। ਜਿਸ ਨਾਲ 120 ਕੁਇੰਟਲ ਕਣਕ ਨਹੀਂ ਢੋਈ ਜਾ ਸਕਦੀ। ਇਸ ਤਰ੍ਹਾਂ ਟਰੱਕ ਨੰਬਰ ਯੂ ਪੀ ਕੇ-6301 ਨਾਲ ਕਣਕ ਦੀਆਂ 300 ਤੋਂ 400 ਬੋਰੀਆਂ ਢੋਈਆਂ ਦੱਸੀਆਂ ਗਈਆਂ ਹਨ ਪਰ ਜਾਂਚ 'ਚ ਉਹ ਕਿਸੇ ਦੂਜੇ ਸਕੂਟਰ ਦਾ ਨੰਬਰ ਪਾਇਆ ਗਿਆ। ਪੁਲਸ ਜਾਂਚ ਉਹ ਕਹਿੰਦੀ ਹੈ ਕਿ 6 ਅਪ੍ਰੈਲ 2004 ਨੂੰ ਜਨਤਕ ਵੰਡ ਪ੍ਰਣਾਲੀ ਦਾ 24000 ਕੁਇੰਟਲ ਕਣਕ ਤਸਕਰੀ ਕਰਕੇ ਬਾਰਾਬਾਂਕੀ ਜਿਲ੍ਹੇ ਤੋਂ ਬੰਗਲਾ ਦੇਸ਼ ਲਿਜਾਇਆ ਗਿਆ। ਪੁਲਸ ਨੇ ਬਾਰਾਬਾਂਕੀ ਦੇ ਉਸ ਸਪਲਾਈ ਕਰਤਾ ਦਾ ਨਾਂ ਵੀ ਪਤਾ ਲੱਗ ਗਿਆ ਹੈ, ਜਿਸ ਨੇ ਕੋਲਕਾਤਾ ਦੇ ਇੱਕ ਏਜੰਟ ਰਾਹੀਂ ਅਨਾਜ ਬੰਗਲਾਦੇਸ਼ ਦੇ ਇੱਕ ਵਪਾਰੀ ਨੂੰ ਭੇਜਿਆ ਸੀ। ਸੀ. ਬੀ. ਆਈ. ਦੇ ਇੱਕ ਅਧਿਕਾਰੀ ਨੇ ਕਿਹਾ, "ਅਜੇ ਕੁਝ ਕਹਿਣਾ ਮੁਸ਼ਕਿਲ

ਹੈ ਕਿਉਂਕਿ ਅਸੀਂ 54 ਵਿੱਚੋਂ ਸਿਰਫ ਦੋ ਜ਼ਿਲ੍ਹਿਆਂ ਦੇ ਕੇਸ ਲਏ ਹਨ, ਪਰ ਘਪਲਾ ਹਜ਼ਾਰਾਂ ਕਰੋੜ ਰੁਪਏ ਦਾ ਹੈ।" ਹਾਈਕੋਰਟ ਖੁਦ ਅਮਲੇ ਦੀ ਪ੍ਰਗਤੀ 'ਤੇ ਨਜ਼ਰ ਰੱਖ ਰਹੇ ਹਨ, ਅਨਾਜ ਤੇ ਨਾਗਰਿਕ ਸਪਲਾਈ ਵਿਭਾਗ, ਭਾਰਤੀ ਫੂਡ ਕਾਰਪੋਰੇਸ਼ਨ, ਰੇਲਵੇ, ਜ਼ਿਲ੍ਹਾ ਪ੍ਰਸਾਸ਼ਨ ਅਤੇ ਰੋਡਵੇਜ਼ ਵਿਭਾਗ ਵਰਗੀਆਂ ਅੱਧੀ ਦਰਜਨ ਸਰਕਾਰੀ ਏਜੰਸੀਆਂ ਜਾਂਚ ਕਰਤਾਵਾਂ ਦੇ ਨਿਸ਼ਾਨੇ 'ਤੇ ਹਨ। ਇਸ ਦਾ ਦੋਸ਼ੀ ਕੋਈ ਉਦੋਂ ਦੀ ਹਾਕਮ ਜਮਾਤ ਦੇ ਨੇਤਾਵਾਂ ਨੂੰ ਦੱਸਦਾ ਹੈ, ਤਾਂ ਕੋਈ ਅਨਾਜ ਤੇ ਨਾਗਰਿਕ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਇਸ ਤਰ੍ਹਾਂ ਦੋਸ਼ ਮੁਕਤ ਕਰਨ ਦੀ ਖੇਡ ਜਾਰੀ ਹੈ ਅਤੇ ਸਰਕਾਰੀ ਖਜਾਨੇ ਦੇ ਹਜ਼ਾਰਾਂ ਕਰੋੜ ਰੁਪਏ ਖਾਦ, ਅਨਾਜ ਤੇ ਖੰਡ ਦੀ ਸਬਸਿਡੀ 'ਤੇ ਖਰਚ ਕੀਤੇ ਜਾ ਰਹੇ ਹਨ, ਜਿਸ ਦਾ ਲਾਭ ਦੇਸ਼ ਦੇ ਨਹੀਂ ਬਲਕਿ ਗੁਆਂਢੀ ਦੇਸ਼ਾਂ ਦੇ ਲੋਕ ਉਠਾ ਰਹੇ ਹਨ।

---------✪✪---------

## ਇਤਿਹਾਸ ਦੇ ਝਰੋਖੇ ’ਚੋਂ

# ਜਦ ਤਹਿਸ ਨਹਿਸ ਹੋਈਆਂ ਸਨਅਤਾਂ

ਪ੍ਰਸਿੱਧ ਅੰਗਰੇਜ਼ ਇਤਿਹਾਸਕਾਰ ਡਾ. ਰਾਬਰਟਸ਼ਨ ਨੇ ਸੰਨ 1817 ਵਿੱਚ ਉਸ ਸਮੇਂ ਦੇ ਕੌਮਾਂਤਰੀ ਵਪਾਰ ਬਾਰੇ ਲਿਖਿਆ ਸੀ ਕਿ ‘ਹਰ ਯੁੱਗ ’ਚ ਸੋਨਾ, ਚਾਂਦੀ ਅਤੇ ਖਾਸ ਕਰਕੇ ਚਾਂਦੀ ਦੂਜੇ ਮੁਲਕਾਂ ਤੋਂ ਹਿੰਦੁਸਤਾਨ ’ਚ ਭੇਜੀ ਜਾਂਦੀ ਸੀ, ਜਿਸ ਨਾਲ ਹਿੰਦੁਸਤਾਨ ਨੂੰ ਬਹੁਤ ਲਾਭ ਸੀ। ਧਰਤੀ ਦਾ ਕੋਈ ਵੀ ਹਿੱਸਾ ਅਜਿਹਾ ਨਹੀਂ ਸੀ ਜਿੱਥੋਂ ਦੇ ਲੋਕ ਆਪਣੇ ਜੀਵਨ ਦੀਆਂ ਲੋੜਾਂ ਜਾਂ ਆਪਣੇ ਐਸ਼ੋ ਇਸ਼ਰਤ ਦੀਆਂ ਚੀਜ਼ਾਂ ਲਈ ਦੂਜੇ ਦੇਸ਼ਾਂ ’ਤੇ ਏਨੇ ਘੱਟ ਨਿਰਭਰ ਹੋਣ। ਕੁਦਰਤ ਨੇ ਭਾਰਤ ਵਾਸੀਆਂ ਨੂੰ ਬੇਹੱਦ ਜਲਵਾਯੂ ਦਿੱਤੀ ਹੈ। ਉਹਨਾਂ ਦੀ ਭੂਮੀ ਬੇਹੱਦ ਉਪਜਾਊ ਹੈ। ਉਥੋਂ ਦੇ ਲੋਕ ਬੇਹੱਦ ਵਧੀਆ ਕਾਰੀਗਰ ਹਨ। ਇਹਨਾਂ ਸਾਰੀਆਂ ਗੱਲਾਂ ਕਾਰਨ ਹਿੰਦੁਸਤਾਨੀ ਆਪਣੀਆਂ ਸਾਰੀਆਂ ਇੱਛਾਵਾਂ ਨੂੰ ਪੂਰਾ ਕਰ ਸਕਦੇ ਹਨ। ਨਤੀਜਾ ਇਹ ਹੈ ਕਿ ਬਾਹਰੀ ਸੰਸਾਰ ਦੇ ਨਾਲ ਉਹਨਾਂ ਦੀ ਇੱਕ ਹੀ ਢੰਗ ਦੀ ਤਿਜ਼ਾਰਤ ਹੁੰਦੀ ਰਹੀ ਹੈ। ਉਹਨਾਂ ਦੇ ਇੱਥੋਂ ਦੇ ਅਦਭੁਤ ਕੁਦਰਤੀ ਤੇ ਹੱਥਾਂ ਨਾਲ ਬਣੀਆਂ ਵਸਤਾਂ ਬਦਲੇ ’ਚ ਕੀਮਤੀ ਧਾਤੂਆਂ ਉਹਨਾਂ ਨੂੰ ਮਿਲਦੀਆਂ ਰਹੀਆਂ ਹਨ।

ਡਾ. ਰਾਬਰਟਸ਼ਨ ਨੇ ਇਹ ਵੀ ਲਿਖਿਆ ਕਿ ਅਠਾਰਵੀਂ ਸਦੀ ਦੇ ਉਤਰਾਅ ਤੱਕ ਇੰਗਲਸਤਾਨ ਦੀਆਂ ਸਨਅਤਾਂ ਧੰਦੇ ਭਾਰਤ ਦੇ ਮੁਕਾਬਲੇ ਬਹੁਤ ਹੀ ਪਛੜੇ ਹੋਏ ਸਨ। ਉਸ ਸਮੇਂ ਤੱਕ ਜੋ ਯੂਰਪੀ ਵਪਾਰੀ ਭਾਰਤ ਪਹੁੰਚੇ ਉਹਨਾਂ ਸਾਰਿਆਂ ਦਾ ਮਕਸਦ ਸਿਰਫ ਭਾਰਤ ਦਾ ਬਣਿਆ ਮਾਲ ਆਪਣੇ ਦੇਸ਼ਾਂ ਨੂੰ ਲੈ ਜਾਣਾ ਹੁੰਦਾ ਸੀ। ਇਹੀ ਉਦੇਸ਼ ਈਸਟ ਇੰਡੀਆ ਕੰਪਨੀ ਦਾ ਵੀ ਸੀ। ਅੰਗਰੇਜ਼ਾਂ ਨੇ ਬਾਅਦ ਦੇ ਦਿਨਾਂ ’ਚ ਕਿਸ ਤਰ੍ਹਾਂ ਭਾਰਤ ਦੇ ਉਦਯੋਗ ਧੰਦਿਆਂ ਦਾ ਸਰਬਨਾਸ਼ ਕੀਤਾ, ਇਸ ਦੀ ਵਿਆਖਿਆ ਸੁੰਦਰ ਲਾਲ ਨੇ ਆਪਣੀ ਪੁਸਤਕ “ਭਾਰਤ ’ਚ ਅੰਗਰੇਜ਼ੀ ਰਾਜ” ’ਚ ਕੀਤੀ ਹੈ। ਇਸ ਪੁਸਤਕ ’ਤੇ ਸੰਨ 1929 ’ਚ ਅੰਗਰੇਜ਼ੀ ਸਰਕਾਰ ਨੇ ਪਾਬੰਦੀ ਲਾ ਦਿੱਤੀ ਸੀ, ਪਰ ਸੰਨ 1937 ’ਚ ਇਹ ਪਾਬੰਦੀ ਉਠਾ ਲਈ ਸੀ।

ਅੰਗਰੇਜ਼ਾਂ ਨੇ ਭਾਰਤ ਦੇ ਜੁਲਾਹਿਆਂ ਦੇ ਨਾਲ ਕਿਸ ਹੱਦ ਤੱਕ ਅੱਤਿਆਚਾਰ ਕੀਤੇ ਇਸ ਦਾ ਵਿਸਥਾਰ ਸੁੰਦਰ ਲਾਲ ਦੀ ਪੁਸਤਕ ’ਚ ਮਿਲਦਾ ਹੈ। ਇਹ ਵਿਸਥਾਰ ਖੁਦ ਸੁੰਦਰ ਲਾਲ ਦਾ ਨਹੀਂ ਬਲਕਿ ਬੋਲਟਸ ਨਾਂ ਦੇ ਇੱਕ ਅੰਗਰੇਜ਼ ਪੁਸਤਕ ਲੇਖਕ ਦਾ ਸੀ। ਉਸ ਦੀ ਪੁਸਤਕ ਪਾਲਸੀ ਦੇ ਯੁੱਧ ਦੇ ਦਸ ਸਾਲ ਬਾਅਦ ਛਪੀ। ਬੋਲਟਸ ਅਨੁਸਾਰ “ਭਾਰਤ ਦੇ ਗਰੀਬ ਕਾਰੀਗਰਾਂ ਤੇ ਮਜ਼ਦੂਰਾਂ ਉਪਰ ਇਸ ਤਰ੍ਹਾਂ ਦੇ ਅੱਤਿਆਚਾਰ ਤੇ ਅਨਿਆ ਕੀਤੇ ਗਏ ਹਨ, ਜਿਹਨਾਂ ਦਾ ਅੰਦਾਜ਼ਾ ਤੱਕ ਨਹੀਂ ਲਾਇਆ ਜਾ ਸਕਦਾ ਹੈ। ਅਸਲ ’ਚ ਇਹਨਾਂ ਕਾਰੀਗਰਾਂ ਅਤੇ ਮਜ਼ਦੂਰਾਂ ’ਤੇ ਈਸਟ ਇੰਡੀਆ ਕੰਪਨੀ ਨੇ ਇਸ ਤਰ੍ਹਾਂ ਆਪਣਾ ਅਧਿਕਾਰ ਜਮਾ ਰੱਖਿਆ ਹੈ, ਜਿਵੇਂ ਉਹ ਕੰਪਨੀ ਦੇ ਖਰੀਦੇ ਹੋਏ ਗੁਲਾਮ ਹੋਣ। ਗਰੀਬ ਜੁਲਾਹਿਆਂ ਨੂੰ ਸਤਾਉਣ ਦੇ ਅਨੇਕਾਂ ਤੇ ਅਣਗਿਣਤ ਤਰੀਕੇ ਹਨ ਅਤੇ ਦੇਸ਼ ਦੇ ਅੰਦਰ ਕੰਪਨੀ ਦੇ ਏਜੰਟ ਤੇ ਗੁਮਾਸ਼ਤੇ ਇਹਨਾਂ ਢੰਗਾਂ ਦੀ ਆਏ ਦਿਨ ਵਰਤੋਂ ਕਰਦੇ ਰਹਿੰਦੇ ਹਨ। ਮਿਸਾਲ ਵਜੋਂ ਜੁਰਮਾਨੇ

ਕਰਨਾ, ਕੈਦ ਕਰ ਲੈਣਾ, ਕੋੜੇ ਮਾਰਨਾ, ਜ਼ਬਰਦਸਤੀ ਇਕਰਾਰਨਾਮੇ ਲਿਖਵਾ ਲੈਣਾ ਵਗੈਰਾ-ਵਗੈਰਾ। ਇਹਨਾਂ ਸਾਰਿਆਂ ਦਾ ਸਿੱਟਾ ਇਹ ਹੈ ਕਿ ਦੇਸ਼ ਦੇ ਅੰਦਰ ਬੁਨਕਰਾਂ ਦੀ ਤੈਦਾਦ ਬੇਹੱਦ ਘੱਟ ਹੋ ਗਈ ਇਸ ਲਈ ਜੋ ਬੁਨਕਰ ਆਪਣੀ ਮਿਹਨਤ ਦਾ ਸਹੀ ਮੁੱਲ ਲੈਣ ਦੀ ਇੱਛਾ ਰੱਖਦਾ ਹੈ। ਉਹ ਅਕਸਰ ਨਿੱਜੀ ਤੌਰ 'ਤੇ ਆਪਣਾ ਕੱਪੜਾ ਦੂਜਿਆਂ ਦੇ ਹੱਥ ਵੇਚਣ ਦੀ ਕੋਸ਼ਿਸ਼ ਕਰਦਾ ਹੈ। ਇਸ 'ਤੇ ਅੰਗਰੇਜ਼ ਕੰਪਨੀ ਦਾ ਗੁਮਾਸ਼ਤਾ ਜੁਲਾਹੇ 'ਤੇ ਨਿਗ੍ਹਾ ਰੱਖਣ ਲਈ ਆਪਣੇ ਸਿਪਾਹੀ ਨਿਯੁਕਤ ਕਰ ਦਿੰਦਾ ਹੈ ਅਤੇ ਜਿਉਂ ਹੀ ਥਾਨ ਪੂਰਾ ਹੋਣ ਦੇ ਕਰੀਬ ਆਉਂਦਾ ਹੈ ਉਹ ਸਿਪਾਹੀ ਥਾਨ ਨੂੰ ਜ਼ਬਰੀ ਖੱਡੀ 'ਚੋਂ ਕੱਟ ਕੇ ਕੱਢ ਲੈਂਦੇ ਹਨ। ਦੇਸ਼ ਦੇ ਅੰਦਰ ਹਰ ਤਰ੍ਹਾਂ ਦੇ ਕਾਰੀਗਰਾਂ ਦੇ ਨਾਲ ਇਸ ਤਰ੍ਹਾਂ ਦਾ ਅਤਿਆਚਾਰ ਹਰ ਦਿਨ ਵਧਦਾ ਜਾ ਰਿਹਾ ਹੈ। ਇੱਥੋਂ ਤੱਕ ਕਿ ਜੇ ਕੋਈ ਬੁਨਕਰ ਆਪਣਾ ਮਾਲ ਕਿਸੇ ਦੂਜੇ ਨੂੰ ਵੇਚਣ ਦੀ ਜੁਅੱਰਤ ਕਰਦਾ ਹੈ ਅਤੇ ਦਲਾਲ ਜਾਂ ਪੈਕਰ ਜੇ ਇਸ ਤਰ੍ਹਾਂ ਦੀ ਵਿਕਰੀ 'ਚ ਮੱਦਦ ਕਰਦਾ ਹੈ ਤਾਂ ਕਈ ਵਾਰ ਐਸਾ ਹੋ ਚੁੱਕਿਆ ਹੈ ਕਿ ਕੰਪਨੀ ਦੇ ਏਜੰਟ ਉਹਨਾਂ ਸਾਰਿਆਂ ਨੂੰ ਫੜ ਕੇ ਕੈਦ ਕਰ ਲੈਂਦੇ ਹਨ। ਉਹਨਾਂ ਨੂੰ ਬੇੜੀਆਂ ਤੇ ਹੱਥਕੜੀਆਂ ਪਾ ਦਿੰਦੇ ਹਨ। ਉਹਨਾਂ ਤੋਂ ਵੱਡੀਆਂ-ਵੱਡੀਆਂ ਰਕਮਾਂ ਜੁਰਮਾਨੇ ਵਜੋਂ ਵਸੂਲ ਕਰਦੇ ਹਨ ਅਤੇ ਬੇਹੱਦ ਬੇਇੱਜ਼ਤ ਤਰੀਕੇ ਨਾਲ ਉਹਨਾਂ ਤੋਂ ਇਹ ਚੀਜ਼ ਵੀ ਖੋਹ ਲੈਂਦੇ ਹਨ ਜਿਸ ਨੂੰ ਉਹ ਸਭ ਤੋਂ ਕੀਮਤੀ ਸਮਝਦੇ ਸਨ। ਯਾਨੀ ਉਹ ਉਹਨਾਂ ਨੂੰ ਜਾਤੀ ਭ੍ਰਿਸ਼ਟ ਤੇ ਧਰਮ ਭ੍ਰਿਸ਼ਟ ਕਰ ਦਿੰਦੇ ਸਨ। ਕੰਪਨੀ ਦੇ ਗੁਮਾਸ਼ਤਿਆਂ ਵੱਲੋਂ ਇਸ ਤਰ੍ਹਾਂ ਦੇ ਜੁਲਮ ਸਿਰਾਜੁਦੌਲਾ ਦੇ ਸਮੇਂ ਤੋਂ ਅੰਗਰੇਜ਼ ਕੰਪਨੀ ਦੀ ਸੱਤਾ ਵਧਣ ਦੇ ਨਾਲ-ਨਾਲ ਸ਼ੁਰੂ ਹੋਏ। ਸੁੰਦਰ ਲਾਲ ਇਸ 'ਤੇ ਲਿਖਦੇ ਹਨ ਕਿ ਵਿਦਵਾਨ ਲੇਖਕ ਨੇ ਸੰਭਾਵਿਤ ਲੱਜਾ ਜਾਂ ਸ਼ਲੀਨਤਾ ਦੇ ਵਿਚਾਰ ਨਾਲ ਇਹ ਸਾਫ਼ ਨਹੀਂ ਲਿਖਿਆ ਕਿ ਬੰਗਲਾ ਦੇ ਬੁਨਕਰਾਂ ਨੂੰ ਕਿਸ ਤਰ੍ਹਾਂ ਜਾਤੀ ਭ੍ਰਿਸ਼ਟ ਕੀਤਾ ਜਾਂਦਾ ਸੀ ਜਾਂ ਮਾਨਵ ਸਮਾਜ ਦੇ ਕਿਹੜੇ ਪਵਿੱਤਰ ਨਿਯਮਾਂ ਦੀ ਕਿਸ ਤਰ੍ਹਾਂ ਘੋਰ ਉਲੰਘਣਾ ਕੀਤੀ ਜਾਂਦੀ ਸੀ। ਇੱਕ ਦੂਸਰੇ ਥਾਂ ਤੇ ਇਸ ਅੰਗਰੇਜ਼ ਲੇਖਕ ਨੇ ਲਿਖਿਆ ਹੈ ਕਿ ਇਹ ਹਿੰਦੁਸਤਾਨੀ ਜੁਲਾਹੇ ਓਨਾ ਕੰਮ ਪੂਰਾ ਨਹੀਂ ਕਰ ਸਕਦੇ, ਜਿੰਨਾ ਕੰਪਨੀ ਦੇ ਗੁਮਾਸ਼ਤੇ ਜਬਰਦਸਤੀ ਉਹਨਾਂ 'ਤੇ ਮੜ੍ਹ ਦਿੰਦੇ ਹਨ ਤਾਂ ਕਮੀ ਨੂੰ ਪੂਰਾ ਕਰਨ ਲਈ ਉਹਨਾਂ ਦਾ ਮਾਲ ਅਸਬਾਬ ਲੈ ਕੇ ਉਸੇ ਥਾਂ 'ਤੇ ਨਿਲਾਮ ਕਰ ਦਿੱਤਾ ਜਾਂਦਾ ਹੈ ਕੱਚੇ ਰੇਸ਼ਮ ਨੂੰ ਲਪੇਟਨ ਵਾਲਿਆਂ ਦੇ ਨਾਲ ਏਨਾ ਵੱਧ ਅਨਿਆਂ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਮਿਸ਼ਾਲ ਵੇਖੀ ਗਈ ਕਿ ਜਿੰਨਾਂ 'ਚ ਉਹਨਾਂ ਨੇ ਖੁਦ ਆਪਣੇ ਅੰਗੂਠੇ ਤੱਕ ਕੱਟ ਸੁੱਟੇ ਤਾਂ ਕਿ ਫਿਰ ਕੋਈ ਰੇਸ਼ਮ ਲਪੇਟਣ ਲਈ ਮਜ਼ਬੂਰ ਨਾ ਕਰ ਸਕੇ। ਯਾਦ ਰਹੇ ਕਿ ਰੇਸ਼ਮ ਲਪੇਟਣ ਦਾ ਕੰਮ ਬਿਨਾਂ ਅੰਗੂਠੇ ਦੇ ਨਹੀਂ ਹੋ ਸਕਦਾ। ਕੰਪਨੀ ਦੇ ਭਾਰਤੀ ਇਲਾਕੇ 'ਚ ਇਹ ਸਲੂਕਾਂ ਤਾਂ ਬੁਨਕਰਾਂ ਤੇ ਕਾਰੀਗਰਾਂ ਦੇ ਨਾਲ ਹੁੰਦਾ ਸੀ।

ਹੁਣ ਰਿਹਾ ਕਿਸਾਨਾਂ ਦੇ ਨਾਲ ਸਲੂਕ ਤਾਂ ਇਹ ਉਸ ਤੋਂ ਵੀ ਕਿਤੇ ਵੱਧ ਬਦਤਰ ਸੀ। ਇਹੀ ਲੇਖਕ ਇੱਕ ਥਾਂ 'ਤੇ ਲਿਖਦਾ ਹੈ ਕਿ ਕੰਪਨੀ ਦੇ ਵਪਾਰੀ ਗੁਮਾਸ਼ਤੇ ਮਾਲ ਲਈ ਰਿਆਇਤ ਨੂੰ ਏਨਾ ਟਿਕ ਕਰਦੇ ਸਨ ਕਿ ਕਿਸਾਨ ਆਪਣੀ ਭੂਮੀ ਨੂੰ ਠੀਕ ਰੱਖਣ ਤੇ ਸਰਕਾਰੀ ਲਗਾਨ ਦੇਣ 'ਚ ਅਸਮਰੱਥ ਹੋ ਜਾਂਦੇ ਸਨ। ਦੂਜੇ ਪਾਸੇ ਲਗਾਨ (ਟੈਕਸ) ਵਸੂਲ ਕਰਨ ਵਾਲੇ ਅਫ਼ਸਰ ਉਹਨਾਂ ਨੂੰ ਲਗਾਨ (ਮਾਲੀਏ) ਲਈ

ਏਨਾ ਸਤਾਉਂਦੇ ਸਨ, ਕਿ ਅਨੇਕਾਂ ਵਾਰ ਐਸਾ ਹੋਇਆ ਹੈ ਕਿ ਇਹਨਾਂ ਨਿਰਦਈ ਲੁਟੇਰਿਆਂ ਨੇ ਉਹਨਾਂ ਨੂੰ ਮਜ਼ਬੂਰ ਕਰ ਦਿੱਤਾ ਕਿ ਉਹ ਲਗਾਨ ਅਦਾ ਕਰਨ ਲਈ ਜਾਂ ਤਾਂ ਆਪਣੇ ਬੱਚੇ ਨੂੰ ਵੇਚ ਦੇਣ ਜਾਂ ਕੇਸ ਛੱਡ ਕੇ ਭੱਜ ਜਾਣ। ਅਠਾਰਵੀਂ ਸ਼ਤਾਬਦੀ ਦੇ ਅਖ਼ੀਰ ਤੇ ਉਨੀਵੀਂ ਸਦੀ ਦੇ ਸ਼ੁਰੂ ਵਿੱਚ ਕੰਪਨੀ ਵੱਲੋਂ ਕੀਤੇ ਗਏ ਅੱਤਿਆਚਾਰਾਂ ਬਾਰੇ ਪ੍ਰਸਿੱਧ ਅੰਗਰੇਜ਼ ਹਰਬਰਟ ਸਪੇਂਸਰ ਨੇ ਲਿਖਿਆ ਹੈ ਕਿ ਕਲਪਨਾ ਕਰੋ ਕਿ ਉਹਨਾਂ ਲੋਕਾਂ ਦੇ ਕਾਰਨਾਮੇ ਕਿੰਨੇ ਕਾਲੇ ਰਹੇ ਹੋਣਗੇ ਜਦ ਕਿ ਕੰਪਨੀ ਦੇ ਡਾਇਰੈਕਟਰਾਂ ਤੱਕ ਨੇ ਇਸ ਗੱਲ ਨੂੰ ਮੰਨਿਆ ਕਿ ਭਾਰਤ ਦੇ ਅੰਦਰੂਨੀ ਵਪਾਰ 'ਚ ਜੋ ਅਟੁੱਟ ਧਨ ਕਮਾਇਆ ਗਿਆ ਹੈ, ਉਹ ਸਭ ਇਸ ਤਰ੍ਹਾਂ ਦੇ ਘਰੋਂ ਅਨਿਆਵਾਂ ਤੇ ਅੱਤਿਆਚਾਰਾਂ ਦੁਆਰਾ ਹਾਸਿਲ ਕੀਤਾ ਗਿਆ ਹੈ, ਜਿਸ ਤੋਂ ਵਧ ਕੇ ਅਨਿਆ ਤੇ ਅੱਤਿਆਚਾਰ ਕਦੀ ਕਿਸੇ ਦੇਸ਼ ਵਿੱਚ ਜਾਂ ਕਿਸੇ ਜ਼ਮਾਨੇ ਵਿੱਚ ਵੀ ਸੁਨਣ ਨੂੰ ਨਹੀਂ ਆਏ ਹੋਣਗੇ।

ਅੰਗਰੇਜ਼ਾਂ ਨੇ ਸੰਨ 1813 'ਚ ਇੱਕ ਕਾਨੂੰਨ ਬਣਾਇਆ ਜਿਸ ਨੇ ਹਰ ਅੰਗਰੇਜ਼ ਵਿਅਕਤੀ ਲਈ ਭਾਰਤ 'ਚ ਵਪਾਰ ਕਰਨ ਦਾ ਦਰਵਾਜ਼ਾ ਖੋਲ੍ਹ ਦਿੱਤਾ। ਇਸ ਕਾਨੂੰਨ ਦੇ ਪਾਸ ਹੋਣ ਨਾਲ ਪਹਿਲਾਂ ਇਹ ਅਧਿਕਾਰ ਸਿਰਫ਼ ਈਸਟ ਇੰਡੀਆ ਕੰਪਨੀ ਨੂੰ ਸੀ। ਇਸ ਦਾ ਅਰਥ ਇਹ ਹੋਇਆ ਕਿ ਭਾਰਤ ਦੀ ਪਰਜਾ ਉਪਰ ਅੱਤਿਆਚਾਰ ਕਰਨ ਅਤੇ ਉਸ ਨੂੰ ਹਰ ਤਰ੍ਹਾਂ ਨਾਲ ਲੁੱਟਣ ਦਾ ਅਧਿਕਾਰ ਹੁਣ ਆਮ ਤੌਰ 'ਤੇ ਸਭ ਅੰਗਰੇਜ਼ਾਂ ਨੂੰ ਦੇ ਦਿੱਤਾ ਗਿਆ। ਸੁੰਦਰ ਲਾਲ ਲਿਖਦੇ ਹਨ, ਇਸ ਤੋਂ ਇਲਾਵਾ ਸੰਨ 1813 ਵਿੱਚ ਹੀ ਪਹਿਲੀ ਵਾਰ ਇਹ ਤਹਿ ਹੋਇਆ ਕਿ ਹੁਣ ਭਾਰਤ ਦੇ ਉਦਯੋਗ ਧੰਦਿਆਂ ਨੂੰ ਵਧਾਇਆ ਜਾਵੇ ਅਤੇ ਫਿਰ ਇੰਗਲਸਤਾਨ ਦਾ ਬਨਿਆ ਮਾਲ ਜਬਰਦਸਤੀ ਭਾਰਤੀਆਂ ਦੇ ਸਿਰ ਮੜ੍ਹਿਆ ਜਾਵੇ। ਜਿਸ ਸਮੇਂ ਇੰਗਲਸਤਾਨ ਦੀ ਸੰਸਦ ਵਿੱਚ ਇਸ ਮਾਮਲੇ 'ਤੇ ਬਹਿਸ ਹੋ ਰਹੀ ਸੀ, ਉਸ ਸਮੇਂ ਸੰਸਦ ਦੇ ਇੱਕ ਮੈਂਬਰ ਮਿਸਟਰ ਟੀਰਨੇ ਨੇ ਸੰਸਦ 'ਚ ਕਿਹਾ ਸੀ "ਆਮ ਅਸੂਲ ਹੁਣ ਇਹ ਹੋਵੇਗਾ ਕਿ ਇੰਗਲਸਤਾਨ ਹੁਣ ਆਪਣੇ ਇੱਥੋਂ ਦਾ ਬਨਿਆ ਮਾਲ ਜ਼ਬਰਦਸਤੀ ਭਾਰਤ 'ਚ ਵੇਚੇ ਅਤੇ ਉਸ ਦੇ ਬਦਲੇ ਹਿੰਦੁਸਤਾਨ ਦੀ ਬਣੀ ਇੱਕ ਵੀ ਚੀਜ਼ ਨਾ ਲਵੇ। ਇਹ ਸੱਚ ਹੈ ਕਿ ਅਸੀਂ ਰੂੰ ਆਪਣੇ ਇੱਥੇ ਆਉਣ ਦਿਆਂਗੇ ਪਰ ਜਦ ਸਾਨੂੰ ਪਤਾ ਲੱਗ ਗਿਆ ਹੈ ਕਿ ਅਸੀਂ ਮਸ਼ੀਨਾਂ ਰਾਹੀਂ ਹਿੰਦੁਸਤਾਨੀਆਂ ਦੀ ਨਿਸਬਤ ਵੱਧ ਸਸਤਾ ਕੱਪੜਾ ਬੁਣ ਸਕਦੇ ਹਾਂ ਤਾਂ ਅਸੀਂ ਉਹਨਾਂ ਨੂੰ ਇਹ ਕਹਾਂਗੇ ਕਿ ਤੁਸੀਂ ਬੁਨਣ ਦਾ ਕੰਮ ਛੱਡ ਦਿਉ। ਸਾਨੂੰ ਕੱਚਾ ਮਾਲ ਦਿਓ ਅਤੇ ਅਸੀਂ ਤੁਹਾਡੇ ਲਈ ਕੱਪੜਾ ਬੁਣ ਦਿਆਂਗੇ।

ਸੁੰਦਰ ਲਾਲ ਲਿਖਦੇ ਹਨ, "ਨਿਰਸੰਦੇਹ ਮਿਸਟਰ ਟੀਰਨੇ ਦੀ ਸਪੱਸ਼ਟਤਾ ਸਲਾਹੁਣਯੋਗ ਹੈ, ਪਰ ਇੱਕ ਵਾਕ 'ਤੇ ਉਦਾਹਰਣ 'ਚ ਝੂਠ ਸੀ। ਉਹ ਇਹ ਕਿ ਮਸ਼ੀਨਾਂ ਰਾਹੀਂ ਹਿੰਦੁਸਤਾਨੀਆਂ ਦੀ ਨਿਸਬਤ ਸਸਤਾ ਕੱਪੜਾ ਬੁਣ ਸਕਦੇ ਹਾਂ। ਅੱਗੇ ਦੀਆਂ ਘਟਨਾਵਾਂ ਤੋਂ ਸਾਫ਼ ਜ਼ਾਹਿਰ ਹੈ ਕਿ ਮਸ਼ੀਨਾਂ ਤੇ ਭਾਪ ਦੀ ਮੱਦਦ ਨਾਲ ਵੀ ਇੰਗਲਸਤਾਨ ਦੇ ਕਾਰੀਗਰ ਭਾਰਤ ਦੇ ਕਾਰੀਗਰਾਂ ਦੇ ਮੁਕਾਬਲੇ 'ਚ ਸਸਤਾ ਅਤੇ ਅੱਛਾ ਕੱਪੜਾ ਨਾ ਬੁਣ ਸਕਦੇ ਸਨ, ਜੇ ਅਣਸੁਣੇ ਮਹਿਸੂਲਾਂ, ਅਨਿਆਵਾਂ, ਬਾਈਕਾਟਾਂ ਤੇ ਅਣਗਿਣਤ ਰਾਜਸੀ ਹੱਥ ਕੰਡਿਆਂ ਰਾਹੀਂ ਭਾਰਤ ਦੇ ਉਦਯੋਗ ਧੰਦਿਆਂ ਨੂੰ ਨਸ਼ਟ ਨਾ ਕੀਤਾ ਗਿਆ ਹੁੰਦਾ। ਅੰਗਰੇਜ਼ਾਂ ਨੇ ਭਾਰਤੀ ਉਦਯੋਗ ਧੰਦਿਆਂ

ਨੂੰ ਨਸ਼ਟ ਕਰਨ ਲਈ ਜੋ ਉਪਾਅ ਤਹਿ ਕੀਤੇ ਸਨ। ਉਹਨਾਂ ਦਾ ਇੱਕ ਵਿਸਥਾਰ ਇੱਥੇ ਪੇਸ਼ ਹੈ:- ਇੰਗਲਸਤਾਨ 'ਚ ਬਣੇ ਮਾਲ ਨੂੰ ਨਾ ਮਾਤਰ ਟੈਕਸ 'ਤੇ ਬਿਨਾ ਚੂੰਗੀ ਭਾਰਤ ਆਉਣ ਦਿੱਤਾ ਜਾਵੇ। ਭਾਰਤ 'ਚ ਬਣੇ ਹੋਏ ਮਾਲ 'ਤੇ ਇੰਗਲਸਤਾਨ 'ਚ ਏਨੀ ਭਾਰੀ ਚੂੰਗੀ ਲਾਈ ਜਾਵੇ ਕਿ ਜਿਸ ਨਾਲ ਭਾਰਤ ਦਾ ਮਾਲ ਉਥੇ ਇੰਗਲਸਤਾਨ ਦੇ ਬਣੇ ਮਾਲ ਦੇ ਮੁਕਾਬਲੇ ਸਸਤਾ ਨਾ ਵਿਕ ਸਕੇ। ਭਾਰਤ ਅੰਦਰ ਚੂੰਗੀ ਦੇ ਕਾਇਦੇ ਕਾਨੂੰਨਾਂ ਅਤੇ ਚੂੰਗੀ ਦੀ ਦਰ 'ਚ ਇਸ ਤਰ੍ਹਾਂ ਦੀਆਂ ਤਬਦੀਲੀਆਂ ਕੀਤੀਆਂ ਜਾਣ ਜਿਹਨਾਂ ਨਾਲ ਰੂੰ ਆਦਿ ਕੱਚੇ ਮਾਲ ਨੂੰ ਇੰਗਲਸਤਾਨ ਭੇਜਣ 'ਚ ਆਸਾਨੀ ਹੋਵੇ। ਜਿਸ ਨਾਲ ਭਾਰਤੀ ਕਾਰੀਗਰਾਂ ਦੀ ਲਾਗਤ, ਭਾਰਤੀ ਅਤੇ ਭਾਰਤੀ ਵਪਾਰੀਆਂ ਦੀਆਂ ਕਠਨਾਈਆਂ ਵਧ ਜਾਣ ਅਤੇ ਭਾਰਤ ਦਾ ਬਾਜ਼ਾਰ ਵੀ ਭਾਰਤ ਦੇ ਮਾਲ ਲਈ ਬੰਦ ਹੋ ਜਾਵੇ ਅਤੇ ਅੰਗਰੇਜ਼ੀ ਮਾਲ ਲਈ ਖੁੱਲ੍ਹ ਜਾਵੇ। ਅੰਗਰੇਜ ਵਪਾਰੀਆਂ ਤੇ ਕਾਰੀਗਰਾਂ ਨੂੰ ਭਾਰਤ 'ਚ ਰਹਿਣ ਤੇ ਕੰਮ ਕਰਨ ਲਈ ਧਨ ਦੀ ਸਹਾਇਤਾ ਤੇ ਹੋਰ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾਣ। ਭਾਰਤੀ ਕਾਰੀਗਰਾਂ 'ਤੇ ਹਰ ਤਰ੍ਹਾਂ ਦਾ ਦਬਾਅ ਪਾ ਕੇ ਉਹਨਾਂ ਦੀ ਕਾਰੀਗਰੀ ਦੇ ਭੇਦਾਂ ਦਾ ਪਤਾ ਲਾਇਆ ਜਾਵੇ। ਜਿਵੇਂ ਥਾਨਾਂ ਨੂੰ ਧੋਣਾ, ਰੰਗਣਾ ਆਦਿ ਅਤੇ ਇੰਗਲਸਤਾਨ ਦੇ ਵਪਾਰੀਆਂ ਤੇ ਕਾਰੀਗਰਾਂ ਨੂੰ ਉਹਨਾਂ ਭੇਤਾਂ ਦੀ ਸੂਚਨਾ ਦਿੱਤੀ ਜਾਵੇ।

ਸੰਨ 1830-32 'ਚ ਬ੍ਰਿਟਿਸ਼ ਸੰਸਦ ਵੱਲੋਂ ਇੱਕ ਕਮੇਟੀ ਨਿਯੁਕਤ ਕੀਤੀ ਗਈ ਜਿਸ ਦਾ ਉਦੇਸ਼ ਇਹ ਤਹਿਕੀਕਾਤ ਕਰਨਾ ਸੀ ਕਿ ਉਪਰ ਲਿਖੇ ਉਪਾਅ ਕਿੱਥੋਂ ਤੱਕ ਸਫ਼ਲ ਹੋਏ ਅਤੇ ਸੰਨ 1814 ਤੋਂ ਉਸ ਸਮੇਂ ਤੱਕ ਭਾਰਤ 'ਚ ਵਪਾਰ ਕਿੱਥੋਂ ਤੱਕ ਵਧਿਆ। ਕਮੇਟੀ ਸਾਹਮਣੇ ਅਨੇਕਾਂ ਗਵਾਹਾਂ ਦੇ ਬਿਆਨ ਹੋਏ। ਪਹਿਲਾਂ ਸੁਆਲ ਜੋ ਹਰ ਥਾਂ ਤੋਂ ਕੀਤਾ ਗਿਆ ਉਹ ਇਹ ਸੀ ਕਿ ਸੰਨ 1814 ਤੋਂ ਹੁਣ ਤੱਕ ਭਾਰਤ ਅੰਦਰ ਚੂੰਗੀ ਦੀਆਂ ਤਬਦੀਲੀਆਂ ਰਾਹੀਂ ਅੰਗਰੇਜ਼ ਵਪਾਰੀਆਂ ਨੂੰ ਵਪਾਰ ਲਈ ਕਿੱਥੇ-ਕਿੱਥੇ ਸਹੂਲਤ ਦਿੱਤੀ ਜਾ ਚੁੱਕੀ ਹੈ। ਇਸ ਸੁਆਲ ਦੇ ਕੁਝ ਜੁਆਬਾਂ ਨਾਲ ਪੇਸ਼ ਵਿਸ਼ੇ 'ਤੇ ਖਾਸੀ ਰੌਸ਼ਨੀ ਪੈਂਦੀ ਹੈ। ਲਾਰਪੈਂਟ ਨਾਮਕ ਇੱਕ ਅੰਗਰੇਜ਼ ਗਵਾਹ ਨੇ ਕਿਹਾ ਕਿ ਇੰਗਲਸਤਾਨ ਦਾ ਬਣਿਆ ਹੋਇਆ ਜੋ ਮਾਲ ਹਿੰਦੋਸਤਾਨ ਅੰਦਰ ਆਉਂਦਾ ਹੈ, ਉਸ 'ਤੇ ਚੂੰਗੀ ਘਟਾ ਕੇ ਕੁੱਲ ਕੀਮਤ ਦਾ ਢਾਈ ਫੀਸਦੀ ਕਰ ਦਿੱਤਾ ਗਿਆ ਹੈ ਅਤੇ ਬਹੁਤ ਸਾਰੇ ਖਾਸ-ਖਾਸ ਤਰ੍ਹਾਂ ਦੇ ਮਾਲ 'ਤੇ ਚੂੰਗੀ ਬਿਲਕੁਲ ਖਤਮ ਕਰ ਦਿੱਤੀ ਗਈ ਹੈ। ਜੋ ਅੰਗਰੇਜ਼ ਭਾਰਤ 'ਚ ਕਾਫੀ ਜਾਂ ਨੀਲ ਦਾ ਕੰਮ ਕਰਨਾ ਚਾਹੁੰਦੇ ਸਨ, ਉਹਨਾਂ ਨੂੰ 60 ਸਾਲ ਪਟੇ 'ਤੇ ਜ਼ਮੀਨ ਦੇਣ ਦੀ ਆਗਿਆ ਦੇ ਦਿੱਤੀ ਗਈ ਹੈ। ਇੱਕ ਦੂਜੇ ਅੰਗਰੇਜ਼ ਗਵਾਹ ਸਲੀਵਨ ਨੇ ਕਿਹਾ ਕਿ ਸੰਨ 1814 'ਚ ਵਪਾਰ ਦਾ ਦਰਵਾਜ਼ਾ ਖੁੱਲ੍ਹ ਜਾਣ ਸਮੇਂ ਤੋਂ ਰੂੰ ਉਪਰ ਚੂੰਗੀ ਬਿਲਕੁਲ ਹਟਾ ਦਿੱਤੀ ਗਈ। ਜੋ ਰੂੰ ਹਿੰਦੁਸਤਾਨ ਤੋਂ ਚੀਨ ਭੇਜੀ ਜਾਂਦੀ ਹੈ, ਉਸ 'ਤੇ ਚੂੰਗੀ ਬਿਲਕੁਲ ਨਹੀਂ ਲਾਈ ਜਾਂਦੀ। ਇਸ ਤਰ੍ਹਾਂ ਦੇ ਹੋਰ ਅਨੇਕਾਂ ਉਪਾਵਾਂ ਰਾਹੀਂ ਅੰਗਰੇਜ਼ਾਂ ਨੇ ਭਾਰਤ ਦੇ ਉਦਯੋਗ-ਧੰਦਿਆਂ ਨੂੰ ਨਸ਼ਟ ਕੀਤਾ ਅਤੇ ਆਪਣਾ ਵਪਾਰ ਫੈਲਾਇਆ।

--------✪✪--------

# ਰਾਜਪਾਲਾਂ ਨਾਲ ਜੁੜੇ ਝਮੇਲਿਆਂ ਦਾ ਇਤਿਹਾਸ ਕੀ ਹੈ?

ਸਾਡੇ ਸੰਵਿਧਾਨ 'ਚ ਰਾਜਪਾਲ ਦੇ ਆਦਰਸ਼, ਵਿਹਾਰ, ਰਾਜਸੀ ਪੱਖਪਾਤ ਤੇ ਵਿਅਕਤੀਗਤ ਸੁਆਰਥ ਤੋਂ ਉਪਰ ਉਠ ਕੇ ਕੰਮ ਕਰਨ ਦੀ ਆਸ ਕੀਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਰਾਜਪਾਲ ਨੂੰ ਮਹਾਂਮਹਿਮ ਵੀ ਕਿਹਾ ਜਾਂਦਾ ਹੈ। ਇਹ ਗੱਲ ਹੁਣ, ਸ਼ਾਇਦ ਕਾਗਜ਼ਾਂ 'ਚ ਸਿਮਟ ਕੇ ਰਹਿ ਗਈ ਹੈ। ਪਿਛਲੇ ਕੁਝ ਸਾਲਾਂ ਤੋਂ ਰਾਜ ਭਵਨ 'ਤੇ ਤਰ੍ਹਾਂ-ਤਰ੍ਹਾਂ ਦੇ ਗੰਭੀਰ ਦੋਸ਼ ਲੱਗਦੇ ਆ ਰਹੇ ਹਨ ਅਤੇ ਇਹਨਾਂ ਦੋਸ਼ਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਹਨਾਂ ਵਿੱਚ ਸੰਵਿਧਾਨਿਕ ਵਿਵਸਥਾਵਾਂ ਦੀ ਉਲੰਘਣਾ ਕੇਂਦਰ ਸਰਕਾਰ ਦੇ 'ਏਜੰਟ' ਵਜੋਂ ਕੰਮ ਕਰਨ, ਰਾਜ ਸਰਕਾਰ ਦੇ ਕੰਮ ਕਾਜ 'ਚ ਬੇਲੋੜੀ ਤੇ ਗੈਰ ਕਾਨੂੰਨੀ ਦਖਲ ਅੰਦਾਜ਼ੀ ਅਤੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਕੰਮ ਕਰਨ ਤੋਂ ਲੈ ਕੇ ਭ੍ਰਿਸ਼ਟਾਚਾਰ ਤੇ ਅਹੁਦੇ ਦੀ ਦੁਰਵਰਤੋਂ ਤੱਕ ਦੇ ਦੋਸ਼ ਸ਼ਾਮਲ ਹਨ ਪਰ ਪਿੱਛੇ ਜਿਹੇ ਹੀ ਆਂਧਰਾ ਪ੍ਰਦੇਸ਼ ਦੇ ਰਾਜਪਾਲ ਰਹਿੰਦਿਆਂ ਜੋ ਦੋਸ਼ ਨਰਾਇਣ ਦੱਤ ਤਿਵਾੜੀ ਤੇ ਯੌਨ ਦੁਰਾਚਾਰ ਦੇ ਕਾਫੀ ਆਪਤੀਜਨਕ ਗੰਭੀਰ ਦੋਸ਼ ਲੱਗੇ ਹਨ। ਇਸ ਘਟਨਾ ਕ੍ਰਮ ਨੇ 'ਰਾਜਪਾਲ ਵਰਗੇ ਸੰਵਿਧਾਨਿਕ ਅਹੁਦੇ ਦੇ ਉਪਰ' ਦੀ ਨੀਂਹ ਹਿਲਾ ਦਿੱਤੀ ਹੈ। ਤਿਵਾੜੀ ਘਟਨਾ ਕਰਮ ਕਾਰਨ ਰਾਜਪਾਲ ਦੀ ਸਾਖ ਨੂੰ ਜੋ ਨੁਕਸਾਨ ਹੋਇਆ ਹੈ, ਉਸ ਦੀ ਪੂਰਤੀ ਅਸੰਭਵ ਹੈ। ਸ਼ੁਰੂ 'ਚ ਇਸ ਮਾਮਲੇ 'ਤੇ ਅਹੁਦੇ ਦੀ ਕੋਸ਼ਿਸ਼ ਕੀਤੀ ਗਈ, ਪਰ ਔਰਤ ਜਥੇਬੰਦੀਆਂ ਦੇ ਜ਼ਬਰਦਸਤ ਰੋਹ ਮੁਜਾਹਰਿਆਂ ਤੇ ਆਲੋਚਨਾ ਪਿੱਛੋਂ ਰਾਸ਼ਟਰਪਤੀ ਨੂੰ ਤਿਵਾੜੀ ਤੋਂ ਅਸਤੀਫਾ ਲੈਣ ਲਈ ਮਜ਼ਬੂਰ ਹੋਣਾ ਪਿਆ। ਇਹ ਸੱਚ ਹੈ ਕਿ ਕਿਸੇ ਰਾਜਪਾਲ 'ਤੇ ਯੌਨ-ਦੁਰਾਚਾਰ ਦਾ ਇਹ ਪਹਿਲਾ ਦੋਸ਼ ਹੈ, ਪਰ ਜੇ ਦੇਸ਼ ਦੇ ਇਤਿਹਾਸ 'ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਰਾਜਪਾਲਾਂ ਤੇ ਉਹਨਾਂ ਨਾਲ ਜੁੜੇ ਝਮੇਲਿਆਂ ਦੀ ਲੰਮੀ ਸੂਚੀ ਹੈ। ਇਸ ਦੀ ਸ਼ੁਰੂਆਤ 1947 ਦੀ ਸੱਤਾ ਬਦਲੀ ਤੋਂ ਕਾਫੀ ਪਹਿਲਾਂ ਹੋ ਗਈ ਸੀ। ਸੰਨ 1937 ਵਿੱਚ ਅੰਗਰੇਜ਼ਾਂ ਨੇ ਸੀਮਤ ਹਕੂਮਤ ਦੇ ਤੌਰ 'ਤੇ ਕੁਝ ਰਾਜਾਂ 'ਚ ਸਰਕਾਰ ਬਣਾਉਣ ਦੀ ਇਜਾਜ਼ਤ ਦਿੱਤੀ ਸੀ।

ਇਸ ਵਿਵਸਥਾ ਦੇ ਤਹਿਤ ਦੇਸ਼ ਦੇ 11 ਰਾਜਾਂ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣੀ ਸੀ ਪਰ ਅੰਗਰੇਜ਼ ਵਾਇਸਰਾਏ ਦੇ ਨਿਰਦੇਸ਼ 'ਤੇ ਸੰਨ 1940 'ਚ ਰਾਜਪਾਲਾਂ ਨੇ ਇਹਨਾਂ 'ਚੋਂ ਜ਼ਿਆਦਾਤਰ ਸਰਕਾਰਾਂ ਨੂੰ ਬਰਖਾਸਤ ਕਰ ਦਿੱਤਾ ਸੀ। 1947 ਦੀ ਸੱਤਾ ਬਦਲੀ ਪਿੱਛੋਂ ਵੀ ਇਹ ਬਸਤੀਵਾਦੀ ਰਵਾਇਤ ਜਾਰੀ ਰਹੀ। ਇਸ ਕਾਰਨ ਦਰਜਨਾ ਰਾਜਪਾਲ ਵਿਵਾਦਾਂ 'ਚ ਘਿਰ ਗਏ। ਕਾਲਾਂਤਰ 'ਚ ਰਾਜਪਾਲ ਦੀ ਨਿਰਪੱਖਤਾ ਲਗਭਗ ਖਤਮ ਹੋ ਗਈ ਅਤੇ ਕਈ ਰਾਜਪਾਲ ਵਾਰ-ਵਾਰ ਸਿਆਸੀ ਝਮੇਲਿਆਂ ਦੇ ਕੇਂਦਰ 'ਚ ਆਏ। ਕੇਂਦਰ 'ਚ ਹਾਕਮ ਪਾਰਟੀਆਂ ਦੇ ਨਿਰਦੇਸ਼ 'ਤੇ ਵੱਖ-ਵੱਖ ਰਾਜਾਂ ਦੇ ਰਾਜਪਾਲਾਂ ਨੇ ਚੁਣੀਆਂ ਹੋਈਆਂ ਸਰਕਾਰਾਂ ਨੂੰ ਬਰਖਾਸਤ ਕਰ ਦਿੱਤਾ ਜਾਂ ਚੋਣਾਂ ਪਿੱਛੋਂ ਸਰਕਾਰ ਬਣਾਉਣ ਲਈ ਰਾਜਸੀ ਪਾਰਟੀਆਂ ਨੂੰ ਸੱਦਾ ਦੇਣ 'ਚ ਪੱਖਪਾਤ ਕੀਤਾ। ਸੰਵਿਧਾਨ ਰਾਹੀਂ ਸੰਭਾਲੀ ਗੱਦੀ ਰਾਹੀਂ ਕੁਝ ਰਾਜਪਾਲਾਂ ਨੇ ਇਸ ਅਧਿਕਾਰ ਦੀ ਦੁਰਵਰਤੋਂ ਆਪਣੇ 'ਪ੍ਰਭੂਆਂ' ਨੂੰ ਖੁਸ਼ ਕਰਨ ਲਈ ਕੀਤੀ। ਇਹਨਾਂ

ਕਾਰਨਾਂ ਕਰਕੇ ਪਿਛਲੇ ਕੁਝ ਸਾਲਾਂ ਤੋਂ ਰਾਜਪਾਲ ਦੇ ਅਧਿਕਾਰ, ਫਰਜ਼, ਨਿਯੁਕਤੀ, ਤੇ ਪ੍ਰਸੰਗਿਕਤਾ ਸਬੰਧੀ ਬਹਿਸ ਹੋ ਰਹੀ ਹੈ ਅਤੇ ਸੁਆਲ ਉਠਾਏ ਜਾ ਰਹੇ ਹਨ। ਇਸ ਲਈ ਕਮਿਸ਼ਨ ਤੱਕ ਬੈਠਾਏ ਜਾ ਚੁੱਕੇ ਹਨ। ਬੂਟਾ ਸਿੰਘ, ਸਾਈਦ ਸਿਬਤੇਰਜੀ, ਏ. ਐਨ. ਵੋਹਰਾ, ਟੀ. ਵੀ. ਰਜੇਸ਼ਵਰ ਅਤੇ ਲੈਫਟੀਨੈਂਟ ਜਨਰਲ ਅਜੈ ਸਿੰਘ ਕਾਰਬੀ ਸਮੇਤ ਕਈ ਰਾਜਪਾਲਾਂ 'ਤੇ ਸਿੱਧੇ ਤੌਰ 'ਤੇ ਭ੍ਰਿਸ਼ਟਾਚਾਰ 'ਚ ਸ਼ਾਮਿਲ ਹੋਣ ਤੱਕ ਦੇ ਦੋਸ਼ ਲੱਗੇ। ਸੰਨ 2005 ਬਿਹਾਰ ਦੇ ਰਾਜਪਾਲ ਰਹਿੰਦੇ ਹੋਇਆ ਬੂਟਾ ਸਿੰਘ ਨੇ ਰੇਲਵੇ ਦੇ ਦੋ ਉਚ ਅਧਿਕਾਰੀਆਂ ਦੇ ਤਬਾਦਲੇ ਲਈ ਉਸ ਵੇਲੇ ਦੇ ਰੇਲ ਮੰਤਰੀ ਲਾਲੂ ਪ੍ਰਸ਼ਾਦ ਨੂੰ ਸਿਫਾਰਸ਼ੀ ਖਤ ਤੱਕ ਲਿਖ ਦਿੱਤਾ ਸੀ। ਜਨਵਰੀ 2006 'ਚ ਸੁਪਰੀਮ ਕੋਰਟ ਨੇ ਬੂਟਾ ਸਿੰਘ ਖਿਲਾਫ ਗੰਭੀਰ ਟਿੱਪਣੀ ਕੀਤੀ ਸੀ। ਨਤੀਸ਼ ਕੁਮਾਰ ਨੂੰ ਸਰਕਾਰ ਬਣਾਉਣ ਲਈ ਸੱਦਾ ਨਾ ਦੇਣ ਤੇ ਬੂਟਾ ਸਿੰਘ ਦੇ ਫੈਸਲੇ ਸਬੰਧੀ ਅਦਾਲਤ ਨੇ ਕਿਹਾ ਸੀ 'ਰਾਜਪਾਲ ਨੇ ਆਪਣੀ ਤਾਕਤ ਦੀ ਦੁਰਵਰਤੋਂ ਅਤੇ ਲੋਕ ਰਾਜ ਦੇ ਨਾਲ ਮਜ਼ਾਕ ਕੀਤਾ ਹੈ।' ਧਿਆਨ ਦੇਣ ਯੋਗ ਹੈ ਕਿ ਬੂਟਾ ਸਿੰਘ ਦੇ ਦੋਨੋਂ ਪੁੱਤਰ ਵੀ ਵਿਵਾਦਾਂ ਤੋਂ ਪਰ੍ਹੇ ਨਹੀਂ ਰਹੇ ਹਨ। ਸੰਸਦ 'ਚ ਵੋਟ ਬਦਲੇ ਨੋਟ ਸਬੰਧੀ ਇੱਕ ਮਾਮਲੇ 'ਚ ਹੋਏ ਇੱਕ ਸਟਿੰਗ ਅਪ੍ਰੇਸ਼ਨ 'ਚ ਉਹਨਾਂ ਦੇ ਪੁੱਤਰ ਲਵਲੀ ਸਿੰਘ ਦਾ ਨਾਂ ਉਛਲਿਆ ਸੀ। ਦੂਜੇ ਬੇਟੇ ਸਰਬਜੀਤ ਸਿੰਘ ਉਰਫ ਸਵੀਟੀ ਸਿੰਘ 'ਤੇ ਵੀ ਗੰਭੀਰ ਦੋਸ਼ ਲੱਗੇ ਜਿਹਨਾਂ ਦੀ ਸੀ ਬੀ. ਆਈ. ਜਾਂਚ ਅਜੇ ਚੱਲ ਰਹੀ ਹੈ।

ਬੂਟਾ ਸਿੰਘ 'ਤੇ ਸਾਲ 2005 'ਚ ਇਹ ਦੋਸ਼ ਵੀ ਲੱਗਿਆ ਸੀ ਕਿ ਉਹ ਉਸ ਵੇਲੇ ਦੇ ਸਾਂਸਦ ਸਇਦ ਸਾਹਬੁਦੀਨ 'ਤੇ ਕਾਰਵਾਈ ਕਰਵਾਉਣ ਵਾਲੇ ਅਧਿਕਾਰੀਆਂ ਨੂੰ ਤਾੜਨਾ ਕਰ ਰਹੇ ਹਨ। ਉਸ ਸਮੇਂ ਰਾਜ 'ਚ ਰਾਸ਼ਟਰਪਤੀ ਰਾਜ ਸੀ ਅਤੇ ਰਾਜਪਾਲ ਬੂਟਾ ਸਿੰਘ ਨੇ ਸਾਹਬੁਦੀਨ ਕੇਸ ਨਾਲ ਜੁੜੇ 11 ਅਧਿਕਾਰੀਆਂ ਦਾ ਤਬਾਦਲਾ ਕਰ ਦਿੱਤਾ ਸੀ। ਕੁਝ ਦਿਨ ਪਹਿਲਾਂ ਝਾਰਖੰਡ ਦੇ ਤਤਕਲੀਨ ਰਾਜਪਾਲ ਸੈਅਦ ਸਿਬਤੇ ਰਜੀ 'ਤੇ ਵੀ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ ਲੱਗੇ ਅਤੇ ਉਹਨਾਂ ਦੇ ਓ. ਐਸ. ਡੀ. ਅਵਿਨਾਸ਼ ਕੁਮਾਰ ਦੇ ਘਰ 'ਤੇ ਆਮਦਨ ਟੈਕਸ ਦੇ ਛਾਪੇ ਤੱਕ ਪਏ, ਜਿਹਨਾਂ ਨਾਲ ਕਰੋੜਾਂ ਰੁਪਏ ਦੀ ਨਜਾਇਜ਼ ਜਾਇਦਾਦ ਦਾ ਪਤਾ ਲੱਗਿਆ। ਇਸ ਮਾਮਲੇ 'ਚ ਉਹਨਾਂ ਨੂੰ ਅਸਾਮ ਤਬਦੀਲ ਕਰ ਦਿੱਤਾ ਗਿਆ। ਝਾਰਖੰਡ ਦੇ ਇੱਕ ਸਾਬਕਾ ਵਿਧਾਇਕ ਨੇ ਪ੍ਰਧਾਨ ਮੰਤਰੀ ਦਫ਼ਤਰ ਨੂੰ ਸੂਚਿਤ ਕੀਤਾ ਸੀ ਕਿ ਅਭਿਨਾਸ਼ ਕੁਮਾਰ ਦੇ ਨਾਲ ਰਾਜਪਾਲ ਸਿਬਤੇ ਰਜੀ ਵੀ ਭ੍ਰਿਸ਼ਟਾਚਾਰ 'ਚ ਸ਼ਰੇਆਮ ਡੁੱਬੇ ਰਹੇ ਹਨ। ਧਿਆਨ ਦੇਣ ਯੋਗ ਹੈ ਕਿ 2005 'ਚ ਸਈਦ ਸਿਬਤੇ ਰਜੀ ਦੇ ਇੱਕ ਫੈਸਲੇ 'ਤੇ ਪੂਰੇ ਦੇਸ਼ 'ਚ ਸ਼ੋਰ ਮੱਚ ਗਿਆ ਸੀ, ਜਦ ਉਹਨਾਂ ਨੇ ਬਹੁਮਤ ਵਾਲੇ ਗਠਜੋੜ ਬਦਲੇ ਘੱਟ ਗਿਣਤੀ ਗਠਜੋੜ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਮਾਰਿਆ। ਇਸ 'ਤੇ ਭਾਜਪਾ ਦੇ ਨੇਤਾਵਾਂ ਨੇ ਇੱਥੋਂ ਤੱਕ ਕਿਹਾ ਸੀ, 'ਰਜੀ ਨੇ ਕੰਟਰੈਕਟ ਕਿਲਰ ਦਾ ਕੰਮ ਕੀਤਾ ਹੈ' ਸਾਲ 2008 'ਚ ਅਮਰਨਾਥ ਸ੍ਰਾਈਨ ਬੋਰਡ ਸਬੰਧੀ ਜੰਮੂ-ਕਸ਼ਮੀਰ ਦੇ ਉਸ ਵੇਲੇ ਦੇ ਰਾਜਪਾਲ ਐਨ. ਐਨ. ਵੋਹਰਾ 'ਤੇ ਭ੍ਰਿਸ਼ਟਾਚਾਰ ਦੇ ਛਿੱਟੇ ਪਏ ਸਨ। ਇੱਥੋਂ ਤੱਕ ਕਿ ਰਾਜਪਾਲਾਂ ਦੇ ਰਾਜਸੀ ਪੱਖਪਾਤ ਦੇ ਮਾਮਲੇ ਵੀ ਹਨ। ਜਿਹਨਾਂ ਦੀ ਸੂਚੀ ਕਾਫੀ ਲੰਬੀ ਹੈ। ਸੱਚਾਈ ਤਾਂ ਇਹ ਹੈ ਕਿ ਕੇਂਦਰ 'ਚ ਹਾਕਮ ਪਾਰਟੀਆਂ ਨੇ ਕਈ ਵਾਰੀ 'ਰਾਜਪਾਲ' ਨੂੰ ਆਪਣੇ ਏਜੰਡੇ ਵਾਂਗੂੰ ਵਰਤਿਆ। ਸੰਨ 1989 'ਚ ਵੀ ਪੀ

ਸਿੰਘ ਨੇ ਸੱਤਾ 'ਚ ਆਉਂਦਿਆਂ ਹੀ 18 ਰਾਜਪਾਲਾਂ ਤੋਂ ਅਸਤੀਫਾ ਮੰਗ ਲਿਆ ਸੀ ਅਤੇ 2004 'ਚ ਕਾਂਗਰਸ ਨੇ ਸੱਤਾ 'ਚ ਪਰਤਣ ਤੋਂ ਤੁਰੰਤ ਬਾਅਦ ਤਿੰਨ ਰਾਜਪਾਲਾਂ ਨੂੰ ਹਟਾ ਦਿੱਤਾ। ਹਾਲ ਦੇ ਦਿਨਾਂ 'ਚ ਪੱਛਮੀ ਬੰਗਾਲ ਦੇ ਰਾਜਪਾਲ ਰਹੇ ਗੋਪਾਲ ਗਾਂਧੀ ਦੀਆਂ ਕੁਝ ਹਰਕਤਾਂ 'ਤੇ ਉਥੋਂ ਦੀ ਸਰਕਾਰ ਨੇ ਗੰਭੀਰ ਇਤਰਾਜ਼ ਦਰਜ ਕਰਵਾਏ। ਬਿਜਲੀ ਕਟੌਤੀ ਅਤੇ ਨੰਦੀਗ੍ਰਾਮ ਦੇ ਮਾਮਲੇ 'ਤੇ ਰਾਜਪਾਲ ਦੇ ਵਿਹਾਰ ਦੀ ਮਾਰਕਸੀ ਕਮਿਊਨਿਸਟ ਪਾਰਟੀ ਨੇ ਤਿੱਖੀ ਅਲੋਚਨਾ ਕੀਤੀ ਸੀ। ਸੰਨ 1990 ਦੇ ਦਹਾਕੇ 'ਚ ਜੰਮੂ-ਕਸ਼ਮੀਰ ਦੇ ਰਾਜਪਾਲ ਜਗਮੋਹਨ ਦੇ ਫੈਸਲੇ ਸਬੰਧੀ ਪੂਰੇ ਦੇਸ਼ 'ਚ ਸ਼ੋਰ ਪਿਆ ਸੀ ਅਤੇ ਆਖਰ ਉਹਨਾਂ ਨੂੰ ਅਸਤੀਫਾ ਦੇਣਾ ਪਿਆ ਸੀ। ਕੁਝ ਸਾਲ ਪਹਿਲਾਂ ਬਿਹਾਰ ਦੀ ਉਸ ਵੇਲੇ ਦੀ ਮੁੱਖ ਮੰਤਰੀ ਰਾਬੜੀ ਦੇਵੀ ਨੇ ਰਾਜਪਾਲ ਸੁੰਦਰ ਸਿੰਘ ਭੰਡਾਰੀ ਵਿਰੁੱਧ ਗੰਭੀਰ ਟਿਪਣੀ ਕੀਤੀ ਸੀ।

ਰਾਬੜੀ ਦੇਵੀ ਦਾ ਦੋਸ਼ ਸੀ ਕਿ ਭੰਡਾਰੀ ਰਾਜ ਵਿੱਚ ਭਾਜਪਾ ਦੇ ਏਜੰਡੇ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਤਰ੍ਹਾਂ ਸੰਨ 1997 'ਚ ਉਤਰ ਪ੍ਰਦੇਸ਼ ਦੇ ਰਾਜਪਾਲ ਰਮੇਸ਼ ਭੰਡਾਰੀ ਦੇ ਫੈਸਲੇ ਦਾ ਭਾਰਤੀ ਜਨਤਾ ਪਾਰਟੀ ਨੇ ਜ਼ੋਰਦਾਰ ਵਿਰੋਧ ਕੀਤਾ ਸੀ। ਜ਼ਿਕਰਯੋਗ ਹੈ ਕਿ ਸਭ ਤੋਂ ਵੱਡੀ ਪਾਰਟੀ ਵਜੋਂ ਉਭਰਨ ਦੇ ਬਾਵਜੂਦ ਭੰਡਾਰੀ ਨੇ ਭਾਜਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਨਹੀਂ ਸੀ ਦਿੱਤਾ। ਭਾਜਪਾ ਦਾ ਕਹਿਣਾ ਸੀ ਕਿ ਭੰਡਾਰੀ ਜਾਣ-ਬੁੱਝ ਕੇ ਭਾਜਪਾ ਨੂੰ ਹਕੂਮਤ 'ਚ ਆਉਣ ਤੋਂ ਰੋਕ ਰਹੇ ਹਨ। ਇਹਨਾਂ ਕੇਸਾਂ ਤੋਂ ਸਪੱਸ਼ਟ ਹੈ ਕਿ 'ਰਾਜਪਾਲ' ਸੰਸਥਾ ਦੀ ਸ਼ਾਖ ਨਿਰੰਤਰ ਡਿੱਗਦੀ ਜਾ ਰਹੀ ਹੈ। ਤਿਵਾੜੀ ਘਟਨਾ ਕ੍ਰਮ ਪਿੱਛੋਂ ਇਸ ਅਹੁਦੇ ਦਾ ਬਚਿਆ ਖੁਚਿਆ ਮਾਨ-ਸਨਮਾਨ ਤੇ ਮਰਿਆਦਾ ਵੀ ਦਾਅ 'ਤੇ ਲੱਗ ਗਿਆ ਹੈ। ਇਸ ਦੇ ਕਈ ਕਾਰਨ ਦੱਸੇ ਜਾਂਦੇ ਹਨ, ਪਰ ਅਧਿਕਾਰ ਪ੍ਰੇਖਕਾਂ ਦਾ ਮੰਨਣਾ ਹੈ ਕਿ 'ਰਾਜਪਾਲ' ਸੰਸਥਾ 'ਚ ਗਿਰਾਵਟ ਲਈ ਕੇਂਦਰ 'ਚ ਹਾਕਮ ਪਾਰਟੀਆਂ ਹੀ ਵੱਧ ਜ਼ਿੰਮੇਵਾਰ ਹਨ। ਸੰਵਿਧਾਨਕ ਮਾਹਰਾਂ ਦਾ ਕਹਿਣਾ ਹੈ ਕਿ ਰਾਜਸੀ ਨੇਤਾਵਾਂ ਨੂੰ ਰਾਜਪਾਲ ਦੇ ਅਹੁੱਦੇ 'ਤੇ ਬਿਠਾ ਕੇ ਇਸ ਅਹੁੱਦੇ ਦਾ ਰਾਜਸੀਕਰਨ ਕਰ ਦਿੱਤਾ ਗਿਆ ਹੈ।

ਤਾਮਿਲਨਾਡੂ ਤੇ ਮਹਾਂਰਾਸ਼ਟਰ ਦੇ ਰਾਜਪਾਲ ਰਹਿ ਚੁੱਕੇ ਪੀ. ਸੀ. ਅਲੈਗਜੇਂਡਰ ਨੇ ਕੁਝ ਸਾਲ ਪਹਿਲਾਂ ਆਪਣੇ ਇੱਕ ਲੇਖ 'ਚ ਲਿਖਿਆ ਸੀ ਕਿ ਕੁਝ ਪਾਰਟੀਆਂ ਨੇ ਨਿੱਜੀ ਲਾਭ ਲਈ ਆਪਣੇ ਲੋਕਾਂ ਨੂੰ ਰਾਜਭਵਨ 'ਚ ਬਿਠਾਉਣ ਦੇ ਚੱਕਰ 'ਚ ਉਸ ਦੀ ਮਰਿਆਦਾ ਦਾ ਕੂੰਡਾ ਕਰ ਦਿੱਤਾ ਹੈ। ਬਹੁਤ ਹੱਦ ਤੱਕ ਇਹ ਗੱਲ ਸੱਚ ਜਾਪਦੀ ਹੈ ਕਿ ਅੱਜ ਰਾਜਪਾਲ ਦੀ ਨਿਯੁਕਤੀ ਤੋਂ ਪਹਿਲਾਂ ਉਸ ਦੀ ਪਿਠ ਭੂਮੀ 'ਤੇ ਸ਼ਾਇਦ ਹੀ ਕੋਈ ਧਿਆਨ ਦਿੱਤਾ ਜਾਂਦਾ ਹੈ।

--------✪✪--------

# ਕਿਸੇ ਨੂੰ ਹੈ ਫ਼ਿਕਰ ਮਹਿੰਗਾਈ ਦੀ?

ਸੰਸਦ 'ਚ ਵਿੱਤ ਮੰਤਰੀ ਪ੍ਰਣਾਬ ਮੁਕਰਜੀ ਭਾਵੇਂ ਹੀ ਆਪਣਾ ਖਾਤਾ ਆਪ ਖੋਲ੍ਹਦੇ ਨਜ਼ਰ ਆਏ ਪਰ ਹਕੀਕਤ ਇਹ ਹੈ ਕਿ ਆਕਾਸ਼ ਛੂੰਹਦੀ ਮਹਿੰਗਾਈ ਦਾ ਭੂਤ ਉਹਨਾਂ ਨੂੰ ਤੇ ਯੂ. ਪੀ. ਏ. ਦੀ ਸਰਕਾਰ ਨੂੰ ਲਗਾਤਾਰ ਪ੍ਰੇਸ਼ਾਨ ਕਰ ਰਿਹਾ ਹੈ। ਸਰਕਾਰ ਨੇ ਸਮਾਵੇਸ਼ੀ ਵਿਕਾਸ ਦਾ ਜੋ ਮੰਤਰ ਦਿੱਤਾ ਉਹ ਵੀ ਕੰਮ ਕਰਦਾ ਨਹੀਂ ਦਿਸਿਆ। ਖਾਣ ਵਾਲੇ ਪਦਾਰਥਾਂ ਦੀ ਕੀਮਤ 'ਚ ਵਾਧਾ ਸਭ ਤੋਂ ਵੱਧ ਤੇਜ਼ੀ ਨਾਲ ਹੋਇਆ। ਜਿਸ ਨੇ ਗਰੀਬਾਂ ਦੀ ਕਮਰ ਹੀ ਤੋੜ ਦਿੱਤੀ। ਸੰਪੂਰਨ ਮਹਿੰਗਾਈ ਸਿਰਫ ਤਿੰਨ ਫੀਸਦੀ ਹੈ, ਪਰ ਖਾਣ ਵਾਲੀਆਂ ਵਸਤਾਂ ਦੀ ਮਹਿੰਗਾਈ ਦਰ 17.7 ਫੀਸਦੀ ਤੱਕ ਪਹੁੰਚ ਚੁੱਕੀ ਹੈ। ਅਜਿਹੀ ਸਥਿਤੀ ਵਿੱਚ ਵਿਰੋਧੀ ਧਿਰ ਜਦ ਸਰਕਾਰ 'ਤੇ ਵਾਰ ਕਰਦੀ ਹੈ ਤਾਂ ਉਸ ਦੇ ਤਰਕਸ਼ ਵਿੱਚ ਵੀ ਜੁਬਾਨੀ ਜਮ੍ਹਾ ਖਰਚੀ ਤੋਂ ਵੱਧ ਕਾਰਗਰ ਤੀਰ ਨਜ਼ਰ ਨਹੀਂ ਆਉਂਦੇ। 16 ਦਸੰਬਰ ਨੂੰ ਸੰਸਦ 'ਚ ਜਦ ਕੁਝ ਮਿੰਟਾਂ ਦੇ ਹੀ ਹੰਗਾਮੇ ਪਿੱਛੋਂ ਸਦਨ ਦੀ ਕਾਰਵਾਈ ਸਚਾਰੂ ਰੂਪ ਨਾਲ ਚੱਲੀ, ਉਥੇ ਲੋਕ ਸਭਾ 'ਚ ਇਸ ਮਾਮਲੇ 'ਤੇ ਟੀਕਾ ਟਿੱਪਣੀ ਅਤੇ ਸ਼ੋਰ ਸ਼ਰਾਬੇ ਦਰਮਿਆਨ ਕੰਮ ਰੋਕਣ ਦਾ ਨੋਟਿਸ ਇਹ ਕਹਿੰਦਿਆਂ ਖਾਰਜ ਕਰ ਦਿੱਤਾ ਗਿਆ ਕਿ 'ਮਹਿੰਗਾਈ 'ਤੇ ਚਰਚਾ ਪਹਿਲਾਂ ਹੀ ਹੋ ਚੁੱਕੀ ਹੈ, ਇਸ ਲਈ ਹੋਰ ਚਰਚਾ ਨਹੀਂ ਹੋਵੇਗੀ' ਅਤੇ ਲੋਕ ਸਭਾ ਦੀ ਪੂਰੀ ਕਾਰਵਾਈ ਇਸ ਮੁੱਦੇ 'ਤੇ ਚਰਚਾ ਹੋਵੇ ਜਾਂ ਨਾ ਹੋਵੇ। ਨਾ ਕੋਈ ਠੋਸ ਸੁਝਾਅ, ਨਾ ਕੋਈ ਸੱਚੀ ਬੇਚੈਨੀ ਮਹਿੰਗਾਈ ਨੂੰ ਰਾਜਸੀ ਨੇਤਾਵਾਂ ਨੇ ਰਾਜਨੀਤੀ ਚਮਕਾਉਣ ਦਾ ਇੱਕ ਜ਼ਰੀਆ ਸਮਝ ਕੇ ਆਪਣੇ ਵੱਲੋਂ ਹੰਗਾਮਾ ਕਰਨ ਦੀ ਰਸ਼ਮ ਅਦਾਇਗੀ ਖੂਬ ਨਿਭਾਈ। ਲੋਕ ਸਭਾ ਵਿੱਚ ਜਿਸ ਚਰਚਾ ਦੀ ਦੁਹਾਈ ਦੇ ਕੇ ਮਹਿੰਗਾਈ 'ਤੇ ਸਰਕਾਰ ਤੋਂ ਜੁਆਬ-ਤਲਬੀ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਉਸ ਦਾ ਵੀਹ ਦਿਨ ਪਹਿਲਾਂ ਯਾਨੀ 26 ਨਵੰਬਰ ਨੂੰ ਬਹੁਤ ਬੁਰਾ ਹਸ਼ਰ ਹੋਇਆ ਸੀ। ਆਮ ਆਦਮੀ ਦੀ ਦੁਸ਼ਵਾਰ ਹੁੰਦੀ ਜ਼ਿੰਦਗੀ 'ਤੇ ਸਿਆਸਤਦਾਨ ਕਿੰਨੇ ਸੰਜੀਦਾ ਹਨ, ਇਸ ਦਾ ਅੰਦਾਜ਼ਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਜਦ ਮਹਿੰਗਾਈ 'ਤੇ ਚਰਚਾ ਹੋ ਰਹੀ ਸੀ ਤਾਂ 545 ਮੈਂਬਰਾਂ 'ਚੋਂ ਸਿਰਫ 60 ਮੈਂਬਰ ਲੋਕ ਸਭਾ 'ਚ ਹਾਜ਼ਰ ਸਨ।

ਮਹਿੰਗਾਈ ਨਾਲ ਬੇਜਾਰ ਆਦਮੀ ਦੀਆਂ ਤਕਲੀਫਾਂ 'ਤੇ ਰਾਜਸੀ ਰੋਟੀ ਸੇਕਣ ਆ ਰਹੇ ਨੇਤਾਵਾਂ ਨੂੰ ਸਰਭਉਚ ਮੰਚ 'ਤੇ ਸੱਤਾ ਸਿੰਘਾਸਨ ਨੂੰ ਘੇਰਨ ਦਾ ਜਦ ਮੌਕਾ ਮਿਲਿਆ ਤਾਂ ਮੈਂਬਰਾਂ ਨੇ ਮੂੰਹ ਵਿਖਾਣਾ ਵੀ ਗੰਵਾਰਾ ਨਹੀਂ ਸਮਝਿਆ ਅਤੇ ਜਦ ਵਿਰੋਧੀ ਧਿਰ ਤਾਂ ਹੀ ਲਾਪਤਾ ਹੋਵੇ ਤਾਂ ਹਾਕਮ ਧਿਰ ਦੀਆਂ ਵਾਂਛਾਂ ਖਿੜਣੀਆਂ ਸੁਭਾਵਿਕ ਹਨ। ਤ੍ਰਿਣਮੂਲ ਕਾਂਗਰਸ ਦੇ ਸਾਂਸਦ ਮੌਜੂਦ ਵੀ ਸਨ ਪਰ ਉਹਨਾਂ ਦੀ ਰੁਚੀ, ਮਹਿੰਗਾਈ 'ਤੇ ਚਰਚਾ ਵਿੱਚ ਘੱਟ ਅਤੇ ਹੜਦੁੰਗ ਕਰਕੇ ਸਿਆਸੀ ਰੋਟੀ ਸੇਕਣ 'ਚ ਵੱਧ ਨਜ਼ਰ ਆਈ। ਵਿਰੋਧੀ ਧਿਰ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ, ਸੁਸ਼ਮਾ ਸਵਰਾਜ, ਰਾਜਨਾਥ ਸਿੰਘ ਤਾਂ ਕੀ ਦੂਜੇ ਪਾਸੇ ਤੀਜੀ ਕਤਾਰ ਦੇ ਭਾਜਪਾ ਨੇਤਾ ਵੀ ਪਾਰਲੀਮੈਂਟ ਦੇ ਸੈਸ਼ਨ ਵਿੱਚ ਨਹੀਂ ਸਨ, ਜਦ ਉਹਨਾਂ ਨੇ ਬੋਲਣਾ ਸੀ। ਭਾਜਪਾ ਦੇ ਬੈਂਚਾਂ 'ਤੇ ਬੈਠੇ ਸੰਸਦਾਂ ਮੁੱਠੀਭਰ ਸਾਂਸਦਾਂ 'ਚੋਂ ਐਸਾ ਕੋਈ ਨਹੀਂ ਸੀ ਜਿਸ ਦੀ

ਸਹਿਜ ਪਹਿਚਾਣ ਕੀਤੀ ਜਾ ਸਕੇ। ਆਮ ਆਦਮੀ ਦੇ ਪਾਸ ਜਾਂਦੇ ਹੀ ਇਨ੍ਹਾਂ ਦੇ ਸੁਰ ਕਿਵੇਂ ਬਦਲਦੇ ਹਨ। ਇਸ ਦੀ ਇੱਕ ਉਦਾਹਰਣ ਹੈ ਲਾਲੂ ਪ੍ਰਸ਼ਾਦ ਯਾਦਵ। ਲਾਲੂ ਯਾਦਵ ਝਾਰਖੰਡ ਦੀਆਂ ਚੁਣਾਵੀਂ ਰੈਲੀਆਂ 'ਚ ਕਾਂਗਰਸ ਨੂੰ ਕੁਝ ਊਂਅ ਕੋਸਦੇ ਨਜ਼ਰ ਆਏ। 'ਲਾਲੂ ਰਾਜ ਮੈਂ ਦੇਖ ਰਹੇ ਏਨਾ ਮਹਿੰਗਾ ਆਲੂ' ਜਦ-ਜਦ ਕਾਂਗਰਸ ਆਈ ਨਾਲ ਮਹਿੰਗਾਈ ਵੀ ਲਿਆਈ ਹੈ। ਇਸ ਵਾਰ ਵੀ ਉਹੀ ਮਹਿੰਗਾਈ ਲੈ ਕੇ ਆਈ ਹੈ ਪਰ ਲੋਕ ਜਦ ਜਾਣਦੇ ਹਨ। ਜਿਵੇਂ ਮਰਨ ਪਿੱਛੋਂ ਸਭ ਦੀ ਅਰਥੀ ਉਠਦੀ ਹੈ, ਉਸੇ ਤਰ੍ਹਾਂ ਰਾਮ ਨਾਮ ਸੱਤ ਹੈ। ਮਹਿੰਗਾਈ ਫੈਲਾਉਣ ਦੀ ਵੀ ਇਹੀ ਗੱਤ ਹੋਵੇਗੀ ਸਮਝੋ। ਲਾਲੂ ਦੀਆਂ ਗੱਲਾਂ ਨਾਲ ਭਾਵੇਂ ਉਸ ਨੂੰ ਤਾੜੀਆਂ ਵੱਜੀਆਂ ਹੋਣ ਪਰ ਕੇਂਦਰੀ ਮੰਤਰੀ ਮੰਡਲ 'ਚ ਥਾਂ ਨਾ ਮਿਲ ਸਕਣ ਪਿੱਛੋਂ ਉਹਨਾਂ ਦੀ ਜੋ ਦਰਗਤ ਹੋਈ ਹੈ, ਉਸ ਦਾ ਦਰਦ ਉਹਨਾਂ ਦੇ ਭਾਸ਼ਨਾਂ 'ਚ ਸਾਫ ਝਲਕਦਾ ਹੈ। ਮਹਿੰਗਾਈ ਦੇ ਬਹਾਨੇ ਲਾਲੂ ਸਰਕਾਰ ਨੂੰ ਭਾਵੇਂ ਹੀ ਕੋਸਣ ਵਿੱਚ ਭਾਵੇਂ ਹੀ ਕੋਈ ਕਸਰ ਬਾਕੀ ਨਾ ਛੱਡ ਰਹੇ ਹੋਣ ਪਰ ਉਹਨਾਂ ਕੋਲ ਵੀ ਕੋਈ ਸਮੱਸਿਆ ਦੇ ਸਟੀਕ ਹੱਲ ਹੁੰਦਾ ਤਾਂ ਉਹ ਸੰਸਦ 'ਚ ਉਸ ਨੂੰ ਪੇਸ਼ ਕਰਦੇ ਨਜ਼ਰ ਆਉਂਦੇ। ਕੇਵਲ ਲਾਲੂ ਹੀ ਨਹੀਂ ਬਲਕਿ ਵਿਰੋਧੀ ਧਿਰ ਦਾ ਸ਼ਾਇਦ ਹੀ ਕੋਈ ਅਜਿਹਾ ਨੇਤਾ ਹੁੰਦਾ, ਜਿਸ ਨੇ ਇਸ ਮੁੱਦੇ 'ਤੇ ਸਰਕਾਰ ਨੂੰ ਸਿਰਫ ਕੋਸਣ 'ਚ ਕੋਈ ਕਸਰ ਛੱਡੀ ਹੋਵੇ। ਪਰ ਅਹਿਮ ਸੁਆਲ ਤਾਂ ਇਹ ਹੈ ਕਿ ਆਖਰ ਹੱਲ ਕੀ ਹੈ ਤੇ ਕਿਸ ਦੇ ਪਾਸ ਹੈ।

ਦੇਸ਼ ਦੀ ਘੱਟੋ-ਘੱਟ 25 ਫੀਸਦੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਹੈ। ਅੱਸੀ ਕਰੋੜ ਲੋਕ ਰੋਜ਼ਾਨਾ 90 ਰੁਪਏ ਤੋਂ ਵੀ ਘੱਟ ਹਾਸਲ ਕਰਕੇ ਗੁਜ਼ਾਰਾ ਕਰਦੇ ਹਨ। 40 ਫੀਸਦੀ ਬੱਚੇ ਅੱਜ ਵੀ ਕੁਪੋਸ਼ਣ ਤੇ ਭੁੱਖਮਰੀ ਦਾ ਸ਼ਿਕਾਰ ਹਨ। ਦੂਜੇ ਪਾਸੇ ਭਾਰਤ ਸੰਸਾਰ ਦੀ ਦੂਜੀ ਸਭ ਤੋਂ ਵੱਡੀ ਅਰਥਚਾਰੀ ਹੈ। ਜੇ ਇਹੀ ਵਿਕਾਸ ਦਰ ਬਣੀ ਰਹੀ ਤਾਂ ਆਉਣ ਵਾਲੇ ਸਾਲਾਂ 'ਚ ਅਮਰੀਕੀ ਤੇ ਚੀਨ ਪਿੱਛੋਂ ਭਾਰਤ ਤੀਜਾ ਸਭ ਤੋਂ ਵੱਡਾ ਅਰਥਚਾਰਾ ਵੀ ਬਣ ਜਾਵੇਗਾ। ਭਾਰਤ ਇੱਕ ਅਰਬ ਡਾਲਰ ਦੀ ਅਰਥਚਾਰਾ ਵੀ ਹੈ। ਸੰਸਾਰ ਦੇ ਗਿਣੇ ਮਿਥੇ ਦੇਸ਼ਾਂ ਵਿੱਚੋਂ ਇੱਕ ਜਿਸ ਦਾ ਕੁੱਲ ਘਰੇਲੂ ਉਤਪਾਦ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਹੈ। ਆਊਟ ਸੋਰਸਿੰਗ 'ਚ ਭਾਰਤ ਨੂੰ ਕੋਈ ਚੁਣੌਤੀ ਦੇਣ ਵਾਲਾ ਨਹੀਂ ਹੈ। ਸਾਫਟ ਵੇਅਰ ਪੈਦਾਵਾਰ 'ਚ ਭਾਰਤ ਦੂਜੀ ਥਾਂ 'ਤੇ ਹੈ। ਕਣਕ, ਚੌਲ, ਗੰਨਾ ਤੇ ਕਈ ਹੋਰ ਫਸਲਾਂ 'ਚ ਦੇਸ਼ ਵਿਸ਼ਵ ਦਾ ਦੂਜਾ ਸਭ ਤੋਂ ਵੱਡਾ ਉਤਪਾਦਕ ਹੈ। ਪਰ ਅਜਿਹਾ ਕਿਉਂ ਹੈ ਕਿ ਅੱਧੀ ਤੋਂ ਵੱਧ ਜਨਤਾ ਨੂੰ ਪੇਟ ਭਰ ਕੇ ਰੋਟੀ ਨਸੀਬ ਨਹੀਂ ਹੁੰਦੀ? ਸੁਆਲ ਉਠਦੇ ਹਨ, ਭਾਜਪਾ ਦੇ ਰਾਜ ਸਭਾ ਮੈਂਬਰ ਰਾਜੀਵ ਪ੍ਰਤਾਪ ਰੂਡੀ। ਉਹ ਕਹਿੰਦੇ ਹਨ ਕਿ 'ਸਰਕਾਰ ਕਦੀ ਆਰਥਿਕ ਮੰਦੀ ਕਦੀ ਸੋਕਾ ਤਾਂ ਕਦੀ ਹੜ੍ਹਾਂ ਦੀ ਦੁਹਾਈ ਦੇ ਕੇ ਬਚ ਨਿਕਲਣ ਦੇ ਉਪਾਅ ਲੱਭ ਲੈਂਦੀ ਹੈ। ਆਖਰ ਅਜਿਹਾ ਕਦੋਂ ਤੱਕ ਚੱਲੇਗਾ? ਰੂੜੀ ਜਿਸ ਗੰਭੀਰਤਾ ਨਾਲ ਸੁਆਲ ਕਰਦੇ ਹਨ, ਉਸ ਤੋਂ ਕਿਤੇ ਵੱਧ ਰੁੱਖਾ ਪਰ ਅਥਾਰਤ ਨਾਲ ਰੂ-ਬ-ਰੂ ਕਰਾਉਂਦਾ ਜੁਆਬ ਸਰਕਾਰ ਦਾ ਆਉਂਦਾ ਹੈ। ਸਰਕਾਰ ਕਹਿੰਦੀ ਹੈ 'ਮਹਿੰਗਾਈ (ਸਿੱਕੇ ਦਾ ਫੈਲਾਅ) ਦੀ ਦਰ ਵਧ ਕੇ 4.78 ਫੀਸਦੀ ਹੋ ਜਾਣ 'ਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ, ਕਿਉਂਕਿ ਇਹ ਸਰਕਾਰ ਦੇ ਅਨੁਮਾਨ ਮੁਤਾਬਕ ਹੈ।' ਵਿੱਤ ਸਕੱਤਰ ਅਸ਼ੋਕ ਚਾਵਲਾ ਕਹਿੰਦੇ ਹਨ ਕਿ ਅਜਿਹੀ ਸਥਿਤੀ ਵਿੱਚ ਕਿਸੇ ਐਮਰਜੰਸੀ ਉਪਾਅ ਦੀ ਲੋੜ ਨਹੀਂ ਹੈ। ਜਿਣਸਾਂ

ਦੀਆਂ ਵਧਦੀਆਂ ਕੀਮਤਾਂ ਸਰਕਾਰ ਲਈ ਚਿੰਤਾਂ ਦਾ ਵਿਸ਼ਾ ਰਹੀਆਂ ਹਨ ਅਤੇ ਸਰਕਾਰ ਮਹਿੰਗਾਈ ਰੋਕਣ ਲਈ ਪ੍ਰਸਾਸਨਿਕ ਕਦਮ ਉਠਾਉਂਦੀ ਰਹੀ ਹੈ। ਦੂਜੇ ਪਾਸੇ ਖੇਤੀ ਮੰਤਰੀ ਸ਼ਰਦ ਪਵਾਰ ਕਹਿੰਦੇ ਹਨ ਕਿ ਮਹਿੰਗਾਈ ਲਈ ਰਾਜ ਸਰਕਾਰਾਂ ਵੀ ਜਿੰਮੇਵਾਰ ਹਨ, ਜੋ ਕਾਲਬਜ਼ਾਰੀ ਤੇ ਜਮ੍ਹਾਖੋਰੀ ਤੇ ਕਾਬੂ ਨਹੀਂ ਪਾ ਰਹੀ ਹੈ ਅਤੇ ਜਨਤਕ ਵਿੱਤ ਪ੍ਰਣਾਲੀ 'ਤੇ ਮਜ਼ਬੂਤੀ ਨਾਲ ਕੰਟਰੋਲ ਨਹੀਂ ਕਰ ਰਹੀ ਹੈ। ਭਾਜਪਾ-ਹਕੂਮਤਾਂ ਵਾਲੇ ਰਾਜਾਂ ਵਿੱਚ ਤਾਂ ਇਸ ਖਿਲਾਫ ਪ੍ਰਤੀ ਕ੍ਰਿਆ ਸੁਭਾਵਿਕ ਹੈ। ਰਾਜ ਸਰਕਾਰਾਂ ਜੋ ਕੇਂਦਰ ਵਿੱਚ ਹਾਕਮ ਯੂ ਪੀ ਏ ਤੋਂ ਵੱਖ ਹੈ। ਕੇਂਦਰ ਸਰਕਾਰ ਨੂੰ ਜਿੰਮੇਵਾਰ ਠਹਿਰਾਉਂਦੀ ਹੈ। ਖਾਣ ਵਾਲੀਆਂ ਵਸਤਾਂ ਸਬੰਧੀ ਉਹਨਾਂ ਦਾ ਤਰਕ ਹੈ ਕਿ ਸਰਕਾਰ ਨੂੰ ਜਦ ਪਤਾ ਹੈ ਕਿ ਦਾਲਾਂ, ਚੀਨੀ ਆਦਿ ਦੀ ਪੈਦਾਵਾਰ ਘੱਟ ਹੋਈ ਹੈ ਤਾਂ ਉਸ ਨੂੰ ਸਮੇਂ ਤੋਂ ਪਹਿਲਾਂ ਦਰਾਮਦ ਕਰਨੀ ਚਾਹੀਦੀ ਹੈ। ਇਸ ਨਾਲ ਬਜ਼ਾਰ ਵਿੱਚ ਇਹਨਾਂ ਵਸਤੂਆਂ ਦੀਆਂ ਕੀਮਤਾਂ ਨਹੀਂ ਵਧਦੀਆਂ। ਰਾਜ ਸਰਕਾਰ ਦਾ ਤਰਕ ਆਪਣੀ ਥਾਂ ਅਤੇ ਕੇਂਦਰ ਦਾ ਤਰਕ ਅਪਣੀ ਥਾਂ।

ਕਾਂਗਰਸ ਦੀ ਹਕੂਮਤ ਵਾਲੇ ਰਾਜਾਂ ਦੇ ਮੁੱਖ ਮੰਤਰੀ ਦੀ ਬੋਲਤੀ ਬੰਦ ਹੋ ਗਈ ਹੈ। ਜੱਗ ਜ਼ਾਹਿਰ ਹੈ ਕਿ ਇਹਨਾਂ ਰਾਜਾਂ ਦੀ ਮਜ਼ਬੂਰੀ ਉਹਨਾਂ ਦੀ ਖਾਮੋਸ਼ੀ 'ਚ ਛੁਪੀ ਹੈ, ਪਰ ਭਾਜਪਾ ਵੱਲੋਂ ਸਿਰਫ ਅਖ਼ਬਾਰੀ ਬਿਆਨਬਾਜ਼ੀ ਤੱਕ ਹੀ ਇਸ ਮੁੱਦੇ ਨੂੰ ਸਮੇਟ ਦੇਣ ਦਾ ਕਾਰਨ ਵੀ ਕਿਸੇ ਤੋਂ ਡੁਕਿਆ ਨਹੀਂ ਹੈ। 30 ਰੁਪਏ ਕਿਲੋ ਦੀ ਦਾਲ 90 ਰੁਪਏ ਤੱਕ ਅਤੇ ਸੋਲ੍ਹਾਂ ਰੁਪਏ ਕਿਲੋ ਦੀ ਚੀਨੀ 45 ਰੁਪਏ ਪਹੁੰਚ ਚੁੱਕੀ ਹੈ ਅਤੇ ਵਿਰੋਧੀ ਧਿਰ ਅਖ਼ਬਾਰੀ ਸ਼ੇਰ ਬਣਦੀ ਨਜ਼ਰ ਆਉਂਦੀ ਹੈ। ਰਾਜਨਾਥ ਸਿੰਘ ਨੂੰ ਚਿੰਤਾ ਹੈ ਕਿ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਪਿੱਛੋਂ ਉਸ ਦਾ ਕੀ ਹੋਵੇਗਾ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਿਰੋਧੀ ਧਿਰ ਦੇ ਅਹੁਦੇ ਤੋਂ ਰਿਟਾਇਰ ਹੋਣ ਪਿੱਛੋਂ ਕਿਸ ਭੂਮਿਕਾ 'ਚ ਰਹਿਣਗੇ। ਇਸ ਦਾ ਹੱਲ ਉਹਨਾਂ ਦੇ ਸਮਰਥਕ ਖੋਜ ਰਹੇ ਹਨ। ਇਹਨਾਂ ਸਭ ਤੋਂ ਵੱਧ ਦਿਲੀ ਤੋਂ ਦੋ ਹਜ਼ਾਰ ਕਿਲੋਮੀਟਰ ਦੂਰ ਕੋਰਾਪੁਟ (ਉੜੀਸਾ) ਦੇ ਆਦਿਵਾਸੀਆਂ ਨੂੰ ਇਹ ਨਹੀਂ ਪਤਾ ਕਿ ਪਹਿਲਾਂ ਉਹ ਜਿੱਥੇ ਤਿੰਨ ਵਕਤ ਪੇਟ ਭਰ ਰੋਟੀ ਖਾਂਦੇ ਸਨ, ਹੁਣ ਸਿਰਫ਼ ਇੱਕ ਡੰਗ ਹੀ ਰੋਟੀ ਕਿਉਂ ਮਿਲ ਰਹੀ ਹੈ ਤੇ ਉਹ ਵੀ ਬੜੀ ਮੁਸ਼ਕਿਲ ਨਾਲ। ਬਾਕੀ ਦੋ ਵਕਤ ਦੀ ਰੋਟੀ ਕੌਣ ਖੋਹ ਕੇ ਲੈ ਗਿਆ-ਸਰਕਾਰ, ਮਹਿੰਗਾਈ ਜਾਂ ਸਿਆਸਤ ਪਤਾ ਨਹੀਂ।

--------✪✪--------

# ਵਧਦੀ ਅਮੀਰੀ ਬਨਾਮ ਵਧਦੀ ਗਰੀਬੀ

ਜਾਇਦਾਦ ਦੀ ਸੰਤੁਲਿਤ ਵੰਡ ਅਤੇ ਵਿਕਾਸ ਦਾ ਫਾਇਦਾ ਆਮ ਆਦਮੀ ਤੱਕ ਪਹੁੰਚਾਉਣਾ ਅਰਥਚਾਰੇ ਦੇ ਨੀਤੀ ਘਾੜਿਆਂ ਲਈ ਸਭ ਤੋਂ ਵੱਡੀ ਚੁਣੌਤੀ ਰਹੀ ਹੈ। ਇਸ ਸਬੰਧ ਵਿੱਚ ਨਜ਼ੀਰ ਅਕਬਰਾਬਾਦੀ ਦਾ ਇਹ ਸ਼ੇਅਰ 'ਰੋਟੀਆਂ ਦੇ ਵੰਡਣ ਦਾ ਜਦ ਆਏ ਸ਼ੁਮਾਰ ਮੁਸਲਿਮ ਨੂੰ ਮਿਲੇ ਇੱਕ, ਤਵੰਗਰ ਨੂੰ ਚਾਰ-ਚਾਰ' ਮੌਜੂਦਾ ਅਰਥਚਾਰੇ ਦਾ ਇੱਕ ਐਸਾ ਸੱਚ ਬਿਆਨ ਕਰਦਾ ਹੈ, ਜਿਸ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ। ਪਿਛਲੇ ਇੱਕ ਸਾਲ ਦੀ ਮੰਦੀ ਅਤੇ ਗਿਆਰਾਂ ਸਾਲਾਂ ਦਾ ਰਿਕਾਰਡ ਤੋੜਦੀ ਮਹਿੰਗਾਈ ਨਾਲ ਅਮੀਰ ਗਰੀਬ ਦੇ ਵਿਚਕਾਰ ਦੀ ਖਾਈ ਏਨੀ ਵਧ ਗਈ ਹੈ। ਜਿਸ ਨੂੰ ਪੂਰਨਾ ਅਸੰਭਵ ਹੁੰਦਾ ਜਾ ਰਿਹਾ ਹੈ। ਦੇਸ਼ਾਂ 'ਚ ਤੇਜੀ ਨਾਲ ਵਧਦੀ ਖਰਬਪਤੀਆਂ ਦੀ ਗਿਣਤੀ ਇਸ ਗੱਲ ਦਾ ਸਬੂਤ ਹੈ ਕਿ ਵਿਕਾਸ ਦਾ ਫਾਇਦਾ ਵੀ ਰੱਜਿਆਂ-ਪੁਜਿਆਂ ਨੂੰ ਮਿਲਦਾ ਹੈ ਅਤੇ ਮੰਦੀ 'ਚ ਅਰਥਚਾਰੇ ਦੇ ਪ੍ਰਭਾਵਿਤ ਹੋਣ ਤੇ ਵੀ ਧਨਾਢ ਜਮਾਤ ਨੂੰ ਕਿਸੇ ਤਰ੍ਹਾਂ ਦਾ ਨੁਕਸਾਨ ਨਹੀਂ ਹੁੰਦਾ। ਅਸਲ 'ਚ ਮੰਦੀ ਉਸ ਗੁੱਝੇ ਟੈਕਸ ਵਾਂਗੂੰ ਹੈ, ਜਿਸ 'ਚ ਘਾਟੇ ਦਾ ਬੋਝ ਸਮਰੱਥ ਵੱਲੋਂ ਅਸਮਰੱਥ 'ਤੇ ਪਾ ਦਿੱਤਾ ਜਾਂਦਾ ਹੈ। ਇਹ ਬੋਝ ਦੇਸ਼ ਦੇ ਅੰਦਰ ਆਮ ਆਦਮੀ ਤੇ ਅਮੀਰ ਆਦਮੀ ਵਿਚਕਾਰ ਆਰਥਕ ਪਾੜਾ ਫੈਲਾਉਂਦਾ ਹੈ। ਇਸ ਆਰਥਕ ਨਾ-ਬਰਾਬਰੀ ਨੂੰ ਸਥਾਪਿਤ ਕਰ ਰਹੀ ਹੈ। ਪਿੱਛੇ ਜਿਹੇ ਹੀ ਪ੍ਰਕਾਸ਼ਿਤ ਮੇਰਿਲ ਲਿੰਚ ਜੈਮਿਨੀ ਦੀ ਰਿਪੋਰਟ ਅਨੁਸਾਰ ਲੱਖਪਤੀਆਂ ਦੀ ਵਿਕਾਸ ਦਰ ਸਬੰਧੀ ਭਾਰਤ ਵਿਸ਼ਵੀ ਅਰਥਚਾਰੇ 'ਚ ਸਭ ਤੋਂ ਅੱਗੇ ਹੈ। ਅੰਕੜਿਆਂ ਅਨੁਸਾਰ ਦੇਸ਼ 'ਚ ਕਰੋੜਪਤੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਵਾਧਾ ਹੋਇਆ ਹੈ। ਦੂਜੇ ਪਾਸੇ ਦੁਨੀਆਂ 'ਚ ਸਭ ਤੋਂ ਵੱਧ ਗਰੀਬ ਭਾਰਤ ਵਿੱਚ ਹੀ ਹਨ। ਮਤਲਬ ਇਹ ਹੈ ਕਿ ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ। ਜਦ ਕਿ ਗਰੀਬਾਂ ਦੀ ਸਥਿਤੀ ਬਦਤਰ ਹੁੰਦੀ ਜਾ ਰਹੀ ਹੈ। ਸਪੱਸ਼ਟ ਹੈ ਕਿ ਵਿਕਾਸ ਦਾ ਫਾਇਦਾ ਹਰ ਜਮਾਤ ਨਹੀਂ ਮਿਲ ਰਿਹਾ ਹੈ ਅਤੇ ਜਦ ਮੰਦੀ ਦੀ ਸਥਿਤੀ ਆਉਂਦੀ ਹੈ, ਤਦ ਵੀ ਉਸ ਦਾ ਅਸਿੱਧਾ ਪ੍ਰਭਾਵ ਗਰੀਬਾਂ 'ਤੇ ਹੀ ਪੈਂਦਾ ਹੈ।

ਸਾਲ 2007 ਵਿੱਚ ਵਿਕਾਸ ਦਰ 'ਚ ਆਈ ਗਿਰਾਵਟ ਦੇ ਬਾਅਦ ਵੀ ਕਰੋੜਪਤੀਆਂ ਦੀ ਗਿਣਤੀ 'ਚ ਪਿਛਲੇ ਸਾਲ ਦੀ ਤੁਲਨਾ 'ਚ ਦੋ ਫੀਸਦੀ ਦੇ ਵਾਧੇ ਨਾਲ ਵੀ ਇਹ ਪਤਾ ਲੱਗਦਾ ਹੈ ਕਿ ਆਦਰਸ਼ ਸਥਿਤੀ ਤਦ ਹੁੰਦੀ ਜੇ ਵਿਕਾਸ ਦਰ 'ਚ ਕਮੀ ਦਾ ਪ੍ਰਭਾਵ ਅਮੀਰ ਲੋਕਾਂ ਦੀ ਜਾਇਦਾਦ 'ਤੇ ਵੀ ਵੇਖਣ ਨੂੰ ਮਿਲਦਾ। ਪਰ ਹੋਇਆ ਠੀਕ ਇਸ ਦੇ ਉਲਟਾ ਜੋ ਕੁਝ ਅੰਕੜੇ ਦਸ ਰਹੇ ਹਨ, ਉਹਨਾਂ ਦਾ ਲਬੋ-ਲੁਆਬ ਇਹੀ ਹੈ ਕਿ ਜਦ ਵਿਕਾਸ ਦਰ 'ਚ ਤੇਜੀ ਆਉਂਦੀ ਹੈ, ਤਦ ਤਾਂ ਅਮੀਰਾਂ ਦੀ ਜਾਇਦਾਦ 'ਚ ਵਾਧਾ ਹੁੰਦਾ ਹੀ ਹੈ, ਪਰ ਜਦ ਮੰਦੀ ਹੁੰਦੀ ਹੈ ਤਦ ਵੀ ਅਮੀਰ ਜਮਾਤ 'ਤੇ ਕੋਈ ਅਸਰ ਨਹੀਂ ਪੈਂਦਾ। ਪਿੱਛੇ ਜਿਹੇ ਹੀ ਫੋਬਰਸ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਸਾਲ 2009 'ਚ ਭਾਰਤ ਅਰਬਪਤੀਆਂ ਦੀ ਗਿਣਤੀ 27 ਤੋਂ ਵੱਧ 52 ਹੋ ਗਈ ਹੈ। ਆਰਥਕ ਮੰਦੀ ਕਾਰਨ ਜਦ ਸਰਕਾਰ ਵੱਲੋਂ ਕੰਪਨੀਆਂ ਨੂੰ ਰਾਹਤ ਪੈਕੇਜ ਦਿੱਤੇ ਜਾ ਰਹੇ ਹਨ ਅਤੇ ਮੰਦੀ ਨੂੰ ਮਹਿੰਗਾਈ ਵਧਣ ਦਾ ਇੱਕ ਕਾਰਨ ਦੱਸਿਆ ਜਾ ਰਿਹਾ ਹੈ। ਉਥੇ ਅਰਬਪਤੀਆਂ ਦੀ ਗਿਣਤੀ ਅਤੇ ਜਾਇਦਾਦ 'ਚ ਇਜਾਫਾ ਲਗਾਤਾਰ ਹੋ ਰਿਹਾ ਹੈ। ਸੂਚੀ ਅਨੁਸਾਰ ਤਿੰਨ ਸਭ ਤੋਂ ਅਮੀਰ ਭਾਰਤੀਆਂ ਮੁਕੇਸ਼ ਅੰਬਾਨੀ, ਲਛਮੀ ਮਿੱਤਲ ਤੇ ਅਨਿਲ ਅੰਬਾਨੀ ਦੀ ਜਾਇਦਾਦ ਜੇ ਜੋੜ ਦਿੱਤਾ

ਜਾਵੇ ਤਾਂ ਇਹ 79.5 ਅਰਬ ਡਾਲਰ ਹੈ। ਜੋ ਬੀਤੇ ਸਾਲ ਦੀ ਤੁਲਨਾ 'ਚ ਵਧ ਕੇ ਤਿਗੁਣੀ ਹੋ ਗਈ ਹੈ। ਦਸ ਧਨੀ ਭਾਰਤੀਆਂ ਦੀ ਕੁਲ ਜਾਇਦਾਦ 155 ਅਰਬ ਡਾਲਰ ਹੈ ਜੋ ਬੀਤੇ ਸਾਲ ਤੋਂ 60 ਫੀਸਦੀ ਵੱਧ ਹੈ। ਚੀਨ ਦੇ ਪ੍ਰਸੰਗ ਵਿੱਚ ਦੇਖਣ 'ਤੇ ਇਹ ਕਰੀਬ ਚਾਰ ਗੁਣਾ ਵੱਧ ਹੈ। ਦੇਸ਼ ਦੇ ਕੁੱਲ ਘਰੇਲੂ ਉਤਪਾਦ (GDP) ਦੇ ਹਿਸਾਬ ਨਾਲ ਇਸ ਦਾ ਮੁਲਅੰਕਣ ਕੀਤਾ ਜਾਵੇ ਤਾਂ ਇਹ ਭਾਰਤ ਦੇ ਕੁੱਲ ਘਰੇਲੂ ਉਤਪਾਦ ਦਾ ਕਰੀਬ 25 ਫੀਸਦੀ ਯਾਨੀ ਤੇਰਾਂ ਲੱਖ ਕਰੋੜ ਰੁਪਏ ਹੈ। ਯਾਨੀ, ਦੇਸ਼ ਦੀ ਜੀ ਡੀ ਪੀ ਦਾ 25 ਫੀਸਦੀ ਹਿੱਸਾ ਸਿਰਫ ਦਸ ਅਮੀਰਾਂ ਦੇ ਕੋਲ ਸਿਮਟ ਕੇ ਰਹਿ ਗਿਆ ਹੈ। ਜੋ ਆਲੀਸ਼ਾਨ ਘਰ ਬਣਾ ਰਹੇ ਹਨ। ਤੋਹਫੇ 'ਚ ਅਰਬਾਂ ਰੁਪਏ ਦੇ ਬੋਇੰਗ ਜਹਾਜ ਖਰੀਦ ਰਹੇ ਹਨ। ਦੁਨੀਆਂ ਦੇ ਸੋ ਸਭ ਤੋਂ ਅਮੀਰ ਭਾਰਤੀ - ਮੁਕੇਸ਼ ਅੰਬਾਨੀ, ਲੱਛਮੀ ਮਿਤਲ, ਅਨਿਲ ਅੰਬਾਨੀ, ਸੁਨੀਲ ਮਿਤਲ ਅਤੇ ਪਰਿਵਾਰ, ਅਜ਼ੀਮ ਪ੍ਰੇਮਜੀ, ਸ਼ਾਸ਼ੀ ਐਂਡ ਰਵਿ ਰੁਇਆ ਅਤੇ ਕੁਸ਼ਾਲ ਪਾਲ ਸਿੰਘ ਸ਼ਾਮਿਲ ਹਨ, ਦੂਜੇ ਪਾਸੇ ਭਾਰਤ ਦਾ ਆਮ ਆਦਮੀ ਪ੍ਰਤੀ ਵਿਅਕਤੀ ਨਿਰਧਾਰਿਤ ਘੱਟੋ-ਘੱਟ ਮਾਸਕ ਆਮਦਨ (ਕਰੀਬ 300 ਰੁਪਏ) ਤੋਂ ਕੋਹਾਂ ਦੂਰ ਹੈ। ਪ੍ਰਧਾਨ ਮੰਤਰੀ ਦੇ ਆਰਥਕ ਸਲਾਹਕਾਰ ਰਹਿ ਚੁੱਕੇ ਅਰਥ ਸਾਸ਼ਤਰੀ ਸੁਰੇਸ਼ ਤੈਂਦੂਲਕਰ ਦੀ ਅਗਵਾਈ 'ਚ ਗਠਿਤ ਇੱਕ ਸੰਮਤੀ ਦੀ ਰਿਪੋਟ ਅਨੁਸਾਰ ਦੇਸ਼ ਦੀ 37 ਫੀਸਦੀ ਅਬਾਦੀ ਗਰੀਬੀ 'ਚ ਜਿਉਂ ਰਹੀ ਹੈ। ਦੇਸ਼ ਦੀ ਗਰੀਬ ਅਬਾਦੀ 'ਚ ਦਸ ਫੀਸਦੀ ਦਾ ਵਾਧਾ ਹੋਇਆ ਹੈ। ਰਿਪੋਟ ਅਨੁਸਾਰ 41.8 ਫੀਸਦੀ ਸਦੀ ਪੇਂਡੂ ਅਬਾਦੀ ਪ੍ਰਤੀ ਮਹੀਨਾ ਸਿਰਫ 447 ਰੁਪਏ ਨਾਲ ਜੀਵਨ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰ ਰਹੀ ਹੈ। ਜੋ ਸੇਨ ਗੁਪਤਾ ਕਮੇਟੀ ਦੀ ਰਿਪੋਰਟ (ਜਿਸ ਅਨੁਸਾਰ ਭਾਰਤ 'ਚ ਮਾਸਕ ਪ੍ਰਤੀ ਵਿਅਕਤੀ ਆਮਦਨ 600 ਰੁਪਏ) ਤੋਂ ਵੀ ਕਾਫੀ ਘੱਟ ਹੈ। ਉਥੇ ਸ਼ਹਿਰੀ ਖੇਤਰਾਂ ਵਿੱਚ 25.7 ਫੀਸਦੀ ਅਬਾਦੀ 579 ਰੁਪਏ ਪ੍ਰਤੀ ਮਹੀਨਾ ਆਮਦਨੀ 'ਚ ਜੀਵਨ ਬਸਰ ਕਰ ਰਹੀ ਹੈ। ਸੁਰੇਸ਼ ਤੰਦੂਲਕਰ ਨੇ ਇਸ ਵਰਗ ਨੂੰ ਗਰੀਬੀ ਰੇਖਾ ਤੋਂ ਵੀ ਹੇਠਾਂ (ਇੱਕ ਹੋਰ ਜਮਾਤ ਦੀ ਸੰਕਲਪਨਾ ਕਰਦਿਆਂ) ਦਰਿਦਰ ਰੇਖਾ ਵਜੋਂ ਟਿਕਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਗਰੀਬ ਦੇ ਮਾਮਲੇ 'ਚ ਉੜੀਸਾ ਤੇ ਬਿਹਾਰ ਦੀ ਸਥਿਤੀ ਤਰਸਯੋਗ ਹੈ, ਉਥੇ ਨਾਗਾਲੈਂਡ, ਦਿੱਲੀ ਤੇ ਜੰਮੂ ਕਸ਼ਮੀਰ ਵਿੱਚ ਸਭ ਤੋਂ ਘੱਟ ਗਰੀਬ ਰਹਿੰਦੇ ਹਨ। ਜਿੱਥੇ ਉੜੀਸਾ ਦੀ ਅੱਧੀ ਆਬਾਦੀ ਗ਼ਰੀਬ ਹੈ। ਉਥੇ ਜੰਮੂ ਤੇ ਕਸ਼ਮੀਰ 'ਚ ਪੰਜ ਫੀਸਦੀ ਲੋਕ ਹੀ ਗਰੀਬੀ ਰੇਖਾ ਤੋਂ ਹੇਠਾਂ ਹਨ। ਇਸ ਸਬੰਧ 'ਚ ਸੰਸਾਰ ਬੈਂਕ ਵੱਲੋਂ ਜਾਰੀ ਅਧਿਐਨ 'ਚ ਵੀ ਕਿਹਾ ਗਿਆ ਹੈ ਕਿ ਮਹਿੰਗਾਈ ਤੇ ਮੰਦੀ ਦੀ ਦੋਹਰੀ ਮਾਰ ਕਾਰਨ ਆਉਣ ਵਾਲੇ ਸਮੇਂ 'ਚ ਅਮੀਰ ਤੇ ਗਰੀਬ ਵਿਚਕਾਰ ਖਾਈ ਹੋਰ ਚੌੜੀ ਹੁੰਦੀ ਜਾਵੇਗੀ। ਅਧਿਐਨ ਅਨੁਸਾਰ ਸਾਲ 2015 ਤੱਕ ਦੇਸ਼ ਦੀ ਇੱਕ ਚੌਥਾਈ ਆਬਾਦੀ ਗਰੀਬੀ ਰੇਖਾ ਤੋਂ ਵੀ ਹੇਠਾਂ ਚਲੀ ਜਾਵੇਗੀ, ਜੋ ਅਸਲ 'ਚ ਦਰਿਦਰ ਰੇਖਾ ਹੀ ਅਖਵਾਏਗੀ। ਭਾਰਤ ਅਰਥਚਾਰੇ ਦੇ ਇਸ ਆਪਾ ਵਿਰੋਧ 'ਚ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ। ਨਾ ਬਰਾਬਰੀ ਦੇ ਭੰਵਰ ਜਾਲ 'ਚ ਸਾਲ-ਦਰ-ਸਾਲ ਇੱਕ ਵੱਡੀ ਆਬਾਦੀ ਫਸਦੀ ਜਾ ਰਹੀ ਹੈ। ਦੇਸ਼ ਦੇ ਨੀਤੀ ਘਾੜਿਆਂ ਦੇ ਸਾਹਮਣੇ ਜਾਇਦਾਦ ਦੀ ਬਰਾਬਰ ਵੰਡ ਦੀ ਚਾਹੇ ਜਿੰਨੀ ਸਮੱਸਿਆ ਆਉਂਦੀ ਹੋਵੇ, ਪਰ ਸਰਕਾਰੀ ਨੀਤੀਆਂ ਦੀ ਤਰਜੀਹ 'ਚ ਇਹ ਤਾਂ ਹੋਣਾ ਚਾਹੀਦਾ ਹੈ ਕਿ ਉਸ ਦਾ ਫਾਇਦਾ ਆਮ ਆਦਮੀ ਨੂੰ ਮਿਲੇ ਤਾਂ ਕਿ ਅਮੀਰ ਗਰੀਬ ਵਿਚਕਾਰ ਦੀ ਖਾਈ ਨੂੰ ਜੇ ਪੂਰਾ ਨਹੀਂ ਤਾਂ ਘੱਟੋ-ਘੱਟ ਛੋਟਾ ਤਾਂ ਕੀਤਾ ਹੀ ਜਾ ਸਕੇ।

--------✪✪--------

# ਕੀ ਹੈ ਬਸਤੀਵਾਦ ਦਾ ਨਵਾਂ ਦੌਰ?

ਦੁਨੀਆਂ ਭਰ 'ਚ ਮੌਜੂਦ ਅਨਾਜ ਤੇ ਵਿਤੀ ਸੰਕਟ ਨੇ ਮਿਲਕੇ ਜ਼ਮੀਨਾਂ ਦੀ ਖਰੀਦੋ-ਫਰੋਖਤ ਨੂੰ ਨਵਾਂ ਵਿਸ਼ਵੀ ਆਯਾਮ ਦੇ ਦਿੱਤਾ ਹੈ। ਇੱਕ ਪਾਸੇ ਅਨਾਜ ਸੁਰੱਖਿਆ ਨਾਲ ਜੂਝ ਰਹੇ ਦੇਸ਼ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਦੂਜੇ ਦੇਸ਼ਾਂ 'ਚ ਖੇਤੀ ਦੀ ਜ਼ਮੀਨ ਹੜੱਪ ਰਹੇ ਹਨ ਤਾਂ ਦੂਜੇ ਪਾਸੇ ਵਿੱਤੀ ਸੰਕਟ ਕਾਰਨ ਮੁਨਾਫੇ ਦੇ ਭੁੱਖੇ ਅਨਾਜ ਨਿਗਮ ਤੇ ਨਿਜੀ ਨਿਵੇਸ਼ਕ ਦੂਜੇ ਦੇਸ਼ਾਂ ਦੀ ਖੇਤੀ ਭੂਮੀ 'ਚ ਨਿਵੇਸ਼ ਨੂੰ ਕਮਾਈ ਦੇ ਕੇ ਇੱਕ ਨਵੇਂ ਜ਼ਰੀਏ ਵਜੋਂ ਵੇਖ ਰਹੇ ਹਨ। ਸਿੱਟੇ ਵਜੋਂ ਦੁਨੀਆਂ ਭਰ ਦੇ ਦੇਸ਼ਾਂ 'ਚ ਉਪਜਾਊ ਖੇਤੀ ਭੂਮੀ ਹੌਲੀ-ਹੌਲੀ ਨਿਜੀ ਹੱਥਾਂ ਵਿੱਚ ਜਾ ਰਹੀ ਹੈ ਅਤੇ ਛੋਟੀ ਕਾਸ਼ਤ ਦੇ ਕਿਸਾਨ ਅਤੇ ਉਹਨਾਂ ਦੇ ਪਰਿਵਾਰ ਤਬਾਹ ਹੋ ਰਹੇ ਹਨ। ਅਜਿਹਾ ਨਹੀਂ ਹੈ ਕਿ ਜ਼ਮੀਨਾਂ ਦੀ ਖਰੀਦੋ-ਫਰੋਖਤ ਦਾ ਇਹ ਸਿਲਸਿਲਾ ਕੋਈ ਨਵਾਂ ਹੈ। ਕੋਲੰਬਸ ਵੱਲੋਂ ਅਮਰੀਕਾ ਦੀ ਖੋਜ ਪਿੱਛੋਂ ਉੱਥੋਂ ਦੇ ਮੂਲ ਨਿਵਾਸੀਆਂ ਦੇ ਬੇਰਹਿਮ ਉਜਾੜੇ ਨੂੰ ਲਓ ਜਾਂ ਸ਼ਵੇਤਾ ਵੱਲੋਂ ਨਿਊਜ਼ੀਲੈਂਡ ਵਿੱਚ ਮਾਓਰੀ ਆਬਾਦੀ ਵਾਲੇ ਇਲਾਕੇ ਜਾਂ ਦੱਖਣੀ ਅਫ਼ਰੀਕਾ 'ਚ ਜੁਲੂ ਆਬਾਦੀ ਵਾਲੇ ਇਲਾਕੇ ਦੇ ਬਸਤੀਵਾਦੀਕਰਨ ਨੂੰ ਵੇਖੋ। ਇਹ ਇੱਕ ਅਜਿਹਾ ਅਮਲ ਹੈ, ਜੋ ਸਾਲਾਂ ਤੋਂ ਚਲਿਆ ਆ ਰਿਹਾ ਹੈ। ਫਰਕ ਸਿਰਫ ਏਨਾ ਪਿਆ ਹੈ ਕਿ ਚੀਨ ਤੋਂ ਲੈ ਕੇ ਪੀਰੂ ਤੱਕ ਇਹ ਅੱਜ ਦੀ ਤਰੀਕ ਵਿੱਚ ਵੱਧ ਹਮਲਾਵਰ ਤੇ ਵਿਆਪਕ ਹੋ ਗਈ ਹੈ ਅਤੇ ਨਵ-ਬਸਤੀਵਾਦੀ ਔਜਾਰਾਂ ਰਾਹੀਂ ਸਾਰੇ ਸੱਭਿਅਕ ਦੇਸ਼ਾਂ ਵਿਚਕਾਰ ਇੱਕ ਪ੍ਰਵਾਨਗੀ ਹਾਸਲ ਕਰ ਚੁੱਕੀ ਹੈ। ਦਰਅਸਲ ਦੁਨੀਆਂ ਨੂੰ ਘੇਰਦੇ ਦੋ ਵੱਡੇ ਸੰਕਟਾਂ ਦੇ ਪ੍ਰਸੰਗ ਵਿੱਚ ਸਮਝਣਾ ਵੱਧ ਜ਼ਰੂਰੀ ਹੈ। ਪਿਛਲੇ ਡੇਢ ਸਾਲ ਦੌਰਾਨ ਇਹ ਦੁਨੀਆਂ ਇਤਿਹਾਸਕ ਆਰਥਿਕ ਮੰਦੀ ਅਤੇ ਅਨਾਜ ਸੰਕਟ ਦੇ ਜਾਲ ਵਿੱਚ ਫਸ ਚੁੱਕੀ ਹੈ। ਦੁਨੀਆਂ ਭਰ ਵਿੱਚ ਜ਼ਮੀਨ ਹੜੱਪਣ ਵਾਲੇ ਜੋ ਲੋਕ ਹਨ, ਉਹਨਾਂ ਨੂੰ ਇਹੀ ਸਮਾਨਾਂਤਰ ਸੰਕਟ ਉਕਸਾ ਵੀ ਰਹੇ ਹਨ। ਉਹਨਾਂ ਦਾ ਕੇਂਦਰ ਬਿੰਦੂ ਵੱਖਰਾ ਹੈ, ਪਰ ਸਿੱਟਾ ਇੱਕੋ ਹੈ।

ਪਹਿਲਾਂ ਅਨਾਜ ਸੁਰੱਖਿਆ ਦੇ ਮਸਲੇ ਨੂੰ ਲਈਏ, ਜੋ ਦੇਸ਼ ਖਾਣ ਵਾਲੀਆਂ ਚੀਜ਼ਾਂ ਦੀ ਦਰਾਮਦ 'ਤੇ ਨਿਰਭਰ ਹਨ, ਪਰ ਉਹਨਾਂ ਦੀ ਘਾਟ ਨਾਲ ਗ੍ਰਸਿਤ ਹਨ, ਉਹ ਹੁਣ ਦੂਜੇ ਦੇਸ਼ਾਂ ਦੀ ਖੇਤੀ ਦੀਆਂ ਜ਼ਮੀਨਾਂ ਨੂੰ ਕੰਟਰੋਲ ਕਰਕੇ ਘਰੇਲੂ ਅਨਾਜ ਦੀ ਪੈਦਾਵਾਰ ਦੇ ਅਮਲ ਦੀ ਆਊਟ ਸੋਰਸਿੰਗ ਕਰਨਾ ਚਾਹੁੰਦੇ ਹਨ। ਇਹਨਾਂ ਵਿੱਚ ਅਸੀਂ ਸਾਊਦੀ ਅਰਬ, ਜਾਪਾਨ, ਚੀਨ, ਭਾਰਤ, ਕੋਰੀਆ, ਲੀਬੀਆ ਤੇ ਮਿਸ਼ਰ ਦੇ ਨਾਂ ਲੈ ਸਕਦੇ ਹਾਂ। ਇਹਨਾਂ ਸਾਰੇ ਦੇਸ਼ਾਂ ਦੇ ਉਚ ਅਧਿਕਾਰੀ ਮਾਰਚ 2008 ਤੋਂ ਲੈ ਕੇ ਹੁਣ ਤੱਕ ਉਗਾਂਡਾ, ਬ੍ਰਾਜ਼ੀਲ, ਕੰਬੋਡੀਆ, ਸੁਡਾਨ ਤੇ ਪਾਕਿਸਤਾਨ ਵਰਗੇ ਉਪਜਾਊ ਜ਼ਮੀਨਾਂ ਵਾਲੇ ਦੇਸ਼ਾਂ 'ਚ ਖਜਾਨੇ ਦੀ ਤਲਾਸ਼ ਵਿੱਚ ਚੱਕਰ ਲਾਉਂਦੇ ਰਹਿੰਦੇ ਹਨ। ਇਸ ਤੋਂ ਵੱਧ ਸ਼ਰਮ ਦੀ ਗੱਲ ਕੀ ਹੋਵੇਗੀ ਕਿ ਸੁਡਾਨ ਦੇ ਦਾਰਫੁਰ ਵਿੱਚ ਜਿੱਥੇ ਸੰਸਾਰ ਅਨਾਜ ਪ੍ਰੋਗ੍ਰਾਮ ਦੀ ਮੱਦਦ ਨਾਲ 56 ਲੱਖ ਸ਼ਰਨਾਰਥੀਆਂ ਦਾ ਪੇਟ ਕਿਸ ਤਰ੍ਹਾਂ ਭਰਿਆ ਜਾ ਰਿਹਾ ਹੋਵੇ, ਵਿਦੇਸ਼ੀ ਸਰਕਾਰਾਂ ਆਪਣੇ ਨਾਗਰਿਕਾਂ ਦਾ ਪੇਟ ਭਰਨ ਲਈ ਜ਼ਮੀਨਾਂ ਖਰੀਦ ਰਹੀਆਂ ਹਨ। ਇਹੀ ਹਾਲ ਕੰਬੋਡੀਆ ਦਾ ਹੈ। ਜਿੱਥੇ ਇੱਕ ਲੱਖ

ਪਰਿਵਾਰ ਅਨੁਮਾਨ ਭੁੱਖੇ ਸੌਂਦੇ ਹਨ। ਇਸ ਤੋਂ ਵੀ ਵੱਡੀ ਵਿਡੰਬਨਾ ਇਹ ਹੈ ਕਿ ਇਹਨਾਂ ਭੁੱਖੇ ਦੇਸ਼ਾਂ ਦੀਆਂ ਸਰਕਾਰਾਂ ਖਰੀਦਦਾਰਾਂ ਦੇ ਸੁਆਗਤ 'ਚ ਪਲਕਾਂ ਵਿਛਾਈ ਬੈਠੀਆਂ ਹਨ। ਇਹ ਜ਼ਮੀਨ ਹੜੱਪਣ ਦੀ ਇਸ ਸਾਜਿਸ ਨੂੰ ਵਿਦੇਸ਼ੀ ਨਿਵੇਸ਼ ਵਜੋਂ ਦੇਖ ਰਹੀ ਹੈ। ਇਸ ਅਮਲ ਦਾ ਦੂਜਾ ਰਾਹ ਵਿਸ਼ਵੀ ਆਰਥਿਕ ਮੰਦੀ ਤੋਂ ਨਿਕਲਦਾ ਹੈ। ਇਸ ਮੰਦੇ ਕਾਰਨ ਵਿਤੀ ਤੇ ਅਨਾਜ ਕਾਰੋਬਾਰ 'ਚ ਲੱਗੀਆਂ ਸਾਰੀਆਂ ਕੰਪਨੀਆਂ, ਨਿਵੇਸ਼ਕ, ਹੇਜ ਫੰਡ, ਨਿਵੇਸ਼ ਅਦਾਰੇ, ਨਿੱਜੀ ਇਕਵਟੀ ਫੰਡ ਆਦਿ ਹੁਣ ਮੁਨਾਫੇ ਲਈ ਨਵੇਂ ਤਰੀਕਿਆਂ ਦੀ ਤਲਾਸ ਵਿੱਚ ਲੱਗ ਗਏ ਹਨ। ਮੰਦੀ ਦੀ ਹਨੇਰੀ ਵਿੱਚ ਆਪਣੀ ਪੂੰਜੀ ਗੁਆ ਚੁੱਕੇ, ਇਹ ਸਾਰੇ ਮੁਨਾਫਾਖੋਰ ਹੁਣ ਸਮਝ ਚੁੱਕੇ ਹਨ ਕਿ ਜ਼ਮੀਨ ਤੋਂ ਬੇਹਤਰ ਨਿਵੇਸ਼ ਹੋਰ ਕੁਝ ਹੋ ਨਹੀਂ ਸਕਦਾ।

ਜ਼ਾਹਿਰ ਹੈ ਕਿ ਜ਼ਮੀਨ ਦੀਆਂ ਕੀਮਤਾਂ ਰਾਤੋ-ਰਾਤ ਤਾਂ ਵਧ ਨਹੀਂ ਜਾਂਦੀਆਂ। ਇਸ ਲਈ ਜ਼ਮੀਨਾਂ ਇਹਨਾਂ ਦੇ ਮੁਨਾਫੇ ਦਾ ਇੱਕ ਸਾਧਨ ਹਨ, ਜਦ ਇੱਕ ਮਨੁੱਖ ਮੁੱਖ ਕਾਰੋਬਾਰ ਵਜੋਂ ਵੀ ਇਹ ਅਨਾਜ ਪੈਦਾਵਾਰ ਤੇ ਅਨਾਜ ਊਰਜਾ ਉਤਪਾਦਨ 'ਤੇ ਖੁਦ ਨੂੰ ਕੇਂਦਰਿਤ ਕਰੀ ਬੈਠੇ ਹਨ, ਜੋ ਉਪਜਾਊ ਜ਼ਮੀਨ ਚਾਹੀਦੀ ਹੈ, ਉਹ ਗਰੀਬ ਤੇ ਅਣ ਵਿਕਸ਼ਤ ਦੇਸ਼ਾਂ ਵਿੱਚ ਹੀ ਮਿਲ ਸਕਦੀ ਹੈ। ਵਿਤੀ ਸੰਕਟ ਤੇ ਅਨਾਜ ਸੰਕਟ ਦੇ ਦੋਨੋਂ ਰਾਹ ਦਰਅਸਲ ਅਜਿਹੇ ਹੀ ਦੇਸ਼ਾਂ ਵਿੱਚ ਨਵੀਆਂ ਬਸਤੀਆਂ ਬਣਾਉਣ 'ਤੇ ਸਮੂਹਿਕ ਤੌਰ 'ਤੇ ਕੇਂਦਰਿਤ ਹਨ, ਜਿੱਥੇ ਜ਼ਮੀਨ ਨੂੰ ਬੇਰਹਿਮ ਤਰੀਕੇ ਨਾਲ ਨਿਜੀ ਹੱਥਾਂ 'ਚ ਸੌਂਪੇ ਜਾਣ ਦੀ ਕਸਰਤ ਸ਼ੁਰੂ ਹੋ ਚੁੱਕੀ ਹੈ। ਸਾਊਦੀ ਅਰਬ ਤੇ ਚੀਨ ਸੋਮਾਲੀਆ ਤੋਂ ਲੈ ਕੇ ਕਜਾਕਿਸਤਾਨ ਤੱਕ ਜ਼ਮੀਨਾਂ ਖਰੀਦ ਰਹੇ ਹਨ। ਚੀਨ ਤਾਂ 2007 'ਚ ਅਨਾਜ ਸੰਕਟ ਪੈਦਾ ਹੋਣ ਤੋਂ ਬਹੁਤ ਪਹਿਲਾਂ ਤੋਂ ਹੀ ਅਨਾਜ ਪੈਦਾਵਾਰ ਦੀ ਆਊਟ ਸੋਰਸਿੰਗ ਕਰ ਰਿਹਾ ਹੈ। ਹਾਲ ਦੇ ਸਾਲਾਂ 'ਚ ਚੀਨ ਦੀ ਸਰਕਾਰ ਨੇ ਖੇਤੀ ਖੇਤਰ ਵਿੱਚ 30 ਵੱਡੇ ਸਮਝੌਤੇ ਕੀਤੇ ਹਨ, ਜਿਨਾਂ ਤਹਿਤ ਚੌਲ, ਸੋਇਆਬੀਨ ਤੇ ਮੱਕੀ ਸਮੇਤ ਜੈਵ ਫਿਊਲ ਦੀਆਂ ਫਸਲਾਂ ਗੰਨਾ ਤੇ ਕਸਾਵਾ ਉਗਾਈਆਂ ਜਾਣੀਆਂ ਹਨ। ਚੀਨ ਦੇ ਵਿਗਿਆਨਕ ਤੇ ਕਿਸਾਨ ਅਫਰੀਕੀਆਂ ਨੂੰ ਸੰਕਟ ਬੀਜਾਂ ਨਾਲ ਚੌਲ ਉਗਾਉਣ ਦੀ ਸਿਖਲਾਈ ਦੇ ਰਹੀਆਂ ਹਨ। ਹੌਲੀ-ਹੌਲੀ ਅਫਰੀਕੀ ਕਿਸਾਨ ਸਮਝਣ ਲੱਗੇ ਹਨ ਕਿ ਉਹਨਾਂ ਦਾ ਪੈਦਾ ਕੀਤਾ ਅਨਾਜ ਚੀਨੀਆਂ ਦੇ ਪੇਟ ਅੰਦਰ ਜਾਣਾ ਹੈ ਜ਼ਾਹਿਰ ਹੈ ਕਿ ਉਹਨਾਂ ਦਰਮਿਆਨ ਰੋਸ ਵੀ ਵਧ ਰਿਹਾ ਹੈ। ਖਾੜੀ ਦੇ ਦੇਸ਼ਾਂ ਦੀ ਸਥਿਤੀ ਇਸ ਕੇਸ 'ਚ ਬਿਲਕੁਲ ਵੱਖਰੀ ਹੈ, ਜਿੱਥੇ ਬਹਿਰੀਨ, ਕੁਵੈਤ, ਉਮਾਨ ਕਡਰ, ਸਾਊਦੀ ਅਰਬ ਤੇ ਸੰਯੁਕਤ ਅਰਬ ਅਮੀਰਾਤ (UAE) ਅਸਲ ਅਨਾਜ ਸੰਕਟ ਨੂੰ ਝੱਲ ਰਹੇ ਹਨ। ਚਾਰੋਂ ਪਾਸੇ ਰੇਗਿਸਤਾਨ ਹੋਣ ਕਰਕੇ ਇੱਥੇ ਫਸਲਾਂ ਪੈਦਾ ਕਰਨ ਲਈ ਜਾਂ ਪਸੂ ਪਾਲਣ ਲਈ ਜ਼ਮੀਨ ਤੇ ਪਾਣੀ ਦੀ ਘਾਟ ਹੈ।

ਪਿਛਲੇ ਪੰਜ ਸਾਲਾਂ 'ਚ ਇਹਨਾਂ ਦੇਸ਼ਾਂ ਦੀ ਅਨਾਜ ਦਰਾਮਦ ਲਾਗਤ 8 ਅਰਬ ਡਾਲਰ ਤੋਂ ਵਧ ਕੇ 20 ਅਰਬ ਡਾਲਰ ਤੱਕ ਪਹੁੰਚ ਗਈ ਹੈ, ਇਸ ਪਾਸ ਸਿਰਫ ਤੇਲ ਹੈ ਤੇ ਉਸ ਨਾਲ ਆਏ ਪੈਸੇ ਦੀ ਵਰਤੋਂ ਇਹ ਦੇਸ਼ ਦੂਜੇ ਗਰੀਬ, ਦੇਸ਼ਾਂ 'ਚ ਜ਼ਮੀਨਾਂ ਖਰੀਦ ਕੇ ਖੇਤੀ ਕਰਾਉਣ 'ਚ ਕਰ ਰਹੇ ਹਨ। ਜਿਨ੍ਹਾਂ ਦੇਸ਼ਾਂ 'ਤੇ ਨਿਸ਼ਾਨਾ ਹੈ, ਉਹਨਾਂ ਵਿੱਚ ਸੁਡਾਨ ਤੇ ਪਾਕਿਸਤਾਨ ਸਭ ਤੋਂ ਉਪਰ ਹਨ। ਇਸ ਪਿੱਛੋਂ ਦੱਖਣ ਪੂਰਬੀ ਏਸ਼ੀਆਈ ਦੇਸ਼ ਤੁਰਕੀ, ਅਫਗਾਨਿਸਤਾਨ, ਕਜਾਨਿਸਤਾਨ, ਉਗਾਂਡਾ,

ਉਕ੍ਰੇਨ, ਜਾਰਜਿਆ, ਬ੍ਰਾਜੀਲ ਆਦਿ ਦਾ ਨੰਬਰ ਆਉਂਦਾ ਹੈ। ਖਾੜੀ ਦੇਸ਼ਾਂ 'ਚ ਇਸ ਮੁਹਿੰਮ ਦੀ ਗੰਭੀਰਤਾ ਇਸ ਗੱਲ ਨਾਲ ਸਮਝ 'ਚ ਆਉਂਦੀ ਹੈ ਕਿ ਮਾਰਚ ਤੋਂ ਅਗਸਤ 2008 ਵਿੱਚ ਹਰੇਕ ਦੇਸ਼ ਨੇ ਜਾਂ ਇਹਨਾਂ ਦੇ ਸਨਅਤੀ ਸਮੂਹਾਂ ਨੇ ਕਰੋੜਾਂ ਹੈਕਟੇਅਰ ਦੀ ਜ਼ਮੀਨ ਪਟੇ ਤੇ ਲੈ ਲਈ ਹੈ। ਜਿਸ ਨਾਲ ਕਟਾਈ ਇਸ ਸਾਲ ਸ਼ੁਰੂ ਹੋ ਚੁੱਕੀ ਹੈ। ਚੀਨ ਅਤੇ ਖਾੜੀ ਦੇ ਦੇਸ਼ ਜ਼ਮੀਨ ਹੜੱਪਣ ਸਬੰਧੀ ਫਿਲਹਾਲ ਸਭ ਤੋਂ ਅੱਗੇ ਹਨ। ਇਸ ਪਿੱਛੋਂ ਜਪਾਨ ਤੇ ਦੱਖਣੀ ਕੋਰੀਆ ਦਾ ਨੰਬਰ ਆਉਂਦਾ ਹੈ। ਜਿਥੇ 60 ਫੀਸਦੀ ਅਨਾਜ਼ ਦਰਾਮਦ ਕੀਤਾ ਜਾਂਦਾ ਹੈ। ਕੋਰੀਆ ਸਬੰਧੀ ਜੇ ਚੌਲ ਨੂੰ ਛੱਡ ਦੇਈਏ ਤਾਂ ਇੱਥੇ 90 ਫੀਸਦੀ ਅਨਾਜ਼ ਦਰਾਮਦ ਕੀਤਾ ਹੋਇਆ ਹੀ ਹੈ। ਕੋਰੀਆ ਹੁਣ ਮੰਗੋਲੀਆ ਤੇ ਪੂਰਵੀ ਰੂਸ 'ਚ ਜ਼ਮੀਨਾਂ ਖਰੀਦ ਰਿਹਾ ਹੈ, ਜਦਕਿ ਜਪਾਨ ਦੀਆਂ ਕੰਪਨੀਆਂ ਚੀਨ ਤੇ ਬ੍ਰਾਜ਼ੀਲ 'ਚ ਜ਼ਮੀਨਾਂ ਖਰੀਦ ਰਹੀਆਂ ਹਨ।

ਭਾਰਤ 'ਚ ਸਥਿਤੀ ਹੋਰ ਵੱਧ ਖਰਾਬ ਹੈ। ਇਸ ਪੈਦਾਵਾਰ ਦੀ ਲਾਗਤ ਸਭ ਤੋਂ ਵੱਡੀ ਸਮੱਸਿਆ ਹੈ ਇਸ ਪਿੱਛੋਂ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਪਾਣੀ ਦੀ ਸਪਲਾਈ ਆਦਿ ਸਮੱਸਿਆਵਾਂ ਖੇਤੀ ਨੂੰ ਘਾਟੇ ਦਾ ਸੌਦਾ ਬਣਾ ਰਹੀਆਂ ਹਨ। ਇਸ ਤੋਂ ਇਲਾਵਾ ਵਿਸ਼ੇਸ਼ ਆਰਥਿਕ ਖੇਤਰਾਂ ਲਈ ਜਿਸ ਤਰੀਕੇ ਨਾਲ ਦੇਸ਼ ਦੇ ਕਿਸਾਨਾਂ ਤੋਂ ਉਹਨਾਂ ਦੀ ਖੇਤੀ ਯੋਗ ਭੂਮੀ ਖੋਹੀ ਜਾ ਰਹੀ ਹੈ, ਉਸ ਖਿਲਾਫ਼ ਸੰਘਰਸ਼ ਨੇ ਸਮੁੱਚੇ ਖੇਤੀ ਖੇਤਰ 'ਚ ਇੱਕ ਤਣਾਅ ਪੈਦਾ ਕਰ ਦਿੱਤਾ ਹੈ। ਇਸ ਦੇ ਮੱਦੇ ਨਜ਼ਰ ਭਾਰਤ ਵਿੱਚ ਖੇਤੀ ਕਾਰੋਬਾਰ ਦੀਆਂ ਸਾਰੇ ਮੁੱਖ ਤੇ ਸਰਕਾਰੀ ਕੰਪਨੀਆਂ ਨੇ ਸਟੇਟ ਟਰੇਨਿੰਗ ਕਾਰਪੋਰੇਸ਼ਨ ਨਾਲ ਮਿਲ ਕੇ ਦੂਜੇ ਦੇਸ਼ਾਂ ਵਿੱਚ ਅਨਾਜ਼ ਪੈਦਾ ਕਰਨ ਦਾ ਫੈਸਲਾ ਲਿਆ ਹੈ। ਇਸ ਦੇ ਲਈ ਤਿਲਹਨ, ਦਲਹਨ ਤੇ ਕਪਾਹ ਨੂੰ ਚੁਣਿਆ ਗਿਆ ਹੈ। ਇਸ ਦਾ ਮੰਨਣਾ ਹੈ ਕਿ ਚੌਲ ਤੇ ਕਣਕ ਅਜੇ ਦੇਸ਼ 'ਚ ਹੀ ਪੈਦਾ ਕਰਨਾ ਕਫਾਇਤੀ ਹੋਵੇਗਾ। ਗਰੀਬੀ ਨਾਲ ਜੂਝ ਰਿਹਾ ਬਰਮੇ 'ਤੇ ਭਾਰਤ ਦੀ ਪਹਿਲੀ ਗਾਜ ਗਿਰੀ। ਬਰਮਾ ਪਹਿਲਾਂ ਹੀ 10-40 ਲੱਖ ਟਨ ਦਾਲ ਭਾਰਤ ਨੂੰ ਬਰਾਮਦ ਕਰਦਾ ਹੈ। ਹੁਣ ਭਾਰਤ ਦੇ ਕਾਰੋਬਾਰੀ ਬਰਮਾ ਤੋਂ ਖਰੀਦਣ ਦੀ ਬਜਾਏ ਉਥੇ ਜਾ ਕੇ ਖੁਦ ਫਸਲਾਂ ਪੈਦਾ ਕਰਨਾ ਚਾਹੁੰਦੇ ਹਨ ਕਿਉਂਕਿ ਇਹ ਅਮਲ ਸਸਤਾ ਹੋਵੇਗਾ ਅਤੇ ਇਸ 'ਤੇ ਉਹਨਾਂ ਦਾ ਪੂਰਾ ਕੰਟਰੋਲ ਹੋਵੇਗਾ।

ਭਾਰਤ ਦੀ ਸਰਕਾਰ ਨੇ ਬਰਮਾ ਦੀ ਫੌਜੀ ਸਰਕਾਰ ਨੂੰ ਵਿਸ਼ੇਸ਼ ਗਰਾਂਟ ਦਿੱਤੀ ਹੈ ਤਾਂ ਕਿ ਉਹ ਆਪਣੀਆਂ ਬੰਦਰਗਾਹਾਂ ਦੇ ਢਾਂਚੇ ਨੂੰ ਸੁਧਾਰ ਸਕਣ। ਨਾ ਸਿਰਫ ਸਰਕਾਰਾਂ ਤੇ ਉਦਯੋਗਪਤੀ ਬਲਕਿ ਅਰਬਾਂ 'ਚ ਖੇਡਣ ਵਾਲੀਆਂ ਭਾਰਤੀ ਕੰਪਨੀਆਂ ਦੇ ਸੀ ਈ ਓ ਇੰਡੋਨੇਸ਼ੀਆ ਦੇ ਪਾਸ ਦੇ ਖੇਤ ਖਰੀਦ ਰਹੇ ਹਨ ਤੇ ਉਰੂਗਵੇ, ਪੈਰਾਵਗੇ ਤੇ ਬ੍ਰਾਜ਼ੀਲ ਦਾ ਰੁੱਖ ਕਰ ਰਹੇ ਹਨ। ਸਥਿਤੀ ਇਹ ਹੈ ਕਿ ਕੇਂਦਰੀ ਬੈਂਕ ਯਾਨੀ ਭਾਰਤੀ ਰਿਜ਼ਰਵ ਬੈਂਕ ਆਪਣੇ ਕਾਨੂੰਨਾਂ ਨੂੰ ਇਸ ਤਰ੍ਹਾਂ ਬਦਲ ਰਿਹਾ ਹੈ ਤਾਂ ਕਿ ਉਹ ਐਸ ਟੀ ਸੀ ਸਮੇਤ ਭਾਰਤ ਦੀਆਂ ਨਿਜੀ ਕੰਪਨੀਆਂ ਨੂੰ ਸੱਤ ਸਮੁੰਦਰ ਪਾਰ ਖੇਤੀ ਦੀਆਂ ਜ਼ਮੀਨਾਂ ਖਰੀਦਣ ਲਈ ਕਰਜਾ ਮੁਹੱਈਆ ਕਰਵਾ ਸਕਣ ਕਿਉਂਕਿ ਪਹਿਲਾਂ ਕਦੀ ਅਜਿਹਾ ਹੋਇਆ ਹੀ ਨਹੀਂ ਸੀ। ਇਸ ਲਈ ਭਾਰਤ 'ਚ ਇਸ ਨਾਲ ਜੁੜੇ ਕਾਨੂੰਨ ਵੀ ਨਹੀਂ ਸਨ। ਕੁਝ ਸਮਾਂ ਪਹਿਲਾਂ ਕੰਬੋਡੀਆ ਦੇ ਪ੍ਰਧਾਨ ਮੰਤਰੀ ਹਨਸੇਨ ਨੇ ਐਲਾਨ ਕੀਤਾ ਸੀ ਕਿ ਖਮੇਰ ਦੇ ਧਾਨ ਦੇ ਖੇਤ ਕਤਰ ਤੇ ਕੁਵੈਤ ਨੂੰ ਪਟੇ 'ਤੇ ਦੇਣ ਜਾ ਰਹੇ

ਹਨ ਤਾਂ ਕਿ ਉਹ ਆਪਣੇ ਲੋਕਾਂ ਲਈ ਚਾਵਲ ਪੈਦਾ ਕਰ ਸਕਣ। ਕਿੰਨੀ ਜ਼ਮੀਨ ਦਿੱਤੀ ਜਾ ਰਹੀ ਹੈ, ਇਸ ਬਾਰੇ ਕੋਈ ਐਲਾਨ ਨਹੀਂ ਹੈ। ਪਰ ਬਦਲੇ 'ਚ ਕੰਬੋਡੀਆ ਸਰਕਾਰ ਨੂੰ 60 ਕਰੋੜ ਡਾਲਰ ਕਰਜੇ 'ਚ ਮਿਲ ਰਿਹਾ ਹੈ। ਇਹ ਤਦ ਹੈ ਜਦ ਵਿਸ਼ਵ ਅਨਾਜ ਪ੍ਰੋਗਰਾਮ ਸਾਢੇ ਤਿੰਨ ਕਰੋੜ ਡਾਲਰ ਦੀ ਅਨਾਜ ਸਹਾਇਤਾ, ਇਸ ਦੇਸ਼ ਵਿੱਚ ਪਿੰਡਾਂ 'ਚ ਭੁੱਖਮਰੀ ਨੂੰ ਦੂਰ ਕਰਨ ਲਈ ਭੇਜ ਰਿਹਾ ਹੈ। ਫਿਲੀਪੀਂਸ 'ਚ ਜਿੱਥੇ ਲੱਖਾਂ ਲੋਕਾਂ ਨੂੰ ਦਿੱਤੀ ਗਈ ਜਗ੍ਹਾ ਆਪਣੀ ਰੋਟੀ ਇੱਕੋ ਡੰਗ ਖਾਣੀ ਪੈ ਰਹੀ ਹੈ। ਸਾਊਦੀ ਅਰਬ, ਯੂ ਏ ਈ ਅਤੇ ਬਹਿਰੀਨ ਜ਼ਮੀਨਾਂ ਖਰੀਦਣ 'ਚ ਲੱਗੇ ਹਨ। ਪਿੱਛੇ ਜਿਹੇ ਹੀ ਰਾਈਟਰ ਨੇ ਇੱਕ ਖ਼ਬਰ ਦਿੱਤੀ ਸੀ ਕਿ ਉਗਾਂਡਾ ਦੀ ਸਰਕਾਰ ਮਿਸ਼ਰ ਦੇ ਖੇਤੀ ਮੰਤਰਾਲੇ ਦੇ ਨਾਲ ਅੱਠ ਲੱਖ ਚਾਲੀ ਹਜ਼ਾਰ ਹੈਕਟੇਅਰ ਦੇ ਸੌਦੇ ਬਾਰੇ ਗੱਲ ਕਰ ਰਹੀ ਹੈ। ਜਿੱਥੇ ਕਣਕ ਤੇ ਮੱਕੀ ਪੈਦਾ ਕੀਤੇ ਜਾਣਗੇ ਅਤੇ ਇਹਨਾਂ ਨੂੰ ਕਹਿਰਾ ਭੇਜ ਦਿੱਤਾ ਜਾਵੇਗਾ। ਇਸ ਖ਼ਬਰ ਕਾਰਨ ਕਾਫੀ ਸ਼ੋਰ ਮੱਚਿਆ ਸੀ। ਜਲਦੀ-ਜਲਦੀ 'ਚ ਸਰਕਾਰੀ ਅਧਿਕਾਰੀਆਂ ਨੂੰ ਇਸ ਦਾ ਖੰਡਨ ਕਰਨਾ ਪਿਆ ਜਦ ਕਿ ਉਗਾਂਡਾ ਦੀ ਸੰਸਦ ਦਾ ਐਮਰਜੰਸੀ ਇਜਲਾਸ ਇਸ ਮੁੱਦੇ 'ਤੇ ਬੁਲਾਇਆ ਗਿਆ ਕਿਉਂਕਿ ਸਰਕਾਰ ਨੂੰ ਡਰ ਹੈ ਕਿ ਅਜਿਹੇ ਸੌਦੇ ਦੇ ਤੱਥ ਜਨਤਕ ਕੀਤੇ ਜਾਣ ਨਾਲ ਲੋਕਾਂ 'ਚ ਬੇਚੈਨੀ ਫੈਲ ਜਾਵੇਗੀ। ਲਿਹਾਜਾ ਇਸ ਕਿਸਮ ਦੇ ਸਾਰੇ ਸੌਦੇ ਬੇਹੱਦ ਗੁਪਤ ਢੰਗ ਨਾਲ ਕੀਤੇ ਜਾ ਰਹੇ ਹਨ। ਸੰਭਵ ਹੈ ਕਿ ਦੂਜੇ ਦੇਸ਼ਾਂ ਵਿੱਚ ਜ਼ਮੀਨਾਂ ਹੜੱਪਣ ਪਿੱਛੇ ਸਰਕਾਰਾਂ ਦਾ ਏਜੰਡਾ ਆਪਣੇ ਇੱਥੋਂ ਦੀ ਅਨਾਜ ਸੁਰੱਖਿਆ ਨਾਲ ਨਿਪਟਣਾ ਹੋਵੇ, ਪਰ ਇਸ ਕਾਰੋਬਾਰ 'ਚ ਲੱਗੇ ਨਿੱਜੀ ਖੇਤਰ ਦਾ ਸਿਰਫ਼ ਇੱਕ ਹੀ ਏਜੰਡਾ ਹੈ - ਮੁਨਾਫਾ ਕਮਾਉਣਾ। ਜਦ ਅਸੀਂ ਨਿਵੇਸ਼ਕਾਂ ਦੀ ਗੱਲ ਕਰਦੇ ਹਾਂ, ਤਾਂ ਇਸ ਪ੍ਰਸੰਗ ਵਿੱਚ ਕਾਰਗਿਲ ਵਰਗੀਆਂ ਬਹੁਕੌਮੀ ਕੰਪਨੀਆਂ ਨੂੰ ਨਹੀਂ ਗਿਣਾਂਗੇ, ਕਿਉਂਕਿ ਉਹਨਾਂ ਦਾ ਕਾਰੋਬਾਰ ਹੀ ਖੇਤੀ ਨਾਲ ਜੁੜਿਆ ਹੈ। ਮੌਨਸੈਂਟੋ, ਕਾਰਗਿਲ ਜਾਂ ਅਜਿਹੇ ਹੀ ਨਿਗਮ ਜੋ ਬ੍ਰਾਜ਼ੀਲ ਦੇ ਕਿਸੇ ਥਾਂ 'ਤੇ ਕੋਈ ਸੋਆਬੀਨ ਯੰਤਰ ਲਾਉਣ ਤਾਂ ਇਹ ਬਹੁਤੀ ਹੈਰਾਨੀ ਵਾਲੀ ਗੱਲ ਨਹੀਂ, ਜੋ ਨਵਾਂ ਰੁਝਾਣ ਉਭਰ ਕੇ ਸਾਹਮਣੇ ਆ ਰਿਹਾ ਹੈ, ਇਹ ਹੈ ਕਿ ਅਨਾਜ ਕਾਰੋਬਾਰ ਤੇ ਖਾਸ ਕਰਕੇ ਵਿਤੀ ਖੇਤਰ ਦੀਆਂ ਕੰਪਨੀਆਂ ਖੇਤੀ ਦੀਆਂ ਜ਼ਮੀਨਾਂ ਤੇ ਕੰਟਰੋਲ ਲਈ ਪੈਸਾ ਸੁੱਟ ਰਹੀਆਂ ਹਨ।

ਇਸ ਲਿਹਾਜ਼ ਨਾਲ ਇਹ ਸਮਝਣਾ ਜ਼ਰੂਰੀ ਹੈ ਕਿ ਰਵਾਇਤੀ ਖੇਤੀ ਵਪਾਰ 'ਚ ਲੱਗੀਆਂ ਬਹੁਕੌਮੀ ਕੰਪਨੀਆਂ ਅਤੇ ਦੂਜੇ ਦੇਸ਼ਾਂ 'ਚ ਜ਼ਮੀਨਾਂ ਹੜੱਪ ਰਹੇ ਖੇਤੀ ਤੋਂ ਇਲਾਵਾ ਵਪਾਰਕ ਖੇਤਰਾਂ ਵਿਚਕਾਰ ਫਰਕ ਕੀ ਹੈ? ਜਿੱਥੋਂ ਤੱਕ ਅਨਾਜ ਦੇ ਵਪਾਰ ਦੀ ਗੱਲ ਹੈ, ਜਪਾਨ ਤੇ ਅਰਬ ਦੇ ਨਿਗਮ ਇਸ ਵਕਤ ਸਭ ਤੋਂ ਵੱਧ ਸਮੁੰਦਰ ਪਾਰ ਭੂਮੀ ਹੜੱਪਣ 'ਚ ਸਭ ਤੋਂ ਵੱਧ ਲੱਗੇ ਹੋਏ ਹਨ। ਮਸਲਨ ਜਪਾਨ ਦੇ ਅਨਾਜ ਬਾਜ਼ਾਰ 'ਤੇ ਪੰਜ ਵਿਸ਼ਾਲ ਦਿਓ ਕੱਦ ਕੰਪਨੀਆਂ ਦਾ ਕਬਜਾ ਹੈ, ਮਿਤੁਸੁਬਿਸ਼ੀ, ਹਤੋਸ਼ੂ, ਮਿਤਸੁਈ, ਮਾਰੂਬੇਨੀ ਤੇ ਸੁਮਿਤੋਮੋ। ਇਹ ਕੰਪਨੀਆਂ ਖੇਤੀ ਵਸਤਾਂ ਦੀ ਖਰੀਦ, ਟਰਾਂਸਪੋਰਟ (ਆਵਾਜਾਈ), ਵਪਾਰ ਤੇ ਪ੍ਰਚੂਨ ਖੇਤਰ ਤੇ ਕਬਜਾ ਰੱਖਦੀ ਹੈ। ਮਾਰੂਬੇਨੀ, ਮਿਤੁਸ਼ਈ ਤੇ ਮਿਤਸੁਬਿਸ਼ੀ ਦਾ ਟੀਚਾ ਅੱਜ ਦੁਨੀਆਂ ਦੇ ਸਭ ਤੋਂ ਵੱਡੇ ਅਨਾਜ ਵਪਾਰੀਆਂ ਆਰਥਰ ਡੇਨਿਅਲਸ ਮਿਡਲੈਂਡ ਅਤੇ ਬੁੰਜੇ ਨੂੰ ਪਿੱਛੇ ਛੱਡਣਾ ਹੈ। ਮਾਰੂਬੇਨੀ ਨੂੰ ਪਿੱਛੇ ਜਿਹੇ ਹੀ ਅਮਰੀਕਾ 'ਚ ਕਰੀਬ ਪੰਜ ਕਰੋੜ ਡਾਲਰ ਦੀ ਲਾਗਤ ਨਾਲ ਗੋਦਾਮ

ਖਰੀਦੇ ਹਨ। ਜਿਸ ਦਾ ਉਦੇਸ਼ ਅਮਰੀਕੀ ਵਸਤਾਂ ਤੋਂ ਸਿੱਧਾ ਸੋਇਆਬੀਨ ਤੇ ਮੱਕਾ ਖਰੀਦਣਾ ਹੈ। ਚੀਨ 'ਚ ਹੁਣ ਤੱਕ ਏ ਡੀ ਐਮ, ਬੁੰਜੇ ਅਤੇ ਕਾਰਗਿਲ ਦੀ ਮੌਜੂਦਗੀ ਕਾਫੀ ਨਹੀਂ ਹੈ। ਜਿਸ ਕਾਰਨ ਜਪਾਨੀ ਨਿਗਮਾਂ ਲਈ ਚੀਨ ਹੁਣ ਰਣਨੀਤਕ ਤਰਜੀਹ ਬਣਦਾ ਜਾ ਰਿਹਾ ਹੈ। ਕੁਝ ਰਿਪੋਰਟਾਂ ਮੁਤਾਬਿਕ ਜਪਾਨੀ ਕੰਪਨੀਆਂ ਦੇ ਪਾਸ ਦੂਜੇ ਦੇਸ਼ਾਂ 'ਚ ਪੈਦਾਵਾਰ ਦੇ ਲਈ ਕਰੀਬ ਡੇਢ ਕਰੋੜ ਹੈਕਟੇਅਰ ਖੇਤੀ ਭੂਮੀ ਆ ਚੁੱਕੀ ਹੈ। ਇਸ ਵਿੱਚੋਂ ਕਾਫੀ ਜ਼ਮੀਨ ਚੀਨ ਵਿੱਚ ਹੈ। ਚੀਨ ਵਿੱਚ ਹੀ ਜਪਾਨ ਦਾ ਪਹਿਲਾ ਡੇਅਰੀ ਫਾਰਮ ਅਸਾਂ ਹੀ ਨੇ ਦੋ ਸਾਲ ਪਹਿਲਾਂ ਖੋਲ੍ਹਿਆ ਸੀ। ਠੀਕ ਇੱਕ ਸਾਲ ਪਿੱਛੋਂ ਜਦ ਚੀਨ 'ਚ ਬੱਚਿਆਂ ਦੇ ਦੁੱਧ ਵਿੱਚ ਮਿਲਾਵਟ ਦੀ ਗੱਲ ਸਾਹਮਣੇ ਆਈ ਤਾਂ ਅਸਾਂ ਹੀ ਨੇ ਮੌਕਾ ਵੇਖਦਿਆਂ ਹੀ ਆਪਣੀ ਦੁੱਧ ਨਾਲ ਬਣੀ ਵਸਤ ਬਾਜ਼ਾਰ 'ਚ ਲੈ ਆਂਦੀ।

2007 ਦੇ ਅੰਤ ਵਿੱਚ ਮਿਤਸੁਈ ਨੇ ਬ੍ਰਾਜੀਲ ਵਿੱਚ ਇੱਕ ਲੱਖ ਹੈਕਟੇਅਰ ਖੇਤੀ ਭੂਮੀ ਖਰੀਦੀ ਸੀ, ਜਿਸ 'ਤੇ ਉਹ ਸੋਇਆਬੀਨ ਉਗਾ ਰਹੀ ਹੈ। ਆਖਰ 'ਚ ਸੁਆਲ ਪੈਦਾ ਹੁੰਦਾ ਹੈ ਕਿ ਇਹਨਾਂ ਸਾਰੇ ਵਿਸ਼ਾਲ ਸੌਦਿਆਂ ਲਈ ਪੈਸਾ ਕਿੱਥੋਂ ਆਉਂਦਾ ਹੈ? ਰਿਪੋਰਟ ਦੱਸਦੀ ਹੈ ਕਿ ਸਾਰਾ ਪੈਸਾ ਸੰਸਾਰ ਬੈਂਕ, ਕੌਮਾਂਤਰੀ ਵਿਤ ਨਿਗਮ ਅਤੇ ਪੁਨਰ ਨਿਰਮਾਣ ਤੇ ਵਿਕਾਸ ਲਈ ਯੂਰਪੀ ਬੈਂਕ ਤੋਂ ਆ ਰਿਹਾ ਹੈ। ਇਹ ਸਾਰੀਆਂ ਏਜੰਸੀਆਂ ਆਪਣੇ ਪੈਸੇ ਦੇ ਜ਼ੋਰ 'ਤੇ ਸਰਕਾਰਾਂ ਨੂੰ ਭੋਇੰ ਮਾਲਕੀ ਕਾਨੂੰਨ ਦੀ ਤਬਦੀਲੀ ਕਰਨ ਨੂੰ ਮਜ਼ਬੂਰ ਕਰ ਰਹੀ ਹੈ ਤਾਂ ਕਿ ਉਹਨਾਂ ਦੇ ਗਾਹਕ ਉਥੇ ਪੈਂਠ ਬਣਾ ਸਕਣ। ਸਿੱਟੇ ਵਜੋਂ, ਜ਼ਮੀਨ ਦੀਆਂ ਕੀਮਤਾਂ ਆਕਾਸ਼ ਛੂਹ ਰਹੀਆਂ ਹਨ ਅਤੇ ਇਸ ਦੀ ਹੋੜ ਤੇਜ ਹੁੰਦੀ ਜਾ ਰਹੀ ਹੈ। ਵਿਤੀ ਏਜੰਸੀਆਂ ਤੇ ਨਿਗਮਾਂ ਦੀ ਬੇਸਬਰੀ ਇਸ ਤੋਂ ਸਮਝੀ ਜਾ ਸਕਦੀ ਹੈ ਕਿ ਪਿਛਲੇ ਸਾਲ ਸਤੰਬਰ 'ਚ ਜਦ ਦੁਨੀਆਂ ਭਰ ਦੀ ਨਿਗ੍ਹਾ ਵਾਲ ਸਟ੍ਰੀਟ ਦੇ ਸੂਚਨਾਕ 'ਤੇ ਲੱਗੀ ਹੋਈ ਸੀ ਤਾਂ ਉਸ ਵਕਤ ਡੋਏ 'ਚ ਬੈਂਕ ਅਤੇ ਗੋਲਡ ਮੈਨ ਸੈਂਕਸ ਆਪਣਾ ਸਾਰਾ ਪੈਸਾ ਚੀਨ ਦੇ ਵਿਸ਼ਾਲ ਸੂਅਰ ਵਾੜਿਆਂ, ਕੁਕੁਟ ਫਾਰਮਾਂ ਅਤੇ ਮਾਂਸ ਪ੍ਰਸੰਸਕਰਣ ਅਦਾਰਿਆਂ 'ਚ ਝੌਂਕ ਰਹੇ ਹਨ। ਅੱਜ ਸਥਿਤੀ ਇਹ ਹੈ ਕਿ ਚੀਨ ਦੇ ਪਸ਼ੂ ਪਾਲਣ ਉਦਯੋਗ ਦੀ ਦਸ਼ਾ ਦਿਸ਼ਾ ਇਹੀ ਦੋਨੋਂ ਤਹਿ ਕਰਨ ਦੀ ਸਥਿਤੀ 'ਚ ਆ ਗਏ ਹਨ, ਚੀਨ ਵੀ ਆਪਣੇ ਵੱਲੋਂ ਕੋਈ ਕਸਰ ਨਹੀਂ ਛੱਡਣੀ ਚਾਹੁੰਦਾ। ਉਥੇ ਅਜਿਹੇ ਭੂਮੀ ਸੁਧਾਰ ਕੀਤੇ ਜਾ ਰਹੇ ਹਨ, ਜਿਸ ਨਾਲ ਕਿਸਾਨ ਆਪਣੀ ਜ਼ਮੀਨ ਦੇ ਅਧਿਕਾਰ ਨੂੰ ਦੂਜਿਆਂ ਨੂੰ ਦੇ ਸਕਣ ਜੋ ਹੁਣ ਤੱਕ ਰਾਜਕੀ ਕੰਟਰੋਲ 'ਚ ਰਹਿੰਦੀ ਰਹੀ ਸੀ। ਕਿਆਸ ਲਾਏ ਜਾ ਰਹੇ ਹਨ ਕਿ ਚੀਨ ਵਿੱਚ ਅਨਾਜ਼ ਸੰਕਟ ਲਈ ਜਿੰਮੇਵਾਰ ਛੋਟੀਆਂ ਕਾਸ਼ਤਾਂ ਇਹਨਾਂ ਸੁਧਾਰਾਂ ਕਾਰਨ ਹੁਣ ਵੱਡੀਆਂ ਕਾਸ਼ਤਾਂ 'ਚ ਤਬਦੀਲ ਹੋ ਜਾਣਗੀਆਂ ਅਤੇ ਸਥਾਈ ਭੂ-ਉਪਯੋਗ ਅਧਿਕਾਰਾਂ ਨੂੰ ਲਾਗੂ ਕਰ ਦਿੱਤਾ ਹੈ। ਉਕ੍ਰੇਨ ਜਲਦੀ ਵਿਦੇਸ਼ੀਆਂ ਨੂੰ ਖੇਤੀ ਦੀਆਂ ਜ਼ਮੀਨਾਂ 'ਤੇ ਲੱਗੀਆਂ ਪਾਬੰਦੀਆਂ ਨੂੰ ਹਟਾਉਣ ਵਾਲਾ ਹੈ ਅਤੇ ਸੁਡਾਨ ਆਪਣੀਆਂ ਜ਼ਮੀਨਾਂ ਨੂੰ ਕੌਡੀਆਂ ਦੇ ਭਾਅ 99 ਸਾਲਾਂ ਦੇ ਪਟੇ 'ਤੇ ਦੇ ਰਿਹਾ ਹੈ। ਵਿਸ਼ਵ ਬੈਂਕ ਦੇ ਅਧਿਕਾਰੀਆਂ ਦੀ ਮੰਨੀ ਤਾਂ ਅਫਰੀਕੀ ਦੇਸ਼ਾਂ ਵਿੱਚ ਭੂਇੰ ਮਾਲਕੀ ਦੇ ਕਾਨੂੰਨਾਂ ਦਾ ਬਦਲਿਆ ਜਾਣਾ ਦਰਅਸਲ ਇਸ ਮਹਾਂਦੀਪ 'ਚ ਅਨਾਜ਼ ਸੁਰੱਖਿਆ ਦੇ ਨਾਂ 'ਤੇ ਬੈਂਕ ਵੱਲੋਂ ਦਿੱਤੇ ਗਏ 1.2 ਅਰਬ ਡਾਲਰ ਦੀ ਗਰਾਂਟ ਦਾ ਹੀ ਹਿੱਸਾ ਹੈ। ਠੀਕ ਇਸ ਦੀ ਤਰਜ਼ 'ਤੇ ਪੁਨਰ ਨਿਰਮਾਣ ਅਤੇ ਵਿਕਾਸ

ਲਈ ਯੂਰਪੀ ਬੈਂਕ ਵੀ ਮੱਧ ਏਸ਼ੀਆ ਅਤੇ ਯੂਰਪ ਵਿੱਚ ਅਨਾਜ ਸੰਕਟ ਨੂੰ ਹੱਲ ਕਰਨ ਯਾਨੀ ਗਰਾਂਟ ਦੇਣ ਬਦਲੇ ਇੱਥੋਂ ਦੇ ਜ਼ਮੀਨੀ ਕਾਨੂੰਨਾਂ ਨੂੰ ਸਾਰਾ ਜ਼ੋਰ ਰੂਸ, ਉਕ੍ਰੇਨ, ਰੋਮਾਨਿਆ, ਬੁਲਗਾਰੀਆ ਅਤੇ ਕਜਾਕਿਸਤਾਨ 'ਤੇ ਹੈ। ਨਿਊਯਾਰਕ ਸਥਿਤ ਦੁਨੀਆਂ ਦੇ ਸਭ ਤੋਂ ਵੱਡੇ ਫੰਡ ਪ੍ਰਬੰਧਕਾਂ 'ਚ ਇੱਕ ਬਲੈਕਰਾਕ ਇੰਕ ਨੇ ਪਿਛੇ ਜਿਹੇ ਹੀ ਇਸ ਵਿੱਚੋਂ ਤਿੰਨ ਕਰੋੜ ਡਾਲਰ ਦੁਨੀਆਂ ਭਰ ਵਿੱਚ ਖੇਤੀ ਦੀਆਂ ਜ਼ਮੀਨਾਂ ਖਰੀਦਣ 'ਚ ਖਰਚ ਕੀਤੇ ਜਾਣਗੇ। ਮਾਰਗਨ ਸਟੈਨਲੀ ਜੋ ਕਿ ਹਾਲ ਤੱਕ ਅਮਰੀਕੀ ਵਿੱਤ ਵਿਭਾਗ ਨੇ ਸਾਹਮਣੇ ਕੰਗਾਲੀ ਤੋਂ ਉਭਰ ਜਾਣ ਲਈ ਹੱਥ ਅੱਡੀ ਖੜੀ ਸੀ। ਉਸ ਨੇ ਉਕ੍ਰੇਨ ਵਿੱਚ 40,000 ਹੈਕਟੇਅਰ ਖੇਤੀ ਭੂਮੀ ਖਰੀਦ ਲਈ ਹੈ। ਹਾਲਾਂ ਕਿ ਇੱਕ ਰੂਸੀ ਨਿਵੇਸ਼ ਅਦਾਰਾ ਰੇਨੇਸ਼ਾਂ ਕੈਪੀਟਲ ਵੱਲੋਂ ਉਕ੍ਰੇਨ 'ਚ ਖਰੀਦੀ ਗਈ ਤਿੰਨ ਲੱਖ ਹੈਕਟੇਅਰ ਖੇਤੀ ਭੂਮੀ ਦੇ ਸਾਹਮਣੇ ਕੁਝ ਵੀ ਨਹੀਂ ਹੈ। ਉਕ੍ਰੇਨ ਤੋਂ ਲੈ ਕੇ ਦੱਖਣੀ ਏਸ਼ੀਆ ਤੱਕ ਦੀ ਉਰਵਰ ਪੱਟੀ ਵਿੱਚ ਜ਼ਮੀਨਾਂ ਖਰੀਦਣ ਦੀ ਇਹ ਹੋੜ ਅੱਜ ਦੁਨੀਆਂ ਵਿੱਚ ਸਭ ਤੋਂ ਤੇਜ ਹੈ। ਸਵੀਡਨ ਦਾ ਇੱਕ ਨਿਵੇਸ਼ ਸਮੂਹ ਬੈਂਕ ਆਰਥਰ ਫਾਰਮਿੰਗ ਰੂਸ ਵਿੱਚ 3,31,000 ਹੈਕਟੇਅਰ ਜ਼ਮੀਨ ਖਰੀਦ ਚੁਕਿਆ ਹੈ। ਇੱਥੇ ਸਵੀਡਨ ਦੀ ਇੱਕ ਹੋਰ ਕੰਪਨੀ ਇਲਪਕਾਟ-ਐਗ੍ਰੋ ਨੇ 1,28,000 ਹੈਕਟੇਅਰ ਜ਼ਮੀਨ ਦੇ ਅਧਿਕਾਰ ਖਰੀਦ ਲਏ ਹਨ। ਬ੍ਰਿਟਿਸ਼ ਨਿਵੇਸ਼ ਸਮੂਹ ਲੈਂਡਕਾਮ ਨੇ ਉਕ੍ਰੇਨ 'ਚ ਇੱਕ ਲੱਖ ਹੈਕਟੇਅਰ ਖੇਤੀ ਭੂਮੀ ਖਰੀਦੀ ਹੈ ਅਤੇ ਇਸ ਦਾ ਟੀਚਾ 2011 ਤੱਕ ਇਸ ਨੂੰ ਵਧਾ ਕੇ ਸਾਢੇ ਤਿੰਨ ਲੱਖ ਟਨ ਹੈਕਟੇਅਰ ਕਰ ਲੈਣਾ ਹੈ। ਇਹ ਸਭ ਕੁਝ ਉਹਨਾਂ ਦਾ ਪੇਟ ਭਰਨ ਲਈ ਕੀਤਾ ਜਾ ਰਿਹਾ ਹੈ ਜੋ ਖਾਣ ਵਾਲੀਆਂ ਵਸਤਾਂ ਦੀਆਂ ਭਾਰੀ ਕੀਮਤਾਂ ਦੇ ਸਕਦੇ ਹਨ, ਉਹਨਾਂ ਦੇ ਲਈ ਨਹੀਂ ਜਿਹਨਾਂ ਦਾ ਪੇਟ ਖਾਲੀ ਹੈ। ਜਿਹਨਾਂ ਨਿਵੇਸ਼ਕਾਂ ਨੇ ਜ਼ਮੀਨਾਂ 'ਚ ਦੁਨੀਆਂ ਭਰ 'ਚ ਪੈਸਾ ਲਾਇਆ ਹੈ, ਉਹਨਾਂ ਦਾ ਟੀਚਾ ਬਿਲਕੁਲ ਸਾਫ ਹੈ, ਉਹਨਾਂ ਨੇ ਆਪਣੇ ਮੁਨਾਫੇ ਲਈ ਦਸ ਸਾਲ ਦਾ ਅਰਸਾ ਤਹਿ ਕੀਤਾ ਹੈ। ਉਹਨਾਂ ਦੀ ਸਮਝ ਸਾਫ ਹੈ ਕਿ ਉਹਨਾਂ ਨੇ ਜ਼ਮੀਨਾਂ ਖਰੀਦ ਕੇ ਉਹਨਾਂ ਨੂੰ ਉਪਜਾਊ ਬਣਾਉਣਾ ਹੈ, ਫਸਲਾਂ ਉਗਾਣੀਆਂ ਹਨ, ਮਾਰਕੀਟਿੰਗ ਲਈ ਢਾਂਚਾ ਤਿਆਰ ਕਰਨਾ ਹੈ ਅਤੇ ਦਸ ਸਾਲਾਂ ਬਾਅਦ ਯੂਰਪ ਵਿੱਚ ਹੋਵੇ ਤਾਂ 10-40 ਫੀਸਦੀ ਤੱਕ ਲਾਭ ਹਾਸਲ ਕਰਨਾ ਹੈ। ਇਸ ਸਮੁੱਚੇ ਅਮਲ ਵਿੱਚ ਨਵਾਂ ਇਹ ਹੈ ਕਿ ਸਾਰੇ ਨਿਵੇਸ਼ਕ ਜ਼ਮੀਨਾਂ ਦੇ ਅਸਲੀ ਅਧਿਕਾਰ ਖਰੀਦ ਰਹੇ ਹਨ।

ਇਹ ਸਭ ਕੁਝ ਕਾਫੀ ਤੇਜੀ ਨਾਲ ਪਿਛਲੇ ਇੱਕ ਸਾਲ ਅੰਦਰ ਸ਼ੁਰੂ ਹੋਇਆ ਹੈ, ਜਦ ਵਿਸ਼ਵ ਬਜ਼ਾਰ ਡਿੱਗਣੇ ਸ਼ੁਰੂ ਹੋਏ ਸਨ। ਹੁਣ ਤੱਕ ਇੱਕ ਚੀਜ਼ ਜੋ ਸਾਫ਼ ਨਹੀਂ ਹੋ ਸਕੀ ਹੈ। ਉਹ ਇਹ ਹੈ ਕਿ ਆਖਰ ਇਹ ਲਾਲਚੀ ਨਿਵੇਸ਼ਕ ਗਰੀਬ ਦੇਸ਼ਾਂ ਵਿੱਚ ਖੇਤੀ ਦੇ ਭਵਿੱਖ ਬਾਰੇ ਕੀ ਸੋਚ ਰਹੇ ਹਨ। ਕੀ ਉਥੋਂ ਦੀ ਕਰੋੜਾਂ ਆਬਾਦੀ ਨੂੰ ਭੁੱਖੇ ਮਾਰ ਕੇ ਖੁਸ਼ਹਾਲ ਜਨਤਾ ਦਾ ਪੇਟ ਭਰਿਆ ਜਾਵੇਗਾ? ਆਖਰ ਇਸ ਅਮਲ ਦਾ ਅਸਲੀ ਅਰਥ ਕੀ ਹੈ? ਇਹ ਤਾਂ ਸਾਫ ਹੈ ਕਿ ਸਰਕਾਰਾਂ ਦੀ ਆਸਥਾ ਬਾਜ਼ਾਰ ਤੋਂ ਉਠਦੀ ਜਾ ਰਹੀ ਹੈ ਇਸ ਆਸਥਾ ਨੂੰ ਵਿਸ਼ਵੀ ਅਨਾਜ਼ ਸੰਕਟ ਨੇ ਤੋੜ ਦਿੱਤਾ ਹੈ। ਇਸ ਦੇ ਦੂਜੇ ਸਿੱਟੇ ਵੱਧ ਭਿਅੰਕਰ ਤੇ ਖਤਰਨਾਕ ਹਨ। ਲਾਭ ਦੇ ਕਾਰਨ ਬਹੁਕੌਮੀ ਕੰਪਨੀਆਂ ਇਹੀ ਨਹੀਂ ਕਿ ਖੇਤੀ 'ਤੇ ਕਬਜਾ ਕਰਨ ਜਾ ਰਹੀਆਂ ਹਨ, ਬਲਕਿ ਉਹ ਇਸ ਭੂਮੀ 'ਤੇ ਅਨਾਜ ਉਗਾ ਕੇ ਜੈਵਿਕ ਤੇਲ ਦੀਆਂ ਅਜਿਹੀਆਂ ਫਸਲਾਂ

ਉਪਜਾਉਣ ਲੱਗੀਆਂ ਹਨ, ਜਿਸ ਨਾਲ ਵਧਦੀ ਊਰਜਾ ਦੀ ਮੰਗ ਅਤੇ ਸੰਕਟ ਤੋਂ ਉਭਰਿਆ ਜਾ ਸਕੇ। ਵੈਸੇ ਵੀ ਜੋ ਫਸਲਾਂ ਉਗਾਈਆਂ ਜਾਣਗੀਆਂ, ਉਹ ਸਥਾਨਕ ਰਵਾਇਤੀ ਫਸਲਾਂ ਯਾਨੀ ਮੋਟੇ ਅਨਾਜ ਤੋਂ ਤਾਂ ਵੱਖਰੀਆਂ ਹੋਣਗੀਆਂ ਹੀ ਉਹਨਾਂ ਨੂੰ ਸਥਾਨਿਕ ਲੋਕ ਖਰੀਦ ਸਕਣ ਦੀ ਸਥਿਤੀ ਵਿੱਚ ਵੀ ਨਹੀਂ ਹੋਣਗੇ। ਯਾਨੀ ਸਥਾਨਕ ਲੋਕਾਂ, ਕਿਸਾਨ ਤੇ ਮੂਲ ਨਿਵਾਸੀ ਆਦਿ ਦੇ ਹੱਥਾਂ ’ਚੋਂ ਜ਼ਮੀਨ ਖੁਸਦੀ ਹੀ ਨਹੀਂ ਜਾ ਰਹੀ ਹੈ ਬਲਕਿ ਉਹ ਵੱਡੇ ਪੈਮਾਨੇ ’ਤੇ ਯਕੀਨੀ ਤੌਰ ’ਤੇ ਭੁੱਖੇ ਤੇ ਮੌਤ ਦੇ ਮੂੰਹ ’ਚ ਧੱਕੇ ਜਾ ਰਹੇ ਹਨ। ਅਫਰੀਕਾ ਇਸ ਦਾ ਸਭ ਤੋਂ ਵੱਡਾ ਸਬੂਤ ਹੈ। ਅਨਾਜ਼ ਸਵੈ ਨਿਰਭਰਤਾ ਨੂੰ ਜਿਸ ਬੁਨਿਆਦੀ ਆਧਾਰ ’ਤੇ ਖੜ੍ਹਾ ਕੀਤਾ ਜਾਣਾ ਚਾਹੀਦਾ ਹੈ, ਉਸ ਅਧਾਰ ਨੂੰ ਤਹਿਸ-ਨਹਿਸ ਕੀਤਾ ਜਾ ਰਿਹਾ ਹੈ। ਜੋ ਸਰਕਾਰਾਂ ਨਿਵੇਸ਼ਕ ਅਤੇ ਵਿਕਾਸ ਏਜੰਸੀਆਂ ਇਸ ਕਿਸਮ ਦੇ ਸੌਦਿਆਂ ਵਿੱਚ ਗਲਤਾਨ ਹਨ। ਉਹਨਾਂ ਤੱਕ ਤਰਕ ਹੈ, ਕਿ ਇਸ ਨਾਲ ਰੁਜਗਾਰ ਪੈਦਾ ਹੋਣਗੇ ਅਤੇ ਕੁਝ ਭੋਜਨ ਬਚ ਜਾਵੇਗਾ ਪਰ ਮੂਲ ਸੁਆਲ ਇਹ ਹੈ ਕਿ ਫਿਰ ਜ਼ਮੀਨਾਂ ਹੀ ਨਹੀਂ ਰਹਿ ਜਾਣਗੀਆਂ, ਜਿਨਾਂ ’ਤੇ ਲੋਕ ਕੰਮ ਕਰ ਸਕਣਗੇ ਅਤੇ ਜਿਨਾਂ ਆਸਰੇ ਲੋਕ ਜਿਉਂਦੇ ਰਹਿ ਸਕਣਗੇ। ਅਸਲ ਸਮੱਸਿਆ ਇਹ ਨਹੀਂ ਹੈ ਕਿ ਇਹਨਾਂ ਜ਼ਮੀਨਾਂ ਦਾ ਮਾਲਕੀ ਦਾ ਢਾਂਚਾ ਬਦਲਿਆ ਜਾ ਰਿਹਾ ਹੈ। ਇਸ ਦੀ ਸ਼ਕਲ ਹੀ ਬਦਲੀ ਜਾ ਰਹੀ ਹੈ।

ਜੋ ਪਹਿਲਾਂ ਵਣ ਸਨ, ਛੋਟੀ ਕਾਸ਼ਤ ਸੀ। ਉਹਨਾਂ ਨੂੰ ਬਾਜ਼ਾਰਾਂ ਨਾਲ ਜੋੜ ਕੇ ਵੱਡੀਆਂ ਸਨਅਤੀ ਕਾਸ਼ਤਾਂ ’ਚ ਤਬਦੀਲ ਕਰਨ ਦਾ ਅਮਲ ਜਾਰੀ ਹੈ। ਹੁਣ ਕਿਸਾਨਾਂ ਲਈ ਨੌਕਰੀਆਂ ਹੋਣ ਜਾਂ ਨਾ ਹੋਣ ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਅਸਲ ਮੁੱਦਾ ਇਹ ਹੈ ਕਿ ਇਸ ਅਮਲ ’ਚ ਜੋ ਲੋਕ ਭੁੱਖ ਨਾਲ ਮਰਨਗੇ ਉਹਨਾਂ ਦਾ ਕੀ ਹੋਵੇਗਾ? ਸੱਚ ਇਹ ਹੈ ਕਿ ਵਿਕਸਤ ਦੇਸ਼ਾਂ ਦਾ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਰਿਹਾ ਹੈ ਕਿ ਤੀਜੀ ਦੁਨੀਆਂ ਦੇ ਲੋਕਾਂ ਦਾ ਕੀ ਹੁੰਦਾ ਹੈ? ਉਹ ਵੇਖ ਚੁੱਕੇ ਹਨ ਕਿ ਅਬਾਦੀ ਨੂੰ ਉਸ ਤਰ੍ਹਾਂ ਘੱਟ ਨਹੀਂ ਕੀਤਾ ਜਾ ਸਕਦਾ, ਜਿਸ ਤਰ੍ਹਾਂ ਅਤੇ ਜਿਸ ਹੱਦ ਤੱਕ ਉਹ ਚਾਹੁੰਦੇ ਹਨ। ਦੂਜੀ ਗੱਲ ਇਹ ਹੈ ਕਿ ਬਹੁਤੇ ਕੁਦਰਤੀ ਸਾਧਨ ਤੀਜੀ ਦੁਨੀਆਂ ਵਿੱਚ ਹਨ, ਜਿਹਨਾਂ ’ਤੇ ਬਹੁਕੌਮੀ ਕੰਪਨੀਆਂ ਦੀ ਅੱਖ ਹੈ। ਇਸ ਲਈ ਜਿਵੇਂ ਕਿ ਉਥੋਂ ਦੇ ਨਿਰਮਾਤਾਵਾਂ ਦੇ ਇੱਕ ਤਬਕੇ ਦਾ ਮੰਨਣਾ ਹੈ ਕਿ ਜੇ ਤੀਜੀ ਦੁਨੀਆਂ ’ਚ ਕੁਝ ਕਰੋੜ ਲੋਕ ਮਰ ਵੀ ਜਾਂਦੇ ਹਨ ਤਾਂ ਇਸ ’ਤੇ ਫਿਕਰ ਕਰਨ ਦੀ ਲੋੜ ਨਹੀਂ। ਵੈਸੇ ਵੀ ਪੱਛਮ ਨੇ ਆਪਣਾ ਵਿਕਾਸ ਤੀਜੀ ਦੁਨੀਆਂ ਦੇ ਲੋਕਾਂ ਦੀ ਕੀਮਤ ’ਤੇ ਕੀਤਾ ਹੈ, ਜੋ ਫਿਰ ਤੋਂ ਤੇਜ਼ ਹੁੰਦਾ ਨਜ਼ਰ ਆ ਰਿਹਾ ਹੈ।

--------✪✪--------

# ਇਤਿਹਾਸ ਵੇਖਣ ਦਾ ਵਿਗਿਆਨਕ ਨਜ਼ਰੀਆ

ਜਦ ਸ੍ਰੀ ਡਿਊਹੀਰਿੰਗ ਇਹ ਕਹਿੰਦੇ ਹਨ ਕਿ ਕੁਦਰਤ 'ਤੇ ਮਨੁੱਖ ਦੀ ਅਜ਼ਾਰੇਦਾਰੀ ਕਾਇਮ ਹੋਣ ਦੀ ਸ਼ਰਤ ਇਹ ਹੈ ਕਿ ਮਨੁੱਖ ਤੇ ਮਨੁੱਖ ਦੀ ਸਰਦਾਰੀ ਕਾਇਮ ਹੋ ਜਾਵੇ। ਜੇ ਇ ਹ ਉਹ ਇਸ ਕਥਨ ਰਾਹੀਂ ਆਮ ਢੰਗ ਨਾਲ ਇਹ ਕਹਿਣਾ ਚਾਹੁੰਦੇ ਹਨ ਕਿ ਸਾਡੀ ਮੁਕੰਮਲ ਮੌਜੂਦਾ ਆਰਥਿਕ ਵਿਵਸਥਾ ਅਤੇ ਖੇਤੀ ਤੇ ਸਨਅਤ ਦੇ ਵਿਕਾਸ ਦਾ ਮੌਜੂਦਾ ਪੱਧਰ ਉਸ ਸਮਾਜਿਕ ਇਤਿਹਾਸ ਦਾ ਫਲ ਹੈ, ਜੋ ਜਮਾਤੀ ਵਿਰੋਧਤਾਈਆਂ ਵਿਚਕਾਰ ਅਤੇ ਪ੍ਰਭੂਤਵ ਤੇ ਪ੍ਰਾਧੀਨਤਾ ਦੇ ਸਬੰਧਾਂ ਵਿਚਕਾਰ ਵਿਕਸਤ ਹੋਇਆ ਹੈ ਤਾਂ ਉਹ ਇੱਕ ਐਸੀ ਗੱਲ ਕਹਿ ਰਹੇ ਹਨ ਜੋ ਬਹੁਤ ਦਿਨਾਂ ਤੋਂ ਭਾਵ 'ਕਮਿਊਨਿਸਟ ਐਲਾਨਨਾਮੇ ਦੇ ਪ੍ਰਕਾਸ਼ਨ ਸਮੇਂ ਤੋਂ ਹੀ ਇੱਕ ਬਹੁਤ ਸਾਧਾਰਨ ਜਿਹੀ ਅਤੇ ਜਾਣੀ ਪਹਿਚਾਣੀ ਹੋਈ ਗੱਲ ਬਣ ਗਈ ਹੈ ਪਰ ਇੱਥੇ ਪ੍ਰਸ਼ਨ ਇਹ ਹੈ ਕਿ ਜਮਾਤ ਤੇ ਸਰਦਾਰੀ (ਦਾਬੇ) ਉਪਰ ਅਧਾਰਤ ਸਬੰਧਾਂ ਦੀ ਉਤਪਤੀ ਦਾ ਸਾਨੂੰ ਕੀ ਕਾਰਨ ਦੱਸਣ ਅਤੇ ਜੇ ਇਸ ਸੁਆਲ ਦੇ ਜੁਆਬ ਵਿੱਚ ਸ੍ਰੀ ਡਿਊਹੀਰਿੰਗ ਕੋਲ ਸਿਰਫ਼ ਇੱਕ ਸ਼ਬਦ 'ਤਾਕਤ ਦੀ ਵਰਤੋਂ' ਹੀ ਹੈ, ਜੋ ਜਿੱਥੋਂ ਆਪਾਂ ਸ਼ੁਰੂ ਕੀਤਾ ਸੀ, ਅਸੀਂ ਉਥੇ ਹੀ ਪਹੁੰਚ ਜਾਂਦੇ ਹਾਂ। ਸਿਰਫ ਇਹ ਤੱਥ ਕਿ ਲੁੱਟੇ ਜਾਂਦੇ ਲੋਕਾਂ ਤੇ ਹਕੂਮਤ ਹੇਠ ਆਉਂਦੇ ਲੋਕਾਂ ਦੀ ਗਿਣਤੀ ਹਾਕਮ ਤੇ ਲੁਟੇਰਿਆਂ ਤੋਂ ਬਹੁਤ ਵਧ ਰਹੀ ਹੈ ਅਤੇ ਇਸ ਲਈ ਅਸਲੀ ਤਾਕਤ ਹਮੇਸ਼ਾਂ ਹਕੂਮਤ ਹੇਠਲੇ ਤੇ ਲੁੱਟੇ ਜਾਂਦੇ ਲੋਕਾਂ ਦੇ ਹੱਥ ਰਹੀ ਹੈ, ਸੰਪੂਰਨ ਤਾਕਤ ਦੇ ਸਿਧਾਂਤ ਦੇ ਬੇਤੁਕੇਪਣ ਨੂੰ ਪ੍ਰਮਾਣਿਤ ਕਰਨ ਲਈ ਕਾਫੀ ਹੈ। ਦਾਬੇ ਤੇ ਗੁਲਾਮੀ ਤੇ ਅਧਾਰਤ ਸਬੰਧਾਂ ਦੇ ਕਾਰਨਾਂ ਦਾ ਪਤਾ ਲਾਉਣ ਦਾ ਕੰਮ ਅਜੇ ਵੀ ਅਧੂਰਾ ਹੈ।

ਇਸ ਤਰ੍ਹਾਂ ਦੇ ਸਬੰਧ ਦੋ ਤਰ੍ਹਾਂ ਨਾਲ ਪੈਦਾ ਹੋਏ ਸਨ। ਮਨੁੱਖ ਜਿਸ ਰੂਪ 'ਚ ਪਹਿਲਾਂ ਪਹਿਲ ਪਸ਼ੂ ਜਗਤ ਤੋਂ ਬਾਹਰ ਨਿਕਲੇ ਸਨ-ਜਿੱਥੇ ਅਸੀਂ ਬਹੁਤ ਥੋੜੇ ਅਰਥ 'ਚ "ਪਸ਼ੂ ਜਗਤ" ਸ਼ਬਦ ਦੀ ਵਰਤੋਂ ਕਰ ਰਹੇ ਹਾਂ-ਉਸ ਦਿਸ਼ਾ ਵਿੱਚ ਇਹ ਇਤਿਹਾਸ ਦੇ ਮੰਚ 'ਤੇ ਉਤਰ ਪਏ ਸਨ, ਉਸ ਸਮੇਂ ਤੱਕ ਉਹ ਅਰਥ-ਪਸ਼ੂ ਜਾਲਮ ਕੁਦਰਤ ਦੀਆਂ ਸ਼ਕਤੀਆਂ ਦੇ ਸਾਹਮਣੇ ਬੇਵੱਸ, ਖੁਦ ਆਪਣੇ ਜ਼ੋਰਾਂ 'ਤੇ ਨਾਵਾਕਿਫ ਅਤੇ ਇਸ ਕਾਰਨ ਪਸ਼ੂਆਂ ਦੇ ਵਾਂਗੂੰ ਹੀ ਸਨ ਅਤੇ ਉਹਨਾਂ ਦੀ ਪੈਦਾਵਾਰ ਕਰਨ ਦੀ ਸਮਰੱਥਾ ਵੀ ਪਸ਼ੂਆਂ ਤੋਂ ਬਹੁਤ ਵੱਧ ਨਹੀਂ ਸੀ। ਉਸ ਸਮੇਂ ਜੀਵਨ ਦੀਆਂ ਹਾਲਤਾਂ 'ਚ ਇੱਕ ਪ੍ਰਕਾਰ ਦੀ ਬਰਾਬਰੀ ਦਿਖਾਈ ਦਿੰਦੀ ਸੀ ਜਾਂ ਘੱਟੋ-ਘੱਟ ਸਮਾਜਿਕ ਜਮਾਤਾਂ ਦੀ ਘਾਟ ਸੀ। ਬਾਅਦ ਦੇ ਸਮੇਂ ਦੀਆਂ ਸੱਭਿਅਕ ਜਾਤੀਆਂ ਦੇ ਆਦਿਮ ਢੰਗ ਦੇ ਖੇਤੀ ਵਰਗਾਂ 'ਚ ਵੀ ਇਹ ਸਮਾਨਤਾ ਬਣੀ ਰਹੀ। ਅਜਿਹੇ ਹਰੇਕ ਸਮੂਹ 'ਚ ਸ਼ੁਰੂ ਤੋਂ ਹੀ ਕੁਝ ਅਜਿਹੇ ਸਮੂਹਿਕ ਹਿੱਤ ਸਨ। ਜਿਹਨਾਂ ਦੀ ਰਾਖੀ ਦਾ ਕੰਮ ਕੁਝ ਵਿਅਕਤੀਆਂ ਨੂੰ ਸੌਂਪ ਦੇਣਾ ਪਿਆ ਸੀ ਹਾਲਾਂਕਿ ਇਹ ਸੱਚ ਹੈ ਕਿ ਇਹ ਬੰਦੇ ਪੂਰੇ ਫਿਰਕੇ ਦੀ ਦੇਖ-ਰੇਖ ਵਿੱਚ ਕੰਮ ਕਰਦੇ ਸਨ। ਇਸ ਕਿਸਮ ਦੇ ਕੰਮ ਸਨ - ਝਗੜਿਆਂ ਦਾ ਫੈਸਲਾ ਕਰਨਾ, ਵਿਅਕਤੀਆਂ ਵੱਲੋਂ ਅਧਿਕਾਰਾਂ ਦੀ ਦੁਰਵਰਤੋਂ ਨੂੰ ਰੋਕਣਾ, ਖਾਸ ਕਰਕੇ ਗਰਮ ਦੇਸ਼ਾਂ ਵਿੱਚ ਜਲ ਸਾਂਭਣ ਦਾ ਪ੍ਰਬੰਧ ਕਰਨਾ ਅਤੇ ਅਖੀਰ 'ਚ ਜਿਸ ਸਮੇਂ ਤੱਕ ਫਿਰਕੇ

ਬੇਹੱਦ ਆਦਿਮ ਵਿਵਸਥਾ 'ਚ ਸਨ, ਉਸ ਸਮੇਂ ਤੱਕ ਧਾਰਮਿਕ ਕੰਮ ਕਰਨਾ-ਕਰਾਉਣਾ ਇਸ ਕਿਸਮ ਦੇ ਅਹੁਦੇ ਹਰੇਕ ਕਾਲ ਦੇ ਆਦੀ ਵਾਸੀ ਸਮੂਹਾਂ 'ਚ ਮਿਲਦੇ ਹਨ। ਉਹ ਸਭ ਤੋਂ ਪੁਰਾਣੇ ਜਰਮਨ ਮਾਰਕਾਂ 'ਚ ਵੀ ਮਿਲਦੇ ਸਨ ਅਤੇ ਅੱਜਕੱਲ੍ਹ ਭਾਰਤ 'ਚ ਵੀ ਵੇਖੇ ਜਾ ਸਕਦੇ ਹਨ। ਸੰਭਵ ਹੈ ਕਿ ਇਹਨਾਂ ਅਹੁਦਿਆਂ ਨੂੰ ਇੱਕ ਖਾਸ ਮਾਤਰਾ 'ਚ ਪ੍ਰਾਧਿਕਾਰ ਹਾਸਲ ਹੁੰਦਾ ਹੈ ਅਤੇ ਉਹ ਰਾਜ ਸੱਤਾ ਦਾ ਬੀਜ ਰੂਪ ਹੁੰਦੇ ਹਨ। ਹੌਲੀ-ਹੌਲੀ ਪੈਦਾਵਾਰੀ ਸ਼ਕਤੀਆਂ ਵਧਦੀਆਂ ਜਾਂਦੀਆਂ ਹਨ। ਆਬਾਦੀ ਦਾ ਵਧਦਾ ਹੋਇਆ ਸੰਘਣਾਪਣ ਇੱਕ ਬਿੰਦੂ 'ਤੇ ਵੱਖ-ਵੱਖ ਸਮੂਹਾਂ ਦੇ ਬਰਾਬਰ ਹਿੱਤ ਪੈਦਾ ਕਰ ਦਿੰਦਾ ਹੈ। ਜਦ ਇਹਨਾਂ ਸਮੂਹਾਂ ਦਾ ਮੁਕਾਬਲਤਨ ਵੱਡੀਆਂ ਇਕਾਈਆਂ 'ਚ ਰਲੇਵਾ ਹੋ ਜਾਂਦਾ ਹੈ ਤਾਂ ਉਸ ਨਾਲ ਇੱਕ ਨਵੀਂ ਕਿਰਤ ਵੰਡ ਪੈਦਾ ਹੋ ਜਾਂਦੀ ਹੈ। ਬਰਾਬਰ ਹਿੱਤਾਂ ਦੀ ਰਾਖੀ ਤੇ ਵਿਰੋਧੀ ਹਿੱਤਾਂ ਦਾ ਮੁਕਾਬਲਾ ਕਰਨ ਲਈ ਕੁਝ ਸੰਸਥਾਵਾਂ ਬਣਾ ਦਿੱਤੀਆਂ ਜਾਂਦੀਆਂ ਹਨ। ਜੇ ਹੋਰ ਕਿਸੇ ਕਾਰਨ ਨਹੀਂ ਤਾਂ ਸਿਰਫ਼ ਇਸ ਕਾਰਨ ਕਰਕੇ ਕਿ ਇਹ ਸੰਸਥਾਵਾਂ ਪੂਰੇ ਸਮੂਹ ਦੇ ਬਰਾਬਰ ਹਿੱਤ ਦੀ ਨੁਮਾਇੰਦੀ ਕਰਦੀਆਂ ਹਨ, ਉਹਨਾਂ ਦੀ ਹਰੇਕ ਵੱਖ-ਵੱਖ ਸਮੂਹ ਸਬੰਧੀ ਇੱਕ ਪ੍ਰਕਾਰ ਦੀ ਸਥਿਤੀ ਹੁੰਦੀ ਹੈ। ਕੁਝ ਖਾਸ ਹਾਲਤਾਂ ਵਿੱਚ ਤਾਂ ਉਹਨਾਂ ਦੀ ਹਾਲਤ ਵਿਰੋਧ ਦੀ ਹਾਲਤ ਹੋ ਜਾਂਦੀ ਹੈ। ਜਲਦੀ ਹੀ ਇਹ ਸੰਸਥਾਵਾਂ ਹੋਰ ਵੀ ਆਜ਼ਾਦ ਹੋ ਜਾਂਦੀਆਂ ਹਨ-ਅੰਸ਼ਿਕ ਰੂਪ 'ਚ ਇਸ ਲਈ ਕਿ ਇਹ ਵਿਸ਼ੇਸ਼ ਪ੍ਰਕਾਰ ਦੇ ਕਾਰਜ ਪੁਸ਼ਤੈਨੀ ਧੰਦਾ ਬਣ ਜਾਂਦੇ ਹਨ, ਕਿਉਂਕਿ ਜਿਸ ਦੁਨੀਆਂ ਵਿੱਚ ਹਰ ਚੀਜ਼ ਖੁਦ-ਬ-ਖੁਦ ਹੁੰਦੀ ਹੈ ਉਥੇ ਇਸ ਤਰ੍ਹਾਂ ਦੇ ਵਿਸ਼ੇਸ਼ ਕੰਮ ਲਗਭਗ ਆਪਣੇ ਆਪ ਹੀ ਪੁਸ਼ਤੈਨੀ ਕੰਮ ਬਣ ਜਾਂਦੇ ਹਨ ਅਤੇ ਆਰਥਿਕ ਰੂਪ 'ਚ ਇਸ ਲਈ ਕਿ ਹੋਰ ਪਾਰਟੀਆਂ ਦੇ ਨਾਲ ਝਗੜੇ ਬਣ ਜਾਣ ਕਰਕੇ ਇਸ ਤਰ੍ਹਾਂ ਦੀਆਂ ਸੰਸਥਾਵਾਂ ਬੇਕਾਰ ਬਣ ਜਾਂਦੀਆਂ ਹਨ।

ਸਮਾਜ ਸਬੰਧੀ ਸਮਾਜਿਕ ਕੰਮਾਂ ਦੀ ਇਹ ਆਜ਼ਾਦੀ ਸਮਾਂ ਬੀਤਣ ਨਾਲ ਕਿਸ ਤਰ੍ਹਾਂ ਵਧਦੀ ਗਈ ਅਤੇ ਅੰਤ ਵਿੱਚ ਕਿਸ ਪ੍ਰਕਾਰ ਸਮਾਜ ਉਪਰ ਭਾਰੂ ਹੋ ਗਈ ਜੋ ਬੰਦਾ ਸ਼ੁਰੂ ਵਿੱਚ ਸਮਾਜ ਦਾ ਨੌਕਰ ਸੀ ਉਹ ਅਨੁਕੂਲ ਹਾਲਤ ਪਾ ਕੇ ਕਿਸ ਤਰ੍ਹਾਂ ਹੌਲੀ-ਹੌਲੀ ਸਮਾਜ ਦਾ ਮਾਲਕ ਬਣ ਬੈਠਾ, ਉਹ ਮਾਲਿਕ ਕਿਸ ਤਰ੍ਹਾਂ ਹਾਲਤਾਂ ਅਨੁਸਾਰ ਪੂਰਵ ਦਾ ਰਾਜਾ ਜਾਂ ਕਿਸੇ ਯੁਨਾਲੀ ਕਬੀਲੇ ਦਾ ਹਾਕਮ ਜਾਂ ਕਿਸੇ ਕੇਂਲਟ ਕਬੀਲੇ ਦਾ ਗਣਪਤੀ ਆਦਿ ਬਣ ਗਿਆ ਉਸ ਨੂੰ ਪਿੱਛੋਂ ਇਸ ਤਬਦੀਲੀ ਦੌਰਾਨ ਕਿਸ ਹੱਦ ਤੱਕ ਤਾਕਤ ਦੀ ਵਰਤੋਂ ਕਰਨੀ ਪਈ ਅਤੇ ਅੰਤ ਵਿੱਚ ਵੱਖ-ਵੱਖ ਹਾਕਮ ਕਿਸ ਤਰ੍ਹਾਂ ਇੱਕ ਹਾਕਮ ਜਮਾਤ 'ਚ ਇੱਕ ਜੁੱਟ ਹੋ ਗਏ। ਇਸ ਸਾਰੇ 'ਤੇ ਵਿਚਾਰ ਕਰਨਾ ਸਾਡੇ ਲਈ ਇੱਥੇ ਲਾਜ਼ਮੀ ਨਹੀਂ ਹੈ। ਇੱਥੇ ਤਾਂ ਅਸੀਂ ਸਿਰਫ ਇਸ ਤੱਥ ਦੀ ਸਥਾਪਨਾ ਕਰਨਾ ਚਾਹੁੰਦੇ ਹਾਂ ਕਿ ਕਿਸੇ ਵੀ ਸਮਾਜਿਕ ਕੰਮ ਨੂੰ ਕਰਨਾ ਹਰ ਥਾਂ ਰਾਜਸੀ ਦਾਬੇ ਦਾ ਆਧਾਰ ਬਣ ਗਿਆ ਸੀ ਅਤੇ ਇਹ ਵੀ ਕਿ ਰਾਜਸੀ ਦਾਬਾ ਸਿਰਫ਼ ਉਸ ਹਾਲਤ ਵਿੱਚ ਕੁਝ ਸਮਾਂ ਕਾਇਮ ਰਹਿੰਦਾ ਹੈ ਜਦ ਉਹ ਆਪਣੇ ਇਸ ਸਮਾਜਿਕ ਕੰਮ ਨੂੰ ਅੰਜਾਮ ਦਿੰਦੀ ਰਹੀ ਹੈ। ਫਾਰਸ ਤੇ ਭਾਰਤ ਵਿੱਚ ਚਾਹੇ ਜਿੰਨੀਆਂ ਬੇਰਹਿਮ ਹਕੂਮਤਾਂ ਦਾ ਉਭਾਰ ਤੇ ਪਤਨ ਹੋਇਆ ਹੋਵੇ। ਉਹਨਾਂ ਵਿਚੋਂ ਹਰੇਕ ਹਕੂਮਤ ਇਹ ਅੱਛੀ ਤਰ੍ਹਾਂ ਜਾਣਦੀ ਸੀ ਕਿ ਸਭ ਤੋਂ ਪਹਿਲਾਂ ਉਸ ਨੂੰ ਉਸ ਉਦਮੀ ਦੀ ਭੂਮਿਕਾ ਅਦਾ ਕਰਦੀ ਹੈ, ਜਿਸ 'ਤੇ ਨਦੀਆਂ ਤੇ ਘਾਟੀਆਂ ਵਿੱਚ ਸਿੰਚਾਈ ਦੀ ਵਿਵਸਥਾ

ਦਾ ਸਮੂਹਿਕ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਹੈ। ਜਿਸ ਤੋਂ ਬਿਨਾਂ ਉਥੇ ਕਿਸੇ ਵੀ ਤਰ੍ਹਾਂ ਦੀ ਖੇਤੀ ਕਰਨਾ ਅਸੰਭਵ ਹੈ। ਭਾਰਤ 'ਚ ਜਿਹਨਾਂ ਨੇ ਸਭ ਤੋਂ ਪਹਿਲਾਂ ਇਹ ਫਰਜ਼ ਪ੍ਰਤੀ ਇਹ ਅੱਖਾਂ ਬੰਦ ਕੀਤੀਆਂ ਉਹ ਸਨ ਪ੍ਰਮ ਗਿਆਨੀ ਅੰਗਰੇਜ਼। ਉਹਨਾਂ ਨੇ ਸਿੰਚਾਈ ਦੀਆਂ ਨਹਿਰਾਂ ਆਦਿ ਨੂੰ ਟੁੱਟ ਫੁੱਟ ਜਾਣ ਦਿੱਤਾ ਅਤੇ ਹੁਣ ਨਿਯਮਿਤ ਰੂਪ 'ਚ ਵਾਰ-ਵਾਰ ਪੈਣ ਵਾਲੇ ਅਕਾਲਾਂ ਨਾਲ ਆਖਰਕਾਰ ਕਾਰਨ ਉਹਨਾਂ ਦੀਆਂ ਅੱਖਾਂ ਖੁੱਲ੍ਹ ਰਹੀਆਂ ਸਨ ਅਤੇ ਉਹ ਵੀ ਇਹ ਮਹਿਸੂਸ ਕਰ ਰਹੇ ਸਨ ਕਿ ਭਾਰਤ ਵਿੱਚ ਉਹਨਾਂ ਦੇ ਸਾਹਮਣੇ ਕੇਵਲ ਇੱਕ ਹੀ ਕੰਮ ਸੀ, ਜਿਸ ਨੂੰ ਕਰਨ ਤੇ ਸ਼ਾਇਦ ਉਹਨਾਂ ਦੀ ਹਕੂਮਤ ਵੀ ਉਨੀ ਹੀ ਨਿਯੋਜਿਤ ਮੰਨੀ ਜਾਂਦੀ, ਜਿੰਨੀ ਜਥੇਬੰਦ ਉਹਨਾਂ ਦੇ ਪੂਰਵਜਾ ਦੀ ਹਕੂਮਤ ਸੀ ਪਰ ਉਹਨਾਂ ਨੇ ਠੀਕ ਇਸੇ ਕੰਮ ਨੂੰ ਨਹੀਂ ਕੀਤਾ ਅਤੇ ਉਸ ਵੱਲ ਲਾਪ੍ਰਵਾਹੀ ਵਰਤੀ ਪਰ ਜਮਾਤਾਂ ਦੀ ਉਸਾਰੀ ਦੇ ਇਸ ਅਮਲ ਦੇ ਨਾਲ-ਨਾਲ ਇੱਕ ਹੋਰ ਅਮਲ ਵੀ ਚੱਲ ਰਿਹਾ ਸੀ। ਖੇਤ ਵਾਹੁਣ ਵਾਲੇ ਪਰਿਵਾਰ ਅੰਦਰ ਜੋ ਕੁਦਰਤੀ ਕਿਰਤ ਵੰਡ ਹੋ ਗਈ ਸੀ ਉਸ ਨਾਲ ਪਰਿਵਾਰਿਕ ਖੁਸ਼ਹਾਲੀ ਦੇ ਇੱਕ ਨਿਸ਼ਚਿਤ ਪੱਧਰ 'ਤੇ ਪਹੁੰਚ ਜਾਣ ਪਿੱਛੋਂ ਇੱਕ ਜਾਂ ਕਈ ਅਜਨਬੀਆਂ ਨੂੰ ਵਾਧੂ ਕਿਰਤ ਕਰਨ ਵਾਲਿਆਂ ਵਜੋਂ ਲੈ ਜਾਣਾ ਅਸੰਭਵ ਹੋ ਗਿਆ। ਉਹਨਾਂ ਦੇਸ਼ਾਂ ਵਿੱਚ ਖਾਸ ਤੌਰ 'ਤੇ ਇਹ ਗੱਲ ਦੇਖਣ ਵਿੱਚ ਆਈ ਜਿੱਥੇ ਜ਼ਮੀਨਾਂ ਦੀ ਪੁਰਾਣੀ ਸਮੂਹਿਕ ਮਾਲਕੀ ਪਹਿਲਾਂ ਹੀ ਤਹਿਸ ਨਹਿਸ ਹੋ ਗਈ ਸੀ ਜਾਂ ਜਿੱਥੇ ਪਹਿਲਾਂ ਦੀ ਸਾਂਝੀ ਬਿਜਾਈ-ਕਟਾਈ ਦੀ ਥਾਂ 'ਤੇ ਹੁਣ ਵੱਖ-ਵੱਖ ਪਰਿਵਾਰ ਜ਼ਮੀਨ ਦੇ ਆਪਣੇ ਵੱਖ-ਵੱਖ ਟੁਕੜਿਆਂ 'ਤੇ ਖੇਤੀ ਕਰਨ ਲੱਗੇ ਸਨ। ਪੈਦਾਵਾਰ ਏਨੀ ਵਧ ਗਈ ਸੀ ਕਿ ਹੁਣ ਇੱਕ ਆਦਮੀ ਦੀ ਕਿਰਤ ਸ਼ਕਤੀ ਸਿਰਫ ਆਪਣੇ ਜੀਵਨ ਨਿਰਵਾਹ ਦੇ ਖਰਚੇ ਤੋਂ ਵੱਧ ਪੈਦਾ ਕਰ ਸਕਦੀ ਸੀ। ਵਾਧੂ ਆਦਮੀਆਂ ਦੇ ਜੀਵਨ ਨਿਰਵਾਹ ਦੇ ਸਾਧਨ ਮੁਹੱਈਆ ਸਨ। ਇਸ ਤਰ੍ਹਾਂ ਉਹਨਾਂ ਨੂੰ ਨੌਕਰ ਰੱਖਣ ਦੇ ਸਾਧਨ ਵੀ ਮੌਜੂਦ ਸਨ। ਕਿਰਤ ਸ਼ਕਤੀ ਨੇ ਇੱਕ ਮੁੱਲ ਹਾਸਲ ਕਰ ਲਿਆ ਸੀ ਪਰ ਖੁਦ ਸਮੂਹ ਦੇ ਅੰਦਰ ਅਤੇ ਉਸ ਸੰਘ ਦੇ ਅੰਦਰ ਜਿਸਦਾ ਸਮੂਹ ਮੈਂਬਰ ਸੀ ਅਜਿਹੇ ਕਿਰਤ ਕਰਨ ਵਾਲੇ ਕੋਈ ਨਹੀਂ ਸਨ ਜੋ ਬੇਲੋੜੇ ਹੋਣ ਅਤੇ ਜਿੰਨਾਂ ਨਾਲ ਵਾਧੂ ਆਦਮੀਆਂ ਵਜੋਂ ਕੰਮ ਲਿਆ ਜਾ ਸਕੇ। ਦੂਜੇ ਪਾਸੇ ਯੁੱਧ ਵੇਲੇ ਅਜਿਹੇ ਆਦਮੀ ਮਿਲ ਜਾਂਦੇ ਸਨ ਅਤੇ ਯੁੱਧ ਤਾਂ ਉਸੇ ਸਮੇਂ ਤੋਂ ਹੁੰਦੇ ਆ ਰਹੇ ਸਨ, ਜਿਸ ਸਮੇਂ ਤੋਂ ਫਿਰਕਿਆਂ ਨੂੰ ਅਨੇਕਾਂ ਪਾਰਟੀ ਇੱਕ ਦੂਜੇ ਦੇ ਨਾਲ-ਨਾਲ ਅਤੇ ਪਾਸ-ਪਾਸ ਰਹਿਣ ਲੱਗੇ ਸਨ।

ਪਹਿਲਾਂ ਉਹਨਾਂ ਨੂੰ ਇਸ ਦਾ ਕੋਈ ਗਿਆਨ ਨਹੀਂ ਸੀ ਕਿ ਯੁੱਧ ਦੇ ਬੰਦੀਆਂ ਦੀ ਕੀ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਇਸ ਲਈ ਉਹ ਉਹਨਾਂ ਨੂੰ ਸਿਰਫ਼ ਮਾਰ ਦਿੰਦੇ ਸਨ ਜਾਂ ਹੋਰ ਵੀ ਸ਼ੁਰੂ ਦੇ ਅਰਸੇ 'ਚ ਖਾ ਜਾਂਦੇ ਸਨ ਪਰ ਹੁਣ ਉਹ "ਆਰਥਿਕ ਸਥਿਤੀ" ਦੇ ਵਿਕਾਸ ਦੀ ਜਿਸ ਮੰਜ਼ਿਲ 'ਤੇ ਪਹੁੰਚ ਗਏ ਸਨ ਉਸ ਵਿੱਚ ਬੰਦੀਆਂ ਨੇ ਇੱਕ ਮੁੱਲ ਹਾਸਿਲ ਕਰ ਲਿਆ ਸੀ। ਇਸ ਲਈ ਹੁਣ ਉਹ ਉਹਨਾਂ ਨੂੰ ਜਿਉਂਦਾ ਰਹਿਣ ਦਿੰਦੇ ਸਨ ਅਤੇ ਉਹਨਾਂ ਦੀ ਕਿਰਤ ਦੀ ਵਰਤੋਂ ਕਰਦੇ ਸਨ। ਇਸ ਤਰ੍ਹਾਂ ਤਾਕਤ ਆਰਥਿਕ ਸਥਿਤੀ ਨੂੰ ਕੰਟਰੋਲ ਕਰਨ ਦੀ ਬਜਾਏ ਉਲਟਾ ਆਰਥਿਕ ਹਾਲਤ ਦਾ ਸੇਵਕ ਬਣ ਗਿਆ ਸੀ। ਦਾਸ ਪ੍ਰਥਾ ਦੀ ਖੋਜ ਹੋ ਗਈ ਸੀ। ਜਲਦੀ ਹੀ ਉਹ ਉਹਨਾਂ ਸਾਰੀਆਂ ਜਾਤੀਆਂ ਦੇ ਇੱਥੇ ਪੈਦਾਵਾਰ ਦਾ ਮੁੱਖ ਰੂਪ ਬਣ ਗਈ, ਜੋ ਪੁਰਾਣੀ

ਭਾਈਚਾਰਕ ਸਥਿਤੀ ਤੋਂ ਅੱਗੇ ਵਿਕਾਸ ਕਰ ਗਈ ਸੀ ਪਰ ਅੰਤ ਵਿੱਚ ਇਹ ਪ੍ਰਥਾ ਇਹਨਾਂ ਜਾਤੀਆਂ ਦੇ ਹਾਸ ਦਾ ਵੀ ਇੱਕ ਮੁੱਖ ਕਾਰਨ ਸਾਬਤ ਹੋਈ। ਦਾਸ ਪ੍ਰਥਾ ਦੇ ਕਾਰਨ ਹੀ ਪਹਿਲੀ ਵਾਰੀ ਮੁਕਾਬਲਤਣ ਵੱਡੇ ਪੈਮਾਨੇ 'ਤੇ ਸਨਅਤ ਤੇ ਖੇਤੀ ਵਿਚਕਾਰ ਕਿਰਤ ਵੰਡ ਸੰਭਵ ਹੋਈ ਤੇ ਉਸ ਦੇ ਨਾਲ-ਨਾਲ ਯੂਨਾਨ ਦੀ ਸਭਿਅਤਾ ਦਾ ਵਿਕਾਸ ਹੋ ਸਕਿਆ, ਜਿਸ 'ਚ ਪ੍ਰਾਚੀਨ ਸੰਸਾਰ ਵਧਿਆ ਫੁਲਿਆ ਸੀ। ਦਾਸ ਪ੍ਰਥਾ ਨਾ ਹੁੰਦੀ ਤਾਂ ਯੂਨਾਨੀ ਰਾਜ ਵੀ ਨਾ ਹੁੰਦਾ। ਯੂਨਾਨੀ ਕਲਾ ਤੇ ਵਿਗਿਆਨ ਵੀ ਨਾ ਹੁੰਦੇ। ਦਾਸ ਪ੍ਰਥਾ ਨਾ ਹੁੰਦੀ ਤਾਂ ਰੋਮਨ ਸਾਮਰਾਜ ਉਸ ਦੀ ਨੀਂਹ ਨਾ ਰੱਖਦੇ ਤਾਂ ਆਧੁਨਿਕ ਯੂਰਪ ਵੀ ਨਾ ਹੁੰਦਾ। ਸਾਨੂੰ ਇਹ ਕਦੀ ਵੀ ਨਹੀਂ ਭੁਲਣਾ ਚਾਹੀਦਾ ਕਿ ਸਾਡਾ ਸਮੁੱਚਾ ਆਰਥਿਕ, ਰਾਜਸੀ ਤੇ ਬੌਧਿਕ ਵਿਕਾਸ ਇੱਕ ਅਜਿਹੇ ਪ੍ਰਬੰਧ ਦੀ ਨੀਂਹ 'ਤੇ ਖੜ੍ਹਾ ਹੈ ਜਿਸ ਵਿੱਚ ਦਾਸ ਪ੍ਰਥਾ ਉਨੀ ਹੀ ਜ਼ਰੂਰੀ ਸੀ ਜਿੰਨੀ ਉਸ ਨੂੰ ਮਾਨਤਾ ਹਾਸਲ ਸੀ ਅਤੇ ਇਸ ਅਰਥ ਵਿੱਚ ਸਾਨੂੰ ਇਹ ਕਹਿਣ ਦਾ ਵੀ ਅਧਿਕਾਰ ਹੈ ਕਿ ਪ੍ਰਾਚੀਨ ਕਾਲ ਵਿੱਚ ਦਾਸ ਪ੍ਰਥਾ ਨਾ ਹੁੰਦੀ ਤਾਂ ਆਧੁਨਿਕ ਕਾਲ ਵਿੱਚ ਸਮਾਜਵਾਦ ਵੀ ਨਾ ਹੁੰਦਾ।

ਦਾਸ ਪ੍ਰਥਾ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਨੂੰ ਆਮ ਢੰਗ ਦੀ ਸ਼ਬਦਾਵਲੀ 'ਚ ਬੁਰਾ-ਭਲਾ ਕਹਿਣਾ ਅਤੇ ਇਸ ਪ੍ਰਕਾਰ ਦੀ ਪ੍ਰਥਾਵਾਂ 'ਤੇ ਆਪਣੇ ਨੈਤਿਕ ਕ੍ਰੋਧ ਨੂੰ ਜ਼ਾਹਿਰ ਕਰਨਾ ਬਹੁਤ ਸੌਖਾ ਹੈ। ਬਦਕਿਸਮਤੀ ਨਾਲ ਇਸ ਨਾਲ ਕੁੱਲ ਮਿਲਾ ਕੇ ਸਿਰਫ਼ ਇਹੀ ਗੱਲ ਪ੍ਰਗਟ ਹੁੰਦੀ ਹੈ ਜਿਸ ਨੂੰ ਹਰ ਆਦਮੀ ਜਾਣਦਾ ਹੈ, ਭਾਵ ਇਹ ਕਿ ਪ੍ਰਾਚੀਨ ਕਾਲ 'ਚ ਇਹ ਪ੍ਰਥਾਵਾਂ ਹੁਣ ਸਾਡੀਆਂ ਮੌਜੂਦਾ ਸਥਿਤੀਆਂ ਨਾਲ ਅਤੇ ਇਹਨਾਂ ਸਥਿਤੀਆਂ ਵੱਲੋਂ ਨਿਰਧਾਰਿਤ ਹੋਣ ਵਾਲੀਆਂ ਸਾਡੀਆਂ ਭਾਵਨਾਵਾਂ ਨਾਲ ਮੇਲ ਨਹੀਂ ਖਾਂਦੀ, ਪਰ ਇਸ ਸਾਰੇ ਨਾਲ ਸਾਨੂੰ ਜਰਾ ਵੀ ਪਤਾ ਨਹੀਂ ਲੱਗਦਾ ਕਿ ਇਹਨਾਂ ਪ੍ਰਥਾਵਾਂ ਦਾ ਜਨਮ ਕਿਵੇਂ ਹੋਇਆ ਇਹ ਕਿਉਂ ਪ੍ਰਚਲਿਤ ਸਨ ਅਤੇ ਉਹਨਾਂ ਨੇ ਇਤਿਹਾਸ 'ਚ ਕੀ ਭੂਮਿਕਾ ਅਦਾ ਕੀਤੀ ਹੈ ਜਦ ਸਾਨੂੰ ਇਹ ਕਹਿਣ ਲਈ ਮਜ਼ਬੂਰ ਹੋਣਾ ਪੈ ਜਾਂਦਾ ਹੈ - ਭਲੇ ਹੀ ਇਹ ਗੱਲ ਸਾਨੂੰ ਬਹੁਤ ਅਸੰਗਤ ਪ੍ਰਤੀਤ ਹੁੰਦੀ ਹੋਵੇ ਉਸ ਕਾਲ ਵਿੱਚ ਜਿਹੋ ਜਿਹੀਆਂ ਹਾਲਤਾਂ ਪਾਈਆਂ ਜਾਂਦੀਆਂ ਸਨ ਉਹਨਾਂ ਵਿੱਚ ਦਾਸ ਪ੍ਰਥਾ ਦੀ ਸਥਾਪਨਾ ਇੱਕ ਮਹਾਨ ਪ੍ਰਗਤੀਸ਼ੀਲ ਕਦਮ ਸੀ। ਕਾਰਨ ਇਹ ਕਿ ਇਹ ਇੱਕ ਹੱਥ ਹੈ ਕਿ ਮਨੁੱਖ ਪਸ਼ੂਆਂ ਵਿੱਚੋਂ ਨਿਕਲਿਆ ਹੈ ਅਤੇ ਇਸ ਲਈ ਆਪਣੇ ਆਪ ਨੂੰ ਅਤਿਆਚਾਰ ਤੋਂ ਆਜ਼ਾਦ ਕਰਨ ਲਈ ਉਸ ਨੂੰ ਲਗਭਗ ਪਾਸ਼ਵਿਕ ਸਾਧਨਾਂ ਦੀ ਵਰਤੋਂ ਕਰਨੀ ਪਈ ਹੈ। ਭਾਰਤ ਤੋਂ ਲੈ ਕੇ ਰੂਸ ਤੱਕ ਜਿੱਥੇ ਕਿਤੇ ਪ੍ਰਾਚੀਨ ਫਿਰਕੇ ਜਿਉਂਦੇ ਰਹੇ ਹਨ, ਉਥੇ ਇਹ ਹਜ਼ਾਰਾਂ ਸਾਲਾਂ ਤੋਂ ਰਾਜ ਦੇ ਕਰੂਰਤਮ ਰੂਪ ਪੂਰਵੀ ਅਤਿਆਚਾਰ ਦਾ ਆਧਾਰ ਬਣੇ ਹੋਏ ਹਨ। ਜਿੱਥੇ ਇਹ ਫਿਰਕੇ ਭੰਗ ਹੋ ਗਏ ਸਿਰਫ ਉਹਨਾਂ ਥਾਵਾਂ 'ਤੇ ਜਾਤੀਆਂ ਕੁਝ ਤਰੱਕੀ ਕਰ ਸਕੀਆਂ ਅਤੇ ਉਹਨਾਂ ਦੀ ਆਰਥਿਕ ਤਰੱਕੀ ਦਾ ਅਗਲਾ ਕਦਮ ਸੀ ਦਾਸਾਂ ਦੀ ਕਿਰਤ ਰਾਹੀਂ ਪੈਦਾਵਾਰ 'ਚ ਵਾਧਾ ਕਰਨਾ ਅਤੇ ਉਸ ਦਾ ਵਿਕਾਸ ਕਰਨਾ। ਇਹ ਗੱਲ ਸਪੱਸ਼ਟ ਹੈ ਕਿ ਜਦ ਤੱਕ ਮਨੁੱਖ ਕਿਰਤ ਦੀ ਪੈਦਾਵਾਰ ਸਮਰੱਥਾ ਏਨੀ ਘੱਟ ਸੀ ਕਿ ਇਹ ਜੀਵਨ ਨਿਰਵਾਹ ਦੇ ਜ਼ਰੂਰੀ ਸਾਧਨਾਂ ਤੋਂ ਇਲਾਵਾ ਸਿਰਫ ਬਹੁਤ ਥੋੜ੍ਹੀ ਹੀ ਵਾਧੂ ਪੈਦਾਵਾਰ ਤਿਆਰ ਕਰ ਸਕਦਾ ਸੀ ਤਦ ਤੱਕ ਪੈਦਾਵਾਰੀ ਸ਼ਕਤੀਆਂ ਨੂੰ ਵਧਾਉਣਾ, ਵਪਾਰ ਨੂੰ ਫੈਲਾਉਣਾ, ਰਾਜ ਦਾ ਅਤੇ

ਕਾਨੂੰਨ ਦਾ ਵਿਕਾਸ ਕਰਨਾ ਜਾਂ ਕਲਾ ਤੇ ਵਿਗਿਆਨ ਦੀ ਨੀਂਹ ਰੱਖਣੀ ਸਿਰਫ਼ ਇਸ ਤਰ੍ਹਾਂ ਸੰਭਵ ਹੋ ਸਕਦਾ ਸੀ ਕਿ ਕਿਰਤ ਦੀ ਪਹਿਲਾਂ ਨਾਲੋਂ ਵੱਧ ਵੰਡ ਕੀਤੀ ਜਾਵੇ ਅਤੇ ਇਸ ਦਾ ਲਾਜ਼ਮੀ ਇਹ ਮਹਾਨ ਕਿਰਤ ਵੰਡ ਸੀ, ਜਿਸ ਵਿੱਚ ਜਨਤਾ ਸਧਾਰਨ ਢੰਗ ਦੀ ਹੱਥ ਦੀ ਕਿਰਤ ਕਰਦੀ ਸੀ ਅਤੇ ਥੋੜ੍ਹੇ ਜਿਹੇ ਲੋਕ, ਜਿਹਨਾਂ ਨੂੰ ਵਿਸ਼ੇਸ਼ ਅਧਿਕਾਰ ਹਾਸਲ ਸਨ ਕਿਰਤ ਦਾ ਨਿਰਦੇਸ਼ਨ ਕਰਦੇ ਸਨ। ਵਪਾਰ ਤੇ ਜਨਤਕ ਕਾਰਜਾਂ ਦਾ ਸੰਚਾਲਨ ਕਰਦੇ ਸਨ ਅਤੇ ਪਿੱਛੋਂ ਇੱਕ ਅਵਸਥਾ 'ਚ ਕਲਾ ਤੇ ਵਿਗਿਆਨ ਵਿੱਚ ਮਸਤ ਰਹਿੰਦੇ ਸਨ। ਇਸ ਕਿਰਤ ਵੰਡ ਦਾ ਸਭ ਤੋਂ ਵੱਧ ਸੌਖਾ ਤੇ ਸੁਭਾਵਿਕ ਰੂਪ ਅਸਲ 'ਚ ਦਾਸ ਪ੍ਰਥਾ ਸੀ। ਪ੍ਰਾਚੀਨ ਜਗਤ ਵਿੱਚ ਅਤੇ ਖਾਸ ਕਰਕੇ ਯੁਨਾਨ ਵਿੱਚ ਜਿਸ ਪ੍ਰਕਾਰ ਦੀਆਂ ਇਤਿਹਾਸਕ ਹਾਲਤਾਂ ਪਾਈਆਂ ਜਾਂਦੀਆਂ ਸਨ ਉਹਨਾਂ 'ਚ ਸਿਰਫ ਦਾਸ ਪ੍ਰਥਾ ਵਜੋਂ ਜਮਾਤੀ ਵਿਰੋਧਾਂ 'ਤੇ ਅਧਾਰਤ ਸਮਾਜਿਕ ਪ੍ਰਬੰਧ ਵੱਲ ਕਦਮ ਵਧਾਇਆ ਜਾ ਸਕਦਾ ਸੀ। ਇੱਥੋਂ ਤੱਕ ਕਿ ਦਾਸਾਂ ਦੇ ਲਈ ਵੀ ਇਹ ਇੱਕ ਅਗਾਂਹਵਧੂ ਕਦਮ ਸੀ। ਜ਼ਿਆਦਾਤਰ ਦਾਸ ਜਿਹਨਾਂ ਚੂੰਗੀ ਕੈਦੀਆਂ 'ਚੋਂ ਭਰਤੀ ਕੀਤੇ ਜਾਂਦੇ ਸਨ, ਹੁਣ ਘੱਟੋ-ਘੱਟ ਉਹਨਾਂ ਦੀ ਜਾਨ ਬਚ ਜਾਂਦੀ ਸੀ ਕਿਉਂਕਿ ਹੁਣ ਉਹ ਪਹਿਲਾਂ ਵਾਂਗੂੰ ਜਾਨੋਂ ਨਹੀਂ ਮਾਰੇ ਜਾਂਦੇ ਸਨ ਅਤੇ ਨਾ ਹੀ ਉਸ ਤੋਂ ਪਹਿਲਾਂ ਦੇ ਕਾਲ ਵਾਂਗੂੰ ਅੱਗ ਵਿੱਚ ਭੁੰਨੇ ਜਾਂਦੇ ਸਨ।

ਇੱਥੇ ਇੱਕ ਗੱਲ ਹੋਰ ਕਹਿਣੀ ਬਣਦੀ ਹੈ ਕਿ ਲੁਟੇਰੇ ਤੇ ਲੁੱਟੇ ਜਾਂਦੇ, ਹਾਕਮ ਤੇ ਪੀੜਤ ਲੋਕਾਂ ਵਿਚਕਾਰ ਅੱਜ ਤੱਕ ਜੋ ਇਤਿਹਾਸਕ ਵਿਰੋਧ ਪ੍ਰਗਟ ਹੁੰਦੇ ਰਹੇ ਹਨ, ਉਹਨਾਂ ਸਾਰਿਆਂ ਦਾ ਮੂਲ ਕਾਰਨ ਮਨੁੱਖੀ ਕਿਰਤ ਦੀ ਇਹ ਮੁਕਾਬਲਤਨ ਅਵਿਕਸਤ ਉਤਪਾਦਨਸ਼ੀਲਤਾ ਹੀ ਹੈ। ਜਦ ਤੱਕ ਸੱਚਮੁੱਚ ਕੰਮ ਕਰਨ ਵਾਲੀ ਆਬਾਦੀ ਆਪਣੀ ਜ਼ਰੂਰੀ ਕਿਰਤ ਵਿੱਚ ਏਨੀ ਵੱਧ ਮਗਨ ਸੀ ਕਿ ਉਸ ਨੂੰ ਸਮਾਜ ਦੇ ਆਮ ਕੰਮਾਂ ਵੱਲ ਕਿਰਤ ਦੇ ਸੰਚਾਲਨ, ਰਾਜਕਾਜ ਨਿਆਂ ਸਬੰਧੀ ਮਾਮਲਿਆਂ, ਕਲਾ ਵਿਗਿਆਨ ਆਦਿ ਵੱਲ ਧਿਆਨ ਦੇਣ ਦੇ ਲਈ ਕੋਈ ਸਮਾਂ ਨਹੀਂ ਮਿਲਦਾ ਸੀ ਤਦ ਤੱਕ ਇਹ ਲਾਜ਼ਮੀ ਸੀ ਕਿ ਇਹਨਾਂ ਸਾਰੇ ਕੰਮਾਂ ਦਾ ਪ੍ਰਬੰਧ ਕਰਨ ਲਈ ਇੱਕ ਅਜਿਹੀ ਵਿਸ਼ੇਸ਼ ਜਮਾਤ ਹਮੇਸ਼ਾਂ ਮੌਜੂਦ ਰਹੇ ਜਿਸ ਨੂੰ ਅਸਲ ਕਿਰਤ ਤੋਂ ਮੁਕਤੀ ਮਿਲੀ ਹੋਵੇ ਅਤੇ ਇਹ ਜਮਾਤ ਖੁਦ ਆਪਣੇ ਸੁਆਰਥ ਦੀ ਖਾਤਰ ਮਿਹਨਤ ਕਰਨ ਵਾਲੇ ਲੋਕਾਂ 'ਤੇ ਕਿਰਤ ਦਾ ਵੱਡਾ ਬੋਝ ਲੱਦਣ ਵਿੱਚ ਕਦੇ ਨਹੀਂ ਉਕਦਾ ਸੀ। ਆਧੁਨਿਕ ਸਨਅਤ ਨੇ ਪੈਦਾਵਾਰੀ ਸ਼ਕਤੀਆਂ ਵਿੱਚ ਜੋ ਭਾਰੀ ਵਾਧਾ ਕਰ ਦਿੱਤਾ ਹੈ ਸਿਰਫ ਉਸ ਦੇ ਸਿੱਟੇ ਵਜੋਂ ਹੁਣ ਇਹ ਸੰਭਵ ਹੈ ਕਿ ਬਿਨਾਂ ਕਿਸੇ ਵਿਤਕਰੇ ਦੇ ਸਮਾਜ ਦੇ ਸਾਰੇ ਮੈਂਬਰਾਂ 'ਚ ਕਿਰਤ ਦੀ ਵੰਡ ਕਰ ਦਿੱਤੀ ਜਾਵੇ ਅਤੇ ਇਸ ਤਰ੍ਹਾਂ ਹਰੇਕ ਵੱਖ-ਵੱਖ ਮੈਂਬਰ ਦਾ ਕਿਰਤ ਸਮਾਂ ਏਨਾ ਸੀਮਤ ਕਰ ਦਿੱਤਾ ਜਾਵੇ ਕਿ ਸਮਾਜ ਦੇ ਆਮ ਕੰਮਾਂ ਵਿੱਚ ਸਿਧਾਂਤਿਕ ਤੇ ਵਿਹਾਰਕ ਦੋਨੋਂ ਕਿਸਮ ਦੇ ਆਮ ਕੰਮਾਂ ਵਿੱਚ ਭਾਗ ਲੈਣ ਲਈ ਹਰੇਕ ਨੂੰ ਕਾਫੀ ਸਮਾਂ ਮਿਲ ਸਕੇ। ਇਸ ਲਈ ਸਿਰਫ ਹੁਣ ਜਾ ਕੇ ਇਹ ਹਾਲਤ ਪੈਦਾ ਹੋਈ ਕਿ ਹਰੇਕ ਹਾਕਮ ਤੇ ਲੁੱਟਿਆ ਜਾਂਦਾ ਵਰਗ ਬੇਲੋੜਾ ਬਣ ਗਿਆ ਹੈ। ਜਦ ਅਜਿਹੀ ਹਰੇਕ ਜਮਾਤ ਉਸ ਦੇ ਹੱਥਾਂ ਵਿੱਚ ਚਾਹੇ ਜਿੰਨੀ ਵੱਡੀ 'ਸਪੱਸ਼ਟ ਤਾਕਤ' ਕਿਉਂ ਨਾ ਹੋਵੇ, ਬੇਰਹਿਮੀ ਨਾਲ ਮਿਟਾ ਦਿੱਤੀ ਜਾਵੇਗੀ। ਇਸ ਲਈ ਜਦ ਸ੍ਰੀ ਡਿਊਰਿੰਗ ਯੂਨਾਨੀ ਸੱਭਿਅਤਾ ਤੇ ਇਸ ਕਾਰਨ ਨੱਕ ਵੀ ਚੜ੍ਹਾਉਂਦੇ ਹਨ ਕਿ ਉਹ ਦਾਸ ਪ੍ਰਥਾ ਤੇ ਆਧਾਰਿਤ ਸੀ ਤਾਂ ਉਨੇ

ਹੀ ਬੇਰਹਿਮੀ ਨਾਲ ਯੂਨਾਨੀਆਂ ਦੀ ਇਹ ਆਲੋਚਨਾ ਵੀ ਕਰਦੇ ਹਨ ਕਿ ਉਹਨਾਂ ਕੋਲ ਭਾਪਦੇ ਇੰਜਨ ਜਾਂ ਬਿਜਲੀ ਦੀ ਮੱਦਦ ਨਾਲ ਕੰਮ ਕਰਨ ਵਾਲੀ ਤਾਰ ਦੀ ਪ੍ਰਣਾਲੀ ਨਹੀਂ ਸੀ। ਉਹ ਇਹ ਕਹਿੰਦੇ ਹਨ ਕਿ ਆਧੁਨਿਕ ਕਾਲ ਦੇ ਮਨਜ਼ੂਰੀ ਤੇ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਦਾਸਤਵ ਨੂੰ ਸਿਰਫ ਦਾਸ ਪ੍ਰਥਾ ਦੀ ਕਿਸ ਹੱਦ ਤੱਕ ਬਦਲੇ ਤੇ ਸਿੱਥਲ ਵਿਰਾਸਤ ਵਜੋਂ ਹੀ ਸਮਝਿਆ ਜਾ ਸਕਦਾ ਹੈ। ਤਦ ਇਸ ਦਾ ਜਾਂ ਤਾਂ ਸਿਰਫ ਇਹ ਅਰਥ ਹੈ ਕਿ ਮਨਜੂਰੀ ਪ੍ਰਥਾ ਤੇ ਦਾਸ ਪ੍ਰਥਾ ਦੋਨੋਂ ਦਾਸਤਵ ਤੇ ਜਮਾਤੀ ਦਾਬੇ ਦੇ ਰੂਪ ਹਨ ਅਤੇ ਇਹ ਗੱਲ ਹਰੇਕ ਬੱਚਾ ਜਾਣਦਾ ਹੈ ਇਹ ਗੱਲ ਝੂਠ ਹੈ, ਕਿਉਂਕਿ ਉਦੋਂ ਤਾਂ ਅਸੀਂ ਓਨੇ ਹੀ ਜ਼ੋਰ ਨਾਲ ਇਹ ਵੀ ਕਹਿ ਸਕਦੇ ਹਾਂ ਕਿ ਮਨਜੂਰੀ ਪ੍ਰਥਾ ਨੂੰ ਸਿਰਫ਼ ਆਦਮਖੋਰੀ ਦੇ ਇੱਕ ਸਿਥਿਲ ਰੂਪ ਵਾਂਗੂੰ ਹੀ ਸਮਝਿਆ ਜਾ ਸਕਦਾ ਹੈ ਕਿਉਂਕਿ ਜਦ ਇਹ ਗੱਲ ਪ੍ਰਮਾਣਿਤ ਹੋ ਚੁੱਕੀ ਹੈ ਕਿ ਪਰਾਜਿਤ ਦੁਸ਼ਮਣਾਂ ਦੇ ਉਪਯੋਗ ਦਾ ਆਦਿਮ ਰੂਪ ਸਰਵਤਰ ਆਦਮਖੋਰੀ ਸੀ (ਏਂਗਲਜ਼ ਦੀ ਪੁਸਤਕ ਦੇ ਹਵਾਲੇ ਨਾਲ)।

--------✪✪--------

# ਕੀ ਵੀ. ਆਈ. ਪੀ. ਸੁਰੱਖਿਆ ਕਰਦੀ ਹੈ ਰੁਤਬੇ 'ਚ ਵਾਧਾ?

ਡੌਂਟ ਟੱਚ ਮੀ। ਆਈ. ਐਮ. ਏ. ਸਨ ਆਫ. ਵੀ. ਆਈ. ਪੀ. ਇਹ ਜੁਮਲਾ ਉਹਨਾਂ ਹਜ਼ਾਰਾਂ ਲੋਕਾਂ। ਸਾਹਿਬਜ਼ਾਦਿਆਂ ਅਤੇ ਵੱਡੇ ਬਾਪ ਦੇ ਬੇਟੇ ਬੇਟੀਆਂ ਦਾ ਹੈ। ਜਿਹਨਾਂ ਦੇ ਪ੍ਰਭੂਆਂ ਲਈ ਹਜ਼ਾਰਾਂ ਸੁਰੱਖਿਆ ਕਰਮੀ ਤਾਇਨਾਤ ਹਨ। ਡਾਂਸ ਬਾਰ, ਸਿਨੇਮਾ ਘਰਾਂ, ਰੈਸਟੋਰੈਂਟਾਂ ਕੈਸਿਨੋ। ਸਕੂਲਾਂ ਕਾਲਜਾਂ ਅਤੇ ਇਥੋਂ ਤੱਕ ਕਿ ਖਰੀਦਦਾਰੀ ਤੇ ਕਿਟੀ ਪਾਰਟੀਆਂ ਦੌਰਾਨ ਮੇਮ ਸਾਹਿਬਾਂ ਦੀ ਸੁਰੱਖਿਆ ਦੇ ਇਸ ਗਲੈਮਰ 'ਤੇ 250 ਕਰੋੜ ਰੁਪਏ ਸਲਾਨਾ ਖਰਚ ਆਉਂਦਾ ਹੈ। ਇਕੱਲੀ ਰਾਜਧਾਨੀ ਦਿੱਲੀ ਵਿਚ 412 ਅਤੀ ਅਹਿਮ ਵਿਅਕਤੀਆਂ, ਰਾਜਸੀ ਨੇਤਾਵਾਂ ਵੀ. ਆਈ. ਪੀ. ਨੌਕਰਸ਼ਾਹਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਰਾਖੀ 'ਚ ਪੰਦਰਾਂ ਹਜ਼ਾਰ ਗਾਰਡ ਤਾਇਨਾਤ ਹਨ। ਆਪਣੇ ਅਨਿਆਂ ਦੀ ਸੁਰੱਖਿਆ ਦਾ ਸ਼ਾਨਦਾਰ ਸੁਖਭੋਗ ਰਹੇ ਵੀ. ਆਈ. ਪੀ. ਘਰਾਣਿਆਂ ਲਈ ਸੁਰੱਖਿਆ ਕਵਚ ਇਕ ਸਟੇਟ ਸਿੰਬਲ ਬਣ ਗਿਆ ਹੈ। ਬੇਹੱਦ ਅਹਿਮ ਵਿਅਕਤੀਆਂ ਦੀ ਰਾਖੀ 'ਤੇ ਆਉਣ ਵਾਲੇ ਖਰਚ ਦਾ ਭੁਗਤਾਨ ਦੇਸ਼ ਦੇ ਆਮ ਆਮਦਨ ਕਰ ਦਾਤਿਆਂ ਦੀ ਜੇਬ ਵਿਚੋਂ ਕੀਤਾ ਜਾਂਦਾ ਹੈ। ਵੀ. ਆਈ. ਪੀ. ਅੱਪਰ ਵੀ. ਆਈ. ਪੀ. ਦੀ ਰਾਖੀ ਦੇ ਲਈ ਦੇਸ਼ 'ਚ ਪੰਜ ਤਰ੍ਹਾਂ ਦੀ ਵਿਵਸਥਾ ਮੁਹੱਈਆ ਹੈ ਇਹਨਾਂ ਵਿਚ ਜੈਡ ਜੈਡ ਪਲੱਸ ਏਕਸ ਵਾਈ ਸ਼੍ਰੇਣੀ ਅਤੇ ਵਿਸ਼ੇਸ਼ ਸੁਰੱਖਿਆ ਦਸਤ ਦਾ ਸੁਰੱਖਿਆ ਘੇਰਾ ਸ਼ਾਮਲ ਹੈ।

ਪ੍ਰਧਾਨ ਮੰਤਰੀ ਤੇ ਉਹਨਾਂ ਦੇ ਪਰਿਵਾਰ ਦੀ ਸੁਰੱਖਿਆ ਐਸ. ਪੀ. ਜੀ. ਵੱਲੋਂ ਕੀਤੀ ਜਾਂਦੀ ਹੈ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਅਤੇ ਉਹਨਾਂ ਦੇ ਪਰਿਵਾਰ ਨੂੰ ਵੀ. ਐਸ. ਪੀ. ਜੀ ਦੀ ਸੁਰੱਖਿਆ ਕਵਚ ਮੁਹੱਈਆ ਹੈ। ਵਿਦੇਸ਼ਾਂ 'ਚ ਨੇਤਾਵਾਂ ਦੀ ਮੁਹੱਈਆ ਸੁਰੱਖਿਆ ਕਵਚ ਮੁਹੱਈਆ ਹੈ। ਵਿਦੇਸਾਂ 'ਚ ਨੇਤਾਵਾਂ ਦੀ ਮੁਹੱਈਆ ਸੁਰੱਖਿਆ ਦੀਤਰਜ 'ਤੇ ਰਾਜੀਵ ਗਾਂਧੀ ਦੇ ਕਤਲ ਪਿੱਛੋਂ ਦੇਸ਼ 'ਚ ਐਸ. ਪੀ. ਜੀ. ਦਾ ਗਠਨ ਕੀਤਾ ਗਿਆ ਹੈ। ਐਸ. ਪੀ. ਜੀ. ਦਾ ਸਾਲਾਨਾ ਬਜਟ 1.80 ਕਰੋੜ ਰੁਪਏ ਦਾ ਹੈ। ਸੁੱਰਖਿਆ ਖਤਰਿਆਂ ਦੇ ਨਾਂ ਤੇ ਮੰਤਰੀ ਰਾਜ ਨੇਤਾ, ਜੱਜ ਨੌਕਰਸ਼ਾਹਾਂ ਧਾਰਮਕ ਨੇਤਾਵਾਂ ਪੱਤਰਕਾਰਾਂ ਤੇ ਵਕੀਲਾਂ ਆਦਿ ਨੂੰ ਸੁਰੱਖਿਆ ਕਵਚ ਹਾਸਲ ਹੈ। ਉਹਨਾਂ 'ਚ ਵਿਰੋਧੀ ਧਿਰ ਦੇ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਤਾਮਿਲਨਾਡੂ ਦੀ ਸਾਬਕਾ ਮੁੱਖ ਮੰਤਰੀ ਜੈਲਲਿਤਾ ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਮਾਇਆਵਤੀ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾ ਅਸੋਕ ਸਿੰਘਲ ਮੁਲਾਇਮ ਸਿੰਘ ਯਾਦਵ ਮੁਰਲੀ ਮਨੋਹਰ ਜੋਸ਼ੀ ਰਾਮ ਵਿਕਾਸ ਪਾਸਵਾਨ ਨਰੇਂਦਰ ਮੋਦੀ, ਆਈ ਨੇ ਗੁਜਰਾਲ, ਐਚ ਡੀ ਦੇਵੇਗੌੜਾ ਅਮਰ ਸਿੰਘ ਫਾਰੂਕ ਅਬਦੁੱਲਾ ਆਦਿ ਸ਼ਾਮਲ ਹਨ। ਸਾਬਕਾ ਗ੍ਰਹਿ ਮੰਤਰੀ ਸ਼ਿਵ ਰਾਜ ਪਾਟਿਲ ਦੀ ਸੁਰੱਖਿਆ ਤਹਿਤ ਦੇ ਪੀ. ਐਸ. ਓ. ਤੋਂ ਇਲਾਵਾ ਬਲੈਕ ਕੈਟ ਕਮਾਂਡੋ ਦੇ 12 ਜਵਾਨ ਅਤੇ ਪਾਇਲਾਟ ਗੱਡੀ ਮੁਹੱਈਆ ਕਰਵਾਈ ਜਾਂਦੀ ਹੈ। ਏਕਸ ਅਤੇ ਵਾਈ ਸ਼੍ਰੇਣੀ ਦੀ ਸੁਰੱਖਿਆ ਦੇ ਤਹਿਤ 6 ਸੁਰੱਖਿਆ ਗਾਰਡਾਂ ਸਮੇਤ ਦੋ ਹੈਡਕਾਂਸਟੇਬਲ ਤੈਨਾਤ ਕੀਤੇ ਜਾਂਦੇ ਹਨ। ਪ੍ਰਧਾਨ ਮੰਤਰੀ, ਸੋਨੀਆ

ਗਾਂਧੀ, ਰਾਹੁਲ ਗਾਂਧੀ ਤੇ ਉਹਨਾਂ ਦੀ ਭੈਣ ਪ੍ਰਿਅੰਕਾ ਗਾਂਧੀ ਅਤੇ ਉਹਨਾਂ ਦੇ ਪਤੀ ਰਾਬਰਟ ਬਡੇਰਾ ਦੀ ਸੁਰੱਖਿਆ 'ਚ ਸਭ ਤੋਂ ਉਤਮ ਮੰਨਿਆ ਜਾਣ ਵਾਲਾ ਐਸ. ਪੀ. ਜੀ. ਦਾ ਸੁਰੱਖਿਆ ਕਵਚ ਮੁਹੱਈਆ ਹੈ। ਵੀ. ਪੀ. ਆਈ. ਪੀ. ਦੇ ਖਤਰਿਆਂ ਦੇ ਮੱਦੇ ਨਜ਼ਰ ਉਹਨਾਂ ਦੀ ਰਾਖੀ ਲਈ ਅਰਧ ਸੈਨਿਕ ਬਲਾਂ ਵਿੱਚ ਸੀ. ਆਰ. ਪੀ. ਐਫ. ਐਨ. ਐਸ. ਜੀ. ਦਿਲੀ ਪੁਲਸ ਸੀ. ਆਰ. ਪੀ. ਐਫ. ਦੇ ਜਵਾਨ ਤੈਨਾਤ ਕੀਤੇ ਜਾਂਦੇ ਹਨ। ਗ੍ਰਹਿ ਮੰਤਰਾਲੇ 'ਚ ਉਪਲਭੇਦ ਦਸਤਾਵੇਜਾਂ ਮੁਤਾਬਕ ਦੇਸ਼ ਦੇ ਕੁਲ 13000 ਲੋਕਾਂ ਦੀ ਰਾਖੀ 'ਚ 45000 ਗਾਰਡ ਤੈਨਾਤ ਹਨ ਗ੍ਰਹਿ ਮੰਤਰਾਲੇ ਵੀ. ਵੀ. ਆਈ. ਪੀ. ਦੀ ਰਾਖੀ ਲਈ ਇਕ ਸਮਰਪਿਤ ਸੁਰੱਖਿਆ ਬਲ ਦੇ ਗਠਨ 'ਤੇ ਵਿਚਾਰ ਕਰ ਰਿਹਾ ਹੈ ਮੰਤਰਾਲੇ ਦੇ ਇਕ ਵਰਿਸ਼ਟ ਅਧਿਕਾਰੀ ਨੇ ਦੱਸਿਆ ਕਿ ਪੰਜ ਪੱਧਰੀ ਸੁਰੱਖਿਆ ਵਿਵਸਥਾ ਵਿੱਚ ਵੱਖ ਵੱਖ ਪੁਲਸ ਸੰਗਠਨਾ ਦੇ ਜਵਾਨਾਂ ਨੂੰ ਤੈਨਾਤ ਕਰਨ ਦੀ ਥਾਂ ਇਕ ਵੱਖਰਾ ਸੁਰੱਖਿਆ ਬਲ ਗਠਿਤ ਕਰਨ ਦਾ ਪ੍ਰਸਤਾਵ ਹੈ। ਇਸ ਦੇ ਤਹਿਤ ਵੀ. ਆਈ. ਪੀ. ਸੁਰੱਖਿਆ ਲਈ ਟਿਕ ਟ੍ਰੇਂਡ ਤੇ ਸੁਰੱਖਿਆ ਉਪ ਕਰਨ ਨਾਲ ਲੈਸ ਹੋਵੇਗਾ।

ਮੰਤਰਾਲੇ ਦਾ ਇਕ ਉਚ ਅਧਿਕਾਰੀ ਨੇ ਕਿਹਾ ਕਿ ਕਥਿਤ ਸੁਰੱਖਿਆ ਖਤਰਿਆਂ ਦੇ ਨਾਂ 'ਤੇ ਅਨੇਕਾਂ ਅਜਿਹੇ ਲੋਕਾਂ ਨੂੰ ਸੁਰੱਖਿਆ ਮੁਹੱਈਆ ਹੈ ਜਿਨ੍ਹਾਂ ਦੀ ਜਾਨ ਨੂੰ ਕੋਈ ਖਤਰਾ ਹੀ ਨਹੀਂ ਹੈ। ਸੁਰੱਖਿਆ ਸਰਕਾਰ ਖੁਫੀਆ ਏਜੰਸੀਆਂ ਤੋਂ ਹਾਸਲ ਰਿਪੋਰਟ ਦੇ ਆਧਾਰ 'ਤੇ ਅਜਿਹੇ ਲੋਕਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਂਦੀ ਹੈ ਜਿਹਨਾਂ ਦੀ ਜਾਨ ਨੂੰ ਖਤਰਾ ਹੈ। ਸੁਰੱਖਿਆ ਕਵਚ ਅੱਜ ਸਟੇਸਟਸ ਸਿੰਬਲ ਬਣ ਗਿਆ ਹੈ ਅਤੇ ਅਨੇਕਾ ਲੋਕ ਇਸ ਦੀ ਦੁਰਵਰਤੋਂ ਕਰ ਰਹੇ ਹਨ। ਰਾਜਸੀ ਵਿਵਸਥਾ ਵਿੱਚ ਸਾਡੀਆਂ ਆਪਣੀਆਂ ਸੀਮਤਾ ਦੀਆਂ ਹਨ ਅਤੇ ਜਦ ਕਦੇ ਵੀ ਅਸੀਂ ਇਸ ਵਿੱਚ ਕਟੌਤੀ ਦਾ ਪ੍ਰਸਤਾਵ ਕਰਨ ਦੀ ਹਿੰਮਤ ਵਿਖਾਈ ਤਾਂ ਨੇਤਾ ਸੰਸਦ ਨੂੰ ਠੱਪ ਕਰਨ 'ਤੇ ਉਤਾਰੂ ਹੋ ਜਾਂਦੇ ਹਨ ਅਤੇ ਜਦ ਕਦੇ ਵੀ ਅਸੀਂ ਇਸ ਵਿੱਚ ਕਟੌਤੀ ਦਾ ਪ੍ਰਸਤਾਵ ਕਰਨ ਦੀ ਹਿੰਮਤ ਵਿਖਾਈ ਤਾਂ ਨੇਤਾ ਸੰਸਦ ਨੂੰ ਠੱਪ ਕਰਨ 'ਤੇ ਉਤਾਰੂ ਹੋ ਜਾਂਦੇ ਹਨ। ਇਹਨਾਂ ਬੇਹੱਦ ਸੁਰੱਖਿਆ ਖਰਚੇ ਦਾ ਭੁਗਤਾਨ ਆਮ ਆਮਦਨ ਕਰ ਦਾਤਿਆਂ ਦੀ ਜੇਬ 'ਚੋਂ ਹੁੰਦਾ ਹੈ।' ਸੈਂਟਰ ਫਾਰ ਪਾਲਿਸੀ ਇੰਪੈਕਟ ਦੇ ਸੁਰਿੰਦਰ ਪੰਵਾਰ ਕਹਿੰਦੇ ਹਨ ਰਾਜਸੀ ਨੇਤਾਵਾਂ ਦੀ ਰਾਖੀ ਸਬੰਧੀ ਜੋ ਸਮੀਖਿਆ ਕੀਤੀ ਗਈ ਨੂੰ ਜਨਤਕ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਸਾਫ ਹੋ ਸਕੇ ਕਿ ਉਹਨਾਂ ਨੂੰ ਸਰਕਾਰੀ ਸੁਰੱਖਿਆ ਮੁਹੱਈਆ ਕਰਾਉਣ ਦਾ ਕੀ ਆਧਾਰ ਹੈ।

ਉਹਨਾਂ ਦਾ ਕਹਿਣਾ ਹੈ ਕਿ ਕੇਂਦਰੀ ਸਤਾ ਅੰਦਰੂਨੀ ਸੁਰੱਖਿਆ ਵਿਵਸਥਾ ਨੂੰ ਚੁਸਤ ਦਰੁਸਤ ਬਣਾਉਣ ਦੇ ਨਾਲ ਆਮ ਆਦਮੀ ਦੀ ਹਿਫਾਜ਼ਤ ਸਬੰਧੀ ਭੋਰਾ ਭਰ ਵੀ ਗੰਭੀਰ ਹੈ? ਉਸ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਕ ਵੀ ਅਜਿਹੇ ਨੇਤਾ ਤੇ ਨੌਕਰਸ਼ਾਹ ਨੂੰ ਮੁਫਤ ਦੀ ਸਰਕਾਰੀ ਸੁਰੱਖਿਆ ਮੁਹੱਈਆ ਨਾ ਕਰਵਾਈ ਜਾਏ ਜਿਸ ਦੇ ਲਈ ਕਿਧਰੇ ਕੋਈ ਖਤਰਾ ਨਹੀਂ ਹੈ। ਗ੍ਰਹਿ ਮੰਤਰਾਲੇ ਦੇ ਇਕ ਸੰਯੁਕਤ ਸਕੱਤਰ ਨੇ ਅਮਰੀਕਾ ਤੇ ਬ੍ਰਿਟੇਨ ਦੀ ਉਦਾਹਰਣ ਦਿੰਦੇ ਹੋਇਆ ਕਿ ਉਥੇ ਸਿਰਫ ਸੰਵਿਧਾਨਿਕ ਮੁਖੀਆਂ ਨੂੰ ਸੁਰੱਖਿਆ ਦੀ ਵਿਵਸਥਾ ਹੈ ਜਿਸ ਦੇ ਤਹਿਤ ਰਾਸ਼ਟਰਪਤੀ ਉਪ ਰਾਸ਼ਟਰਪਤੀ ਪ੍ਰਧਾਨ ਮੰਤਰੀ ਤੇ ਸੁਪਰੀਮ ਕੋਰਟ ਦੇ ਜੱਜਾਂ ਨੂੰ ਹੀ ਸੁਰੱਖਿਆ ਦਿੱਤੀ ਜਾਂਦੀ ਹੈ। ਪਰ ਭਾਰਤ 'ਚ ਤਾਂ ਸਭ ਨੂੰ ਸਟੇਟਸ ਸਿੰਗਲ ਚਾਹੀਦਾ

ਹੈ। ਉਨ੍ਹਾਂ ਕਿਹਾ ਕਿ ਸਾਡੇ ਕੋਲ ਅੱਜ ਵੀ ਪਰਸਨਲ ਸਕਿਊਰਟੀ ਦੀ ਮੰਗ ਨਾਲ ਜੁੜੇ ਇਕ ਦਰਜਨ ਤੋਂ ਵੱਧ ਪ੍ਰਸਤਾਵ ਪੈਂਡਿੰਗ ਾਨੇ ਮੰਤਰਾਲੇ ਦੇ ਉਕਤ ਅਧਿਕਾਰੀ ਨੇ ਉਤਰ ਪ੍ਰਦੇਸ਼ ਦੇ ਇਕ ਸਾਂਸਦ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹਨਾਂ ਨੂੰ ਸਿਰਫ ਇਸ ਲਈ ਜੈਡ ਪਲੱਸ ਦੀ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਗਈ ਕਿ ਉਹਨਾਂ ਨੇ ਯੂ. ਪੀ. ਏ. ਸਰਕਾਰ ਨੂੰ ਹਮਾਇਤ ਦੇਣ 'ਚ ਵਿਸ਼ੈਸ਼ ਰੁਚੀ ਵਿਖਾਈ ਵੀ ਸੀ। ਉਹਨਾਂ ਦਾ ਇਸ਼ਾਰਾ ਸਮਾਜਵਾਦੀ ਪਾਰਟੀ ਦੇ ਮੁਖੀ ਅਮਰ ਸਿੰਘ ਵੱਲ ਸੀ ਅਮਰ ਸਿੰਘ ਦੇ ਕਥਿਤ ਸੁਰੱਖਿਆ ਖਤਰਿਆਂ ਸਬੰਧੀ ਗ੍ਰਹਿ ਮੰਤਰਾਲੇ ਦੇ ਉਚ ਅਧਿਕਾਰੀ ਨੇ ਨਾਂ ਦੱਸਣ ਦੀ ਸ਼ਰਤ 'ਤੇ ਕਿਹਾ ਕਿ ਸੱਚ ਤਾਂ ਇਹ ਹੈ ਕਿ ਉਹਨਾਂ ਦੀ ਸੁਰੱਖਿਆ ਸਬੰਧੀ ਕਿਸੇ ਵੀ ਡਰ ਦੀ ਰਿਪੋਰਟ ਹੀ ਨਹੀਂ ਹੈ। ਪਰ ਰਾਜਸੀ ਦਬਾਅ ਦੇ ਕਾਰਨ ਸੁਰੱਖਿਆ ਹਾਸਲ ਕਰਨ 'ਚ ਸਫਲ ਹੋ ਗਏ। ਇੰਟਲੀਜੈਂਸ ਬਿਉਰੋ 'ਚ ਤੈਨਾਤ ਇਕ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਅਤੇ ਕਿਹਾ ਸਮਾਜ ਵਿੱਚ ਆਪਣੀ ਹਾਜਰੀ ਦਰਜ ਕਰਾਉਣ ਲਈ ਉਹਨਾਂ ਨੇ ਆਪਣਾ ਰੁਤਬਾ ਵਧਾਇਆ ਸੀ। ਉਕਤ ਅਧਿਕਾਰੀ ਨੇ ਖੁਲਾਸਾ ਕੀਤਾ ਤੇ ਕਿਹਾ ਕਿ ਜਿਨਾ ਪਾਟ ਲੋਕਾਂ ਨੂੰ ਸੁਰੱਖਿਆ ਮੁਹੱਈਆ ਕਰਵਾਈ ਗਈ ਹੈ ਉਹਨਾਂ ਵਿਚੋਂ ਸੌਂ ਤੋਂ ਵੱਧ ਅਜਿਹੇ ਲੋਕ ਸ਼ਾਮਲ ਹਨ ਜਿਨ੍ਹਾਂ ਦੀ ਜਾਨ ਨੂੰ ਕੋਈ ਖਤਰਾ ਹੈ ਹੀ ਨਹੀਂ।

--------✪✪--------

# ਸਰਕਾਰੀ ਧਨ ਦੀ ਲੁੱਟ ਕਿਵੇਂ?

ਲਖਨਊ ਦੀ ਬਾਹਰੀ ਸਰਹੱਦ 'ਤੇ ਵਸੇ ਪਿੰਡ ਬੇਲੀਗਾਰਦ 'ਚ ਰਹਿਣ ਵਾਲੀ ਲੀਲਾਵਤੀ ਮੰਗਲਸੂ ਵਰ ਪਹਿਨਦੀ ਹੈ ਅਤੇ ਸੰਦੂਰ ਭਰਦੀ ਹੈ। ਕਿਸੇ ਪਵਿਤਰਤਾ ਹਿੰਦੂ ਨਾਰੀ ਵਾਂਗੂੰ ਉਹ ਆਪਣੇ ਜੀਵਨ ਸਾਥੀ ਦੀ ਲੰਬੀ ਉਮਰ ਲਈ ਕਰਵਾ ਚੌਥ ਦਾ ਵਰਤ ਵੀ ਰੱਖਦੀ ਹੈ ਪਰ ਇਸ ਵਿਚ ਇਕ ਬਹੁਤ ਵੱਡਾ ਫਰਕ ਹੈ। ਉਹਨਾਂ ਨੇ ਕਈ ਸਾਲ ਪਹਿਲਾਂ ਆਪਣਾ ਪਤੀ ਮ੍ਰਿਤਕ ਐਲਾਨ ਦਿੱਤਾ ਸੀ ਜਿਸ ਕਾਰਨ ਉਹਨਾਂ ਦੀ ਰੋਜ਼ੀ-ਰੋਟੀ ਚੱਲ ਰਹੀ ਹੈ। ਰਾਜ ਸਰਕਾਰ ਦੀ ਵਿਧਵਾ ਪੈਨਸ਼ਨ ਯੋਜਨਾ ਤੋਂ ਉਹਨਾਂ ਨੂੰ ਹਰ ਮਹੀਨੇ 300 ਰੁਪਏ ਮਿਲਦੇ ਹਨ। 55 ਸਾਲਾ ਇਹ 'ਵਿਧਵਾ' ਦਾ ਪਤੀ ਸਰਕਾਰੀ ਰਿਕਾਰਡ 'ਚ ਮ੍ਰਿਤਕ ਵਿਖਾਇਆ ਗਿਆ ਹੈ ਤਾਂ ਕਿ ਲੀਲਾਵਤੀ ਹਰ ਸਾਲ 3600 ਰੁਪਏ ਦੀ ਰਾਸ਼ੀ ਹਾਸਲ ਕਰ ਸਕੇ ਅਤੇ ਉਹ ਉਹਨਾਂ ਹਜ਼ਾਰਾਂ ਵਿਧਵਾਵਾਂ ਵਿਚੋਂ ਇਕ ਹੈ ਸਹਾਇਤਾ ਹਾਸਲ ਕਰਨ ਤੇ ਵਿਉਂਤਬੱਧ ਗਬਨ ਘੋਟਾਲੇ ਦੀ ਬਦੌਲਤ ਸਾਲ ਦਰ ਸਾਲ ਰਾਜ ਸਰਕਾਰ ਦੇ ਖਜ਼ਾਨੇ ਨੂੰ ਚੂਨਾ ਲਾਉਂਦੀਆਂ ਰਹੀਆਂ ਹਨ। ਲੀਲਾਵਤੀ ਦੇ ਪਤੀ ਰਾਮ ਪ੍ਰਸ਼ਾਦ ਜਿਉਂਦੇ ਹਨ ਅਤੇ ਦਰਅਸਲ ਉਹਨਾਂ ਦੇ ਨਾਲ ਰਹਿੰਦੇ ਵੀ ਹਨ, ਰਾਜ ਸਰਕਾਰ ਦੇ ਰਿਕਾਰਡ ਵਿਚ ਭਾਵੇਂ ਉਹ ਮਰ ਚੁੱਕੇ ਹਨ। ਇਕੱਲੇ ਲਖਨਊ 'ਚ ਅਜਿਹੀਆਂ ਸੈਂਕੜੇ ਔਰਤਾਂ ਹਨ ਜੋ ਪਤੀਆਂ ਦੇ ਨਾਲ ਰਹਿਣ ਦੇ ਬਾਵਜੂਦ ਖੁਦ ਨੂੰ ਵਿਧਵਾ ਐਲਾਨ ਕੇ ਸਰਕਾਰੀ ਖਜਾਨੇ ਤੋਂ ਪੈਸੇ ਦਾ ਗਬਨ ਕਰ ਰਹੀਆਂ ਹਨ। ਇਸ ਤਰ੍ਹਾਂ ਅਨੇਕਾ ਅਜਿਹੀਆਂ ਔਰਤਾਂ 'ਚ ਗੰਗਾ ਦੇਵੀ, ਮੁੰਨੀ ਦੇਵੀ, ਰਾਮ ਕੁਆਰੀ, ਲੀਲਾਵਤੀ 'ਤੇ ਗੀਤਾ ਦੇਵੀ ਸ਼ਾਮਲ ਹਨ। ਇਹ ਸਭ ਆਪਣੇ-ਆਪਣੇ ਪਤੀਆਂ ਨਾਲ ਰਹਿੰਦੀਆਂ ਹਨ ਅਤੇ ਸਰਕਾਰੀ ਕਾਗਜਾਂ ਵਿੱਚ ਵਿਧਵਾ ਵਜੋਂ ਦਰਜ ਹੋ ਕੇ ਵਿਧਵਾ ਪੈਨਸਨ ਹਾਸਲ ਕਰ ਰਹੀਆਂ ਹਨ।

ਸਮਾਜ ਭਲਾਈ ਵਿਭਾਗ ਦੇ ਇਕ ਉਚ ਅਧਿਕਾਰੀ ਦਾ ਕਹਿਣਾ ਹੈ ਕਿ "ਇਹ ਗਬਨ ਸੂਬੇ ਦੀ ਰਾਜਧਾਨੀ ਲਖਨਊ ਤਕ ਹੀ ਸੀਮਤ ਨਹੀਂ ਹੈ ਉਤਰ ਪ੍ਰਦੇਸ਼ ਦੇ ਦੂਜੇ ਹਿੱਸਿਆਂ ਵਿਚ ਵੀ ਇਸ ਤਰ੍ਹਾਂ ਦੇ ਕੇਸ ਮਿਲਦੇ ਹਨ। ਇਹ ਗਬਨ ਕਰੋੜਾਂ ਰੁਪਏ ਦਾ ਹੋ ਸਕਦਾ ਹੈ ਇਹੀ ਵਿਭਾਗ ਬੁਢਾਪਾ ਪੈਨਸ਼ਨ ਯੋਜਨਾ ਤੇ ਵਿਧਵਾ ਪੈਨਸ਼ਨ ਯੋਜਨਾ ਵਰਗੀਆਂ ਕਲਿਆਣਕਾਰੀ ਯੋਜਨਾਵਾਂ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਪੈਸਾ ਜਾਰੀ ਕਰਦਾ ਹੈ। ਇਸ ਪੱਧਰ ਦੀ ਧੋਖਾਧੜੀ, ਖਾਸ ਤੌਰ 'ਤੇ ਉਹਨਾਂ ਲੋਕਾਂ ਵੱਲੋਂ ਜੋ ਗਰੀਬੀ ਰੇਖਾ ਤੋਂ ਹੇਠਾ ਜੀਵਨ ਬਸਰ ਕਰ ਰਹੇ ਹਨ, ਵਿਚੋਲਿਆਂ ਤੇ ਸਰਕਾਰੀ ਅਧਿਕਾਰੀਆਂ ਦੀ ਮਿਲੀਭੁਗਤ ਬਿਨਾ ਸੰਭਵ ਨਹੀਂ ਹੈ। ਸਰਕਾਰੀ ਅਧਿਕਾਰੀਆਂ ਦੀ ਮਿਲੀਭੁਗਤ ਬਿਨਾਂ ਸੰਭਵ ਨਹੀਂ ਹੈ। ਸਰਕਾਰੀ ਕਾਗਜ਼ਾਂ 'ਚ ਸਿਰਫ ਵਿਧਵਾ ਵਜੋਂ ਨਾਂ ਲਿਖਾਉਣਾ ਹੀ ਆਪਣੇ ਆਪ 'ਚ ਵੱਡਾ ਕੰਮ ਹੈ। ਸਭ ਤੋਂ ਪਹਿਲਾਂ ਤਾਂ ਕੋਈ ਸਰਪੰਚ ਜਾਂ ਨਗਰ ਕਮੇਟੀ ਮੈਂਬਰ ਗਰੀਬੀ ਰੇਖਾ ਤੋਂ ਹੇਠਾਂ ਗੁਜਾਰਾ ਕਰਨ ਵਾਲੀ ਤੇ ਪੈਨਸ਼ਨ ਦੀ ਲਾਭਪਾਤਰੀ ਵਿਧਵਾ ਦੀ ਪਹਿਚਾਣ ਕਰਦਾ ਹੈ, ਇਸ ਪਿਛੋਂ ਉਸ ਦਾ ਨਾਂ ਬਲਾਕ ਦਫਤਰ 'ਚ ਭੇਜ ਦਿੰਦਾ ਹੈ ਜੋ ਆਖਰੀ ਮਨਜੂਰੀ ਲਈ ਉਸ ਨੂੰ ਤਹਿਸੀਲ ਤੇ ਜਿਲਾ ਪ੍ਰਬੇਸ਼ਨ ਅਧਿਕਾਰੀ ਕੋਲ ਵਧਾ ਦਿੰਦਾ ਹੈ। ਫਿਰ ਲਾਭਪਾਤਰੀਆਂ ਨੂੰ ਕਿਹਾ

ਜਾਂਦਾ ਹੈ ਕਿ ਉਹ ਕਿਸੇ ਬੈਂਕ 'ਚ ਆਪਣਾ ਖਾਤਾ ਖੋਲ੍ਹ ਲੈਣ ਜਿਸ 'ਚ ਹਰ ਮਹੀਨੇ ਸਰਕਾਰੀ ਪੈਸਾ ਜਮ੍ਹਾ ਕੀਤਾ ਜਾਂਦਾ ਹੈ। ਲਖਨਊ ਦੇ ਰਾਜਧਾਨੀ ਨਗਰ ਸਹਿਕਾਰੀ ਬੈਂਕ 'ਚ ਪ੍ਰਬੰਧਕ ਦਿਵੈ ਤਰਵੇਦੀ ਦਾ ਕਹਿਣਾ ਹੈ "ਪਿੰਡ ਤੋਂ ਲੈ ਕੇ ਜਿਲਾ ਪੱਧਰ ਤਕ ਦੇ ਅਧਿਕਾਰੀਆਂ ਦੀ ਮਿਲੀਭੁਗਤ ਬਗੈਰ ਇਹ ਘਪਲਾ ਚਲ ਨਹੀਂ ਸਕਦਾ। ਕਿਸੇ ਲਾਭਪਾਤਰੀ ਦੇ ਨਿੱਜੀ ਵੇਰਵੇ ਦੀ ਪੁਸ਼ਟੀ ਕਰਨਾ ਬੈਂਕ ਦਾ ਕੰਮ ਨਹੀਂ ਹੈ। ਜਾਹਿਰ ਹੈ ਕਿ ਉਹਨਾਂ ਅਧਿਕਾਰੀਆਂ ਨੇ ਨਿਯਮਤ ਅਮਲ ਦੀ ਅਣਦੇਖੀ ਕਰਕੇ ਪੈਨਸ਼ਨ ਦੀ ਮਨਜੂਰੀ ਦੇ ਦਿੱਤੀ, "ਤਿਰਵੇਦੀ ਨੇ ਬੈਂਕ 'ਚ ਵਿਧਵਾ ਪੈਨਸ਼ਨ ਯੋਜਨਾ ਅਤੇ ਬੁਢਾਪਾ ਪੈਨਸ਼ਨ ਯੋਜਨਾ ਦੇ ਤਹਿਤ ਲਗਭਗ 6000 ਖਾਤੇ ਹਨ। ਉਹਨਾਂ ਦਾ ਕਹਿਣਾ ਹੈ ਕਿ "ਮੇਰੀ ਕਲਪਨਾ ਵੀ ਨਹੀਂ ਸੀ। ਕਿ ਘਪਲਾ ਏਨੀ ਵੱਡੀ ਪੱਧਰ 'ਤੇ ਹੋਵੇਗਾ" ਉਹਨਾਂ ਨੂੰ ਸ਼ੱਕ ਹੋਇਆ ਤਾਂ ਉਹਨਾਂ ਨੇ ਕੁਝ ਪੈਨਸ਼ਨਾਂ ਦੀ ਪੁਸ਼ਟੀ ਕਰਵਾਈ ਅਤੇ ਜੋ ਗੱਲ ਸਾਹਮਣੇ ਆਈ ਉਸ ਨਾਲ ਉਹਨਾਂ ਸਿਰਫ ਦੰਗ ਰਹਿ ਗਏ ਬਲਕਿ ਚੌਂਕ ਉਠੇ। ਤ੍ਰਿਵੇਦੀ ਦੱਸਦੇ ਹਨ" ਮੈਨੂੰ ਇਹ ਜਾਣ ਕੇ ਧੱਕਾ ਲੱਗਿਆ ਕਿ ਵਿਧਵਾ ਪੈਨਸ਼ਨ ਯੋਜਨਾ ਦੇ ਤਹਿਤ ਆਉਣ ਵਾਲੀਆਂ ਜ਼ਿਆਦਾਤਰ ਔਰਤਾਂ ਅਸਲ 'ਚ ਸ਼ਾਦੀਸ਼ੁਦਾ ਸਨ ਅਤੇ ਉਹ ਪੈਨਸ਼ਨ ਦੀਆਂ ਲਾਭਪਾਤਰੀ ਨਹੀਂ ਹੋਣੀਆਂ ਚਾਹੀਦੀਆਂ ਸਨ। ਮੈਂ ਕਲਪਨਾ ਵੀ ਨਹੀਂ ਕਰ ਸਕਦਾ ਸੀ ਕਿ ਕੋਈ ਵਿਆਹੁਤਾ ਔਰਤ ਸਿਰਫ 300 ਰੁਪਏ ਮਹੀਨਾ ਹਾਸਲ ਕਰਨ ਲਈ ਵਿਧਵਾ ਹੋਣ ਦਾ ਸੁਆਂਗ ਰਚੇਗੀ।"

ਉਹਨਾਂ ਨੇ ਫੌਰੀ ਇਸ ਦੀ ਇਕ ਵਿਸਥਾਰਿਤ ਰਿਪੋਰਟ ਤਿਆਰ ਕੀਤੀ ਅਤੇ ਕੁਝ ਅਧਿਕਾਰੀਆਂ 'ਤੇ ਵਿਚੋਲਿਆਂ ਤੋਂ ਮਿਲੀਆਂ ਧਮਕੀਆਂ ਦੇ ਬਾਵਜੂਦ ਜਿਲਾ ਪ੍ਰਸਾਸ਼ਨ ਨੂੰ ਭੇਜ ਦਿੱਤੀ। ਲਖਨਊ ਦੇ ਜਿਲਾ ਪ੍ਰਸਾਸ਼ਨ ਨੇ ਅਜੇ ਤ੍ਰਿਵੈਦੀ ਦੀ ਰਿਪੋਰਟ ਤੋਂ ਕੋਈ ਕਾਰਵਾਈ ਕਰਨੀ ਹੈ। ਸਮਾਜ ਕਲਿਆਣ ਵਿਭਾਗ ਦੇ ਕਮਿਸ਼ਨ ਆਰ ਕੇ ਮਿੱਤਲ ਕਹਿੰਦੇ ਹਨ। "ਇਹ ਲਖਨਊ 'ਚ ਸਿਰਫ ਇਕ ਬੈਂਕ ਦਾ ਕੇਸ ਹੈ, ਜੇ ਸਭ ਲਾਭਪਾਤਰੀਆਂ ਦੀ ਪਹਿਚਾਣ ਕਰਵਾਈ ਜਾਏ ਤਾਂ ਇਹ ਸਰਕਾਰੀ ਅਧਿਕਾਰੀਆਂ ਵਿਚੋਲਿਆਂ 'ਤੇ ਵਿਧਵਾਵਾਂ ਦਾ ਅੰਜ਼ਾਮ ਦਿੱਤਾ ਜਾਣ ਵਾਲੇ ਸਰਕਾਰੀ ਪੈਸੇ ਨਾਲ ਜੁੜਿਆ ਸਭ ਤੋਂ ਵੱਡਾ ਗਬਨ ਸਾਬਿਤ ਹੋ ਸਕਦਾ ਹੈ।" ਗੱਲਬਾਤ 'ਚ ਕੋਈ ਜੁਆਬ ਨਾ ਬਣਦਾ ਵੇਖ ਔਰਤਾਂ ਪੈਨਸਨ ਦਾ ਦਾਅਵਾ ਕਰਨ ਦੌਰਾਨ ਆਪਣੇ ਆਪ ਨੂੰ 'ਵਿਧਵਾਵਾਂ' ਐਲਾਨਣ ਲਈ ਮਜ਼ਬੂਰ ਕੀਤੇ ਜਾਣ ਲਈ ਵਿਚੋਲਿਆਂ ਨੂੰ ਦੋਸ਼ੀ ਠਹਿਰਾਉਂਦੀਆਂ ਹਨ। ਪੈਸੇ ਦਾ ਇਕ ਹਿੱਸਾ ਦਲਾਲਾਂ ਤੇ ਅਧਿਕਾਰੀਆਂ ਨੂੰ ਜਾਂਦਾ ਹੈ। ਅਜਿਹੀਆਂ ਸੈਂਕੜੇ ਪਾਸ ਬੁੱਕਾਂ ਅਤੇ ਪੈਨਸ਼ਨ ਸਬੰਧੀ ਫਾਰਮ ਲਖਨਊ 'ਚ ਸ਼ਾਹ ਆਲਮ ਦੀ ਅਗਵਾਈ ਵਾਲੇ ਸਾਡਾ ਹੱਕ ਨਾ ਦੀ ਗੈਰ ਸਰਕਾਰੀ ਸੰਸਥਾ ਤੋਂ ਬਰਾਬਰ ਹੋਏ ਹਨ। ਇਸ ਤਰ੍ਹਾਂ ਦੀਆਂ ਖਬਰਾਂ ਪੂਰਬੀ ਉਤਰ ਪ੍ਰਦੇਸ਼ ਦੇ ਕਈ ਭਾਗਾਂ ਤੋਂ ਮਿਲੀਆਂ ਹਨ ਜਿਥੇ ਪੇਂਡੂ ਇਲਾਕਿਆਂ ਵਿਚ ਤਾਂ ਇਹ ਘਪਲਾ ਬਹੁਤ ਡੂੰਘਾ ਪੁੱਜ ਚੁੱਕਿਆ ਹੈ। ਆਜਮਗੜ੍ਹ 'ਚ ਘਪਲੇਬਾਜਾਂ ਨੇ ਸਰਕਾਰ ਨੂੰ ਠੱਗਣ ਲਈ ਇਕ ਪਿੰਡ ਹੀ ਫੜ ਲਿਆ ਤੇ ਉਥੋਂ ਦੀਆਂ ਵਿਧਵਾਵਾਂ ਨੂੰ ਫੇਰਰਿਸਤ ਵੀ ਤਿਆਰ ਕਰ ਲਈ ਹੈ। ਪਰ ਹਕੀਕਤ 'ਚ ਨਾ ਤਾਂ ਕੋਈ ਪਿੰਡ ਨਿਕਲਿਆ ਅਤੇ ਨਾ ਹੀ ਵਿਧਵਾਵਾਂ ਪੈਨਸਨ ਲੈ ਰਹੀਆਂ ਹਨ। ਪਰ ਵਿਡੰਬਨਾ ਇਹ ਹੈ ਕਿ ਇਸ ਨਾਂ ਦੇ ਕਿਸੇ ਪਿੰਡ ਵਜੂਦ ਨਹੀਂ ਹੈ ਦੂਜੀ ਮਿਸਾਲ ਦੁਈਰਜੀ ਪਿੰਡ ਦਾ ਕੀ ਹੈ ਜਿਥੇ ਸੈਲਕੁਮਾਰੀ, ਫਲੂਅਤੀ ਭਾਗਵਨੀ

ਤੇ ਪਾਨਮਤੀ ਵਰਗੀਆਂ ਔਰਤਾਂ ਹਨ ਨਿਰਲੱਜ ਹੋ ਕੇ ਵਿਧਵਾ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਪ੍ਰਸਾਸ਼ਨ ਦਾ ਸਰਾਸਰ ਮਖੌਲ ਉਡਾਉਂਦੇ ਹੋਏ ਸਿੰਦੂਰ ਨਾਲ ਮੰਗ ਭਰਦੀ ਹੈ ਅਤੇ ਗਲੇ 'ਚ ਮੰਗਲਸੂਤਰ ਤੇ ਬਾਹਵਾਂ 'ਚ ਚੂੜੀਆਂ ਪਹਿਨਦੀ ਹੈ। ਇਹੀ ਨਹੀਂ ਪ੍ਰਸਾਸ਼ਨ ਲਈ ਇਕ ਅਧਿਕਾਰੀ ਅਨੁਸਾਰ "ਐਸੇ ਹੀ ਕਈ ਮਾਮਲੇ ਹਨ ਜਿਥੇ ਪਤੀ-ਪਤਨੀ ਦੋਨੋਂ ਬਹੁਤ ਪਹਿਲਾਂ ਮਰ ਚੁੱਕੇ ਹਨ ਪਰ ਵਿਧਵਾ ਪੈਨਸ਼ਨ ਉਹਨਾਂ ਦਾ ਖਾਤਿਆਂ 'ਚ ਜਮ੍ਹਾ ਹੋ ਰਹੀ ਹੈ ਅਤੇ ਕਢਵਾਈ ਵੀ ਜਾ ਰਹੀ ਹੈ।" ਜਾਹਿਰ ਹੈ ਇਸ ਦਾ ਲਾਭ ਉਹ ਲੋਕ ਉਠਾ ਰਹੇ ਹਨ ਜੋ ਅਜੇ ਜਿਉਂਦੇ ਹਨ।

ਅਜਮਤਗੜ ਬਲਾਕ ਦੇ ਹੀ ਮਹੁਲਾ ਪਿੰਡ 'ਚ 187 ਵਿਧਵਾਵਾਂ ਵਿਚੋਂ 104 ਫਰਜੀ ਪਾਈਆਂ ਗਈਆਂ। ਇਹ ਮਾਮਲਾ ਗ੍ਰਾਮ ਪ੍ਰਧਾਨ ਤੇ ਉਤਰ ਪ੍ਰਦੇਸ ਪ੍ਰਧਾਨ ਸੰਘ ਦੇ ਮੁਖੀ ਰਾਮਸਮ ਯਾਦਵ ਨੇ ਉਠਾਇਆ। ਜਿਲਾ ਪ੍ਰੋਬੇਸ਼ਨ ਅਧਿਕਾਰੀ ਤੋਂ 187 ਵਿਧਵਾਵਾਂ ਦੀ ਸੂਚੀ ਲੈ ਕੇ ਉਹਨਾਂ ਦੀ ਜਾਂਚ ਕੀਤੀ ਗਈ ਤਾਂ ਜਿਆਦਾਤਰ ਪੈਨਸ਼ਨਾਂ ਫਰਜੀ ਪਾਈਆਂ ਗਈਆਂ। ਪੈਨਸ਼ਨਾ ਸ਼ਾਦੀਸ਼ੁਦਾ ਤੇ ਆਪਣੇ ਪਤੀ ਨਾਲ ਰਹਿੰਦੇ ਪਾਇਆ ਗਿਆ। ਉਹਨਾਂ ਨੇ ਮਾਮਲੇ 'ਚ ਦਖਲ ਅੰਦਾਜ਼ੀ ਦੀ ਮੰਗ ਕਰਦਿਆਂ ਰਾਸ਼ਟਰਪਤੀ ਤੇ ਸੀ. ਬੀ. ਆਈ. ਨੂੰ ਪੱਤਰ ਲਿਖਿਆ। ਜੋ ਜਿਲਾ ਅਧਿਕਾਰੀ ਗੌਰੀ ਸ਼ੰਕਰ ਪ੍ਰਿਆਦਰਸ਼ੀ ਨੇ ਇਸ ਦੀ ਜਾਂਚ ਦਾ ਆਦੇਸ਼ ਦਿੱਤਾ ਇਸ ਪਿਛੋਂ ਐਸੇ ਲਾਭਪਾਤਰੀਆਂ ਖਿਲਾਫ ਅਪਰਾਧਿਕ ਮਾਮਲੇ ਦਰਜ ਕੀਤੇ ਗਏ। ਬਲਿਆ ਦੇ ਜਿਲਾ ਅਧਿਕਾਰੀ ਸੇਬਿਨ ਪਾਂਡਿਆ ਸੀ ਨੇ ਵੀ ਐਸੀ ਹੀ ਜਾਂਚ 'ਚੋਂ ਆਦੇਸ਼ ਦਿੱਤੇ ਤਾਂ ਪਾਇਆ ਕਿ ਵਿਧਵਾ ਪੈਨਸ਼ਨ ਦੀਆਂ ਜ਼ਿਆਦਾਤਰ ਲਾਭਪਾਤਰੀ ਫਰਜ਼ੀ ਹਨ। ਹਾਲ ਦੀ ਘੜੀ ਵਿਚੋਲਿਆਂ ਤੇ ਸਰਕਾਰੀ ਅਫਸਰਾਂ ਦੀ ਮਦਦ ਦੇ ਕਮਾਂਡਰ ਲੋਕਾਂ ਸਰਕਾਰੀ ਪੈਸੇ ਦੀ ਦੁਰਵਰਤੋਂ ਦੇ ਕੇਸਾਂ ਦੀ ਕੋਈ ਕਮੀ ਨਹੀਂ ਹੈ। ਹੁਣ ਤਾ ਉਹ ਕਿਸੇ ਤਰ੍ਹਾਂ ਸ਼ਕਾਇਤਾ ਨੂੰ ਦਬਾਉਣ 'ਚ ਲੱਗੇ ਹੋਏ ਹਨ। ਕੁਝ ਮਾਮਲਿਆਂ 'ਚ ਚੌਕਸ ਜਿਲਾ ਅਧਿਕਾਰੀਆਂ ਨੇ ਦੋਸ਼ੀਆਂ 'ਤੇ ਮਾਮਲੇ ਦਰਜ ਕਰਵਾਏ ਹਨ ਤਾਂ ਕੁਝ 'ਚ ਘਪਲਿਆਂ ਨੂੰ ਦਬਾਇਆ ਜਾ ਰਿਹਾ ਹੈ। ਵਿਧਵਾ ਪੈਨਸਨ ਯੋਜਨਾ ਦੇ ਨਾਂ 'ਤੇ ਕੀਤੀ ਜਾਣ ਵਾਲੀ ਧੋਖਾਧੜੀ ਵੈਸੇ ਹੀ ਹੈ ਜਿਸ ਦਾ ਭੰਡਾ ਫੋਡ ਮਾਰਚ 1999 'ਚ ਹੋਇਆ ਸੀ ਤਦ ਬੇਇਮਾਨ ਤੱਤਾਂ ਨੇ ਭੂ-ਮਾਲੀਆ ਅਧਿਕਾਰੀਆਂ ਨਾਲ ਮਿਲ ਕੇ ਸਰਕਾਰੀ ਰਿਕਾਰਡ 'ਚ ਹਜ਼ਾਰਾਂ ਜਿਮੀਦਾਰਾਂ ਨੂੰ ਰਿਕਾਰਡ 'ਚ ਮਰਿਆ ਵਿਖਾ ਦਿੱਤਾ ਸੀ ਤੇ ਉਹਨਾਂ ਦੀਆਂ ਜਮੀਨਾ ਹੜੱਪ ਲਈਆਂ ਸਨ, ਦਹਾਕਾ ਭਰ ਬਾਅਦ ਵੀ 'ਮ੍ਰਿਤਕ' ਇਹ ਸਾਬਤ ਕਰਨ ਲਈ ਅਦਾਲਤਾਂ ਤੇ ਦਫਤਰਾਂ 'ਚ ਚੱਕਰ ਕੱਟ ਰਹੇ ਹਨ ਕਿ ਉਹ ਜਿਉਂਦੇ ਹਨ ਅਤੇ ਉਹਨਾਂ ਦੀ ਜ਼ਮੀਨਾਂ 'ਤੇ ਦੂਜੇ ਲੋਕਾਂ ਨੇ ਕਬਜਾ ਕਰ ਲਿਆ ਹੈ। ਸਰਕਾਰੀ ਦੇ ਲਾਹਪ੍ਰਵਾਹੀ ਤੋਂ ਨਿਰਾਸ਼ ਹੋ ਕੇ ਉਹਨਾਂ ਨੇ ਅਦਾਲਤਾਂ 'ਚ ਆਪਣੇ ਮੁਕੱਦਮੇ ਲੜਨ ਲਈ ਉੱਤਰ ਪ੍ਰਦੇਸ਼ ਮ੍ਰਿਤਕ ਸੰਘਗਠਿਤ ਕੀਤਾ ਹੈ। ਇਲਾਹਾਬਾਦ ਹਾਈ ਕੋਰਟ ਦੀ ਲਖਨਊ ਪੀਠ ਨੇ ਇਸ ਧੋਖਾਧੜੀ ਦੀ ਜਾਂਚ ਦੇ ਹੁਕਮ ਦਿੱਤੇ ਹਨ। ਇਸ ਮਮਾਲੇ 'ਚ ਕੁਝ ਅਧਿਕਾਰੀ ਮੁਲਤਵੀ ਕੀਤੇ ਗਏ ਹਨ ਪਰ ਇਸ ਦੇ ਸ਼ਿਕਾਰ ਲੋਕ ਨਿਆਂ ਲਈ ਅਜੇ ਮਾਰੇ ਮਾਰੇ ਫਿਰ ਰਹੇ ਹਨ। ਰਾਜ 'ਚ 15 ਲੱਖ ਵਿਧਵਾ ਪੈਨਸ਼ਨ 'ਚ ਹਨ ਅਤੇ ਦੋਨੋਂ ਹੀ ਯੋਜਨਾਵਾਂ ਲਈ ਸਲਾਨਾ ਲਗਭਗ 2200 ਕਰੋੜਾਂ ਰੁਪਏ ਦੀ ਰਕਮ ਮਨਜ਼ੂਰ ਕੀਤੀ ਜਾਂਦੀ ਹੈ, ਦੋ ਸਾਲ ਪਹਿਲਾਂ ਤਕ ਵਿਧਵਾਖਾਂ ਤੇ ਬਜ਼ੁਰਗਾਂ

ਦੋਹਾਂ ਨੂੰ 150-150 ਰੁਪਏ ਮਾਸਕ ਪੈਨਸ਼ਨ ਮਿਲਦੀ ਸੀ। ਜਿਸ ਨੂੰ ਵਧਾ ਕੇ 300-300 ਰੁ ਕਰ ਦਿੱਤਾ ਗਿਆ ਸੀ ਬੇਹੱਦ ਗਰੀਬੀ ਦਾ ਜੀਵਨ ਭੋਗ ਰਹੇ ਲੋਕਾਂ ਨੂੰ ਇਸ ਮਮੂਲੀ ਜਿਹੀ ਰਕਮ ਨਾਲ ਬਹੁਤ ਹੀ ਸਹਾਰਾ ਮਿਲਦਾ ਹੈ ਤੇ ਉਹਨਾਂ ਦੀਆਂ ਕਈ ਲੋੜਾਂ ਪੂਰੀਆਂ ਹੁੰਦੀਆਂ ਹਨ ਪਰ ਕਈ ਕੁਪਾਤਰ ਵੀ ਇਸ ਦਾ ਲਾਭ ਉਠਾ ਰਹੇ ਹਨ ਤੇ ਸੁਪਾਤਰ ਇਸ ਲਈ ਦਰ ਦਰ ਧੱਕੇ ਖਾ ਰਹੇ ਹਨ। ਇਸ ਘਪਲੇ ਦਾ ਪਰਦਾਫਾਸ਼ ਹੋਣ ਪਿਛੋਂ ਸਮਾਜਵਾਦੀ ਪਾਰਟੀ ਦੇ ਲਖਨਊ ਜ਼ਿਲ੍ਹਾ ਮੁੱਖ ਸਕੱਤਰ ਰਾਜ ਬੀਰ ਸਿੰਘ ਚੌਹਾਨ ਨੇ ਵਿਧਵਾ ਪੈਨਸ਼ਨ ਯੋਜਨਾ ਦੀ ਉਚ ਪੱਧਰੀ ਜਾਂਚ ਦੀ ਮੰਗ ਕੀਤੀ ਸੀ ਤੇ ਦਾਅਵਾ ਕੀਤਾ ਕਿ ਜ਼ਿਲ੍ਹਾ ਪ੍ਰਸਾਸ਼ਨ ਜਾਣ ਬੁੱਝ ਕੇ ਦੋਸ਼ੀ ਅਧਿਕਾਰੀਆਂ ਨੂੰ ਬਚਾ ਰਹੇ ਹਨ। ਉਤਰ ਪ੍ਰਦੇਸ਼ 'ਚ ਸਰਕਾਰੀ ਪੈਸੇ ਦੀ ਠੱਗੀ ਲਈ ਸਿਰਫ ਵਿਧਵਾ ਪੈਨਸ਼ਨ ਯੋਜਨਾ ਨੂੰ ਹੀ ਵਰਤਿਆ ਨਹੀਂ ਜਾ ਰਿਹਾ। ਬਲਕਿ ਐਸੇ ਅਨੇਕਾ ਗਬਨਾ ਦੀਆਂ ਖਬਰਾਂ ਗਰੀਬੀ ਰੇਖਾ ਤੋਂ ਹੇਠਾ ਲਾਭਾ ਤੇ ਕੌਮੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਸਬੰਧੀ ਮਿਲੀਆਂ ਹਨ ਪਰ ਦੋਸ਼ੀ ਸ਼ਰੇਆਮ ਘੁੰਮ ਰਹੇ ਹਨ। ਸਾਰੀ ਤਾਣੀ ਹੀ ਉਲਝੀ ਹੋਈ ਹੈ। ਸਮੁੱਚਾ ਪ੍ਰਬੰਧ ਗਰਕ ਗਿਆ ਹੈ। ਬੁਨਿਆਦੀ ਤਬਦੀਲੀ ਅਣਗਰਦੀ ਲੋੜ ਬਣ ਗਈ ਹੈ।

✪✪✪